# ਵਿਸ਼ਵੇਂਦੂ




ਸੰਤ ਇੰਦਰ ਸਿੰਘ ਚਕ੍ਰਵਰਤੀ

# ਵਿਸ਼ਵੇਂਦੂ

## (ਮਹਾਂ ਕਾਵਿ)

ਸੰਤ ਇੰਦਰ ਸਿੰਘ ਚੱਕਰਵਰਤੀ

ਸੰਪਾਦਕ
ਸੁਵਰਨ ਸਿੰਘ ਵਿਰਕ

ਪਹਿਲੀ ਵਾਰ: ਜੁਲਾਈ, 1957
ਦੂਜੀ ਵਾਰ: ਮਾਰਚ, 2023

ਟਾਈਟਲ ਡਿਜ਼ਾਇਨ ਅਤੇ ਤਸਵੀਰਾਂ
ਯੁਵਰਾਜ ਸਿੰਘ ਅਤੇ ਗਿਆਨ ਸਿੰਘ


ਟਾਇਪ ਸੈਟਿੰਗ
ਮਲਕੀਤ ਸਿੰਘ

ਮੁੱਲ: 500 ਰੁ

ਪ੍ਰਕਾਸ਼ਕ
ਨਾਮਧਾਰੀ ਦਰਬਾਰ, ਸ੍ਰੀ ਭੈਣੀ ਸਾਹਿਬ



ਸ੍ਰੀ ਸਤਿਗੁਰੂ ਰਾਮ ਸਿੰਘ ਜੀ



ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ

# ਓਨ੍ਹਾਂ ਨੂੰ

ਓਨ੍ਹਾਂ, ਆਸ਼ਕ, ਪ੍ਰੀਤਵਾਨ, ਸਾਦਕਾਂ ਨੂੰ
ਜਿਨ੍ਹਾਂ ਪ੍ਰੀਤਮਾਂ, ਅਜ਼ਾਦੀ ਲਈ ਬਿਦ-ਬਿਦ ਕੇ ਜਾਨਾਂ ਵਾਰੀਆਂ।

ਓਨ੍ਹਾਂ, ਮਸਤ ਮਲੰਗ ਮਸਤਾਨਿਆਂ ਨੂੰ
ਜਿਨ੍ਹਾਂ ਸਿਰ ਦੇ ਕੇ ਸਿਦਕਦਿਲੀ ਨਾਲ ਸਿਰੜ ਨਿਭਾਇਆ
ਤੇ ਪ੍ਰਾਣ ਦੇ ਕੇ ਪ੍ਰਣ ਪੂਰਾ ਕੀਤਾ

ਓਨ੍ਹਾਂ, ਪ੍ਰੀਤ ਪਤੰਗ ਕੌਮੀ ਪਰਵਾਨਿਆਂ ਨੂੰ
ਜਿਨ੍ਹਾਂ ਸੁਤੰਤ੍ਰਤਾਂ ਦੀ ਸ਼ਮ੍ਹਾ ਤੇ ਭਮੱਕੜਾਂ ਵਾਂਗ ਸੜਦਿਆਂ ਮੌਤ ਨੂੰ ਮਜਾਖਾਂ ਕੀਤੀਆਂ ।

ਓਨ੍ਹਾਂ, ਸਰਫ਼ਰੋਸ਼ ਸੌਦਾਗਰਾਂ ਨੂੰ
ਜੋ ਗਊ ਗ੍ਰੀਬ ਤੇ ਦੇਸ਼ ਰੱਖਿਆ ਲਈ ਤੋਪਾਂ ਅਗੇ ਛਾਤੀ ਤਾਣ ਖਲੋਤੇ।

ਓਨ੍ਹਾਂ, ਗਭਰੂ, ਗ਼ੈਰਤਮੰਦ ਦੇਸ਼ੋਂ ਕੱਢੇ ਗਏ ਜਲਾਵਤਨਾਂ ਨੂੰ
ਜੋ ਮਾਤ੍ਰੀ ਭੂਮੀ ਦੀ ਬੇਕਰਾਰ ਯਾਦ ਵਿਚ, ਹੌਕੇ ਭਰਦੇ ਵਿਦੇਸ਼ ਵਿਚ,
ਸਦਾ ਦੀ ਨੀਂਦ੍ਰ ਸੌਂ ਗਏ, ਪਰ ਗੈਰਾਂ ਦੀ ਗ਼ੁਲਾਮੀਂ ਦੀ ਗੰਢ ਨਾ ਚਾਈ।

ਓਨ੍ਹਾਂ, ਭਾਰਤੀ ਸਭਿਅੱਤਾ ਦੇ ਦੀਵਾਨੇ, ਸਭਿਆਚਾਰਕ, ਮਸਤਾਨਿਆਂ ਨੂੰ
ਜਿਨ੍ਹਾਂ ਬੇ-ਗੁਨਾਹ ਮਾਰੇ ਜਾ ਰਹੇ ਬਚਾ ਕੇ, ਓਨ੍ਹਾਂ ਦੀ ਥਾਂ ਆਪਣੇ ਗਲੀਂ,
ਹਥੀਂ ਫੰਧੇ ਪਾ ਕੇ ਫਾਂਸੀ ਦੇ ਤਖਤੇ ਤੇ ਝੂਟੇ ਲਏ।

ਓਨ੍ਹਾਂ, ਸਭ ਤੋਂ ਪਹਿਲੇ, ਕੌਮ ਪੂਜ, ਦੇਸ਼ ਪੁਜਾਰੀਆਂ ਨੂੰ
ਜਿਨ੍ਹਾਂ ਦੀ ਬੇ-ਗਰਜ਼ ਕੁਰਬਾਨੀ, ਬੇ-ਗ਼ੈਰਤ ਮਜ਼੍ਹਬੀ ਭੂਤਨਾ
ਕਲਮੀਂ 'ਵਿਥਿਆ' ਦੀਆਂ 'ਲਹਿਰਾਂ' ਵਿਚ ਰੋੜ੍ਹਨਾ ਚਾਹੁੰਦਾ ਹੈ।

ਓਨ੍ਹਾਂ, ਅਮਰ ਕੌਮੀਂ ਸ਼ਹੀਦਾਂ ਨੂੰ
ਜਿਨ੍ਹਾਂ ਦੀ ਬਹਾਦਰੀ ਦੇ ਕਾਰਨਾਮੇ ਆਜ਼ਾਦ ਭਾਰਤ ਦੇ ਇਤਿਹਾਸ ਵਿਚ
ਸਭ ਤੋਂ ਪਹਿਲਾਂ ਸੋਨੇ ਦੇ ਅੱਖਰਾਂ ਨਾਲ ਇਕ ਦਿਨ ਅਵੱਸ਼ ਲਿਖੇ ਜਾਣਗੇ।

ਓਨ੍ਹਾਂ, ਨਾਮਧਾਰੀ ਕੂਕੇ ਸੰਤ-ਸਿਪਾਹੀਆਂ ਨੂੰ
ਜਿਨ੍ਹਾਂ ਸਭ ਤੋਂ ਪਹਿਲਾਂ ਅੰਗਰੇਜ਼ ਨੂੰ ਭਾਰਤ ਛੱਡ ਜਾਣ ਲਈ ਕਿਹਾ
ਤੇ ਬਗ਼ਾਵਤੀ ਜਹਾਦ ਦਾ ਨਾਅਰਾ ਮਾਰਿਆ।

– ਸੰਤ ਇੰਦਰ ਸਿੰਘ 'ਚੱਕ੍ਰਵਰਤੀ'

# ਤਤਕਰਾ


ਮਹਾਂ-ਕਾਵਿ ਅਤੇ ਮਹਾਂ-ਕਵੀ ਬਾਰੇ ........ 3

ਮਾਲਵੇਂਦ੍ਰ' ਦੇ ਸਬੰਧੀ ਪੰਜਾਬੀ ਦੇ ਪ੍ਰਸਿੱਧ ਸਾਹਿਤਕਾਰਾਂ ਦੀਆਂ ਰਾਵਾਂ ........ 30

1. ਪੰਜਾਬ ........ 43
2. ਬਸੰਤ-ਆਗਮਨ ਤੇ ਗੁਰੂ ਅਵਤਾਰ ........ 53
3. ਸਿਖ ਸੈਨਾਂ ਦੇ ਸੈਨਿਕ 1837 ਈ. ........ 59
4. ਭੈਣੀ ਸਾਹਿਬ ........ 81
5. ਫੀਰੋਜ਼ਪੁਰ ਵਿਚ ........ 91
6. ਮੁੜ ਸ੍ਰੀ ਭੈਣੀ ਸਾਹਿਬ ........ 97
7. ਹਜਰੋਂ ਦਾ ਦੌਰਾ ........ 103
8. ਜੋਤਿ-ਪ੍ਰਕਾਸ਼ ........ 115
9. ਬਾਬਾ ਜਵਾਹਰ ਸਿੰਘ ਜੀ ........ 129
10. ਰਾਇ ਸਿੰਘ ਹਜੂਰ ਸਾਹਿਬ ਭੇਜਿਆ ........ 133
11. "ਹੁਕਮ ਨਾਮਾ-ਰਹਿਤਨਾਮਾ" ........ 145
12. ਮਾਲਵੇ ਦਾ ਦੌਰਾ ਅਤੇ ਮਾਈਆਂ ਨੂੰ ਅੰਮ੍ਰਿਤ ........ 149
13. ਮੜ੍ਹੀਆਂ ਤੇ ਗੋਰਾਂ ਢਾਹੁਣੀਆਂ ........ 159
14. ਹਰਿਦੁਆਰ ਦੀ ਅਧ ਕੁੰਭੀ ........ 163
15. ਅੰਮ੍ਰਿਤਸਰ ਦੀਵਾਲੀ ਤੇ ਨਨਕਾਣਾ ਸਾਹਿਬ (੧੯੧੯-੨੦) ........ 179
16. ਅਨੰਦ ਦੀ ਮਰਯਾਦਾ - ਗੁਰੂ ਮਤ ਦਾ ਆਰੰਭ ........ 183
17. ਸੂਬਿਆਂ ਦੀ ਥਾਪਨਾਂ ........ 189
18. ਰਾਜਨੀਤਕ ਸਰਗਰਮੀਆਂ ........ 201
19. ਡਾਕ ਦਾ ਮਹਿਕਮਾ ........ 211
20. ਆਨੰਦ ਪੁਰ ਦਾ ਹੋਲਾ ........ 215
21. ਅੰਮ੍ਰਿਤਸਰ ਦੀ ਦੀਵਾਲੀ ........ 235
22. ਮੁੜ ਮਾਲਵੇ ਵਿਚ ........ 247
23. ਮਾਨਾਂਵਾਲਾ ਹੋਲਾ ........ 271

24. ਬਗਾਵਤ ਬਹਾਨੇ ਲੁੱਟ ........................................................................ 279
25. ਅੰਮ੍ਰਿਤਸਰ ਬੁੱਚੜ-ਬਧ ........................................................................ 285
26. ਰਾਇਕੋਟ ਦਾ ਸਾਕਾ ........................................................................ 311
27. ਮਲੇਰ ਕੋਟਲੇ ਦਾ ਸਾਕਾ ........................................................................ 325
28. ਦੇਸ਼ ਨਿਕਾਲਾ ........................................................................ 391
29. ਪਰਾਗ ਰਾਜ ਦੇ ਕਿਲ੍ਹੇ ਵਿਚ ........................................................................ 403
30. ਰੰਗੂਨ ਜਿਹਲ ਵਿਚ ........................................................................ 419
31. ਬਾਬਾ ਦਰਬਾਰਾ ਸਿੰਘ ਰੰਗੂਨ ਵਿਚ ........................................................................ 429
32. ਮਰਗੋਈ ਵਿਚ ........................................................................ 443
33. ਅੰਤਕਾ ........................................................................ 447

# ਮਹਾਂ-ਕਾਵਿ ਅਤੇ ਮਹਾਂ-ਕਵੀ ਬਾਰੇ

ਸੰਤ ਇੰਦਰ ਸਿੰਘ ਚੱਕਰਵਰਤੀ ਜੀ ਦੇ ਸਾਰੇ ਸਾਹਿਤਕ ਕਾਰਜਾਂ ਵਿਚੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਦਰਸ਼ਨ ਤੇ ਅਧਾਰਿਤ ਮਹਾਂ-ਕਾਵਿ "ਮਾਲਵੇਂਦ੍ਰ" ਦਾ ਇਕ ਨਿਵੇਕਲਾ ਅਸਥਾਨ ਹੈ ਅਤੇ ਪੰਜਾਬੀ ਸਾਹਿਤ ਜਗਤ ਵਿੱਚ ਉਹਨਾਂ ਦੀ ਵਿਸ਼ੇਸ਼ ਪਹਿਚਾਣ, ਇਸ ਮਹਾਂ ਕਾਵਿ ਦੇ ਕਰਤਾ ਜਿਉਂ ਬਣੀ ਹੈ। ਇਸ ਮਹਾਂ ਕਾਵਿ ਦੀ ਰਚਨਾ ਸੰਤ ਜੀ ਨੇ ਪਟਿਆਲੇ ਰਹਿੰਦਿਆਂ ਕੀਤੀ ਅਤੇ ਇਸ ਨੂੰ ਚਾਰ ਪੰਜ ਵਾਰ ਲਿਖ ਲਿਖ ਕੇ ਸੋਧਿਆ ਅਤੇ 1957 ਵਿੱਚ ਇਹ ਨਵਯੁਗ ਪ੍ਰੈੱਸ, ਦਿੱਲੀ ਤੋਂ ਛਪਿਆ ਸੀ। ਉਸ ਸਮੇਂ ਦੇ ਪੰਜਾਬੀ ਸਾਹਿਤ ਦੇ ਮਹਾਂਰਥੀਆਂ ਨੇ ਇਸ ਰਚਨਾ ਬਾਰੇ ਆਰੰਭ ਵਿਚ ਪ੍ਰਸ਼ੰਸਾਤਮਕ ਟਿੱਪਣੀਆਂ ਕੀਤੀਆਂ ਹਨ ਜੋ ਇਸਦੀ ਵਸਤੂ ਅਤੇ ਰੂਪ ਬਾਰੇ ਕੀਮਤੀ ਮਸਾਲਾ ਸਮੋਈ ਬੈਠੀਆਂ ਹਨ। ਚੱਕਰਵਰਤੀ ਜੀ ਆਪਣੇ ਇਸ਼ਟ ਸਤਿਗੁਰੂ ਰਾਮ ਸਿੰਘ ਜੀ ਬਾਰੇ ਲਿਖ ਰਹੇ ਸਨ ਅਤੇ ਸਾਰੇ ਹੀ ਵਿਦਵਾਨਾਂ ਨੇ ਉਸ ਗਹਿਰੇ ਭਗਤੀ ਭਾਵ ਦਾ ਉੱਚ ਮੁੱਲਾਂਕਣ ਕੀਤਾ ਸੀ ਜਿਸ ਨਾਲ ਇਹ ਰਚਨਾ ਲਬਰੇਜ਼ ਸੀ।

ਚੱਕਰਵਰਤੀ ਜੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਦੌਰਿਆਂ ਸਮੇਂ ਉਹਨਾਂ ਦੀ ਹਜੂਰੀ ਵਿਚ ਸਾਰਾ ਪੰਜਾਬ ਪੁਆਧ ਤੋਂ ਲੈ ਕੇ ਪੋਠੋਹਾਰ ਤੱਕ ਘੁੰਮਦੇ ਰਹਿੰਦੇ ਸਨ। ਇਸ ਲਈ ਸਤਿਗੁਰੂ ਰਾਮ ਸਿੰਘ ਜੀ ਦੇ ਪਰਚਾਰ ਦੌਰਿਆਂ ਸਮੇਂ ਪਿੰਡਾਂ, ਸ਼ਹਿਰਾਂ ਦੇ ਨਾਵਾਂ ਥਾਵਾਂ ਦੀ ਉਹਨਾਂ ਨੂੰ ਡਾਢੀ ਪਹਿਚਾਣ ਸੀ। ਰਚਨਾ ਦੇ ਪਾਠ ਵਜੋਂ ਉਹਨਾਂ ਦੀ ਜਾਣਕਾਰੀ ਪ੍ਰਤੱਖ ਹੁੰਦੀ ਹੈ। ਮਿਸਾਲ ਦੇ ਤੌਰ ਤੇ ਜ਼ਿਲ੍ਹਾ ਲਾਹੌਰ ਅਤੇ ਮਾਝੇ ਦੇ ਪਿੰਡਾਂ ਦੇ ਦੌਰਿਆਂ ਸਮੇਂ ਦਾ ਵਰਨਣ ਇਉਂ ਕਰ ਰਹੇ ਹਨ:-

"ਪੁਰਬ ਆਇਆ ਗੁਰੂ ਆਦਿ ਦਾ, ਕਤਕ ਪੂਰਨ ਮਾਸ
ਨਨਕਾਣੇ ਦੀਦਾਰ ਕਰ, ਸੰਗਤ ਪੂਰੀ ਆਸ
ਰਾਵੀ ਲੰਘ ਕੇ ਜਾ ਵੜੇ, ਨੱਕੇ ਵਿਚ ਹਜ਼ੂਰ
ਬੇੜੇ ਚਾੜ੍ਹੇ ਨਾਮ ਦੇ, ਸੰਤ ਜਨਾਂ ਦੇ ਪੂਰ
ਖੁਦ ਪੁਰ ਮਾਂਗਾ ਰਾਇਵਿੰਡ, ਪਾਜੀ ਰਾਜਾ ਜੰਗ
ਮਘਿਆਣਾ ਤੇ ਭੰਬਿਆ, ਸਹਾਰੀ ਲਾਖੂ ਰੰਗ
ਪ੍ਰੇਮ ਨਗਰ ਤੇ ਡੱਫ਼ਰਕੇ, ਟਿੱਬਾ ਜੀਆ ਬੱਗ
ਕੰਗਣਪੁਰ ਜਾ ਤਾਰਿਆ, ਨੱਕਾ ਤਪਾ ਸੱਗ
ਮਾਝੇ ਵਿਚ ਮੁੜ ਆ ਗਏ, ਚੰਬਾ ਚੋਹਲਾ ਹੋਰ
ਮੱਖੀ ਕਲਸੀਆਂ ਵਲਟੋਹਾ, ਸਿੱਖੀ ਕਰੀ ਬਹੋਰ "

ਕਾਂਡ ਪੰਦਰਾਂ

ਸਤਿਗੂਰੂ ਰਾਮ ਸਿੰਘ ਜੀ ਦੇ ਸਮੇਂ ਦੇ ਇਤਿਹਾਸਿਕ ਵਾਕਿਆਤ ਦੀ ਜਾਣਕਾਰੀ ਲਈ ਚੱਕਰਵਰਤੀ ਜੀ ਨੂੰ ਉਸ ਸਮੇਂ ਦੇ ਬਹੁਤ ਸਾਰੇ ਬਿਰਧ ਨਾਮਧਾਰੀਆਂ ਦੇ ਦਰਸ਼ਨ ਦੀਦਾਰ ਅਤੇ ਬਚਨ ਬਿਲਾਸ ਕਰਨ ਦਾ ਸੁਭਾਗ ਹਾਸਲ ਹੋਇਆ। ਇਹਨਾਂ ਵਿਚੋਂ ਪ੍ਰਮੁੱਖ ਸਨ-ਮਹੰਤ ਗੁਰਦਿੱਤ ਸਿੰਘ ਮੋਰੋਂ, ਉਹਨਾਂ ਦੇ ਮਾਮਾ ਜੀ ਮੰਗਲ ਸਿੰਘ ਅਤੇ ਮੁੱਠਡਿਆਂ ਦੇ ਹੀ ਘਨਈਆ ਸਿੰਘ, ਮੱਈਆ ਸਿੰਘ, ਬਾਬਾ ਹਰਨਾਮ ਸਿੰਘ ਨਥਾਣੀਆਂ, ਬਾਬਾ ਲਾਲ ਸਿੰਘ ਲਤਾਲਾ, ਸਾਹਿਬ ਸਿੰਘ ਭੰਮਾਂ ਬੱਧੀ, ਸੁਆਮੀਂ ਤਖਤ ਸਿੰਘ ਜੀ ਗੁਜਰਪੁਰਾ (ਨਵਾਂਸ਼ਹਿਰ), ਭਗਵਾਨ ਸਿੰਘ ਅੜਬੰਗੀ, ਮਿਹਰ ਸਿੰਘ ਲੋਪੋਕੀ, ਬਾਬਾ ਕਿਸ਼ਨ ਸਿੰਘ, ਹਰਨਾਮ ਸਿੰਘ ਦੋਵੇਂ ਛੂਤੀਏ ਭਰਾ, ਸੰਤ ਜਵਾਹਰ ਸਿੰਘ ਮਿਰਜ਼ੇਵਾਲਾ, ਬਾਬਾ ਸੋਭਾ ਸਿੰਘ ਖੁਦ ਪੁਰ। ਮਾਤਾ ਜੀਵਨ ਕੌਰ ਜੀ ਅਤੇ ਸਤਿਗੁਰੂ

ਪ੍ਰਤਾਪ ਸਿੰਘ ਜੀ ਵੀ ਉਹਨਾਂ ਦੀ ਇਤਿਹਾਸਿਕ ਜਾਣਕਾਰੀ ਦੇ ਸੋਮੇ ਹਨ। ਭਾਈ ਸੰਤੋਖ ਸਿੰਘ ਬਾਹੋਵਾਲ ਦਾ ਅਣਛਪਿਆ ਵਾਰਤਕ, ਸਤਿਗੁਰੂ ਬਿਲਾਸ; ਗਿਆਨੀ ਕਾਹਲਾ ਸਿੰਘ ਨੰਗਲ ਦੇ ਕਾਵਿ ਪੁਸਤਕ, ਆਪਦੀ ਮਾਤਾ ਮਾਨ ਕੌਰ, ਮਹੰਤ ਸੇਵਾ ਸਿੰਘ ਸੁਧਾਰੀ ਮਾਜਰਾ, ਮਹਾਰਾਜ ਨਿਹਾਲ ਸਿੰਘ ਅਤੇ ਮਹਾਰਾਜ ਗੁਰਦਿਆਲ ਸਿੰਘ ਜੀ ਤੋਂ ਇਲਾਵਾ ਨਾਮਧਾਰੀ ਪੰਥ ਦੀ 'ਕੇਸਰ-ਕਿਆਰੀ' ਸੰਤ ਕੇਸਰ ਸਿੰਘ ਜੀ ਮੁਹਾਵਾ, ਕੇਸਰ ਸਿੰਘ ਜੀ ਚਵਿੰਡਾ, ਅਤੇ ਕੇਸਰ ਸਿੰਘ ਜੀ ਚੁੱਪ ਸੇਖਵਾਂ ਵਾਲਿਆਂ ਪ੍ਰਥਾਇ ਵੀ ਉਹ ਕਿਰਤੱਗ ਹਨ।

ਚੱਕਰਵਰਤੀ ਜੀ ਨੇ ਮਾਲਵੇਂਦਰ ਤੋਂ ਕੁਝ ਸਮਾਂ ਬਾਅਦ ਇਸ ਦੀ ਭੂਮਿਕਾ ਵੱਜੋਂ ਵਾਰਤਕ ਵਿੱਚ "ਕੂਕਿਆਂ ਬਾਰੇ" ਲਿਖੀ ਸੀ। ਇਸ ਰਚਨਾ ਵਿਚ ਚੋਟੀ ਦੇ ਦੇਸ਼ ਭਗਤਾਂ, ਸਾਹਿਤਕਾਰਾਂ ਦੇ ਸਤਿਗੁਰੂ ਰਾਮ ਸਿੰਘ ਜੀ ਬਾਰੇ ਵਿਚਾਰ ਹਨ। ਨਾਮਧਾਰੀ ਇਤਿਹਾਸ ਨੂੰ ਤਰੋੜ ਮਰੋੜ ਕੇ ਪੇਸ਼ ਕਰਨ ਵਾਲਿਆਂ ਦੀਆਂ ਬੇ-ਬੁਨਿਆਦ ਊਜਾਂ ਦੇ ਮੂੰਹ ਮੋੜਵੇਂ ਉੱਤਰ ਸਨ। ਬਹੁਤ ਸਾਰੀਆਂ ਸਮਕਾਲੀ ਨਾਮਧਾਰੀ ਜਗਤ ਦੀਆਂ ਹਸਤੀਆਂ ਦੇ ਰੇਖਾ ਚਿੱਤਰ ਸਨ।ਚੱਕਰਵਰਤੀ ਜੀ ਦੀ ਰਚਨਾ ਪਰਕਿਰਿਆ ਨੂੰ ਸਮਝਣ ਲਈ "ਕੂਕਿਆਂ ਬਾਰੇ" ਦੀ ਅੰਤਿਕਾ ਵਿੱਚੋਂ ਉਦਰਿਤ ਉਹਨਾਂ ਦਾ ਸਵੈ-ਕਥਨ ਬੜਾ ਮਹਤੱਵਪੂਰਨ ਹੈ। ਜਿਸ ਵਿਚ ਉਹ ਨਾਮਧਾਰੀ ਮਸਤਾਨਿਆਂ, ਸਾਧੂਆਂ-ਸੰਤਾਂ ਦੀ ਸੰਗਤ ਵਿਚ ਬੜੇ ਸਹਿਜਭਾਵੀ ਹੋ ਕੇ ਵਿਚਰਦੇ ਮਹਿਸੂਸ ਹੁੰਦੇ ਹਨ। ਉਹਨਾਂ ਦੀ ਰਸ ਭਰੀ ਪੰਜਾਬੀ ਵਾਰਤਕ, ਬਿਰਹੋਂ ਗੁੱਧੀ ਕਵਿਤਾ, ਇਹਨਾਂ ਸਾਧੂਆਂ ਦੇ ਉੱਚ ਆਤਮਿਕ ਮੰਡਲ ਵਾਲੇ ਜੀਵਨ ਦੇ ਹੁਲਾਰੇ ਵਿਚੋਂ ਹੀ ਉਹਨਾਂ ਨੂੰ ਪਰਾਪਤ ਹੋਈ। ਉਹ ਇਸ ਕੂਕਾ ਕਾਰ ਵਿਚ ਕਿਵੇਂ ਰੰਗੇ ਗਏ, ਉਹਨਾਂ ਦੇ ਸ਼ਬਦਾਂ ਵਿਚ ਹੀ ਪੜ੍ਹੀਏ।

"ਨਾਮਧਾਰੀ ਸੰਪਰਦਾ, ਸੰਤ-ਸਿਪਾਹੀ ਸੂਫੀਆਂ ਜਿਹੇ ਮਸਤਾਂ ਦੀ ਇੱਕ ਆਮਿਲ ਜਮਾਤ ਹੈ। ਉਹ ਆਪਣੇ ਪ੍ਰਦੇਸੀ ਪ੍ਰੀਤਮ ਦੇ ਦੀਦਾਰ ਦੀ ਚਾਹਵਾਨ ਹੈ। ਉਸ ਨੂੰ ਹੋਰ ਸਭ ਕੁਝ ਭੁੱਲ ਸਕਦਾ ਹੈ ਪਰ ਮਿੱਤਰ ਵਿਛੋੜਾ ਨਹੀਂ ਭੁੱਲ ਸੱਕਦਾ। ਉਸ ਨੂੰ ਉਹ ਚੀਜ਼ ਚੰਗੀ ਲਗਦੀ ਹੈ ਜਿਸ ਵਿਚ ਦਰਦ ਫਿਰਾਕ ਦੀਆਂ ਆਹੀਂ ਹੋਣ, ਜਿਸ ਵਿਚ ਸੋਜ਼ ਤੇ ਵਲਵਲਾ ਹੋਵੇ, ਜਿਸ ਵਿੱਚ ਮਸਤੀ ਹੋਵੇ। ਉਹ ਕੂਕੇ ਦਾਰਸ਼ਨਿਕਤਾ ਦੇ ਦੀਵਾਨੇ ਨਹੀਂ, ਉਹ ਫਲਸਫੇ ਦੀਆਂ ਲੱਛੇਦਾਰ ਗੁੰਝਲਾਂ ਵਿੱਚ ਦਿਮਾਗ ਨਹੀਂ ਲੜਾਂਦੇ ....."।

"ਕੂਕੇ ਦੀ ਵਿਥਿਆ ਵਿੱਦਿਆ ਦੇ ਅਧੀਨ ਨਹੀਂ ਕਿਉਂਕਿ ਇਹ ਕੋਈ ਦਾਰਸ਼ਨਿਕ ਫਲਸਫਾ ਨਹੀਂ, ਇਹ ਤੇ ਅਮਲ ਹੈ, ਮਸਤੀ ਹੈ, ਸਰੂਰ ਹੈ, ਇਸ ਨੂੰ ਉਹੀ ਬਿਆਨ ਕਰ ਸਕਦਾ ਹੈ, ਜਿਸ ਇਨ੍ਹਾਂ ਮਸਤਾਂ ਦੀ ਧੂਣੀ ਲਈ ਗੋਹੇ ਢੋਏ ਹੋਣ, ਜਿਸ ਇਨ੍ਹਾਂ ਦੇ ਕਾਸੇ ਸਾਫ ਕੀਤੇ ਹੋਣ....। ਜਿਨ੍ਹਾਂ ਚਿਰ ਕੋਈ ਇਸ ਕੂਕਾ ਕਾਰ ਦਾ ਜਾਣੂ ਨਾ ਹੋਵੇ, ਜੋ ਕਦੀ "ਨਾਚੁ ਰੇ ਮਨ ਗੁਰ ਕੈ ਆਗੈ" ਪੜ੍ਹਦਾ ਆਪਣੇ ਗੁਰਦੇਵ ਨੂੰ ਰੀਝਾਉਣ ਖਾਤਰ ਥੱਈਆ ਥੱਈਆ ਕਰਕੇ ਨੱਚਿਆ ਨਾ ਹੋਵੇ, ਉਨਾਂ ਚਿਰ ਉਸ ਤੇ ਕਿਵੇਂ ਮਸਤੀ ਦੀ ਇਨਾਇਤ ਹੋ ਸਕਦੀ ਹੈ।"

ਭਾਸ਼ਾ ਵਿਭਾਗ ਦੀ ਨੌਕਰੀ ਦੀ ਗੁਲਾਮੀ ਨਾਲ ਤੁਲਨਾ ਕਰਦਿਆਂ ਸੰਤ ਜੀ ਸਤਿਗੁਰੂ ਪਰਤਾਪ ਸਿੰਘ ਜੀ ਤੋਂ ਆਪਣੀ ਦੂਰੀ ਦੇ ਦੁੱਖ ਨੂੰ ਇਉਂ ਬਿਆਨਦੇ ਹਨ:-"ਮੈਂ ਮਸਤ ਨਹੀਂ, ਆਮ ਦੁਨੀਆਦਾਰ ਹਾਂ। ਦੁਨੀਆਂਦਾਰਾਂ ਨਾਲੋਂ ਵੀ ਕੁਝ ਨੀਵਾਂ ਹਾਂ, ਕਿਉਂਕਿ ਗੁਲਾਮ ਹਾਂ। ਜਦੋਂ ਦੇਸ਼ ਗੁਲਾਮ ਹੁੰਦਾ ਸੀ, ਅਸੀਂ ਅਜ਼ਾਦ ਸਾਂ ਪਰ ਆਪਣੇ ਮਹਿਬੂਬ ਦੇ ਗੁਲਾਮ ਸਾਂ ਜਦੋਂ ਦੇਸ਼ ਅਜ਼ਾਦ ਹੋ ਗਿਆ, ਅਸੀਂ ਗੁਲਾਮ ਹੋ ਗਏ, ਅਤੇ ਮਹਿਬੂਬ ਦੇ ਪ੍ਰੱਖ ਦੀਦਾਰ ਤੋਂ ਵਾਂਝੇ ਹੋ ਗਏ ਭਾਵੇਂ ਮਨ ਮੰਦਰ ਅੰਦਰ ਪ੍ਰਿਤਮਾ ਉਸੇ ਦੀ ਸਥਾਪਤ ਹੈ। ਜਦ ਜੀਅ ਕਰਦਾ ਹੈ ਦਰਸ਼ਨ ਕਰ ਲਈਦੇ ਹਨ।

"ਦਿਲ ਕੇ ਆਈਨੇ ਮੇਂ ਹੈ ਤਸਵੀਰੇ ਯਾਰ, ਜਬ ਜ਼ਰਾ ਗਰਦਨ ਝੁਕਾਈ ਦੇਖ ਲੀ ।"

"ਪਰ ਪਿੰਜਰਾ, ਪਿੰਜਰਾ ਹੀ ਹੈ, ਉਹ ਲੋਹੇ ਦਾ ਹੋਵੇ ਤਾਂ ਕੀ, ਜੇ ਸੋਨੇ ਦਾ ਹੋਵੇ ਤਾਂ ਕੀ, ਪੰਛੀ ਪਰਵਾਜ਼ ਤੇ ਨਹੀਂ ਕਰ ਸਕਦਾ।"

"ਹਾਂ, ਮੈਂ ਇਹ ਗੱਲ ਮਾਣ ਨਾਲ ਆਖ ਸਕਦਾ ਹਾਂ ਕਿ ਮੈਂ ਮਸਤਾਂ ਦੀ ਸੰਗਤ ਦਾ ਸੁਆਦ ਨਿੱਕਿਆਂ ਹੁੰਦਿਆਂ ਤੋਂ ਹੀ ਮਾਣਦਾ ਰਿਹਾ ਹਾਂ।"

"ਉਹ ਕਿਹੜਾ ਮਸਤਾਂ ਦਾ ਸਰਦਾਰ ਹੈ ਜਿਸ ਦੀ ਚਰਨ ਰਜ ਨਾਲ ਇਹ ਮੱਥਾ ਪਾਕ ਨਹੀਂ ਹੋਇਆ। ਹਾਂ ..... ਹਾਂ ਮੈਂ ਮਸਤੀ ਵਿਚ ਆਪ ਵੀ ਨਿਰਤਕਾਰੀ ਕੀਤੀ ਹੈ। "ਲੋਟ ਪੋਟ ਹੋ ਪਈਆ" ਵਾਲੀ ਹਾਲਤ ਵਿਚ ਸੁਆਦ ਲਿਆ ਹੈ ਆਹਾ! ਕਿੱਥੇ ਗਏ ਮੇਰੇ ਉਹ ਦਿਨ ! ਕਦੇ ਮੁੜ ਨਹੀਂ ਪਰਤਨਗੇ !!..."

"ਅੰਤ ਉਹਨਾਂ ਮੇਰੇ ਕੋਲੋਂ ਲਿਖਵਾ ਹੀ ਲਿਆ, ਉਹ ਵੀ ਕਵਿਤਾ ਵਿੱਚ। ਪੰਜ ਸੌ ਪੰਨੇ ਕਵਿਤਾ ਦੇ, ਇਹ ਕੋਈ ਮੇਰੀ ਲਿਆਕਤ ਜਾਂ ਵਿੱਦਿਆ ਦੀ ਗੱਲ ਨਹੀਂ, ਇਹ ਤਾਂ ਸਾਰੀ ਕੂਕਾ ਕਾਰ ਦੀ ਕਰਾਮਾਤ ਹੀ ਹੈ। ਨਾ ਹੀ ਇਹ ਕੋਈ ਕਵਿਤਾ ਹੈ, ਇਹ ਤਾਂ ਦੁੱਖਾਂ ਦਰਦਾਂ ਦੇ ਝੋਰੇ ਨੇ। ਪ੍ਰੀਤਮ ਵਿਛੋੜੇ ਦੀ ਯਾਦ ਦੇ ਹਾਅਵੇ ਨੇ। ਹੋ ਸਕਦਾ ਹੈ ਕਿ ਕਾਵਿ ਪਾਰਖੂ ਆਲੋਚਕ ਨੂੰ ਇਸ ਵਿੱਚ ਤੋਲ, ਤੁਕਾਂਤ, ਕਾਫੀਆ, ਰਦੀਫ ਦੀ ਘਾਟ ਮਹਿਸੂਸ ਹੋਵੇ। ਅਜਿਹਾ ਹੋਣਾ ਸੁਭਾਵਿਕ ਹੈ, ਪਰ ਮੈਂ ਉਸ ਨੂੰ ਵੀ ਇਹੀ ਹੀ ਕਹਾਂਗਾ ਕਿ ਉਹ ਇਸ ਨੂੰ ਕਾਵਿ ਕਸਵੱਟੀ ਤੇ ਲਾ ਕੇ ਨਾ ਦੇਖੇ, ਸਗੋਂ ਪਿਆਰ ਤਰਾਜੂ ਦੇ ਪਲੜੇ ਪਾ ਕੇ ਤੋਲੇ, ਫਿਰ ਸ਼ਾਇਦ ਉਹ ਮੈਨੂੰ ਮਾਫ ਕਰ ਦਏ ਅਤੇ ਉਸ ਨੂੰ ਵੀ ਐਬ ਜਾਂ ਦੋਸ਼ ਦੇ ਥਾਂ ਗੁਣ ਤੇ ਨਿਰਦੋਸ਼ਤਾ ਨਜ਼ਰ ਆ ਜਾਏ। ਖੈਰ ! ਮੈਨੂੰ ਮਾਣ ਹੈ ਕਿ ਕੂਕਾ ਮੈਨੂੰ ਪਿਆਰਦਾ ਹੈ ਉਸ ਨੂੰ ਮੇਰੇ ਕਮਲੇ ਰਮਲੇ ਦੀਆਂ ਗੱਲਾਂ ਐਮ.ਏ. ਗਿਆਨੀ ਨਾਲੋਂ ਚੰਗੇਰੀਆਂ ਲਗਦੀਆਂ ਨੇ।"

ਇਹ ਠੀਕ ਹੈ ਕਿ ਕੁਝ ਇਤਿਹਾਸਿਕ ਤੱਥਾਂ ਦੀਆਂ ਉਕਾਈਆਂ ਅਤੇ ਕਿਤਾਬ ਦੇ ਨਾਮ "ਮਾਲਵੇਂਦ੍ਰ" ਕਾਰਨ ਇਸ ਦੇ ਛਪਣ ਤੇ ਸਤਿਗੁਰੂ ਪਰਤਾਪ ਸਿੰਘ ਜੀ ਨੇ ਆਪਣੀ ਪਰਵਾਨਗੀ ਦੀ ਮੋਹਰ ਨਾ ਲਾਈ।ਮਾਲਵੇਂਦ੍ਰ ਦਾ ਅਰਥ ਹੈ ਕਿ ਮਾਲਵੇ ਦਾ ਰਾਜਾ। ਪਰ ਕੂਕਾ ਲਹਿਰ ਦੇ ਮਹਾਂ-ਨਾਇਕ, ਖੰਡਾਂ-ਬ੍ਰਹਮੰਡਾਂ ਦੇ ਮਾਲਕ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਇੱਕ ਹੀ ਇਲਾਕੇ ਜਾਂ ਖਿੱਤੇ ਤੱਕ ਸੀਮਿਤ ਨਹੀਂ ਕੀਤਾ ਜਾ ਸਕਦਾ। "ਮਾਲਵੇਂਦ੍ਰ ਬਹਾਦਰ" ਇੱਕ ਖਿਤਾਬ ਸੀ, ਜੋ ਭਾਰਤ ਦੀ ਅੰਗਰੇਜ਼ ਸਰਕਾਰ ਵੱਲੋਂ ਉਸ ਦੇ ਵਫਾਦਾਰ ਮਾਲਵੇ ਦੇ ਰਾਜਿਆਂ, ਰਜਵਾੜਿਆਂ ਨੂੰ ਦਿੱਤਾ ਜਾਂਦਾ ਸੀ ਅਤੇ ਇਹ ਰਾਜੇ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ ਅਨੁਸਾਰ ਅੰਗਰੇਜ਼ ਸਰਕਾਰ ਨੇ (ਦੇਸ਼ ਭਗਤ) ਕੂਕਿਆਂ ਦਾ ਲਹੂ ਪੀਣ ਤੇ ਲਾਏ ਸਨ। ਇਸ ਲਈ ਇਸ ਮਹਾਂ ਕਾਵਿ ਨੂੰ ਅਸੀਂ ਸਤਿਗੁਰੂ ਜੀ ਦੀ ਮਹਾਨ ਕੀਰਤੀ ਦੇ ਅਨੁਕੂਲ "ਵਿਸ਼ਵੇਂਦ੍ਰ" ਨਾਮ ਦੇ ਰਹੇ ਹਾਂ। ਸੰਤ ਜੀ ਦੀ ਅੰਗਰੇਜ਼ ਸਰਕਾਰ ਦੇ ਰੀਕਾਰਡ ਵਿਚ ਆਈਆਂ ਜਾਣਕਾਰੀਆਂ ਦੇ ਅੰਗਰੇਜ਼ੀ ਵਿਚ ਹੋਣ ਕਾਰਨ ਉਹਨਾਂ ਦੀ ਪਹੁੰਚ ਤੋਂ ਬਾਹਰ ਸਨ। ਬਹੁਤ ਸਾਰੇ ਕੂਕਿਆਂ ਬਾਰੇ ਅੰਗਰੇਜ਼ੀ ਦੇ ਦਸਤਾਵੇਜ਼ 'ਮਾਲਵੇਂਦ੍ਰ' ਛਪਣ ਤੋਂ ਬਾਅਦ ਹੀ ਆਮ ਪਾਠਕਾਂ ਤੱਕ ਉਪਲਬਧ ਹੋਏ। ਇਸ ਲਈ ਘਟਨਾਵਾਂ ਦੀਆਂ ਤਾਰੀਖਾਂ ਜਾਂ ਹੋਰ ਵੇਰਵਿਆਂ ਬਾਬਤ ਸੰਤ ਜੀ ਨੂੰ ਕੁਝ ਟਪਲੇ ਲੱਗਣੇ ਸੁਭਾਵਿਕ ਸਨ। ਅਸੀਂ ਸੰਤ ਜੀ ਦੀ ਮੂਲ ਲਿਖਤ ਦਾ ਸਨਮਾਨ ਕਰਦਿਆਂ ਉਸ ਨੂੰ ਉਵੇਂ ਹੀ ਛਾਪ ਰਹੇ ਹਾਂ, ਜਿੱਥੇ ਘਟਨਾਵਾਂ ਜਾਂ ਤਾਰੀਖਾਂ ਦੀ ਦਰੁਸਤਗੀ ਦੀ ਜ਼ਰੂਰਤ ਸੀ ਉੱਥੇ ਇਹ ਕਾਰਜ ਫੁੱਟ ਨੋਟਾਂ ਵਿੱਚ ਕਰ ਦਿੱਤਾ ਗਿਆ ਹੈ।

ਸੰਪਾਦਕ ਅਤੇ ਹੋਰ ਸਾਹਿਤ ਪ੍ਰੇਮੀਆਂ ਦੇ ਬੇਨਤੀ ਕਰਨ ਤੇ ਸਤਿਗੁਰੂ ਜਗਜੀਤ ਸਿੰਘ ਜੀ ਨੇ ਉਕਾਈਆਂ ਦਰੁਸਤ ਕਰ ਕੇ ਮਾਲਵੇਂਦ੍ਰ ਨੂੰ ਦੁਬਾਰਾ ਛਾਪਣ ਦਾ ਹੁਕਮ ਦੇ ਦਿੱਤਾ ਸੀ। ਚੱਕਰਵਰਤੀ ਜੀ ਦੀ ਯਾਦ ਵਿਚ 13-10-98 ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ

ਵਿਚ ਸ੍ਰੀ ਭੈਣੀ ਸਾਹਿਬ ਵਿਖੇ ਹੋਏ ਸਮਾਗਮ ਵਿਚ ਉਹਨਾਂ ਦੇ ਪਰਿਵਾਰ ਨੇ ਆਪ ਦੀਆਂ ਸਾਰੀਆਂ ਛਪੀਆਂ-ਅਣਛਪੀਆਂ ਪੁਸਤਕਾਂ ਨੂੰ ਦੁਬਾਰਾ ਛਾਪਣ ਦਾ ਅਧਿਕਾਰ ਨਾਮਧਾਰੀ ਦਰਬਾਰ ਨੂੰ ਦੇ ਦਿੱਤਾ ਸੀ। ਹਾਜਰਾ ਹਜ਼ੂਰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਵੀ ਸੰਪਾਦਕ ਨੂੰ ਹੁਕਮ ਕਰਕੇ ਪੁਸਤਕ ਸ਼ੀਘਰ ਛਾਪੇ ਜਾਣ ਲਈ ਕਿਹਾ। ਨਵੇਂ ਇਤਿਹਾਸਕ ਸਰੋਤਾਂ ਤੱਕ ਰਸਾਈ ਹੋਣ ਬਾਅਦ ਅਕਸਰ ਇਤਿਹਾਸ ਨੂੰ ਮੁੜ ਲਿਖਿਆ ਜਾਂਦਾ ਹੈ। ਸਾਡਾ ਇਹ ਯਤਨ ਸੰਤ ਇੰਦਰ ਸਿੰਘ ਚੱਕਰਵਰਤੀ ਹੋਰਾਂ ਦੀ ਬੁਲੰਦ ਹਸਤੀ ਨੂੰ ਮੁੜ ਅਜੋਕੇ ਪਾਠਕਾਂ, ਸਾਹਿਤ ਪ੍ਰੇਮੀਆਂ ਸਾਹਵੇਂ ਪੇਸ਼ ਕਰਨ ਦੇ ਨਿਮਾਣੇ ਕਾਰਜ ਵੱਜੋਂ ਲਿਆ ਜਾਵੇ।

ਸੰਤ ਜੀ ਦੀ ਇਹ ਰਚਨਾ ਜਿੱਥੇ ਮਹਾਂ ਕਾਵਿ ਦੇ ਸਾਰੇ ਗੁਣਾਂ ਤੇ ਪੂਰੀ ਉੱਤਰਦੀ ਹੈ ਉੱਥੇ ਇਸ ਵਿਚ ਕਵਿਤਾ ਦੀਆਂ ਉੱਚੀਆਂ ਉਡਾਰੀਆਂ ਵੀ ਮਾਨਣ ਨੂੰ ਮਿਲਦੀਆਂ ਹਨ। ਮਹਾਂਕਾਵਿ ਦਾ ਇਕ ਜਰੂਰੀ ਗੁਣ ਦ੍ਰਿਸ਼ ਵਰਣਨ ਅਤੇ ਪਰਕਿਰਤੀ ਚਿਤਰਣ ਹੁੰਦਾ ਹੈ ਇਸ ਦੀ ਝਲਕ ਇਹਨਾਂ ਸਤਰਾਂ ਵਿਚੋਂ ਵੇਖੀ ਜਾ ਸਕਦੀ ਹੈ। ਸਤਿਗੁਰੂ ਜੀ ਦੇ ਆਗਮਨ ਵਾਲੇ ਸਮੇਂ ਨਾਲ ਸਬੰਧਿਤ ਹਨ:-

"ਚੜ੍ਹੀ ਉਸ਼ੇਰ ਸੁਹਾਵਣੀ, ਆਈ ਨਵ-ਪਰਭਾਤ
ਸੂਰਜ ਰਿਸ਼ਮਾਂ ਛੱਡੀਆਂ, ਕਿਰਣਾਂ ਆਖੀ ਝਾਤ
ਠੁਮਰੀ ਛੇੜੀ ਕੁਮਰੀਆਂ, ਚਿੜੀਆਂ ਰਹੀਆਂ ਚੂਕ
ਬਿਰਹੋਂ ਵਯੋਗੀ ਦਿਲਾਂ ਵਿੱਚ ਪੈਂਦੀ ਪਈ ਏ ਹੂਕ
ਚੱਕੀਆਂ ਝੋਤੀਆਂ ਸੁਆਣੀਆਂ ਲਈ ਮਧਾਣੀ ਪਾਇ
ਨ੍ਹਾਉਣ ਲਈ ਵਿਚ ਖੂਹ ਦੇ, ਡੋਲ ਦਏ ਪਲਮਾਇ
ਗੱਭਰੂ ਤੜਕੇ ਜਾਗ ਕੇ ਹੋਏ ਉਠ ਤਿਆਰ
ਜੋਤੇ ਲੌਣੇ ਹਲਾਂ ਦੇ, ਲਏ ਨੇ ਬੈਲ ਸ਼ਿੰਗਾਰ
ਬੀਤੀ ਪਤਝੜ ਰੁੱਤ ਤੇ, ਪਾਲਾ ਹੋਇਆ ਦੂਰ
ਰੁੱਖਾਂ ਤੇ ਹਰਿਆਵਲੀ, ਭਰ ਗਈ ਵਾਂਗ ਸਰੂਰ
ਸੁੱਕੇ ਢੀਂਗਰ ਲੰਗਰੇ, ਗੰਦਲਾਂ ਜਿਉਂ ਮੁਟਿਆਰ
ਡੋਡੀਆਂ ਖਿੜ ਖਿੜ ਹੱਸ ਕੇ ਦਿੱਤੀ ਮਹਿਕ ਖਿਲਾਰ
ਸਾਵਾ ਸਾਵਾ ਛੋਲੀਆਂ ਚਿੱਟੇ ਸੋਸਨੀ ਫੁੱਲ
ਸਣੇ ਭੁਗਾਠ ਦੇ ਨਿੱਸਰੇ ਧਰੇਕਾਂ ਆੜੂ ਕੁੱਲ
ਗੁੱਟਾ ਹੋਇਆ ਕੇਸਰੀ, ਸਰ੍ਹੋਂ ਖਿੜੀ ਇਕ ਸਾਰ
ਪੀਲੀ ਸਾੜ੍ਹੀ ਹੋ ਗਈ, ਧਰਤੀ ਦਾ ਸ਼ਿੰਗਾਰ
ਕਣਕ ਬਘੋਲੇ ਆ ਗਈ, ਅੰਬੀਂ ਭਰਿਆ ਬੂਰ
ਕਾਲੇ ਤਿੱਤਰ ਬੋਲਦੇ, ਝਾੜਾਂ ਵਿਚ ਮਖ਼ਮੂਰ
ਚੰਬੇ ਅਤੇ ਗੁਲਾਬ ਦੇ ਖਿੜ ਖਿੜ ਹੱਸੇ ਬੁੱਲ੍ਹ
ਬੇਰ ਹੋ ਗਏ ਪੱਕ ਕੇ ਲੀਲੂੰ ਪੀਲੂੰ ਕੁੱਲ
ਔਣਾਂ ਭਾਵੇਂ ਅੱਜ ਦਿਨ, ਕਿਸੇ ਮਹਾਂ ਅਵਤਾਰ
ਤਾਂਹੀਏਂ ਕੁਦਰਤ ਕਰ ਰਹੀ, ਸ਼ਗਨਾਂ ਦੀ ਭਰਮਾਰ।"

ਕਾਂਡ ਦੂਜਾ

ਸਾਕਾ ਮਲੇਰਕੋਟਲੇ ਵਿਚ ਤੋਪਾਂ ਅਗੇ ਉੱਡਣ ਵਾਲੇ ਕੂਕੇ ਮਸਤਾਨਿਆਂ ਦੇ ਜਥੇ ਦੇ ਮੁਹਰੈਲ ਸ੍ਰ. ਹੀਰਾ ਸਿੰਘ ਸਰਕੌਦੀ ਵਾਲੇ ਪਹਿਲਾਂ ਮਹਾਰਾਜਾ ਪਟਿਆਲਾ ਦੀ ਮੁਲਾਜ਼ਮਤ ਵਿਚ

ਸਨ। ਪਟਿਆਲੇ ਵਿਖੇ ਸੂਬਾ ਕਾਹਨ ਸਿੰਘ ਚੱਕ, ਕੂਕਾ ਮਿਸ਼ਨ ਦੇ ਪਰਚਾਰ ਲਈ ਪੁੱਜੇ ਹੋਏ ਸਨ। ਉਹਨਾਂ ਤੋਂ ਪ੍ਰਭਾਵਿਤ ਹੋ ਕੇ ਲੋਕ ਧੜਾ ਧੜ ਕੂਕੇ ਬਣ ਰਹੇ ਸਨ। ਉਨ੍ਹਾਂ ਪਾਸੋਂ ਨਾਮ ਸ਼ਬਦ ਦੀ ਜਸੂਸੀ ਲਈ ਮਹਾਰਾਜੇ ਪਟਿਆਲੇ ਨੇ ਜਿਹੜੇ ਅਹਿਲਕਾਰ ਭੇਜੇ, ਹੀਰਾ ਸਿੰਘ ਸਮੇਤ ਉਹ ਕੂਕੇ ਬਣ ਗਏ ਸਨ। ਬਾਬਾ ਜੀ ਦੇ ਪਟਿਆਲੇ ਵਿਖੇ ਦੀਵਾਨ ਦਾ ਵਰਨਣ ਸ਼ਾਂਤ ਰਸ ਵਿਚ ਭਰਪੂਰ ਹੈ-

"ਹੀਰਾ ਸਿੰਘ ਜੀ ਜਾ ਵੜੇ, ਸਿਕਲੀਗਰਾਂ ਦੇ ਵਾਸ
ਜਿੱਥੇ ਬਾਬਾ ਕਾਨ੍ਹ ਸਿੰਘ, ਕਰਦੇ ਸੀ ਨਿਵਾਸ
ਵਰਖਾ ਵਰ੍ਹਦੀ ਸ਼ਬਦ ਦੀ, ਕੀਰਤਨ ਦੀ ਘਨਘੋਰ
ਆਸ਼ਕ ਸਾਦਕ ਸ਼ਬਦ ਦੇ, ਪੈਲ ਪਾਣ ਜਿਉਂ ਮੋਰ
ਬੈਠੇ ਜਾ ਦੀਵਾਨ ਵਿਚ, ਹੀਰਾ ਸਿੰਘ ਸਰਦਾਰ
ਪੈ ਰਹੀ ਗੁਰੁ ਸ਼ਬਦ ਦੀ, ਮੱਠੀ ਜਿਹੀ ਫੁਹਾਰ
ਅਰਸ਼ਾਂ ਨੂੰ ਫੜ ਫਰਸ਼ ਤੇ, ਬਾਣੀ ਲੈਂਦੀ ਖਿੱਚ
ਤੀਰ ਚੱਲਣ ਗੁਰ ਸ਼ਬਦ ਦੇ, ਵੱਜਣ ਕਲੇਜੇ ਵਿੱਚ
ਕੀਰਤਨ ਦੀ ਸਮਾਪਤੀ, ਹੋਈ ਕਰ ਅਰਦਾਸ
ਬੋਲ ਕਿਹਾ ਇਕ ਸਿੰਘ ਆ, ਲਓ ਨਾਮ ਦੀ ਰਾਸ
ਸੁਧ ਹੋਇਗੀ ਆਤਮਾ, ਅੰਦਰ ਵਰਤੇ ਸ਼ਾਂਤ
ਕਈਆਂ ਸੁਣ ਕੇ ਆਖਿਆ, ਦਵੋ ਨਾਮ ਦੀ ਦਾਤ
ਹੀਰਾ ਸਿੰਘ ਜਾ ਪੁੱਜਿਆ, ਸ੍ਰੀ ਬਾਬਾ ਜੀ ਕੋਲ
ਮੈਂ ਵੀ ਲੈਣਾ ਨਾਮ ਹੈ, ਕਿਹਾ ਮੁੱਖੋਂ ਬੋਲ
ਅੱਗੋਂ ਸ੍ਰੀ ਬਾਬੇ ਕਿਹਾ, ਸੁਣ ਸਰਦਾਰਾ ਬਾਤ
ਚੰਗੀ ਤਰ੍ਹਾਂ ਵਿਚਾਰ ਕੇ, ਦਿਲ ਵਿਚ ਪਾ ਲੈ ਝਾਤ
ਸਿਲਾ ਅਲੂਣੀ ਇਹ ਹੈ, ਸਿਖੀ ਖੰਡੇ ਧਾਰ
ਸਿਰ ਟਿਕਾਵੇਂ ਤਲੀ ਤੇ, ਗਲੀ ਏਸ ਵਿਚਕਾਰ"

ਕਾਂਡ ਸਤਾਰਾਂ

ਸਾਕਾ ਮਲੇਰਕੋਟਲਾ ਵਿਚ ਜਦੋਂ ਸ਼ਹੀਦੀ ਜਥਾ ਰੜ੍ਹ ਪਿੰਡ ਪੁੱਜਿਆਂ ਤਾਂ ਭਾਈ ਹੀਰਾ ਸਿੰਘ ਨੇ ਕਿਹਾ ਕਿ ਸਿਰ ਦੇਣ ਵਾਲੇ ਰਹਿਣ, ਬਾਕੀ ਜਾ ਸਕਦੇ ਹਨ। ਇਸ ਸਮੇਂ 35-40 ਸਿੰਘ ਇਥੋਂ ਹਰਨ ਹੋ ਗਏ ਸਨ। ਇਹਨਾਂ ਵਿਚੋਂ ਕੁਝ ਸਿੰਘਾਂ ਦੇ ਚੱਕਰਵਰਤੀ ਜੀ ਦਰਸ਼ਨ ਕਰਦੇ ਰਹੇ ਹਨ ਅਤੇ ਉਹਨਾਂ ਦੇ ਮਨੋਭਾਵ ਜਾਂ ਬਾਅਦ ਵਿਚ ਪਸ਼ਚਾਤਾਪ ਦਾ ਜ਼ਿਕਰ ਕਰਦੇ ਹਨ-

"ਰੜ੍ਹ ਤੋਂ ਸਨ ਜੋ ਤੁਰ ਗਏ, ਉਦੋਂ ਬਾਹਰ ਵਾਰ
ਓਨ੍ਹਾਂ ਵਿਚੋਂ ਮੈਂ ਕਰੇ, ਕਈਆਂ ਦੇ ਦੀਦਾਰ
ਜਦ ਮੈਂ ਪੁੱਛਦਾ ਉਨ੍ਹਾ ਨੂੰ, ਓਸ ਸਮੇਂ ਦੀ ਗੱਲ
ਅੰਦਰ ਜਾਣੋ ਮੱਚਦੀ, ਉਹਨਾਂ ਦੇ ਤਰਥੱਲ
ਯਾਦ ਕਰ ਓਸ ਸਮੇਂ ਨੂੰ, ਰੋਂਦੇ ਧਾਹੀਂ ਮਾਰ
ਆਂਹਦੇ ਹੁੰਦੀ ਗੱਲ ਨਾ, ਸੰਘੋਂ ਸਾਡਿਓਂ ਬਾਹਰ
ਉਨ੍ਹਾਂ ਦਿਨਾਂ ਵਿੱਚ ਜੋ, ਅਸੀਂ ਮਾਣਿਆ ਸੁਆਦ
ਭੁੱਲ ਸਕੇ ਕਈ ਜਨਮ ਨਾ, ਸਾਨੂੰ ਉਸ ਦੀ ਯਾਦ
ਕਿਉਂ ਨਾ ਮਰ ਗਏ ਸਾਂ ਅਸੀਂ, ਤਦੋਂ ਸ਼ਹੀਦਾਂ ਨਾਲ

ਕੀ ਖੱਟਿਆ ਹੁਣ ਬਚ ਰਹੇ, ਹੱਡ ਲਏ ਨੇ ਗਾਲ
ਜਿਊਂਦੇ ਰਹਿੰਦੇ ਅਸੀਂ ਸਦਾ, ਹੁੰਦੇ ਨਾਲ ਸ਼ਹੀਦ
ਵਸਦੇ ਜਾ ਗੁਰ ਪੁਰੀ ਵਿਚ, ਸਦਾ ਮਨਾਂਦੇ ਈਦ''

ਕਾਂਡ ਸਤਾਈ

ਚੱਕਰਵਰਤੀ ਜੀ ਦੀ ਇਸ ਰਚਨਾ ਵਿਚੋਂ ਬਹੁਤ ਸਾਰੇ ਪੰਜਾਬੀ ਭਾਸ਼ਾ ਦੀਆਂ, ਪੁਆਧ ਆਦਿ ਉਪ ਭਾਸ਼ਾਵਾਂ ਦੇ ਉਹ ਸ਼ਬਦ ਵੀ ਪੜ੍ਹਨ ਨੂੰ ਮਿਲਦੇ ਹਨ ਜੋ ਆਮ ਬੋਲ ਚਾਲ ਵਿਚੋਂ ਅਲੋਪ ਹੁੰਦੇ ਜਾ ਰਹੇ ਹਨ। ਉਹ ਸ਼ਬਦ ਸਿਰਜਕ ਵੀ ਹਨ ਜੋ ਲੋੜ ਮੁਤਾਬਿਕ ਇਹਨਾ ਦਾ ਉਪਯੋਗ ਕਰਦੇ ਹਨ। ਇਸ ਮਹਾਂ ਕਾਵਿ ਵਿਚ ਗੁਰਬਾਣੀ, ਗਿਆਨੀ ਗਿਆਨ ਸਿੰਘ ਜੀ ਦੇ ਪੰਥ ਪਰਕਾਸ਼, ਗਿਆਨੀ ਕਾਲਾ ਸਿੰਘ ਦੇ ''ਸਿੰਘਾਂ ਨਾਮਧਾਰੀਆਂ ਦਾ ਪੰਥ ਪਰਕਾਸ਼'', ''ਸੌ ਸਾਖੀ'' ਭਾਈ ਸੁਮੇਰ ਸਿੰਘ ਦਾ 'ਗੁਰ ਬਿਲਾਸ' ਆਦਿ ਗ੍ਰੰਥਾਂ ਵਿਚੋਂ ਵੀ ਟੂਕਾਂ ਵਰਤਦੇ ਹਨ। ਕਵਿਤਾ ਵਿੱਚ ਮੁੱਖ ਛੰਦ ਦੱਵਈਆ ਹੈ ਪਰ ਉਹ ਬੈਂਤ, ਕੋਰੜਾ, ਕਬਿੱਤ, ਸਿਰਖਿੰਡੀ ਆਦਿ ਛੰਦਾਂ ਅਤੇ ਵਾਰ-ਕਾਵਿ ਰੂਪ ਦੀ ਵਰਤੋਂ ਕਰਦੇ ਹਨ। ਇਸ ਵਿੱਚ ਜਿੱਥੇ ਇੱਕ ਪਾਸੇ ਸਤਿਗੁਰੂ ਰਾਮ ਸਿੰਘ ਜੀ ਦੇ ਸਾਜੇ ਨਾਮਧਾਰੀ ਸੰਤ ਖਾਲਸੇ ਦੀ ਮਹਿਮਾ ਹੈ, ਉੱਥੇ ਬਸਤੀਵਾਦੀ ਹਾਕਮਾਂ, ਉਹਨਾਂ ਦੇ ਚਾਟੜੇ ਸਿੱਖ ਤਖਤਾਂ ਦੇ ਪੁਜਾਰੀਆਂ, ਪੁਰੋਹਿਤਾਂ ਆਦਿ ਨੂੰ ਖਲਨਾਇਕ ਦੇ ਤੌਰ ਤੇ ਚਿਤਰਿਆ ਹੈ। ਪਿਛਲੇ ਛੇ ਸੱਤ ਦਹਾਕਿਆਂ ਵਿਚ ਇਸ ਮਹਾਂ ਕਾਵਿ ਦੀ ਚਰਚਾ ਕੂਕਾ ਲਹਿਰ ਦੇ ਪੰਜਾਬੀ ਸਾਹਿਤ ਦੀ ਗੱਲ ਕਰਦਿਆਂ ਅਕਸਰ ਕੀਤੀ ਜਾਂਦੀ ਹੈ। ਇਸ ਰਚਨਾ ਦਾ ਮਹਤੱਵ ਸਮੇਂ ਸਥਾਨ ਦੀਆਂ ਹੱਦਾਂ ਤੋਂ ਪਾਰ ਜਾਣ ਵਾਲਾ ਹੈ।

ਸੰਤ ਇੰਦਰ ਸਿੰਘ ਜੀ ਚੱਕਰਵਰਤੀ ਹੋਰਾਂ ਦੀ ਸੰਪਾਦਨਾ ਵਿਚ ਨਾਮਧਾਰੀ ਦਰਬਾਰ ਸ੍ਰੀ ਭੈਣੀ ਸਾਹਿਬ ਦੇ ਮੁੱਖ ਪੱਤਰ ਸਪਤਾਹਿਕ ਸਤਿਜੁਗ ਦੇ 1930 ਈ. ਤੋਂ 42 ਈ. ਤੱਕ ਛੱਪਣ ਵਾਲੇ ਕੋਈ 12 'ਬਸੰਤ ਅੰਕ' ਜਾਂ 'ਸੰਤ ਅੰਕ' ਬਹੁਤ ਮਹਤੱਵਪੂਰਨ ਸਨ।ਇਹਨਾਂ ਵਿਚ ਮੁੱਖ ਲੇਖ ਦੇ ਤੌਰ ਤੇ ਛਪਣ ਵਾਲੇ ਚੱਕਰਵਰਤੀ ਜੀ ਦੇ ਲੰਬੇ ਲੇਖਾਂ ਦੀ ਪਾਠਕ ਅਕਸਰ ਸਾਲ ਭਰ ਉਡੀਕ ਕਰਦੇ ਰਹਿੰਦੇ ਸਨ। 1930 ਈ. ਦੇ ਬਸੰਤ ਅੰਕ ਵਿਚ ਛਪਣ ਵਾਲਾ ਵੱਡ ਆਕਾਰੀ ਲੇਖ 'ਗੁਰੂ ਅਵਤਾਰ' ਤਾਂ ਇਕ ਕਿਸਮ ਦਾ ਸਤਿਗੁਰੂ ਰਾਮ ਸਿੰਘ ਜੀ ਦਾ ਸੰਖੇਪ ਜੀਵਨ ਚਰਿੱਤਰ ਅਤੇ ਕੂਕਾ ਅੰਦੋਲਨ ਦਾ ਹਿਰਦੇ ਵੇਦਕ ਇਤਿਹਾਸ ਸੀ ਜੋ ਆਪ ਨੇ ਭਾਈ ਸਾਹਿਬ ਭਾਈ ਕਾਹਨ ਸਿੰਘ ਜੀ ਨਾਭਾ ਦੇ ਕਹਿਣ ਤੇ ਇਸ ਵਿਸ਼ੇ ਤੋਂ ਅਨਜਾਣ ਪਾਠਕਾਂ ਦੀ ਜਾਣਕਾਰੀ ਲਈ ਲਿਖਿਆ ਸੀ। 1936 ਈ. ਦੇ ਬਸੰਤ ਅੰਕ ਵਿਚ ਆਪ ਦਾ ਮੁੱਖ ਲੇਖ 'ਅਪੂਰਵ ਬਲੀਦਾਨ'' ਮਾਰਮਿਕ ਸ਼ੈਲੀ ਵਿਚ ਲਿਖਿਆ ਗਿਆ ਸੀ ਜਿਸ ਵਿਚ ਸਾਕਾ ਮਲੇਰਕੋਟਲਾ ਅਤੇ ਸਤਿਗੁਰੂ ਰਾਮ ਸਿੰਘ ਜੀ ਅਤੇ ਮੁਖੀ ਕੂਕਾ ਸੂਬਿਆਂ ਦੇ ਦੇਸ਼ ਨਿਕਾਲੇ ਦੀਆਂ ਘਟਨਾਵਾ ਦਾ ਕੁਝ ਇਸ ਤਰ੍ਹਾਂ ਬਿਆਨ ਕੀਤਾ ਗਿਆ ਸੀ ਕਿ ਇਸ ਨਾਲ ਦੇਸ਼ ਅਜ਼ਾਦੀ ਲਈ ਕੂਕਾ ਸੰਗ੍ਰਾਮ ਦੀਆਂ ਵੱਡੀਆਂ ਕੁਰਬਾਨੀਆਂ ਜੱਗ-ਜ਼ਾਹਰ ਹੁੰਦੀਆਂ ਸਨ। ਤਦੋਕਿ ਅੰਗਰੇਜ਼ ਸਰਕਾਰ ਨੇ ਇਸ 'ਅੰਕ' ਨੂੰ ਜ਼ਬਤ ਕਰਨ ਵਿਚ ਆਪਣੀ ਭਲਾਈ ਸਮਝੀ। ਸੰਪਾਦਕ ਚਕਰਵਰਤੀ ਜੀ ਨੂੰ ਲੰਬਾ ਸਮਾਂ ਭੂਮੀ ਗਤ ਹੋ ਕੇ ਜੀਵਨ ਬਿਤਾਉਣਾ ਪਿਆ।

ਇਸ ਤਰ੍ਹਾਂ 1941 ਈ. ਦੇ ਸਤਿਜੁਗ ਦੇ 'ਸੰਤ ਅੰਕ' ਭਾਗ ਦੂਜਾ ਵਿਚ ਜਿੱਥੇ ਚਕੱਰਵਰਤੀ ਜੀ ਦੇ ਕਈ ਲੰਬੇ ਲੇਖ ਅਤੇ ਇਕਾਂਗੀ ਨਾਟਕ, ਵੱਖ ਵੱਖ ਸਾਧੂਆਂ ਦੇ ਜੀਵਨ ਬਾਰੇ ਛਪੇ ਸਨ, ਇਕ ਛੋਟੀ ਜਿਹੀ ਆਪ ਦੀ ਰਚਨਾ ਵੀ ਛਪੀ ਸੀ ''ਬੌਰੀਆਂ ਵਾਲਾ''। ਇਸ ਵਿਚ ਚਰਨਾਰਥਲ ਖੰਨੇ ਦੇ ਨਜ਼ਦੀਕ ਇਕ ਕਿਰਤੀ ਕੂਕਾ ਮਸਤਾਨਾ ਭਾਈ ਟਹਿਲ ਸਿੰਘ ਉਰਫ਼ ''ਬੌਰੀਆਂ ਵਾਲਾ'' ਦੇ ਉੱਚ ਜੀਵਨ ਚਰਿੱਤਰ ਦੀ ਇਕ ਹਿਲਾ ਦੇਣ ਵਾਲੀ ਘਟਨਾ ਦਾ ਕਾਵਿਕ

ਅੰਦਾਜ਼ ਵਿਚ ਵਰਨਣ ਸੀ। ਬਚਪਨ ਵਿਚ ਚਕੱਰਵਰਤੀ ਜੀ ਦੇ ਪਿੰਡ ਉਹ ਮਸਤਾਨਾ ਆਉਂਦਾ ਹੁੰਦਾ ਸੀ ਤੇ ਸਾਰੀ ਸਾਰੀ ਰਾਤ ਉਹਨਾਂ ਦੇ ਕੋਠੇ ਦੀ ਛੱਤ ਤੇ ਬੈਠ ਕੇ, ਪਰਦੇਸੀ ਪ੍ਰੀਤਮ ਸਤਿਗੁਰੂ ਰਾਮ ਸਿੰਘ ਜੀ ਦੇ ਵਿਯੋਗ ਵਿੱਚ ਹੌਕਿਆਂ ਹਾਵਿਆਂ ਵਿਚ ਲਿਪਟੇ ਸ਼ਬਦ ਪੜ੍ਹਦਾ ਰਹਿੰਦਾ ਸੀ।

"ਤੂੰ ਮੈਨੂੰ ਭੁਲਦਾ ਨਹੀਂ ਸੁਣ ਮੀਤ ਵੇ, ਤੈਂ ਕੀ ਸਿਰ ਪਾ ਲਿਆ ਮੇਰੇ"

ਕੂਕੇ ਮਸਤਾਨਿਆਂ ਦੇ ਇਹਨਾਂ ਬੋਲਾਂ ਨੇ ਹੀ ਬਾਲਕ ਇੰਦਰ ਸਿੰਘ ਨੂੰ ਕਾਲਾਂਤਰ ਵਿਚ 'ਇੰਦਰ ਸਿੰਘ ਚੱਕਰਵਰਤੀ' ਬਣਾ ਕੇ ਉਸ ਨੂੰ ਨਾਮਧਾਰੀ ਜਗਤ ਵਿੱਚ ਤਾਂ ਵਖਿਆਤ ਕੀਤਾ ਹੀ, ਸਗੋਂ ਆਪਣੀ ਲਗਾਤਾਰ ਚਲਦੀ ਬਹੁ ਵਿਧਾਈ ਕਲਮ ਦੁਆਰਾ ਉਸ ਨੂੰ ਪੰਜਾਬੀ ਸਾਹਿਤ ਗਗਨ ਦੇ ਤਾਰਾ ਮੰਡਲ ਵਿੱਚ ਵੀ ਸ਼ਸ਼ੋਭਿਤ ਕਰ ਦਿੱਤਾ। ਦਿਲ ਦੀਆਂ ਗਹਿਰਾਈਆਂ ਵਿਚੋਂ ਉਪਜੀ ਵੇਦਨਾ, ਬਿਰਹੋਂ ਕੁੱਠੇ ਹਿਰਦਿਆਂ ਦੀ ਹੂਕ, ਪੱਥਰਾਂ ਨੂੰ ਵੀ ਮੋਮ ਕਰ ਦਿੰਦੀ ਹੈ। ਚੱਕਰਵਰਤੀ ਜੀ ਨੇ ਜਦੋਂ ਜਿਹੇ ਰਿਆਸਤ ਪਟਿਆਲਾ ਦੇ ਭੈਣੀ ਸਾਹਿਬ ਤੋਂ ਮਸਾਂ ਹੀ ਅੱਠ ਕੁ ਕਿਲੋਮੀਟਰ ਦੂਰ ਪਿੰਡ ਲੱਲ ਕਲਾਂ (ਅੱਜ ਕੱਲ ਜ਼ਿਲਾ ਲੁਧਿਆਣਾ) ਵਿਚ ਅੱਖਾਂ ਖੋਲ੍ਹੀਆਂ ਸਨ ਤਾਂ ਉਦੋਂ ਕੂਕਿਆਂ ਤੋਂ ਉਨ੍ਹਾਂ ਦੇ ਮਾਹੀ ਦੇ ਵਿਛੋੜੇ ਨੂੰ ਸਿਰਫ਼ ਤਿੰਨ ਦਹਾਕੇ ਹੀ ਤਾਂ ਬੀਤੇ ਸਨ। ਚੱਕਰਵਰਤੀ ਜੀ ਦਾ ਪਿਤਾ ਮੋਦਨ ਸਿੰਘ ਅਤੇ ਦਾਦਾ ਜੈ ਸਿੰਘ ਕੱਟੜ ਕੂਕੇ ਸਨ, ਜਿਨ੍ਹਾਂ ਨੂੰ ਕੂਕਾ ਹੋਣ ਦੇ ਅਪਰਾਧ ਵਿਚ ਕਦੇ ਪਟਿਆਲਾ ਰਿਆਸਤ ਦੀ ਵਰ੍ਹਿਆਂ ਬੱਧੀ ਜਿਹਲ ਕੱਟਣੀ ਪਈ ਅਤੇ ਕਦੇ ਗੁਰਦੁਆਰਾ ਭੈਣੀ ਸਾਹਿਬ ਦੀ ਗਊ ਸ਼ਾਲਾ ਵਿਚ, ਆਪਣੇ ਖੇਤਾਂ ਵਿਚੋਂ ਖੋਦ ਕੇ ਹਰਾ ਘਾਹ ਪਹੁੰਚਾਉਣ ਤੇ ਉੱਥੇ ਪੁਲਿਸ ਚੌਂਕੀ ਵਿਚ ਤੈਨਾਤ ਅੱਖੜ ਮੁਲਾਜ਼ਮਾਂ ਤੋਂ ਪਰਤਾੜਿਤ ਹੋਣਾ ਪਿਆ।

ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਨੰਦਪੁਰ ਸਾਹਿਬ ਤਿਆਗਣ ਤੋਂ ਬਾਅਦ, ਮਾਛੀਵਾੜੇ ਤੋਂ ਲੱਲ ਕਲਾਂ ਪੁੱਜੇ ਸਨ, ਜਿੱਥੇ ਮੁਗਲ ਸੈਨਾਪਤੀ ਵੱਲੋਂ ਆਪ ਦੀ ਸ਼ਨਾਖਤ ਕੀਤੇ ਜਾਣ ਤੇ ਇਕ ਪ੍ਰੇਮੀਂ ਸੱਯਦ ਸਤਿਗੁਰੂ ਜੀ ਦੇ ਹੱਕ ਵਿਚ ਭੁਗਤਿਆ ਸੀ, ਇੱਥੇ ਗੁਰੂ ਸਾਹਿਬ ਦੀ ਯਾਦ ਵਿਚ ਇਕ ਗੁਰਦੁਆਰਾ ਬਣਿਆ ਹੋਇਆ ਹੈ। ਅਨੇਕ ਦਹਾਕਿਆਂ ਤੱਕ ਨਾਮਧਾਰੀ ਸਿੰਘ ਇਸ ਗੁਰਦੁਆਰੇ ਦੀ ਸੇਵਾ ਨਿਬਾਹੁੰਦੇ ਰਹੇ ਸਨ। ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਭਾਈ ਮਾਘਾ ਸਿੰਘ ਇਸ ਗੁਰਦੁਆਰੇ ਦੇ ਮਹੰਤ ਸਨ। ਸਤਿਗੁਰੂ ਜੀ ਦਾ ਇਕ ਹੁਕਮਨਾਮਾ ਗੁਰਦਿੱਤ ਸਿੰਘ, ਅਤਰ ਸਿੰਘ, ਮਾਘਾ ਸਿੰਘ ਆਦਿਕ ਲੱਲਾਂ ਦੇ ਸਿੰਘਾਂ ਨੂੰ ਸੰਬੋਧਿਤ ਹੈ।

ੴ ਸਤਿਗੁਰਿ ਪ੍ਰਸਾਦਿ ।

ਲਿਖਤੋ ਦਿਆਲ ਸਿੰਘ ਤੇ ਕ੍ਰਿਪਾਲ ਸਿੰਘ, ਜੋਗ ਉਪਮਾ ਭਾਈ ਗੁਰਦਿਤ ਸਿੰਘ[1] ਅਤ੍ਰ ਸਿੰਘ[2] ਤੇ ਮਾਘਾ ਸਿੰਘ ਮਹੰਤ[3] ਹੋਰ ਸਬੂੰਹ ਸੰਗਤ ਲੱਲਾਂ ਦੀ ਕੋ ਸਿਰੀ ਵਾਹਿਗੁਰੂ ਜੀ ਕੀ ਫਤੇ ਬੁਲਾਈ ਬਾਚਣੀ।

ਹੋਰੁ ਅਸੀ ਅਨੰਦ ਹੈ, ਤੁਮਾਰੀ ਸੁਖ ਸਾਦ ਦੀ ਖਵਰ ਪਾਈ। ਹੋਰ ਤਾ ਸਾਨੂ ਕੋਈ ਦੁਖ ਨਹੀ, ਇਕ ਸੰਗਤ ਦੇ ਵਿਛੋੜੇ ਦਾ ਦੁਖ ਹੈ। ਸੋ ਗੁਰੂ ਸਾਹਿਬ ਦੇ ਮੇਟਣ ਦਾ ਹੈ। ਜਬ ਗੁਰੂ

[1] ਪਿੰਡ ਲੱਲਾਂ (ਗੁਰੂਸਰ) ਰਿਅਸਤਿ ਪਟਿਆਲਾ ਦੇ ਨਿਵਾਸੀ

[2] ਓਹੀ।

[3] ਓਹੀ।

ਸਾਹਿਬ ਚਾਹੇਗਾ ਤਾ ਤੁਰੰਤ ਹੀ ਮੇਟ ਦੇਊਗਾ। ਹੋਰ ਤੁਸੀ ਭਾਈ ਨਰੈਣ ਸਿੰਘ ਬਿਜਲੀ ਪੁਰੀਏ[4] ਨੂੰ ਸਭੇ ਸਿੰਘ ਮਿਲ ਕੇ ਲੱਲੀਂ ਲੈ ਆਵੋ, ਜਾਗਾ ਬਣਾ ਦੇਓ ਬਹੁਤ ਚੰਗੀ ਬਾਤ ਹੈ। ਜੋ ਬਣਿ ਆਵੈ ਸੇਵਾ ਟਹਿਲ ਕਰਨੀ। ਅਰੁ ਲਟਕੇ ਲਟਕੀਆਂ ਨੂੰ ਅਖਰ ਪੜਾ ਦੇਓ। ਸਭੇ ਸਿੰਘ ਰਾਤ ਨੂ ਇਕਠੇ ਹੋ ਕੇ ਬਾਣੀ ਕੰਠ ਕਰੋ ਹਮੇਸਾ। ਮਾਈ ਬੀਬੀ ਸਭ ਨੇ ਬਾਣੀ ਕੰਠ ਜਰੂਰ ਕਰਨੀ।

ਭਾਈ ਨਰੈਣ ਸਿੰਘ ਤੇ ਖਜਾਨ ਸਿੰਘ ਗੁਰੂਸਰੀਆ[5] ਨੂ ਪ੍ਰੇਮ ਸਿੰਘ ਤੇ ਕੁਬੀ[6] ਸਭਨਾ ਸਿੰਘਾਂ ਕੋ ਮੇਰੀ ਸਿਰੀ ਵਾਹਿਗੁਰੂ ਜੀ ਕੀ ਫਤੇ ਬੁਲਾਈ ਬਾਚਨੀ ਬਹੁਤ ਕਰਕੇ। ਮਾਘਾ ਸਿੰਘ ਤੈ ਭੀ ਬਾਣੀ ਕੰਠ ਕਰਨੀ ਕਰਾਉਣੀ। ਬਾਣੀ ਕੰਠ ਕਰਨ ਨੂ ਸਭ ਕੋ ਤਾਕੀਦ ਕਰਨੀ। ਤੇਰਾ ਬੀ ਭਲਾ ਹੋਵੇਗਾ। ਸਤਿ ਕਰਕੇ ਮੰਨਣਾ ਏਹੁ ਬਾਤ। ਸਭਨਾ ਸਿੰਘਾਂ ਨੇ ਹਛੀ ਤਰਾ ਮਿਲ ਰਹਿਣਾ। ਬਖੇਪਤਾ ਕੋਈ ਦਿਨ ਹੈ। ਹਮੇਸਾ ਬਖੇਪਤਾ ਨਹੀ ਰਹਿਣੀ।

ਜੋ ਭਜਨ ਬਾਣੀ ਕਰਨਗੇ ਤਿਨਾ ਕੋ ਸੁਖ ਬਹੁਤ ਹੋਊਗਾ ਹਰਿ ਤਰਾ ਸੇ। ਅਰੁ ਭੋਗ ਗ੍ਰੰਥ ਸਾਹਿਬ ਦੇ ਪਾਉਣੇ ਸਭਨਾ ਸਿੰਘਾ ਨੇ ਸਾਡੇ ਵਾਸਤੇ ਸੋ ਸਾਨੂ ਬੀ ਗੁਰੂ ਸਾਹਿਬ ਸੰਗਤ ਕਾ ਦੀਦਾਰ ਕਰਾਵੇ। ਦੇਖੋ ਕਰਤਾਰ ਦੇ ਰੰਗ ਤਮਾਸੇ, ਕਰਤਾਰ ਕੀ ਰੰਗ ਦਿਖਾਲਦਾ ਹੈ। ਸਦਾ ਲੈ ਲੈ ਨਾਮਧਾਰੀਆ ਨੂ ਨਹੀ ਰਹਿਣੀ। ਸਾਡੇ ਮਗਰ ਤਾ ਬਥੇਰੀ ਭੰਡੀ ਲਾਈ ਹੈ ਸਭਨਾ ਨੇ, ਸਿਖਾ ਸਾਧਾ ਨੇ, ਰਾਜਿਆ ਪੁਜਾਰੀਆ ਨੇ। ਬਹੁਤਾ ਕੀ ਆਖਣਾ ਹੈ ਦੇਖੋ ਕਰਤਾਰ ਦੇ ਰੰਗ ਤਮਾਸੇ, ਕੀ ਰੰਗ ਖੁਲਦਾ ਹੈ। ਸਮਾ ਤਾ ਆਇ ਪਹੁੰਚਾ ਹੈ, ਅਗੇ ਗੁਰੂ ਬੇਅੰਤ ਹੈ।

ਅਸੀ ਵੀ ਗੁਰੂ ਸਾਹਿਬ ਦੇ ਬਚਨ ਸੁਣ ਆਖਦੇ ਹੈ ਸਭ ਨੇ ਭਜਨ ਬਾਣੀ ਤਕੜੇ ਹੋ ਕੇ ਕਰਨਾ, ਢਿਲੇ ਨਹੀ ਪੈ ਜਾਣਾ। ਮੇਰਾ ਕਹਿਣਾ ਸਤਿ ਕਰਕੇ ਮੰਨਣਾ। ਇਉ ਨਹੀ ਜਾਨਣਾ ਆਪ ਬੈਠਾ ਲੀਕਾ ਕਾਲੇ ਪਾਣੀ ਦੀਆ ਕਢੀ ਜਾਦਾ ਹੈ। ਅਰੁ ਪਿਛਾ ਰਾਤ ਉਠ ਕੇ ਜਰੂਰ ਨਾਉਣਾ।

ਹੋਰੁ ਮਿਸਰ ਗਣਪਤ[7] ਨੂ ਮੇਰੀ ਨਮਸਕਾਰ ਕਰਨੀ। ਹੋਰ ਕੰਮ ਕਾਰ ਭੀ ਕਰਨਾ ਪਰਮੇਸਰ ਕਾ ਭਜਨੁ ਬੀ ਕਰਨਾ। ਰਿਜਕਾ ਕਾ ਦਾਤਾ ਪ੍ਰਮੇਸਰ ਹੈ। ਸਤਿ ਕਰਕੇ ਜਾਨਣੀ।

ਉਪਰੋਕਤ ਹੁਕਮਨਾਮੇ ਵਿਚੋਂ ਲੱਲ ਪਿੰਡ ਦੇ ਕੂਕਾ ਅੰਦੋਲਨ ਦੀ ਤਸਵੀਰ ਸਪਸ਼ਟ ਹੁੰਦੀ ਹੈ। ਸਤਿਗੁਰੂ ਜੀ ਸਰਕਾਰ ਦੀਆਂ ਅੱਖਾਂ ਵਿਚ ਘੱਟਾ ਪਾਉਣ ਲਈ ਆਪਣਾ ਨਾਮ ਦਿਆਲ ਸਿੰਘ ਅਤੇ ਸੇਵਕ ਨਾਨੂੰ ਸਿੰਘ ਦਾ ਨਾਮ ਕਿਰਪਾਲ ਸਿੰਘ ਲਿਖਿਆ ਕਰਦੇ ਸਨ। ਉਹ ਆਪਣੇ ਸਿੰਘਾਂ ਦੀ ਹੌਂਸਲਾ ਅਫ਼ਜਾਈ ਕਰਦੇ ਹੋਏ ਲਿਖਦੇ ਹਨ ਕਿ ਸਦਾ ਇਹ ਸਖ਼ਤੀਆਂ ਨਹੀ ਰਹਿਣੀਆਂ। ਪਿੰਡ ਦੇ ਇਤਿਹਾਸਿਕ ਗੁਰਦੁਆਰੇ ਦੇ ਗ੍ਰੰਥੀ ਦੀ ਸੇਵਾ ਨਿਬਾਹੁਣ ਲਈ ਸਤਿਗੁਰੂ ਜੀ ਮਾਛੀਵਾੜਾ ਥਾਨਾ ਦੇ ਪਿੰਡ ਬਿਜਲੀਪੁਰ ਦੇ ਭਾਈ ਭਗਵਾਨ ਸਿੰਘ ਦੇ ਪੁੱਤਰ ਨਰਾਇਣ ਸਿੰਘ ਨੂੰ ਏਥੇ ਲਿਆਉਣ ਦੀ ਤਾਕੀਦ ਕਰਦੇ ਹਨ। ਉਹ ਗੁਰਬਾਣੀ ਦਾ ਚੰਗਾ ਪਾਠੀ ਅਤੇ ਖੜਕੇ ਦੜਕੇ ਵਾਲਾ ਸਿੰਘ ਸੀ, ਜਿਸ ਤੇ ਉਹਨਾਂ ਦਿਨਾਂ ਵਿਚ ਅੰਗਰੇਜ਼ ਸਰਕਾਰ ਨਿਗਰਾਨੀ ਰੱਖ ਰਹੀ ਸੀ।

ਇਹੋ ਜੇਹੇ ਪਰਿਵੇਸ਼ ਵਿਚ ਜਨਮ ਲੈਣ ਵਾਲੇ ਸੰਤ ਇੰਦਰ ਸਿੰਘ ਚੱਕਰਵਰਤੀ ਨੂੰ ਇਕ ਟਕਸਾਲੀ ਕੂਕੇ ਦੀ ਸੰਗਿਆ ਦਿੱਤੀ ਜਾ ਸਕਦੀ ਹੈ। ਨਾਨਕਿਆਂ ਵੱਲੋਂ ਵੇਖੀਏ ਤਾਂ ਆਪ ਜੀ ਦੀ ਮਾਤਾ ਮਾਨ ਕੌਰ, ਉਸ ਮੁੱਠਡਾ (ਜਲੰਧਰ) ਪਿੰਡ ਨਾਲ ਸੰਬਧਿਤ ਸਨ, ਜਿਸ ਨੂੰ ਸਤਿਗੁਰੂ ਰਾਮ ਸਿੰਘ ਜੀ ਨੇ ਸ੍ਰੀ ਭੈਣੀ ਸਾਹਿਬ ਦੀ ਡਿਉਡੀ ਹੋਣ ਦਾ ਮਾਣ ਬਖਸ਼ਿਆ ਸੀ। ਇਸ ਤੋਂ ਵੀ ਵੱਡਾ ਵਾਧਾ

---

4 ਪਿਤਾ ਦਾ ਨਾਮ ਸ੍ਰ. ਭਗਵਾਨ ਸਿੰਘ

5 ਪਹਿਲਾ ਗੁਰੂਸਰ (ਲੱਲਾਂ) ਗੁਰਦੁਆਰੇ ਦਾ ਮਹੰਤ ਸੀ

6 ਲੱਲਾਂ ਦੇ ਨੇੜੇ ਇਕ ਪਿੰਡ ਦਾ ਨਾਂ।

7 ਪਿੰਡ ਲੱਲਾਂ ਦਾ ਰਹਿਣ ਵਾਲਾ।

ਇਹ ਹੈ ਕਿ ਕਿ ਬਚਪਨ ਚ ਜੁਆਨੀ ਦੀਆਂ ਦਹਿਲੀਜਾਂ ਤੇ ਪੈਰ ਧਰਨ ਸਮੇਂ ਹੀ ਸੰਤ ਜੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸੇਵਾ ਵਿਖੇ ਸ੍ਰੀ ਭੈਣੀ ਸਾਹਿਬ ਆ ਗਏ ਸਨ। ਇਸ ਸਮੇਂ ਸੰਨ 1916 ਈ. ਦੀਆਂ ਗਰਮੀਆਂ ਵਿਚ ਸਤਿਗੁਰੂ ਪਰਤਾਪ ਸਿੰਘ ਜੀ ਨੀਲੋਂ ਨਹਿਰ ਦੇ ਪੁੱਲ ਤੋਂ ਉੱਪਰਲੇ ਪਾਸੇ ਡੇਰਾ ਰੱਖਦੇ ਸਨ। ਭਾਈ ਸੁਹੇਲ ਸਿੰਘ ਬਿਲਗਾ ਤੇ ਹੋਰ ਵਿਦਵਾਨ ਸਿੰਘ, ਸਤਿਗੁਰੂ ਜੀ ਨਾਲ ਮਿਲ ਕੇ ਆਦਿ ਗੁਰੂ ਗ੍ਰੰਥ ਸਾਹਿਬ ਤੇ ਦਸਮ ਗੁਰੂ ਗ੍ਰੰਥ ਸਾਹਿਬ ਦੇ ਪਾਠ ਤੋਰੀ ਰੱਖਦੇ ਸਨ। ਇਹਨਾਂ ਪਾਠਾਂ ਦੀ ਸੋਅ ਸੁਣ ਕੇ ਹੀ ਗੁਆਂਢੀ ਪਿੰਡ ਲੱਲਾਂ ਤੋਂ 13-14 ਕੁ ਸਾਲ ਦੀ ਉਮਰ ਵਿੱਚ ਇੰਦਰ ਸਿੰਘ ਵੀ ਉਸ ਡੇਰੇ ਤੇ ਪੁੱਜ ਗਿਆ ਸੀ। ਗੁਰਮੁਖੀ ਅੱਖਰਾਂ ਅਤੇ ਗੁਰਬਾਣੀ ਪਾਠ ਦਾ ਮੁੱਢਲਾ ਗਿਆਨ ਉਹਨਾਂ ਆਪਣੇ ਪਿੰਡ ਦੇ ਹੀ ਇਤਿਹਾਸਿਕ ਗੁਰਦੁਆਰੇ ਵਿਚ ਆ ਕੇ ਕਦੇ ਕਦੇ ਰਹਿਣ ਵਾਲੇ ਸੰਤ ਹਰਨਾਮ ਸਿੰਘ ਨਥਾਣੀਆਂ ਜਿਹੇ ਉੱਚੀ ਕਰਨੀ ਵਾਲੇ ਕੂਕੇ ਸਾਧੂ ਤੋਂ ਪ੍ਰਾਪਤ ਕੀਤਾ ਸੀ। ਮੁੱਢਲੀ ਅਵਸਥਾ ਵਿਚ ਹੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਸਨੇਹ ਪਾਸ਼ ਵਿਚ ਐਸੇ ਬੱਝੇ ਕਿ ਫਿਰ ਸਾਰੀ ਉਮਰ ਆਪ ਉਹਨਾਂ ਜੋਗੇ ਹੀ ਹੋ ਕੇ ਰਹਿ ਗਏ। ਬੇਸ਼ੱਕ ਆਪ ਵੀਹਵੀਂ ਸਦੀ ਦੇ ਪੰਜਵੇਂ ਦਹਾਕੇ ਦੇ ਪਹਿਲੇ ਅੱਧ ਵਿਚ ਪ੍ਰੀਤ ਨਗਰ ਵਿਖੇ ਇਕ ਪ੍ਰੀਤ ਸੈਨਿਕ ਦੇ ਤੌਰ ਤੇ, ਗੁਰਬਖਸ਼ ਸਿੰਘ ਪ੍ਰੀਤ ਲੜੀ ਹੋਰਾਂ ਦੇ ਸੰਗ ਸਾਥ ਵਿਚ ਵੀ ਕੁਝ ਵਰ੍ਹੇ ਰਹੇ ਹਨ। ਉਸ ਤੋਂ ਬਾਅਦ ਉਹਨਾਂ ਦੇਸ਼ ਅਜ਼ਾਦੀ ਦੇ ਲਾਗੇ ਚਾਗੇ ਪਟਿਆਲਾ ਜਾ ਡੇਰੇ ਲਾਏ, ਜਿੱਥੇ ਉਹਨਾਂ ਨੇ ਪੈਪਸੂ ਦੇ ਭਾਸ਼ਾ ਵਿਭਾਗ ਜਾਂ ਮਹਿਕਮਾਂ ਪੰਜਾਬੀ ਵਿਚ ਬਿਨਾ ਕਿਸੇ ਅਕਾਦਮਿਕ ਯੋਗਤਾ ਦੇ, ਆਪਣੇ ਲੰਬੇ ਸਾਹਿਤਕ ਸਫਰ ਦੇ ਅਨੁਭਵ ਸਦਕਾ ਕੋਸ਼-ਕਾਰੀ ਵਿਭਾਗ ਵਿਚ ਨੌਕਰੀ ਹਾਸਿਲ ਕਰ ਲਈ ਸੀ।

ਚੱਕਰਵਰਤੀ ਜੀ ਦੀ ਸ਼ਖਸੀਅਤ ਵਿੱਚ ਨਿਖਾਰ ਤੇ ਵਿਕਾਸ 1916 ਤੋਂ 1942 ਈ. ਤੱਕ ਲਗਾਤਾਰ ਸ੍ਰੀ ਭੈਣੀ ਸਾਹਿਬ ਸਤਿਗੁਰੂ ਜੀ ਦੀ ਹਜੂਰੀ ਵਿਚ ਰਹਿੰਦਿਆਂ ਅਤੇ ਦੇਸਾਂ ਪਰਦੇਸਾਂ ਵਿਚ ਵਿਚਰਦਿਆਂ ਹੀ ਆਇਆ। ਬਾਬਾ ਹਰਨਾਮ ਸਿੰਘ ਨਥਾਣੀਆਂ ਤੋਂ ਬਿਨਾਂ ਪੰਡਿਤ ਬਸੰਤ ਸਿੰਘ ਜੀ ਗੜ੍ਹ ਪਧਾਣਾ ਜੋ ਸਤਿਗੁਰੂ ਪਰਤਾਪ ਸਿੰਘ ਜੀ ਦੇ ਵੀ ਵਿੱਦਿਆ ਗੁਰੂ ਸਨ, ਉਹਨਾ ਪਾਸੋਂ ਵੀ ਚੱਕਰਵਰਤੀ ਜੀ ਨੇ ਗੁਰਮਤਿ ਗਿਆਨ, ਹਿੰਦੀ, ਸੰਸਕ੍ਰਿਤ ਅਤੇ ਵਿਆਕਰਣ ਦੀਆਂ ਬਾਰੀਕੀਆਂ ਦਾ ਗਿਆਨ ਹਾਸਲ ਕੀਤਾ। ਬਚਪਨ ਵਿਚ ਮਾਤਾ ਮਾਨ ਕੌਰ , ਬਾਬਾ ਮਾਘਾ ਸਿੰਘ, ਬਾਬਾ ਅਤਰ ਸਿੰਘ ਅਤੇ ਆਪਣੇ ਦਾਦੇ ਸੰਤ ਜੈ ਸਿੰਘ ਜੀ ਪਾਸੋਂ ਨਾਮਧਾਰੀ ਇਤਿਹਾਸ ਦੀਆਂ ਹਿਰਦੇ ਵੇਦਕ ਗਾਥਾਵਾਂ ਸੁਣਦੇ ਰਹੇ। ਗਭਰੇਟ ਉਮਰੇ ਸਤਿਗੁਰੂ ਪਰਤਾਪ ਸਿੰਘ ਜੀ ਦੀ ਸੰਗਤ ਵਿਚ ਇਹ ਹੀਰਾ ਇਸ ਤਰ੍ਹਾਂ ਤਰਾਸ਼ਿਆ ਗਿਆ ਕਿ ਇਸ ਦੀ ਰੌਸ਼ਨੀ ਚਹੁੰ ਕੂੰਟਾਂ ਵਿਚ ਦਮਕਾਂ ਮਾਰਨ ਲੱਗੀ।

ਇਹ ਸਮਾਂ ਉਹ ਸੀ ਜਦੋਂ ਗਦਰ ਲਹਿਰ ਦੇ ਸਿਰਲੱਥ ਸੂਰਮੇ, ਸਿਰ ਤਲੀ ਤੇ ਰੱਖਕੇ ਉਮਰ ਭਰ ਜੋੜੀਆਂ ਕਮਾਈਆਂ ਨੂੰ ਠੋਕਰਾਂ ਮਾਰਕੇ, ਪਰਦੇਸਾਂ ਤੋਂ ਪੰਜਾਬ ਤੇ ਹਿੰਦ ਵੱਲ, ਹਥਿਆਰਬੰਦ ਇਨਕਲਾਬ ਲਈ ਵਹੀਰਾਂ ਘੱਤ ਆਏ ਸਨ। ਜਦੋਂ ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਉਸ ਦੇ ਸਾਥੀ ਫਾਂਸੀਆਂ ਤੇ ਟੰਗੇ ਜਾ ਰਹੇ ਸਨ, ਕਾਲੇ ਪਾਣੀ ਦੇ ਕੁੰਭੀ ਨਰਕਾਂ ਵਿਚ ਸੁੱਟੇ ਜਾ ਰਹੇ ਸਨ, ਜਲ੍ਹਿਆਂ ਵਾਲਾ ਬਾਗ ਵਿਚ ਸੈਂਕੜੇ ਪੰਜਾਬੀਆਂ ਨੂੰ ਗੋਲੀਆ ਦਾ ਨਿਸ਼ਾਨਾ ਬਣਾਇਆ ਜਾ ਰਿਹਾ ਸੀ, ਨਨਕਾਣਾ ਸਾਹਿਬ ਵਿਚ ਗੋਰਾ ਸ਼ਾਹੀ ਦੀ ਸ਼ਹਿ ਤੇ ਵਹਿਸ਼ੀ ਮਹੰਤ ਦੁਆਰਾ ਡੇਢ-ਦੋ ਸੌ ਸਿੰਘ ਬੇਰਹਿਮੀ ਨਾਲ ਵੱਢ ਟੁਕ ਕੇ ਮਰੇ-ਅੱਧਮਰੇ ਅਤੇ ਜਿਉਂਦੇ ਵੀ ਸਾੜੇ ਜਾ ਰਹੇ ਸਨ। ਗੁਰੂ ਕਾ ਬਾਗ ਅਤੇ ਜੈਤੋ ਦਾ ਮੋਰਚਾ ਸਿੱਖਾਂ ਵਿਸ਼ੇਸ਼ ਕਰ ਪੰਜਾਬੀਆਂ ਵਿਚ ਬਸਤੀਵਾਦੀ ਸਰਕਾਰ ਵਿਰੁਧ ਭਾਵਨਾ ਨੂੰ ਤਿੱਖਿਆਂ ਕਰ ਰਿਹਾ ਸੀ। ਭੈਣੀ ਸਾਹਿਬ ਗੁਰਦੁਆਰੇ ਦੇ ਬੂਹੇ ਅੱਗੇ ਅਜੇ ਵੀ ਅੰਗਰੇਜ਼ ਸਰਕਾਰ ਵੱਲੋਂ ਬਿਠਾਈ ਪੁਲਿਸ ਚੌਂਕੀ ਤਾਇਨਾਤ ਸੀ। ਅਜਿਹੇ ਮਾਹੌਲ ਵਿਚ ਸੰਤ ਇੰਦਰ ਸਿੰਘ ਚੱਕਰਵਰਤੀ ਜੀ ਜਿੱਥੇ ਇਕ ਪਾਸੇ ਗੁਰਮਤਿ ਗਿਆਨ ਅਤੇ ਨਾਮਧਾਰੀ ਇਤਿਹਾਸ ਸਿਧਾਂਤ ਦੀ ਮੁੱਢਲੀ ਜਾਣਕਾਰੀ ਵਿੱਚ ਪਰਪੱਕ ਹੋਏ ਉੱਥੇ ਨਾਲ ਨਾਲ ਆਪ ਅੰਦਰ ਕੂਕਾ ਲਹਿਰ ਦੇ ਮੰਤਕੀ ਨਤੀਜੇ ਵੱਜੋਂ ਸਾਮਰਾਜ

ਵਿਰੋਧ ਦੀ ਭਾਵਨਾ ਵੀ ਪਰਚੰਡ ਹੋ ਗਈ। ਜਿਸ ਦਾ ਪ੍ਰਗਟਾਵਾ ਅਗਲੇ ਸਮੇਂ ਵਿਚ ਸਤਿਜੁਗ ਵਿਚ ਛਪਦੇ ਆਪ ਦੇ ਸੰਪਾਦਕੀ ਅਤੇ ਹੋਰ ਲੇਖਾਂ ਵਿਚ ਹੁੰਦਾ ਰਹਿੰਦਾ ਸੀ। ਆਪ ਨੂੰ ਵੀ ਸੰਤ ਨਿਧਾਨ ਸਿੰਘ ਆਲਿਮ ਜਿਉਂ 1921 ਈ. ਵਿਚ ਮੁਕਤਸਰ ਦੇ ਹੋਲੇ ਮੱਹਲੇ ਸਮੇਂ ਨਾਮਧਾਰੀ ਪ੍ਰਚਾਰਕ ਦੇ ਤੌਰ ਤੇ ਉਭਰਨ ਦਾ ਮੌਕਾ ਮਿਲਿਆ।

ਆਪ ਦੀ ਲੇਖਣ ਕਲਾ ਦੇ ਮੁੱਖ ਪਰੇਰਕ ਜਾਂ ਉਸਤਾਦ, ਸਤਿਗੁਰੂ ਪਰਤਾਪ ਸਿੰਘ ਜੀ ਦੇ ਸਭ ਤੋਂ ਛੋਟੇ ਭਰਾਤਾ ਮਹਾਰਾਜ ਗੁਰਦਿਆਲ ਸਿੰਘ ਜੀ ਹੀ ਬਣੇ ਸਨ। ਮਹਾਰਾਜ, ਆਯੂ ਵਿੱਚ ਆਪ ਤੋਂ ਕੋਈ ਪੰਜ ਕੁ ਸਾਲ ਵੱਡੇ ਸਨ। ਸੰਤ ਇੰਦਰ ਸਿੰਘ ਜੀ ਹੋਰਾਂ ਦਾ ਜਨਮ ਵਰ੍ਹਾ ਉਹਨਾਂ ਦੇ ਦਫਰਤੀ ਰੀਕਾਰਡ ਮੁਤਾਬਿਕ ਤਾਂ 1904 ਈ. ਲਿਖਿਆ ਹੈ। ਪਰ ਹਕੀਕਤ ਵਿੱਚ ਇਹ ਵਰ੍ਹਾ 1902 ਈ. ਹੀ ਬਣਦਾ ਹੈ, ਕਿਉਂਕਿ ਦਫਤਰੀ ਉਮਰ ਕਈ ਵੇਰ ਕੁਝ ਘੱਟ ਲਿਖਾ ਦਿੱਤੀ ਜਾਂਦੀ ਹੈ।

ਚੱਕਰਵਰਤੀ ਜੀ ਨੇ ਆਪਣੇ ਜੀਵਨ ਦਾ ਪਹਿਲਾ ਵੱਡਾ ਕਾਰਜ ਸ੍ਰੀ ਭੈਣੀ ਸਾਹਿਬ ਗੁਰਦੁਆਰੇ ਦੇ ਬੂਹੇ ਅੱਗੋਂ ਪੁਲਿਸ ਚੌਂਕੀ ਉਠਵਾਉਣ ਵਿਚ ਯੋਗਦਾਨ ਵਾਲਾ ਕੀਤਾ ਸੀ। ਮਹਾਰਾਜ ਗੁਰਦਿਆਲ ਸਿੰਘ ਹੁਰਾਂ ਦੀ ਰਹਿਨੁਮਾਈ ਵਿੱਚ ਇਸ ਕਾਰਜ ਲਈ ਪੁਲੀਟੀਕਲ ਕੰਮਾਂ ਵਾਸਤੇ ਨਾਮਧਾਰੀ ਸੇਵਕ ਜਥਾ ਬਣਾਇਆ ਗਿਆ ਸੀ। ਜਿਸ ਵਿਚ ਸੂਰਤ ਸਿੰਘ ਭਿਖਸ਼ੂ ਪਿੰਡ ਖਤਰਾਂ (ਅੰਮ੍ਰਿਤਸਰ), ਜੋ ਰਹਿ ਭੈਣੀ ਸਾਹਿਬ ਰਹੇ ਸਨ ਅਤੇ ਚੱਕਰਵਰਤੀ ਜੀ ਦੇ ਬਹੁਤ ਕਰੀਬੀ ਸਨ। ਚੱਕਰਵਰਤੀ ਜੀ ਡੇਢ ਕੁ ਸਾਲ ਦੇ ਸਨ, ਜਦੋਂ ਉਹਨਾਂ ਦੇ ਪਿਤਾ ਜੀ ਚੱਲ ਵੱਸੇ। ਭਿਖਸ਼ੂ ਜੀ ਮਾਂ-ਮਹਿੱਟਰ ਸਨ ਅਤੇ ਉਹਨਾਂ ਨੂੰ ਮਾਂ ਦਾ ਪਿਆਰ ਚੱਕਰਵਰਤੀ ਜੀ ਦੀ ਮਾਤਾ ਤੋਂ ਮਿਲਦਾ ਰਿਹਾ ਜਦੋਂ ਸੇਵਕ ਜਥੇ ਵਲੋਂ ਚੌਂਕੀ ਉਠਵਾਉਣ ਲਈ ਵਾਲੰਟੀਅਰ ਭਰਤੀ ਕਰਕੇ ਸੱਤਿਆਗ੍ਰਹਿ ਕਰਨ ਦੀ ਧਮਕੀ ਦਿੱਤੀ ਗਈ ਤਾਂ ਸਰਕਾਰ ਨੇ ਮਈ 1923 ਈ. ਵਿੱਚ ਚੌਂਕੀ ਉਠਾ ਲਈ।

ਇਸ ਤਰ੍ਹਾਂ ਚੱਕਰਵਰਤੀ ਜੀ ਦੀ ਪ੍ਰਧਾਨਗੀ ਅਤੇ ਭਿਖਸ਼ੂ ਜੀ ਦੀ ਸਕੱਤਰੀ ਹੇਠ ਨਾਮਧਾਰੀ ਟਰੈਕਟ ਸੁਸਾਇਟੀ ਸ੍ਰੀ ਭੈਣੀ ਸਾਹਿਬ ਬਣਾਈ ਗਈ। ਇਸੇ ਸੁਸਾਇਟੀ ਨੇ ਸਭ ਤੋਂ ਪਹਿਲਾਂ "ਨਾਮਧਾਰੀ ਨਿਤਨੇਮ" ਛਾਪਿਆ ਜਿਸ ਵਿੱਚ ਨਾਮਧਾਰੀ ਇਤਿਹਾਸ ਅਤੇ ਮਰਿਆਦਾ ਦੀ ਜਾਣਕਾਰੀ ਦਿੰਦੀ ਚੱਕਰਵਰਤੀ ਦੀ ਭੂਮਿਕਾ ਉਹਨਾਂ ਦੀ ਪਹਿਲੀ ਰਚਨਾ ਸੀ, ਜਿਹੜੀ ਮਗਰਲੇ ਐਡੀਸ਼ਨਾਂ ਵਿਚ ਵੀ ਛਪੀ ਅਤੇ ਪਾਠਕਾਂ ਵੱਲੋਂ ਸਲਾਹੀ ਗਈ। ਇਸੇ ਸਮੇਂ ਬਿਰਧਾਂ ਤੋਂ ਸੁਣੇ ਨਾਮਧਾਰੀ ਇਤਿਹਾਸ ਨੂੰ ਸੂਬਾ ਜਵਾਹਰ ਸਿੰਘ ਜੀ ਦੇ ਜੀਵਨ ਤੇ ਆਧਾਰਿਤ ਗਲਪ ਰਚਨਾ "ਬੀਤ ਰਾਗ" ਲਿਖ ਕੇ ਚੱਕਰਵਰਤੀ ਜੀ ਨੇ ਸੁਸਾਇਟੀ ਵੱਲੋਂ ਪਰਕਾਸ਼ਿਤ ਕਰਵਾਇਆ। ਮਗਰਲੇ ਸਮੇਂ ਇਸੇ ਲੜੀ ਵਿਚ ਉਹਨਾਂ ਦੋ ਹੋਰ ਇਤਿਹਾਸਕ ਨਾਵਲ "ਜੈ" ਅਤੇ "ਅੜਬੰਗੀ" ਲਿਖੇ ਸਨ। ਇਹ ਤਿੰਨੇ ਇਕੱਠੇ "ਪਹਿਲਾ ਮਰਨ ਕਬੂਲ" ਦੇ ਨਾਮ ਹੇਠ 1967 ਵਿੱਚ ਇੱਕੋ ਜਿਲਦ ਵਿਚ ਛਪੇ ਸਨ ਅਤੇ ਸਾਹਿਤਕ ਹਲਕਿਆਂ ਵਿਚ ਕਾਫੀ ਚਰਚਿਤ ਹੋਏ। "ਜੈ" ਵਿੱਚ ਇੱਕ ਦੇਸ ਭਗਤ ਯੁਵਤੀ ਦੀ ਗਾਥਾ ਸੀ, ਜੋ ਸਤਿਗੁਰੂ ਰਾਮ ਸਿੰਘ ਜੀ ਦੇ ਅਸਰ ਹੇਠ ਅੰਗਰੇਜ਼ ਸਰਕਾਰ ਦੀ ਵਿਰੋਧੀ ਬਣੀ। "ਅੜਬੰਗੀ" ਖਾੜਕੂ ਕੂਕਾ, ਸੰਤ ਸਿਪਾਹੀ, ਭਗਵਾਨ ਸਿੰਘ ਅੜਬੰਗੀ ਦੀਆਂ ਮਹਾਨ ਕਰਨੀਆਂ ਤੇ ਅਧਾਰਿਤ ਸੀ।

ਸਤਿਜੁਗ, ਜੋ 1920 ਈ. ਵਿੱਚ ਲਾਹੌਰ ਤੋਂ ਜਾਰੀ ਹੋਇਆ ਸੀ, ਚੱਕਰਵਰਤੀ ਜੀ ਨੂੰ ਸਤਿਜੁਗ ਦੀ ਸੰਪਾਦਨਾ ਦਾ ਕਾਰਜ 1928-29 ਵਿੱਚ ਇਸ ਦੇ ਭੈਣੀ ਸਾਹਿਬ ਆਉਣ ਤੇ ਸਉਂਪਿਆ ਗਿਆ ਸੀ। ਇਸ ਤੋਂ ਪਹਿਲਾਂ 1927-28 ਵਿੱਚ ਚੱਕਰਵਰਤੀ ਜੀ ਨੂੰ ਡੇਰਾ ਸ੍ਰੀ ਭੈਣੀ ਸਾਹਿਬ ਦੀ ਪ੍ਰਧਾਨਗੀ ਸੇਵਾ ਵੀ ਸੌਂਪੀ ਗਈ ਸੀ ਜੋ ਉਹਨਾਂ ਸੂਰਤ ਸਿੰਘ ਭਿਖਸ਼ੂ, ਸ੍ਰੀ ਹਜਾਰਾ ਸਿੰਘ ਮਾਫੀ ਅਤੇ ਸੂਬਾ ਗੁਰਬਖਸ਼ ਸਿੰਘ ਜੀ ਚੱਕ ਕੂਕਿਆਂ ਦਾ, ਦੇ ਸਹਿਯੋਗ ਨਾਲ ਸਿਰੇ ਚੜ੍ਹਾਈ ਸੀ।

ਆਪਣੀ ਬੇਵੱਸ਼ੀ ਦਾ ਜ਼ਿਕਰ ਕਰਦੇ ਹੋਏ ਚੱਕਰਵਰਤੀ ਜੀ ਕਿਹਾ ਕਰਦੇ ਸਨ- "ਕਰੀਏ ਕੀ ਸਾਡਾ ਇਤਿਹਾਸ ਹੀ ਅਜਿਹਾ ਹੈ ਕਿ ਇਸ ਨੂੰ ਕਿੱਤੋਂ ਵੀ ਛੋਹ ਲਈਏ ਤਾਂ ਡੀਫੈਂਸ ਆਫ ਇੰਡਿਆ ਰੂਲ ਦੀ ਕੋਈ ਨਾ ਕੋਈ ਧਾਰਾ ਇਹਦੇ ਤੇ ਲਾਗੂ ਹੋ ਜਾਂਦੀ ਹੈ। ਉਹਨਾਂ ਨੇ ਸਤਿਜੁਗ ਦੇ ਸਾਲਾਨਾ ਬਸੰਤ ਅੰਕਾਂ ਤੇ ਹੋਰ ਵਿਸ਼ੇਸ਼ ਅੰਕਾਂ ਤੋਂ ਬਿਨਾਂ ਵੀ ਕੌਮੀ ਅਜ਼ਾਦੀ, ਸਮਾਨਤਾ, ਭਾਈਚਾਰਾ, ਮਜ਼ਦੂਰਾਂ, ਕਿਸਾਨਾਂ ਅਤੇ ਰਿਆਸਤੀ ਲੋਕਾਂ ਦੇ ਮਸਲਿਆਂ ਬਾਰੇ, ਸਤਿਜੁਗ ਦੇ ਸਪਤਾਹਿਕ ਅੰਕਾਂ ਵਿਚ ਵੀ ਮੁੱਲਵਾਨ ਸਮੱਗਰੀ ਪੇਸ਼ ਕੀਤੀ। ਸ਼ਹੀਦ ਭਗਤ ਸਿੰਘ ਹੋਰਾਂ ਦੀ ਫਾਂਸੀ ਤੇ ਪ੍ਰਤੀਕਰਮ ਕਰਦਿਆਂ ਉਹਨਾਂ ਨੇ ਇਸ ਨੂੰ ਨੌਕਰਸ਼ਾਹੀ ਦਾ ਇਕ ਨੀਚ ਕਾਰਾ ਲਿਖਿਆ ਸੀ। ਉਹਨਾਂ ਨੇ ਮਾਰਚ ਦੇ ਆਖਰੀ ਹਫਤੇ 1931 ਵਿੱਚ ਕਾਂਗਰਸ ਦੇ ਸਾਲਾਨਾ ਕਰਾਚੀ ਸੈਸ਼ਨ ਸਮੇਂ ਦੇਸ਼ ਦੇ ਨਵਯੁਵਕਾਂ ਨੂੰ 'ਗਾਂਧੀ ਇਰਵਨ ਸਮਝੋਤੇ' ਵਿਰੁੱਧ ਪਿੜ੍ਹ ਮੱਲਣ ਦਾ ਸੱਦਾ ਦਿੱਤਾ ਸੀ। ਉਹਨਾਂ ਇਹ ਵੀ ਅਗਾਹ ਕਰਾਇਆ ਸੀ ਕਿ ਜੇ ਅਜਿਹਾ ਨਾ ਹੋਇਆ ਤਾਂ ਸਾਮਰਾਜ ਦੇ ਚਾਟੜੇ ਫਿਰਕੂ ਭੂਤਨੇ ਦੇਸ਼ ਦਾ ਮਾਹੌਲ ਵਿਗਾੜ ਕੇ ਚੱਲ ਰਹੀ ਅਜ਼ਾਦੀ ਦੀ ਲੜਾਈ ਨੂੰ ਸੱਟ ਮਾਰਨਗੇ।

ਚੱਕਰਵਰਤੀ ਜੀ ਨੇ ਸਤਿਗੁਰੂ ਪਰਤਾਪ ਸਿੰਘ ਜੀ ਦੇ ਸਮੇਂ ਸ੍ਰੀ ਭੈਣੀ ਸਹਿਬ ਵਿਖੇ ਹੋਣ ਵਾਲੀਆਂ ਕਾਨਫਰੰਸਾਂ ਸ੍ਰੀ ਗੁਰੂ ਨਾਨਕ ਸਰਬ ਸੰਪ੍ਰਦਾਇ ਕਾਂਨਫ੍ਰੰਸ 1934, ਪੰਡਿਤ ਜਵਾਹਰ ਲਾਲ ਨਹਿਰੂ ਦੇ ਰਿਆਸਤੀ ਪਰਜਾ ਮੰਡਲ ਦੇ ਲੁਧਿਆਣਾ ਇਜਲਾਸ ਸਮੇਂ ਹੋਰ ਕੌਮੀਂ ਆਗੂਆਂ ਸਮੇਤ 18 ਫਰਵਰੀ 1939 ਨੂੰ ਭੈਣੀ ਸਾਹਿਬ ਆਗਮਨ, ਪੰਜਾਬੀ ਭਾਸ਼ਾ ਦੀ ਉਨਤੀ ਲਈ ਬਹੁਮੰਤਵੀ ਵਿਸ਼ਾਲ ਸਮਾਗਮ 1942, ਹਿੰਦੂ-ਸਿੱਖ-ਮੁਸਲਮਾਨ ਮਿਲਾਪ ਕਾਂਨਫਰੰਸ 1943, ਆਦਿ ਸਮਾਗਮਾਂ ਸਮੇਂ ਮੰਚ ਸੰਚਾਲਕ ਦੀ ਜਿੰਮੇਵਾਰੀ ਨਿਭਾਹੀ। ਸ੍ਰੀ ਭੈਣੀ ਸਾਹਿਬ ਵਿਖੇ ਜਾ ਬਾਹਰ ਵੀ ਹੋਣ ਵਾਲੇ ਹੋਲੇ ਮਹੱਲਿਆਂ ਅਤੇ ਹੋਰ ਮੇਲਿਆਂ ਸਮੇਂ ਵੀ ਉਹ ਸਟੇਜ ਦੀ ਸੇਵਾ ਨਿਭਾਉਂਦੇ ਰਹੇ। 10 ਸਤੰਬਰ 1959 ਈ. ਨੂੰ ਸਤਿਗੁਰੂ ਪਰਤਾਪ ਸਿੰਘ ਜੀ ਦੀ ਯਾਦ ਵਿਚ ਹੋਏ ਇਤਿਹਾਸਿਕ ਭੋਗ ਮੇਲੇ ਸਮੇਂ ਵੀ ਵਿਸ਼ਾਲ ਸ਼ਰਧਾਂਜ਼ਲੀ ਸਮਾਗਮ ਨੂੰ ਉਹਨਾਂ ਬਿਰਹੋਂ ਕੁੱਠੇ ਹਿਰਦੇ ਵਿਚੋਂ ਨਿਕਲੇ ਸੋਜ਼ਮਈ ਸ਼ਬਦਾਂ ਨਾਲ ਨੇਪਰੇ ਚਾੜ੍ਹਿਆ ਸੀ। ਮਹਾਤਮਾ ਗਾਂਧੀ ਦੀ ਦੁੱਖ ਦਾਈ ਹੱਤਿਆ ਸਮੇਂ ਰਿਆਸਤੀ ਪਰਜਾ ਮੰਡਲ ਵੱਲੋਂ 30 ਜਨਵਰੀ 1948 ਦੀ ਸ਼ਾਮ ਨੂੰ ਪਟਿਆਲੇ ਵਿੱਚ ਹੋਈ ਸ਼ੋਕ ਸਭਾ ਦੀ ਸਟੇਜ ਸਕੱਤਰੀ ਵੀ ਚੱਕਰਵਰਤੀ ਜੀ ਨੇ ਹੀ ਕੀਤੀ ਸੀ। ਚੱਕਰਵਰਤੀ ਜੀ ਦੇ ਸਤਿਜੁਗ ਦੇ ਕਾਰਜ ਕਾਲ ਸਮੇਂ ਨਾਮਧਾਰੀ ਵਿਦਿਆਲਾ ਸ੍ਰੀ ਭੈਣੀ ਸਾਹਿਬ ਦੇ ਤਿੰਨ ਵਿਦਿਆਰਥੀਆਂ ਪ੍ਰੀਤਮ ਸਿੰਘ ਕਵੀ, ਪ੍ਰੀਤਮ ਸਿੰਘ ਪੰਛੀ ਅਤੇ ਪੰਡਿਤ ਰਾਜਿੰਦਰ ਸਿੰਘ 'ਗੁਰੂਸਰ' ਨੂੰ ਸੰਤ ਜੀ ਨੇ ਇਸ ਯੋਗ ਕਰ ਦਿੱਤਾ ਕਿ ਉਹ ਸਮੇਂ ਸਮੇਂ ਸਤਿਜੁਗ ਦੇ ਸਫਲ ਸੰਪਾਦਕ ਵੀ ਬਣੇ ਅਤੇ ਚਰਚਿਤ ਸਾਹਿਤਕਾਰ ਵੀ।

ਚੱਕਰਵਰਤੀ ਜੀ ਦਾ ਰਚਨਾ ਕਾਰਜ ਬਹੁਤ ਵਿਸਤਰਿਤ ਹੈ। ਸਤਿਜੁਗ ਦੇ ਵਿਸ਼ੇਸ਼ ਅਤੇ ਆਮ ਅੰਕਾਂ ਵਿਚ ਆਪ ਨੇ ਸੈਂਕੜੇ ਲੇਖ ਲਿਖੇ, ਜਿਹਨਾਂ ਵਿਚ ਨਾਮਧਾਰੀ ਇਤਿਹਾਸ, ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦੇਸੀ ਵਿਦੇਸ਼ੀ ਦੌਰਿਆਂ, ਹੋਲਿਆਂ ਮੇਲਿਆਂ ਅਤੇ ਹੋਰ ਵਿਸ਼ੇਸ਼ ਸਮਾਗਮਾਂ ਦੀਆਂ ਰੀਪੋਰਟਾਂ ਤੋਂ ਇਲਾਵਾ ਸਮਕਾਲੀ ਕੌਮੀ ਤੇ ਅਤੇ ਕੌਮਾਂਤਰੀ ਘਟਨਾਵਾਂ ਤੇ ਵੀ ਸਟੀਕ ਟਿੱਪਣੀਆਂ ਹੁੰਦੀਆ ਸਨ। ਗੁਰੂ ਬਾਲਕ ਸਿੰਘ (1785-1862) ਦੇ ਜੀਵਨ ਸਮਾਚਾਰਾਂ ਅਤੇ ਸਾਖੀਆਂ ਨਾਲ ਸੰਬਧਿਤ ਪੁਸਤਕ ਨਾਮਧਾਰੀ ਇਤਿਹਾਸ ਭਾਗ ਪਹਿਲਾ, ਆਪ ਨੇ 1934 ਈ. ਵਿਚ ਲਿਖੀ। ਗੁਰੂ ਹਰੀ ਸਿੰਘ ਜੀ ਦੇ ਜੀਵਨ ਬਾਰੇ ਉਹਨਾਂ ਵਾਰਤਕ ਵਿੱਚ 'ਜੋਤ ਕਾ ਜਾਮਾ' ਲਿਖਿਆ, ਪਰ ਖਰੜਾ ਗੁੰਮ ਹੋਣ ਕਾਰਨ ਛਪ ਨਾ ਸੱਕਿਆ। ਸਿੱਖ ਧਰਮ ਤੇ ਜੀਵ ਹਿੰਸਾ 1943, ਖੰਡੇ ਦਾ ਅੰਮ੍ਰਿਤ ਕਿਸ ਬਣਾਇਆ 1962, ਭੋਂਦੂ ਪ੍ਰਬੋਧ 1950, ਅਟੱਲ ਪ੍ਰਤਾਪੀ 1959, ਆਦਿ ਪੁਸਤਕਾਂ ਟਰੈਕਟ ਰੂਪ ਵਿਚ ਸਮੇਂ ਸਮੇਂ ਛਪੀਆਂ। "ਅੱਟਲ ਪ੍ਰਤਾਪੀ" ਸਤਿਗੁਰੂ ਪਰਤਾਪ ਸਿੰਘ ਜੀ ਦੇ ਜੀਵਨ ਤੇ ਪੰਛੀ ਝਾਤ ਪਾਉਂਦੀ ਮਹਤੱਵਪੂਰਨ ਪੁਸਤਕ ਹੈ। ਉਹਨਾਂ ਨੇ ਪੈਂਤੀਸ ਅੱਖਰੀ ਕ੍ਰਿਤ ਕਵੀ ਬਾਬਾ ਕਾਹਲਾ

ਸਿੰਘ ਨੰਗਲ ਕਲਾਂ, ਸਤਿਗੁਰੂ ਬਿਲਾਸ ਕ੍ਰਿਤ ਭਾਈ ਧਿਆਨ ਸਿੰਘ ਕਾਦਰਾਬਾਦੀ, ਮਸਲੇ ਸੇਖ਼ ਫਰੀਦ ਦੇ, ਨਿਰਮਲ ਪੰਥ ਪ੍ਰਦੀਪਕਾ ਰਚਿਤ ਗਿਆਨੀ ਗਿਆਨ ਸਿੰਘ ਗੋਸ਼ਟਾਂ, ਦਸਮ ਗ੍ਰੰਥ ਵਿਚ ਰਾਮ ਅਵਤਾਰ, ਕ੍ਰਿਸ਼ਨ ਅਵਤਾਰ ਆਦਿਕ ਰਚਨਾਵਾਂ ਦੀ ਸੰਪਾਦਨਾ ਕੀਤੀ। ਭਾਸ਼ਾ ਵਿਭਾਗ ਵਿਚ ਕਾਰਜਰਤ ਰਹਿੰਦਿਆਂ ਬਹੁਤ ਮਿਹਨਤ ਕਰਕੇ ਹਿੰਦੀ ਪੰਜਾਬੀ ਕੋਸ਼ ਅਤੇ ਪੁਆਧੀ ਸ਼ਬਦ ਕੋਸ਼ ਤਿਆਰ ਕੀਤੇ। ਉਹਨਾਂ ਦਾ ਕਹਾਣੀ ਸੰਗ੍ਰਹਿ ਸਤਨਾਜਾ 1944 ਵਿਚ ਛਪਿਆ। ਮਾਲਵੇਂਦਰ ਤੋਂ ਇਲਾਵਾ ਗੁਰੂ ਤੇਗ ਬਹਾਦਰ ਜੀ ਬਾਰੇ 'ਹਿੰਦ ਦੀ ਚਾਦਰ' ਅਤੇ ਵਿਗਿਆਨਕ ਸਮਾਜਵਾਦ ਦੇ ਪਿਤਾਮਾ ਕਾਰਲ ਮਾਰਕਸ ਬਾਰੇ 'ਮਹਾਂ ਮਾਨਵ' ਉਹਨਾਂ ਦੇ ਹੋਰ ਮਹਾਂ ਕਾਵਿ ਹਨ।"ਮਹਾਂ ਮਾਨਵ" ਲੜੀਵਾਰ ਨਵਾਂ ਜ਼ਮਾਨਾ ਜਲੰਧਰ ਦੇ ਰੋਜ਼ਾਨਾ ਪਰਚੇ ਵਿਚ ਛਪਦਾ ਰਿਹਾ।'ਰਾਸ਼ਟਰ ਬਾਣੀ ਉਹਨਾਂ ਦੁਆਰਾ ਸਿਰਜਤ ਲੋਕ ਬੋਲੀਆਂ ਦੀ ਰਚਨਾ ਸੀ ਜਿਸ ਵਿਚ ਦੇਸ ਦੇ ਗੌਰਵ, ਇਤਿਹਾਸ ਅਤੇ ਸਮਕਾਲ ਨੂੰ ਚਿਤਰਿਆ ਸੀ।

ਸੰਤ ਜੀ ਬਹੁ-ਵਿਧਾਈ ਲੇਖਕ ਸਨ। ਉਹਨਾਂ ਨੇ ਨਾਟਕ, ਇਕਾਂਗੀ ਵੀ ਲਿਖੇ, ਜਿਹੜੇ ਮਨੁੱਖੀ ਅਜ਼ਾਦੀ, ਪਰ-ਉਪਕਾਰ, ਸਮਾਨਤਾ, ਵਿਸ਼ਵ ਸ਼ਾਂਤੀ, ਅਤੇ ਭਾਈ ਚਾਰਕ ਸਾਂਝ ਜਿਹੇ ਉਦਾਤ ਜੀਵਨ ਮੁੱਲਾਂ ਦੀ ਪੇਸ਼ਕਾਰੀ ਕਰਦੇ ਸਨ। ਇਸ ਸੰਬਧ ਵਿਚ ਉਹਨਾਂ ਦੀਆਂ ਪੁਸਤਕਾਂ ਹਨ :- ਮੇਰੇ ਚੌਣਵੇ ਇਕਾਂਗੀ 1951, ਪੰਥ ਕੀ ਜੀਤ 1953, ਪੂਰਬ ਪੱਛਮ 1940, ਸ਼ੂਦਰ ਦਾ ਬਲੀਦਾਨ 1941, ਪ੍ਰੀਤ ਪੈਗੰਬਰ 1941, ਪਟਨਾ ਸ਼ਹਿਰ ਵਿਖੇ 1951, ਸ਼ਾਹੀ ਕੈਦੀ ਅਤੇ ਰਾਸ਼ਟਰ ਭਾਸ਼ਾ ਇਤਿਆਦਿਕ। ਪਰਦੇਸੀ ਪ੍ਰੀਤਮ (ਦਿੱਲੀ), ਪੰਜਾਬੀ ਦੁਨੀਆਂ (ਪਟਿਆਲਾ), ਨਵਾਂ ਹਿੰਦੁਸਤਾਨ (ਦਿੱਲੀ), "ਮਹਾਤਾਮਾ" ਆਦਿ ਅਖਬਾਰਾਂ ਰਸਾਲਿਆਂ ਵਿਚ ਆਪ ਦੀਆਂ ਰਚਨਾਵਾਂ ਛਪੀਆਂ। ਸੰਤ ਜੀ ਸਤਿਜੁਗ ਤੋਂ ਇਲਾਵਾ ਪਰਜਾ ਮਿੱਤਰ, ਪ੍ਰੀਤ ਸੈਨਿਕ ਅਤੇ ਲੋਕ ਰਾਇ (ਤਿੰਨੇ ਸਪਤਾਹਿਕ) "ਪਹੁ-ਫੁੱਟੀ" ਅਤੇ "ਜੀਵਨ ਪ੍ਰੀਤੀ" (ਦੋਵੇਂ ਮਾਸਿਕ) ਪਰਚਿਆਂ ਦੇ ਵੀ ਉਤੋੜਿੱਤੀ ਸੰਪਾਦਕ ਰਹੇ। ਸਾਹਿਤਕ ਸਮੱਗਰੀ ਤੋਂ ਇਲਾਵਾ ਇਹਨਾਂ ਪਰਚਿਆਂ ਵਿਚ ਸੰਤ ਜੀ ਦੀਆਂ ਮੌਲਿਕ ਰਚਨਾਵਾਂ ਵੀ ਛਪਦੀਆਂ ਰਹੀਆਂ ਹਨ। ਪੱਤਰਕਾਰੀ ਨੇ ਚੱਕਰਵਰਤੀ ਜੀ ਨੂੰ ਸਾਹਿਤਕ ਸੂਝ, ਨਿਰਪੱਖ ਆਲੋਚਨਾ, ਸੰਤੁਲਤ ਨਿਰਖ ਪਰਖ ਤੇ ਮੌਲਿਕ ਰਚਨਾਤਮਕ ਸ਼ਕਤੀ ਪਰਦਾਨ ਕੀਤੀ। ਪੰਜਾਬੀ ਸਾਹਿਤ ਗਗਨ ਦਾ ਨਵਾਂ ਮੂੰਹ ਮੱਥਾ ਲਿਸ਼ਕ ਪਿਆ। ਆਪ ਦਾ ਨਾਮ ਪੰਜਾਬੀ ਜਗਤ ਵਿਚ ਸਤਿਕਾਰ ਤੇ ਸ਼ਰਧਾ ਨਾਲ ਲਿਆ ਜਾਣ ਲੱਗਾ।ਚੱਕਰਵਰਤੀ ਹੁਣ ਇੰਦਰ ਸਿੰਘ ਚੱਕਰਵਰਤੀ ਬਣ ਚੁੱਕਾ ਸੀ।

ਸੰਤ ਜੀ ਹਿੰਦੀ, ਪੰਜਾਬੀ ਤੇ ਇਕ ਸਮਾਨ ਅਧਿਕਾਰ ਰੱਖਦੇ ਸਨ। ਉਹਨਾਂ ਨੇ ਸਤਿਗੁਰੂ ਰਾਮ ਸਿੰਘ ਜੀ ਦੀ ਕੀਰਤੀ ਨੂੰ ਉਹਨਾਂ ਬਾਰੇ ਹਿੰਦੀ ਵਿੱਚ ਅਨੁਵਾਦਿਤ ਨਾਟਕ "ਸ਼ਾਹੀ ਕੈਦੀ" ਦੁਆਰਾ ਹਿੰਦੀ ਭਾਸ਼ੀ ਖੇਤਰਾਂ ਵਿਚ ਵੀ ਪੁਚਾਇਆ। ਮੈਥਲੀ ਸ਼ਰਨ ਗੁਪਤ ਨੇ ਸਿੱਖ ਗੁਰੂਆਂ ਬਾਰੇ ਹਿੰਦੀ ਵਿਚ 'ਗੁਰੂ ਕੁਲ' ਖੰਡ ਕਾਵਿ ਲਿਖਿਆ ਸੀ। ਉਹ ਝਾਂਸੀ ਦੇ ਪਾਸ ਚਿਰਗਾਂਵ ਰਹਿੰਦੇ ਸਨ। ਸਤਿਗੁਰੂ ਪਰਤਾਪ ਸਿੰਘ ਜੀ ਦੇ ਨਾਲ ਚੱਕਰਵਰਤੀ ਜੀ ਗੁਪਤ ਜੀ ਨੂੰ ਉਹਨਾਂ ਦੇ ਘਰ ਜਾ ਕੇ ਮਿਲੇ। ਸਤਿਗੁਰੂ ਜੀ ਦੇ ਹੁਕਮ ਕਰਨ ਤੇ ਚੱਕਰਵਰਤੀ ਜੀ ਨੇ ਉਹਨਾਂ ਨੂੰ ਨਾਮਧਾਰੀ ਇਤਿਹਾਸ ਹਿੰਦੀ ਵਿਚ ਸੁਣਾਇਆ। ਗੁਰੂ ਕੁਲ ਦੇ ਅਗਲੇ ਸੰਸਕਰਣਾਂ ਵਿਚ ਕਾਵਿ ਮਈ ਨਾਮਧਾਰੀ ਇਤਿਹਾਸ ਵੀ ਛਪ ਗਿਆ। ਚੱਕਰਵਰਤੀ ਜੀ ਦੇ ਮਹਾਨ ਕਾਰਜਾਂ ਬਾਰੇ ਉਹਨਾਂ ਦਾ ਇਕ ਸ਼ਾਗਿਰਦ ਪ੍ਰੀਤਮ ਸਿੰਘ ਪੰਛੀ ਲਿਖਦਾ ਹੈ ਕਿ- " ..... ਨਾਮਧਾਰੀ ਦਾਇਰੇ ਤੋਂ ਬਾਹਰ ਜਾ ਕੇ ਜਦੋਂ ਉਹ ਨਾਮਧਾਰੀ ਇਤਿਹਾਸ ਬਾਰੇ ਜਾਣਕਾਰੀ ਦਿੰਦੇ ਸਨ ਤਾਂ ਵੱਡੇ ਵੱਡੇ ਨੇਤਾ ਅਤੇ ਵਿਦਵਾਨ ਨਾਮਧਾਰੀਆਂ ਬਾਰੇ ਆਪਣੀ ਅਗਿਆਨਤਾ ਨੂੰ ਕੋਸਣ ਲੱਗ ਪੈਂਦੇ ਸਨ। ਉਹਨਾਂ ਦੇ ਮੂੰਹੋਂ ਆਪ ਮੁਹਾਰੇ ਨਿਕਲ ਜਾਂਦਾ ਸੀ- ਦੇਸ਼ ਦੀ ਅਜ਼ਾਦੀ ਲਈ ਮਰ ਮਿੱਟਣ ਵਾਲੇ ਮਰਜੀਵੜਿਆਂ ਦਾ ਵੰਸ਼, ਗੌਰਵਮਈ ਇਤਿਹਾਸ ਅਤੇ ਦੇਸ ਉਸ ਤੋਂ ਅਨਜਾਣ ਕਿੰਨੀ ਦੁਰਭਾਗ ਪੂਰਨ ਗੱਲ ਹੈ"। ਹਿੰਦੀ ਸਾਹਿਤ ਸੰਮੇਲਨ ਦੀਆਂ

ਅਲਾਹਾਬਾਦ ਅਤੇ ਹੋਰ ਥਾਈਂ ਹੋਣ ਵਾਲੀਆਂ ਸਥਾਈ ਸੰਮਿਤੀ ਬੈਠਕਾਂ ਵਿਚ ਵੀ ਸੰਤ ਜੀ ਭਾਗ ਲਿਆ ਕਰਦੇ ਸਨ ਅਤੇ ਇਸ ਤਰ੍ਹਾਂ ਪੰਡਿਤ ਮਦਨ ਮੋਹਨ ਮਾਲਵੀਆ, ਬਾਬੂ ਪੁਰਸ਼ੋਤਮ ਦਾਸ ਟੰਡਨ, ਅਤੇ ਪੰਡਿਤ ਸੁੰਦਰ ਲਾਲ ਜੀ ਆਦਿ ਜਿਹੇ ਪਰਸਿੱਧ ਦੇਸ਼ ਭਗਤਾਂ ਅਤੇ ਲੇਖਕਾਂ ਦੇ ਨਿਕਟ ਸੰਪਰਕ ਵਿਚ ਆਉਂਦੇ ਰਹੇ।

ਹਿੰਦੀ ਦੇ ਉੱਚ ਦੁਮਾਲੜੇ ਲੇਖਕ ਬਨਾਰਸੀ ਦਾਸ ਚਤੁਰਵੇਦੀ ਸੰਤ ਜੀ ਨੂੰ ਹਿੰਦੀ ਅਤੇ ਪੰਜਾਬੀ ਭਾਸ਼ਾਵਾ ਦੇ ਵਿਚਾਲੇ ਇਕ ਪੁੱਲ ਦੇ ਤੌਰ ਤੇ ਵੇਖਦੇ ਹਨ। ਹਿੰਦੀ ਪੰਜਾਬੀ ਕੋਸ਼ ਵਿਚ 60000 ਹਿੰਦੀ ਭਾਸ਼ਾ ਦੇ ਸ਼ਬਦਾਂ ਦੇ ਅਰਥ, ਸਰਲ, ਸੁਬੋਧ ਪੰਜਾਬੀ ਵਿੱਚ ਦਿੱਤੇ ਹਨ। ਇਸ ਕੋਸ਼ ਦੇ ਤਿਆਰ ਹੁੰਦਿਆਂ ਕੋਈ ਇੱਕ ਲੱਖ ਸ਼ਬਦ ਪੰਜਾਬੀ ਦੇ ਵੀ ਇਕੱਠੇ ਹੋ ਗਏ। ਹਿੰਦੀ ਦੇ ਵੱਡੇ ਵਿਦਵਾਨਾਂ ਤੋਂ ਭਾਈ ਕਾਹਨ ਸਿੰਘ ਨਾਭਾ, ਪ੍ਰਿੰਸੀਪਲ ਤੇਜਾ ਸਿੰਘ, ਲਾਲ ਸਿੰਘ ਕਮਲਾ ਅਕਾਲੀ, ਗਿਆਨੀ ਕਰਤਾਰ ਸਿੰਘ ਕਲਾਸਵਾਲੀਆ, ਗਿਆਨੀ ਹੀਰਾ ਸਿੰਘ ਦਰਦ, ਭਾਈ ਮੋਹਨ ਸਿੰਘ ਵੈਦ, ਪ੍ਰੋ. ਗੰਡਾ ਸਿੰਘ, ਮਾ. ਸੁੰਦਰ ਸਿੰਘ ਲਾਇਲਪੁਰੀ, ਮਾ. ਮੋਤਾ ਸਿੰਘ, ਮਾ. ਕਾਬਲ ਸਿੰਘ, ਵਿਧਾਤਾ ਸਿੰਘ ਤੀਰ, ਗਿਆਨੀ ਗੁਰਮੁਖ ਸਿੰਘ ਮੁਸਾਫਿਰ, ਅਵਤਾਰ ਸਿੰਘ ਅਜ਼ਾਦ, ਐਸ.ਐਸ. ਚਰਨ ਸਿੰਘ ਸ਼ਹੀਦ, ਮਹਿਤਾਬ ਸਿੰਘ ਬੀਰ, ਲੱਖਾ ਸਿੰਘ ਜੌਹਰ ਮੁੱਠਡਾ, ਸ੍ਰ. ਗੁਰਬਖਸ਼ ਸਿੰਘ ਪ੍ਰੀਤ ਲੜੀ ਆਦਿ ਨਾਲ ਵੀ ਚੰਗੇ ਸਬੰਧ ਸਨ। ਇਸੇ ਕਾਰਨ ਉਪਰ ਵਰਣਿਤ ਸਾਹਿਤਕਾਰਾਂ ਦੇ ਲੇਖ, ਕਵਿਤਾਵਾਂ ਆਪ ਜੀ ਦੇ ਸਮੇਂ ਸਤਿਜੁਗ ਦੇ ਪੰਨਿਆਂ ਦਾ ਸ਼ਿੰਗਾਰ ਬਣਦੇ ਰਹੇ।

ਸੰਤ ਇੰਦਰ ਸਿੰਘ ਚੱਕਰਵਰਤੀ ਦਾ ਆਨੰਦ ਕਾਰਜ 1924 ਈ. ਨੂੰ ਸਤਿਗੁਰੂ ਪਰਤਾਪ ਸਿੰਘ ਜੀ ਦੀ ਹਜ਼ੂਰੀ ਵਿੱਚ ਪਿੰਡ ਗਹਿਲਾਂ (ਬਰਨਾਲਾ) ਦੇ ਨਾਮਧਾਰੀ ਪਰਿਵਾਰ ਦੀ ਬੀਬੀ ਪਰਤਾਪ ਕੌਰ ਨਾਲ ਹੋਇਆ। ਆਪ ਦੇ ਰਵਿੰਦਰ ਸਿੰਘ ਅਤੇ ਗੁਰਦੇਵ ਸਿੰਘ ਦੋ ਲੜਕੇ ਅਤੇ ਮਾਲਵਿੰਦਰ ਕੌਰ ਮਾਲਤੀ ਨਾਂ ਦੀ ਪੁੱਤਰੀ ਸੀ। ਆਪ ਦਾ ਇਕੋ ਭਾਈ ਦੀਦਾਰ ਸਿੰਘ ਅਤੇ ਬੀਬੀ ਇੰਦ ਕੌਰ, ਹਰਨਾਮ ਕੌਰ, ਦੀਪ ਕੌਰ ਤਿੰਨ ਭੈਣਾਂ ਸਨ। ਆਪ ਦਾ ਚਲਾਣਾ ਪਟਿਆਲਾ ਵਿਖੇ 8 ਮਾਰਚ 1971 ਈ. ਨੂੰ ਹੋਇਆ। ਸਤਿਗੁਰੂ ਜਗਜੀਤ ਸਿੰਘ ਜੀ ਨੇ ਅੰਤਿਮ ਸਸਕਾਰ ਅਤੇ ਭੋਗ ਮੌਕੇ ਦਰਸ਼ਨ ਦਿੱਤੇ। ਸੰਤ ਜੀ ਦੀ ਬਰਸੀ, 1984 ਤੱਕ ਜਦੋਂ ਬੀਬੀ ਪਰਤਾਪ ਕੌਰ ਜੀਵਤ ਰਹੀ, ਮਨਾਉਂਦੀ ਰਹੀ। ਉਸ ਦੀ ਯਾਦ ਵਿਚ ਲੱਲ ਕਲਾਂ ਦੇ ਜੱਦੀ ਘਰ ਵਿਖੇ 'ਚੱਕਰਵਰਤੀ ਪਰਤਾਪ ਹਾਲ' ਵੀ ਬਣਾਇਆ ਗਿਆ ਹੈ। ਅੱਸੂ ਦੇ ਮੇਲੇ ਸਮੇਂ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿਚ ਚੱਕਰਵਰਤੀ ਜੀ ਅਤੇ ਹੋਰ ਨਾਮਧਾਰੀ ਲੇਖਕਾਂ ਦੀ ਯਾਦ ਵਿਚ ਸਮਾਗਮ ਕੀਤੇ ਜਾਂਦੇ ਹਨ।

ਇਸ ਬਹੁਮੁੱਲੀ ਰਚਨਾ ਨੂੰ ਸੰਪਾਦਤ ਕਰਕੇ ਛਪਵਾਉਣ ਦਾ ਵੱਡਾ ਕਾਰਜ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਅਸ਼ੀਰਵਾਦ ਨਾਲ ਹੀ ਸੰਭਵ ਹੋਇਆ ਹੈ। ਰਚਨਾ ਦਾ ਪਾਠ ਕਰਨ ਸਮੇਂ ਸ਼ਬਦ ਜੋੜਾਂ ਆਦਿ ਦੇ ਲੋੜੀਂਦੇ ਸੁਝਾਵਾਂ ਲਈ ਸੰਤ ਨਿਸ਼ਾਨ ਸਿੰਘ ਜੀ ਕਥਾਵਾਚਕ ਦਾ ਸਹਿਯੋਗ ਮਹੱਤਵ ਪੂਰਨ ਹੈ। ਪੁਸਤਕ ਦੇ ਸਬੰਧ ਵਿਚ ਸਮੇਂ ਸਮੇਂ ਤੇ ਸੰਤ ਹਰਪਾਲ ਸਿੰਘ ਜੀ ਸੇਵਕ ਦੇ ਨਾਲ ਵੀ ਲੰਮੀਆਂ ਚਰਚਾਵਾਂ ਹੋਈਆਂ ਹਨ। ਕੰਪੋਜ਼ਿੰਗ ਦਾ ਕੰਮ ਮਲਕੀਤ ਸਿੰਘ ਨੇ ਕੀਤਾ ਹੈ। ਇਹਨਾਂ ਸਾਰੇ ਸੱਜਣਾਂ ਪ੍ਰਤੀ ਹਾਰਦਿਕ ਆਭਾਰ ਪ੍ਰਗਟ ਕੀਤਾ ਜਾਂਦਾ ਹੈ।

ਮਿਤੀ: 19 ਨਵੰਬਰ 2022

ਸੁਵਰਨ ਸਿੰਘ 'ਵਿਰਕ'
ਸ੍ਰੀ ਭੈਣੀ ਸਾਹਿਬ,

# ਕੁਝ-ਮੇਰੇ ਵੱਲੋਂ

"ਮਾਲਵੇਂਦ੍ਰ" ਦੀ ਕ੍ਰਿਤ ਨੇ ਮੇਰੀ ਜ਼ਿੰਦਗੀ ਦੀ ਇਕ ਬਹੁਤ ਵਡੀ ਘਾਟ ਪੂਰੀ ਕਰ ਦਿਤੀ। ਮੈਂ ਆਪਣੇ ਮਿਤਰ ਤੇ ਗੁਰੂ ਪੁਤ੍ਰ ਸਵਰਗਵਾਸੀ ਸ੍ਰੀ ਮਹਾਰਾਜ ਗੁਰਦਿਆਲ ਸਿੰਘ ਜੀ ਦੇ ਸਾਂਹਵੇ ਇਕਰਾਰ ਕੀਤਾ ਸੀ। ਸਾਹਿਬ, ਜਦ ਕਿ ਓਹ ਟੀ. ਬੀ. ਨਾਲ ਕਸ਼ਮੀਰ ਵਾਦੀ ਬਟੋਟ ਨਾਮੀ ਸਥਾਨ ਤੇ ਬੀਮਾਰ ਪਏ ਸਨ। ਓਹ ਪਏ ਹੋਏ ਸਨ, ਮੈਂ ਕੋਲ ਬੈਠਾ ਸਾਂ। ਓਨ੍ਹਾਂ ਲੰਮਾ ਹੌਕਾ ਭਰਿਆ। ਮੈਂ ਕਿਹਾ - "ਮਹਾਰਾਜ ਫ਼ਿਕਰ ਕਿਉਂ ਕਰ ਰਹੇ ਹਨ। ਆਪ ਬਹੁਤ ਛੇਤੀ ਅਰੋਗ ਹੋ ਜਾਓਗੇ-"

"ਓ, ਬਈ ਮੈਨੂੰ ਮਰਨ ਜੀਵਨ ਦੀ ਕੋਈ ਚਿੰਤਾ ਨਹੀਂ ਇਹ ਤੇ ਮਾਮੂਲੀ ਗੱਲ ਹੈ। ਇਸ ਬੀਮਾਰੀ ਦਾ ਤੇ ਮੇਰੇ ਮਨ ਤੇ ਕੋਈ ਅਸਰ ਹੀ ਨਹੀਂ।"

"ਫਿਰ, ਮਹਾਰਾਜ ਸੋਚਵਾਨ ਕਿਉਂ ਹਨ ?"

"ਸੋਚ ! ਸੋਚ ਤੇ ਕੋਈ ਨਹੀਂ ਮੇਰੇ ਜੀਵਨ ਦਾ ਇਕ ਆਦਰਸ਼ ਸੀ, ਜੋ ਪੂਰਾ ਨਹੀਂ ਹੋ ਸਕਿਆ, ਓਹ ਬਹੁਤ ਵਡੀ ਸਧਰ ਮੈਂ ਦਿਲ ਵਿਚ ਹੀ ਲੈ ਕੇ ਜਾ ਰਿਹਾ ਹਾਂ। ਜੇ ਤੂੰ ਚਾਹੇਂ ਤਾਂ ਓਹ ਪੂਰੀ ਹੋ ਸਕਦੀ ਹੈ ?"

"ਮਹਾਰਾਜ ਜੀ ਦੇ ਹੁਕਮ ਦੀ ਪਾਲਨਾਂ ਤੋਂ ਮੈਂ ਕਦੀ ਵੀ ਇਨਕਾਰੀ ਨਹੀਂ ਹੋਇਆ, ਜੋ ਆਗਿਆ ਹੋਵੇਗੀ ਲਗਦੀ ਵਾਹੇ, ਧਨ ਤਾਂ ਮੇਰੇ ਕੋਲ ਹੈ ਨਹੀਂ, ਤਨੋਂ, ਮਨੋਂ, ਕਰਨ ਲਈ ਤਾਣ ਲਾਵਾਂਗਾ। ਪਰ ਆਪ ਨਿਰਾਸ਼ ਕਿਉਂ ਹੋ ਰਹੇ ਹੋ, ਡਾਕਟਰ ਆਖਦਾ ਸੀ ਆਪ ਵੱਲ ਹੋ ਰਹੇ ਹੋ ?"

"ਡਾਕਟਰ ਨੂੰ ਕੀ ਪਤਾ ਹੈ, ਪਿਤਾ ਗੁਰੁਦੇਵ, ਮੈਨੂੰ ਚਰਨਾਂ ਵਿਚ ਹਾਜ਼ਰ ਹੋਣ ਲਈ ਆਗਿਆ ਕਰ ਰਹੇ ਹਨ, ਮੈਂ ਜਾਂਵਾਂਗਾ, ਜ਼ਰੂਰ ਜਾਵਾਂਗਾ। ਇਸ ਦੀ ਮੈਨੂੰ ਚਿੰਤਾ ਨਹੀਂ ਸਗੋਂ ਪ੍ਰਸੰਨਤਾ ਹੈ। ਫ਼ਿਕਰ ਕਿਸ ਗਲ ਦਾ ਕਰਨਾ ਹੋਇਆ। ਹਾਂ ਇਕ ਗੱਲ ਦਿਲ ਵਿਚ ਆਉਂਦੀ ਸੀ, ਓਹ ਤੂੰ ਮੁਕਾ ਦਿਤੀ ਹੈ। ਹੁਣ ਮੈਂ ਖੁਸ਼ੀ-ਖੁਸ਼ੀ ਜਾਂਵਾਂਗਾ।"

"ਮਹਾਰਾਜ ਨੇ ਆਗਿਆ ਤੇ ਕੀਤੀ ਹੀ ਨਹੀਂ ਮੈਂ ਉਨ੍ਹਾਂ ਦੇ ਕਿਸ ਕੰਮ ਆ ਸਕਦਾ ਹਾਂ ?"

"ਤੈਨੂੰ ਪਤਾ ਹੀ ਹੈ ਕਿ ਕੇਡੀ ਮਿਹਨਤ ਨਾਲ ਅਸੀਂ ਪੜ੍ਹਾਈ ਕੀਤੀ ਸੀ। ਮੈਂ ਤੈਨੂੰ ਬੜੀ ਪ੍ਰੇਰਨਾ ਕੀਤੀ, ਪਰ ਤੂੰ ਅੰਗ੍ਰੇਜ਼ੀ ਨਹੀਂ ਪੜ੍ਹੀ ਇਸ ਦੀ ਭਾਵੇਂ ਅੱਜ ਨਹੀਂ ਪਰ ਕਦੀ ਤੂੰ ਬਹੁਤ ਵੱਡੀ ਘਾਟ ਮਹਿਸੂਸ ਕਰੇਂਗਾ! ਅਸੀਂ "ਨਾਮਧਾਰੀ ਇਤਿਹਾਸ" ਲਿਖਣ ਲਈ ਕਿੰਨੀ ਵਾਰ ਵਿਚਾਰ ਕਰਦੇ ਰਹੇ ਹਾਂ। ਇਕ ਤੇ ਇਸ ਵਿਦੇਸ਼ੀ ਸਰਕਾਰ ਨੇ, ਆਪਣੇ ਜ਼ੁਲਮ ਤੋਂ ਨਕਾਬ ਨਹੀਂ ਲੱਥਣ ਦਿਤੀ। ਦੂਜਾ ਬਹੁਤ ਸਾਰੀ ਇਤਿਹਾਸਕ ਸਾਮੱਗਰੀ ਇਕੱਠੀ ਨ ਹੋ ਸਕੀ ਜੋ ਕਰਨੀ ਸੀ। ਤੈਨੂੰ ਪਤਾ ਹੀ ਹੈ ਕਿ - ਇਕ ਸਾਧਾਰਨ ਜਿਹੇ ਕਾਗ਼ਜ਼ "ਕੂਕਾ ਆਊਟ ਬ੍ਰੇਕ" ਲਈ ਸਾਨੂੰ ਕਿੰਨਾ ਔਖਾ ਹੋਣਾ ਪਿਆ ਸੀ। ਮੈਨੂੰ ਤੇ ਪਿਤਾ ਗੁਰੂਦੇਵ ਬੁਲਾ ਰਹੇ ਨੇ, ਮੈਂ ਤੇ ਜਾਵਾਂਗਾ ਮੈਂ ਚਾਂਹੁੰਦਾ ਹਾਂ ਕਿ ਤੂੰ ਇਹ ਕੰਮ ਕਰੇਂ ? ਇਹ ਕੰਮ ਜਾਂ ਮੈਂ ਕਰ ਸਕਦਾ ਸਾਂ, ਜਾਂ ਵੱਡੇ ਮਹਾਰਾਜ ਜੀ ਕਰ ਸਕਦੇ ਨੇ, ਪਰ ਓਨ੍ਹਾਂ ਨੂੰ ਪੰਥਕ ਕੰਮਾਂ ਵਿਚੋਂ ਵਿਹਲ ਹੀ ਨਹੀਂ ਮਿਲ ਸਕਦਾ। ਹੁਣ ਕੇਵਲ ਤੇ ਕੇਵਲ ਤੂੰ ਹੀ ਇਹ ਕੰਮ ਕਰਨਾ ਹੈ। ਦੱਸ ਕਰੇਂਗਾ ਨਾ ?"

"ਮੈਂ ਮਹਾਰਾਜ ਦਾ ਹੁਕਮ ਕਦੀ ਵੀ ਨਹੀਂ ਮੋੜਿਆ।
ਜੋ ਆਗਿਆ ਹੋਵੇਗੀ ਕਰਾਂਗਾ ਪਰ ... ...!"

"ਪਰ, ਪਰ ਕੀ ? ਝਿਝਕ ਕਿਸ ਗੱਲ ਦੀ ਹੈ ?"

“ਝਿਝਕ ਹੋਰ ਤੇ ਕੋਈ ਨਹੀਂ, ਪਰ ਆਪਣੀ ਲਿਆਕਤ ਤੇ ਵਿਦਿਅਕ ਯੋਗਤਾ ਵਲ ਤੱਕ ਕੇ ਕੁਝ ਨਿਰਾਸ਼ਤਾ ਜਿਹੀ ਆ ਜਾਂਦੀ ਹੈ। ਕਾਸ਼ ਮੈਂ ਅੰਗ੍ਰੇਜ਼ੀ ਪੜ੍ਹ ਸਕਦਾ ?”
“ਵਾਹ! ਅੰਗ੍ਰੇਜ਼ੀ ਹੀ ਨਿਰੀ ਲਿਆਕਤ ਨਹੀਂ ਬਹੁਤ ਸਾਰੇ ਬੀ. ਏ., ਐਮ. ਏ. ਇਕ ਲਾਈਨ ਨਹੀਂ ਲਿਖ ਸਕਦੇ।”
“ਜੇ ਮਹਾਰਾਜ ਇਹ ਵਰ ਦੇ ਰਹੇ ਹਨ, ਫਿਰ ਮੈਂ ਬਚਨ ਦੀ ਪਾਲਨਾਂ ਕਿਉਂ ਨਾ ਕਰਾਂਗਾ ?”
“ਬਚਨ ਹੋਇਆ ਫਿਰ ?”
“ਮਹਾਰਾਜ ਦੇ ਹੁਕਮ ਦੀ ਪਾਲਨਾਂ ਮੈਂ ਅਵੱਸ਼ ਕਰਾਂਗਾ।”
ਬਸ ਤਦ ਤੋਂ ਮੈਨੂੰ ਆਪਣੇ ਕੀਤੇ ਬਚਨ ਦੀ ਪਾਲਨਾਂ ਦਾ ਬਹੁਤ ਫ਼ਿਕਰ ਰਹਿੰਦਾ, ਰੋਟੀ ਦਾ ਫ਼ਿਕਰ ਸਿਹਤ ਦੀ ਖ਼ਰਾਬੀ। ਦੋ ਵਾਰ ਵਾਰਤਕ ਲਿਖੀ, ਪਤਾ ਨਹੀਂ ਕਿਥੇ ਚਲੀ ਗਈ। ਪਰ ਫਿਰ ਵੀ ਓਨ੍ਹਾਂ ਦੀ, ਸ੍ਰੀ ਮਹਾਰਾਜ ਗੁਰਦਿਆਲ ਸਿੰਘ ਜੀ ਦੀ ਰੂਹ ਟੁੰਬਦੀ ਰਹੀ। ਇਸ ਅਰਸੇ ਵਿਚ ਕਈ ਪਰੀਵਰਤਨ ਹੋ ਗਏ। ਇਕ ਪਾਸੇ ਢਿੱਡ ਨੂੰ ਝੁਲਕਾ ਦੇਣ ਲਈ, ਸਾਢੇ ਛੇ ਘੰਟੇ “ਹਿੰਦੀ ਪੰਜਾਬੀ ਕੋਸ਼” ਦੀ ਤਿਆਰੀ ਦਾ ਸਰਕਾਰੀ ਕੰਮ। ਦੂਜੇ ਪਾਸੇ ੮ ਘੰਟੇ ਰੋਜ਼ ‘ਮਾਲਵੇਂਦ੍ਰ’ ਦੀ ਰਚਨਾ, ਕਰਦਾ ਗਿਆ, ਕਰਦਾ ਗਿਆ, ਕਰਦਾ, ਕਰਦਾ, ਟੀ. ਬੀ. ਸੈਂਟਰ ਹਸਪਤਾਲ ਪਟਿਆਲਾ ਵਿਚ ਜਾ ਪਿਆ। ਪੂਰੇ ਤ੍ਰੈ ਮਹੀਨੇ ਦੀ ਕਠਨ ਸਾਧਨਾ ਪਿਛੋਂ ਪਤਾ ਨਹੀਂ ਸ੍ਰੀ ਸਤਿਗੁਰੂ ਜੀ ਨੂੰ ਕੀ ਮਨਜ਼ੂਰ ਸੀ ਓਥੋਂ ਵੀ ਬਚ ਕੇ ਆ ਗਿਆ।
ਵਾਰਤਕ ਦਾ ਖ਼ਿਆਲ ਮੈਂ ਦੋ ਵਾਰ ਲਿਖ ਕੇ, ਛਪਵਾ ਨਾ ਸਕਨ ਕਰਕੇ ਛੱਡ ਚੁੱਕਾ ਸਾਂ। ਇਸ ਲਈ ਕਵਿਤਾ ਵਿਚ ਲਿਖਣਾ ਅਰੰਭ ਕੀਤਾ। ਵਿਦਵਾਨਾਂ ਨੂੰ ਵਿਖਾਇਆ ਓਨ੍ਹਾਂ ਮੇਰੀ ਕ੍ਰਿਤ ਨੂੰ ਸਲਾਹਿਆ, ਮੇਰੀ ਹੌਸਲਾ ਅਫਜ਼ਾਈ ਕੀਤੀ, ਮੈਂ ਲਿਖਦਾ ਗਿਆ।ਜਿਹਨਾਂ ਸੱਜਨਾਂ ਨੇ ਪੁਸਤਕ ਦੀ ਛਪਾਈ ਵਿਚ ਯੋਗਦਾਨ ਦਿੱਤਾ ਹੈ ਮੈਂ ਉਹਨਾਂ ਦਾ ਅਤੀ ਧੰਨਵਾਦੀ ਹਾਂ, ਹੋਰ ਮੇਰੇ ਮਿੱਤਰਾਂ ਜਿੰਨ੍ਹਾਂ ਦਾ ਮੈਂ ਦਿਲੋਂ ਧੰਨਵਾਦੀ ਹਾਂ ਸ੍ਰੀ ਡਾਕਟਰ ਮੋਹਨ ਸਿੰਘ ਜੀ ਐਮ. ਏ. ਪੀ. ਐਚ. ਡੀ. ਦਾ ਜਿੰਨ੍ਹਾਂ ਸਮੇਂ ਸਮੇਂ ਸਿਰ ਲੋੜ ਅਨੁਸਾਰ ਮੇਰੀ ਰਹਿਨੁਮਾਈ ਕੀਤੀ। ਇੰਝ ਹੀ ਪ੍ਰਿੰਸੀਪਲ ਤੇਜਾ ਸਿੰਘ ਜੀ ਤੇ ਡਾਕਟਰ ਗੋਪਾਲ ਸਿੰਘ ਜੀ ਐਮ. ਏ. ਪੀ. ਐਚ. ਡੀ. ਤੇ ਸ੍ਰੀ ਦੇਵਿੰਦ੍ਰ ਸਤਿਆਰਥੀ ਜੀ ਦਾ ਵੀ ਮੈਂ ਸ਼ੁਕਰ ਗੁਜ਼ਾਰ ਹਾਂ, ਕਾਵਿ ਪਾਰਖੂ ਤੇ ਕਵਿਤਾ ਪੱਤਰ ਦੇ ਸੰਪਾਦਕ ਸ੍ਰੀ ‘ਕਰਤਾਰ’ ਜੀ ਤੇ ਕਰਤਾਰ ਬਣ ਕੇ ਹੀ ਮੈਨੂੰ ਸਹੀ ਕਾਰ ਦੀ ਦੱਸ ਪਾਂਦੇ ਰਹੇ ਹਨ। ਸ੍ਰੀ ਵਿਧਾਤਾ ਸਿੰਘ ਜੀ ‘ਤੀਰ’ ਤੇ ‘ਗਜਰਾਜ’ ਮੇਰੇ ਚਿਰੋਕੇ ਹੀ ਸਨੇਹੀ ਹਨ। ਸਰਦਾਰ ਅਵਤਾਰ ਸਿੰਘ ਜੀ ਆਜ਼ਾਦ ਜਿੰਨ੍ਹਾਂ, ਸਭ ਤੋਂ ਪਹਿਲਾਂ ‘ਮਰਦ ਅਗੰਮੜਾ’ ਤੇ ਹੁਣ “ਵਿਸ਼ਵ ਨੂਰ” ਲਿਖ ਕੇ ਪੰਜਾਬੀ ਦੇ ਰਸਤੇ ਵਿਚ ਮਹਾਂਕਾਵ ਦਾ ਮੀਲ ਪੱਥਰ ਗੱਡਿਆ ਹੈ, ਜੋ ਮੇਰੇ ਸਦਾ ਦੇ ਆਪਣੇ ਹਨ, ਦਾ ਮੈਂ ਕ੍ਰਿਤੱਗਯ ਹਾਂ ਤੇ ਧੰਨਵਾਦੀ ਹਾਂ।
ਅੰਤ ਵਿਚ ਮੈਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਤੇ ਬਹੁਤ ਬਹੁਤ ਬੰਦਨਾ ਕਰਦਾ ਹਾਂ ਜਿਨ੍ਹਾਂ ਦੀ ਮਿਹਰ ਨਾਲ ਇਹ ਕੰਮ ਸਮਾਪਤ ਹੋਇਆ।

ਸੰਤ ਇੰਦਰ ਸਿੰਘ ਚੱਕ੍ਰਵਰਤੀ
੨੦੧੦ ਬਿਕ੍ਰਮੀਂ
ਪਟਿਆਲਾ ਬਸੰਤ ਪੰਚਮੀ

# ਇਸ ਰਚਨਾ ਬਾਰੇ

ਨਾਮਧਾਰੀ ਇਤਿਹਾਸ ਸਤਿਗੁਰੂਆਂ, ਪੁਰਾਤਨ ਸਿਖ-ਸਿੰਘਾਂ ਅਤੇ ਵਤਨ ਪ੍ਰਸਤਾਂ ਦੇ ਆਦਰਸ਼-ਚਲਣ ਦਾ ਪ੍ਰਤੀਕ ਹੈ। ਇਹ ਆਜ਼ਾਦੀ ਦੀ ਜੋਤ ਤੋਂ ਨਿਛਾਵਰ ਹੋਣ ਵਾਲੇ ਪਤੰਗਿਆਂ ਦੀ ਇਕ ਸੁੰਦਰ ਤਸਵੀਰ ਪੇਸ਼ ਕਰਦਾ ਹੈ। ਸਰਕਾਰੀ ਰੀਕਾਰਡ ਵਿਚੋਂ ਇਸ ਦੇ ਤਿੰਨ ਨਾਵਾਂ ਦਾ ਪਤਾ ਲਗਦਾ ਹੈ : (੧) ਕੂਕਾ (੨) ਨਵਾਂ ਪੰਥ ਅਤੇ (੩) ਸੰਤ ਖ਼ਾਲਸਾ। ਅੰਗਰੇਜ਼ ਹਕੂਮਤ ਨੇ ਕੂਕਾ ਸ਼ਬਦ ਨੂੰ ਬਹੁਤ ਪ੍ਰਚਾਰਿਆ ਹੈ। “ਕੂਕ” ਪੰਜਾਬੀ ਵਿਚ ਪੁਕਾਰ ਨੂੰ ਕਹਿੰਦੇ ਹਨ।ਇਸ ਸਮਾਜ ਨੇ ਅਜ਼ਾਦੀ ਵਾਸਤੇ ਅਜੇਹੇ ਸਮੇਂ ਕੂਕਣਾ ਅਰੰਭਿਆ, ਜਦ ਅੰਗਰੇਜ਼ੀ ਰਾਜ ਦੇ ਵਿਰੁਧ ਇਕ ਸ਼ਬਦ ਕਹਿਣਾ ਵੀ ਮੌਤ ਨਾਲ ਟੱਕਰ ਲੈਣ ਦੇ ਬਰਾਬਰ ਸੀ। ਆਮ ਲੋਕ ਮਸਤੀ ਵਿਚ ਆ ਕੇ ਕੂਕਾਂ ਮਾਰਨ ਅਤੇ ਉਚੇ ਸੁਰ ਨਾਲ ਸ਼ਬਦ ਗੌਣ ਕਰਕੇ ਵੀ ਕੂਕੇ ਆਖਦੇ ਸਨ। ਸਿਆਸਤ ਦਾਨਾਂ ਦੇ ਵਿਚਾਰ ਅਨੁਸਾਰ “ਕੂਕਾ” ਇਸ ਸਮਾਜ ਦਾ ਸਿਆਸੀ ਨਾਉਂ ਸੀ ਅਤੇ ਇਸ ਅਧਾਰ ਤੇ ਹੀ ਉਹ, ਇਸ ਅੰਗਰੇਜ਼ ਵਿਰੋਧੀ ਲਹਿਰ ਨੂੰ “ਕੂਕਾ ਮੂਵਮੈਂਟ” ਦੇ ਨਾਉਂ ਨਾਲ ਪੁਕਾਰਦੇ ਆਏ ਹਨ: ਸਿਖ ਰਾਜ ਦੇ ਸਮਾਪਤ ਹੋਣ ਉਪਰੰਤ ਸਿਖ ਆਪਣੇ ਪੁਰਾਤਨ ਤੇ ਮੁੱਢਲੇ ਅਸੂਲਾਂ ਨੂੰ ਭੁੱਲ ਗਏ ਸਨ, ਪਰ ਇਸ ਸਮਾਜ ਦੇ ਲੋਕਾਂ ਨੇ ਜਦ ਆਪਣੇ ਪਹਿਲੇ ਅਸੂਲਾਂ ਉਤੇ ਨਵੇਂ ਸਿਰੇ ਵਰਤੋਂ ਸ਼ੁਰੂ ਕੀਤੀ ਤਾਂ ਉਹ ਨਵੇਂ ਅਤੇ ਓਪਰੇ ਪ੍ਰਤੀਤ ਹੋਣ ਲਗੇ। ਇਸ ਲਈ ਉਹਨਾਂ ਨੇ ਸੰਗਠਨ ਦਾ ਨਾਉਂ “ਨਵਾਂ ਪੰਥ” (New Sect) ਪ੍ਰਸਿੱਧ ਕਰ ਦਿਤਾ। (੩) “ਸੰਤ ਖ਼ਾਲਸਾ” ਨਾਮ ‘ਮਲੇਛ ਖ਼ਾਲਸਾ’ ਦੇ ਟਾਕਰੇ ਕਰਕੇ ਮਸ਼ਹੂਰ ਹੋਇਆ ਜਾਪਦਾ ਹੈ। ਮਹਾਰਾਜਾ ਰਣਜੀਤ ਸਿੰਘ ਜੀ ਤੋਂ ਪਿਛੋਂ ਜਦ ਸਿਖ ਫ਼ੌਜਾਂ ਦਾ ਚਲਨ ਵਿਗੜ ਗਿਆ ਤੇ ਚੋਰੀ ਯਾਰੀ, ਮਾਸ ਸ਼ਰਾਬ, ਵੇਸਵਾ ਗਮਨ, ਵਲ ਛਲ, ਕਪਟ ਅਤੇ ਵਿਸਾਹ ਘਾਤ ਆਦਿਕ ਬੁਰਾਈਆਂ ਦਾ ਜ਼ੋਰ ਵਧ ਗਿਆ ਤਾਂ ਇਸ ਦਾ ਨਾਉਂ “ਮਲੇਛ ਖ਼ਾਲਸਾ” ਪੈ ਗਿਆ, ਪਰ ਜਦੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸਿਖਾਂ ਨੂੰ ਨਵੇਂ ਸਿਰੇ ਜਥੇਬੰਦ ਕਰਕੇ ਸਦਾਚਾਰੀ ਅਤੇ ਸੰਤ ਰੂਪ ਬਣਾ ਦਿਤਾ ਤਾਂ ਉਹਨਾਂ ਨੂੰ “ਸੰਤ ਖ਼ਾਲਸਾ” ਦੇ ਪਵਿੱਤਰ ਨਾਉਂ ਨਾਲ ਸਤਿਕਾਰਿਆ ਗਿਆ। ਚੌਥਾ ਨਾਉਂ ਜੋ ਇਸ ਸਮਾਜ ਦੇ ਅਸਲ ਰੂਪ ਅਰ ਨਾਮ ਅਭਿਆਸ ਦੇ ਪ੍ਰਬਲ ਅਭਿਆਸ ਨੂੰ ਪ੍ਰਗਟ ਕਰਦਾ ਹੈ, “ਨਾਮਧਾਰੀ” ਹੈ ।

ਇਸ ਸੰਸਥਾ ਦਾ ਅਰੰਭ ਸ੍ਰੀ ਭੈਣੀ ਸਾਹਿਬ ਜ਼ਿਲ੍ਹਾ ਲੁਧਿਹਾਨਾ ਤੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੁਆਰਾ ੧੨ ਅਪਰੈਲ ੧੮੫੭ ਈ: ਦੇ ਦਿਨ ਹੋਇਆ ਸੀ, ਪਰ ਅੰਗਰੇਜ਼ੀ ਸਾਮਰਾਜ ਨਾਲ ਇਸ ਦੀ ਜ਼ੋਰਦਾਰ ਟੱਕਰ ਆਜ਼ਾਦੀ ਦੀ ਪਹਿਲੀ ਲੜਾਈ ਤੋਂ ਪਿਛੋਂ ਨਾਲ ਲਗਦੇ ਸਮੇਂ ਵਿਚ ਹੋਈ। ਜੋ ਲਗਾਤਾਰ ੧੨ ਸਾਲਾਂ (ਸੰਨ ੧੮੬੦ ਤੋਂ ੧੮੭੨ ਈ: ਤਕ) ਜਾਰੀ ਰਹੀ। ਇਸ ਅਰਸੇ ਵਿਚ ਲਹਿਰ ਦੇ ਪ੍ਰਮੁਖ ਨੇਤਾ ਨੇ ਲੱਖਾਂ ਪੰਜਾਬੀਆਂ ਨੂੰ ਅੰਗਰੇਜ਼ੀ ਰਾਜ ਦੇ ਵਿਰੁਧ ਇਕ ਬਰਾਬਰ ਦੀ ਸਰਕਾਰ (Parallel Govt.) ਦੇ ਰੂਪ ਵਿਚ ਸੰਗਠਿਤ ਕਰਦਿਆਂ ਨਾ-ਮਿਲਵਰਤਨ ਅਤੇ ਸਤਿਆਗ੍ਰਹਿ ਦੇ ਉਸ ਪ੍ਰੋਗਰਾਮ ਉਤੇ ਦ੍ਰਿੜ੍ਹ ਕਰ ਦਿੱਤਾ, ਜਿਸ ਨੂੰ ਇੰਡੀਅਨ ਨੈਸ਼ਨਲ ਕਾਂਗਰਸ ਨੇ ਮਹਾਤਮਾ ਗਾਂਧੀ ਦੀ ਅਗੁਵਾਈ ਹੇਠ ਸੰਨ ੧੯੨੦ ਵਿਚ ਅਪਣਾਇਆ। ਸਤਿਗੁਰੂ ਰਾਮ ਸਿੰਘ ਜੀ ਦੀ ਸਿਆਸੀ ਸੂਝ ਬੂਝ ਅਤੇ ਦੂਰ-ਦਰਸ਼ਤਾ ਨੂੰ ਦੇਖ ਕੇ ਅੰਗਰੇਜ਼ ਦਾ ਦਿਮਾਗ਼ ਚਕਰਾ ਗਿਆ।

ਸ੍ਰੀ ਚਕ੍ਰਵਰਤੀ ਜੀ ਰਚਿਤ ਮਹਾਂਕਾਵ ‘ਮਾਲਵਿੰਦਰ’ ਮੇਰੇ ਸਾਹਮਣੇ ਹੈ - ਜਿਸ ਦੀ ਭੂਮਿਕਾ ਲਿਖਣ ਦਾ ਗੌਰਵ ਮੈਨੂੰ ਪ੍ਰਾਪਤ ਹੋਇਆ ਹੈ। ਇਹ ਮਹਾਂਕਾਵ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਜ਼ਿੰਦਗੀ ਤੇ ਅਧਾਰਿਤ ਹੈ।

## ਨਾਮਧਾਰੀ ਅਤੇ ਕਾਂਗਰਸ ਅੰਦੋਲਨ

ਉਹ ਮਲੇਰ ਕੋਟਲੇ ਦੇ ਸ਼ਹੀਦਾਂ ਦੀ ਯਾਦ ਵਿਚ ਨਾਮਧਾਰੀ ਸੰਗਤਾਂ ਵਲੋਂ ਕੀਤਾ ਗਿਆ ਪਹਿਲਾ ਸ਼ਹੀਦੀ ਦੀਵਾਨ ਸੀ, ਜੋ ਸ੍ਰੀ ਹਜੂਰ ਸ੍ਰੀ ਸਤਿਗੁਰੂ ਮਹਾਰਾਜ ਪ੍ਰਤਾਪ ਸਿੰਘ ਜੀ ਦੀ ਪ੍ਰਧਾਨਗੀ ਹੇਠ ੫-੬-੭ ਮਾਘ ਸੰਮਤ ੧੯੭੭ ਮੁਤਾਬਕ ੧੭-੧੮-੧੯ ਜਨਵਰੀ ੧੯੨੧ ਈ: ਨੂੰ ਮੁਠੱਡੇ ਕਲਾਂ ਵਿਚ ਹੋਇਆ ਸੀ। ਪ੍ਰੇਰਕ ਅਤੇ ਪ੍ਰਬੰਧਕ ਸੱਜਨ ਉਸ ਸਮੇਂ ਪੰਜਾਬ ਕਾਂਗਰਸ ਦੇ ਪਾਲੇਟਿਕਸ ਵਿਚ ਬੜੀ ਪ੍ਰਸਿਧੀ ਰਖਦੇ ਸਨ। ਉਹਨਾਂ ਦੀ ਬੇਨਤੀ ਪ੍ਰਵਾਨ ਕਰਕੇ ਹੀ ਸਤਿਗੁਰਾਂ ਨੇ ਏਸ ਭਾਰੀ ਕਾਨਫ਼ਰੰਸ ਜਾਂ ਦੀਵਾਨ ਦੀ ਪ੍ਰਧਾਨਗੀ ਸਵੀਕਾਰ ਕੀਤੀ ਸੀ। ਆਪ ਦੇ ਪ੍ਰਧਾਨਗੀ ਐਡਰੈਸ ਦਾ ਰੀਕਾਰਡ ਅਜੇ ਤਕ ਲੇਖਕ ਕੋਲ ਮੌਜੂਦ ਹੈ। ਉਸ ਦੀਵਾਨ ਵਿਚ ਡਾ: ਸਤਪਾਲ, ਕਿਚਲੂ ਅਤੇ ਮੌਲਾਨਾਂ ਅਬਦੁਲ ਕਾਦਰ ਕਸੂਰੀ ਨਹੀਂ ਆਏ ਸਨ। ਆਉਣ ਵਾਲਿਆਂ ਦੀ ਫ਼ਹਿਰਿਸਤ ਤਾਂ ਬੜੀ ਲੰਮੀ ਹੈ, ਪਰ ਪ੍ਰਸਿਧ ਵਿਅੱਕਤੀਆਂ ਇਹ ਸਨ - ਸ੍ਰੀ ਮਾਨ ਮਹਾਰਾਜ ਗੁਰਦਿਆਲ ਸਿੰਘ ਜੀ, ਮਹਾਰਾਜ ਨਿਹਾਲ ਸਿੰਘ ਜੀ, ਚੌਧਰੀ ਰਾਮਭਜ ਦੱਤ, ਮੌਲਾਨ ਸਈਅਦ ਹਬੀਬ ਐਡੀਟਰ ਸਿਆਸਤ ਲਾਹੌਰ, ਸ੍ਰੀ ਮਾਨ ਸੰਤ ਮੰਗਲ ਸਿੰਘ ਜੀ ਅਰਸ਼ੀ ਫ਼ਰਿਸ਼ਤਾ, ਚੋਧਰੀ ਗੁਲਾਮ ਹੈਦਰ ਐਡੀਟਰ ਸਿਆਸਤ ਲਾਹੌਰ, ਲਾਲਾ ਕਿਦਾਰ ਨਾਥ ਸਹਿਗਲ, ਸ਼ਹੀਦੇ-ਆਜ਼ਮ ਸਰਦਾਰ ਭਗਤ ਸਿੰਘ ਤੇ ਉਹਨਾਂ ਦੇ ਪਿਤਾ ਸ: ਕਿਸ਼ਨ ਸਿੰਘ ਜੀ, ਮਹਿਤਾ ਅਨੰਦ ਕਿਸ਼ੋਰ ਜੀ ਲਾਹੌਰ, ਸ੍ਰੀ ਸਰਦਾਰ ਸਿੰਘ ਜੀ ਐਡੀਟਰ ਖ਼ਾਲਸਾ ਲਾਹੌਰ, ਸ੍ਰੀ ਮਾਨ ਸੰਤ ਇੰਦਰ ਸਿੰਘ ਜੀ ਚਕ੍ਰਵਰਤੀ, ਸ੍ਰੀ ਮਾਨ ਪੰਡਿਤ ਬਸੰਤ ਸਿੰਘ ਜੀ ਪਧਾਣਾ, ਸ੍ਰੀ ਮਾਨ ਪੰਡਿਤ ਅਮਰ ਸਿੰਘ ਜੀ, ਸ੍ਰੀ ਮਾਨ ਸੰਤ ਅਣਖਾ ਸਿੰਘ ਜੀ ਅਤੇ ਇਨ੍ਹਾਂ ਸਤਰਾਂ ਦਾ ਲੇਖਕ ਨਿਧਾਨ ਸਿੰਘ ਆਲਿਮ ਜੋ ਉਦੋਂ ਸਤਿਜੁਗ ਲਾਹੌਰ ਦਾ ਐਡੀਟਰ ਤੇ ਆਲ ਇੰਡੀਆ ਕਾਂਗਰਸ ਦਾ ਮੈਂਬਰ ਸੀ। ਸ੍ਰੀ ਮਾਨ ਸੂਬਾ ਸਹੀਆ ਸਿੰਘ ਜੀ ਇਸ ਦੀਵਾਨ ਦੇ ਮੁੱਖ-ਪ੍ਰਬੰਧਕ ਸਨ। ਇਸ ਤੋਂ ਉਪਰੰਤ ਏਸੇ ਤਰ੍ਹਾਂ ਦਾ ਦੂਜਾ ਇਜਲਾਸ ਸਿਆਹੜ ਜ਼ਿਲਾ ਲੁਧਿਹਾਨਾ ਵਿਚ ਹੋਇਆ ਸੀ - ਇਸ ਦੇ ਪ੍ਰਧਾਨ-ਪਦ ਦੀ ਸੇਵਾ ਮੈਨੂੰ ਦਿਤੀ ਗਈ ਸੀ। ਨਾਮਧਾਰੀ ਪਾਲੇਟਿਕਸ ਦੇ ਇਤਿਹਾਸ ਵਿਚ ਇਹ ਕਾਨਫ਼ਰੰਸ ਵੀ ਆਪਣਾ ਉਦਾਹਰਣ ਆਪ ਸੀ। ਨਾ-ਮਿਲਵਰਤਨ ਦੀ ਲਹਿਰ ਜੋਬਨ ਤੇ ਸੀ। ਬੜੇ ਬੜੇ ਲੀਡਰ ਇਸ ਦੀਵਾਨ ਵਿਚ ਸ਼ਾਮਲ ਹੋਏ ਸਨ। ਸ੍ਰੀ ਭੈਣੀ ਸਾਹਿਬ ਦੇ ਦਰਵਾਜ਼ੇ ਅਗੋਂ ਬੈਠੀ ਹੋਈ ਪੁਲਿਸ ਦੀ ਚੌਕੀ ਉਠਾਣ ਦਾ ਮਤਾ ਵੀ ਪ੍ਰਵਾਨ ਕੀਤਾ ਗਿਆ ਸੀ। ਇਸ ਸੰਬੰਧੀ ਸਤਿਆਗ੍ਰਹਿ ਕਰਨ ਲਈ ਜਥੇ ਭਰਤੀ ਕਰਨ ਦੀ ਤਜਵੀਜ਼ ਵੀ ਕੀਤੀ ਗਈ ਸੀ। ਸ੍ਰੀ ਮਹਾਰਾਜ ਗੁਰਦਿਆਲ ਸਿੰਘ ਜੀ ਦੀ ਲੀਡਰਸ਼ਿਪ ਹੇਠ ਇਕ ਤਕੜਾ ਗਰੁੱਪ ਕਾਂਗਰਸ ਨਾਲ ਮੋਢਾ ਜੋੜ ਕੇ ਦੇਸ਼ ਸੁਤੰਤਰਤਾ ਦੀਆਂ ਸਰਗਰਮੀਆਂ ਵਿਚ ਹਿੱਸਾ ਲੈਂਦਾ ਸੀ। ਇਨ੍ਹਾਂ ਸਾਰੇ ਸਮਾਗਮਾਂ ਦੇ ਸੈਕਟਰੀ ਸੰਤ ਇੰਦਰ ਸਿੰਘ ਜੀ ਚਕਰਵਰਤੀ ਸਨ। ਤੀਜਾ ਦੀਵਾਨ ਹੁਸ਼ਿਆਰਪੁਰ ਬੜੀ ਕਾਮਯਾਬੀ ਨਾਲ ਹੋਇਆ ਸੀ, ਜਿਸ ਦੇ ਮਗਰੋਂ ਪੁਲਿਸ ਦੀ ਚੌਕੀ ਉਠਾ ਲਈ ਗਈ ਸੀ ।

## ਲਾਹੌਰ ਸੈਸ਼ਨ ਅਤੇ ਨਾਮਧਾਰੀ

"ਇਸ ਸਮੇਂ ਅੰਗਰੇਜ਼ ਹਾਕਮ ਅਤੇ ਉਹਨਾਂ ਦੇ ਦੇਸੀ ਕਰਮਚਾਰੀ ਪੂਰਾ ਜ਼ੋਰ ਇਸ ਗਲ ਤੇ ਲਗਾ ਰਹੇ ਸਨ ਕਿ ਕੋਈ ਸਿਖ ਇਸ ਸਮਾਗਮ ਵਿਚ ਸ਼ਾਮਲ ਨਾ ਹੋਵੇ। ਬਾਬਾ ਖੜਕ ਸਿੰਘ, ਮਾਸਟਰ ਤਾਰਾ ਸਿੰਘ ਅਤੇ ਉਸ ਸਮੇਂ ਦੇ ਅਕਾਲੀ ਸਿਖ ਆਗੂ ਇਸ ਸਮਾਗਮ ਵਿਚ ਹਿੱਸਾ ਲੈਣ ਵਾਲੇ ਸਿਖਾਂ ਨੂੰ ਪਤਿਤ, ਕਾਫ਼ਰ ਤੇ ਬੇ-ਦੀਨ ਹੋਣ ਦੇ ਹੁਕਮ ਨਾਮੇ ਯਾ ਫ਼ਤਵੇ ਦੇ ਚੁਕੇ ਸਨ, ਪਰ ਦੇਸ

ਸੁਤੰਤ੍ਰਤਾ ਦੇ ਪ੍ਰਵਾਨੇ ਨਾਮਧਾਰੀ ਸਿੰਘਾਂ ਨੇ ਇਸ ਸਮਾਗਮ ਵਿਚ ਗੱਜ ਵੱਜ ਕੇ ਪੂਰਾ ਹਿੱਸਾ ਲਿਆ। ਐਸਾ ਪ੍ਰਬੰਧ ਕੀਤਾ ਕਿ ਹਕੂਮਤ ਤੇ ਜਨਤਾ ਦੋਨੋਂ ਹੈਰਾਨ ਰਹਿ ਗਈਆਂ। ਜਦ ਸਮਾਗਮ ਦੇ ਪ੍ਰਧਾਨ ਸ੍ਰੀ ਜਵਾਹਰ ਲਾਲ ਨਹਿਰੂ ਦਾ ਜਲੂਸ ਨਿਕਲਣ ਲਗਾ, ਤਾਂ ਅੱਖ ਦੇ ਫੋਰ ਵਿਚ ਇਕ ਦਮ ਹੀ ਇਕ ਸੌ ਸ਼ੁਧ ਸਫ਼ੈਦ ਖੱਦਰ ਦੇ ਬਸਤਰਾਂ ਵਾਲੇ ਘੋੜ ਚੜ੍ਹੇ ਨਾਮਧਾਰੀ ਜਲੂਸ ਦੀ ਕਾਰਵਾਈ ਕਰਨ ਲਈ ਆ ਹਾਜ਼ਰ ਖਲੋਤੇ। ਇਹ ਇਸ ਜਮਾਤ ਦੀ ਦੇਸ਼ ਭਗਤੀ ਦੀ ਜ਼ਾਹਰਾ ਕਰਾਮਾਤ ਦਾ ਇਕ ਅਦੁੱਤੀ ਨਮੂਨਾ ਸੀ। ਹਜ਼ਾਰਾਂ ਦੀ ਗਿਣਤੀ ਵਿਚ ਨਾਮਧਾਰੀ ਏਸ ਸਮਾਗਮ ਵਿਚ ਸ਼ਾਮਲ ਹੋਏ। ਨਾਮਧਾਰੀਆਂ ਨੇ ਪੰਡਾਲ ਵਿਚ ਲੰਗਰ ਲਗਾ ਕੇ ਮੁਫ਼ਤ ਪਰਸ਼ਾਦੇ ਛਕਾਏ ਪੂਰਨ ਅਜ਼ਾਦੀ ਦੇ ਮਤੇ ਦੀ ਖੁੱਲੇ ਤੌਰ ਤੇ ਹਮੈਤ ਕੀਤੀ, ਅਤੇ ਭਾਰਤ ਮਾਤਾ ਨੂੰ ਬਦੇਸ਼ੀ ਹਾਕਮਾਂ ਦੇ ਪੰਜੇ ਵਿਚੋਂ ਕੱਢਣ ਲਈ ਕਾਂਗਰਸ ਨੇਤਾਵਾਂ ਨੂੰ ਤਨ ਮਨ ਧਨ ਦੀਆਂ ਕੁਰਬਾਨੀਆਂ ਦੇਣ ਦੇ ਯਕੀਨ ਦਿਵਾਏ ਅਤੇ ਪ੍ਰਣ ਦਿਤੇ।" -ਨਾਮਧਾਰੀ ਇਤਿਹਾਸ- ਨਾਹਰ ਸਿੰਘ ਐਮ.ਏ.

ਮੈਂ ਲੇਖਕ ਨੂੰ ਉਪਰੋਕਤ ਸਤਰਾਂ ਲਿਖਣ ਬਾਰੇ ਵਧਾਈ ਦਿੰਦਾ ਹਾਂ, ਮੈਂ ਵੀ ਉਸ ਸਮੇਂ ਮੌਜੂਦ ਸਾਂ। ਇਸ ਸਾਰੇ ਪ੍ਰਬੰਧ ਦਾ ਸੇਹਰਾ ਸ੍ਰੀ ਮਾਨ ਮਹਾਰਾਜ ਨਿਹਾਲ ਸਿੰਘ ਜੀ ਅਤੇ ਜ਼ਿਲ੍ਹਾ ਲਾਹੌਰ ਦੀ ਨਾਮਧਾਰੀ ਸੰਗਤ ਦੇ ਸਿਰ ਸੀ । ਮਹਾਰਾਜ ਜੀ ਦੀ ਪ੍ਰੇਰਨਾ ਨਾਲ ਸੈਂਕੜੇ ਨਾਮਧਾਰੀ ਸਵਾਰ ਅਤੇ ਹਜ਼ਾਰਾਂ ਪੈਦਲ ਨਾਮਧਾਰੀ ਜਲੂਸ ਵਿਚ ਸ਼ਾਮਲ ਹੋਏ ਸਨ। ਲੰਗਰ ਦਾ ਪ੍ਰਬੰਧ ਵੀ ਨਾਮਧਾਰੀ ਸਾਧ ਸੰਗਤ ਵਲੋਂ ਹੀ ਨਾਮਧਾਰੀ ਪੰਥ ਦੀ ਅੰਨ ਪੂਰਨਾ ਮਾਤਾ ਜੀਵਨ ਕੌਰ ਜੀ ਨੇ ਕੀਤਾ ਹੋਇਆ ਸੀ।

## ਮਹਾਰਾਜ ਨਿਹਾਲ ਸਿੰਘ ਜੀ

ਕਾਂਗਰਸ ਸੈਸ਼ਨ ਲਾਹੌਰ ਦੇ ਪਿਛੋਂ ਪੰਜਾਬ ਕਾਂਗਰਸ ਨੂੰ ਗ਼ੈਰ ਕਾਨੂੰਨੀ ਜਮਾਤ ਕਰਾਰ ਦੇ ਦਿਤਾ ਗਿਆ। ਸ੍ਰੀ ਮਹਾਰਾਜ ਨਿਹਾਲ ਸਿੰਘ ਜੀ ਪੰਜਾਬ ਕਾਂਗਰਸ ਦੇ ਡਿਕਟੇਟਰ ਦੀ ਹੈਸੀਅਤ ਵਿਚ ਸ਼ਰਾਬ ਦੀ ਦੁਕਾਨ ਤੇ ਪਿਕਟਿੰਗ ਕਰਦੇ ਹੋਏ ਗ੍ਰਿਫ਼ਤਾਰ ਹੋ ਗਏ। ੬ ਮਹੀਨਿਆਂ ਦੀ ਸਜ਼ਾ ਹੋਣ ਉਪਰੰਤ ਆਪ ਨੂੰ ਗੁਜਰਾਤ (ਪੰਜਾਬ) ਦੀ ਸਪੈਸ਼ਲ ਜੇਲ੍ਹ ਵਿਚ ਭੇਜ ਦਿੱਤਾ ਗਿਆ ਜਿਥੇ ਪੰਜਾਬ ਦੇ ਲਗਪਗ ਸਾਰੇ ਹੀ ਕਾਂਗਰਸ ਨੇਤਾ ਬੰਦ ਸਨ, ਆਪ ਤੋਂ ਪਿਛੋਂ ਸ੍ਰੀ ਪੰਡਤ ਮਨਸ਼ਾ ਸਿੰਘ ਜੀ ਕੌਮੀ ਡਿਕਟੇਟਰ ਬਣ ਕੇ ਗ੍ਰਿਫ਼ਤਾਰ ਹੋਏ ਮਹਾਰਾਜ ਗੁਰਦਿਆਲ ਸਿੰਘ ਜੀ ਕਾਂਗਰਸ ਦਾ ਕੰਮ ਕਰਦੇ ਹੋਏ ਪਹਿਲੋਂ ਹੀ ਸੁਰਗਵਾਸ ਹੋ ਚੁਕੇ ਸਨ। ਲਾਹੌਰ ਵਿਚ ਕਾਂਗਰਸ ਦੀਆਂ ਸਰਗਰਮੀਆਂ ਸ਼ਾਂਤ ਹੋ ਚੁਕੀਆਂ ਸਨ। ਨਾ ਕੋਈ ਜਲੂਸ ਨਿਕਲਦਾ ਨਾ ਜਲਸਾ ਹੁੰਦਾ ਸੀ। ਪੰਜਾਬ ਸੂਬਾ ਕਾਂਗਰਸ ਕਮੇਟੀ ਦਾ ਦਫ਼ਤਰ ਬ੍ਰੈਡਲਾ ਹਾਲ ਖ਼ਾਲੀ ਪਿਆ ਸੀ। ਮੈਂ ਲਾਹੌਰ ਤੋਂ ਬਾਹਰ ਗੁਜਰਾਂਵਾਲੇ ਸਾਂ। ਮਹਾਰਾਜ ਨਿਹਾਲ ਸਿੰਘ ਜੀ ਨੇ ਜੇਲ੍ਹ ਵਿਚੋਂ ਮੈਨੂੰ ਲਿਖਿਆ ਸੀ ਕਿ ਐਸ ਵੇਲੇ ਬ੍ਰੈਡਲਾ ਹਾਲ ਵਿਖੇ ਡੇਰਾ ਲਾ ਕੇ ਸੂਬਾ ਕਾਂਗਰਸ ਦਾ ਚਾਰਜ ਸੰਭਾਲਣ ਦੀ ਲੋੜ ਹੈ। ਲਾਹੌਰ ਪੁਜੋ ਤਾਂ ਕਿ ਕੁਝ ਨਾ ਕੁਝ ਕੰਮ ਹੁੰਦਾ ਰਹੇ।

## ਕੂਕਾ ਕਾਂਗਰਸ ਦਲ

ਮੈਂ ਆਪਣੇ ਚੰਦ ਸਾਥੀਆਂ ਸਮੇਤ ਇਕ ਦੋ ਦਿਨਾਂ ਵਿਚ ਲਾਹੌਰ ਪੁੱਜਾ ਅਤੇ ਬ੍ਰੈਡਲਾ ਹਾਲ ਵਿਚ ਡੇਰਾ ਲਾ ਦਿਤਾ। ਸ਼ਹਿਰ ਵਿਚ ਜਲਸਿਆਂ ਦਾ ਅਰੰਭ ਕਰਕੇ ਕਾਂਗਰਸ ਦੀ ਰੁਕੀ ਹੋਈ ਗੱਡੀ ਚਾਲੂ ਕਰ ਦਿਤੀ ਅਤੇ ਨਾਲ ਹੀ "ਸੰਟਰਲ ਕੂਕਾ ਕਾਂਗਰਸ ਦਲ" ਦੇ ਨਾਉਂ ਤੇ ਇਕ ਨਵੀਂ

ਸੰਸਥਾ ਜਥੇਬੰਦ ਕਰ ਦਿਤੀ। ਇਸ ਦਾ ਮਨੋਰਥ ਕਾਂਗਰਸ ਦੇ ਅਸੂਲਾਂ ਦਾ ਪ੍ਰਚਾਰ ਕਰਦਿਆਂ ਹਰ ਲੋੜੀਂਦੀ ਕੁਰਬਾਨੀ ਦਾ ਸੁਆਗਤ ਕਰਨਾ ਸੀ। ਸਾਡੀ ਪ੍ਰਸੰਨਤਾ ਦੀ ਕੋਈ ਹੱਦ ਨਹੀਂ ਰਹੀ, ਜਦ ਕਿ ਸਾਡੀ ਸਹਾਇਤਾ ਲਈ ਪਰਮ ਪੂਜਨੀਯ ਮਾਤਾ ਸ੍ਰੀ ਜੀਵਨ ਕੌਰ ਅਤੇ ਫ਼ਤਹ ਕੌਰ ਜੀ ਵੀ ਲਾਹੌਰ ਆ ਗਏ। ਉਹਨਾਂ ਨੇ ਸਾਨੂੰ ਆਪਣਾ ਹਾਰਦਿਕ ਅਸ਼ੀਰਵਾਦ ਦਿੱਤਾ। ਮੋਰੀ ਦਰਵਾਜ਼ੇ ਦੇ ਇਕ ਜਲਸੇ ਵਿਚ ਜਿਸ ਵਿਚ ੩੦-੪੦ ਹਜ਼ਾਰ ਦੀ ਹਾਜ਼ਰੀ ਹੋਵੇਗੀ, ਪੂਜ ਮਾਤਾਵਾਂ ਸਟੇਜ ਤੇ ਸੁਸ਼ੋਭਤ ਸਨ। ਜਦੋਂ ਜਨਤਾ ਦੇ ਸਾਹਮਣੇ ਉਹਨਾਂ ਦੀ ਜਾਣ ਪਛਾਣ ਕਰਾਈ ਗਈ ਤਾਂ ਬੰਦੇ ਮਾਤਰਮ ਦੇ ਨਾਹਰਿਆਂ ਨਾਲ ਅਕਾਸ਼ ਗੂੰਜ ਉਠਿਆ। ਸਤਿਗੁਰੂ ਰਾਮ ਸਿੰਘ ਜੀ ਦੀ ਜਲਾਵਤਨੀ ਪਿਛੋਂ ਸਤਿਗੁਰੂ ਹਰੀ ਸਿੰਘ ਜੀ ਸਮੇਤ ਉਨ੍ਹਾਂ ਦੇ ਭੈਣੀ ਸਾਹਿਬ ਵਿਚ ਸਾਲਾਂ ਬੱਧੀ ਨਜ਼ਰਬੰਦ ਰਹਿਣ ਅਤੇ ਕਰੜੀਆਂ ਪਾਬੰਦੀਆਂ ਸਹਾਰਨ ਦੀਆਂ ਲੂੰ ਕੰਡੇ ਕਰ ਦੇਣ ਵਾਲੀਆਂ ਘਟਨਾਵਾਂ ਸੁਣ ਕੇ ਜਨਤਾ ਵਿਚ ਕਰੁਣਾ ਰਸ ਦਾ ਪ੍ਰਵਾਹ ਜਾਰੀ ਹੋ ਗਿਆ। ਜਦ ਦੱਸਿਆ ਗਿਆ ਕਿ ਸਾਡੀਆਂ ਪੂਜਯ ਮਾਵਾਂ ਨੇ ਸਾਰੀ ਉਮਰ ਸ਼ੁੱਧ ਖੱਦਰ ਪਹਿਨਿਆਂ ਹੈ ਅਤੇ ਬਦੇਸ਼ੀ ਤੰਦ ਨੂੰ ਅੰਗ ਨਾਲ ਨਹੀਂ ਲਾਇਆ ਤਾਂ ਲੋਕਾਂ ਨੇ ਪੁਰ ਜ਼ੋਰ ਤਾਲੀਆਂ ਨਾਲ ਮਾਤਾ ਜੀਵਨ ਕੌਰ ਦੀ ਜੈ ਦੇ ਨਾਹਰੇ ਲਾਏ। ਏਸੇ ਤਰਾਂ ਹੋਰ ਵੀ ਕਈ ਜਲਸੇ ਹੋਏ ਜਿਨਾਂ ਨੂੰ ਅੰਗਰੇਜ਼ ਹਾਕਮ ਸਹਾਰ ਨਾ ਸਕੇ, ਉਹ ਬੌਖਲਾ ਉਠੇ ਅਤੇ ਇਕ ਵਾਰ ਫਿਰ ਸਰਕਾਰ ਦਾ ਲਾਹੌਰੀ ਸਿੰਘਾਸਨ ਡੋਲ ਉਠਿਆ।

ਮੈਨੂੰ ਵੀ ਬ੍ਰੈਡਲਾ ਹਾਲ ਤੋਂ ਗ੍ਰਿਫ਼ਤਾਰ ਕਰਕੇ ਬੋਰਸਟਲ ਜੇਲ੍ਹ ਵਿਚ ਪੁਚਾ ਦਿਤਾ ਗਿਆ। ਮੇਰੇ ਵਿਰੁਧ ੧੨੪ ਅਲਫ਼ ਦੇ ਅਧੀਨ ਬਗ਼ਾਵਤ ਦਾ ਕੇਸ ਰਜਿਸਟਰ ਕੀਤਾ ਗਿਆ। ਇਕ ਸਾਲ ਮੁਕੱਦਮਾ ਚਲਦਾ ਰਿਹਾ ਅਤੇ ਜਦੋਂ ਮੁਕੱਦਮਾ ਮੁੱਕਣ ਤੇ ਆਇਆ ਤਾਂ "ਗਾਂਧੀ ਇਰਵਨ ਪੈਕਟ" ਹੋ ਗਿਆ। ਉਸ ਵਿਚ ਗਾਂਧੀ ਜੀ ਦੀ ਇਹ ਵੀ ਸ਼ਰਤ ਸੀ ਕਿ ਸਾਰੇ ਪੁਲੀਟੀਕਲ ਕੈਦੀ ਛੱਡ ਦਿਤੇ ਜਾਣ ਤੇ ਚੱਲ ਰਹੇ ਮੁਕੱਦਮੇਂ ਵਾਪਸ ਲੈ ਲਏ ਜਾਣ।" ਮੇਰਾ ਮੁਕੱਦਮਾ ਵੀ ਬਾਕੀਆਂ ਨਾਲ ਵਾਪਸ ਲੈ ਲਿਆ ਗਿਆ ਤੇ ਓਧਰ ਮਹਾਰਾਜ ਨਿਹਾਲ ਸਿੰਘ ਜੀ ਵੀ ਜੇਲ੍ਹ ਤੋਂ ਰਿਹਾ ਹੋ ਕੇ ਘਰ ਪੁਜ ਗਏ।

ਇਹ ਘਟਨਾਵਾਂ ਪੰਥ ਦੀਆਂ ਉਹਨਾਂ ਕੁਰਬਾਨੀਆਂ ਨੂੰ ਪ੍ਰਗਟ ਕਰਦੀਆਂ ਹਨ, ਜੋ ਪੰਜਾਬ ਕਾਂਗਰਸ ਨੂੰ ਗ਼ੈਰ-ਕਾਨੂੰਨੀ , ਜਮਾਤ ਕਰਾਰ ਦੇਣ ਸਮੇਂ ੧੯੩੨ ਵਿਚ ਕੀਤੀਆਂ ਗਈਆਂ। ਸ੍ਰੀ ਹਜ਼ੂਰ ਮਹਾਰਾਜ ਨਿਹਾਲ ਸਿੰਘ ਜੀ ਤੋਂ ਇਲਾਵਾ ਹੋਰ ਅਨੇਕਾਂ ਸੱਜਣਾਂ ਨੇ ਇਸ ਲਹਿਰ ਵਿਚ ਬੜੇ ਉਤਸ਼ਾਹ ਨਾਲ ਹਿੱਸਾ ਲਿਆ। ਉਹਨਾਂ ਵਿਚੋਂ ਸ੍ਰੀ ਮਾਨ ਸੰਤ ਅਣਖਾ ਸਿੰਘ ਜੀ ਦਾਤੇਵਾਲ, ਸੰਤ ਮੰਗਲ ਸਿੰਘ ਜੀ ਫਤੂਹੀ ਚੱਕ, ਸੰਤ ਮੁਨਸ਼ਾ ਸਿੰਘ ਜੀ ਥਪਨਾਲਾ ਜ਼ਿਲ੍ਹਾ ਗੁਜਰਾਂਵਾਲਾ, ਪੰਡਤ ਮਨਸ਼ਾ ਸਿੰਘ ਜੀ ਕੌਮੀ, ਸੰਤ ਦੀਵਾਨ ਸਿੰਘ ਜੀ ਦੜੱਪ, ਸੰਤ ਚਰਨ ਸਿੰਘ ਜੀ ਗਿੱਲ (ਬਾਰ) ਅਤੇ ਸੰਤ ਭਰੋਸਾ ਸਿੰਘ ਜੀ ਗਿਆਨੀ ਮਾਨਾਂਵਾਲਾ ਬਾਰ ਆਦਿਕ ਦੇ ਨਾਉਂ ਵਰਨਣ ਯੋਗ ਹਨ ।

## ਨਾਮਧਾਰੀ ਲੇਖਕ

ਇਸ ਸੰਬੰਧੀ ਕੁਝ ਨਾਮਧਾਰੀ ਲੇਖਕਾਂ ਦਾ ਜ਼ਿਕਰ ਨਾ ਕਰਨਾ ਉਹਨਾਂ ਨਾਲ ਭਾਰੀ ਅਨਿਆਂ ਹੋਵੇਗਾ। ਉਦੋਂ ਨਾਮਧਾਰੀਆਂ ਤੋਂ ਪਹਿਲੀਆਂ ਪਾਬੰਦੀਆਂ ਭਾਵੇਂ ਉਠਾ ਲਈਆਂ ਗਈਆਂ ਸਨ, ਪਰ ਉਹਨਾਂ ਦੇ ਗਿਣੇ ਮਿਥੇ ਆਗੂਆਂ ਦਾ ਕਾਂਗਰਸ ਵਿਚ ਸ਼ਾਮਲ ਹੋ ਕੇ ਸੁਤੰਤਰਤਾ ਸੰਗਰਾਮ ਵਿਚ ਹਿੱਸਾ ਲੈਣਾ ਕੋਈ ਘੱਟ ਜੁਰਮ ਨਹੀਂ ਸੀ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦੋਵੇਂ ਛੋਟੇ

ਭਾਈ ਮਹਾਰਾਜ ਨਿਹਾਲ ਸਿੰਘ ਜੀ ਅਤੇ ਮਹਾਰਾਜ ਗੁਰਦਿਆਲ ਸਿੰਘ ਜੀ (ਪਰਲੋਕ ਵਾਸੀ) ਲੇਖਕ ਅਤੇ ਸ੍ਰੀ ਚਕ੍ਰਵਰਤੀ ਜੀ ਸਮੇਤ ਕਾਂਗਰਸ ਵਿਚ ਸ਼ਾਮਲ ਹੋ ਚੁਕੇ ਸਨ। ਅੰਗਰੇਜ਼ ਵਿਰੁਧ ਨਾ-ਮਿਲਵਰਤਨ ਦੀ ਲਹਿਰ ਜੋਬਨ ਤੇ ਸੀ। ਲੇਖਕ ਵੀ ਉਦੋਂ ਲਾਹੌਰ ਰਹਿੰਦਾ ਸੀ। ਦੋਵੇਂ ਮਹਾਰਾਜ ਅਤੇ ਸੰਤ ਮੰਗਲ ਸਿੰਘ ਅਰਸ਼ੀ ਫ਼ਰਿਸ਼ਤੇ ਕਾਂਗਰਸ ਦੇ ਸਰਗਰਮ ਕਾਰਕੁਨਾਂ ਵਿਚੋਂ ਸਨ। ਸਤਿਜੁਗ ਉਦੋਂ ਮਹਾਰਾਜ ਨਿਹਾਲ ਸਿੰਘ ਹੁਰਾਂ ਦੀ ਸਰਪ੍ਰਸਤੀ ਹੇਠ ਲਾਹੌਰੋਂ ਨਿਕਲਦਾ ਸੀ। ਪ੍ਰਲੋਕ ਵਾਸੀ ਸ੍ਰੀ ਨਿਰੰਕਾਰ ਸਿੰਘ ਜੀ "ਚੇਤਨ" ਉਸ ਦੇ ਪਹਿਲੇ ਸੰਪਾਦਕ ਸਨ। ਉਹਨਾਂ ਤੋਂ ਪਿਛੋਂ ਦੂਜੇ ਐਡੀਟਰ ਮਹਾਰਾਜ ਗੁਰਦਿਆਲ ਸਿੰਘ ਜੀ ਬਣੇ। ਤੀਜਾ ਸੰਪਾਦਕ ਹੋਣ ਦਾ ਮਾਣ ਮੈਨੂੰ ਪ੍ਰਾਪਤ ਹੋਇਆ। ਮਹਾਰਾਜ ਗੁਰਦਿਆਲ ਸਿੰਘ ਸਭ ਤੋਂ ਪਹਿਲੇ ਇਤਿਹਾਸ-ਲੇਖਕ ਹਨ ਜਿਨ੍ਹਾਂ ਨੇ ਨਵੇਂ ਅਤੇ ਪ੍ਰਚੱਲਤ ਤਰੀਕੇ ਨਾਲ ਨਾਮਧਾਰੀ ਇਤਿਹਾਸ ਨੂੰ ਪ੍ਰੈਸ ਤੇ ਪਲੈਟਫਾਰਮ ਰਾਹੀਂ ਪ੍ਰਚਾਰਨ ਦਾ ਜਤਨ ਕੀਤਾ। ਭਾਵੇਂ ਆਪ ਤੋਂ ਪਹਿਲਾਂ ਪ੍ਰਲੋਕਵਾਸੀ ਗਿਆਨੀ ਕਾਲਾ ਸਿੰਘ ਜੀ ਨੇ ਵੀ ਪੰਜਾਬੀ ਬੈਂਤਾਂ ਵਿਚ "ਨਾਮਧਾਰੀ ਪੰਥ ਪ੍ਰਕਾਸ਼" ਪ੍ਰਕਾਸ਼ਤ ਕਰਕੇ ਨਾਮਧਾਰੀ ਇਤਿਹਾਸ ਦੀ ਸ਼ਲਾਘਾ ਯੋਗ ਸੇਵਾ ਕੀਤੀ ਸੀ, ਪਰ ਮਹਾਰਾਜ ਗੁਰਦਿਆਲ ਸਿੰਘ ਜੀ ਦੀ ਖੋਜ, ਲਿਖਣ ਸ਼ੈਲੀ ਅਤੇ ਦਲੇਰੀ ਗ਼ਜ਼ਬ ਦੀ ਸੀ। ਆਪ ਬੜੇ ਵਿਦਵਾਨ ਤੇ ਅੰਗਰੇਜ਼ੀ ਦੇ ਆਲਮ ਸਨ। ਆਪ ਨੇ ਡਿਸਟਰਿਕਟ ਗਜ਼ਟ ਲੁਧਿਹਾਨਾਂ ਅਤੇ ਅੰਗਰੇਜ਼ ਲਿਖਾਰੀਆਂ ਦੀਆਂ ਹੋਰ ਪੁਸਤਕਾਂ ਵਿਚੋਂ ਮਸਾਲਾ ਇਕੱਠਾ ਕਰਨ ਦੀ ਹਿੰਮਤ ਕੀਤੀ। ਕੁਝ ਬਜ਼ੁਰਗਾਂ ਕੋਲੋਂ ਅੱਖੀਂ ਡਿੱਠੇ ਸਮਾਚਾਰ ਨੋਟ ਕੀਤੇ। ਵਲੈਤ ਵਿਚੋਂ "ਕੂਕਾ ਆਊਟ ਬ੍ਰੇਕ" ਜੋ ਪਾਰਲੀਮੈਂਟ ਨੇ ਪ੍ਰਕਾਸ਼ਤ ਕੀਤਾ ਸੀ, ਬੜੇ ਜਤਨਾਂ ਨਾਲ ਮੰਗਵਾਇਆ। ਗੱਲ ਕੀ, ਜੋ ਮਸਾਲਾ ਵੀ ਉਹਨਾਂ ਨੂੰ ਪ੍ਰਾਪਤ ਹੋਇਆ, ਉਸ ਦੇ ਅਧਾਰ ਤੇ ਉਹਨਾਂ ਨੇ ਸਤਿਜੁਗ ਵਿਚ ਮੁਖ ਲੇਖਾਂ ਦਾ ਇਕ ਸਿਲਸਿਲਾ - "ਹੱਡ-ਬੀਤੀ" ਪ੍ਰਕਾਸ਼ਤ ਕੀਤਾ। ਇਨ੍ਹਾਂ ਲੇਖਾਂ ਵਿਚ ਆਪ ਨੇ ਅੰਗਰੇਜ਼ ਸਰਕਾਰ ਦੀਆਂ ਲੂੰ ਕੰਡੇ ਕਰ ਦੇਣ ਵਾਲੀਆਂ ਵਹਿਸ਼ੀਆਨਾਂ ਤੇ ਜ਼ੁਲਮੀ ਘਟਨਾਵਾਂ ਨੂੰ ਇਸ ਅਨੋਖੇ ਅਤੇ ਹਿਰਦੇ-ਵੇਧਕ ਢੰਗ ਨਾਲ ਕਲਮ ਬੰਦ ਕੀਤਾ ਕਿ ਹਜ਼ਾਰਾਂ ਪਾਠਕਾਂ ਦੇ ਦਿਲ ਹਲੂਣੇ ਗਏ। ਪੇਂਡੂ ਲੋਕ ਤਾਂ ਕਿਤੇ ਰਹੇ ਪੜ੍ਹਿਆ ਲਿਖਿਆ ਸ਼ਹਿਰੀ ਤਬਕਾ ਵੀ ਹੈਰਾਨ ਰਹਿ ਗਿਆ। ਇਨ੍ਹਾਂ ਦਰਦਨਾਕ ਘਟਨਾਵਾਂ ਤੇ ਅੰਗਰੇਜ਼ ਨੇ ਆਪਣੀਆਂ ਪਿੱਠੂ ਸਭਾਵਾਂ ਨਾਲ ਰਲ ਕੇ ਅੱਧੀ ਸਦੀ ਤੋਂ ਵੀ ਵਧੀਕ ਸਮੇਂ ਤਕ ਪਰਦਾ ਪੌਂਦਿਆਂ ਕੂਕਿਆਂ ਦੀਆਂ ਕੁਰਬਾਨੀਆਂ ਨੂੰ ਫ਼ਿਰਕੂ ਉਪੱਦਰ ਜ਼ਾਹਰ ਕਰਕੇ ਮਲੀਆਮੇਟ ਕਰ ਛਡਿਆ ਸੀ, ਪਰ ਸ੍ਰੀ ਮਹਾਰਾਜ ਗੁਰਦਿਆਲ ਸਿੰਘ ਜੀ ਦੇ ਲੇਖਾਂ ਨੇ ਨਾਮਧਾਰੀ ਇਤਿਹਾਸ ਦੇ ਸੁੰਦਰ ਮੁੱਖ ਮੰਡਲ ਤੋਂ ਅੰਗਰੇਜ਼ ਪ੍ਰਾਪੇਗੰਡਿਸਟ ਨੀਤੀ ਦਾ ਘੁੰਡ ਚੁੱਕ ਦਿਤਾ। ਜਿਸ ਦੇ ਨਤੀਜੇ ਦੇ ਤੌਰ ਤੇ ਨਾਮਧਾਰੀ ਕੁਰਬਾਨੀਆਂ ਵੀ ਜਨਤਾ ਦੇ ਸਾਹਮਣੇ ਆ ਗਈਆਂ ਅਤੇ ਅੰਗਰੇਜ਼ਾਂ ਦੇ ਸ਼ਰਮਨਾਕ ਅੱਤਿਆਚਾਰਾਂ ਦੀਆਂ ਕੋਝੀਆਂ ਘਟਨਾਵਾਂ ਵੀ ਨਾਲ ਹੀ ਸਿੱਖ ਰਾਜਿਆਂ ਜਾਗੀਰਦਾਰਾਂ ਅਤੇ ਸਰਦਾਰਾਂ ਦੀ ਗ਼ਦਾਰੀ ਦਾ ਨੰਗਾ ਤੇ ਘਿਰਣਤ ਨਾਚ ਵੀ ਜਨਤਾ ਦੇ ਸੌਂਹੇਂ ਸਾਮ੍ਹਤੱਖ ਹੋ ਗਿਆ। ਮਲੇਰ ਕੋਟਲੇ ਦੇ ਕੱਲਰ ਵਿਚ ਨਾਮਧਾਰੀ ਸਿੱਖਾਂ ਨੂੰ ਉਡੌਣ ਵਾਸਤੇ ਜੋ ਤੋਪਾਂ ਬੀੜੀਆਂ ਗਈਆਂ, ਉਹ ਪੰਜਾਬ ਦੀਆਂ ਸਿੱਖ ਰਿਆਸਤਾਂ ਦੇ ਮਹਾਰਾਜਿਆਂ ਨੇ ਭੇਜੀਆਂ ਸਨ। ਮਹਾਰਾਜ ਜੀ ਦੁਆਰਾ ਲਿਖੇ ਗਏ ਲੇਖਾਂ ਦੀ ਧੁੰਮ ਪੈ ਗਈ ਅਤੇ ਇਸ ਬਾਰੇ ਉਹਨਾਂ ਨੂੰ ਕਈ ਸੱਜਨਾਂ ਵਲੋਂ ਪ੍ਰਸੰਸਾ ਤੇ ਵਧਾਈ ਪੱਤਰ ਪ੍ਰਾਪਤ ਹੋਏ। ਮੈਨੂੰ ਯਾਦ ਹੈ ਕਿ ਇਕ ਦਿਨ ਇਕ ਖ਼ਾਸ ਸੱਜਣ ਨੇ ਹਮਦਰਦੀ ਦੇ ਤੌਰ ਤੇ ਉਹਨਾਂ ਨੂੰ ਕਿਹਾ ਕਿ - "ਮਹਾਰਾਜ! ਆਪ ਨੂੰ ਪਤਾ ਹੈ ਕਿ ਆਪ ਤੋਂ ਹੁਣੇ ਹੁਣੇ ਪਾਬੰਦੀਆਂ ਉਠੀਆਂ ਹਨ"। ਮਹਾਰਾਜ ਜੀ ਨੇ ਗੰਭੀਰਤਾ ਨਾਲ ਉੱਤਰ ਦਿਤਾ - "ਉਠੀਆਂ ਹਨ, ਮੈਨੂੰ ਪਤਾ ਹੈ, ਪਰ ਜਦ ਤਕ ਸਾਰੇ ਦੇਸ਼ ਦੇ ਕਰੋੜਾਂ ਬੰਦੇ ਬਦੇਸੀ ਰਾਜ ਦੇ ਗ਼ੁਲਾਮ ਹਨ, ਮੈਂ ਆਪਣੇ ਆਪ ਨੂੰ ਸੁਤੰਤਰ ਨਹੀਂ ਮੰਨ ਸਕਦਾ"। ਮਿਤ੍ਰ ਨੇ ਕਿਹਾ -

"ਮਹਾਰਾਜ ! ਮੈਨੂੰ ਇਕ ਆਹਲਾ ਸਿੱਖ ਅਫ਼ਸਰ ਨੇ ਕਿਹਾ ਹੈ ਕਿ ਜੇ ਮਹਾਰਾਜ ਅਜਿਹੇ ਲੇਖ ਲਿਖਣੋਂ ਬਾਜ਼ ਨਾ ਆਏ ਤਾਂ ਆਪ ਨੂੰ ਛੇਤੀ ਜੇਲ੍ਹ ਯਾਤਰਾ ਕਰਨੀ ਪਵੇਗੀ"।
ਮਹਾਰਾਜ ਨੇ ਅਣਖੀਲੇ ਜਜ਼ਬੇ ਨਾਲ ਕਿਹਾ – "ਜਾਹ ਵੀਰ ! ਕਹਿ ਦੇ ਉਸ ਅਫ਼ਸਰ ਨੂੰ – ਅਭੀ ਤੋ –
"ਇਬਤਦਾਏ ਇਸ਼ਕ ਹੈ, ਰੋਤਾ ਹੈ ਕਿਆ
ਆਗੇ ਆਗੇ ਦੇਖੀਏ ਹੋਤਾ ਹੈ ਕਿਆ"।
ਜੇਲ੍ਹ ਦੀ ਤਾਂ ਗੱਲ ਹੀ ਕੋਈ ਨਹੀਂ, ਮੈਂ ਤਾਂ ਕੂਕਾ ਇਤਿਹਾਸ ਦੇ ਫਲ ਰੂਪ ਵਿਚ ਫਾਂਸੀ ਦੇ ਝੂਟੇ ਲੈਣ ਨੂੰ ਤਿਆਰ ਬੈਠਾ ਹਾਂ"।
ਮਹਾਰਾਜ ਜੀ ਨੂੰ ਇਤਿਹਾਸ ਲਿਖਣ ਦਾ ਬਹੁਤ ਸ਼ੌਕ ਸੀ। ਆਪ ਨੇ ਇਸਦੇ ਵਾਸਤੇ ਰਾਤ ਦਿਨ ਕੰਮ ਕੀਤਾ। ਆਪ ਅੰਗਰੇਜ਼ੀ ਵਿਚ ਨਾਮਧਾਰੀ ਇਤਿਹਾਸ ਲਿਖ ਕੇ ਛਪਵਾਣ ਦੀ ਪ੍ਰਬਲ ਇੱਛਾ ਰਖਦੇ ਸਨ। ਦਸਿਆ ਜਾ ਚੁੱਕਾ ਹੈ, ਆਪ ਨੇ ਬੜੀ ਮਿਹਨਤ ਨਾਲ "ਕੂਕਾ ਆਊਟ ਬ੍ਰੇਕ" ਲੰਦਨ ਤੋਂ ਮੰਗਵਾਇਆ ਸੀ । ੧੯੨੧ ਈ: ਵਿਚ ਆਪ ਨੇ ਲਾਹੌਰ ਤੋਂ ਸਤਿਜੁਗ ਦਾ ਪਹਿਲਾ ਬਸੰਤ ਅੰਕ ਪ੍ਰਕਾਸ਼ਤ ਕਰ ਕੇ ਨਾਮਧਾਰੀ ਇਤਿਹਾਸ ਨੂੰ ਜਨਤਕ ਦਿਲਚਸਪੀ ਦਾ ਵਿਸ਼ੈ ਬਣਾ ਦਿਤਾ ਸੀ। ਆਪਣੇ ਕੋਲੋਂ ਮੈਟਰ ਅੰਗ੍ਰੇਜ਼ੀ, ਵਿਚ ਟਾਈਪ ਕਰਵਾ ਕੇ ਦੇਸ਼ ਦੇ ਆਗੂਆਂ ਅਤੇ ਪੱਤਰਕਾਰਾਂ ਨੂੰ ਦੇ ਕੇ ਉਹਨਾਂ ਤੋਂ ਲੇਖ ਪ੍ਰਾਪਤ ਕੀਤੇ ਗਏ, ਜਿਨ੍ਹਾਂ ਨੂੰ ਸਤਿਜੁਗ ਦੇ ਇਸ ਬਸੰਤ ਅੰਕ ਵਿਚ ਪ੍ਰਕਾਸ਼ਤ ਕੀਤਾ ਗਿਆ। ਭਾਰਤ ਦੇ ਪ੍ਰਸਿੱਧ ਨੇਤਾ ਸ: ਸਰਦੂਲ ਸਿੰਘ ਕਵੀਸ਼ਰ, ਸੁਰਗਵਾਸੀ ਡਾ: ਸਤਯਪਾਲ ਜੀ, ਮੌਲਾਨਾ ਜ਼ਫ਼ਰ ਅਲੀ ਐਡੀਟਰ 'ਜ਼ਿਮੀਂਦਾਰ', ਚੌਧਰੀ ਗੁਲਾਮ ਹੈਦਰ ਐਡੀਟਰ 'ਸਦਾਕਤ' ਅਤੇ ਮੌਲਾਨਾ ਸਈਅਦ ਹਬੀਬ ਐਡੀਟਰ ਰੋਜ਼ਾਨਾ 'ਸਿਆਸਤ', ਪ੍ਰਸਿਧ ਹਿੰਦੂ ਆਗੂ ਡਾ: ਗੋਕਲ ਚੰਦ ਨਾਰੰਗ ਆਦਿ ਵਿਦਵਾਨਾਂ ਦੇ ਕੂਕਾ ਲਹਿਰ ਸੰਬੰਧੀ ਲੇਖਾਂ ਦਾ ਇਕ ਪਰਵਾਹ ਚੱਲ ਪਿਆ ਸੀ, ਪਰ ਸ਼ੌਕ! ਕਿ ਮਹਾਰਾਜ ਗੁਰਦਿਆਲ ਸਿੰਘ ਜੀ ਆਪਣੇ ਮਿਸ਼ਨ ਨੂੰ ਅਧੂਰਾ ਛੱਡ ਕੇ ਪ੍ਰਲੋਕ ਸਿਧਾਰ ਗਏ।
ਨਾਮਧਾਰੀ ਇਤਿਹਾਸ ਵਿਸ਼ਯਕ ਲੇਖਾਂ ਅਤੇ ਪੁਸਤਕਾਂ ਲਿਖਣ ਸੰਬੰਧੀ ਸ੍ਰੀ ਮਾਨ ਸੰਤ ਇੰਦਰ ਸਿੰਘ ਜੀ ਚਕ੍ਰਵਰਤੀ ਦਾ ਪੁਰਸ਼ਾਰਥ ਬਹੁਤ ਸ਼ਲਾਘਾਯੋਗ ਹੈ। ਉਹਨਾਂ ਦੀ ਇਤਿਹਾਸਕ ਖੋਜ ਬਾਰੇ ਕੀਤੀ ਮਿਹਨਤ ਨੂੰ ਕਿਸੇ ਤਰਾਂ ਵੀ ਅੱਖਾਂ ਤੋਂ ਓਹਲੇ ਨਹੀਂ ਕੀਤਾ ਜਾ ਸਕਦਾ। ਆਪ ਦੀ ਇਤਿਹਾਸਕ ਜਾਣਕਾਰੀ, ਵਿਦਵਤਾ ਅਤੇ ਲਿਖਣ-ਸ਼ੈਲੀ ਦੀ ਨਾ ਕੇਵਲ ਨਾਮਧਾਰੀ ਹੀ ਸਰਾਹਨਾ ਕਰਦੇ ਹਨ, ਸਗੋਂ ਗ਼ੈਰ-ਨਾਮਧਾਰੀ ਵੀ ਉਸ ਦੇ ਕਾਇਲ ਹਨ। ਆਪ ਇਕ ਉੱਚ ਕੋਟੀ ਦੇ ਕਹਾਣੀਕਾਰ ਤੇ ਨਾਟਕ-ਲੇਖਕ ਵੀ ਹਨ। ਆਪ ਦੀਆਂ ਰਚਨਾਵਾਂ "ਸ਼ਾਹੀ ਕੈਦੀ" "ਬੀਤ ਰਾਗ", "ਨਾਮਧਾਰੀ ਇਤਿਹਾਸ ਹਿੱਸਾ ਪਹਿਲਾ" "ਅੜਬੰਗੀ" ਆਦਿ ਬੇ-ਮਿਸਾਲ ਰਚਨਾਵਾਂ ਹਨ। ਆਪ ਤਹਿਰੀਰ ਦੇ ਇਲਾਵਾ ਤਕਰੀਰ ਦੇ ਵੀ ਧਨੀ ਹਨ। ਆਪ ਦੀ ਲੇਖਣੀ ਦੁਆਰਾ ਲਿਖੇ ਗਏ ਉਹ ਲੇਖ ਜੋ ਸਤਿਜੁਗ ਦੇ ਬਸੰਤ ਅੰਕਾਂ ਵਿਚ ਪ੍ਰਕਾਸ਼ਤ ਹੁੰਦੇ ਰਹੇ, ਨਾਮਧਾਰੀ ਇਤਿਹਾਸ ਦੀ ਅਣਮੋਲ ਪੂੰਜੀ ਹਨ। ੧੦ ਮਾਘ ੧੯੯੨ ਬਿ: ਦੇ ਬਸੰਤ ਅੰਕ ਵਿਚ ਆਪ ਦਾ "ਅਪੂਰਵ ਬਲੀਦਾਨ" ਲੇਖ ਆਪਣਾ ਨਮੂਨਾ ਹੈ। ਇਹ ਲੇਖ ੨੦×੨੬ ਅਠਵੇਂ ਦੇ ੨੯ ਪੰਨਿਆਂ ਤੇ ਛਪਿਆ ਹੈ। ਇਸਦੇ ਪੜ੍ਹਨ ਨਾਲ ਮਨ ਰਬਾਬ ਦੀਆਂ ਤਰਬਾਂ, ਆਪਣੇ ਆਪ ਹਰਕਤ ਵਿਚ ਆ ਇੰਝ ਅਦਭੁਤ ਖੇੜਾ ਤੇ ਸਰੂਰ ਪੈਦਾ ਕਰ ਦਿੰਦੀਆਂ ਹਨ। ਇਸ ਲੇਖ ਨੇ ਜਿਥੇ ਨਾਮਧਾਰੀਆਂ ਅਤੇ ਹੋਰ ਦੇਸ਼ ਭਗਤ ਪਾਠਕਾਂ ਨੂੰ ਮਸਤਾਨਿਆਂ ਕਰ ਦਿਤਾ ਸੀ, ਓਥੇ ਅੰਗਰੇਜ਼ ਦੀਆਂ ਵੀ ਗੁੱਡੀਆਂ ਭਵਾ ਦਿਤੀਆਂ ਸਨ। ਅੰਗਰੇਜ਼ ਭਲਾ ਅਜਿਹੇ ਲੇਖ ਨੂੰ ਕਿਵੇਂ ਸਹਾਰ ਸਕਦਾ ਸੀ, ਜਿਸਦੇ ਇਕ ਇਕ ਪਦ ਵਿਚੋਂ ਉਸਨੂੰ ਅੰਗਰੇਜ਼ੀ ਸਾਮਰਾਜ ਦੇ ਵਿਰੁਧ ਬਗਾਵਤ ਦੀ ਮੁਸ਼ਕ

ਆਉਂਦੀ ਸੀ। ਉਹ 'ਅਪੂਰਵ ਬਲੀਦਾਨ' ਵੇਖ ਕੇ ਤਿਲਮਲਾ ਉਠਿਆ ਅਤੇ ਉਸਨੇ ਇਸ ਲੇਖ ਦੇ ਅਧਾਰ ਤੇ ਸਤਿਜੁਗ ਦੇ ਇਸ ਅੰਕ ਨੂੰ ਜ਼ਬਤ ਕਰ ਕੇ ਆਪਣਾ ਕਲੇਜਾ ਠੰਢਾ ਕੀਤਾ।
ਸੰਮਤ ੧੯੮੬ ਬਿ: ਦੇ ਬਸੰਤ ਅੰਕ ਵਿਚ ਸ੍ਰੀ ਚਕਰਵਰਤੀ ਜੀ ਦਾ ਇਕ ਹੋਰ ਲੇਖ ਪ੍ਰਕਾਸ਼ਤ ਹੋਇਆ ਸੀ ਜਿਸਨੇ ਪੂਰੇ ੮੪ ਪੰਨੇ ਮੱਲੇ ਸਨ। ਇਹ ਆਪਣੇ ਆਪ ਵਿਚ ਇਕ ਵੱਖਰਾ ਇਤਿਹਾਸਕ ਨੁਸਖ਼ਾ ਹੈ, ਜਿਸਨੂੰ ਜੇ ੨੦×੨੬=੧੬ ਦੇ ਆਕਾਰ ਵਿਚ ਛਾਪਿਆ ਜਾਵੇ ਤਾਂ ੧੬੪ ਪੰਨਿਆਂ ਦੀ ਇਕ ਤਵਾਰੀਖ਼ ਤਿਆਰ ਹੋ ਜਾਂਦੀ ਹੈ। ਇਹ ਲੇਖ ਕਾਫ਼ੀ ਖੋਜ ਅਤੇ ਘਟਨਾ ਦੀ ਜਾਣਕਾਰੀ ਦਾ ਸਬੂਤ ਹੈ। ਆਪ ਨੇ ਹੋਰ ਵੀ ਬਹੁਤ ਸਾਰੇ ਇਤਿਹਾਸਕ ਲੇਖ ਲਿਖੇ ਹਨ, ਜਿਨ੍ਹਾਂ ਤੋਂ ਨਾਮਧਾਰੀ ਪ੍ਰਚਾਰਕਾਂ, ਜਥੇਦਾਰਾਂ ਅਤੇ ਖੋਜੀਆਂ ਨੂੰ ਕਾਫ਼ੀ ਮਸਾਲਾ ਪ੍ਰਾਪਤ ਹੋਇਆ ਹੈ। ਗੁਰੂ ਬਾਲਕ ਸਿੰਘ ਜੀ ਦਾ ਜੀਵਨ ਅਰਥਾਤ ਨਾਮਧਾਰੀ ਇਤਿਹਾਸ ਹਿੱਸਾ ਪਹਿਲਾ ਵੀ ਆਪ ਦੀ ਇਕ ਖ਼ਾਸ ਰਚਨਾ ਹੈ ।
'ਜੁੱਗ ਪਲਟਾਊ ਸਤਿਗੁਰੂ' ਬਾਰੇ ਮੈਨੂੰ ਕੁਝ ਲਿਖਣ ਜਾਂ ਕਹਿਣ ਦਾ ਅਧਿਕਾਰ ਨਹੀਂ ਹੈ। ਇਹ ਪੁਸਤਕ ਮੈਂ ਸ੍ਰੀ ਹਜ਼ੂਰ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਨਾ ਕੇਵਲ ਦੇਖ ਰੇਖ ਵਿਚ ਲਿਖਿਆ ਸੀ, ਸਗੋਂ ਇਹ ਉਹਨਾਂ ਦੀ ਪ੍ਰਵਾਨਗੀ ਨਾਲ ਉਹਨਾਂ ਦੇ ਹੀ ਪ੍ਰਬੰਧ ਹੇਠ ਛਪਿਆ ਸੀ। ਨਾਮਧਾਰੀ ਇਤਿਹਾਸ ਦਾ ਜਿੰਨਾਂ ਗਿਆਨ ਸ੍ਰੀ ਹਜ਼ੂਰ ਨੂੰ ਹੈ, ਕਿਸੇ ਦੂਜੇ ਨੂੰ ਨਹੀਂ ਹੋ ਸਕਦਾ। ਸ੍ਰੀ ਮਾਨ ਭਾਈ ਸੰਤੋਖ ਸਿੰਘ ਜੀ ਦੇ 'ਸਤਿਗੁਰੂ ਬਿਲਾਸ' ਦਾ ਇਕ ਇਕ ਪੱਤਰਾ ਉਹਨਾਂ ਨੂੰ ਯਾਦ ਹੈ। ਸ੍ਰੀ ਮਾਨ ਭਾਈ ਸਾਹਿਬ ਸੰਤ ਧਿਆਨ ਸਿੰਘ ਜੀ ਦਾ ਛੰਦਾ ਬੰਦੀ 'ਸਤਿਗੁਰੂ ਬਿਲਾਸ' ਆਪ ਜੀ ਦੇ ਹਿਰਦੇ ਵਿਚ ਅੰਕਿਤ ਹੈ। ਇਨ੍ਹਾਂ ਦੋਹਾਂ ਇਤਿਹਾਸਕਾਰ ਮਹਾਂ ਪੁਰਖਾਂ ਨੇ ਨਾਮਧਾਰੀ ਪੰਥ ਦੀ ਜੋ ਸੇਵਾ ਕੀਤੀ ਹੈ, ਉਸ ਲਈ ਪੰਥ ਉਹਨਾਂ ਦਾ ਰਿਣੀ ਹੈ। ਸੰਤ ਧਿਆਨ ਸਿੰਘ ਦਾ ਪੁਸਤਕ ਛਪ ਚੁਕਾ ਹੈ ਅਤੇ ਭਾਈ ਸੰਤੋਖ ਸਿੰਘ ਜੀ ਦਾ ਛਪਵਾਣ ਦੀਆਂ ਤਿਆਰੀਆਂ ਹਨ। ਸ੍ਰੀ ਮਾਨ ਸੰਤ ਹਰਨਾਮ ਸਿੰਘ ਜੀ ਬਗਲੀ ਵਾਲਿਆਂ ਦਾ ਪੰਜਾਬੀ ਬੈਂਤਾਂ ਵਿਚ ਪ੍ਰਕਾਸ਼ਤ ਪੁਸਤਕ 'ਸੰਤ ਖਾਲਸਾ' ਇਕ ਅਨੋਖੀ ਸੁਗਾਤ ਸੀ, ਪਰ ਪੰਜਾਬ ਸਰਕਾਰ ਨੇ ਉਸਨੂੰ ਛਪਣ ਤੋਂ ਝਬਦੇ ਪਿਛੇ ਜ਼ਬਤ ਕਰ ਲਿਆ ਸੀ, ਜਿਸ ਕਰ ਕੇ ਜਨਤਾ ਉਸ ਤੋਂ ਲਾਭ ਨਹੀਂ ਪ੍ਰਾਪਤ ਕਰ ਸਕੀ, ਪਰ ਹੁਣ ਆਪਣੇ ਰਾਜ ਵਿਚ ਉਸ ਪੁਸਤਕ ਨੂੰ ਮੁੜ ਪ੍ਰਕਾਸ਼ ਵਿਚ ਲਿਔਣਾ ਜ਼ਰੂਰੀ ਹੈ। 'ਸੰਤ ਖਾਲਸਾ' ਸ੍ਰੀ ਚਕਰਵਰਤੀ ਜੀ ਦੇ ਲੇਖ 'ਗੁਰੂ ਅਵਤਾਰ' ਦਾ ਹੂ-ਬ-ਹੂ ਬੈਂਤਾਂ ਵਿਚ ਵਰਨਣ ਹੈ। ਸ੍ਰੀ ਮਾਨ ਗਿਆਨੀ ਕਾਲਾ ਸਿੰਘ ਜੀ ਦੇ ਪੰਥ ਪ੍ਰਕਾਸ਼ ਦਾ ਪਿਛੇ ਜ਼ਿਕਰ ਆ ਚੁਕਾ ਹੈ ਜਿਸਨੇ ਓਸ ਸਮੇਂ ਭਾਵੇਂ ਸੰਪੂਰਨ ਚਾਨਣਾ ਨਹੀਂ ਦਿਤਾ, ਪਰ ਫੇਰ ਵੀ ਧਾਰਮਿਕ ਅਤੇ ਸਮਾਜਕ ਘਟਨਾਵਾਂ ਦਾ ਚੰਗਾ ਵਰਨਣ ਕੀਤਾ ਅਤੇ ਵਾਕਫ਼ੀ ਦਿਤੀ ਹੈ।
ਨਾਮਧਾਰੀ ਇਤਿਹਾਸ ਦੇ ਇਨ੍ਹਾਂ ਪਹਿਲੇ ਲਿਖਾਰੀਆਂ ਦਾ 'ਪੁਲਾਅ ਵਿਚੋਂ ਇਕ ਦਾਣਾ ਟੋਹਣ' ਦੇ ਨਿਆਇ ਨਾਲ ਨਾਮਧਾਰੀ ਪੰਥ ਦੇ ਇਤਿਹਾਸ-ਲੇਖਕ ਹੋਣ ਦੇ ਨਾਤੇ ਜਿੰਨਾਂ ਵੀ ਮਾਣ ਕੀਤਾ ਜਾਏ, ਥੋੜਾ ਹੈ। ਭਾਵੇਂ ਉਹਨਾਂ ਨੂੰ ਬਹੁਤ ਸਹੂਲਤਾਂ ਪ੍ਰਾਪਤ ਨਹੀਂ ਸਨ ਅਤੇ ਕਾਨੂੰਨ ਦੀ ਤਲਵਾਰ ਉਹਨਾਂ ਦੇ ਸਿਰਾਂ ਤੇ ਲਟਕਦੀ ਰਹਿੰਦੀ ਸੀ, ਪਰ ਉਨ੍ਹਾਂ ਦੇ ਪੰਥ ਪ੍ਰੇਮ ਅਤੇ ਉਤਸ਼ਾਹ ਦਾ ਸਦਕਾ ਜਨਤਾ ਨੂੰ ਨਾਮਧਾਰੀ ਇਤਿਹਾਸ ਦੇ ਵਿਸ਼ਾਲ ਸਾਗਰ ਵਿਚੋਂ ਅਮੋਲਕ ਰਤਨ ਕਾਫ਼ੀ ਗਿਣਤੀ ਵਿਚ ਪ੍ਰਾਪਤ ਹੋਏ ਹਨ।
ਇਕ ਦਿਨ ਅਚਾਨਕ ਹੀ ਮੈਨੂੰ ਪਟਿਆਲੇ ਜਾਣ ਦਾ ਕੰਮ ਪਿਆ। ਮੈਂ ਓਥੇ ਸਾਰਾ ਦਿਨ ਰਹਿ ਕੇ ਚਕਰਵਰਤੀ ਜੀ ਲਿਖਤ 'ਮਾਲਵਿੰਦਰ' ਮਹਾਂ ਕਾਵਿ ਪੜ੍ਹ ਕੇ ਅਨੰਦ ਲੈਂਦਾ ਰਿਹਾ ਤੇ ਉਸੇ ਸਮੇਂ ਇਸ ਦੀ ਭੂਮਿਕਾ ਦੇ ਨੋਟ ਵੀ ਲਿਖ ਲਏ।

# ਮਹਾਂ ਕਾਵਿ ਬਾਰੇ

ਸਾਹਿਤ ਵਿਚ ਮਹਾਂ ਕਾਵਿ ਦਾ ਸਥਾਨ ਬੜਾ ਉਚਾ ਹੈ। ਉਤਮ ਮਹਾਂ ਕਾਵਿ ਦਾ ਪ੍ਰਭਾਵ ਸੰਪੂਰਣ ਜਾਤੀ ਨੂੰ ਪ੍ਰਭਾਵਤ ਕਰ ਦਿੰਦਾ ਹੈ, ਜਿਸ ਦੀ ਪ੍ਰੇਰਣਾਂ ਤੋਂ ਸਮਾਜਕ ਜੀਵਨ ਬਹੁਤ ਉਚੇਰਾ ਹੋ ਉਠਦਾ ਹੈ। ਵਕਤ ਦੇ ਸ਼੍ਰੇਸ਼ਟ ਸਮਾਜ ਦਾ ਚਿਤ੍ਰਨ ਏਸ ਵਿਚ ਪ੍ਰਧਾਨ ਸਥਾਨ ਲੈ ਲੈਂਦਾ ਹੈ, ਜਿਸ ਦੇ ਸ਼ਾਸਤ੍ਰੀ ਨਿਯਮ, ਤੇ ਬੰਧਾਨ ਕੁਝ ਏਸ ਤਰ੍ਹਾਂ ਦੇ ਕਥਨ ਕੀਤੇ ਗਏ ਹਨ :

੧. ਨਾਇਕ ਏਸ ਦਾ ਮਹਾਨ ਪੁਰਸ਼ ਹੋਣਾ ਚਾਹੀਦਾ ਹੈ, ਜਿਸ ਦਾ ਵਕਤ ਦੇ ਸਮਾਜ ਤੇ ਵਿਆਪਕ ਅਸਰ ਰਹਿੰਦਾ ਹੈ। ਦੇਸ਼ ਲਈ ਉਸ ਦਾ ਕੰਮ ਮਹਾਨ ਹੁੰਦਾ ਹੈ। ਇਸ ਦੇ ਬਾਕੀ ਮੁਖ ਪਾਤਰਾਂ ਦਾ ਜੀਵਨ ਵੀ ਬੜੀ ਦ੍ਰਿੜ੍ਹਤਾ ਵਾਲਾ ਤੇ ਪਹਾੜ ਨਾਲ ਮੱਥਾ ਡਾਹ ਲੈਣ ਵਾਲਾ ਹੁੰਦਾ ਹੈ। ਮਹਾਂ ਕਾਵਿ ਦਾ ਕਰਤਾ ਵੀ ਨਾਇਕ ਵਾਂਗ ਆਪ ਹੀ ਸੱਭਿਆਚਾਰਕ ਚਿੰਨ੍ਹ ਵਾਂਗ ਗਿਆਨ ਦਾ ਚਿੰਨ੍ਹ ਬਣ ਜਾਂਦਾ ਹੈ।

੨. ਮਹਾਂਕਾਵਿ ਕਾਂਡਾਂ ਵਿਚ ਬੱਝਾ ਹੁੰਦਾ ਹੈ ਜੋ ਅੱਠਾਂ ਤੋਂ ਘੱਟ ਨਹੀਂ ਹੋਣੇ ਚਾਹੀਦੇ। ਆਕਾਰ ਏਸ ਦਾ ਵੱਡਾ ਹੀ ਸ਼ੋਭਾ ਦਿੰਦਾ ਹੈ।

੩. ਸ਼ਿੰਗਾਰ, ਵੀਰ ਤੇ ਸ਼ਾਂਤ ਰਸ ਵਿਚੋਂ ਕਿਸੇ ਇਕ ਦੀ ਏਸ ਵਿਚ ਪ੍ਰਧਾਨਤਾ ਹੋਣੀ ਚਾਹੀਦੀ ਹੈ।

੪. ਏਸ ਦਾ ਵਿਸ਼ਾ ਹਰਮਨ ਪਿਆਰਾ ਤੇ ਜ਼ਿੰਦਗੀ ਨੂੰ ਉਚਿਔਣ ਵਾਲਾ ਹੋਵੇ। ਜਦੋ-ਜਹਿਦ ਏਸ ਦਾ ਮਹਾਨ ਗੁਣ ਹੈ।

੫. ਇਸ ਦੀ ਸਾਰੀ ਕਥਾ ਇਕ ਲੜੀ ਵਿਚ ਬੱਝੀ ਹੋਣੀ ਚਾਹੀਦੀ ਹੈ।

੬. ਇਕੋ ਛੰਦ ਇਕ ਕਾਂਡ ਵਿਚ ਵਰਤਣਾ ਵੀ ਏਸ ਦੀ ਖ਼ਾਸੀਅਤ ਹੈ।

੭. ਪ੍ਰਕਿਰਤੀ ਚਿਤ੍ਰਣ ਤੇ ਪਾਤ੍ਰ ਉਸਾਰੀ ਏਸ ਦਾ ਸਭ ਤੋਂ ਵੱਡਾ ਅੰਗ ਹੈ।

੮. ਮੰਗਲਾਚਰਨ ਵੀ ਪੁਰਾਣਤਾ ਵਿਚ ਮੰਨਿਆਂ ਇਕ ਗੁਣ ਹੈ; ਪਰ ਅਤਿ ਜ਼ਰੂਰੀ ਅੰਗ ਨਹੀਂ।

**ਮਾਲਵਿੰਦਰ** ਮਹਾਂ ਕਾਵਿ ਦਾ ਮੰਗਲਾ ਚਰਨ ਪੰਜਾਬ ਤੇ ਪੰਜਾਬੀਆਂ ਦਾ ਸੁੰਦਰ, ਗੁਣ ਗਾਇਨ ਹੀ ਮੰਨਿਆਂ ਜਾ ਸਕਦਾ ਹੈ। ਆਪਣੇ ਪੂਜਯ ਦੇਵਤਾ ਜਾਂ ਗੁਰੂ ਦੀ ਸਿਫ਼ਤ ਵਿਚ ਆਦਰ ਸੂਚਕ ਕਹੇ ਕੁਝ ਸ਼ਬਦ ਹੀ ਤਾਂ ਮੰਗਲਾ ਚਰਨ ਹੈ। ਏਥੇ ਮਾਤਰ ਭੂਮੀ ਨੂੰ ਹੀ ਪੂਜਯ ਦੇਵਤਾ ਮੰਨ ਲੈਣਾ ਅਵਗੁਣ ਨਹੀਂ ਤੇ ਉਸ ਦੀ ਮਿਠਾਸ ਨਾਲ ਪਲ ਰਹੇ ਉਸ ਦੇ ਆਪਣੇ ਬੱਚਿਆਂ ਦੀ ਸ਼ੈਲ ਸ਼ਬਾਹਤ ਨੂੰ ਰਸੀਲੇ ਸ਼ਬਦਾਂ ਵਿਚ ਕਹਿਣਾਂ ਹੀ ਸੁੰਦਰ ਮੰਗਲ ਹੈ।

ਦੇਸ਼ ਪੰਜਾਬ ਸੁਹਾਵਣਾਂ ਦੇਸ਼ਾਂ ਦਾ ਸਰਦਾਰ
ਜਿਸ ਦੇ ਕਣ-ਕਣ ਵਿਚ ਹੈ, ਭਰਿਆ ਦੇਸ਼ ਪਿਆਰ
ਜਿਵੇਂ ਮੁਨਾਰਾ ਭਰਥਿਆ, ਕਦ ਸਰੂ ਇਕ ਸਾਰ

੨. ਮਾਲਵਿੰਦਰ ਦੇ ਨਾਇਕ ਧੀਰ, ਵੀਰ, ਮਹਾਨ ਆਦਰਸ਼-ਪੁਰਸ਼ ਦੁਨੀਆਂ ਵਿਖਿਆਤ ਵਿਅੱਕਤੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਹਨ, ਜਿਨ੍ਹਾਂ ਦੀ ਸਪਿਰਿਟ ਨੇ ਪੰਜਾਬ ਨੂੰ ਝੂਣ ਕੇ ਜਗਾ ਦਿਤਾ ਅਤੇ ਮਰੀਆਂ ਰੂਹਾਂ, ਨੰਗੇ ਧੜ ਤੋਪਾਂ ਸਾਹਮਣੇ ਬੜ੍ਹਕਾਂ ਮਾਰ ਉਠੀਆਂ।

ਸਾਨੂੰ ਡਰ ਨਹੀਂ ਮੌਤ ਦਾ, ਨਹੀਂ ਪਿਆਰੀ ਜਾਨ
ਕਰੋ ਇਸ਼ਾਰਾ ਜਦ ਤੁਸੀਂ, ਆਈਏ ਛਾਤੀ ਤਾਨ
ਅਸੀਂ ਖਲੋ ਨਾ ਸਕੀਏ, ਤੋਪ ਵਲ ਕਰ ਪਿੱਠ
ਸਿਧੇ ਮੱਥੇ ਮਰਾਂਗੇ, ਮਰਦਾਂ ਵਾਂਗਰ ਨਿੱਠ
"ਔਣਾਂ ਭਾਵੇਂ ਅੱਜ ਦਿਨ, ਕਿਸੇ ਮਹਾਂ ਅਵਤਾਰ
ਆਏ ਮਾਨਸ ਰੂਪ ਧਰ, ਪੂਰਨ ਗੁਰ ਅਵਤਾਰ

ਮਾਲਵਿੰਦਰ ਦੇ ਕਰਤਾ 'ਸ੍ਰੀ ਚਕਰਵਰਤੀ' ਜੀ ਉਦਾਰ ਭਾਵ ਰਖਣ ਵਾਲੇ, ਕੌਮੀ ਪਿਆਰ ਤੇ ਦੇਸ਼ ਦਰਦ ਵਿਚ ਭਿੱਜੇ ਕਵੀ ਹਨ। ਜਿਨ੍ਹਾਂ ਦੀ ਸ਼ੁਹਰਤ ਅਜ ਪੰਜਾਬ ਹੀ ਨਹੀਂ ਭਾਰਤ ਦੇ ਦੂਸਰੇ ਹਿੱਸਿਆਂ ਵਿਚ ਵੀ ਖਿੱਲਰੀ ਹੋਈ ਹੈ। ਜੰਗੇ ਆਜ਼ਾਦੀ ਲਈ ਆਪ ਦੀ ਕੁਰਬਾਨੀ ਬੇ-ਮਿਸਾਲ ਹੈ।

੩. ਅੱਜ ਰਸਾਂ ਨੂੰ ਗਿਣਤੀ ਦੇ ਤੰਗ ਦਾਇਰੇ ਵਿਚੋਂ ਕੱਢ ਕੇ ਵਿਆਪਕ ਪੱਧਰ ਤੇ ਲੈ ਆਂਦਾ ਹੈ। ਰਸ ਅਜ ਅਨੰਤ ਰੂਪ ਧਾਰ ਰਹੇ ਹਨ, ਜਿਸ ਲਈ ਮਾਲਵਿੰਦਰ ਵਿਚ ਵੀ ਬੇਅੰਤ ਰਸ ਆ ਗਏ ਹਨ, ਜਿਨ੍ਹਾਂ ਦੇ ਨਾਮ ਨਹੀਂ ਰੱਖੇ ਜਾ ਸਕਦੇ, ਪਰ ਜੇ ਕਿਸੇ ਰਸ ਵਿਚ ਮਹਾਂਕਾਵਿ ਨੂੰ ਬੰਨ੍ਹਣਾ ਜ਼ਰੂਰੀ ਹੈ ਤਾਂ ਸਾਨੂੰ ਇਹ ਵੀਰ ਰਸ ਪ੍ਰਧਾਨ ਕਾਵਿ ਹੀ ਮੰਨਣਾਂ ਪਵੇਗਾ। ਕਿਉਂਕਿ ਏਸ ਦਾ ਸਾਰਾ ਕਲੇਵਰ ਹੀ ਗ਼ੁਲਾਮੀ ਵਿਰੁਧ ਆਜ਼ਾਦੀ ਦੇ ਘੋਲ ਵਿਚ ਭਿੱਜਾ ਹੋਇਆ ਹੈ। ਮਾਲਵਿੰਦਰ ਦਾ ਨਾਇਕ ਪਰਤੱਗਿਆ ਕਰਦਾ ਹੈ ....

ਕੰਢੇ ਬਹਿ ਸਤਿਲੁਦਰ ਦੇ, ਚੁਲੀ ਵਿਚ ਭਰ ਨੀਰ।
ਕਰਦਾ ਹਾਂ ਪ੍ਰਤਿੱਗਿਆ, ਸੁਣੋ ਭਾਰਤੀ ਵੀਰ।
ਜਿੰਨਾਂ ਚਿਰ ਅੰਗਰੇਜ਼ ਨੂੰ, ਦੇਸੋਂ ਲਵਾਂ ਨਾ ਕਢ।
ਟਿਕ ਕੇ ਬੈਠਾਂ ਨਾ ਕਦੀ, ਇਕ ਥਾਂ ਡੇਰੇ ਗੱਡ।

੪. ਏਹ ਜਾਤੀ ਪ੍ਰਧਾਨ ਕਾਵਿ ਹੈ ਜਿਸ ਵਿਚ ਸਮੁੱਚੇ ਪੰਜਾਬੀ ਸਮਾਜ ਨੂੰ ਅਜ਼ਾਦੀ ਦੀ ਜਦੋ-ਜਹਿਦ ਲਈ ਉਕਸਾਇਆ ਗਿਆ ਹੈ। ਜਿਸ ਦੇ ਨਤੀਜੇ ਵਜੋਂ ਸਤਿਗੁਰੂ ਰਾਮ ਸਿੰਘ ਜੀ ਨੂੰ ਪਰਦੇਸ ਜਾਣਾ ਪਿਆ ਤੇ ਸੈਂਕੜੇ ਨਾਮਧਾਰੀ, ਜ਼ਾਲਮ ਅੰਗਰੇਜ਼ ਹਥੋਂ ਮੌਤ ਦੇ ਘਾਟ ਉਤਾਰ ਦਿਤੇ ਗਏ ਤੇ ਹਜ਼ਾਰਾਂ ਨੂੰ ਕੈਦਾਂ ਤੇ ਕਾਲੇ ਪਾਣੀਆਂ ਦੇ ਤਸੀਹੇ ਝੱਲਣੇ ਪਏ। ਬਹੁਤ ਸਾਰੇ ਰੰਗੂਨ ਮੌਲਮੀਨ ਆਦਿ ਬਰ੍ਹਮੀ ਦੇਸਾਂ ਵਿਚ ਆਪਣੇ ਪ੍ਰੀਤਮ ਦੇ ਦੀਦਾਰ ਕਰਨ ਗਏ ਬਿਨਾਂ ਕਿਸੇ ਗੁਨਾਹ ਦੇ ਫੜੇ ਗਏ, ਜਿਨ੍ਹਾਂ ਨੂੰ ਜੀਉਂਦਿਆਂ ਹੀ ਸਮੁੰਦਰ ਵਿਚ ਡੋਬ ਕੇ ਸ਼ਹੀਦ ਕੀਤਾ ਗਿਆ।

੫. ਏਸ ਦਾ ਵਿਰਤਾਂਤ ਮਹਾਨ ਇਤਿਹਾਸਕ ਘਟਨਾ ਹੈ, ਜਿਸ ਦੀ ਚਰਚਾ ਦੇਸ਼ ਵਿਦੇਸ਼ ਤਕ ਫੈਲੀ ਹੋਈ ਹੈ। ਭਾਰਤ ਵਿਚ ਕੋਈ ਪ੍ਰੈੱਸ ਅਜੇਹਾ ਨਹੀਂ ਜਿਸ ਦੇ ਪੱਤ੍ਰ ਜਾਂ ਪੁਸਤਕ ਵਿਚ ਏਸ ਦਾ ਜ਼ਿਕਰ ਨਾ ਆਇਆ ਹੋਵੇ। ਏਸ ਲਈ ਇਸ ਦਾ ਪ੍ਰਸੰਗ ਹਰਮਨ ਪਿਆਰਾ ਹੈ, ਜਿਸ ਦਾ ਸਿਹਰਾ ਖ਼ਾਸ ਤੌਰ ਤੇ ਸਿੱਖ ਕੌਮ ਅਤੇ ਪੰਜਾਬੀਆਂ ਨੂੰ ਮਿਲਦਾ ਹੈ।

੬. ਪਰਕਿਰਤੀ ਦਾ ਵਰਨਣ ਬੜੇ ਹੀ ਆਕਰਸ਼ਕ ਸ਼ਬਦਾਂ ਵਿਚ ਕੀਤਾ ਗਿਆ ਹੈ, ਜੋ ਏਨਾਂ ਸੁਭਾਵਕ ਹੈ ਕਿ ਸਾਰੇ ਪੰਜਾਬ ਦੀ ਕੁਦਰਤ ਅੱਖਾਂ ਅੱਗੇ ਨੱਚ ਖਲੋਂਦੀ ਹੈ।

ਚੜ੍ਹੀ ਉਸ਼ੇਰ ਸੁਹਾਵਨੀ ਆਈ ਨਵ ਪ੍ਰਭਾਤ।
ਸੂਰਜ ਰਿਸ਼ਮਾਂ ਛਡੀਆਂ ਕਿਰਨਾਂ ਆਖੀ "ਝਾਤ"
ਠੁਮਰੀ ਛੇੜੀ ਕੁਮਰੀਆਂ ਚਿੜੀਆਂ ਰਹੀਆਂ ਚੂਕ
ਬਿਰਹੋਂ ਵਿਯੋਗੀ ਦਿਲਾਂ ਵਿਚ ਪੈਂਦੀ ਏ ਪਈ ਹੂਕ।
ਵਿਛਿਆ ਘਾਹ ਦਾ ਫ਼ਰਸ਼ ਸੀ ਮਖ਼ਮਲ ਜਿਉਂ ਇਕ ਸਾਰ।
ਪੱਤੇ-ਪੱਤੇ ਵਿਚ ਸੀ ਕੁਦਰਤ ਦੀ ਭਰਮਾਰ ।
ਸਿਲਾਂ ਨਦੀ ਤੋਂ ਉਜਲੀਆਂ ਧੁਪੀਆਂ ਦੁਧਾਂ ਨਾਲ

੭. ਏਹ ਅਨੇਕਾਂ ਸਰਗਾਂ ਵਿਚ ਬੱਝਾ ਹੋਇਆ ਹੈ ਜਿਸ ਦੇ ਸਰਗ ਨੰਬਰਾਂ ਵਿਚ ਨਹੀਂ, ਸਗੋਂ ਸਿਰਲੇਖਾਂ ਵਿਚ ਹਨ। ਜਿਵੇਂ 'ਕਾਮਾਯਨੀ' ਦੇ। ਸਰਗ 33 ਹਨ। ਜਿਸ ਕਰਕੇ ਅਕਾਰ ਕਾਫ਼ੀ ਵੱਡਾ ਹੋ ਗਿਆ ਹੈ, ਜੋ ਮਹਾਂਕਾਵਿ ਦੇ ਬਿਲਕੁਲ ਯੋਗ ਹੈ।

੮. ਰਿਵਾਜਨ ਕਿਹਾ ਜਾਂਦਾ ਹੈ ਕਿ ਸਰਗ ਅੰਦਰ ਇਕੋ ਛੰਦ ਰਹਿਣਾ ਚਾਹੀਏ, ਪਰ ਏਸ ਦਾ ਬੰਧਨ ਨਾ ਪਹਿਲੋਂ ਹੀ ਬਹੁਤਾ ਜ਼ਰੂਰੀ ਸੀ ਤੇ ਨਾ ਹੁਣ ਜ਼ਰੂਰੀ ਹੈ। ਛੰਦ ਘਟਨਾ ਕ੍ਰਮ ਅਨੁਸਾਰ ਹੀ ਚਲ ਸਕਦਾ ਹੈ, ਪਰ ਘਟਨਾਂ ਦੇ ਉਲਟਣ ਨਾਲ ਛੰਦ ਬਦਲਨਾਂ ਵੀ ਜ਼ਰੂਰੀ ਹੋ ਜਾਂਦਾ ਹੈ, ਤਾਕਿ ਬਾਣੀ ਅਸਰ ਭਰਪੂਰ ਹੋ ਸਕੇ। ਏਸ ਮਹਾਂ ਕਾਵਿ ਵਿਚ ਵੀ ਸਰਗ ਵਿਚ ਛੰਦ ਬਦਲਦੇ ਰਹਿੰਦੇ ਹਨ, ਪਰ ਆਮ ਤੌਰ ਤੇ ਇਕੋ ਛੰਦ ਪ੍ਰਧਾਨ ਰਿਹਾ ਹੈ।

## ਮਾਲਵਿੰਦਰ ਦੀ ਹੋਂਦ

ਮਾਲਵਿੰਦਰ ਕਿਵੇਂ ਵਜੂਦ ਵਿਚ ਆਇਆ। ਜੇ ਏਹ ਕਿਹਾ ਜਾਵੇ ਕਿ ਧੁਰੋਂ ਵਹੀ ਨਾਜ਼ਲ ਹੋਈ ਤਾਂ ਅਤਿ ਕਥਨੀ ਨਹੀਂ, ਸਗੋਂ ਬਿਲਕੁਲ ਢੁਕਵੀਂ ਗਲ ਹੈ। ਅਜ ਤੋਂ ਪੰਜ ਸਾਲ ਪਹਿਲੋਂ ਬੇ-ਧਿਆਨੇ-ਚਕਰਵਰਤੀ ਜੀ ਜਦੋਂ ਸੁੱਤੇ ਹੋਏ ਸਨ ਤਾਂ ਅਚਾਨਕ ਦ੍ਰਿਸ਼ਟਾਂਤ ਦੀ ਤਰ੍ਹਾਂ ਵਾਕਿਆ ਹੋਇਆ - ਕੁਝ ਕਰ, ਕੁਝ ਲਿਖ, ਜੋ ਲਿਖੇਂਗਾ ਓਹ ਕ੍ਰਾਂਤੀ ਪੈਦਾ ਕਰ ਦੇਵੇਗਾ। ਬੇਖ਼ੌਫ਼ ਲਿਖ, ਝਿਜਕਣ ਦੀ ਲੋੜ ਨਹੀਂ, ਮੈਂ ਲਿਖਾਵਾਂਗਾ ਤੂੰ ਬਲ ਧਾਰ। ਅਚਾਨਕ ਤੇਜ਼ ਕਿਰਨ ਪੈਣ ਤੇ ਜਿਵੇਂ ਆਦਮੀ ਚੁੰਧਿਆ ਜਾਂਦਾ ਹੈ ਏਸੇ ਤਰ੍ਹਾਂ ਚਕਰਵਰਤੀ ਜੀ ਝੁਣ ਝੁਣਾਏ। ਚਿੰਨ੍ਹਾਤਮਕ ਮੂਰਤੀ ਜੋ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਸੀ, ਅਲੋਪ ਹੋ ਗਈ। ਇਹ ਉਠੇ ਤੇ ਸੋਚਿਆ - ਕੀ ਲਿਖਾਂ ! ਪਰ ਗੁਰੂ ਜੀ ਹੁਕਮ ਜੋ ਕੀਤਾ ਹੈ - ਲਿਖ ! ਏਸ ਲਈ ਲਿਖਣਾ ਹੀ ਚਾਹੀਏ। ਦਿਮਾਗ਼ ਵਿਸ਼ਾਲ ਹੋ ਗਿਆ, ਨਾਇਕੀ ਦਾ ਦਰਜਾ ਮਿਲ ਗਿਆ ਤੇ ਸਾਹਿਤਕ ਸ਼ਕਤੀਆਂ ਸਰੀਰ ਵਿਚ ਪ੍ਰਵੇਸ਼ ਕਰ ਗਈਆਂ।

ਸਰਸ੍ਵਤੀ ਰਸਨਾਂ ਤੇ ਬੈਠ ਗਈ ਅਤੇ ਸਤਿਗੁਰੂ ਜੀ ਦਿਮਾਗ਼ ਅੰਦਰ ਪ੍ਰਵੇਸ਼ ਕਰ ਗਏ। ਰਾਤ ਦਾ ਇਕ ਵੱਜਿਆ ਸੀ, ਕਲਮ ਉਠਾਈ ਤੇ ਲਿਖਣ ਬਹਿ ਗਏ। ਦਿਨ ਦੇ ਦਸ ਵੱਜ ਚੁਕੇ ਸਨ ਜਦੋਂ - ਮਹਾਂਕਾਵਿ ਮਾਲਵਿੰਦਰ ਦੀ ਰੂਪ ਰੇਖਾ ਤਿਆਰ ਹੋ ਗਈ, ਜਿਵੇਂ ਸਿਨੇਮਾਂ ਚਿਤਰ ਚੱਦਰ ਉਤੇ ਦ੍ਰਿਸ਼ਮਾਨ ਹੋ ਜਾਂਦਾ ਹੈ। ਘਟਨਾ ਕ੍ਰਮ ਮਲੇਰ ਕੋਟਲੇ ਦੇ ਸਾਕੇ ਦੇ ਨੇੜੇ ਤੇੜੇ ਪਹੁੰਚ ਗਿਆ।

ਉਤੇ ਜੋ ਕੁਝ ਦੱਸਿਆ ਗਿਆ ਹੈ ਇਹ ਅਨਹੋਣੀ ਗਲ ਨਹੀਂ ਤੇ ਨਾ ਹੀ ਕਲਪਤ ਵਾਰਤਾ ਹੈ, ਸਗੋਂ ਸੌ ਦੀ ਸੌ ਹੀ ਸਚ ਹੈ। ਆਤਮ ਦਰਸ਼ੀ ਤੇ ਅਧਿਆਤਮਕ ਵਾਦੀ ਅਜੇਹੀਆਂ ਚਮਤਕਾਰਕ ਘਟਨਾਵਾਂ ਤੋਂ ਪੂਰੀ ਤਰ੍ਹਾਂ ਵਾਕਫ਼ ਹੁੰਦੇ ਹਨ ਤੇ ਏਸੇ ਪ੍ਰਭਾਵ ਹੇਠ ਹੀ ਕੰਮ ਕਰਦੇ ਚਲੇ ਜਾਂਦੇ ਹਨ। ਸ੍ਰੀ ਸਤਿਗੁਰੂ ਨਾਨਕ ਦੇਵ ਜੀ ਨੇ ਐਵੇਂ ਤਾਂ ਨਹੀਂ ਲਿਖਿਆ :

ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥

ਇਹ ਸਭ ਬਖ਼ਸ਼ਿਸ਼ ਹੀ ਸਤਿਗੁਰੂ ਨਾਨਕ ਦੇਵ ਜੀ ਦੀ ਹੈ। ਇਸ ਬਾਣੀ ਦਾ ਗਿਆਨ ਸ੍ਰੀ ਗੁਰੂ ਨਾਨਕ ਨੇ ਹੀ ਤੇ ਉਨ੍ਹਾਂ ਨੂੰ ਬਖ਼ਸ਼ਿਆ ਹੈ।

ਚਕ੍ਰਵਰਤੀ ਜੀ ਬੜੇ ਭਾਵਕ ਵਿਰਤੀ ਵਾਲੇ ਤੇ ਆਪਣੇ ਸਤਿਗੁਰਾਂ ਤੋਂ ਕੁਰਬਾਨ ਹੋਣ ਵਾਲੇ ਜਿਊੜੇ ਹਨ। ਅਯੋਗ ਨਹੀਂ ਹੋਵੇਗਾ ਇਹ ਦੱਸਣਾ ਕਿ - ਅਜ ਮਾਲਵਿੰਦਰ ਜਦੋਂ ਸੰਪੂਰਨ ਹੋ ਚੁਕਾ ਹੈ - ਪੰਜਾਬ ਦੇ ਬੜੇ-ਬੜੇ ਵਿਦਵਾਨਾਂ ਨੇ ਆਪ ਦੀ ਰਚਨਾਂ ਨੂੰ ਪੜ੍ਹਿਆ ਤੇ ਅੱਸ਼-ਅੱਸ਼ ਕਰ ਉਠੇ। ਉਹਨਾਂ ਕਿਹਾ, ਹੈ! ... ਆਪ ਨੇ ਕਵਿਤਾ ਕਰਨੀ ਕਦੋਂ ਸਿਖੀ? ਅਜੇਹਾ ਮਹਾਂਕਾਵਿ ਪੰਜਾਬੀ ਵਿਚ ਸ਼ਾਇਦ ਹੀ ਕਦੀ ਰਚਿਆ ਗਿਆ ਹੋਵੇ। ਅਸੀਂ ਦਾਅਵੇ ਨਾਲ ਕਹਿੰਦੇ ਹਾਂ ਕਿ ਆਪ ਦੀ ਪੁਸਤਕ ਯੂਨੀਵਰਸਿਟੀ ਦੇ ਕੋਰਸਾਂ ਦੇ ਲੱਗਣ ਯੋਗ ਹੈ ਤੇ ਅਸੀਂ ਏਸ ਲਈ ਯਤਨ ਕਰਾਂਗੇ। ਪਰ ਜੇ ਕਿਤੇ ਸਾਡੇ ਆਖੇ ਲੱਗ ਕੇ - ਗੁਰੂ ਪਦ - ਸ੍ਰੀ ਗੁਰੂ ਬਾਲਕ ਸਿੰਘ ਜੀ ਦੀ ਗੁਰਿਆਈ ਸੰਬੰਧੀ ਖ਼ਿਆਲ ਬਦਲ ਦਿਓ, ਕੁਝ ਤਬਦੀਲੀ ਕਰ ਦਿਓ ।

ਕੌਣ ਨਹੀਂ ਜਾਣਦਾ - ਚਕ੍ਰਵਰਤੀ ਜੀ ਨੂੰ ਇਸ ਤੋਂ ਕਿੰਨਾ ਫ਼ਾਇਦਾ ਪਹੁੰਚ ਸਕਦਾ ਹੈ। ਪਰ ਆਪ ਨੇ ਜੁਆਬਨ ਅਰਜ਼ ਕੀਤੀ ਕਿ - ਜੇ ਇਸ ਨੂੰ ਕੋਈ ਚਿਮਟੇ ਨਾਲ ਵੀ ਛੂਹਣਾ ਮਨਜ਼ੂਰ ਨਾ ਕਰੇ ਤਾਂ ਵੀ ਮੈਂ ਆਪਣੇ ਇਸ਼ਟ ਤੋਂ ਮੂੰਹ ਨਹੀਂ ਮੋੜ ਸਕਦਾ। ਇਹ ਤਾਂ ਲਿਖਾਇਆ ਹੀ ਉਹਨਾਂ ਹੈ, ਉਹਨਾਂ ਤੋਂ ਵੇਮੁਖ ਹੋ ਕੇ ਮੈਂ ਰਾਜ ਲੈਣਾ ਵੀ ਪਸੰਦ ਨਹੀਂ ਕਰਾਂਗਾ।

ਕਿੰਨੀ ਪ੍ਰਬਲ ਭਾਵਨਾਂ ਹੈ ਆਪਣੇ ਆਦਰਸ਼ ਉਤੇ, ਆਪਣੇ ਸਤਿਗੁਰੂ ਉਤੇ। ਕੀ ਅਜੇ ਵੀ ਕੋਈ ਸ਼ੱਕ ਰਹਿ ਜਾਂਦਾ ਹੈ ਕਿ ਇਹ ਸਭ ਪ੍ਰੇਰਣਾ ਉਸੇ ਦੀ ਨਹੀਂ, ਜੋ ਇਸ ਮਹਾਂ ਕਾਵਿ ਦਾ ਨਾਇਕ ਹੈ।

ਸੰਤ ਜੀ ਕੋਈ ਪੇਸ਼ਾਵਰ ਕਵੀ ਨਹੀਂ ਹਨ। ਲੇਖਕ ਤਾਂ ਆਪ ਚੋਟੀ ਦੇ ਹਨ ਹਿੰਦੀ ਅਤੇ ਪੰਜਾਬੀ ਦੇ। ਪਰ ਕਵਿਤਾ ਨਾਲ ਆਪ ਦਾ ਥੋੜ੍ਹਾ ਹੀ ਵਾਹ ਸੀ। ਹਾਂ ਅਜੇਹਾ ਵੀ ਨਹੀਂ ਕਿ ਆਪ ਕਵਿਤਾ ਵਲੋਂ ਅਭਿਜ ਹੀ ਹਨ। ਕਵੀ ਦਰਬਾਰਾਂ ਦੇ ਪ੍ਰਧਾਨ ਬਣਦੇ ਰਹੇ ਤੇ ਟਾਂਵੀਆਂ-ਟਾਂਵੀਆਂ ਲਿਖ-ਲਿਖ ਸੁਣੌਂਦੇ ਵੀ ਰਹੇ। ਅਜਿਹੀਆਂ ਕਈ ਸੁੰਦਰ ਕਵਿਤਾਵਾਂ ਆਪ ਦੀਆਂ ਅਖ਼ਬਾਰਾਂ ਰਸਾਲਿਆਂ ਵਿਚ ਨਿਕਲੀਆਂ ਸਨ, ਪਰ ਫੇਰ ਵੀ ਆਪ ਕਵੀ ਨਹੀਂ ਸਨ। ਪਟਿਆਲੇ ਆਉਣ ਤੇ ਤਾਂ ਆਪ ਜਿਵੇਂ ਕਵਿਤਾ ਨੂੰ ਭੁੱਲ ਹੀ ਗਏ ਸਨ।

ਆਪ ਨੇ ਮਾਲਵਿੰਦਰ ਲਿਖਿਆ। ਫੇਰ ਸੋਧਿਆ, ਵਿਦਵਾਨਾਂ ਦੀ ਰਾਇ ਲਈ। ਨਵੇਂ ਸਿਰਿਓਂ ਸੁਧਾਈ ਕਰਕੇ ਇਕ ਕਾਪੀ ਤਿਆਰ ਕੀਤੀ, ਦੂਜੀ ਕੀਤੀ ਤੇ ਤੀਜੀ ਕੀਤੀ। ਪ੍ਰੈਸ ਕਾਪੀ ਜੋ

ਅਜ ਮੇਰੇ ਸਾਹਮਣੇ ਹੈ ਛੀਵੀਂ ਹੈ। ਵਾਹ ਓਹ ਮੇਰੇ ਦਿਮਾਗ਼ ! ਜੋ ਸੁਣ ਕੇ ਹੀ ਚਕਰਾਉਣ ਲੱਗ ਪਿਆ ਹੈ। ਏਨੀ ਕਰੜੀ ਮਿਹਨਤ ! ਮੈਂ ਨਹੀਂ ਜਾਣਦਾ ਕਿਸੇ ਹੋਰ ਲੇਖਕ ਨੇ ਆਪਣੇ ਮਹਾਂ ਕਾਵਿ ਉਤੇ ਇਤਨੀ ਮਿਹਨਤ ਕੀਤੀ ਹੋਵੇ। ਮਾਲਵਿੰਦਰ ਨਿਰੋਲ ਚਕ੍ਰਵਰਤੀ ਜੀ ਦੀ ਆਪਣੀ ਕਾਢ ਹੈ ਜਿਸਤੇ ਕਿਸੇ ਵੀ ਦੂਸਰੇ ਕਾਵਿ ਜਾਂ ਮਹਾਂ ਕਾਵਿ ਦਾ ਝੌਲਾ ਨਹੀਂ ਪਿਆ। ਇਕ ਵਾਰ ਜਦੋਂ ਮੈਂ 'ਕਾਮਾਇਨੀ' ਪੜ੍ਹਨ ਲਈ ਪ੍ਰੇਰਨਾ ਕੀਤੀ, ਆਪ ਨੇ ਕਿਹਾ- ਮੈਂ ਕਿਉਂਕਿ ਮਹਾਂਕਾਵਿ ਲਿਖ ਰਿਹਾ ਹਾਂ, ਨਹੀਂ ਪੜ੍ਹਾਂਗਾ। ਸ਼ਾਇਦ ਮੇਰਾ ਦਿਮਾਗ਼ 'ਕਾਮਾਇਨੀ' ਦੇ ਭਾਵਾਂ ਨੂੰ ਗ੍ਰਹਿਣ ਕਰ ਲਏ। ਮੈਂ ਇਸਨੂੰ ਆਪਣੀ ਰਖਣਾ ਚਾਹੁੰਦਾ ਹਾਂ ਤੇ ਇਹ ਨਿਰੋਲ ਚਕ੍ਰਵਰਤੀ ਜੀ ਦਾ ਆਪਣਾ ਮਹਾਂਕਾਵਿ ਹੈ।

ਪੰਜਾਬੀ ਸਾਹਿੱਤਕ ਦੁਨੀਆਂ ਵਿਚ ਇਹ ਬੇ-ਮਿਸਾਲ ਚੀਜ਼ ਹੈ ਜਿਸਦੀ ਕਦਰ ਪਾਠਕ ਤੇ ਪਾਰਖੂ ਖੁਦ ਕਰਨਗੇ। ਸਾਹਿਤ ਅੰਦਰ ਏਸ ਦੀ ਥਾਂ ਮਹਾਨ ਹੈ।

ਡੇਢ ਸੌ ਸਾਲ ਦੇ ਅੰਦਰ ਅਜੇਹਾ ਘਟਨਾ-ਚਿਤ੍ਰ ਹਜ਼ਾਰ ਜਤਨ ਤੇ ਵੀ ਨਹੀਂ ਲੱਭ ਸਕਦਾ ਜੋ ਅਸਲੀਅਤ ਤੇ ਨਿਰਭਰ ਹੋਵੇ। ਸੰਤ ਇੰਦਰ ਸਿੰਘ ਜੀ ਦੀ ਖ਼ੁਸ਼ਕਿਸਮਤੀ ਸਮਝੋ ਚਾਹੇ ਇਤਫ਼ਾਕ ਕਿ ਆਪ ਦੇ ਦਿਮਾਗ ਅੰਦਰ ਅਜਿਹੇ ਮਹਾਨ ਇਤਿਹਾਸਕ ਪੁਰਸ਼ ਦਾ ਖ਼ਾਕਾ ਸਮਾਇਆ ਜੋ ਸਾਹਿਤ ਸੰਸਾਰ ਵਿਚ ਇਹਨਾਂ ਨੂੰ ਹਮੇਸ਼ਾ ਲਈ ਅਮਰ ਕਰ ਗਿਆ। ਵਰਨਾ ਅਜੇਹੀ ਸਰਵਾਂਗ ਪੂਰਣ ਘਟਨਾਂ ਮਿਲਣੀ ਅਤਿਅੰਤ ਮੁਸ਼ਕਲ ਹੈ। ਕਲਪਨਾਂ ਕਰਨਾ ਇਕ ਵੱਖਰੀ ਗਲ ਹੈ।

ਇਸ ਮਹਾਂ ਕਾਵਿ ਦੀ ਸਭ ਤੋਂ ਵੱਡੀ ਖੂਬੀ ਇਹ ਹੈ ਕਿ ਕਿਸੇ ਵੀ ਘਟਨਾ ਨੂੰ ਕਲਪਨਾ ਦੇ ਅਧਾਰ ਤੇ ਤੋੜ ਮਰੋੜ ਕੇ ਪੇਸ਼ ਕਰਨ ਦਾ ਜਤਨ ਨਹੀਂ ਕੀਤਾ ਗਿਆ, ਸਗੋਂ ਬੜੀ ਖੋਜ ਨਾਲ ਸਚੇ ਵਾਕਿਆਤ ਹੀ ਦਰਜ ਕੀਤੇ ਗਏ ਹਨ।

ਮੈਂ ਇਸ ਮਹਾਂਕਾਵਿ ਦੇ ਕਰਤਾ ਸ੍ਰੀ ਚਕ੍ਰਵਰਤੀ ਜੀ ਨੂੰ ਹਾਰਦਿਕ ਵਧਾਈ ਦਿੰਦਾ ਹਾਂ ਜਿਨ੍ਹਾਂ ਨੇ ਅਕਹਿ ਮਿਹਨਤ ਨਾਲ ਨਾਮਧਾਰੀ ਪੰਥ ਨੂੰ ਹਰ ਲਿਹਾਜ਼ ਨਾਲ ਉਚਿਆਇਆ ਹੈ।

ਸੰਤ ਨਿਧਾਨ ਸਿੰਘ 'ਆਲਿਮ'
ਲੁਧਿਆਣਾ
੧੫-੧੨-੫੬

150

# ਪੰਜਾਬੀ ਦੇ ਪ੍ਰਸਿੱਧ ਸਾਹਿਤਕਾਰਾਂ ਦੀਆਂ ਰਾਵਾਂ

## ਪਰਸੰਸਾ

**ਪੰਜਾਬੀ ਸਾਹਿਤ ਦੇ ਉਸਰਈਏ ਡਾਕਟਰ ਮੋਹਨ ਸਿੰਘ ਜੀ ਦੀਵਾਨਾਂ,**
**ਐਮ.ਏ. ਪੀ. ਐਚ. ਡੀ. ਡੀ. ਲਿਟ ਹੈਡ ਆਫ਼ ਦੀ ਪੰਜਾਬੀ**
**ਡੀਪਾਰਟਮੈਂਟ ਪੰਜਾਬ ਯੂਨੀਵਰਸਿਟੀ**

ਜੋ ਪੁਰਖ ਆਪਣੇ ਮਹਿਬੂਬ ਦੀ, ਆਪਣੇ ਇਸ਼ਟ ਦੇਵ ਦੀ ਅਪਾਰ ਮਹਿਮਾ ਨਹੀਂ ਕਰਨਾ ਜਾਣਦਾ, ਜਾਂ ਮਹਿਮਾ ਕਰਨ ਵਿਚ ਸੰਕੋਚ ਕਰਦਾ ਹੈ, ਉਹ ਨਿਜ ਇਸ਼ਟ ਦੀ ਪਰਾਪਤੀ ਨਹੀਂ ਕਰ ਸਕਦਾ। ਲੈਲਾ ਨੂੰ ਮਜਨੂੰ ਦੀ ਅੱਖ ਨਾਲ ਹੀ ਵੇਖਣਾ ਚਾਹੀਦਾ ਹੈ। ਤੁਲਸੀ ਦਾਸ ਬਿੰਦਰਾਬਨ ਗਏ ਤਾਂ ਕ੍ਰਿਸ਼ਨ ਜੀ ਨੂੰ ਕਹਿਆ, ਜੇ ਦਰਸ਼ਨ ਦੇਣੇ ਜੇ ਤਾਂ ਕ੍ਰਿਪਾ ਕਰ ਕੇ ਰਾਮ ਚੰਦਰ ਜੀ ਦੇ ਰੂਪ ਵਿਚ ਪਰਗਟ ਹੋਵੋ। ਭਗਤ ਦੀ ਬੇਨਤੀ ਭਗਵਾਨ ਨੇ ਮੰਨ ਲਈ।

ਸੰਤ ਇੰਦਰ ਸਿੰਘ ਚਕ੍ਰਵਰਤੀ ਹੋਰਾਂ ਨੂੰ ਮੈਂ ੧੯੩੪ ਤੋਂ ਜਾਣਦਾ ਹਾਂ, ਅਜੇਹਾ ਸੁਹਿਰਦ ਬੰਦਾ ਮੈਨੂੰ ਤਾਂ ਦੂਜਾ ਨਹੀਂ ਮਿਲਿਆ। ਜਿਸ ਪਾਸ ਦਿਲ ਹੈ ਉਸ ਨੂੰ ਕਿਸ ਗਲ ਦੀ ਘਾਟ ਹੈ ? ਤੇ ਦਿਲ ਦਾ ਕਮਾਲ ਇਹੋ ਹੈ ਕਿ ਜਦੋਂ ਆਉਂਦਾ ਹੈ ਤਾਂ ਟੁਟ ਕੇ ਆਉਂਦਾ ਹੈ। ਸਭ ਕੁਝ ਨਿਛਾਵਰ ਕਰ ਦੇਂਦਾ ਹੈ। ਆਤਮਾ ਨੂੰ, ਸਤਿਗੁਰੂ ਨੂੰ, ਵਾਹਿਗੁਰੂ ਨੂੰ ਇਕ ਰੂਪ ਵੇਖਦਾ ਹੈ। ਇਕ ਅਚੰਭੇ ਦੀ ਗਲ ਸੁਣੋ ਕਿ ਕਦੀ ਕਦੀ ਦਿਲ ਵੀ, ਦਿਲ ਦੇਣ ਵਾਲੇ ਨੂੰ, ਦਿਲਬਰ ਹੀ ਦੀ ਬਖਸ਼ਿਸ਼ ਹੁੰਦੀ ਹੈ। ਸੁਣਿਆ ਨਹੀਂ ਤੁਸਾਂ ਕਿ - 'ਇਕ ਜਾਗੰਦੇ ਨਾ ਲਹੰਨਿ, ਇਹਨਾ ਸੁਤਿਆ ਦੇਇ ਉਚਾਲਿ'॥ (ਗੁਰਬਾਣੀ)

ਜਿਉਂ ਜਿਉਂ ਮੈਂ ਸੰਤ ਇੰਦਰ ਸਿੰਘ ਜੀ ਦਾ ਮਹਾਂ ਕਾਵਿ ਪੜ੍ਹਦਾ ਜਾਂਦਾ ਸਾਂ ਤਿਉਂ ਤਿਉਂ ਉਹਨਾਂ ਦੀ 'ਚਕ੍ਰਵਰਤੀ' ਤਿੰਨ ਬਲਕਿ ਚਾਰ ਰੰਗੀ ਭਗਤੀ ਦਾ ਕਉਲ ਮੇਰੇ ਸਾਹਵੇ ਖਿੜਦਾ ਜਾਂਦਾ ਸੀ :-

੧. ਪੰਜਾਬ ਧਰਤੀ ਦੀ ਭਗਤੀ ੨. ਇਸ਼ਟ ਦੇਵ ਦੀ ਭਗਤੀ ੩. ਸੁੰਦਰਤਾ, ਵੀਰਤਾ, ਕਰੁਣਾ ਰਸਾਂ ਦੀ ਭਗਤੀ ਜਾਂ ਸਰਸਵਤੀ ਦੀ ਭਗਤੀ, ਅਤੇ ੪. ਸਚ, ਨਿਡਰਤਾ ਦੀ ਭਗਤੀ ਖਬਰੇ ਇਹਨਾਂ ਦੀ ਭਗਤੀ ਨਵਧਾ ਭਗਤੀ ਹੀ ਹੋਵੇ, ਮੈਂ ਤੁਛ-ਬੁਧੀ ਹੋਣ ਕਰ ਕੇ ੪ ਰੰਗ ਹੀ ਦੇਖ ਸਕਿਆ ਹੋਵਾਂ ।

ਭਾਈ ਵੀਰ ਸਿੰਘ ਦਾ ਰਾਣੀ ਰਾਜ ਕੌਰ ਦਾ ਵਿਰਲਾਪ, ਕਿਰਪਾ ਸਾਗਰ ਦੀ ਲਖ਼ਸ਼ਮੀ ਦੇਵੀ, ਕਲਾਸ ਵਾਲੀਏ ਦਾ ਦਸਮੇਸ਼ ਪਰਕਾਸ਼ ਤੇ ਆਜ਼ਾਦ ਦਾ ਮਰਦ ਅਗੰਮੜਾ, ਇਹਨਾਂ ਦੀ ਪਾਲ ਵਿਚ, ਇਸ ਗਰੰਥ ਨੂੰ ਰਖਦਿਆਂ ਮੈਨੂੰ ਇਸ ਵਿਚ ਤੇ ਉਹਨਾਂ ਵਿਚ ਕਈ ਫ਼ਰਕ ਜਾਪੇ ਹਨ। ਵਿਸ਼ੇ ਨਾਲ ਡੂੰਘਾ ਨਿਜੀ ਸੰਬੰਧ, ਵਧੇਰੀ ਜੁਗਰਾਫ਼ਿਆਈ ਤੇ ਇਤਿਹਾਸ ਸੂਝ, ਵਧੇਰੀ ਖੋਜਕਾਰੀ (Scholarsihp) ਤੇ ਵਧੇਰੀ ਨਮਰ ਲਗਨ। ਇਸ ਵਿਚ ਸ਼ਾਇਰਾਨਾ ਹਉਮੈਂ ਤੇ ਪਚੀਕਾਰੀ ਨਹੀਂ। ਇਸ ਵਿਚ ਪਿੰਡ ਪਿੰਡ ਦਾ ਬੰਦੇ ਬੰਦੇ ਲਈ ਮਾਣ ਭਰਿਆ ਪਿਆ ਹੈ। ਇਸ ਵਿਚ ਬੜੇ ਵਧੀਆ ਵਧੀਆ, ਨਗਾਂ ਵਾਂਗਰ ਜੜੇ ਲਫ਼ਜ਼ ਹਨ। ਇਸ ਵਿਚ ਪੁੰਨ-ਪਾਪ, ਧਰਮ-ਗਿਆਨ, ਪਰੇਮ-ਭਗਤੀ, ਰਾਜ-ਨੀਤੀ, ਜਗ-ਜੋਗ, ਸੰਸਾ-ਨਵਿਰਤੀ ਸਭ ਵੰਨਗੀਆਂ ਦੇ ਨਕਸ਼ੇ ਹਨ।

ਸਮੁਚੇ ਤੌਰ ਤੇ ਇਹ ਓਸ ਲਹਿਰ ਦੀ ਲਹਿਰਾਉਂਦੀ ਸ਼ਬਦ-ਮੂਰਤੀ ਹੈ। ਜਿਸ ਦੀ ਸ਼ੁਕਲਤਾ, ਨਿਰਮਾਣਤਾ, ਨਾਮ-ਲਗਨ, ਦਇਆ ਮਈ ਪਨ ਤੋਂ ਨਿਰਭੈਤਾ ਉਤੇ ਭਾਰਤੀ ਸਭਿਅਤਾ, ਹਮੇਸ਼ਾ ਮਾਣ ਕਰਦੀ ਰਹੇਗੀ। ਏਸ ਅਤਿਅੰਤ ਸਫਲ ਮੂਰਤਕਾਰੀ ਉਤੇ ਮੈਂ ਸੰਤ ਇੰਦਰ ਸਿੰਘ ਜੀ ਨੂੰ ਵਧਾਈ ਦੇਂਦਾ ਹਾਂ। ਸ਼ੁਕਰ ਹੈ ਨਾਮਧਾਰੀ ਦਰਬਾਰ ਪਾਸ ਆਪਣਾ ਮਹਾਂ ਕਵੀ ਉਦੈ ਹੋ ਗਇਆ ਹੈ। ਚਿਤਰਕਾਰ ਦੇ ਤਸਵਰ ਨੇ ਦੇਵ-ਮੂਰਤੀਆਂ ਨਾਲ ਪੂਰਾ ਇਨਸਾਫ਼ ਕੀਤਾ ਹੈ।

ਜੋ ਕਿਸੇ ਸੱਜਣ ਨੂੰ ਏਸ ਮਹਾਨ ਰਚਨਾ ਵਿਚ ਜਾਂ ਮੇਰੀ ਦੋ ਹਰਫ਼ੀ ਪਰਸੰਸਾ ਵਿਚ ਕੋਈ ਐਬ ਨਜ਼ਰ ਆਉਣ ਤਾਂ ਚਕ੍ਰਵਰਤੀ ਤੇ ਦੀਵਾਨੇ ਦੋਹਾਂ ਨੂੰ ਖ਼ਿਮਾ ਕਰ ਦੇਣ ਜਿਸ ਖ਼ਿਮਾ ਦਾ ਮੈਂ ਜਾਚਕ ਹਾਂ। ਖ਼ਿਮਾ ਕਰਨੀ ਓਸ ਪਿਆਰ ਦੇ ਸਦਕੇ ਜੋ ਕਈ ਰੂਪ ਧਾਰ ਕੇ ਮਨੁਖ ਨਾਲ, ਸਮਾਜ ਨਾਲ, ਧਰਮ ਨਾਲ, ਵਾਹਿਗੁਰੂ ਨਾਲ, ਅਮਲ ਨਾਲ, ਬਾਣੀ ਨਾਲ ਜੋੜਦਾ ਹੈ। ਕਈ ਰੂਪ ਜਿਵੇਂ ਦੇਸ਼ ਪਿਆਰ, ਗੁਰੂ ਪੀਰ ਪਿਆਰ, ਧਰਮ ਪਿਆਰ, ਕਵਿਤਾ-ਪਿਆਰ ਤੇ ਪਿਆਰ-ਪਿਆਰ। ਮੇਰੀ ਏਸ ਪਰਸੰਸਾ ਦਾ ਪਰੇਰਕ ਅੰਗਰੇਜ਼ੀ ਦਾ ਇਕ ਕਥਨ ਹੈ, ਜਿਸਦੀ ਖੁਲ੍ਹਾ ਪੰਜਾਬੀ-ਉਲਥਾ ਹੈ:-

ਪਿਆਰ ਕਰਨ ਵਾਲਿਆਂ ਨੂੰ ਸਾਰਾ ਜਗ ਪਿਆਰਦਾ ਏ,
ਪਿਆਰੋਂ ਉਤਪੰਨਾ ਪਿਆਰ, ਪਿਆਰ ਉਪਜਾਂਦਾ ਹੈ ।

ਮੋਹਣ ਸਿੰਘ ਦੀਵਾਨਾ
ਅੰਮ੍ਰਿਤਸਰ

## ਮਾਲਵੇਂਦ੍ਰ

## (ਪੰਜਾਬੀ ਸਾਹਿਤ ਦੇ ਉਸਰਈਦੇ ਪ੍ਰਿੰਸੀਪਲ ਤੇਜਾ ਸਿੰਘ ਜੀ)

ਇਹ ਬਾਬਾ ਰਾਮ ਸਿੰਘ ਜੀ ਨਾਮਧਾਰੀ ਸੰਪ੍ਰਦਾਇ ਦਾ ਜੀਵਨ-ਚਰਿਤ੍ਰ ਹੈ। ਇਸ ਵਿਚ ਬਾਬਰਵਾਣੀ ਦੀ ਧਾਰਨਾ ਤੇ ਕਵਿਤਾ ਵਰਤੀ ਹੈ। ਕਿਧਰੇ ਕਿਧਰੇ ਕਵਿਤ, ਕੋਰੜਾ, ਬੈਂਤ ਅਤੇ ਸਿਰਖੰਡੀ ਛੰਦ ਵੀ ਵਰਤਿਆ ਹੈ। ਬੋਲੀ ਠੇਠ ਪੰਜਾਬੀ ਹੈ।

ਇਹ ਜੀਵਨ-ਇਤਿਹਾਸ-ਦੇਸ਼-ਭਗਤ ਨਾਮਧਾਰੀ ਪਰੰਪਰਾ ਅਨੁਸਾਰ ਲਿਖਿਆ ਗਿਆ ਹੈ। ਗਿਆਨੀ ਗਿਆਨ ਸਿੰਘ, ਕਾਲਾ ਸਿੰਘ, ਬਾਬਾ ਸੁਮੇਰ ਸਿੰਘ ਪਟਨਾ ਆਦਿ ਇਤਿਹਾਸਕਾਰਾਂ ਦੀ ਗਵਾਹੀ ਭੀ ਵਰਤੀ ਹੈ। ਇਸ ਲਈ ਇਸ ਨੂੰ ਅਤੀ ਪ੍ਰਮਾਣੀਕ ਲਿਖਤ ਦਾ ਦਰਜਾ ਦੇ ਸਕਦੇ ਹਾਂ।

ਲਿਖਤ ਦਾ ਢੰਗ ਬਹੁਤ ਰੋਚਕ ਤੇ ਪ੍ਰਭਾਵ-ਸ਼ਾਲੀ ਹੈ। ਪੜ੍ਹਦਿਆਂ ਪੜ੍ਹਦਿਆਂ ਦਿਲ ਨੂੰ ਅਜੀਬ ਧੂਹ ਪੈਂਦੀ ਹੈ। ਇਹ ਰਚਨਾ ਪੰਜਾਬੀ ਅਤੇ ਇਤਿਹਾਸ ਵਿਚ ਇਕ ਖ਼ਾਸ ਥਾਂ ਮੱਲੇਗੀ।

ਮੈਂ ਲੇਖਕ ਨੂੰ ਇਹ ਅਦੁੱਤੀ ਰਚਨਾ ਕਰਨ ਲਈ ਹਾਰਦਿਕ ਵਧਾਈ ਦਿੰਦਾ ਹਾਂ।

ਤੇਜਾ ਸਿੰਘ
੨੫, ਰੇਸ-ਕੋਰਸ ਰੋਡ, ਅੰਮ੍ਰਿਤਸਰ,
੨੫-੩-੫੫

# ਪਰਵੇਸ਼

### (ਪ੍ਰਸਿਧ ਵਿਦਵਾਨ ਤੇ ਆਲੋਚਿਕ ਡਾਕਟਰ ਗੋਪਾਲ ਸਿੰਘ ਜੀ ਐਮ. ਏ.
[illegible]

ਸੰਤ ਇੰਦਰ ਸਿੰਘ ਜੀ 'ਚਕ੍ਰਵਰਤੀ' ਸਿਖ ਪੰਥ ਦੇ ਸ਼੍ਰੋਮਣੀ ਵਿਦਵਾਨਾਂ ਵਿਚੋਂ ਇਕ ਹਨ। ਇਹ ਬੜੇ ਉਘੇ ਪਤਰਕਾਰ, ਕੋਸ਼ਕਾਰ ਤੇ ਨਾਟਕਕਾਰ ਹਨ। ਇਤਿਹਾਸ ਦੀ ਲਗਨ ਵੀ ਇਨ੍ਹਾਂ ਨੂੰ ਪੁਰਾਣੀ ਹੈ, ਪਰ ਇਹ ਕਵੀ ਵੀ ਹਨ, ਇਹ ਮੇਰੇ ਚਿਤ ਚੇਤੇ ਵੀ ਨਹੀਂ ਸੀ।

ਇਤਿਹਾਸ ਨੂੰ ਕਵਿਤਾ ਵਿਚ ਲਿਖਣਾ ਬਹੁਤ ਔਖਾ ਹੈ, ਕਿਉਂ ਜੁ ਜੇ ਘਟਨਾਵਾਂ ਨਾਲ ਖੁਲ੍ਹ ਲਈ ਜਾਵੇ, ਤਾਂ ਉਹ ਇਤਿਹਾਸ ਦੀ ਥਾਂ ਮਨ-ਕਲਪਤ ਕਹਾਣੀ ਬਣ ਜਾਂਦਾ ਹੈ ਤੇ ਜੇ ਕਵਿਤਾ ਨੂੰ ਨਿਰਾ ਤੁਕ-ਬੰਦੀ ਤਕ ਹੀ ਮਹਿਦੂਦ ਰਖਿਆ ਜਾਏ ਤਾਂ ਉਸ ਵਿਚ ਰਸ ਨਹੀਂ ਰਹਿੰਦਾ। ਮੈਨੂੰ ਬੜੀ ਖੁਸ਼ੀ ਹੈ ਕਿ "ਚਕ੍ਰਵਰਤੀ" ਜੀ ਨੇ ਇਤਿਹਾਸ ਨੂੰ ਨਿਪਟ ਕਵਿਤਾ ਨਹੀਂ ਬਣਾ ਘਤਿਆ, ਨਾ ਹੀ ਕਵਿਤਾ ਨੂੰ ਨਿਪਟ ਇਤਿਹਾਸ !

ਲਿਖਾਰੀ ਜੀ ਨੇ ਇਤਿਹਾਸ ਨੂੰ ਸ਼ਰਧਾ-ਭਾਵ, ਹਮਦਰਦੀ ਤੇ ਪਿਆਰ ਨਾਲ ਅੰਕਿਤ ਕੀਤਾ ਹੈ। ਨਾਮਧਾਰੀ ਲਹਿਰ ਤੇ ਸਤਿਗੁਰੂ ਬਾਬਾ ਰਾਮ ਸਿੰਘ ਜੀ ਨੇ ਜੋ ਸੇਵਾ ਪੰਥ ਤੇ ਦੇਸ਼ ਦੀ ਕੀਤੀ ਹੈ, ਉਸ ਅਗੇ ਕਿਹੜਾ ਸਿਖ ਜਾਂ ਹਿੰਦੀ ਹੈ, ਜੋ ਆਪਣਾ ਸਿਰ ਨਹੀਂ ਝੁਕਾਏਗਾ। ਫੇਰ ਚਕ੍ਰਵਰਤੀ ਜੀ ਦੀ ਤਾਂ ਰੂਹ ਵਿਚ ਇਹ ਇਤਿਹਾਸ ਹਲੂਲ ਹੋਇਆ ਹੋਇਆ ਹੈ। ਚਿਰਕਾਲ ਤੋਂ ਉਹ ਨਾਮਧਾਰੀ ਪੰਥ ਦੇ ਮੋਢੀ ਆਗੂ ਚਲੇ ਆਉਂਦੇ ਹਨ, ਇਸ ਦੇ ਪੱਤਰਾਂ ਦੇ ਸੰਪਾਦਕ; ਇਸ ਦੇ ਫ਼ਲਸਫ਼ੇ ਦੇ ਪ੍ਰਚਾਰਕ; ਇਸ ਦੇ ਗਿਆਨ ਦਾ ਸੰਚਾਲਿਕ ! ਉਨ੍ਹਾਂ ਤੋਂ ਏਹੀ ਆਸ ਸੀ, ਜੋ ਉਹ ਆਪਣੇ ਪਿਉ ਦਾਦੇ ਦੇ ਖ਼ਜ਼ਾਨੇ ਨੂੰ ਇਕ ਜੌਹਰੀ ਵਾਂਗ ਨਹੀਂ, ਸਗੋਂ ਇਕ ਪੁੱਤ-ਪੋਤੇ ਵਾਂਗ, ਸਿਦਕ ਤੇ ਸ਼ਰਧਾ ਨਾਲ ਪਰਖਦੇ ਤੇ ਆਪਣੇ ਕਵਿਤਾ ਆਖਣ ਦੇ ਚਾਉ ਨੂੰ ਵੀ ਬੇ-ਕਾਬੂ ਨਾ ਹੋਣ ਦੇਦੇ।

ਗਿਆਨੀ ਗਿਆਨ ਸਿੰਘ ਜੀ ਨੇ ਸਿਖ ਪੰਥ ਦਾ ਇਤਿਹਾਸ ਲਿਖ ਕੇ ਜੋ ਨਾਮਣਾ ਖੱਟਿਆ ਸੀ ਮੈਨੂੰ ਪੱਕੀ ਆਸ ਹੈ, ਓਹੀ ਜਸ ਸੰਤ ਚਕ੍ਰਵਰਤੀ ਜੀ ਦੇ ਹਿਸੇ ਵੀ ਇਹ ਇਤਿਹਾਸ ਲਿਖ ਕੇ ਆਏਗਾ। ਮੈਨੂੰ ਇਸ ਨੂੰ ਪੜ੍ਹ ਕੇ ਬੜਾ ਸੁਆਦ ਆਇਆ ਹੈ ਤੇ ਵਾਕਫ਼ੀ ਵਿਚ ਨਰੋਆ ਵਾਧਾ ਹੋਇਆ ਹੈ।

ਗੋਪਾਲ ਸਿੰਘ (ਡਾਕਟਰ)
ਦਿੱਲੀ
੭ ਮਾਰਚ ੧੯੫੭

# ਪਰਸ਼ੰਸਾ

### ਮਹਾਂ ਕਵੀ, ਸਰਦਾਰ ਅਵਤਾਰ ਸਿੰਘ ਜੀ ਆਜ਼ਾਦ, ਸੰਪਾਦਕ ਪਰਭਾਤ, ਜਲੰਧਰ

ਸ੍ਰੀ 'ਚਕ੍ਰਵਰਤੀ' ਜੀ ਨੇ ਮਾਲਵੇਂਦਰ ਮਹਾਂ-ਕਾਵਿ ਲਿਖ ਕੇ ਨਿਰੀ ਨਾਮਧਾਰੀ ਪੰਥ ਦੀ ਹੀ ਨਹੀਂ, ਸਗੋਂ ਪੰਜਾਬੀ ਸਾਹਿਤ ਦੀ ਨਿੱਗਰ ਸੇਵਾ ਤੇ ਉਸਾਰੀ ਵਿਚ ਮਹਾਨ ਹਿੱਸਾ ਪਾਇਆ ਹੈ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਮੁਚੀ ਮਾਨਵਤਾ ਦੇ ਆਦਰਸ਼ ਰੂਪ ਸੂਰਜ ਹਨ ਤੇ ਇਸ ਮਹਾਂ ਕਾਵਿ

ਵਿਚ ਚਕ੍ਰਵਰਤੀ ਜੀ ਨੇ ਉਸ ਪਰਮ ਉਚੀ ਮਾਨਵ ਰੂਪ ਵਿਚ ਵਿਚਰੀ ਦੈਵ ਵਿਅੱਕਤੀ ਨੂੰ ਬੜੀ ਸੁਚੱਜਤਾ ਤੇ ਯੋਗਤਾ ਨਾਲ ਮੂਰਤੀਮਾਨ ਕਰਨ ਦਾ ਅਪੂਰਨ ਉਪਰਾਲਾ ਕੀਤਾ ਹੈ। ਪੁਸਤਕ ਦੀ ਸ਼ੈਲੀ ਨਿਖਰਵੀਂ, ਅਨਕੂਲ ਅਤੇ ਮਨਾਂ ਉਤੇ ਆਪ ਮੁਹਾਰਾ ਪ੍ਰਭਾਵ ਪਾਉਣ ਵਾਲੀ ਹੈ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸੰਬੰਧ ਵਿਚ ਸਾਡੇ ਇਸ ਜੁਗ ਵਿਚ ਉਹਨਾਂ ਜਿੰਨਾ ਹੋਰ ਕਿਸੇ ਨੇ ਵੀ ਨਹੀਂ ਲਿਖਿਆ। ਉਹਨਾਂ ਦੇ ਰੋਮ ਰੋਮ ਵਿਚੋਂ ਸਤਿਗੁਰੂ ਜੀ ਦੀ ਸ਼ਰਧਾ ਆਪ ਮੁਹਾਰੀ ਉਜਾਗਰ ਹੁੰਦੀ ਹੈ ਤੇ ਉਹਨਾਂ ਨੇ ਜੋ ਕੁਝ ਲਿਖਿਆ ਹੈ, ਉਸ ਵਿਚ ਓਪਰਾ ਪਨ ਕਿਧਰੇ ਵੀ ਨਹੀਂ। ਇਹ ਸਭ ਕੁਝ ਉਹਨਾਂ ਦੇ ਉਦਗਾਰ ਹਨ, ਜੋ ਨਿਰਮਲ ਕਾਵਿ ਚਸ਼ਮਾ ਬਣ ਕੇ ਵਹਿ ਪਏ ਹਨ। ਇਹ ਮਹਾਨ ਗ੍ਰੰਥ ਲਿਖ ਕੇ ਸ੍ਰੀ ਚਕ੍ਰਵਰਤੀ ਜੀ ਨੇ ਸਾਬਤ ਕਰ ਦਿਤਾ ਹੈ ਕਿ ਉਹ ਅਜੋਕੇ ਸਾਹਿਤ ਵਿਚ ਨਿਰੇ ਲੇਖਕ ਬਣ ਕੇ ਹੀ ਨਹੀਂ, ਸਗੋਂ ਇਕ ਉਚੇ ਕਵੀ ਦੇ ਰੂਪ ਵਿਚ ਵੀ ਲਿਸ਼ਕੇ ਤੇ ਉਘੜੇ ਹਨ।

ਅਵਤਾਰ ਸਿੰਘ ਆਜ਼ਾਦ
ਜਲੰਧਰ
੧੪-੪-੫੭

## ਪੰਜਾਬੀ ਦੇ ਮਹਾਨ ਲੇਖਕ, ਲੋਕ ਗੀਤਾਂ ਦੇ ਸਫ਼ਲ ਖੋਜੀ

## ਸ੍ਰੀ ਦੇਵਿੰਦਰ ਜੀ ਸਤਿਆਰਥੀ

ਕਮਾਲ ਹੋ ਗਿਆ। ਸਾਡੀ ਟੋਲੀ ਵਿਚ ਇਕ ਨਵਾਂ ਕਵੀ ਆ ਰਲਿਆ। ਇਹ ਕੋਈ ਮਸ-ਭਿੰਨਾਂ ਕਵੀ ਨਹੀਂ। ਇਹ ਤਾਂ ਬੀਬੀ ਦਾੜ੍ਹੀ ਵਾਲਾ ਕਵੀ ਹੈ - ਸੰਤ ਇੰਦਰ ਸਿੰਘ ਚਕ੍ਰਵਰਤੀ !

ਚਕ੍ਰਵਰਤੀ ਜੀ ਮੇਰੇ ਪੁਰਾਣੇ ਮਿਤ੍ਰ ਹਨ। ਮੈਂ ਉਨ੍ਹਾਂ ਦੀਆਂ ਅੱਖਾਂ ਵਿਚ ਅਨੇਕ ਵੇਰ ਨੀਝ ਲਾ ਕੇ ਤਕਿਆ ਹੈ ਅਨੇਕ ਵਾਰ ਮੈਂ ਉਨ੍ਹਾਂ ਦੇ ਮੂੰਹ-ਮੱਥੇ ਤੇ ਇਕ ਚਾਨਣਾ ਤਕਿਆ ਹੈ, ਜੋ ਮੈਨੂੰ ਉਨ੍ਹਾਂ ਦੇ ਲੰਮੇ ਅਨੁਭਵ ਤੇ ਗਿਆਨਵਾਨ ਵਿਅੱਕਤਵ ਦਾ ਥਹੁ ਪਤਾ ਦੇਂਦਾ ਰਿਹਾ ਹੈ ।

ਚਕ੍ਰਵਰਤੀ ਜੀ ਪੰਜਾਬੀ ਭਾਸ਼ਾ ਦੇ ਅਨੁਭਵੀ ਕੋਸ਼ਕਾਰ ਹਨ। ਪੰਜਾਬੀ ਸ਼ਬਦਾਂ ਦੇ ਪਿਛੋਕੜ ਤੇ ਮੁਹਾਂਦਰੇ ਬਾਰੇ ਉਨ੍ਹਾਂ ਦਾ ਗਿਆਨ ਸਾਡਾ ਪਥ-ਪ੍ਰਦਰਸ਼ਨ ਕਰਦਾ ਰਿਹਾ ਹੈ।

'ਮਾਲਵੇਂਦ੍ਰ' ਦੇ ਲੇਖਕ ਦੇ ਰੂਪ ਵਿਚ ਚਕ੍ਰਵਰਤੀ ਜੀ ਸਾਡੇ ਮੂਹਰੇ ਇਕ ਮਹਾਂਕਵੀ ਦੇ ਰੂਪ ਵਿਚ ਆਏ ਹਨ।

ਨਿਕੀਆਂ ਕਵਿਤਾਵਾਂ ਲਿਖਣ ਵਾਲੇ ਕਵੀ ਸਾਡੀ ਟੋਲੀ ਵਿਚ ਬਹੁਤ ਹਨ। ਬਹੁਤ ਥੋੜੇ ਹਨ ਅਜਿਹੇ ਕਵੀ, ਜੋ ਮਹਾਂਕਾਵਿ ਦੀ ਰਚਨਾ ਵਲ ਪ੍ਰੇਰਤ ਹੋਏ ਹਨ।

ਕਿਸੇ ਵੀ ਮਹਾ ਕਾਵਿ ਦੀ ਰਚਨਾ ਬਹੁਤ ਅਧਿਐਨ ਦੀ ਮੰਗ ਕਰਦੀ ਹੈ, ਕਈ ਭਾਸ਼ਾਵਾਂ ਦੇ ਗਿਆਨ ਦੀ ਲੋੜ ਪੈਂਦੀ ਹੈ। ਕਵੀ ਨੇ ਬਹੁਤ ਕੁਝ ਤਕਿਆ ਹੋਵੇ, ਬਹੁਤ ਕੁਝ ਅਨਭਵ ਕੀਤਾ ਹੋਵੇ। ਸਾਹਿਤ ਦੀ ਪੂਰੀ ਪਰੰਪਰਾ ਨੂੰ ਬੱਤੀ ਧਾਰਾਂ ਵਾਲੀ ਮਾਂ ਸਮਝ ਕੇ ਉਸ ਨੇ ਉਸ ਦਾ ਕੱਚਾ ਦੁਧ ਪੀਤਾ ਹੋਵੇ, ਤਾਂ ਜਾ ਕੇ ਕਵੀ ਵਿਚ ਇਹ ਸ਼ਕਤੀ ਆ ਸਕਦੀ ਹੈ ਕਿ ਉਹ ਕਿਸੇ ਮਹਾਂ ਕਾਵਿ ਦੀ ਰਚਨਾ ਨੂੰ ਹੱਥ ਪਾ ਸਕੇ। ਚਕ੍ਰਵਰਤੀ ਜੀ ਨੇ 'ਮਾਲਵੇਂਦਰ' ਲਿਖਣ ਤੋਂ ਪਹਿਲਾਂ ਇਹ ਸਭ ਤਿਆਰੀ ਕੀਤੀ ਤੇ ਇਸ ਮਹਾਂ ਕਾਵਿ ਦੀ ਰਚਨਾ ਆਪਣੇ ਆਪ ਵਿਚ ਇਕ ਲੰਮੀ ਸਾਧਨਾ ਦੀ ਪ੍ਰਤੀਕ ਹੈ।

ਮੈਨੂੰ ਪੂਰਾ ਵਿਸ਼ਵਾਸ ਹੈ ਕਿ ਮਾਲਵੇਂਦ੍ਰ ਨਿਵੇਕਲੀ ਥਾਂ ਬਣਾਉਣ ਵਿਚ ਸਫ਼ਲ ਹੋਵੇਗਾ।

ਇਕ ਕਵੀ ਦੇ ਰੂਪ ਵਿਚ ਮੈਂ ਇਕ ਮਹਾਂ ਕਵੀ ਨੂੰ 'ਜੀ ਆਇਆਂ' ਆਖਦਾ ਹਾਂ।

ਭਾਰਤ ਦੀ ਸੁਤੰਤਰਤਾ ਉਤੇ ਮਾਨ ਕਰਨ ਵਾਲੇ ਇਕ ਇਨਸਾਨ ਦੀ ਹੈਸੀਅਤ ਵਿਚ ਮੈਂ ਸੰਤ ਇੰਦਰ ਸਿੰਘ ਚਕ੍ਰਵਰਤੀ ਨੂੰ ਵਧਾਈ ਦੇਂਦਾ ਹਾਂ ਕਿ ਉਨ੍ਹਾਂ ਆਪਣੇ ਮਹਾਂ ਕਾਵਿ ਵਿਚ ਭਾਰਤ ਦੀ ਸੁਤੰਤਰਤਾ ਲਈ ਲੜਨ ਵਾਲੇ ਇਕ ਮਹਾਂ ਪੁਰਖ ਦੀ ਜੀਵਨ-ਕਥਾ ਨੂੰ ਸਾਡੇ ਸਾਹਿਤ ਵਿਚ ਪੇਸ਼ ਕੀਤਾ ਹੈ।
ਜਨਵਰੀ ੧੯੭੨ ਵਿਚ ਸਤਿਗੁਰੂ ਰਾਮ ਸਿੰਘ ਜੀ ਨੂੰ ਉਸ ਵੇਲੇ ਦੀ ਬਿਦੇਸ਼ੀ ਤਾਕਤ ਨੇ ਮੱਲੋਜ਼ੋਰੀ ਉਨ੍ਹਾਂ ਦੀ ਜਨਮ ਭੂਮੀ ਭੈਣੀ ਸਾਹਿਬ ਤੋਂ ਬਹੁਤ ਦੂਰ ਰੰਗੂਨ ਵਿਚ ਲੈ ਜਾ ਕੇ ਨਜ਼ਰਬੰਦ ਕਰ ਦਿਤਾ ਸੀ। ਭੈਣੀ ਸਾਹਿਬ ਸਤਿਗੁਰੂ ਰਾਮ ਸਿੰਘ ਜੀ ਦੀ ਕਰਮ ਭੂਮੀ ਸੀ। ਉਥੇ ਅਜ ਵੀ ਉਨਾਂ ਦੀ ਪਰੰਪਰਾ ਦੀ ਜੋਤ ਆਪਣਾ ਚਾਨਣ ਫੈਲਾ ਰਹੀ ਹੈ। ਇਕ ਵੇਰ ਮੈਨੂੰ ਆਪੋਂ ਵੀ ਉਸ ਜੋਤ ਨੂੰ ਅਤਿ ਨੇੜਿਉਂ ਤਕਨ ਦਾ ਅਵਸਰ ਮਿਲਿਆ ਸੀ। ਆਖਦੇ ਹਨ ਸਤਿਗੁਰੂ ਰਾਮ ਸਿੰਘ ਜੀ ਬਰ੍ਹਮਾ ਵਿਚ ਅੰਗਰੇਜ਼ਾਂ ਦੀ ਕੈਦ ’ਚੋਂ ਮੁਕਤ ਹੋ ਗਏ ਸਨ, ਪਰ ਉਨ੍ਹਾਂ ਨੂੰ ਮੁੜ ਆਪਣੀ ਜਨਮ-ਭੂਮੀ ਵਿਚ ਆਉਣ ਦਾ ਸੁਭਾਗ ਨਾ ਮਿਲਿਆ ਅਜੇ ਤੀਕ, ਜੈਸਾ ਕਿ ਪਰੰਪਰਾਗਤ ਰਵਾਇਤਾਂ ਤੋਂ ਸਿੱਧ ਹੁੰਦਾ ਹੈ।
ਇਸ ਮਹਾਂ ਕਾਵਿ ਵਿਚ ਸਾਡੇ ਦੇਸ਼ ਦੀ ਸੁਤੰਤਰਤਾ ਦਾ ਸੁਫ਼ਨਾ ਵੇਖਣ ਵਾਲੇ ਇਕ ਆਦ-ਪੁਰਖ ਦੀ ਜੀਵਨ-ਕਥਾ ਪੇਸ਼ ਕੀਤੀ ਗਈ ਹੈ। ਇਸ ਦੀ ਭਾਸ਼ਾ, ਇਸ ਦੀ ਸਾਹਿਤਿਕ ਨੁਹਾਰ ਇਸ ਗਲ ਦੀ ਸਾਖੀ ਭਰਦੀ ਹੈ ਕਿ ਚਕ੍ਰਵਰਤੀ ਜੀ ਨੇ ਕਵੀ-ਕਰਮ ਨੂੰ ਇਕ ਮਹਾਨ ਯੱਗਯ ਸਮਝ ਕੇ ਇਸ ਵਿਚ ਗੋਕੇ ਘਿਓ ਦੀਆਂ ਆਹੂਤੀਆਂ ਪਾਈਆਂ ਹਨ। ਅਗਰ, ਧੂਫ ਤੇ ਹੋਰ ਸਾਮੱਗਰੀ ਦੀ ਸੁਗੰਧ ਉਠ ਰਹੀ ਹੈ। ਵਾਹਵਾ ਸੁਗੰਧਤ ਵਾਤਾਵਰਨ ਤਿਆਰ ਹੋ ਰਿਹਾ ਹੈ। ਇਸ ਵਾਤਾਵਰਨ ਵਿਚ ਸਾਹ ਲੈਣਾ ਕਿਸੇ ਵੀ ਕਾਵਿ-ਪ੍ਰੇਮੀ ਲਈ ਸੁਭਾਗ ਸਿਧ ਹੋਵੇਗਾ, ਜਿਵੇਂ ਕਿ ਮੈਂ ਆਪ ਅਨੁਭਵ ਕੀਤਾ ਹੈ। ਕਵੀ ਦੇ ਹਥ ਵਿਚ ਸ਼ਬਦ ਖਿਡੌਣੇ ਬਣ ਗਏ ਹਨ। ਉਨ੍ਹਾਂ ਵਿਚ ਕਵੀ ਦੀ ਛੋਹ ਮੁੜ ਕੇ ਨਵੀਂ ਪ੍ਰਾਨ-ਪ੍ਰਤਿਸ਼ਠਾ ਕਰਦੀ ਹੈ।
ਮੈਂ ਇਕ ਪਾਠਕ ਦੀ ਹੈਸੀਅਤ ਵਿਚ ਵੀ ਸੰਤ ਇੰਦਰ ਸਿੰਘ ਜਿਹੇ ਬੀਬੀ ਦਾੜ੍ਹੀ ਵਾਲੇ ਅਨੁਭਵੀ ਕਵੀ ਦਾ ਸਵਾਗਤ ਕਰਦਾ ਹਾਂ। ਪਿਛੇ ਜਿਹੇ ਕਾਕਾ ਕਾਲੇਲਕਰ ਨਾਲ ਭੇਂਟ ਹੋਣ ਤੇ ਉਨ੍ਹਾਂ ਦੇ ਮੂੰਹੋਂ ਇਕ ਬੋਲ ਸੁਨਣ ਨੂੰ ਮਿਲਿਆ, ਜੋ ਅਜ ਵੀ ਮੈਨੂੰ ਟੁੰਬ ਰਿਹਾ ਹੈ। ਪਹਿਲਾਂ ਉਨ੍ਹਾਂ ਦੇ ਚੇਹਰੇ ਤੇ ਦਾੜ੍ਹੀ ਲਈ ਕੋਈ ਗੁੰਜਾਇਸ਼ ਨਹੀਂ ਸੀ ਜਾਪਦੀ, ਪਰ ਮੈਂ ਉਸ ਦਿਨ ਪਹਿਲੀ ਵੇਰ ਉਨ੍ਹਾਂ ਦੇ ਚੇਹਰੇ ਤੇ ਬੀਬੀ ਦਾੜ੍ਹੀ ਵੇਖ ਕੇ ਹੈਰਾਨ ਰਹਿ ਗਿਆ। ਉਹ ਹਸ ਕੇ ਬੋਲੇ, ‘ਭਾਵੇਂ ਮੈਂ ਦਾੜ੍ਹੀ ਰਖਣ ਵਿਚ ਢੇਰ ਚਿਰ ਲਗਾਇਆ, ਪਰ ਕੁਝ ਵੀ ਫ਼ਰਕ ਨਹੀਂ ਪਿਆ। ਦਾੜ੍ਹੀ ਉਤਨੀ ਹੀ ਚਿਟੀ ਉਗ ਆਈ ਹੈ ਜਿਤਨੀ ਕਿ ਬਹੁਤ ਪਹਿਲਾਂ ਰਖਣ ਦੀ ਸੂਰਤ ਵਿਚ ਵੀ ਹੁੰਦਾ। ਮਤਲਬ ਇਹ ਕਿ ਜੇ ਕਈ ਵਰ੍ਹੇ ਪਹਿਲਾਂ ਵੀ ਰਖੀ ਹੁੰਦੀ ਦਾੜ੍ਹੀ ਤਾਂ ਉਸ ਦਾ ਰੰਗ ਚਿੱਟਾ ਬਨਣ ਵਿਚ ਇਤਨਾ ਹੀ ਸਮਾਂ ਲਗਦਾ।
ਤੇ ਮੈਂ ਆਖ ਸਕਦਾ ਹਾਂ ਕਿ ਜੇ ਸੰਤ ਇੰਦਰ ਸਿੰਘ ਚਕ੍ਰਵਰਤੀ ਨੇ ਬਹੁਤ ਪਹਿਲਾਂ ਵੀ ਕਵਿਤਾ ਲਿਖਣੀ ਆਰੰਭ ਕੀਤੀ ਹੁੰਦੀ ਤਾਂ ਉਨ੍ਹਾਂ ਨੂੰ ‘ਮਾਲਵੇਂਦ੍ਰ’ ਜਿਹਾ ਮਹਾਂਕਾਵਿ ਲਿਖਣ ਦੀ ਸ਼ਕਤੀ ਪ੍ਰਾਪਤ ਕਰਨ ਵਿਚ ਇਤਨੇ ਵਰ੍ਹੇ ਜ਼ਰੂਰ ਲਗ ਜਾਂਦੇ।

ਦੇਵਿੰਦਰ ਸਤਿਆਰਥੀ
“ਕਲਪਨਾ”
੫ ਸੀ/੪੫, ਰੋਹਤਕ ਰੋਡ,
ਨਵੀਂ ਦਿੱਲੀ ।

## ਵਧਾਈ

### (ਪੰਜਾਬੀ ਮਹਾਂਕਾਵਿ ਦੇ ਸਫ਼ਲ ਲਿਖਾਰੀ ਸਟੇਜ ਦੇ ਕਵੀ ਸਮਰਾਟ ਸ੍ਰੀ ਵਿਧਾਤਾ ਸਿੰਘ ਜੀ ਤੀਰ)

ਸ੍ਰੀ ਬਾਬਾ ਰਾਮ ਸਿੰਘ ਜੀ ਸਚੇ ਸੁੱਚੇ ਲੋਕ-ਸੇਵਕ, ਦੇਸ਼-ਭਗਤ ਅਤੇ ਮਹਾਨ ਇਨਕਲਾਬੀ ਸਨ। ਉਹਨਾਂ ਦਾ ਸਾਦਾ ਜਿਹਾ ਜੀਵਨ ਵੀ ਆਦਮੀ ਅੰਦਰ ਹੁਲਾਰਾ ਲੈ ਆਉਂਦਾ ਹੈ, ਪਰ ਚਕ੍ਰਵਰਤੀ ਜੀ ਨੇ ਉਸ ਨੂੰ ਕਾਵਿ ਦੀ ਪੁਠ ਚਾੜ੍ਹ ਕੇ ਹੋਰ ਵੀ ਅਸਚਰਜ ਬਣਾ ਦਿਤਾ ਹੈ। ਇਸ ਵਿਚ ਕਈ ਥਾਈਂ ਸਲਾਹੁਣ ਯੋਗ ਕਾਵਿਕ-ਖੂਬੀਆਂ ਵੀ ਆ ਗਈਆਂ ਹਨ ਅਤੇ ਇਹ ਮਹਾਂ ਕਾਵਿ-ਕਹਾਉਣ ਦੇ ਯੋਗ ਹੋ ਗਿਆ ਹੈ। ਮੈਂ ਚਕ੍ਰਵਰਤੀ ਵੀਰ ਨੂੰ ਇਸ ਰਚਨਾ ਉਤੇ ਦਿਲੀ ਵਧਾਈ ਦੇਂਦਾ ਹਾਂ।

ਅੰਮ੍ਰਿਤਸਰ
ਵਿਧਾਤਾ ਸਿੰਘ ਤੀਰ।
੧-੫-੫੭

### [illegible] ਅੰਮ੍ਰਿਤਸਰ

ਸੰਤ ਇੰਦਰ ਸਿੰਘ ਜੀ ਚਕ੍ਰਵਰਤੀ ਪੰਜਾਬੀ ਦੇ ਉਹ ਸਾਹਿਤਕਾਰ ਹਨ, ਜਿਨ੍ਹਾਂ ਦੀ ਗੰਭੀਰਤਾ, ਉਹਨਾਂ ਦੀ ਪ੍ਰਸਿੱਧਤਾ ਦੇ ਰਾਹ ਵਿਚ ਸਦਾ ਰੋੜਾ ਬਣੀ ਰਹੀ ਏ।

ਜੇ ਨਵੇਂ ਦੌਰ ਦੇ ਪ੍ਰਸਿੱਧ ਸਾਹਿਤਕਾਰ ਖ਼ਿਮਾਂ ਦਾ ਦਾਨ ਬਖ਼ਸ਼ਨ, ਤਾਂ ਮੈਨੂੰ ਇਹ ਕਹਿਣ ਵਿਚ ਰਤੀ ਵੀ ਸੰਕੋਚ ਨਹੀਂ ਕਿ ਅਜ ਦੀ ਸਾਹਿਤਕ ਪ੍ਰਸਿੱਧਤਾ ਗੰਭੀਰਤਾ ਖੋਲਿਆਂ ਉਤੇ ਹੀ ਬਣਦੀ ਹੈ ਤੇ ਸੰਤ ਇੰਦਰ ਸਿੰਘ ਜੀ ਚਕ੍ਰਵਰਤੀ ਅਜ ਤੀਕ ਆਪਣੀ ਗੰਭੀਰਤਾ ਦੀ ਝੁੱਗੀ ਸ਼ੁਹਰਤ ਦੇ ਸ਼ੀਸ਼ ਮਹਿਲ ਉਤੋਂ ਕੁਰਬਾਨ ਨਹੀਂ ਕਰ ਸਕੇ।

ਮੈਂ ਚਕ੍ਰਵਰਤੀ ਜੀ ਦੀ ਉਹ ਖੁਲ੍ਹੀ ਰਚਨਾ ਵੀ ਪੜ੍ਹੀ ਏ, ਜਿਸ ਵਿਚੋਂ ਪ੍ਰੋ. ਪੂਰਨ ਸਿੰਘ ਦਾ ਰੰਗ ਝਲਕਦਾ ਏ, ਉਹਨਾਂ ਦੀ ਉਹ ਖੁਲ੍ਹੀ ਕਵਿਤਾ ਵੀ ਪੜ੍ਹੀ ਏ, ਜਿਹਦੇ ਵਿਚ ਡਾ: ਦੀਵਾਨ ਸਿੰਘ ਕਾਲੇ ਪਾਣੀ ਦਾ ਢੰਗ ਦਿਸਦਾ ਏ, ਮੈਂ ਚਕ੍ਰਵਰਤੀ ਦੇ ਇਕ ਅੰਗੀ ਵੀ ਵੇਖੇ ਨੇ ਤੇ ਹੌਲੇ ਲੇਖ ਵੀ, ਪਰ ਮੈਂ ਉਹਨਾਂ ਦੀ ਲਿਖਤ ਵਿਚ ਕਿਤੇ ਵੀ ਇਹ ਮਹਿਸੂਸ ਨਹੀਂ ਕੀਤਾ ਕਿ ਚਕ੍ਰਵਰਤੀ ਕੁਝ ਲਿਖਣ ਲਈ ਲਿਖ ਰਿਹਾ ਏ, ਸਗੋਂ ਹਰ ਥਾਂ ਮੈਨੂੰ ਇਹੋ ਪ੍ਰਤੀਤ ਹੋਇਆ ਏ, ਕਿ ਕਿਸੇ ਲਿਖਾਰੀ ਨੂੰ ਇਸ ਵਿਸ਼ੇ ਤੇ ਇਹੋ ਕੁਝ ਲਿਖਣਾ ਚਾਹੀਦਾ ਸੀ, ਤੇ ਸਾਹਿਤ ਦੇ ਹਰ ਖੇਤਰ ਵਿਚ ਮੈਂ ਉਹਦੀ ਕਲਮ ਨੂੰ ਆ-ਮੁਹਾਰਾ ਤੇ ਬੇ-ਤੁਕੱਲਫ਼ ਚਲਦਾ ਵੇਖਿਆ ਏ।

ਹੁਣ ਜਦੋਂ ਕਿ ਚਕ੍ਰਵਰਤੀ ਜੀ ਦੀ ਨਵੀਂ ਰਚਨਾਂ 'ਮਾਲਵੇਂਦ੍ਰ' ਮਹਾਂ ਕਾਵਿ ਦੀ ਸ਼ਕਲ ਵਿਚ ਮੇਰੇ ਕੋਲ ਆਈ ਹੈ ਤਾਂ ਮੈਨੂੰ ਇਹ ਪੜ੍ਹ ਕੇ ਆਪਣੀ ਰਾਏ ਦੀ ਪ੍ਰੋੜਤਾ ਦਿੱਸੀ ਏ ਕਿ ਚਕ੍ਰਵਰਤੀ ਸਾਹਿਤ ਦੇ ਹਰ ਖੇਤਰ ਵਿਚ ਫ਼ਿਟ ਆਉਂਦਾ ਏ।

'ਮਾਲਵੇਂਦਰ' ਪੁਸਤਕ ਨਾਮਧਾਰੀ ਸ਼੍ਰੇਣੀ ਦੇ ਮੋਢੀ ਸ੍ਰੀ ਬਾਬਾ ਰਾਮ ਸਿੰਘ ਮਹਾਰਾਜ ਜੀ ਦੀ ਸੰਪੂਰਨ ਜੀਵਨੀ ਏ, ਜਿਧੇ ਵਿਚੋਂ ਕੂਕਾ ਲਹਿਰ ਦੀ ਮੂੰਹ ਬੋਲਦੀ ਤਸਵੀਰ ਦਿਸਦੀ ਏ, ਤੇ ਆਪਣੀ ਇਸ ਰਚਨਾ ਨਾਲ ਇਕੱਲਾ ਚਕ੍ਰਵਰਤੀ ਇਤਿਹਾਸਕਾਰ, ਕਵੀ ਤੇ ਸ਼ਰਧਾਲੂ ਭਗਤ, ਤਿੰਨਾਂ ਰੂਪਾਂ ਵਿਚ ਸਾਹਮਣੇ ਆਇਆ ਏ।

ਜਿਥੋਂ ਤੀਕ ਇਤਿਹਾਸ ਦਾ ਸੰਬੰਧ ਏ, ਵਖ ਵਖ ਸ਼੍ਰੇਣੀਆਂ ਦੇ ਇਤਿਹਾਸ ਲਿਖਣ ਵਾਲੇ ਬਹੁਤੀ ਵਾਰੀ ਦੋ ਕਿਸਮ ਦੇ ਇਤਿਹਾਸ ਲੇਖਕ ਹੀ ਸਾਹਮਣੇ ਆਏ ਨੇ। ਇਕ ਉਹ, ਜਿਨ੍ਹਾਂ ਦੀਆਂ ਅੱਖਾਂ ਤੇ ਵਿਰੋਧਤਾ ਤੇ ਤਅੱਸਬ ਦੀ ਪੱਟੀ ਬੱਧੀ ਹੋਵ ਤੇ ਆਪਣੇ ਵਿਰੋਧੀ ਵਿਚਾਰਾਂ ਦੀ ਜਮਾਤ ਨਾਲ ਇਨਸਾਫ਼ ਕਰਨ ਦੀ ਯੋਗਤਾ ਨਾ ਰਖਦੇ ਹੋਣ, ਤੇ ਦੂਜੇ ਉਹ, ਜਿਨ੍ਹਾਂ ਨੇ ਆਪਣੀਆਂ ਅੱਖਾਂ ਵਿਚ ਸ਼ਰਧਾ ਤੇ ਅਕੀਦਤ ਦਾ ਸੁਰਮਾਂ ਪਾਇਆ ਹੋਵੇ ਤੇ ਆਪਣੀ ਮਨ ਪਸੰਦ ਸ਼੍ਰੇਣੀ ਦੀਆਂ ਘਾਟਾਂ ਨਾ ਵੇਖ ਸਕਦੇ ਹੋਣ। ਆਮ ਕਰਕੇ ਇਹਨਾਂ ਦੁਹਾਂ ਇਤਿਹਾਸਕਾਰਾਂ ਕੋਲੋਂ ਪਾਠਕ ਨੂੰ ਨਿਆਂ ਦੀ ਆਸ ਨਹੀਂ ਹੁੰਦੀ, ਪਰ ਇਹ ਮੰਨਦਿਆਂ ਹੋਇਆਂ ਵੀ ਕਿ ਚਕ੍ਰਵਰਤੀ ਜੀ ਨਾਮਧਾਰੀ ਸ਼੍ਰੇਣੀ ਦੇ ਉੱਘੇ ਸੇਵਕ ਹਨ, ਉਹਨਾਂ ਦੀ ਇਹ ਪੁਸਤਕ ਪੜ੍ਹਨ ਨਾਲ ਕਿਸੇ ਬੇ-ਨਿਆਈ ਦਾ ਤੌਖਲਾ ਮੁਕ ਜਾਂਦਾ ਏ, ਤੇ ਇਹ ਮੰਨ ਲੈਣ ਤੇ ਜੀ ਕਰਦਾ ਏ ਕਿ ਚਕ੍ਰਵਰਤੀ ਨੇ ਇਕ ਨਿਰਪੱਖ ਇਤਿਹਾਸਕਾਰ ਦਾ ਫ਼ਰਜ਼ ਬੜੀ ਜ਼ਿਮੇਂਵਾਰੀ ਨਾਲ ਅਦਾ ਕੀਤਾ ਏ, ਤੇ ਉਹਨਾਂ ਕਈ ਪ੍ਰਸਿਧ ਇਤਿਹਾਸਕਾਰਾਂ ਗਿਆਨੀ ਗਿਆਨ ਸਿੰਘ ਜੀ, ਬਾਬਾ ਸੁਮੇਰ ਸਿੰਘ ਜੀ ਨਿਹੰਗ, ਤੇ ਕਾਲਾ ਸਿੰਘ ਜੀ ਆਦਿ ਦੀਆਂ ਮੰਨੀਆਂ ਪ੍ਰਮੰਨੀਆਂ ਗਵਾਹੀਆਂ ਆਪਣੇ ਪੱਖ ਵਿਚ ਪੇਸ਼ ਕਰਕੇ ਆਪਣੀ ਸ਼ਰਧਾ ਨੂੰ ਪੱਖ ਪਾਤ ਦੇ ਦੋਸ਼ ਤੋਂ ਬੜੀ ਸਿਆਣਪ ਨਾਲ ਬਚਾ ਲਿਆ ਏ।

ਮੈਂ ਉਹਨਾਂ ਕਵੀਆਂ ਵਿਚੋਂ ਹਾਂ, ਜਿਹੜੇ ਤੋਲ, ਤੁਕਾਂਤ ਹੀਨ ਕਵਿਤਾ ਨੂੰ ਕਵਿਤਾ ਨਹੀਂ ਮੰਨਦੇ, ਤੇ ਜਦੋਂ ਕਦੀ ਮੈਂ ਚਕ੍ਰਵਰਤੀ ਜੀ ਦੀ ਤੋਲ, ਤੁਕਾਂ ਤੋਂ ਬਾਹਰੀ ਕਵਿਤਾ ਉਤੇ ਇਤਰਾਜ਼ ਕੀਤਾ ਏ ਤਾਂ ਉਹਨਾਂ ਬੜੀ ਜ਼ਿਮੇਂਵਾਰੀ ਤੇ ਆਪਣੀ ਰਵਾਇਤੀ ਗੰਭੀਰਤਾ ਨਾਲ ਇਹ ਕਹਿ ਕੇ ਰਗੜਾ ਮੁਕਾ ਦਿਤਾ ਕਿ "ਇਹ ਕਵਿਤਾ ਨਹੀਂ, ਸਗੋਂ ਵਾਰਤਕ ਹੈ, ਤੇ ਮੈਨੂੰ ਇਹ ਕਦੀ ਵੀ ਭੁਲੇਖਾ ਨਹੀਂ ਪਿਆ, ਕਿ ਮੈਂ ਕਵੀ ਹਾਂ" ਪਰ ਇਹਦੇ ਨਾਲ ਹੀ ਮੈਨੂੰ ਵੀ ਕਦੀ ਇਹ ਭੁਲੇਖਾ ਨਹੀਂ ਰਿਹਾ ਕਿ ਚਕ੍ਰਵਰਤੀ ਕਵੀ ਨਹੀਂ, ਤੇ ਹੁਣ ਮਾਲਵੇਂਦਰ ਵਰਗਾ ਮਹਾਂ ਕਾਵਿ ਲਿਖ ਕੇ ਆਪਣੇ ਕਵੀ ਨਾਂ ਹੋਣ ਦਾ ਇਕਰਾਰ ਕਰਨ ਵਾਲੇ ਚਕ੍ਰਵਰਤੀ ਨੇ ਮੇਰੀ ਰਾਏ ਦੀ ਪ੍ਰੋੜ੍ਹਤਾ ਤੇ ਆਪਣੀ ਕਸਰੇ ਨਫ਼ਸੀ ਦੀ ਵਿਰੋਧਤਾ ਕਰ ਦਿੱਤੀ ਏ ਤੇ ਇਕ ਸੁਲਝੇ ਅਤੇ ਸੁਚੱਜੇ ਕਵੀ ਦੇ ਰੂਪ ਵਿਚ ਸਾਹਮਣੇ ਆ ਗਿਆ ਏ।

ਮਾਲਵੇਂਦ੍ਰ ਵਿਚਲੀ ਛੰਦਾ ਬੰਦੀ ਇਹ, ਦਸਦੀ ਏ, ਕਿ ਚਕ੍ਰਵਰਤੀ ਜੀ ਦੀ ਕਾਵਿਕ ਸੂਝ ਬੂਝ ਕਿੰਨੀ - ਮਾਂਜੀ, ਧੋਤੀ ਤੇ ਨਿੱਤਰੀ ਹੋਈ ਏ, ਇਹਦੇ ਵਿਚ ਉਹਨਾਂ ਦੋਹਿਰਾ, ਕੋਰੜਾ, ਸਿਰਖੰਡੀ, ਦਵੱਈਆ, ਬੈਂਤ ਆਦਿ ਬੜੀ ਸੁਚੱਜਤਾ ਨਾਲ ਯੋਗ ਥਾਵਾਂ ਤੋਂ ਵਰਤੇ ਨੇ।

ਇਤਿਹਾਸ ਆਮ ਕਰਕੇ ਇਕ ਖੁਸ਼ਕ ਤੇ ਬੋਝਲ ਵਿਸ਼ਾ ਸਮਝਿਆ ਜਾਂਦਾ ਏ, ਪਰ ਜੇ ਉਹਦਾ ਲੇਖਕ ਸਾਹਿਤਕ ਰੁਚੀਆਂ ਦਾ ਸਵਾਮੀ ਹੋਵੇ ਤਾਂ ਏਸ ਬੰਜਰ ਤੇ ਰੱਕੜ ਜ਼ਮੀਨ ਵਿਚ ਰੰਗਾ ਰੰਗ ਦੇ ਫੁਲ ਪੈਦਾ ਕਰ ਕੇ ਪਾਠਕ ਦੀ ਦਿਲਚਸਪੀ ਜਿੱਤੀ ਜਾ ਸਕਦੀ ਏ, ਤੇ ਚਕ੍ਰਵਰਤੀ ਨੇ ਜਿਥੇ ਇਸ ਇਤਿਹਾਸ ਨੂੰ ਕਾਵਿਕ ਰੰਗ ਦੇ ਕੇ ਸੁੰਦਰ ਬਣਾ ਦਿਤਾ ਏ, ਉਥੇ ਆਪਣੀ ਸਾਹਿਤਕ ਰੁਚੀ ਦੇ ਤੁਫ਼ੈਲ ਪਾਠਕ ਦੇ ਦਿਮਾਗ ਤੇ ਭਾਰ ਨਹੀਂ ਪੈਣ ਦਿਤਾ।

ਮਿਸਾਲ ਵਜੋਂ ਜਦੋਂ ਸ਼ੁਰੂ ਵਿਚ ਆਪ ਪੰਜਾਬ ਦਾ ਜ਼ਿਕਰ ਕਰਦੇ ਨੇ ਤਾਂ ਪੜ੍ਹਦਾ ਪੜ੍ਹਦਾ ਪਾਠਕ ਇਹ ਭੁੱਲ ਜਾਂਦਾ ਏ, ਕਿ ਉਹ ਇਹ ਕਿਸੇ ਦੀ ਜੀਵਨੀ ਦਾ ਮੁੱਢ ਪੜ੍ਹ ਰਿਹਾ ਏ, ਸਗੋਂ ਉਹਨੂੰ ਇਉਂ ਭਾਸਦਾ ਏ ਜਿਵੇਂ ਉਹ ਆਪਣੀ ਪਿਆਰੀ ਮਾਤ੍ਰੀ ਭੂਮੀ ਦਾ ਸੁੰਦਰ ਚਿਤ੍ਰ ਵੇਖ ਰਿਹਾ ਏ ਤੇ ਉਹ ਬਦੋ ਬਦੀ ਆਪਣੀ ਜਨਮ ਭੂਮੀ ਉਤੇ ਮਾਣ ਕਰ ਉਠਦਾ ਏ।

ਏਸੇ ਤਰ੍ਹਾਂ ਹੀ ਉਹ ਵਿਸਮਾਦ ਵਿਚ ਆਏ ਹੋਏ ਭਗਤੀ ਤੇ ਸ਼ਰਧਾ ਵਿਚ ਬੇਖ਼ੁਦ ਹੋਏ ਹੋਏ ਮਸਤਾਂ ਦੀ ਵਿਥਿਆ ਪੜ੍ਹਦਾ ਪੜ੍ਹਦਾ ਕਈ ਵਾਰੀ ਆਪ ਵੀ ਵਿਸਮਾਦ ਵਿਚ ਆ ਜਾਂਦਾ ਏ, ਤੇ ਇਹ ਚਕ੍ਰਵਰਤੀ ਜੀ ਦੇ ਬਿਆਨੀਆਂ ਢੰਗ ਦੀ ਸਫ਼ਲਤਾ ਏ।

ਬਾਬਾ ਜੀ ਦੀ ਜੀਵਨੀ ਸੰਬੰਧੀ ਹਰ ਨਿਕੀ ਨਿਕੀ ਗਲ ਦੇ ਪੂਰੇ ਐਂਕੜੇ ਦੇ ਕੇ ਜਿਥੇ ਚਕ੍ਰਵਰਤੀ ਨੇ ਆਪਣੀ ਗੂੜ੍ਹੀ ਵਾਕਫ਼ੀਅਤ ਤੇ ਖੋਜ ਦਾ ਸਬੂਤ ਦਿਤਾ ਏ ਓਥੇ ਕਈ ਭੁਲੀਆਂ, ਵਿਸਰੀਆਂ ਤੇ ਸਮੇਂ ਦੇ ਹੰਗਾਮਿਆਂ ਵਿਚ ਗਵਾਚ ਚੁਕੀਆਂ ਕਥਾਵਾਂ ਲੱਭ ਕੇ ਇਤਿਹਾਸ ਤੇ ਵੀ ਇਹਸਾਨ ਕੀਤਾ ਏ, ਮਹਾਂ ਪੁਰਸ਼ਾਂ ਦੀ ਹਰ ਹਰਕਤ ਤੇ ਹਰ ਹੁੰਗਾਰਾ ਔਣ ਵਾਲੀਆਂ ਨਸਲਾਂ ਲਈ ਇਕ ਸ਼ਾਨਦਾਰ ਮਿਸਾਲ ਦਾ ਕੰਮ ਦੇਂਦਾ ਏ, ਤੇ ਏਸ ਖ਼ਿਆਲ ਨਾਲ ਚਕ੍ਰਵਰਤੀ ਨੇ ਕਈ ਜ਼ਰੂਰੀ, ਤੇ ਅਮੁੱਲੀਆਂ ਯਾਦ ਦਾਸ਼ਤਾਂ ਦੇ ਕੇ ਇਕ ਬਹੁਤ ਵਡਾ ਤੇ ਸ਼ਲਾਘਾ ਯੋਗ ਉੱਦਮ ਕੀਤਾ ਏ ।
ਮੈਂ ਚਕ੍ਰਵਰਤੀ ਜੀ ਨੂੰ ਇਸ ਅਤਿ ਲੋੜੀਂਦੇ ਕਾਰਜ ਦੀ ਸੰਪੂਰਨਤਾ ਲਈ ਦਿਲੀ ਵਧਾਈ ਦੇਂਦਾ ਹਾਂ। ਉਹਨਾਂ ਨੇ ਸਾਡੇ ਸਤਿਕਾਰ ਯੋਗ ਇਤਿਹਾਸ ਵਿਚ ਇਕ ਨਿੱਗਰ ਵਾਧਾ ਕਰਕੇ ਸਾਡੇ ਕੌਮੀ ਖ਼ਜ਼ਾਨੇ ਵਿਚ ਬਹੁਤ ਵੱਡਾ ਹਿਸਾ ਪਾਇਆ ਏ।

ਕਰਤਾਰ ਸਿੰਘ ਬਲੱਗਣ
ਦਫ਼ਤਰ ਕਵਿਤਾ ਅੰਮ੍ਰਿਤਸਰ
੧੬-੩-੫੭

## ਪਟਿਆਲਾ ਦੇ ਸਟੇਜ ਦੇ ਬਾਦਸ਼ਾਹ ਕਵੀ ਸ੍ਰੀ ਬਲਵੰਤ ਸਿੰਘ ਜੀ ਗਜਰਾਜ

ਲੇਖਨੀ ਵਿਧਾਤਾ ਕੀ ਕਿ ਕਲਮ ਚੱਕ੍ਰਵਰਤੀ ਦੀ
ਮੋਤੀ ਸੇ-ਬਖੇਰ ਦੇਤ ਹੀਰੇ ਸੇ ਖਿਲਾਰ ਦੇਤ,
ਸਰਸਵਤੀ ਕਾ ਬਰ ਯਾਕੀ ਰਸਨਾ ਪੇ ਬਾਸ ਕਰੇ
ਖੰਡ ਬ੍ਰਹਿਮੰਡ ਸੇ ਸ਼ਬਦ ਉਤਾਰ ਦੇਤ
ਪੇਖਿਓ ਇਤਹਾਸ ਨਾਮਧਾਰੀ ਮਾਲਵੇਂਦ੍ਰ ਮੇ
ਲਿਖਵੇ ਕੀ ਬੁੱਧੀ ਇਸ ਕੋ ਆਪ ਹੈ ਕਰਤਾਰ ਦੇਤ
ਕਵੀ ਹੈ ਲਿਖਾਰੀ ਹੈ "ਗਜਰਾਜ" ਨਾਮਧਾਰੀ
ਚੱਕ੍ਰਵਰਤੀ ਸੰਤ ਲਿਖ ਕੇ ਹਿਸਟਰੀ ਸੰਗਾਰ ਦੇਤ

ਵਲੋਂ "ਗਜਰਾਜ"
ਪਟਿਆਲਾ
੨-੩-੫੭

## ਰਤਨ ਭੰਡਾਰ

### (ਸੰਤ ਫ਼ਤਹ ਸਿੰਘ ਜੀ ਫ਼ਲਾਸਫ਼ਰ ਪ੍ਰਚਾਰਕ ਪਰਮੁਖ)

ਮੈਂ ਸੰਤ ਇੰਦਰ ਸਿੰਘ ਜੀ ਚਕ੍ਰਵਰਤੀ ਦੀ ਲਿਖੀ "ਮਾਲਵੇਂਦ੍ਰ" ਨਾਮੀ ਪੁਸਤਕ ਪੜ੍ਹੀ ਹੈ। ਨਾਮਧਾਰੀਆਂ ਦੇ ਮੁਖਾਲਿਫ਼ ਲਿਖਾਰੀਆਂ ਅਣਹੋਈਆਂ ਘਟਨਾਵਾਂ ਲਿਖ ਕੇ ਇਤਿਹਾਸ ਨੂੰ ਵਿਗਾੜਨ ਲਈ ਸਾਰਾ ਜ਼ੋਰ ਲਾਇਆ ਹੈ, ਪਰ ਚਕ੍ਰਵਰਤੀ ਜੀ ਨੇ ਇਤਿਹਾਸਕ ਪ੍ਰਸੰਗ ਅਤਿ ਸੁਚੱਜੇ ਢੰਗ ਨਾਲ ਸਹੀ-ਸਹੀ ਜਿਉਂ ਦੇ ਤਿਉਂ ਲਿਖੇ ਹਨ। ਮੈਂ ਜਾਂ ਸਾਡੇ ਹੋਰ ਪ੍ਰਚਾਰਕ ਜਦ ਪ੍ਰਚਾਰ ਕਰਨ ਲਈ ਜਾਂਦੇ ਤਦ ਸੰਗਤ ਨਾਮਧਾਰੀ ਇਤਿਹਾਸਕ ਪ੍ਰਸੰਗ ਸੁਣਨ ਦੀ ਇਛਾ ਪ੍ਰਗਟ ਕਰਦੀ, ਪਰ ਸਾਨੂੰ ਤੇ ਆਪ ਨੂੰ ਵੀ ਸਹੀ ਇਤਿਹਾਸਕ ਵਾਕਫ਼ੀਅਤ ਨਹੀਂ, ਅਸੀਂ ਹੋਰ ਕਿਸੇ ਨੂੰ

ਕੀ ਦਸਦੇ। ਮੈਨੂੰ ਖੁਸ਼ੀ ਹੈ ਕਿ ਇਸ ਪੁਸਤਕ ਨੇ ਸਾਡੀ ਇਕ ਬਹੁਤ ਵੱਡੀ ਘਾਟ ਨੂੰ ਪੂਰਾ ਕਰ ਦਿਤਾ ਹੈ ਜਿਸ ਨੂੰ ਅਸੀਂ ਢੇਰ ਚਿਰ ਤੋਂ ਮਹਿਸੂਸ ਕਰ ਰਹੇ ਸਾਂ ।

ਇਸ ਪੁਸਤਕ ਦੀ ਬੋਲੀ ਆਮ ਲੋਕਾਂ ਦੀ ਬੋਲੀ ਹੈ ਜੋ ਬੜੀ ਸਾਫ਼ ਦਿਲ ਖਿਚਵੀਂ, ਹਲਕੀ-ਫੁਲਕੀ ਪੜ੍ਹਿਆਂ ਤੇ ਅਨਪੜ੍ਹਿਆਂ ਨੂੰ ਇਕੋ ਜੇਹਾ ਰਸ ਤੇ ਸਵਾਦ ਦੇਂਦੀ ਹੈ। ਇਸ ਨੂੰ ਸਮਝਣ ਲਈ ਦਿਮਾਗ ਤੇ ਭਾਰ ਨਹੀਂ ਪਾਣਾ ਪੈਂਦਾ।

ਮੈਂ ਅਜੇਹਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਇਤਿਹਾਸਕ ਰਚਨਾ ਨਾਲ ਭਰੇ ਭੰਡਾਰ ਰੂਪ ਇਤਿਹਾਸ ਲਿਖਣ ਤੇ ਸੰਤ ਚਕ੍ਰਵਰਤੀ ਜੀ ਨੂੰ ਬਹੁਤ ਵਧਾਈ ਦੇਂਦਾ ਹਾਂ ਅਤੇ ਆਸ ਰਖਦਾ ਹਾਂ ਕਿ ਹਰ ਇਕ ਨਾਮਧਾਰੀ ਇਸ ਪੁਸਤਕ ਨੂੰ ਆਪਣੇ ਘਰ, ਧਰਮ ਪੁਸਤਕ ਵਾਂਗ ਸਤਿਕਾਰ ਨਾਲ ਰਖੇਗਾ ਅਤੇ ਬੱਚੇ ਬੱਚੀਆਂ ਨੂੰ ਜ਼ਰੂਰ ਪੜ੍ਹਾਏਗਾ, ਮੈਂ ਇਸ ਦੀ ਹਰ ਇਕ ਭਾਰਤ ਵਾਸੀ ਨੂੰ ਬੜੇ ਮਾਣ ਨਾਲ ਪੜ੍ਹਨ ਦੀ ਪ੍ਰੇਰਨਾ ਕਰਦਾ ਹਾਂ।

ਸੰਤ ਫਤਹ ਸਿੰਘ ਮਾਂਗਾ<br>
ਦਿੱਲੀ<br>
੨੨ ਫਰਵਰੀ ੧੯੫੫

## ਇਤਿਹਾਸ ਦਾ ਅਸਰ

### (ਭਾਈ ਪਰਮਾ ਨੰਦ ਜੀ, ਐਮ. ਏ.)

ਆਪਾ ਤਸੱਲੀ ਵੀ ਇਤਿਹਾਸ ਲਿਖਣ ਦਾ ਮਨੋਰਥ ਹੋ ਸਕਦਾ ਹੈ। ਜੇ ਇਤਿਹਾਸ ਲੇਖਕ ਉਸੇ ਹੀ ਕੌਮ ਦਾ ਜਾਂ ਜਾਤੀ ਦਾ ਹੋਵੇ ਜਿਸ ਦਾ ਉਹ ਇਤਿਹਾਸ ਲਿਖ ਰਿਹਾ ਹੈ ਤਾਂ ਉਸ ਦੀ ਕੁਦਰਤੀ ਇਛਾ ਹੁੰਦੀ ਹੈ ਕਿ ਆਪਣੇ ਵੱਡੇ ਵਡੇਰਿਆਂ ਦੇ ਕੰਮਾਂ ਨੂੰ ਦਬ ਕੇ ਆਪਣੇ ਸਮਾਜ ਅੰਦਰ, ਪ੍ਰਮਾਰਥਕਤਾ ਤੇ ਤਿਆਗ ਭਾਵਨਾ ਪੈਦਾ ਕਰੇ।

ਇਤਿਹਾਸ ਬੱਚਿਆਂ ਤੋਂ ਲੈ ਕੇ ਆਮ ਲੋਕਾਂ - ਜਨ ਸਾਧਾਰਨ - ਨੂੰ ਪ੍ਰਭਾਵਤ ਕਰਨ ਵਾਲਾ ਉਹ ਗਿਆਨ ਹੈ, ਜੋ ਆਪਣੇ ਪ੍ਰਭਾਵ ਤੋਂ ਸਮਾਜ ਦੀ ਜ਼ਿੰਦਗੀ ਨੂੰ ਉਚੇਰਾ ਕਰਦਾ ਹੈ, ਪਰ ਉਲਟੇ ਅਸਰ ਨਾਲ ਸਮਾਜਕ ਪ੍ਰਭਾਵ ਦੀ ਉਚਤਾ ਨੂੰ ਖ਼ਤਮ ਵੀ ਕਰ ਦਿਆ ਕਰਦਾ ਹੈ।

ਜੇ ਇਤਿਹਾਸ ਲੇਖਕ ਕਿਸੇ ਦੂਜੀ ਜਾਤੀ ਜਾਂ ਸਮਾਜ ਦਾ ਹੋਵੇ, ਜਿਸ ਦਾ ਮੰਤਵ ਆਪਣੇ ਆਪ ਨੂੰ ਚੰਗਾ ਦੱਸ ਕੇ ਦੂਜਿਆਂ ਨੂੰ ਛੁਟਿਆਉਣਾ ਹੋਵੇ ਤਾਂ ਉਹ ਉਸੇ ਕਿਸਮ ਦੀਆਂ ਇਤਿਹਾਸਕ ਘਟਨਾਵਾਂ ਸੰਕਲਿਤ ਕਰਦਾ ਹੈ, ਜਿੰਨ੍ਹਾਂ ਨਾਲ ਉਸ ਦਾ ਮਨੋਰਥ ਸਿਧ ਹੋ ਸਕਦਾ ਹੋਵੇ।

ਇਤਿਹਾਸਕ ਘਟਨਾਵਾਂ ਤਾਂ ਇਕੋ ਜਹੀਆਂ ਹੀ ਹੁੰਦੀਆਂ ਹਨ, ਪਰ ਉਨ੍ਹਾਂ ਦਾ ਪੇਸ਼ ਕਰਨ ਦੇ ਢੰਗ ਤੋਂ ਹੀ ਚੰਗਾ ਜਾਂ ਮੰਦਾ ਪ੍ਰਭਾਵ ਆਪਣੇ ਆਪ ਹੀ ਪੈ ਜਾਇਆ ਕਰਦਾ ਹੈ।

(ਭਾਰਤ ਵਰਸ਼ ਕਾ ਇਤਿਹਾਸ)

# ਮਹਾਂ [illegible]


## ਵਲੋਂ: ਪ੍ਰੋ. ਜੀਤ ਸਿੰਘ ਸੀਤਲ, ਐਮ. ਏ. (ਫ਼ਾਰਸੀ ਤੇ ਪੰਜਾਬੀ; ਐਮ.ਓ.ਐਲ, ਸਹਾਇਕ ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ)


ਪੰਜਾਬੀ ਸਾਹਿਤ ਤੇ ਪੰਜਾਬ ਦੇ ਇਤਿਹਾਸ ਵਿਚ 'ਮਾਲਵੇਂਦ੍ਰ' ਇਕ ਨਿਰੋਲ ਤੇ ਨਿੱਗਰ ਵਾਧਾ ਕਰਦਾ ਹੈ। ਇਸ ਵਿਚ ਅਜਿਹੀ ਕ੍ਰਿਤ ਲਈ ਲੋੜੀਂਦੇ ਸਾਰੇ ਛੰਦਾਂ ਦਾ ਹੀ ਪ੍ਰਯੋਗ ਕੀਤਾ ਗਿਆ ਹੈ - ਕਮਾਲ ਇਹ ਹੈ, ਕਿ ਹਰ ਛੰਦ ਵਿਚ ਉਸਤਾਕਾਰ ਦੇ ਹਥਾਂ ਦੀ ਛੂਹ ਸਾਫ਼ ਵਿਖਾਈ ਦਿੰਦੀ ਹੈ।

ਕੁਦਰਤ ਦੇ ਦ੍ਰਿਸ਼, ਰੁਤਾਂ ਦੀ ਆਮਦ, ਸ਼ਬਦਾਂ ਤੇ ਮੁਹਾਵਰਿਆਂ ਦੀ ਜਚਵੀਂ ਤੁਲਵੀਂ ਵਰਤੋਂ, ਇਸ ਨੂੰ ਅਵੱਸ਼ ਇਕ ਟਕਸਾਲੀ ਬੋਲੀ ਦਾ ਰੂਪ ਦਿੰਦੇ ਹਨ। ਪੰਜਾਬ ਤੇ ਪੰਜਾਬੀਆਂ ਦਾ ਗੌਰਵ ਬੜੀ ਸ਼ਰਧਾ ਭਰਪੂਰ ਲੇਖਨੀ ਦੁਆਰਾ ਪ੍ਰਗਟਾਇਆ ਗਿਆ ਹੈ, ਮਾਨੋ ਉੱਤਰੀ ਭਾਰਤ ਦੇ ਸਾਰੇ ਹੀ ਪ੍ਰਮਾਣੀਕ ਸਾਹਿਤਕਾਰ ਇਸੇ ਧਰਤੀ ਦੀ ਉਪਜ ਸਨ, ਜਿਨ੍ਹਾਂ ਨੇ ਇਸ ਦੀ ਮਿੱਟੀ ਨੂੰ ਗੋ, ਬਣਾ ਸੰਵਾਰ ਸੁੰਦਰ ਸਾਹਿਤ ਭਾਂਡਸਾਲ ਤਿਆਰ ਕੀਤੀ। ਆਪ ਲਿਖਦੇ ਹਨ :--

ਬੋਲੀ ਦੀ ਟਕਸਾਲ ਇਹ,
ਇਹ ਪਾਣਿਨੀ ਦਾ ਘਰ
ਏਥੇ ਹੀ ਕਾਲੀ ਦਾਸ ਨੇ
ਲਿਆ ਸੁਰੱਸਤੀ ਵਰ।

ਪੰਜਾਬੀ ਆਚਰਨ ਨੂੰ ਆਪਣੇ ਅਸਲੀ ਰੰਗ ਵਿਚ ਪ੍ਰਗਟ ਕੀਤਾ ਹੈ, ਇਹ ਦੂਲੇ ਪੰਜਾਬ ਦੇ ਮਰਨਾ ਮਾਰਨਾ ਇਕ ਖੇਡ ਸਮਝਦੇ ਹਨ। ਇਥੇ ਪ੍ਰੋ: ਪੂਰਨ ਸਿੰਘ ਦੇ 'ਇਹ ਜਵਾਨ ਪੰਜਾਬ ਦੇ' ਬੋਲ ਕੰਨਾਂ ਵਿਚ ਚਕ੍ਰਵਰਤੀ ਦੀ ਲੇਖਣੀ ਦੁਆਰਾ ਗੂੰਜਦੇ ਹਨ:-

ਜਾਂ ਮਰਨਾ ਜਾਂ ਮਾਰਨਾ
ਜਿਨ੍ਹਾਂ ਦੀ ਹੈ ਰੀਤਿ ।
ਵਲ ਛਲ ਦੇ ਜਾਣੂ ਨਹੀਂ
ਕਰਦੇ ਨਹੀਂ ਅਨੀਤਿ।

ਵਿਚ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਤੁਕਾਂ ਹੀਰਿਆਂ ਵਤ ਜੜੀਆਂ ਸਾਫ਼ ਦਿਸਦੀਆਂ ਹਨ। ਜਿਵੇਂ :-

ਖਾਣੇ ਸਨ ਜੋ ਖਾਂਦੀਆਂ, ਕਈ ਕਈ, ਕਈ ਵੇਰ
ਫਿਰਨ ਉਜਾੜੀਂ ਭੌਂਦੀਆਂ, ਚੁਗ-ਚੁਗ ਖਾਵਨ ਬੇਰ
"ਜਿਨੁ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ।
ਸੇ ਸਿਰ ਕਾਤੀ ਮੁੰਨੀਅਨਿ ਗਲ ਵਿਚ ਆਵੈ ਧੂੜਿ"।

ਪੰਜਾਬ ਨਾਲ ਜੋ ਹੋਈ ਬੀਤੀ, ਆਦਿ ਤੋਂ ਲੈ ਕੇ ਹੁਣ ਤਕ ਇਕ ਸੁਚੱਜੇ ਇਤਿਹਾਸਕਾਰ ਵਾਂਗ ਇਨ੍ਹਾਂ ਉਹ ਸਾਰੀ ਵਾਰਤਾ ਇੰਨ ਬਿੰਨ ਉਲੀਕੀ ਹੈ ਜਿਸ ਨੂੰ ਪੜ੍ਹ ਕੇ ਇਕ ਪੰਜਾਬੀ ਜਾਂ ਹਿੰਦੀ ਦਾ ਹਿਰਦਾ ਜੋਸ਼ ਖਾਧੇ ਬਿਨਾਂ ਤੇ ਉਤੇਜਤ ਹੋਣ ਬਗ਼ੈਰ ਨਹੀਂ ਰਹਿ ਸਕਦਾ।

ਆਪਣੇ ਵਾਕਿਆਤ ਦੀ ਪੁਸ਼ਟੀ ਇਤਿਹਾਸਕ ਗ੍ਰੰਥਾਂ ਦੁਆਰਾ ਕਰਨਾ ਤੇ ਫੇਰ ਉਨ੍ਹਾਂ ਨੂੰ ਸਹੀ ਰੂਪ ਦੇਣਾ ਕਿਸੇ ਕਿਸੇ ਇਤਿਹਾਸਕਾਰ ਦਾ ਕੰਮ ਹੁੰਦਾ ਹੈ। ਇਨ੍ਹਾਂ ਨੇ 'ਸੌ ਸਾਖੀ', 'ਪੰਥ ਪ੍ਰਕਾਸ਼', 'ਸੂਰਜ ਪ੍ਰਕਾਸ਼' ਆਦਿ ਦੇ ਹਵਾਲੇ ਥਾਂ ਥਾਂ ਦੇ ਕੇ ਆਪਣੇ ਕਾਵਿ ਦਾ ਮੁਲ ਵਧਾ ਦਿੱਤਾ ਹੈ।

ਇਸ ਤਰ੍ਹਾਂ ਇਹ ਕਾਵਿ ਤੇ ਇਤਿਹਾਸ ਇਕ ਮਿਕ ਹੈ ਕੇ ਇਕ ਪੇਉਂਦੀ ਬ੍ਰਿਛ ਵਾਂਗ ਨਵਾਂ ਨਰੋਆ ਰੰਗ ਤੇ ਸੁਆਦ ਦੇਣ ਯੋਗ ਹੋ ਸਕਿਆ ਹੈ।

ਸਾਰਾ ਕਾਵਿ ਪੜ੍ਹਨ ਤੋਂ ਪਤਾ ਲਗਦਾ ਹੈ ਕਿ ਇਹ ਅੰਗਰੇਜ਼ ਦੇ ਜ਼ੁਲਮਾਂ ਦਾ ਇਕ ਕੱਚਾ ਚਿੱਠਾ ਹੈ। ਹਰ ਇਕ ਦੁਰਘਟਨਾ ਪੂਰੇ ਵਿਸਥਾਰ ਸਹਿਤ ਦਿਤੀ ਗਈ ਹੈ। ਜਿਨ੍ਹਾਂ ਨੂੰ ਪੜ੍ਹ ਕੇ ਕੋਈ ਨਿਰਪੱਖ ਆਦਮੀ ਵੀ ਕੂਕਿਆਂ ਦੀ ਬਹਾਦਰੀ ਤੇ ਦੇਸ਼ ਪਿਆਰ ਦੀ ਦਾਦ ਦਿਤੇ ਬਿਨਾਂ ਤੇ ਅੰਗ੍ਰੇਜ਼ ਪੁਰ ਲਾਹਨਤਾਂ ਭੇਜਣ ਤੋਂ ਨਹੀਂ ਰਹਿ ਸਕਦਾ ।

ਬਾਬਾ ਰਾਮ ਸਿੰਘ ਜੀ ਮਹਾਰਾਜ ਦੇ ਇਸ ਜੀਵਨ-ਚਰਿਤ੍ਰ ਦਾ ਪਿਛੋਕੜ ਮਾਨੋਂ ਇਕ ਉਚਾ ਅਕਾਸ਼ ਮੰਡਲ ਹੈ ਜਿਸ ਪੁਰ ਸਤਿਗੁਰੂ ਰਾਮ ਸਿੰਘ ਚੰਦ੍ਰਮਾ ਵਤ ਚਮਕਦੇ ਦਿਸਦੇ ਹਨ ਉਨ੍ਹਾਂ ਦੇ ਉਦਾਲੇ ਉਨ੍ਹਾਂ ਦੇ ਸਿਖ ਸੇਵਕ ਤਾਰਿਆਂ ਵਤ ਲਿਸ਼ਕਦੇ ਤੇ ਨਿਮੀ ਭਾਅ ਮਾਰਦੇ, ਹਰ ਦੇਸ਼ ਭਗਤ ਨੂੰ ਇਸ਼ਾਰਿਆਂ ਇਸ਼ਾਰਿਆਂ ਵਿਚ ਆਪਣੇ ਧਰਮ ਤੇ ਮੁਲਕ ਤੋਂ ਕੁਰਬਾਨ ਹੋ ਜਾਣ ਦਾ ਭੇਤ ਸਮਝਾ ਰਹੇ ਜਾਪਦੇ ਹਨ। ਕਲੇਜੇ ਵਿਚ ਭਾਂਬੜ ਤੇ ਲੰਬੂ ਉਠਦੇ ਹਨ, ਪਰ ਹਿਰਦੇ ਵਿਚ ਇਨ੍ਹਾਂ ਦੀ ਕੁਰਬਾਨੀ ਫਲ ਲਿਆਈ ਵੇਖ ਠੰਡ ਪੈਂਦੀ ਹੈ - ਕਾਸ਼ ਸਾਡੇ ਨੌਜਵਾਨ ਅਜਿਹੀਆਂ ਕੁਰਬਾਨੀਆਂ ਤੋਂ ਸਬਕ ਲੈਣ ਤੇ ਆਪਣਾ ਜੀਵਨ ਇਨਾਂ ਉਚਾ, ਬੇਲੋਸ ਤੋਂ ਬੇਗਰਜ਼ ਬਣਾ ਸਕਣ ਤੇ ਦੂਜਿਆਂ ਲਈ ਜੀਉਣਾ ਸਿਖ ਸਕਣ।

ਦੇਸ਼ ਧ੍ਰੋਹੀਆਂ ਤੇ ਗ਼ਦਾਰਾਂ ਲਈ ਚੰਗਾ ਛਾਂਦਾ ਦਿਤਾ ਗਿਆ ਹੈ, ਜਿਸ ਦੇ ਕਿ ਉਹ ਹੱਕਦਾਰ ਹਨ। ਇਨ੍ਹਾਂ ਧ੍ਰੋਹੀਆਂ ਕਰ ਕੇ ਹੀ ਦੇਸ਼ ਦਰਦੀਆਂ ਪੁਰ ਇੰਨੇ ਜ਼ੁਲਮ ਤੇ ਤਸੀਹੇ ਹੋਏ। ਇਹ ਸਾਡੇ ਦੇਸ਼ ਨੂੰ ਮਾਰ ਹੈ ਕਿ ਏਥੇ ਅਜਿਹੇ ਗ਼ਦਾਰ ਹਰ ਸਮੇਂ ਨਿਕਲਦੇ ਰਹੇ ਜਿਨਾਂ ਵੈਰੀਆਂ ਨਾਲ ਰਲ ਕੇ ਦੇਸ਼ ਦਾ ਖਾਕਾ ਉੜਾਉਣਾ ਚਾਹਿਆ - ਪਰ ਅਜ ਉਹ ਮਿੱਟੀ ਵਿਚ ਰਲ ਕੇ ਮਿੱਟੀ ਹੋ ਗਏ ਹਨ, ਪ੍ਰੰਤੂ ਜਿਨਾਂ ਵਿਰੁਧ ਉਹ ਨੀਚ ਕਰਮ ਕਰਦੇ ਰਹੇ, ਉਹ ਅਜ ਵੀ ਅਮਰ ਹਨ ਤੇ ਦੇਸ਼ ਦੇ ਆਕਾਸ਼ ਪੁਰ ਚਮਕ ਰਹੇ ਹਨ। ਚੰਨ ਨੂੰ ਦੂਸ਼ਨ ਲਾਉਣ ਦੇ ਪਤਾ ਨਹੀਂ ਕਿੰਨਿਆਂ ਕੁ ਨੇ ਜਤਨ ਕੀਤੇ - ਪਰ ਇਸ ਦੀ ਚਾਨਣੀ ਨੂੰ ਅਜੇ ਤਕ ਕੋਈ ਲੁਕਾਉਣ ਜਾਂ ਰੋਕਣ ਵਿਚ ਸਫ਼ਲ ਨਹੀਂ ਹੋਇਆ।

ਜਿਵੇਂ :-

ਝੱਲ ਨਹੀਂ ਸਨ ਸਕਦੇ
ਪੰਥਕ ਇਹ ਅਰੂਜ਼
ਦੇ ਕੁਨਾਲੀ ਕੱਜ ਰਹੇ
ਚੜ੍ਹਿਆ ਚੰਨਾ ਦੂਜ।

ਹੁਣ ਜ਼ਰਾ ਸ਼ਬਦਾਂ, ਮੁਹਾਵਰਿਆਂ ਅਖੌਤਾਂ ਤੇ ਵਾਕ-ਬਣਤਰਾਂ ਦਾ ਰਸ ਮਾਣੋ। ਇਕ ਮਹਾਨ ਕਲਾਕਾਰ ਜਿਵੇਂ ਆਪਣੇ ਅੰਗਾਂ ਨੂੰ ਪੁਤਲੀਆਂ ਵਾਂਗ ਨਚਾਉਂਦਾ ਹੈ। ਇਕ ਚਿਤ੍ਰਕਾਰ ਜਿਵੇਂ ਆਪਣੀ ਬੁਰਸ਼ ਦੀ ਛੁਹ ਨਾਲ ਅਨੇਕ ਰੰਗਾਂ ਦੀ ਆਮੇਜ਼ਿਸ਼ ਨਾਲ ਸੁੰਦਰ ਦ੍ਰਿਸ਼ ਚਿਤ੍ਰਦਾ ਹੈ ਤੇ ਇਕ ਸੁਚੱਜਾ ਕਾਰੀਗਰ ਜਿਵੇਂ ਆਪਣੇ ਹਥਾਂ ਤੇ ਸੰਦਾਂ ਨਾਲ ਆਪਣੀ ਘਾੜਤ ਵਿਚ ਜਾਨ ਪਾ ਦੇਂਦਾ ਹੈ, ਇਸੇ ਤਰ੍ਹਾਂ ਕਵੀ ਨੇ ਇਨ੍ਹਾਂ ਸ਼ਬਦਾਂ ਤੇ ਮੁਹਾਵਰਿਆਂ ਨਾਲ ਇਸ ਮਹਾਂ ਕਾਵਿ ਵਿਚ ਆਪਣੀ ਕਲਮ ਦੁਆਰਾ ਅਨੇਕ ਰੰਗ ਭਰ ਦਿਤੇ ਹਨ, ਜਿਹੜੇ ਮਿਲ ਕੇ ਇਕ ਸਤਰੰਗੀ ਪੀਂਘ ਦਾ ਹੁਲਾਰਾ ਦੇ ਜਾਂਦੇ ਹਨ :

"ਡੋਕੇ ਚੁੰਘ-ਚੁੰਘ ਸੱਜਰੇ
ਕੱਦਾਵਰ ਜਿਉਂ ਸ਼ੇਰ"।

ਨੂੰ ਪੜ੍ਹ ਕੇ ਪੰਜਾਬੀ ਗੱਭਰੂ ਦੀ ਤਸਵੀਰ ਤੇ ਉਸ ਦਾ ਚਿਹਨ ਚੱਕਰ ਅਥਵਾ ਉਸ ਦੇ ਘਰ ਬੱਧੀਆਂ ਲਿਆਰੀਆਂ ਗਲ ਪਏ ਜੰਗ ਕੰਨਾਂ ਵਿਚ ਮਿਠੀ ਟੁਣਕਾਰ ਪੈਦਾ ਕਰਦੇ ਹਨ। ਇਸੇ ਤਰ੍ਹਾਂ 'ਗੱਭਰੂ ਬਾਂਕੇ-ਮਸ-ਭਿੰਨੇ', 'ਤਿਖੇ ਨਕਸ਼ ਨਗਾਰ' ਨੂੰ ਪੜ੍ਹ ਕੇ ਪੰਜਾਬ ਦੇ ਗੱਭਰੂ ਪ੍ਰੇਮੀ ਰਾਂਝੇ ਤੇ ਹੀਰਾਂ ਜਹੀਆਂ ਵਿਅੱਕਤੀਆਂ ਅੱਖਾਂ ਸਾਹਮਣੇ ਆ ਖਲੋਂਦੀਆਂ ਹਨ, ਅਜੇਹਿਆਂ ਸੂਰਬੀਰਾਂ ਪੁਰ ਕੌਣ ਨਛਾਵਰ ਹੋਣ ਨੂੰ ਨਹੀਂ ਚਾਹੁੰਦਾ :

ਵੇਖ ਜਿਨਾਂ ਨੂੰ ਕਰਦੀਆਂ
ਹੂਰਾਂ ਜਾਨ ਨਸਾਰ,

ਇਥੇ ਅਸੀਂ ਥੋੜ੍ਹੀਆਂ ਘਨੀਆਂ ਮਿਸਾਲਾਂ ਦੇ ਕੇ ਹੀ ਸਮਾਪਤ ਕਰਦੇ ਹਾਂ।ਜਿਵੇਂ 'ਪ੍ਰਣ ਪਾਲਣਾ, ਕੰਡ ਵਖਾਉਣਾ, ਰਣ ਮੰਡਣਾ, ਕਨਾਰੇ (ਹੋ) ਬੈਠਣਾ, ਮੁਨਾਰਾ ਭਰਥਿਆ, ਅੱਖ ਨਾ ਉਚੀ ਕਰਨਾ, ਕੌਡੀ ਮੁਲ ਪੈਣਾ, ਪੁਆਉਣਾ, ਲੂਣ-ਹਰਾਮੀ, ਚਕੀਆਂ ਝੋਣਾ, 'ਕਰ ਸਕੇਸ਼ ਸ਼ਨਾਨ, ਨਾ-ਮਿਲਵਰਤਨ, ਤਾਨ ਪੂਰਨਾ, ਨੀਲ-ਘੰਧੋਲਾ, ਅਜਾਜਤ, ਹੰਕਾਰ-ਭਰੇ, ਕਠ-ਪੁਤਲੀ ਵਾਂਗ, ਝੂਟਾ ਲੈਣਾ, ਮੌਤ ਨੂੰ ਮਜਾਖਾਂ ਕਰਨਾ, ਅੱਖ ਉਘਾੜ ਨਾ ਵੇਖਣਾ, ਮਹਿਬੂਬ, ਤੁਅੱਸਬ, ਗੌਰਵ, ਗ਼ਰੂਰ, ਪੁਜ ਕੇ ਦੁਖੀ ਹੋਣਾ, ਸਿਖ ਸਰਦਾਰੜੇ, ਆਦਿ।

ਬਾਬਾ ਰਾਮ ਸਿੰਘ ਜੀ ਮਹਾਰਾਜ ਦਾ ਚਿਤਰ ਜ਼ਰਾ ਮਨ ਦੀਆਂ ਅੱਖਾਂ ਅਗੇ ਲਿਆਉ :

'ਰਾਜ ਹੰਸ ਜਿਉਂ ਧੌਣ ਤੇ,
ਮਸਤ ਮਤੰਗ ਜਿਉਂ ਚਾਲ
ਥਰ ਹਰ ਧਰਤੀ ਥਰਕਦੀ
ਰਖਣ ਪੈਰ ਸੰਭਾਲ।
ਉਚਾ ਲੰਮਾ ਕਦ ਇਉਂ
ਸਰੂ ਜਿਵੇਂ ਇਕ ਸਾਰ
ਗਰਦਨ ਲੰਮੀ ਸਵਾ ਗਿੱਠ
ਦੀਰਘ ਨੈਣ ਅਪਾਰ
ਬਾਹਵਾਂ ਗੋਡਿਆਂ ਹੇਠ ਨੇ
ਲੰਮੀਆਂ ਅਤੇ ਵਿਸ਼ਾਲ
ਅਰਕਾਂ ਦੇ ਨਹੀਂ ਜੋੜ ਇਉਂ
ਜਿਵੇਂ ਕੰਵਲ ਦੀ ਨਾਲ।

ਅਜਿਹੇ ਅਵਤਾਰ ਦੀਆਂ ਨਿਸ਼ਾਨੀਆਂ ਤਕ ਵੇਖ ਕੌਣ ਆਨੰਦਮਈ ਨਾ ਹੋਵੇ ? ਵੇਖ ਵੇਖ ਭੁਖ ਨਹੀਂ ਲਹਿੰਦੀ :-

ਜਿਵੇਂ ਮੁਨਾਰਾ ਭਰਥਿਆ,
ਨੇੜੇ ਜਾਪੇ ਦੂਰ।
ਵੇਂਹਦਿਆਂ ਭੁਖ ਨਾਂ ਲਥਦੀ
ਤਕ ਨਾਂ ਰਜਦੇ ਨੈਣ।

ਤਾਂ ਤੇ ਅਜਿਹੇ ਮਹਾਂ ਕਾਵਿ ਨੂੰ ਜਿੰਨੀ ਵੇਰ ਪੜ੍ਹੀਏ, ਨਵਾਂ ਸੁਵਾਦ ਤੇ ਨਰੋਆ ਰਸ ਆਉਂਦਾ ਹੈ। ਛੰਦਾ ਬੰਦੀ ਵਿਚ ਭਾਵੇਂ ਕਿਧਰੇ ਕਿਧਰੇ ਛੰਦ ਦੀ ਚਾਲ ਲੰਮੇਰੀ ਹੋ ਜਾਂਦੀ ਹੈ, ਪਰ ਇਕ ਇਡੇ ਵਡੇ ਕਾਵਿ ਵਿਚ ਅਜਿਹਾ ਦੋਸ਼ ਉਸ ਦੇ ਹੋਰ ਅਨੇਕਾਂ ਗੁਣਾਂ ਵਿਚ ਆਪਣੇ ਆਪ ਲੁਕ ਜਾਂਦਾ ਹੈ। ਉਂਝ ਚਾਲ ਵਿਚ ਤੀਖਨਤਾ, ਵੇਗ ਤੇ ਬਹਾਉ ਵਿਚ ਤੇਜ਼ੀ ਤੇ ਆਪ ਮੁਹਾਰਤਾ ਹੈ। ਪਾਠਕ ਆਪਣੇ ਆਪ ਸ਼ਬਦਾਂ ਦੀ ਚਾਲ, ਅਲੰਕਾਰਾਂ ਦੀ ਸੁੰਦਰਤਾ ਤੇ ਬਹੁ-ਪੱਖੀ, ਬਹੁ-ਅਰਥੀ ਤੇ ਬਹੁ-

ਰੰਗੀ ਗੋਂਦ ਵਿਚ ਗੁੰਮ ਹੋ ਜਾਂਦਾ ਹੈ, ਰੁਤਾਂ ਦੇ ਖੇੜੇ ਉਸ ਨੂੰ ਖਿੜਾ ਦੇਦੇ ਹਨ ਤੇ ਦੇਸ਼-ਭਗਤਾਂ ਦੀ ਸੂਰਮਗਤੀ ਤੇ ਨਿਰਭੈਤਾ ਉਸ ਅੰਦਰ ਹੁਲਾਰਾ ਲਿਆਉਂਦੀ ਹੈ-ਮੇਰਾ ਤਾਂ ਖ਼ਿਆਲ ਹੈ, ਕਿ ਜੇਕਰ ਕਾਇਰ, ਜਾਂ ਉਲਟ ਮਤ ਰਖਣ ਵਾਲੇ ਅਥਵਾ ਦੇਸ਼ ਧ੍ਰੋਹੀ ਤੇ ਇਤਿਹਾਸ ਨੂੰ ਮੋੜ ਤੋੜ ਕੇ ਪੇਸ਼ ਕਰਨ ਵਾਲੇ ਵੀ ਜੇਕਰ ਇਸ ਨੂੰ ਇਕ ਵੇਰ ਪੜ੍ਹ ਲੈਣ ਤਾਂ ਕਾਵਿ ਦੀ ਸਚਿਆਈ ਦਾ ਨਿਰਮਲ ਨੀਰ ਉਨਾਂ ਦੀ ਮੈਲ ਨੂੰ ਵੀ ਧੋ ਦੇਵੇ ਤੇ ਉਹ ਵੀ ਨਵਾਂ ਜਨਮ ਧਾਰਨ ਕਰ, ਦੇਸ਼ ਦੇ ਸਚੇ ਸੇਵਕ, ਸਚੇ ਲਿਖਾਰੀ ਤੇ ਨਿਰਪੱਖ ਇਤਿਹਾਸਕਾਰ ਬਣ ਜਾਣ। ਮਾਲਕ ਕਰੇ, ਇਹ ਕਾਵਿ ਉਨ੍ਹਾਂ ਦੀ ਅਜਿਹੀ ਦਸ਼ਾ ਨੂੰ ਬਦਲਣ ਵਿਚ ਅਵੱਸ਼ ਸਫ਼ਲ ਹੋਵੇ।

ਮੈਂ ਸੰਤ ਇੰਦਰ ਸਿੰਘ ਚਕ੍ਰਵਰਤੀ ਨੂੰ ਉਨ੍ਹਾਂ ਦੀ ਅਜਿਹੀ ਮਹਾਨ ਕ੍ਰਿਤ ਪੁਰ ਵਧਾਈ ਦਿੰਦਾ ਹਾਂ। ਬੇਸ਼ਕ ਇਹ ਪੰਜਾਬੀ ਸਾਹਿਤ ਤੇ ਪੰਜਾਬ ਦੇ ਇਤਿਹਾਸ ਵਿਚ ਇਕ ਅਦੁਤੀ ਵਾਧਾ ਕਰੇਗਾ ਤੇ ਕੁਰਾਹੀਆਂ ਨੂੰ ਰੋਸ਼ਨ-ਮੁਨਾਰੇ ਵਾਂਗ ਆਪਣੀ ਚਿੱਟੇ ਦਿਨ ਵਰਗੀ ਲੋਅ ਨਾਲ ਗਾਡੀ ਰਾਹ ਹਮੇਸ਼ਾਂ ਵਖਾਉਂਦਾ ਰਹੇਗਾ।

ਜੀਤ ਸਿੰਘ 'ਸੀਤਲ'
ਪਟਿਆਲਾ
੧੭ ਮਈ, ੧੯੫੭

# (1)
# ਪੰਜਾਬ

ਸ੍ਰੀ ਸਤਿਗੁਰੂ ਰਾਮ ਸਿੰਘ ਵਾਲੀ ਦੁਇ ਜਹਾਨ
ਪਾਲਕ ਗਊ ਗਰੀਬ ਦੇ, ਦੇਸ਼ ਕੌਮ ਦੀ ਸ਼ਾਨ
ਵੇਖ ਜਿਨ੍ਹਾਂ ਨੂੰ ਕੰਬਿਆ, ਮਲਕਾ ਸਿਰ ਦਾ ਤਾਜ
ਜਿਨ੍ਹਾਂ ਮਰਨਾ ਦੱਸਿਆ, ਜੀਵਨ ਦਾ ਅੰਦਾਜ਼
ਚੀਨੀ ਵਾਲਾ ਪਾਤਸ਼ਾਹ, ਸਤਿਗੁਰ ਗਹਿਰ ਗੰਭੀਰ
ਝੋਲੀ ਮੇਰੀ ਭਰ ਦਿਓ, ਦਰ ਆਇਆ ਮੈਂ ਕੀਰ
ਹੋਰ ਨਹੀਂ ਕੋਈ ਆਸਰਾ, ਰੱਖ ਚਰਨਾਂ ਤੇ ਟੇਕ
ਗਾਥਾ ਲਿਖਾਂ ਹਜ਼ੂਰ ਦੀ, ਬਖਸ਼ੋ ਬੁੱਧ ਬਿਬੇਕ

ਦੇਸ਼ ਪੰਜਾਬ ਸੁਹਾਵਣਾਂ, ਦੇਸ਼ਾਂ ਦਾ ਸਰਦਾਰ
ਅੰਨ ਧੰਨ ਦੀ ਤੋਟ ਨਾ, ਰਹਿੰਦੇ ਭਰੇ ਭੰਡਾਰ
ਹਰੀ ਭਰੀ ਸਰ ਸਬਜ਼ ਇਹ, ਧਰਤੀ ਹੈ ਇਕ ਸਾਰ
ਇਸ ਦੇ ਕਣ-ਕਣ ਵਿਚ ਹੈ, ਭਰਿਆ ਦੇਸ਼ ਪਿਆਰ
ਡੋਕੇ ਚੁੰਘ-ਚੁੰਘ ਸਜਰੇ, ਕੱਦਾ-ਵਰ ਜਿਉਂ ਸ਼ੇਰ
ਭੋਲੇ ਭਾਲੇ ਸੂਰਮੇ, ਨਿਰਛਲ ਸਖੀ ਦਲੇਰ
ਗੱਭਰੂ ਬਾਂਕੇ ਮਸ-ਭਿੰਨੇ, ਤਿਖੇ ਨਕਸ਼ ਨਗਾਰ
ਵੇਖ ਜਿਨ੍ਹਾਂ ਨੂੰ ਕਰਦੀਆਂ, ਹੂਰਾਂ ਜਾਨ ਨਸਾਰ
ਤੁਰਦੇ ਮਟਕਾਂ ਨਾਲ ਜਦ, ਰਖਦੇ ਕਦਮ ਸੰਭਾਲ
ਧਰਤੀ ਥਰ ਥਰਾਉਂਦੀ, ਆਵੇ ਜਿਵੇਂ ਭੂਚਾਲ
ਪਰਬਤ ਵਾਂਗ ਅਡੋਲ ਰਹਿ, ਲੜਣ ਮੈਦਾਨੀ ਨਿਠ
ਵਧ ਵਧ ਜਾਨਾਂ ਵਾਰਦੇ, ਨਹੀਂ ਲਵੌਂਦੇ ਪਿਠ
ਪ੍ਰਣ ਪਾਲਦੇ ਪ੍ਰਾਣ ਦੇ, ਮਿਤ੍ਰਤਾ ਸਿਰ ਨਾਲ
ਸਰਣਿ ਪਏ ਦਾ ਦੇਂਵਦੇ, ਵਿੰਗਾ ਹੋਣ ਨਾ ਵਾਲ
ਜਿੰਨ੍ਹਾ ਵਖਾਈ ਨਾ ਕਦੀ, ਵੈਰੀ ਨੂੰ ਹੈ ਕੰਡ

ਪੈਰ ਨਾ ਪਿਛੇ ਪਰਤਦੇ, ਜਾਂ ਲੈਂਦੇ ਰਣ ਮੰਡ

ਜਾਂ ਮਰਨਾ ਜਾਂ ਮਾਰਨਾ, ਜਿੰਨ੍ਹਾਂ ਦੀ ਹੈ ਰੀਤਿ
ਵਲ ਛਲ ਦੇ ਜਾਣੂੰ ਨਹੀਂ, ਕਰਦੇ ਨਹੀਂ ਅਨੀਤਿ
ਲਹੂ ਪਸੀਨਾ ਇਕ ਕਰ, ਕਰਨ ਧਰਮ ਦੀ ਕਾਰ
ਦੇਣ ਕਮਾਈ ਫੇਰ ਓਹ, ਦੇਸ਼ ਧਰਮ ਤੋਂ ਵਾਰ
ਚਾਣ ਚੱਕ ਜੇ ਆ ਜਾਇ, ਕੋਈ ਅਤਿਥੀ ਬਾਰ
ਸੇਵਾ ਕਰਦੇ ਪੂਜ ਕੇ, ਜਾਂਦੇ ਸਦ ਬਲਿਹਾਰ
ਕਰਦੇ ਧੋਖੇ ਨਾਲ ਨਾ, ਵੈਰੀ ਤੇ ਵੀ ਵਾਰ
ਮਾਂ ਭੈਣ ਕਰ ਜਾਣਦੇ, ਧੀ ਬਗਾਨੀ ਨਾਰ
ਖੁਦੋ ਖੂੰਡੀ ਖੇਡਦੇ, ਸੌਂਚੀ ਪਕੀ ਹੋਰ
ਜੋਰ ਕਰਨ ਡੰਡ ਪੇਲਦੇ, ਭਰ ਬਾਹਾਂ ਵਿਚ ਜ਼ੋਰ
ਮਥੇ ਡਲ੍ਹਕਾਂ ਮਾਰਦਾ, ਬ੍ਰਹਮ ਚਰਯ ਦਾ ਨੂਰ
ਅੰਦਰੋਂ ਬਾਹਰੋਂ ਸਾਫ਼ ਸੁਧ, ਸਾਗਰ ਜਿਉਂ ਭਰਪੂਰ
ਦਸਾਂ ਨਵ੍ਹਾਂ ਦੀ ਕਿਰਤ ਕਰ, ਰੱਜ ਰੱਜ ਖਾਂਦੇ ਮਾਲ
ਗ੍ਰਿਹਸਤ ਧਰਮ ਨੂੰ ਪਾਲਦੇ, ਜਤ ਸਤ ਸੰਜਮ ਨਾਲ
ਜਿਵੇਂ ਮੁਨਾਰਾ ਭਰਥਿਆ, ਕੱਦ ਸਰੂ ਇਕ ਸਾਰ
ਖੜੇ ਖੜੱਪੇ ਸਪ ਦੋ, ਮੁੱਛਾਂ ਕੁੰਡਲ ਦਾਰ
ਅੱਖ ਨਾ ਉਚੀ ਚਕਦੇ, ਸਾਊ ਸ਼ਰਮ ਹਜੂਰ
ਬੀਬੇ ਰਾਂਣੇ ਮਿਹਨਤੀ, ਐਂਜੀਨੀਅਰ ਮਜ਼ਦੂਰ
ਕਰਦੇ ਸੁਆਣੀ ਦਾ ਸਦਾ, ਦੇਵੀ ਜਿਉਂ ਸਨਮਾਨ
ਘਰ ਦੀ ਮਾਲਕ ਉਹ ਤੇ, ਟੱਬਰ ਦੀ ਪ੍ਰਧਾਨ
ਕਹਿਣ ਵਿਦੇਸ਼ੀ ਏਸ ਨੂੰ, ਸੋਨ ਚਿੜੀ ਦਾ ਦੇਸ਼
ਸੱਭਤਾ ਤੇ ਸ਼ਾਇਸਤਗੀ, ਉਚੀ ਉੱਜਲ ਵੇਸ਼

ਸਭ ਤੋਂ ਪਹਿਲਾਂ ਆਰੀਅਨ, ਆਏ ਸੀ ਪੰਜਾਬ
ਲਗਿਆ ਆਬ ਹਯਾਤ ਜਿਉਂ, ਇਸਦਾ ਮਿੱਠਾ ਆਬ
ਪੰਜ ਦਰਿਆਵਾਂ ਇਸ ਦਿਆਂ, ਲਾਏ ਮੌਜ ਬਹਾਰ
ਝਰਨੇ ਝਰਦੇ ਦੁਧ ਦੇ, ਮੋਤੀਆਂ ਦੇ ਆਬਸ਼ਾਰ

ਇਨ੍ਹਾਂ ਕਨਾਰੇ ਬੈਠ ਕੇ, ਰਿਸ਼ੀਆਂ ਗਾਏ ਵੇਦ
ਵਾਚੀ ਕੁਦਰਤ ਨੀਝ ਲਾ, ਖੋਹਲੇ ਗੁੱਝੇ ਭੇਦ
ਸਾਵਿਤ੍ਰੀ ਤੇ ਸਤਿਵਾਨ, ਦਾ ਇਹ ਜਨਮ ਸਥਾਨ
ਜਮ ਨਾਲ ਲੜ ਸਾਵਿਤ੍ਰੀ, ਲਏ ਪਤੀ ਦੇ ਪਰਾਨ
ਚਰਕ ਰਿਸ਼ੀ ਨੇ ਏਸ ਥਾਂ, ਆਯੁਰਵੇਦ ਉਚਾਰ
ਅਰਥ ਸਾਸ਼ਤ੍ਰ ਕੌਟੱਲ ਵੀ, ਏਥੇ ਹੀ ਕੀਤਾ ਤਿਆਰ
ਬੋਲੀ ਦੀ ਟਕਸਾਲ ਇਹ, ਇਹ ਪਾਣਿਨੀ ਦਾ ਘਰ
ਏਥੇ ਹੀ ਕਾਲੀ ਦਾਸ ਨੇ, ਲਿਆ ਸੁਰੱਸਤੀ ਵਰ
ਵਿਸ਼ਵ ਵਿਦਿਆਲਾ ਤਖਸ਼ਿਲਾ, ਉਘਾ ਵਿਚ ਜਹਾਨ
ਰਖਿਆ ਧਰਮ ਕੁਨਾਲ ਸੀ, ਦੇ ਅੱਖੀਆਂ ਬਲੀਦਾਨ
ਗਏ ਹਾਰ ਖਾ ਏਸ ਤੋਂ, ਸਕੰਦ੍ਰ ਜਿਹੇ ਮਹਾਨ
ਪੌਰਸ਼ ਜਿਹੇ ਪੰਜਾਬੀਆਂ, ਰਖ ਵਿਖਾਈ ਸ਼ਾਨ
ਮੌਰਯ ਚੰਦ੍ਰ ਗੁਪਤ ਨੇ, ਸੈਲਯੁਕਸ ਦੇ ਨਾਲ
ਸੰਧੀ ਕਰਕੇ ਏਸ ਥਾਂ, ਵਿਆਹੀ ਉਸ ਦੀ ਬਾਲ
ਹੋ ਨਾ ਸਕਦੇ ਆਰਯੇ, ਕਦੀ ਕਿਸੇ ਦੇ ਦਾਸ
ਨ੍ਹਾਰਾ ਇਹ ਚਾਣੱਕ ਦਾ, ਗੂੰਜਿਆਂ ਵਿਚ ਅਕਾਸ਼
ਦੁਰਗਾ ਚੰਡੀ ਦੇਵੀਆਂ, ਏਥੇ ਹੀ ਵਾਹੀ ਤੇਗ
ਹਾਥੀ ਸਣੇ ਅੰਬਾਰੀਆਂ, ਰੋਲੇ ਧਰਤੀ ਡੇਗ

ਪਹਿਰੂ ਇਹਦਾ ਹਿਮਾਲੀਆ, ਖੜਾ ਅਹਿਲ ਅਡੋਲ
ਪੰਛੀ ਚਹਿਚਹਾਂਵਦੇ, ਮਿਠੀ ਬੋਲੀ ਬੋਲ
ਮੱਦ੍ਰ ਦੇਸ਼ ਜਿਹੀ ਸੁੰਦ੍ਰਤਾ, ਮਿਲਦੀ ਕਿਤੇ ਨਾ ਹੋਰ
'ਬੁਧ ਚਰਯਾ' ਵਿਚ ਲਿਖਿਆ, 'ਰਾਹੁਲ ਜੀ' ਲਾ ਜ਼ੋਰ
ਛੈਲ ਛਬੀਲੀਆਂ ਨੱਢੀਆਂ, ਹੂਰਾਂ ਜਿਹੀ ਨੁਹਾਰ
ਤ੍ਰਿੰਞਣਾਂ ਦੇ ਵਿਚ ਪਾਂਦੀਆਂ, ਚਰਖੇ ਦੀ ਘੂੰਮਕਾਰ
ਜਲਦੀਆਂ ਵਾਂਗ ਪਤੰਗ ਪਰ, ਬੁਝੀ ਸ਼ਮਾਂ ਤੇ ਆਣ
ਮਰੇ ਪਤੀ ਦੇ ਨਾਲ ਹੀ, ਵਾਰਨ ਅਪਣੇ ਪਰਾਣ
ਜੀਉਂਦੀਆਂ ਸੜ ਮਰਦੀਆਂ, ਪਤੀ ਚਿਖਾ ਵਿਚਕਾਰ
ਹੱਸ-ਹੱਸ ਕੇ ਕਰਦੀਆਂ, ਪ੍ਰਿਯ ਤੋਂ ਜਾਨ ਨਸਾਰ

ਸੱਥਰ ਸਉਂਦੀਆਂ ਪਤੀ ਦੇ, ਛਡ ਨਿਵਾਰਿ ਪਲੰਘ
ਗੈਰ ਨਾਲ ਨਾ ਛੂੰਹਦੀਆਂ, ਸੁਪਨੇ ਵਿਚ ਵੀ ਅੰਗ
ਸ਼ਰਮ ਹਯਾ ਦੀਆਂ ਮੂਰਤਾਂ, ਮੱਤੀਆਂ ਦੇਸ਼ ਪਿਆਰ
ਬਾਹੀਂ ਚੁੜੇ ਲੱਦੀਆਂ, ਅਖੀਂ ਕੱਜਲ ਧਾਰ
ਮੌਜ ਆਪਣੀ ਵਿਚ ਇਉਂ, ਵਸੇ ਸੁਖੀ ਪੰਜਾਬ
ਭਾਵੀ ਵਰਤੀ ਆਣ ਜਿਸ, ਖੋਈ ਇਸ ਦੀ ਆਬ
ਜੰਵ ਪਾਪ ਦੀ ਜੋੜ ਕੇ, ਕਰਦਾ ਮਾਰੋ ਮਾਰ
ਚੜ੍ਹਕੇ ਆ ਗਿਆ ਲਹਿੰਦਿਓਂ, ਬੱਦਲ ਧੂਆਂ ਧਾਰ
ਬਾਬਰ ਵਾਣੀ ਫਿਰ ਗਈ, ਹੋਈ ਜ਼ੁਲਮ ਦੀ ਹੱਦ
ਕਿਸੇ ਨਾ ਵਰਜ ਰਹਾਇਆ, ਕਿਸੇ ਨਾ ਮਾਰੀ ਸੱਦ
ਲੁੱਟਿਆ ਆਣ ਪੰਜਾਬ ਨੂੰ, ਕੀਤੀ ਰੱਜ ਕਤਲਾਮ
ਤਰਸ ਨਾ ਕੀਤਾ ਕਿਸੇ ਤੇ, ਇਕ ਦੂ ਵਾਢਿਓਂ ਆਮ

ਵੇਖ ਨਾ ਸਕੇ ਜਿੰਨ੍ਹਾਂ ਦਾ, ਮੂੰਹ ਸੂਰਜ ਤੇ ਚੰਦ
ਬੰਦੀਵਾਨਾਂ ਵਾਂਗ ਜੋ, ਘਰ ਵਿਚ ਰਹਿੰਦੀਆਂ ਬੰਦ
ਰੋਂਦੀਆਂ ਫਿਰਨ ਪਠਾਣੀਆਂ, ਗਲ ਵਿਚ ਖਿਲਰੇ ਕੇਸ
ਮਹਿਲਾਂ ਤੋਂ ਭੱਜ ਨਿਕਲੀਆਂ, ਗੋਲੀਆਂ ਦਾ ਕਰ ਵੇਸ
ਖਾਣੇ ਸਨ ਜੋ ਖਾਂਦੀਆਂ, ਕਈ-ਕਈ, ਕਈ ਵੇਰ
ਫਿਰਨ ਉਜਾੜੀ ਭੌਂਦੀਆਂ, ਚੁਗ-ਚੁਗ ਖਾਵਨ ਬੇਰ
“ਜਿਨਿ ਸਿਰਿ ਸੋਹਨਿ ਪਟੀਆ, ਮਾਂਗੀ ਪਾਇ ਸੰਧੂਰੁ
ਸੇ ਸਿਰ ਕਾਤੀ ਮੁੰਨੀਅਨਿ, ਗਲ ਵਿਚਿ ਆਵੈ ਧੂੜਿ”
ਸਾਲ ਕੇਈ ਸਉ ਹਿੰਦ ਵਿਚ, ਮੁਗਲਾਂ ਕੀਤਾ ਰਾਜ਼
ਹਦ ਤੋੜ ਕੇ ਜ਼ੁਲਮ ਦੀ, ਕੀਤਾ ਨਾਸ ਪੰਜਾਬ
ਰਹੇ ਲੁਟਰੇ ਆਉਂਦੇ, ਦਰਾ ਖ਼ੈਬਰ ਕਰ ਪਾਰ
ਐਲ-ਐਲੀ ਕੂਕਦੇ, ਕਰਦੇ ਮਾਰੋ ਮਾਰ
ਬੀਬੀਆਂ ਰਾਣੀਆਂ ਇਸ ਦੀਆਂ, ਗਜ਼ਨੀ ਦੇ ਬਾਜ਼ਾਰ
ਕੌਡੀਆਂ ਸਾਂਵੇਂ ਤੁਲਦੀਆਂ, ਰੋਂਦੀਆਂ ਜ਼ਾਰੋ ਜ਼ਾਰ
ਖੂੰਨ ਚੂਸ ਹਮਲਾਵਰਾਂ, ਖੋਇਆ ਇਸ ਦਾ ਨੂਰ
ਸਦੀਆਂ ਤੋਂ ਪ੍ਰਾਧੀਨ ਇਹ, ਸਦੀਆਂ ਤੋਂ ਮਜ਼ਬੂਰ

ਆਬ ਗਈ ਪੰਜਾਬ ਦੀ, ਅਸਮਤ ਦੀ ਪਈ ਲੁੱਟ
ਧਨ ਜੋਬਨ ਤੇ ਹੁਸਨ ਦੀ, ਹੋਈ ਲੁੱਟ ਖਸੁੱਟ
"ਕਲ ਮਲ ਹੋਈ ਮੇਦਨੀ, ਕਰੀ ਪੁਕਾਰ ਦਾਤਾਰ
ਤਲਵੰਡੀ ਵਿਚ ਧਾਰਿਆ, ਗੁਰੂ ਨਾਨਕ ਅਵਿਤਾਰ"
ਜਾਮੇ ਧਰ ਕੇ ਨਉਂ ਇਉਂ, ਕੀਤਾ ਖ਼ੂਬ ਸੁਧਾਰ
ਰੱਖਿਆ ਲਈ ਪੰਜਾਬ ਦੀ, ਆਏ ਵਾਰੋ ਵਾਰ

ਛੇਵੇਂ ਗੁਰੂ ਦੇ ਪੋਤਰੇ, ਨਉਂਵੇ ਗੁਰੂ ਦੇ ਲਾਲ
ਪੰਥ ਚਲਾ ਕੇ ਖ਼ਾਲਸਾ, ਕੀਤੀ ਗੱਲ ਕਮਾਲ
ਮਾਂ ਵਾਰੀ ਪਿਉ ਵਾਰਿਆ, ਪੁੱਤ ਕਰੇ ਕੁਰਬਾਨ
ਅੰਤ ਰਖਿਆ ਏਸ ਦੀ, ਆਪ ਹੋਏ ਬਲੀਦਾਨ
ਬਾਜਾਂ ਨਾਲ ਲੜਾਈਆਂ, ਚਿੜੀਆਂ ਸਨ ਕਮਜ਼ੋਰ
ਦੇਸ਼ ਆਜ਼ਾਦੀ ਦੇ ਲਈ, ਸਾਰਾ ਲਾਇਆ ਜ਼ੋਰ
ਆਬ ਹਯਾਤ ਪਲਾਇਆ, ਬਾਟਾ ਕਰ ਭਰਪੂਰ
ਕਾਇਰੋਂ ਕੀਤੇ ਸੂਰਮੇ, ਅੰਮ੍ਰਿਤ ਦਾ ਭਰ ਨੂਰ
ਨਿਕੇ ਮੋਟੇ ਵਰਨ ਜੋ, ਕੱਠੇ ਕਰ ਇਕ ਸਾਰ
ਹਿੰਦ ਆਜ਼ਾਦ ਕਰਾਣ ਨੂੰ, ਦਿਤੇ ਸਭ ਸਿਸ਼ਕਾਰ
ਨਾਈ ਛੀਂਬੇ ਝੀਉਰ ਜੋ, ਰੋੜੇ ਜੱਟ ਤ੍ਰਖਾਣ
ਪਕੜ ਪਛਾੜੇ ਮੁਗਲ ਉਨ, ਸੱਯਦ ਸ਼ੇਖ ਪਠਾਣ
ਓਨ੍ਹਾਂ ਵਿਚੋਂ ਇਕ ਬਣ, ਸਭਨਾਂ ਦਾ ਸਰਦਾਰ
ਚੜ੍ਹਿਆ ਗੁਜਰਾਂ ਵਾਲਿਓਂ, ਲਿਆ ਲਹੌਰ ਉਸ ਮਾਰ
ਪੁਤ੍ਰ ਸੀ ਮਹਾਂਸਿੰਘ ਦਾ, ਰਣਜੀਤਸਿੰਘ ਬਲਵਾਨ
ਨਿਉਂ-ਜਿਉਂ ਕਰਨ ਸਲਾਮ ਉਸ, ਵਡੇ ਆਕੜ ਖ਼ਾਨ
ਮਹਾਰਾਜਾ ਰਣਜੀਤਸਿੰਘ, ਸੀ ਰਣਜੀਤ ਦਲੇਰ
ਜਿਸ ਨੇ ਦੇਸ਼ ਪੰਜਾਬ ਨੂੰ, ਆਣ ਵਸਾਇਆ ਫੇਰ
ਮੌਰਯ ਚੰਦ੍ਰ ਗੁਪਤ ਨੇ, ਦਿਤਾ ਜੋ ਸਨਮਾਨ
ਉਸ ਤੋਂ ਵੱਧ ਪੰਜਾਬ ਨੂੰ, ਮੁੜ ਕੀਤਾ ਬਲਵਾਨ
ਨਿਪੋਲੀਅਨ ਜੇਹੇ ਸੂਰਮੇਂ, ਗੋਰਿਆਂ ਜਿਹੇ ਚਾਲਾਕ
ਜੋ ਸਨ ਬਲ ਛਲ ਪਾਲਸੀ, ਅੰਦਰ ਅਸਲੋਂ ਤਾਕ

ਉਸ ਦੇ ਵਿਚ ਦਰਬਾਰ ਦੇ, ਝੁਕ-ਝੁਕ ਕਰਨ ਸਲਾਮ
ਰਹਿੰਦੇ ਮੌਕਾ ਭਾਲਦੇ, ਕਰੀਏ ਕਿਵੇਂ ਕਲਾਮ
ਗੌਰਵ ਉਹ ਪੰਜਾਬ ਦਾ, ਸੀ ਪੰਜਾਬ ਦਾ ਸ਼ੇਰ
ਉਜੜਿਆ ਬਾਗ ਪੰਜਾਬ ਉਸ, ਆਣ ਖਿੜਾਇਆ ਫੇਰ
ਕਾਬਲ ਅਤੇ ਕੰਧਾਰ ਜਿਸ, ਤੀਕਰ ਤਿਬਤ ਚੀਨ
ਤਹਿਤ ਬੈਠਾਇਆ ਆਪਣਾ, ਕੀਤੇ ਸਭ ਅਧੀਨ
ਛੌਣੀ ਪਾ ਜਮਰੋਦ ਵਿਚ, ਸਿਰ ਤੇ ਕਿਲ੍ਹਾ ਉਸਾਰ
ਦੱਰਾ ਖ਼ੈਬਰ ਜਾ ਰੋਕਿਆ, ਹਰੀ ਸਿੰਘ ਸਰਦਾਰ
ਅਕਾਲੀ ਫੂਲਾ ਸਿੰਘ ਜਿਹੇ, ਕਈ ਹੋਰ ਜਰਨੈਲ
ਜਿਨ੍ਹਾਂ ਪਠਾਣ ਲੁਟੇਰਿਆਂ, ਕਰ ਬਠਾਇਆ ਕੈਲ
ਮੀਚੀ ਜਦ ਰਣਜੀਤ ਅੱਖ, ਗੁਰੁ ਪੁਰ ਕੀਆ ਪਿਆਨ
ਕੋਈ ਸੰਭਾਲ ਨਾ ਸਕਿਆ, ਉਸ ਦਾ ਓਹ ਸਥਾਨ
ਤਖ਼ਤ ਸਗੋਂ ਪੰਜਾਬ ਦਾ, ਕੌਡੀ ਮੁੱਲ ਲੁਟਾਇ
ਸੌਂਪਿਆ ਹਥ ਫ਼ਰੰਗੀਆਂ, ਅਸਲੋਂ ਭੋ ਦੇ ਭਾਇ
ਨਕਸ਼ਾ ਏਸ ਪੰਜਾਬ ਦਾ, ਸਾਰਾ ਹੋ ਗਿਆ ਲਾਲ
ਰੰਗਿਆ ਲੂਣ ਹਰਾਮੀਆਂ, ਲਹੂ ਓਸ ਦੇ ਨਾਲ
ਪੁੱਤ੍ਰ ਸ਼ੇਰ ਪੰਜਾਬ ਦਾ, ਬੱਚਾ ਅਜੇ ਅੰਵਾਣ
ਦਿੱਤਾ ਤੋਰ ਵਲੈਤ ਫੜ੍ਹ, ਭੇਜਿਆ ਇੰਗਲਸਤਾਨ
ਧਰਮ ਸੀ ਖੋਹਿਆ ਜਿਸ ਦਾ, ਨਾਲੇ ਰਾਜ ਸਮਾਜ
ਹੀਰਾ ਖੋਹ ਕੋਹਨੂਰ ਓਹ, ਜੜਿਆ ਮਲਕਾਂ ਤਾਜ
ਕੈਦੀ ਕਰ ਕੇ ਓਸ ਦਾ, ਲੁਟਿਆ ਦੀਨ ਈਮਾਨ
ਕਾਬੂ ਕਰ ਲਿਆ ਗੋਰਿਆਂ, ਸਾਰਾ ਹਿੰਦੁਸਤਾਨ

ਗਊ ਗਰੀਬ ਦੁਖਾਇਆ, ਬੁੱਚੜ ਖ਼ਾਨੇ ਖੋਲ
ਦਿਤੀ ਅਣਖ ਪੰਜਾਬ ਦੀ, ਮਿੱਟੀ ਦੇ ਵਿਚ ਰੋਲ
ਬੰਦੀ ਖਾਨੇ ਬੰਦ ਪਈ, ਬੇਵਸ ਭਾਰਤ ਮਾਂ
ਰੋਵੇ ਕੂਕੇ ਵੈਣ ਪਾ, ਕਰਦੀ ਹਾਇ ਹਾ
ਹਾਂ ਮੈਂ ਬਹੁਤ ਲਾਚਾਰ ਪ੍ਰਭ, ਝੱਲੇ ਜਾਣ ਨਾ ਦੁੱਖ

ਮੈਨੂੰ ਦੇ ਸੁਤੰਤ੍ਰਤਾ, ਕਰੋ ਉੱਜਲਾ ਮੁੱਖ
ਹੋਰ ਨਾ ਜਰਿਆ ਜਾਂਵਦਾ, ਰਿਹਾ ਨਾ ਸਬਰ ਸਬੂਰ
ਸੁਣੋਂ ਪੁਕਾਰ ਅਨਾਬ ਦੀ, ਕਰੋ ਗੁਲਾਮੀ ਦੂਰ
ਭੇਜੋ ਜਾਂ ਕੋਈ ਆਪਣਾ, ਅੱਬਲ ਆਵੋ ਆਪ
ਕਰ ਸਥਾਪਨਾ ਧਰਮ ਦੀ, ਹਰੋ ਦੁੱਖ ਸੰਤਾਪ
ਭਾਲਿਆਂ ਵੀ ਨਹੀਂ ਲੱਭਦੀ, ਕਰਮ ਧਰਮ ਦੀ ਰੀਤ
ਸਿਖ ਦੇ ਦਿਲ ਵਿਚ ਵੀ ਨਹੀਂ, ਸਿੱਖੀ ‘ਤੇ ਪਰਤੀਤ
ਨਕਲ ਕਰਨ ਬੇਅਕਲ ਜਿਉਂ, ਮੇਰੇ ਨੌਜੁਆਨ
ਰਿਸ਼ੀਆਂ ਦੀ ਸੰਤਾਨ ਜੋ, ਖੋ ਬੈਠੀ ਸਵੈਮਾਨ
ਖਾਣ ਪਾਣ ਪਹਿਚਾਣ ਤੇ, ਆਪਣੀ ਭਾਸ਼ਾ ਭੇਸ
ਫੈਸ਼ਨ ਹੜ੍ਹ ਵਿਚ ਹੜ੍ਹ ਰਹੇ, ਭੁੱਲ ਆਪਣਾ ਵੇਸ
“ਰੰਨਾ ਹੋਈਆ ਬੋਧੀਆ, ਪੁਰਖ ਹੋਏ ਸਈਆਦ”
ਸ਼ੀਲ ਸੁਚ ਸੰਜਮ ਗਈ, ਮਾਦਰ ਪਿਦਰ ਆਜ਼ਾਦ
ਹੁਣ ਵੀ ਜੇ ਕਰ ਆਪ ਨੇ, ਲਈ ਨਾ ਆ ਕੇ ਸਾਰ
ਰਹਿਤ ਬਹਿਤ ਮਰਯਾਦ ਸਭ, ਨੱਸੇ ਲਾ ਉਡਾਰ
ਮੰਦਰਾਂ ਥਾਂ ਹੋ ਜਾਣਗੇ, ਗਿਰਜੇ ਹੁਣ ਪਰਧਾਨ
ਬੈਠ ਮੁਸੱਲੀ ਗਾਣਗੇ, ਈਸਾ ਦੇ ਫ਼ਰਮਾਨ

ਸੰਸਕ੍ਰਿਤੀ ਤੇ ਸੱਭਿਤਾ, ਉੱਡੇ ਜੇਕਰ ਕੂੰਜ
ਧੁਰ ਕੀ ਬਾਣੀ ਥਾਂ ਹੁਣ, ਕੱਚੀ ਦੀ ਪਏ ਗੂੰਜ
ਹੇ ਰੱਬ ਜੀ ! ਹੇ ਨਿਰੰਕਾਰ, ਹੇ ਦਿਆਲ ਪ੍ਰਤਿਪਾਲ
ਦੁਖੜੇ ਮੈਂ ਗਰੀਬ ਦੇ, ਸੁਣ ਕੇ ਹੋ ਕ੍ਰਿਪਾਲ
ਛੱਡੋ ਵਾਸ ਬੈਕੁੰਠ ਦਾ, ਆਵੋ ਧਰ ਅਵਤਾਰ
ਸੰਤਾਂ ਦੀ ਰੱਖਿਆ ਕਰੋ, ਕਰੋ ਮਲੇਛ ਸੰਘਾਰ
ਵਿਨਤੀ ਭਾਰਤ ਭੂਮ ਦੀ, ਸੁਣ ਕੇ ਸਿਰਜਨ ਹਾਰ
ਧੀਰ ਬੰਨ੍ਹਾਈ ਧਰਾ ਦੀ, ਅਪਣੀ ਕਿਰਪਾ ਧਾਰ
ਆਵਾਂਗਾ ਮੈਂ ਝਬਦੇ, ਧਾਰ ਨਵਾਂ ਅਵਤਾਰ
ਬਾਢੀ ਵੰਸ਼ ਅਵਤੰਸ਼ ਹੋ, ਹਰਾਂ ਧਰਤ ਦਾ ਭਾਰ
ਕਰਾਂ ਥਾਪਨਾ ਧਰਮ ਦੀ, ਸਿਖੀ ਕਰ ਸੁਰਜੀਤ

ਤਪਦੇ ਹਿਰਦੇ ਠਰਨ ਇਓਂ, ਜਿਓਂ ਗਰਮੀ ਨੂੰ ਸੀਤ
ਯੁੱਗ ਹਵਨ ਮਰਯਾਦ ਸਭ, ਪਰਚੁਰ ਕਰ ਪ੍ਰਾਚੀਨ
ਗੁਰਮਤ ਜਗ ਵਿਸਥਾਰ ਮੁੜ, ਸਿਖੀ ਕਰਾਂ ਨਵੀਨ
ਵਣ ਤ੍ਰਿਣ ਪਰਬਤ ਜਪਣਗੇ, ਵਾਹਿਗੁਰੂ ਗੁਰਮੰਤ
ਚੋਰ, ਯਾਰ, ਜੂਆਰੀਏ, ਅਸਲੋਂ ਹੋ ਜਾਣ ਸੰਤ
ਧਰਮ ਚਲਾਵਾਂ ਕਰਾਂਗਾ, ਸੰਤਾਂ ਦੀ ਪ੍ਰਤਿਪਾਲ
ਹੋਇ ਗੁੰਜਾਰਤ ਦੇਸ਼ ਵਿਚ, "ਸਤਿ ਸ੍ਰੀ ਆਕਾਲ"
ਦੇਸ਼ ਪਿਆਰ ਪੈਦਾ ਕਰਾਂ, ਕਰਾਂ ਸਿਦਕ ਭਰਪੂਰ
ਕਰਾਂ ਸੁਤੰਤਰ ਦੇਸ ਨੂੰ, ਕਰਾਂ ਵਿਦੇਸੀ ਦੂਰ
ਗੱਭਰੂ ਹੋਏ ਦੇਸ ਦੇ, ਫਿਰਦੇ ਪਾਟੋ ਧਾੜ
ਦਿਲ ਇਹਨਾਂ ਦੇ ਭਰ ਦਿਆਂ, ਏਕਤਾ ਦੇਸ਼ ਪਿਆਰ

ਹੋ ਗੁਲਾਮ ਅੰਗ੍ਰੇਜ਼ ਦੇ, ਰਲ ਕੇ ਕਰਦੇ ਜੰਗ
ਆਪ ਹੋਏ ਪ੍ਰਾਧੀਨ ਹੁਣ, ਕਰਨ ਹੋਰਨਾਂ ਤੰਗ
ਜੁਆਨੀ ਏਸ ਪੰਜਾਬ ਦੀ, ਵਿਕ ਰਹੀ ਹੈ ਕੁੱਲ
ਪਾਂਦੇ ਗੋਰੇ ਓਸਦਾ, ਦਸ ਠੀਕਰਾਂ ਮੁੱਲ
ਮਰ ਰਹੇ ਸਾਰੇ ਜੁਆਨ ਨੇ, ਅਸਲੋਂ ਭੋ ਦੇ ਭਾਇ
ਮਰਵਾ ਰਹੇ ਅੰਗ੍ਰੇਜ਼ ਨੇ, ਹੋਰ ਦੇਸ ਲੈ ਜਾਇ
ਜਾਂ ਇਹ ਬੈਠਣ ਘਰੀਂ ਹੁਣ, ਕਰਨ ਆਪਣੀ ਕਾਰ
ਜਾਂ ਫਿਰ ਆਪਣੇ ਦੇਸ ਤੋਂ, ਦੇਣ ਜੁਆਨੀ ਵਾਰ
ਦਸਮ ਗੁਰੂ ਜੀ ਦੱਸਿਆ, ਪੁੱਛਣ ਤੇ ਇਕ ਵੇਰ
ਆਵਾਂਗਾ ਮੈਂ ਪੰਥ ਦੀ, ਸਾਰ ਲੈਣ ਲਈ ਫੇਰ
ਧਾਰਾਂਗਾ ਅਵਤਾਰ ਮੈਂ, ਵਿਚ ਮਾਲਵੇ ਦੇਸ
ਰਾਮਗੜ੍ਹੀਆਂ ਦੀ ਕੁਲ ਨੂੰ, ਉੱਜਲ ਕਰਾਂ ਵਿਸ਼ੇਸ਼

"ਰਾਮ ਸਿੰਘ ਮੇਰੋ ਹੋਇ ਨਾਮਾ,
ਬਾਢੀ ਸੁਤ ਭੈਣੀ ਕੋ ਧਾਮਾਂ
ਰਿਲਪੁਰ ਬੀਚ ਬਾਢੀ ਸੁਤ ਹੋਈ,
ਬਲੂਆ ਰਾਜ ਕਰੇਗਾ ਸੋਈ

ਦੇਸ਼ ਪੰਜਾਬ ਸੂਦ ਜੋ ਹੋਇਆ,
ਤਿਨ ਇਹ ਪੰਥ ਮਰਨ ਕਾ ਜੋਇਆ
ਰਾਮ ਸਿੰਘ ਉਚ ਨੀਚਨ ਡਰੈ।
ਅਵਨੀ ਏਕ ਰਸੌਦੀ ਕਰੈ ।
ਸਿੰਘਨ ਦਲ ਪਤਿ ਪਾਸੈ ਰਾਖੈ,
ਤਾਂ ਮਤਮਾਰ ਰਾਜ ਰਸ ਚਾਖੈ
ਉਠੈ ਦੇਸ ਰਖਨ ਕੋ ਦੂਲੋ,
ਸਭ ਰਾਜਨ ਕੋ ਪੁਟ ਦੈ ਮੂਲੋਂ
ਤਿਸ ਮਹਿੰ ਰਾਮ ਸਿੰਘ ਮਮਸਾਰ,
ਦੇਸ ਮਾਲਵੇ ਮਹਿੰ ਅਵਤਾਰ

(ਸੌ ਸਾਖੀ, ਸ੍ਰੀ ਮੁਖਵਾਕ ਪਾ: ੧੦ਵੀਂ)

ਸੋਈ ਨੇਤਿ ਫੁਰੀ ਆਇ ਸੰਮਤ ਬਹੱਤ੍ਰੇ ਮੈਂ,
ਮਾਘ ਸੁਦੀ ਪੰਚਮੀ ਸਵੇਰੇ ਗੁਰਵਾਰ ਕੈ
ਜ਼ਿਲ੍ਹੇ ਲੁਦੇਹਾਣੇ ਗਾਮ ਭੈਣੀ ਨਾਮ ਜਾਣੇ ਆਮ,
ਅਵਤਰੇ ਸਿੰਘ ਰਾਮ ਕਲਮਲੈ ਟਾਰ ਕੈ।
ਜਾਤਿ ਤਰਖਾਨ ਜਸੇ ਨਾਮ ਕੇ ਅਵੱਸੇ ਘਰ,
ਮਾਤ ਸੱਦਾ ਸੈਂ ਪ੍ਰਕਾਸ਼ੇ ਨਾਮ ਪਰਚਾਰ ਕੈ।
ਬਾਲਕ ਹੀ ਪਨ ਮੈਂ ਥੇ ਈਸ੍ਵਰ ਕੋ ਮਨ ਮੈਂ ਥੇ
ਧਜਾਵ ਤੇ ਸ-ਗਨ ਮੈਂ ਥੇ ਜਨੋ ਕੇ ਸੁਧਾਰ ਕੈ ।

(ਪੰਥ ਪ੍ਰਕਾਸ਼, ਗਿਆਨੀ ਗਿਆਨ ਸਿੰਘ)

************************

# (2)
# ਬਸੰਤ-ਆਗਮਨ ਤੇ ਗੁਰੂ ਅਵਤਾਰ

ਚੜ੍ਹੀ ਉਸ਼ੇਰ ਸੁਹਾਵਣੀ, ਆਈ ਨਵ-ਪਰਭਾਤ
ਸੂਰਜ ਰਿਸ਼ਮਾਂ ਛੱਡੀਆਂ, ਕਿਰਣਾਂ ਆਖੀ "ਝਾਤ"
ਠੁਮਰੀ ਛੇੜੀ ਕੁਮਰੀਆਂ[8], ਚਿੜੀਆਂ ਰਹੀਆਂ ਚੂਕ
ਬਿਰਹੋਂ ਵਯੋਗੀ ਦਿਲਾਂ ਵਿਚ, ਪੈਂਦੀ ਏ ਪਈ ਹੂਕ
ਚੱਕੀਆਂ ਝੋਤੀਆਂ ਸੁਆਣੀਆਂ, ਲਈ ਮਧਾਣੀ ਪਾਇ
ਨ੍ਹਾਉਣ ਲਈ ਵਿਚ ਖੂਹ ਦੇ, ਡੋਲ ਦਏ ਪਲਮਾਇ
ਗਭਰੂ ਤੜਕੇ ਜਾਗ ਕੇ, ਹੋਏ ਉਠ ਤਿਆਰ
ਜੋਤੇ ਲੌਣੇ ਹਲਾਂ ਦੇ, ਲਏ ਨੇ ਬੈਲ ਸ਼ਿੰਗਾਰ
ਬੀਤੀ ਪਤਝੜ ਰੁੱਤ ਤੇ, ਪਾਲਾ ਹੋਇਆ ਦੂਰ
ਰੁਖਾਂ ਤੇ ਹਰਿਆਵਲੀ, ਭਰ ਗਈ ਵਾਂਗ ਸਰੂਰ
ਸੁਕੇ ਢੀਂਗਰ ਲੰਗਰੇ, ਗੰਦਲਾਂ ਜਿਉਂ ਮੁਟਿਆਰ
ਡੋਡੀਆਂ ਖਿੜ-ਖਿੜ ਹੱਸਕੇ, ਦਿਤੀ ਮਹਿਕ ਖਿਲਾਰ
ਸਾਵਾ ਸਾਵਾ ਛੋਲੀਆ, ਚਿਟੇ ਸੋਸਨੀ[9] ਫੁੱਲ
ਸਣੇ ਭੁਗਾਠ[10] ਦੇ ਨਿੱਸਰੇ, ਧਰੇਕਾਂ ਆੜੂ ਕੁੱਲ
ਗੁੱਟਾ ਹੋਇਆ ਕੇਸਰੀ, ਸਰ੍ਹੋਂ ਖਿੜੀ ਇਕ ਸਾਰ
ਪੀਲੀ ਸਾੜ੍ਹੀ ਹੋ ਗਈ, ਧਰਤੀ ਦਾ ਸ਼ਿੰਗਾਰ
ਕਣਕ ਬਘੋਲੇ ਆ ਗਈ, ਅੰਬੀਂ ਭਰਿਆ ਬੂਰ
ਕਾਲੇ ਤਿੱਤਰ ਬੋਲਦੇ, ਝਾੜਾਂ ਵਿਚ ਮਖ਼ਮੂਰ
ਚੰਬੇ ਅਤੇ ਗੁਲਾਬ ਦੇ, ਖਿੜ ਖਿੜ ਹੱਸੇ ਬੁੱਲ੍ਹ
ਬੇਰ ਹੋ ਗਏ ਪੱਕ ਕੇ, ਲੀਲੂੰ ਪੀਲੂੰ ਕੁੱਲ
ਜੋਬਨ ਲੱਦੀ ਬਨਸਪਤ, ਆਇਆ ਕੋਈ ਲੋਹੜ

[8] ਘੁੱਗੀਆਂ
[9] ਲਿੱਲੀ ਫੁੱਲ
[10] ਹਾੜੀ ਦੀਆਂ ਫਸਲਾਂ ਵਿਚ ਹੋਣ ਵਾਲੀ ਨਦੀਣ ਦੀ ਇਕ ਪਰਜਾਤੀ।

ਤੂਤਾਂ ਲਗਰਾਂ ਛੱਡੀਆਂ, ਬਾਗੀਂ ਭਰਿਆ ਕੋਹਰ[11]
ਗੁੰਚੇ ਭਰੇ ਸਰੂਰ ਵਿਚ, ਕਲੀ ਰਹੀ ਮੁਸਕਾਇ
ਸੁਆਗਤ ਲਈ ਬਸੰਤ ਦੇ, ਰਹੀ ਕਿਲਕਿਲੀ ਪਾਇ
ਕੁਦਰਤ ਰਾਣੀ ਹੱਸਦੀ, ਆਈ ਵੇਖ ਬਹਾਰ
ਫੁਲਾਂ ਦੇ ਸਮਰਾਟ ਦਾ, ਕਰਨ ਲਈ ਸਤਿਕਾਰ
ਔਣਾਂ ਭਾਵੇਂ ਅੱਜ ਦਿਨ, ਕਿਸੇ ਮਹਾਂ ਅਵਤਾਰ
ਤਾਂਹੀਏਂ ਕੁਦਰਤ ਕਰ ਰਹੀ, ਸਗਨਾਂ ਦੀ ਭਰਮਾਰ
ਠਾਰਾਂ ਸਉ ਬਹੱਤਰਾ, ਬਿਕ੍ਰਮੀ ਦਾ ਸਾਲ
ਚੜ੍ਹਿਆ ਨਾਲ ਮੁਬਾਰਕਾਂ, ਖ਼ੁਸ਼ੀ ਖੇੜਿਆਂ ਨਾਲ
ਭਾਗਾਂ ਭਰੀ ਬਸੰਤ ਸੀ, ਦਿਨ ਹੈਸੀ ਗੁਰਵਾਰ
ਆਏ ਮਾਣਸ ਰੂਪ ਧਰ, ਪੂਰਨ ਗੁਰੂ ਅਵਤਾਰ
ਲੁਦਿਹਾਣੇ ਦੇ ਜ਼ਿਲ੍ਹੇ ਵਿਚ, ਰਾਈਆਂ ਭੈਣੀ ਗਾਉਂ
ਬਾਬਾ ਜੱਸਾ ਪਿਤਾ ਸੀ, ਸਦਾ ਕੌਰ ਜੀ ਮਾਉਂ
ਉਜੜੇ ਭਾਰਤ ਚਮਨ ਵਿਚ, ਆਈ ਫੇਰ ਬਹਾਰ
ਰੋਂਦੀ ਭਾਰਤ ਭੂਮਿ ਦੀ, ਸਾਰ ਲਈ ਕਰਤਾਰ

ਆਣ ਸਮੇਂ ਪ੍ਰਸੂਤ ਦੇ, ਮਛਕ ਜੇਹੀ ਗਈ ਆਇ
ਹੋ ਗਏ ਵੇਖ ਹੈਰਾਨ ਉਹ, ਦਿਤੀ ਝਟ ਦਬਾਇ
ਮਾਤਾ ਸਦਾਕੌਰ ਜੀ, ਕਰ ਇਸ਼ਨਾਨ ਸਕੇਸ
ਚੜ੍ਹ ਪਲੰਘ ਤੇ ਪੈ ਗਏ, ਪਹਿਨ ਪਵਿਤ੍ਰ ਵੇਸ
ਚੜ੍ਹਿਆ ਸੂਰਜ ਨਹੀਂ ਸੀ, ਨਾ ਹੋਈ ਪਰਭਾਤ
ਸਉਂ ਗਏ ਪਛਤਾਉਂਦੇ, ਅਜੇ ਸੀ ਬਾਕੀ ਰਾਤ
ਬਾਬਾ ਜੱਸਾ ਸਿੰਘ ਜੀ, ਹੋਏ ਅੰਤਰ ਧਿਆਨ
ਆਂਹਦੇ ਸਾਡੇ ਨਾਲ, 'ਤੈਂ ਕੀ ਕੀਤਾ ਭਗਵਾਨ
ਤ੍ਰਭਕੇ ਨੀਂਦ ਉਚਾਟ ਹੋ, ਖੁਲ੍ਹ ਗਈ ਸੀ ਅੱਖ
ਤੱਕਿਆ ਓਨਾਂ ਦ੍ਰਿਸ਼ ਜੋ, ਉਹ ਸੀ ਮਹਾਂ ਅਲੱਖ
ਰਲ ਅਕਾਸ਼ ਵਿਚ ਗਾ ਰਹੇ, ਪਰੀਆਂ ਦੇ ਪਰਵਾਰ

[11] ਬੂਰ

ਵਰ੍ਹਦੇ ਫੁੱਲ 'ਸਮਾਨ ਤੋਂ, ਹੋ ਰਹੀ ਜੈ-ਜੈ ਕਾਰ
ਨਾਲ ਅਦਾਵਾਂ ਦੇ ਭਰੀ, ਖ਼ੁਸ਼ਬੂ ਲਦੀ ਪੌਣ
ਰੁਮਕ ਰੁਮਕ ਕੇ ਚਲ ਰਹੀ, ਗਾਇ ਸੁਹਾਵਾ ਗੌਣ
ਸ਼ਾਦੀਆਨੇ ਵੱਜ ਰਹੇ, ਸ਼ਾਹਿਨਾਈ ਦੀ ਵਾਜ
ਦਏ ਸੁਣਾਈ ਮਾਂ-ਪਿਉ, ਅੰਮ੍ਰਿਤ ਭਰੀ ਅਵਾਜ਼
ਰੋਂਦਾ ਬਾਲ ਪਲੰਘ ਤੇ, ਸੁਣ ਲਿਆ ਤਦ ਮਾਂ
'ਲਖੇ'[12] ਨੂੰ ਅਵਾਜ਼ ਦੇ, ਓਹਦੀ ਝੋਲੀ ਦਿਤਾ ਪਾ
ਦੋਹਾਂ ਦੀ ਸੀ ਹਿਕੜੀ, ਭਰ ਗਈ ਨਾਲ ਪਿਆਰ
ਭੁੱਲ ਗਏ ਥੋੜਾ ਚਿਰ ਹੋਇਆ, ਜੋ ਵਰਤੀ ਸੀ ਕਾਰ

ਦਾਈ[13] ਪਹਿਲੋਂ ਤੁਰ ਗਈ, ਕਰਦੀ ਹੋਈ ਮਸੋਸ
ਸਮਝ ਨਾ ਆਵੇ ਰਬ ਦੀ, ਇਹ ਕੀ ਕੀਤਾ ਓਸ
ਦਾਈ ਨੂੰ ਜਦ ਪੁੱਛਦੇ, ਲੋਕੀ ਗੱਲ ਸੁਣਾ
ਆਂਹਦੀ ਜੱਸਾਸਿੰਘ ਘਰ, ਆਇਆ ਵਲੀ ਖ਼ੁਦਾ
ਭੈਣੀ ਦੇ ਲੋਕੋ ਸੁਣੋਂ, ਲਾ ਕੇ ਖ਼ੂਬ ਧਿਆਨ
ਆਇਆ ਏ ਰਬ ਆਪ ਚੱਲ, ਕਰਨ ਲਈ ਕਲਿਆਨ
ਤਰਸ ਅਮਨ ਦਾ ਦੇਵਤਾ, ਸ਼ਾਂਤੀ ਦਾ ਅਵਤਾਰ
ਅਰਸ਼ੋਂ ਆਇਆ ਚੱਲ ਕੇ, ਭੈਣੀ ਦੇ ਵਿਚਕਾਰ
ਭਰ ਗਿਆ ਹੈ ਦੇਸ਼ ਦਾ, ਖ਼ੁਸ਼ੀਆਂ ਨਾਲ ਅਕਾਸ਼
ਭਾਰਤ ਮਾਂ ਦੀ ਚਿਰਾਂ ਦੀ, ਪੂਰੀ ਹੋ ਗਈ ਆਸ
ਦਿਨਾਂ ਵਿਚ ਹੀ ਵਧ ਗਏ, ਅੰਗ ਜੋ ਹੁੰਦੜ ਹੇਲ
ਲਗਰੇ ਲਗਰਾਂ ਵਾਂਗਰਾਂ, ਇਉਂ, ਜਿਉਂ ਕੌੜੀ ਵੇਲ
ਬਾਹਰ ਸਨ ਜਦ ਜਾਂਵਦੇ, ਚਾਰਨ ਡੰਗਰ ਮਾਲ
ਆਪ ਸਮਾਧੀ ਲਾਂਵਦੇ, ਨਾਲ ਲੁਆਵਣ ਬਾਲ
ਨਾਮ ਅਭਿਆਸ ਦੀ ਰੀਤ ਜਿਉਂ, ਇਕ ਮਨ ਇਕ ਚਿੱਤ
ਵਿਰਤੀ ਜੋੜਨ ਓਸ ਨਾਲ, ਜੋ ਸਭਨਾਂ ਦਾ ਮਿੱਤ
ਪੜ੍ਹੀ ਵਿਦਿਆ ਧਰਮ ਦੀ, ਅਰਥ ਪ੍ਰਮਾਰਥ ਭਾਲ

[12] ਬਾਬਾ ਜੱਸਾ ਸਿੰਘ ਨੂੰ 'ਲੱਖਾ' ਨਾਮ ਨਾਲ ਵੀ ਬੁਲਾਇਆ ਜਾਂਦਾ ਸੀ
[13] ਦਾਈ ਦਾ ਨਾਮ 'ਰਹਿਮਤੇ' ਕਸ਼ਮੀਰਨ ਸੀ।

ਕੀਤਾ ਪਾਠ ਗ੍ਰੰਥ ਗੁਰੁ, ਛੋਟੀ ਉਮਰਾ ਨਾਲ
ਤਿਖੇ ਨੈਣ ਨਕਾਸ਼ ਅਤਿ, ਸੁੰਦਰਤਾ ਦੀ ਖਾਨਿ
ਕਣਕ ਭਿੰਨਾ ਕੁਝ ਰੰਗ ਸੀ, ਵਿਸ਼ਨੂੰ ਜਿਉਂ ਭਗਵਾਨ
ਮੂੰਹ ਠੰਢੀ ਦੇ ਦਾਗ਼ ਇਉਂ, ਜਿਉਂ ਤਾਰਿਆਂ ਵਿਚ ਚੰਦ
ਦਰਸ਼ਨ ਕਰਦਿਆਂ ਹੋਂਵਦਾ, ਮਨ ਚਕੋਰ ਅਨੰਦ
ਰਾਜ ਹੰਸ ਜਿਉਂ ਧੌਣ ਤੇ, ਮਸਤ ਮਤੰਗ[14] ਜਿਉਂ ਚਾਲ
ਥਰ ਹਰ ਧਰਤੀ ਧਰਕਦੀ, ਰੱਖਣ ਪੈਰ ਸੰਭਾਲ
ਉੱਚਾ ਲੰਮਾ ਕੱਦ ਇਉਂ, ਸਰੂ ਜਿਵੇਂ ਇਕ ਸਾਰ
ਗਰਦਣ ਲੰਮੀ ਸਵਾ ਗਿੱਠ, ਦੀਰਘ ਨੈਣ ਅਪਾਰ
ਬਾਹਵਾਂ ਗੋਡਿਆਂ ਹੇਠ ਨੇ, ਲੰਮੀਆਂ ਅਤੇ ਵਿਸ਼ਾਲ
ਅਰਕਾਂ ਦੇ ਨਹੀਂ ਜੋੜ ਇਉਂ, ਜਿਵੇਂ ਕੰਵਲ ਦੀ ਨਾਲ
ਸਭਨਾਂ ਤੋਂ ਉਚੇ ਸਦਾ, ਦਿਸਦੇ ਪਏ ਹਜ਼ੂਰ
ਜਿਵੇਂ ਮੁਨਾਰਾ ਭਰਥਿਆ, ਨੇੜੇ ਜਾਪੇ ਦੂਰ
ਵਿੰਹਦਿਆਂ ਭੁੱਖ ਨਾ ਲਥਦੀ, ਤੱਕ ਨਾ ਰੱਜਦੇ ਨੈਣ
ਮੂੰਹ ਤੋਂ ਕਿਰਦੇ ਫੁੱਲ ਸੀ, ਜਦੋਂ ਅਲਾਪਣ ਬੈਣ
ਛੋਟੀ ਉਮਰ ਵਿਚ ਹੀ, ਪਰਨਾਏ ਸਨ ਨਾਥ
ਧਰੌੜ ਪਿੰਡ ਪ੍ਰਸਿਧ ਹੈ, ਸਾਹਨੇਵਾਲ ਦੇ ਸਾਥ
ਮਸ ਭਿੰਨੇ ਨੂੰ ਤੱਕ ਕੇ, ਦੁੱਖ ਭੁੱਖ ਨਸਦੇ ਦੂਰ
ਦਿਲ ਵਿਚ ਠੰਡਕ ਵਸਦੀ, ਨੈਣਾਂ ਭਰੇ ਸਰੂਰ
ਚੜ੍ਹੀ ਜੁਆਨੀ ਲੋਹੜ ਦੀ, ਸੁੰਦਰਤਾ ਦੀ ਖਿੱਚ
ਹਰ ਦਿਲ ਦੀ ਸੀ ਰੀਝ ਮੈਂ, ਰਲਾਂ ਇਨ੍ਹਾਂ ਨਾਲ ਮਿਚ
ਹਰੀ ਸਿੰਘ ਜੀ ਸਤਿਗੁਰੂ, ਆਏ ਧਰ ਅਵਤਾਰ
ਛੋਟੇ ਜੋ ਹਜ਼ੂਰ ਤੋਂ, ਕੇਵਲ ਸਾਲ ਕੂ ਚਾਰ
ਤੀਆ[15] ਨਰਾਤਾ ਬੁਧਵਾਰ, ਪ੍ਰਗਟੇ ਜਗਾ ਵਿਖਿਆਤ
ਠਾਰਾਂ ਸਉ ਛਿਅੱਤਰਾ, ਅੱਸੂ ਦੀ ਪਰਭਾਤ

ਦਿਨ ਹੈ ਸੀ ਬੁਧਵਾਰ ਦਾ, ਬੁਧ ਸਿੰਘ ਸੀ ਨਾਮ

---

[14] ਹਾਥੀ

[15] 8 ਅੱਸੂ 1876 ਬਿਕ੍ਰਮੀਂ ਮੁਤਾਬਿਕ 22 ਸਤੰਬਰ 1819

ਸਤਿਗੁਰੂ ਗਏ ਪਰਦੇਸ, ਉਨ ਸਾਂਭੇ ਕੰਮ ਤਮਾਮ
ਰਾਮ ਕੌਰ ਤੇ ਸਾਹਿਬ ਕੌਰ[16], ਦੋ ਹਜ਼ੂਰ ਦੀ ਭੈਣ
ਪੈਦਾ ਹੋਈ ਨਾਨਕੀਂ, ਨੰਗਲ[17] ਜਿਸ ਨੂੰ ਕਹਿਣ
ਬਾਬਾ ਜੱਸਾਸਿੰਘ ਜੀ, ਕਰਨ ਵਾਹੀ ਦੀ ਕਾਰ
ਨਾਲ ਲੁਹਾਰਾ ਕੰਮ ਵੀ, ਕਰਦੇ ਬਹੁਤ ਸਮਾਰ
ਬਾਬੇ ਨਾਲ ਵਟਾਂਵਦੇ, ਹੱਥ ਸ੍ਰੀ ਗੁਰੁ ਦੇਵ
ਰਹਿੰਦੇ ਮਨ ਦੀ ਮੌਜ ਵਿਚ, ਕੋਈ ਨਾ ਜਾਣੇ ਭੇਵ
ਵੱਸਦੇ ਰੱਸਦੇ ਖੁਸ਼ੀ ਨਾਲ, ਹੋਏ ਭਰ ਜੁਆਨ
ਬਾਲ ਸਖਾਈ ਦੂਸਰਾ, ਕੋਈ ਨਾ ਆਪ ਸਮਾਨ
ਪਰਗਟ ਲੱਗੇ ਹੋਣ ਹੁਣ, ਚਮਕੀ ਜੱਗ ਤੇ ਸ਼ਾਨ
ਖੇਡ ਰਚਾਈ ਭਵਿੱਖ ਦੀ, ਸਤਿਗੁਰੂ ਗੁਣੀ ਨਿਧਾਨ

**********************

[16] ਬੀਬੀ ਸਾਹਿਬ ਕੌਰ ਰਾਏਪੁਰ, ਲੁਧਿਆਣੇ ਦੇ ਸ੍ਰ. ਕਾਬਲ ਸਿੰਘ ਨਾਲ ਵਿਆਹੀ ਸੀ
[17] ਇਹ ਪਿੰਡ ਡੇਹਲੋਂ ਦੇ ਨਜ਼ਦੀਕ ਹੈ।

# (3)
# ਸਿਖ ਸੈਨਾਂ ਦੇ ਸੈਨਿਕ 1837 ਈ.

ਠਾਰਾਂ ਸਉ ਤਿਰਾਨਵੇ, ਬਿਕ੍ਰਮੀ ਦਾ ਸਾਲ
ਇਕੀ ਸਾਲ ਦੀ ਉਮਰ ਸੀ, ਸਤਿਗੁਰੂ ਦੀਨ ਦਿਆਲ
ਸਾਹਿਬਕੌਰ ਹਜ਼ੂਰ ਦੀ, ਬੀਬੀ ਵੱਡੀ ਭੈਣ
ਮਿਲਣ ਆਈ ਸੀ ਵੀਰ ਨੂੰ, ਕਰਨ ਸੁਹੰਢਣੇ ਨੈਣ
ਨਾਲ ਪਤੀ ਸੀ ਓਸਦਾ, ਕਾਬਲ ਸਿੰਘ ਸਰਦਾਰ
ਆਏ ਦੋਵੇਂ ਮਿਲਣ ਦੀ, ਇੱਛਾ ਦਿਲ ਵਿਚ ਧਾਰ
ਗਰੇਵਾਲਾਂ ਦੇ ਪਿੰਡ ਜੋ, ਰਾਇਪੁਰ ਗੁੱਜਰਵਾਲ
ਨਵਾਂ ਪਿੰਡ ਤੇ ਲੋਹਗੜ੍ਹ, ਦੋਵੇਂ ਨਾਰੰਗਵਾਲ
ਸਾਊ ਵਾਸੀ ਇਨ੍ਹਾਂ ਦੇ, ਗਰੇਵਾਲ ਸਰਦਾਰ
ਜੂਹਾਂ ਸਉੜੀਆਂ ਭੋਇੰ ਘੱਟ, ਕਰਨ ਦੱਬ ਕੇ ਕਾਰ
ਨੌਕਰੀ ਪੇਸ਼ਾ ਲੋਕ ਇਹ, ਜੱਟਾਂ ਵਿਚ ਸੁਚੇਤ
ਰਾਮਗੜ੍ਹੀਏ ਤੇ ਜੱਟ ਦਾ, ਕੋਈ ਭਿੰਨ ਨਾ ਭੇਤ
ਵੱਸਦੇ ਸੱਭੇ ਰਲ ਮਿਲ, ਦੁਖ ਸੁਖ ਦੀ ਪਾ ਸੀਰ
ਦਰਦ ਵੰਡਾਂਦੇ ਆਪ ਵਿਚ, ਦੁਖ ਵਿਚ ਦੇਂਦੇ ਧੀਰ
ਸਿਖ ਦਰਬਾਰ ਲਾਹੌਰ ਦੀ, ਸੈਨਾਂ ਦੇ ਵਿਚਕਾਰ
ਕਾਬਲਸਿੰਘ ਜੀ ਤੋਪਚੀ, ਜਮਾਂਦਾਰ ਸਰਦਾਰ
ਭਰ ਜੁਆਨ ਗੁਰੂਦੇਵ ਜੀ, ਮਿਣਤੀਓਂ ਲੰਮਾ ਕੱਦ
ਕਾਬਲਸਿੰਘ ਜੀ ਵੇਖ ਕੇ, ਖ਼ੁਸ਼ ਹੋਏ ਬੇਹੱਦ
ਗੱਲਾਂ ਬਾਤਾਂ ਦਸ ਕੇ, ਸਿਫਤਾਂ ਕਰ ਅਪਾਰ
ਲੈ ਗਏ ਨਾਲ ਪ੍ਰੇਰ ਕੇ, ਲਾਹੌਰ ਸਿਖ ਦਰਬਾਰ
ਕਰ ਲਈ ਸੀ ਨੌਕਰੀ, ਕ੍ਰਿਤ ਜਾਣ ਸੁਕ੍ਰਿੱਤ
ਪਰ ਸਨ ਵਸਦੇ ਹੋਰਥੇ, ਰਖਦੇ ਹੋਰਥੇ ਚਿੱਤ
ਭਰਤੀ ਹੋਏ ਫ਼ੌਜ ਵਿਚ, ਖੁਸ਼ੀ ਮਲ੍ਹਾਰਾਂ ਨਾਲ
ਦਿਨ ਵਿਚ ਕੰਮ ਪ੍ਰੇਡ ਦਾ, ਰਾਤੀਂ ਜਾਪੁ ਅਕਾਲ

ਜਿੰਨੀ ਲੈਂਦੇ ਤਲਬ ਸੀ, ਖਾਣ ਪੀਣ ਨੂੰ ਛੱਡ
ਗੁਰਬੇ ਹੋਰ ਗਰੀਬ ਨੂੰ, ਸਾਰੀ ਦੇਂਦੇ ਵੰਡ
ਗੁਜ਼ਰ ਗਏ ਕੁਝ ਸਾਲ ਸੀ, ਆਇਆਂ ਵਿਚ ਲਹੌਰ
ਪਰ ਪੈ ਜਾਂਦੇ ਸੋਚ ਵਿਚ, ਵਿੰਹਦੇ ਜਦ ਕਰ ਗੌਰ
ਆਖਣ ਨੂੰ ਸੀ ਸਿਖ ਰਾਜ, ਤੇ ਸਿੰਘਾਂ ਦੀ ਫ਼ੌਜ
ਗੁਰੂ ਮੱਤ ਨੂੰ ਭੁਲ ਸਭ, ਕਰਦੇ ਮਨ ਦੀ ਮੌਜ
ਦਾਰੂ ਮੁੰਡਾ ਵੇਸਵਾ, ਮਾਸ ਮੱਛੀ ਦੇ ਯਾਰ
ਰਹਿਤ ਬਹਿਤ ਤੇ ਧਰਮ ਦੀ, ਭੁੱਲੀ ਬੈਠੇ ਸਾਰ
ਜਪਣ ਨਾ ਨਾਮ 'ਸ਼ਨਾਨ ਕਰ, ਬਾਣੀ ਪੜ੍ਹੇ ਨਾ ਕੋਇ
ਆਂਹਦੇ ਜੀਉਣਾ ਚਾਰ ਦਿਨ, ਜੋ ਹੋਵੇ ਸੋ ਹੋਇ
ਗੱਲਾਂ ਕਰਨ ਬਣਾ ਕੇ, ਔਣ ਨਾ ਦੇਂਦੇ ਵਾਰ
ਗੁਲਾਬ ਦਾਸ[18] ਦਾ ਬਹੁਤ ਸੀ, ਸੈਨਾਂ ਵਿਚ ਪਰਚਾਰ
ਫੋਕੀਆਂ ਫੜ੍ਹਾਂ ਬਘਾਰਦੇ, ਚਾਕੂ ਕਟੀਆਂ ਵਾਂਗ
ਉਤੋਂ-ਉੱਤੋਂ ਧਾਰਿਆ, ਬੁਰਛਿਆਂ ਸਿੱਖੀ ਸਾਂਗ
ਕਰ ਰਹੇ ਸਨ ਪੁੱਜ ਕੇ, ਸਿੱਖਾਂ ਨੂੰ ਬਦਨਾਮ
ਇਕ ਅੱਧ ਦੀ ਗੱਲ ਕੀ, ਹੋਏ ਇੰਝ ਤਮਾਮ
ਏਨ੍ਹਾਂ ਦੀ ਇਹ ਚਾਲ ਵੇਖ, ਆਪ ਜੀ ਹੁੰਦੇ ਤੰਗ
ਮੰਗਦੇ ਸਨ ਅਰਦਾਸ ਕਰ, ਦੋ ਵੇਲੇ ਇਹ ਮੰਗ
ਗੁਰੂ ਨਾਨਕ ਗੋਬਿੰਦਸਿੰਘ, ਦੀਨਾ ਨਾਥ ਦਿਆਲ
ਪੰਥ ਆਪਣੇ ਦੀ ਕਰੋ, ਜਲਦੀ ਨਾਲ ਸੰਭਾਲ

---

[18] ਗੁਲਾਬ ਦਾਸ "ਰਟੌਲ" ਪਿੰਡ ਜੋ ਤਰਨ ਤਾਰਨ ਦੇ ਪਾਸ ਹੈ, ਉਸਦੇ ਵਸਨੀਕ ਹਮੀਰੇ ਰਟੌਲ ਜੱਟ ਦੇ ਘਰ, ਦੇਸੋ ਦੇ ਉਦਰ ਤੋਂ ਸੰਮਤ 1866 (1809-10 ਈ.) ਵਿਚ ਪੈਦਾ ਹੋਇਆ। ਕੁਝ ਚਿਰ ਸਿੰਘਾਂ ਦੀ ਨੌਕਰੀ ਕਰਕੇ ਕਸੂਰ ਨਿਵਾਸੀ ਹੀਰਾ ਦਾਸ ਉਦਾਸੀ ਦਾ ਚੇਲਾ ਹੋ ਗਿਆ। ਨਾਭੇ ਦੇ ਇਲਾਕੇ ਧਨੌਲੇ ਪਿੰਡ ਬਾਵਾ ਧਿਆਨ ਦਾਸ ਜੀ ਤੋਂ ਕਾਵਯ ਵਿਦਿਆ ਪੜ੍ਹੀ ਅਤੇ ਹਰਿਦਾਸ (ਗਿਰਧਰ) ਕਵਿ ਦੀ ਸੰਗਤ ਕਰਕੇ ਕਵਿਤਾ ਰਚਣ ਲੱਗਾ। ਫੇਰ ਭਾਈ ਦੇਵਾ ਸਿੰਘ ਨਿਰਮਲੇ ਤੋਂ ਵੇਦਾਂਤ ਪੜ੍ਹ ਕੇ ਨਾਸਿਤਕ ਬਣ ਗਿਆ। ਇਸ ਦੀ ਸੰਪ੍ਰਦਾਇ ਦੇ ਲੋਕ ਗੁਲਾਬ ਦਾਸੀਏ ਅਖਵਾਉਂਦੇ ਹਨ। ਗੁਲਾਬ ਦਾਸ ਦਾ ਪ੍ਰਸਿੱਧ ਡੇਰਾ ਚੱਠਿਆ ਵਾਲਾ ਪਿੰਡ ਵਿਚ ਕਸੂਰ ਪਾਸ ਹੈ। ਗੁਲਾਬ ਦਾਸ ਦਾ ਦੇਹਾਂਤ ਭਾਦਰੋਂ ਸੁਦੀ 12 ਸੰਮਤ 1930 (1873 ਈ.) ਨੂੰ ਹੋਇਆ।
-(ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਭਾਸ਼ਾ ਵਿਭਾਗ -423)

ਇਕ ਦਿਨ ਵਰਤੀ ਆਣ ਕੇ, ਕੋਈ ਅਜਿਹੀ ਮੌਜ
ਆਇਆ ਹੁਕਮ ਪਸ਼ੌਰ ਨੂੰ, ਤੁਰ ਜਾਵੇ ਏਹ ਫੌਜ
ਅਟਕੀ ਹਜਰੋਂ ਵਿਚ ਜਾ, ਡੇਰਾ ਦਿਤਾ ਡਾਲ
ਖੇਡ ਰਚੌਣੀ ਸੀ ਜਿਵੇਂ, ਏਥੇ ਕੋਈ ਅਕਾਲ
ਵੱਸਦੇ ਹਜਰੋਂ ਵਿਚ ਸੀ. ਬਾਲਕ ਸਿੰਘ ਮਹਾਰਾਜ
ਮਾਲਕ ਪਾਲਕ ਪੰਥ ਦੇ, ਸਿੱਖੀ ਦੇ ਸਿਰਤਾਜ
ਗਿਆਨੀ ਸ੍ਰੀ ਗਿਆਨ ਸਿੰਘ, ਲਿਖਿਆ "ਪੰਥ ਪ੍ਰਕਾਸ਼"
ਦਏ ਗਵਾਈ ਇੰਵ ਓਹ, ਭਰ ਦਿਲ ਵਿਚ ਉਲਾਸ :-
"ਬੜੇ ਥਾਂਇ ਜਾਇ ਕੇ ਲਹੌਰ ਪਲਟਨ ਮਾਂਹਿ
ਠਾਨ ਲੀਨ ਨੌਕਰੀ ਪਛਾਣ ਕੇ ਸੁਕ੍ਰਿੱਤ ਹੈ।
ਬਾਣੀ ਗੁਰੂ ਕੀ ਪਢੇ ਹੈਂ ਭਜਨ ਕਰੈ ਹੈਂ

ਚੈਂ ਹੈਂ ਰਹਿਨੋ ਇਕੰਤ ਦੈਂ ਹੈਂ ਆਜਜੋਂ ਕੋ ਬਿਤ ਹੈ।
ਸੰਮਤ ਅਠਾਰਾਂ ਸੌ ਅਠਾਨਵੇਂ ਮੇਂ,
ਪਲਟਨ ਗਈ ਥੀ ਹਜਰੋ ਮੈਂ ਰਾਜ ਕਾਜ ਹਿਤ ਹੈ।
ਸੰਤਨ ਕੇ ਮਿਲਬੇ ਕਾ ਸ਼ੌਕ ਥਾ ਮਹਾਨ
ਰਾਮ ਸਿੰਘ ਦਰਸਾਤੇ ਜਾਤੇ ਜਾਇ ਜਿਤਕਿਤ ਹੈ[19]।

ਠਾਰਾਂ ਸੌ ਇਕਤਾਲੀਆ, ਸੰਮਤ ਬਿਕ੍ਰਮ ਜੀਤ
ਕੀਤਾ ਸਿਖੀ ਬਾਗ਼ ਜਿਨ, ਸੁਕਿਆ ਸੀ ਸੁਰਜੀਤ
ਹਰੋ ਨਦੀ ਵਿਚ ਸਿੰਧ ਦੇ, ਮਿਲਦੀ ਜਿਥੇ ਆਇ
ਸਰਵਾਲਾ ਹੈ ਓਸ ਦੇ, ਕੰਢੇ ਇਕ ਗਿਰਾਂਇ
ਭਾਗਭਰੀ ਸੀ ਮਾਂ ਓਹ, ਪਿਤਾ ਸੀ ਸਿੰਘ ਦਿਆਲ
ਅਵਤਰੇ ਜਾ ਉਸ ਘਰ ਵਿਖੇ, ਬਾਲਕ ਸਿੰਘ ਕ੍ਰਿਪਾਲ
'ਛੋਈ' ਕਰਦੇ ਹੱਟ ਸੀ, ਕਈ ਗੁਜਾਰੇ ਸਾਲ
ਹੱਥ ਕਾਰ ਦਿਲ ਯਾਰ ਵਲ, ਜਪਦੇ ਜਾਪੁ ਅਕਾਲ
ਪਰ ਇੱਛਾ ਦੀਦਾਰ ਦੀ, ਰੱਖਦੇ ਸਦਾ ਹਮੇਸ਼

[19] ਪੰਥ ਪ੍ਰਕਾਸ਼: ਗਿਆਨੀ ਗਿਆਨ ਸਿੰਘ

ਪੌਣ ਕਲੇਜੇ ਠੰਢ ਆ, ਦਰਸ਼ਨ ਦੇ ਦਸਮੇਸ਼
ਠਾਰਾਂ ਛੇ ਨਾਉਂ ਬਿਕ੍ਰਮੀ, ਦਸਮੀ ਸੁਦੀ ਵੈਸਾਖ
ਦਰਸ਼ਨ ਦੇ ਦਸਮੇਸ਼ ਗੁਰੂ, ਪੂਰੀ ਕੀਤੀ ਸਾਖ
ਜਾ ਰਹੇ ਦਸਮੇਸ਼ ਸਨ, ਕਾਬਲ ਵਲ ਪਸ਼ੌਰ
ਸ੍ਰੀ ਮਹੰਤ ਸੁਮੇਰ ਸਿੰਘ, ਲਿਖਿਆ ਹੈ ਕਰ ਗ਼ੌਰ
ਪੰਨੇ ਤੇਰਾ ਸਤ ਸਉ, ਗੁਰ ਬਿਲਾਸ ਵਿਚ ਸਾਰ
ਉਨੀ ਸਉ ਉਨਤਾਲੀਏ, ਸੰਮਤ ਦੇ ਵਿਚਕਾਰ


ਤਖ਼ਤ ਪਟਨਾ ਸਾਹਿਬ ਦੇ, ਸਿੰਘ ਸੁਮੇਰ ਮਹੰਤ
ਏਨਾ "ਗੁਰੁ ਬਿਲਾਸ" ਵਿਚ, ਲਿਖਿਆ ਹੈ ਵਰਤੰਤ :-
"ਨਗਰ ਬਿਰਾਟ ਪਸ਼ੌਰ ਮਧ, ਇਕ ਭਗਤ ਭਗੌਤੀ ਪ੍ਰੇਮੀ
ਸ੍ਰੀ ਗੁਰੂ ਗੋਬਿੰਦਸਿੰਘ ਚਰਨ ਰਤਿ, ਚਾਹਤ ਦਰਸਨ ਨੇਮੀ
ਏਕ ਬਾਰ ਸ੍ਰੀ ਗੁਰੂ ਚਰਨਿਨ ਕੋ, ਅਧਿਕ ਧਿਆਨ ਤਿਨ ਕੀਨੋ
ਪ੍ਰਗਟ ਗੋਬਿੰਦਸਿੰਘ ਸਤਿਗੁਰੂ ਨੇ, ਤਾਕੋ ਦਰਸਨ ਦੀਨੋਂ
ਈਤ ਪੁਸ਼ਾਕ ਭਗੌਤੀ, ਸ੍ਰੀ ਗੁਰੂ ਅਧਿਕ ਰਿਝਾਏ
ਚਰਨਿਨ ਧੋ ਚਰਨਾਮ੍ਰਿਤ ਲੀਨੇ, ਭੋਜਨ ਝੱਬ ਛਕਾਏ
ਅਜਹੁ ਤਹਾਂ ਬਨਿਯੋ ਗੁਰੁਦਵਾਰਾ, ਪੂਜਤ ਪੁਰ ਨਰ ਨਾਰੀ
ਪੁਨ ਤਹਿੰ ਤੇ ਉਠ 'ਕਾਬਲ', ਆਗੇ ਅਸ਼ਟ ਕੋਸ਼ ਗੁਰ ਭਾਰੀ
ਲਾਇ ਦੀਵਾਨ ਕਹੀ ਸਿੰਘਨ ਸੋ, ਲੰਡਾ ਤਹਿ ਦਰਿਆਵਾ
ਮਾਰਹੁ ਪਾਥਰ ਯਾ ਸਰਿਤਾ ਮੈ, ਮਾਰਿਓ ਬਚਨ ਪ੍ਰਭਾਵਾ
ਤਬ ਪੂਛੀ ਯਾ ਕਰਕਾਂ ਕਾਰਨ, ਸ੍ਰੀ ਗੁਰੂ ਸਭਨ ਸੁਨਾਈ
ਤੁਰਕ ਸ਼ਹੀਦ ਲਰਨ ਹਿਤ ਆਏ, ਦੀਏ ਸੁ ਮਾਰ ਭਗਾਈ


ਸ੍ਰੀ ਸੁਮੇਰ ਸਿੰਘ ਜੀ ਮਹੰਤ ਸ੍ਰੀ ਤਖ਼ਤ ਪਟਨਾ ਸਾਹਿਬ

ਪ੍ਰਤਿ ਰਵੀਵਾਰ ਹੋਤ ਤਹਿੰ ਮੇਲਾ, ਸ੍ਰੀ ਸਤਿਗੁਰ ਬਰ ਆਵੇ
ਘੋਰਨ ਕੀ ਅਵਾਜ ਸੁਨ ਪਰੈ, ਦਰਸਨ ਕਾਹੂ ਦਿਯਾਵੈ
ਕੋਠਾ ਸਾਹਿਬ ਬਿਦਿਤ ਵਿਸਵ ਮੇਂ, ਜਾਹਿਰ ਕਲਾ ਪ੍ਰਤਾਪਾ
ਹਿੰਦੂ ਅਹਿੰਦੂ ਦਊ ਤਿਹਿ ਮਾਨਤ, ਪੂਰਤ ਕਾਮ ਅਮਾਪਾ।"

ਆਣ ਅਚਾਣਕ ਇੰਞ ਨੂੰ, ਸਤਿਗੁਰੂ ਸ੍ਰੀ ਦਸਮੇਸ਼
ਗੁਰਤਾ ਸੌਂਪੀ ਤਿਲਕ ਦੇ, ਬਾਲਕ ਸਿੰਘ ਵਸ਼ੇਸ਼
ਸ੍ਰੀ ਗਿਆਨੀ ਗਿਆਨ ਸਿੰਘ, ਪੰਥ ਪ੍ਰਕਾਸ਼ ਉਚਾਰ
ਇਸ ਨੂੰ ਲਿਖਿਆ ਉਨ੍ਹਾ ਇਉਂ, ਚੰਗੀ ਤਰ੍ਹਾਂ ਸੁਧਾਰ :-
'ਨਾਮ ਸਿੰਘ ਬਾਲਕ ਪੈ ਪਾਲਕ ਪਿਗੰਬਰੋ ਕੇ,
ਅੰਬਰੋ ਕੇ ਮਾਲਕ ਅਡੰਬਰੋ ਕੇ ਤਿਆਗੀ ਹੈਂ।
ਤਾਲਕ ਰਖੈ ਹੈਂ ਏਕ ਖਾਲਕ ਸੈਂ ਸਾਲਕ, ਸੋ
ਗਾਲਕ ਬਿਕਾਰਨ ਕੇ ਚਾਲਕ ਵਿਰਾਗੀ ਹੈਂ।
ਗੋਇ ਰਾਖੀ ਘਟ ਦੀਪ ਜਿਮ ਨਿਜ ਅਜਮਤ,
ਸਜਮਤ ਭਗਤ ਵਿਰਕਤ ਅਦਾਗੀ ਹੈ।
ਕੀਰਤਨ ਕਥਾ ਸਤ ਸੰਗ ਜਥਾ ਯੋਗ, ਤਥਾ
ਰਾਖਤ ਥਾ ਭਾਖਤ ਥਾ ਭਜਨ ਸਜਾਗੀ ਹੈ।'

ਇਸ ਤੋਂ ਦੂਏ ਕਬਿਤ ਵਿਚ, ਨਾਲ ਵਜ਼ਾਹਤ ਬਿਆਨ
ਦਰਸਨ ਦੇ ਦਸਮੇਸ਼ ਜਿਉਂ, ਕੀਤਾ ਇਉਂ ਫਰਮਾਨ :
"ਬਾਲਕ ਮਿਗ੍ਰੇਸ਼ ਤੈ ਵਿਸ਼ੇਸ਼ ਉਪਦੇਸ਼ ਨਾਮ ਯਦੀ,
ਨਰ ਨਾਰੀ ਲੈ ਅਪਾਰੀ ਭਵ ਤੈ ਤਰੇ।
ਔਰ ਇਲਹਾਮ ਕਰਤਾਰ ਕਈ ਬਾਰ ਦਯੋ,
ਨਾਮ ਦੈ ਉਧਾਰ ਕਰ ਜੀਵਨ ਕਾ ਤੂੰ ਖਰੇ।
ਐਪੇ ਗੁਰ ਦਸਮ ਦਰਸ ਦੈ ਯੌ ਕਹਿਓ ਤਾਂਹਿ
"ਮੇਰੋ ਅਵਤਾਰ ਅੰਸ਼ ਰਾਮ ਸਿੰਘ ਹ੍ਵੈ ਭਰੇ"
ਯਾਹਿ ਹੇਤ ਤਾਹਿ ਨਾਹਿ ਔਰ ਕਾਹ ਮਾਹਿ,
ਨਿਜ ਸ਼ਕਤਿ ਰਖਾਈ ਗੁਰੁ ਵਾਕ ਦਿਢੇ ਥੇ ਧਰੇ"


ਗਿਆਨੀ ਗਿਆਨ ਸਿੰਘ ਜੀ

ਕਿਹਾ ਗੁਰ ਦਸਮੇਸ਼ ਜੀ, ਗੁਰੁਤਾ ਰਖ ਅਮਾਣ
ਵਸਤ ਸੰਭਾਲੋ ਇਹ ਝਭ, ਲਵਾਂ ਫੇਰ ਮੈਂ ਆਣ
ਆਵਾਂਗਾ ਮੈਂ ਆਪ ਹੀ, ਕਿਹਾ ਗੁਰੂ ਅਵਤਾਰ
ਬਾਢੀ ਕੁਲ ਨੂੰ ਭਾਗ ਲਾ, ਕਰਾਂ ਪੰਥ ਦੀ ਸਾਰ

ਸੌ ਸਾਖੀ ਸ੍ਰੀ ਰਤਨ ਮਾਲ, ਪਹਿਲਾ ਇਹ ਵਿਸ਼ੇਸ਼
ਪਿਛੇ ਜੋ ਹੈ ਲਿਖਿਆ, ਕੀਤਾ ਸੀ ਨਿਰਦੇਸ਼
ਧਾਰਾਂਗਾ ਅਵਤਾਰ ਮੈਂ, ਦੇਸ਼ ਮਾਲਵੇ ਸਾਰ
ਰਾਮਗੜ੍ਹੀਆਂ ਦੀ ਕੁਲ ਵਿਚ, ਕੁਦਰਤ ਕਰਾਂ ਪਸਾਰ
ਗੁਰੂਤਾ ਅਰਪਨ ਕਰ ਦਈ, ਜਿਵੇਂ ਸਨਾਤਨਿ ਰੀਤ
ਬਾਲਕ ਸਿੰਘ ਇੰਤਜ਼ਾਰ ਮੁੜ, ਕਰਦੇ ਨਾਲ ਪ੍ਰੀਤ
ਗੋਸਟ ਕਰਦਿਆਂ ਆਦਿ ਗੁਰੁ, ਅਜਿਤੇ ਰੰਧਾਵੇ ਨਾਲ
ਪੁੱਛਣ ਤੇ ਸੀ ਦੱਸਿਆ, ਓਨਾ ਇਹ ਸਵਾਲ :
"ਸੱਤਰ ਜਾਂਮੇ ਭਗਤ ਜਨ, ਚੌਦਹ ਸਤਿਗੁਰੁ ਰਾਇ
ਗੁਰਮੁਖ ਹੋਇ ਸੋ ਮਿਲ ਰਹੈਂ, ਮਨਮੁਖ ਮਿਲਹਿ ਸਜਾਇ
ਭਰ ਬੇੜੇ ਲੈ ਜਾਣਹਿਗੇ, ਸੰਤ ਜਨਾਂ ਕੇ ਪੂਰ
ਬੇ-ਮੁਖ ਤੁਟੇ ਤੁਟ ਮੂਏ, ਸਨਮੁਖ ਭਏ ਕਬੂਲ"

'ਗੁਰਿੰਦ ਨਾਮਹ' ਵਿਚ ਦਸਮ ਗੁਰੁ, ਸ੍ਰੀ ਮੁਖਵਾਕ ਉਚਾਰ
ਦਸਿਆ ਜਿਉਂ ਵਰਤਾਵਣੀ, ਅਗੋਂ ਸਾਰੀ ਕਾਰ :
"ਜਾਹੀ ਕੁਲ ਤੇ ਪ੍ਰਗਟ ਹੋਇ, ਤਾਹੀ ਕੁਲ ਕੋ ਨਾਮ
ਪੁਨਹ ਦ੍ਵਾਦਸ ਗੁਰਿੰਦ ਕੋ, ਮੇਰੀ ਹੈ ਪ੍ਰਨਾਮ
ਦੁਆਦਸ ਪੁਰਖ ਹੈਂ, ਆਦਿ ਸੇ, ਸਭ ਹਨ ਕੇ ਸਿਰ ਮੌਰ
ਸਕਤਿ ਅਨੰਤੀ ਆਇ ਹੈ, ਆਦਿ ਇਹੈ ਨਹੀ ਔਰ"।

ਏਨਾਂ ਵਾਕਾਂ ਦੀ ਰੋਸ਼ਨੀ ਤੇ, ਪੁਰਾਤਨ ਇਤਿਹਾਸ
ਖੋਜ ਭਾਲ ਨਾਲ ਲਿਖਿਆ, ਕੀਤਾ ਨਹੀਂ ਕਿਆਸ
ਰੱਖੀ ਕਲਾ ਛੁਪਾਇ ਗੁਰ, ਦੱਸੀ ਨਾ ਪ੍ਰਗਟਾਇ

ਧਨ ਧਰਤੀ ਜਿਉਂ ਦਬਿਆ, ਮੱਥੇ ਚਮਕ ਵਿਖਾਇ
ਛੋਈ ਵੱਸੇ ਕੁਝ ਦਿਨ, ਹਜਰੋਂ ਆਏ ਚੱਲ
ਭਾਈ ਮੰਨਾ ਸਿੰਘ ਜੀ ਨਾਲ, ਦੁਕਾਨ ਦੇ ਵੱਲ
ਮਹਿਕ ਉਠੀ ਖ਼ੁਸ਼ਬੂ ਸੀ, ਦੂਰ ਦੁਰਾਡੇ ਲੋਕ
ਔਂਦੇ ਹਜਰੋਂ ਚੱਲ ਕੇ, ਸੁਆਰਨ ਹਿਤ ਲੋਕ ਪ੍ਰਲੋਕ
ਹਜਰੋਂ ਦੀ ਹਰ ਗਲੀ ਇਹ, ਦਏ ਸੁਣਾਈ ਗੀਤ
ਧੰਨ ਗੁਰੂ ਬਾਲਕ ਸਿੰਘ ਜੀ, ਧੰਨ ਉਨ੍ਹਾਂ ਕੀ ਰੀਤ
ਅਵਧ ਪੁਰੀ ਸਮ ਹੋ ਗਈ, ਹਜਰੋਂ ਅਤਿ ਵਡ ਭਾਗ
ਮਿਟ ਗਈ ਧੁੰਦ ਅਗਿਆਨ ਦੀ, ਚਾਨਣ ਗਿਆਨ ਚਰਾਗ਼
ਦਏ ਗਵਾਹੀ ਏਸ ਦੀ, ਕਰਤਾ ਪੰਥ ਪ੍ਰਕਾਸ਼
ਸੰਤ ਨਿਰਮਲੇ ਗਿਆਨ ਸਿੰਘ, ਲਿਖਿਆ ਏ ਇਤਿਹਾਸ :-
"ਸੰਮਤ ਪਚਾਸੀਏ ਮੈਂ ਹਜਰੋਂ ਗ੍ਰਾਮ ਮਾਂਹਿ,
ਭਾਈ ਤਾਹਿ ਕੇ ਦੁਕਾਨ ਆਇ ਤਹਾਂ ਜੋ ਕਈ
ਯਾਹ ਹੇਤ ਬਾਲਕ ਮ੍ਰਿਗੇਸ਼ ਭੀ ਵਿਸ਼ੇਸ਼ ਤਹਾਂ,
ਆਇ ਕੈ ਨਿਵਾਸ ਕੀਨ ਕ੍ਰਿਤ ਕਰ ਕੇ ਖਈ
ਤਾਂਹਿ ਕੇ ਪ੍ਰਤਾਪ ਕਰ ਹਜਰੋਂ ਅਮਾਪ ਵਰ,
ਭਯੋ ਸਮ ਔਧ ਤਰ ਮੰਦਤਾ ਬਿਲੈ ਗਈ
ਭਏ ਲੋਗ ਵਡ ਭਾਗੀ ਭਗਤੀ ਮੈਂ ਮਤਿ ਪਾਗੀ,
ਸੰਤ ਸੰਗ ਮਾਂਹਿ ਜਾਗੀ ਸੰਤ ਸੇਵ ਨੂੰ ਠਈ"

ਇਹ ਹਨ ਲੱਛਣ ਗੁਰੂ ਦੇ, ਕੜ ਪਾਟਵੇਂ ਵੇਗ
ਦਾਣਾ ਟੋਹ ਵਿਖਾਲਿਆ, ਭਰੀ ਪਈ ਹੈ ਦੇਗ
ਦਰਸ ਕਰ ਜਮੀਤ ਸਿੰਘ ਗਿੱਲ, ਆਏ ਸੀ ਹੋਇ
ਆਣ ਸੁਣਾਈ ਫ਼ੌਜ ਵਿਚ, ਓਹਨਾਂ ਨੇ ਇਹ ਸੋਇ
ਹਜਰੋਂ ਅੰਦਰ ਸਤਿਗੁਰੂ, ਸਿਰ ਸ਼ਾਹਾਂ ਦੇ ਸ਼ਾਹਿ
ਓਨਾਂ ਮੱਖਣ ਸ਼ਾਹ ਜਿਉਂ, ਪੱਲਾ ਫੇਰਿਆ ਆਇ
ਸੁਣ ਕੇ ਸੋ ਹਜ਼ੂਰ ਨੇ, ਸਾਥੀ ਲੈ ਕੁਝ ਨਾਲ
ਚੱਲੇ ਸਤਗੁਰ ਦਰਸ ਦੇ, ਸਭੇ ਨਾਲ ਖ਼ਿਆਲ
ਪੰਝੀ ਜਥਾ ਬਣਾ ਕੇ, ਰਲ ਮਿਲ ਹੋਇ ਤਿਆਰ

ਸੈਨਕ ਸਭੇ ਤੁਰ ਪਏ, ਦਿਲ ਵਿਚ ਸ਼ਰਧਾ ਧਾਰ
ਧਰਮਸਾਲ ਦੇ ਵਿਚ ਸੀ, ਕਥਾ ਕਰਨ ਗੁਰੂ ਰਾਇ
ਸਾਰੰਗ ਰਾਗ ਦਾ ਸ਼ਬਦ ਸੀ, “ਠਾਕਰ ਤੁਮ ਸਰਣਾਇ”
ਮੱਥਾ ਟੇਕ ਗ੍ਰੰਥ ਗੁਰੁ, ਫਤਹ ਬੁਲਾ ਕੇ ਨਾਥ
ਕਰੀ ਸਨਿਮਰ ਬੇਨਤੀ, ਧਰ ਪਰ ਧਰ ਕੇ ਮਾਥ
ਸਾਨੂੰ ਵੀ ਸਤਿਗੁਰੂ ਜੀ, ਦੇਵੋ ਨਾਮ ਦੀ ਦਾਤ
ਅੰਦਰ ਹੋਵੇ ਚਾਨਣਾ, ਮਿਟੈ ਪ੍ਰਾਈ ਤਾਤ
ਠਾਕਰ ਜੀ ! ਤੁਸੀਂ ਆ ਗਏ, ਕਰ ਕੇ ਯਾਦ ਕਰਾਰ
ਸੀ ਅਮਾਨਤ ਤੁਸਾਂ ਦੀ, ਰੱਖੀ ਅਸੀਂ ਸੰਭਾਰ
ਵਰਤੋ ਠਾਕਰ ਜੀ ! ਜਿਵੇਂ, ਤੁਹਾਡੀ ਹੋਇ ਰਜਾਇ
ਰੱਖੀ ਅਸੀਂ ਛੁਪਾਇ ਕੇ, ਕੀਤੀ ਨਾ ਪ੍ਰਗਟਾਇ
ਪੈਸੇ ਪੰਜ ਦਸਤਾਰ ਤੇ, ਮਾਲਾ ਨਾਲ ਨਲੇਰ
ਮੱਥੇ ਗੁਰਤਾ ਦਾ ਤਿਲਕ, ਕਰ ਦਿਤਾ ਬਿਨ ਦੇਰ
ਠਾਰਾਂ ਸਉ ਅਠਾਨਵੇ[20] ਸੰਮਤ ਬਿਕ੍ਰਮਜੀਤ
ਅਸੂ ਦੀ ਸੰਗ੍ਰਾਂਦ ਦਾ, ਦਿਨ ਪਵਿਤ ਪੁਨੀਤ
ਭਾਰਤ ਦੀ ਕਲਿਆਣ ਦਾ, ਇਸ ਦਿਨ ਬੱਝਾ ਮੁੱਢ
ਹੋਈ ਧਰਮ ਸਥਾਪਨਾ, ਪਾਪ ਤਾਪ ਗਏ ਉੱਡ
ਪੁੰਨੀ ਆਸ ਪੰਜਾਬ ਦੀ, ਦੂਰ ਹੋ ਗਿਆ ਸ਼ੋਕ
ਖ਼ੁਸ਼ ਹੋਏ ਸਭ ਦੇਵਤੇ, ਖੁਸ਼ ਹੋਇਆ ਸੁਰ ਲੋਕ
ਹੁਕਮ ਆ ਗਿਆ ਫ਼ੌਜ ਨੂੰ, ਜਾਣਾਂ ਨਹੀਂ ਪਸ਼ੌਰ
ਆਵੇ ਮੰਜ਼ਲ ਮਾਰਦੀ, ਜਲਦੀ ਨਾਲ ਲਹੌਰ

ਫੌਜ ਆ ਗਈ ਚੱਲ ਕੇ, ਛੌਂਣੀ ਦੇ ਵਿਚਕਾਰ
ਪਰਗਟ ਲਗੇ ਹੋਣ ਹੁਣ, ਗੁਰਤਾ ਦੇ ਆਸਾਰ
ਆਣ ਲਾਹੌਰ ਦੇ ਵਿਚ ਜੋ, ਅਗੋਂ ਵਰਤਿਆ ਹਾਲ
ਲਿਖਣ ਦੇ ਲਈ ਉਸ ਨੂੰ, ਚਾਹੀਦੇ ਨੇ ਸਾਲ
ਛੌਣੀ ਦੇ ਵਿਚ ਸਤਿਗੁਰੂ, ਕੀਤੇ ਚਰਿਤ ਅਪਾਰ

[20] 1841 ਈ

ਓਨਾਂ ਵਿਚੋਂ ਸਿਰਫ ਮੈਂ, ਦੱਸੇ ਹਨ ਦੋ ਚਾਰ
ਲੈ ਕੇ ਬੀੜ ਦਰਬਾਰ ਦੀ, ਉਪਰ ਬਾਲਣ ਪਾਇ
ਸਫਾਂ ਫੂਹੜੀਆਂ ਵਿਚ ਧਰ, ਤੀਲੀ ਦਿਤੀ ਲਾਇ
ਪਤਾ ਲਗਾ ਜਾਂ ਹੋਰਨਾਂ, ਨੱਸੇ ਵਾਹੋ ਦਾਹ
ਲੱਗੇ ਅੱਗ ਬੁਝਾਉਣ ਸਭ, ਲਾ ਕੇ ਸਾਰੀ ਵਾਹ
ਪਰ ਨਾ ਦਿਤੀ ਬੁਝਣ ਉਹ, ਤਕੜਾ ਕਰ ਤਕਰਾਰ
ਆਪੇ ਠੰਢੀ ਹੋਣ ਤੇ, ਕੱਢੀ ਬਣਾਂ ਸੁਆਰ
ਪਰਖੀ ਗਈ ਹੈ ਇਹ, ਧੁਰ ਤੋਂ ਆਈ ਠੀਕ
ਲੱਗ ਜਾਂਦੀ ਜੇ ਆਂਚ ਕੁਝ, ਲਗ ਜਾਣੀ ਸੀ ਲੀਕ
ਬਾਣੀ ਕਰਤਾ ਪੁਰਖ ਦੀ, ਅਰਸ਼ੋਂ ਆਈ ਚੱਲ
ਜੇ ਸੜ ਜਾਂਦੀ ਜਰਾ ਵੀ, ਮਚ ਜਾਂਦੀ ਤ੍ਰਥੱਲ
ਸਾੜ ਨਾ ਸਕਦੀ ਅੱਗ ਇਸ, ਪਾਣੀ ਸਕੇ ਨਾ ਬੋੜ
ਆਂਦੀ ਸੀ ਗੁਰਦੇਵ ਇਹ, ਜੋ ਸਨ ਗ਼ਈ ਬਹੋੜ
ਚਹੁ[21] ਲਗ ਜਾਂਦਾ ਆਖਦੇ, ਬੇ-ਸਿਦਕੇ ਇੰਨਸਾਨ
ਐਵੇਂ ਊਲ ਜਲੂਲ ਹੈ, ਇਸ ਵਿਚ ਨਾਹੀ ਜਾਨ

ਕਰਦੇ ਫਿਰਦੇ ਟਿਚਕਰਾਂ, ਕਈ ਗੁਲਾਬੀਏ ਦਾਸ
ਜਿੰਨਾਂ ਦਾ ਗੁਰੁ ਗਿਰਾ ਤੇ, ਕੋਈ ਨਾ ਵਿਸਵਾਸ
ਗੁਰੂ ਬਾਣੀ ਛਡ ਗੁਰੂ ਮਤ, ਨਵੇਂ ਚਲਾਣੇ ਰਾਹ
ਸਿੱਧਾ ਰਸਤਾ ਛਡ ਕੇ, ਭਟਕਣ ਪਏ ਕੁਰਾਹ
ਧੁਰ ਕੀ ਬਾਣੀ ਭੁੱਲ ਕੇ, ਗੌਂਦੇ ਹੋਰ ਕਲਾਮ
ਰਹਿਤ ਬਹਿਤ ਗੁਰੂ ਮਤ ਭੁਲ, ਹੋਰਾਂ ਬਣੇ ਗੁਲਾਮ
ਗੁਰੂ ਸਵਾਰੇ ਸਿਖ ਜੋ, ਬਾਣੀ ਬੋਲਣ ਸੱਚ
ਕੁੰਦਨ ਸੋਨਾ ਛਡ ਹੋਰ, ਪਏ ਵਿਹਾਝਣ ਕੱਚ
ਸ਼ਰਧਾ ਅਦਬ ਸਤਿਕਾਰ ਤੇ, ਨਾਲ ਪ੍ਰੇਮ ਪਿਆਰ
ਬੀੜ ਸਥਾਪਨ ਜਾ ਕਰੀ, ਧਰਮਸਾਲ ਵਿਚਕਾਰ
ਬੁਰਛਾ ਗਰਦੀ ਦੇ ਮਚਣ, ਭਾਂਬੜ ਵਿਚ ਲਹੌਰ

[21] ਸੇਕ

ਮੱਛੀ ਮੁੰਡਾ ਮਾਸ ਮਦ, ਮੂੰਹ ਕਾਲਾ ਕਰ ਹੋਰ
ਸਿਦਕ ਗਿਆ ਸਿਖੀ ਗਈ, ਗਈ ਧਰਮ ਪ੍ਰਤੀਤ
ਮਗਰੇ ਜਾਂਦੀ ਦਿਸਦੀ, ਰਾਜ ਭਾਗ ਦੀ ਰੀਤ
ਬਿੱਲੇ ਚੜ੍ਹ ਕੇ ਨੰਦਣੋਂ, ਆ ਗਏ ਹਿੰਦੁਸਤਾਨ
ਸਾਰੇ ਭਾਰਤ ਦੇਸ ਦੀ, ਸਾਂਭੀ ਆਣ ਕਮਾਨ
ਫੂਲਕਿਆਂ ਦੀ ਮਿਸਲ ਤੇ, ਮੈਨ ਦੁਆਬੀ ਸਰਦਾਰ
ਸੌ-ਸੌ ਕਰਨ ਸਲਾਮ ਜਾ, ਗੋਰਿਆਂ ਦੇ ਦਰਬਾਰ
ਰੁਲਦੀ ਪੈਰੀਂ ਗੋਰਿਆਂ, ਇਜਤ ਗੌਰਵ ਮਾਨ
ਕੇਵਲ ਏਸ ਪੰਜਾਬ ਦੀ, ਬਾਕੀ ਹੈ ਕੁਝ ਸ਼ਾਨ
ਬਲ ਛਲ ਦੇ ਨਾਲ ਏਸ ਵੀ, ਲੈਣਾ ਉਨ੍ਹਾਂ ਦਬਾਇ
ਵਾਰੀ ਹੁਣ ਲਹੌਰ ਦੀ, ਜਲਦੀ ਰਹੀ ਹੈ ਆਇ
ਧਰਮ ਕਰਮ ਤੇ ਗੁਰੂਮਤ, ਸਿੰਘਾਂ ਦਈ ਵਿਸਾਰ
ਸਾਨੂੰ ਨਜ਼ਰੀ ਪੈ ਰਹੀ, ਹੁਣ ਏਨ੍ਹਾਂ ਦੀ ਹਾਰ
ਬ੍ਰਾਹਮਣ ਬੁਰਛੇ ਡੋਗਰੇ, ਬੇਈਮਾਨ ਗਦਾਰ
ਦਿਲੋਂ ਨਾਲ ਅੰਗ੍ਰੇਜ਼ ਦੇ, ਸਾਡੇ ਨੇ ਸਰਦਾਰ
ਗੋਰਿਆਂ ਦੇ ਗੁਲਾਮ ਇਹ, ਇਹ ਗੈਰਾਂ ਦੇ ਦਾਸ
ਇਨ੍ਹਾਂ ਆਜ਼ਾਦੀ ਵੇਚਣੀ, ਸਾਡੀ ਓਨ੍ਹਾਂ ਪਾਸ
ਵੱਜਣ ਵਿਚ ਲਹੌਰ ਦੇ, ਗੋਰਿਆਂ ਦੇ ਤੁਰ ਤੂਰ
ਪਾਉਣਾ ਇਕ ਦਿਨ ਬਾਂਦਰਾਂ, ਏਥੇ ਆਣ ਫਤੂਰ
ਮਹਾਰਾਜ ਨੂੰ ਮੁਖਬਰਾਂ, ਜਾਂ ਦੱਸੀ ਗੱਲ ਖੋਲ੍ਹ
ਇਕ "ਮਸਤਾਨਾ" ਫੌਜ ਵਿਚ, ਬੋਲੇ ਏਦਾਂ ਬੋਲ
ਮਹਾਰਾਜ ਨੇ ਭੇਜਿਆ, ਦੁੱਲਾ ਸਿੰਘ ਕੁਤਵਾਲ
ਮਸਤਾਨੇ ਨੂੰ ਪਕੜ ਕੇ, ਲਿਆ ਅਪਣੇ ਨਾਲ
ਦੁੱਲਾ ਸਿੰਘ ਦੇ ਨਾਲ ਸੀ, ਸਤਿਗੁਰੂ ਆਏ ਚੱਲ
ਪੁਛੀ ਸੀ ਮਹਾਰਾਜ ਨੇ, ਓਨ੍ਹਾਂ ਕੋਲੋਂ ਗੱਲ
ਦੱਸ ਭਾਈ ਮਸਤਾਨਿਆਂ, ਮਰਜ਼ੀ ਤੇਰੀ ਕੀ
ਸਾਨੂੰ ਵੀ ਕੁਝ ਦੱਸ ਦੇ, ਅਗੋਂ ਹੋਣਾ ਕੀ
ਤੂੰ ਲਹੌਰ ਦਰਬਾਰ ਦੇ, ਉਲਟ ਕਰੇਂ ਪ੍ਰਚਾਰ
ਤੈਨੂੰ ਕੀ ਨਹੀਂ ਪਤਾ ਕੁਝ, ਕੀ ਹੁੰਦੀ ਸਰਕਾਰ

ਹੱਸ ਕਿਹਾ ਸ੍ਰੀ ਸਤਿਗੁਰੂ, ਮੇਰੇ ਕੀ ਅਧੀਨ
ਮੈਂ ਨਹੀਂ ਚਾਹੁਦਾ ਪੰਥ ਦੀ, ਹੋਵੇ ਕਦੀ ਤੌਹੀਨ
ਦਸਮ ਗੁਰੂ ਦੇ ਵੱਸ ਸਭ, ਉਸ ਦੀ ਇਹ ਰਜਾਇ
ਟਾਲ ਨਾ ਸਕੇ ਕੋਈ ਵੀ, ਥੱਕੇ ਜ਼ੋਰ ਲਗਾਇ
ਦਿੱਤਾ ਸਿਖਾਂ ਨੂੰ ਉਨ੍ਹਾਂ, ਨਾਮ ਬਾਣੀ ਆਧਾਰ
ਪਰ ਨਾ ਸਿਖਾਂ ਦਾ ਰਿਹਾ, ਗੁਰੂ ਮੱਤ ਨਾਲ ਪਿਆਰ
ਗੁਰੁਮਤ ਉਡੀ ਖੰਭ ਲਾ, ਮਨਮਤ ਦਾ ਹੈ ਜ਼ੋਰ
ਧਰਮ ਕਰਮ ਨਿਤ ਨੇਮ ਭੁੱਲ, ਗੱਲਾਂ ਕਰਦੇ ਹੋਰ
ਮੱਛੀ ਮੁਸਲੀ ਮਾਸ ਮਦ, ਨਾਲ ਕਰਨ ਸਿਖ ਪ੍ਰੀਤ
ਬਿਛੂ ਬਿਸੀਅਰ ਵੇਸਵਾ, ਸਮਝਣ ਅਪਣਾ ਮੀਤ
ਨਾਮ ਦਾਨ ਇਸ਼ਨਾਨ ਦੀ, ਕਿਤੇ ਨਾ ਦਿਸੇ ਕਾਰ
ਗੁਰੁਮਤ ਦਿਤੀ ਸਭ ਨੇ, ਉਕਾ ਦਿਲੋਂ ਵਿਸਾਰ
ਹਿਲ ਜਾਇ ਨੀਂਹ ਮਹੱਲ ਦੀ, ਕਿਕੂੰ ਟਿਕੇ ਛੱਤ
ਢਠੇ ਗੜ ਗੜਾਇਕੇ, ਹੋਵੇ ਚੌੜ ਚਪੱਤ
ਲਗਦਾ ਜੇ ਕੋਈ ਲਾ ਲਓ, ਅਪਣਾ ਸਾਰਾ ਤਾਣ
ਫਿਰ ਨਾ ਕਹਿਣਾ ਰਹਿ ਗਏ, ਦਿਲ ਦੇ ਵਿਚ 'ਰਮਾਣ
ਤਖ਼ਤ ਤਾਜ ਤੇ ਰਾਜ ਭਾਗ, ਸਾਂਭਣ ਗੇ ਕੋਈ ਹੋਰ
ਬਚ ਸਕੇ ਬਚਾ ਲਓ, ਲਾ ਵੇਖ ਲਓ ਜ਼ੋਰ
ਨਕਸ਼ਾ ਤੁਹਾਡੇ ਦੇਸ ਦਾ, ਹੋ ਜਾਵੇਗਾ ਲਾਲ
ਟਾਲ ਨਾ ਕੋਈ ਸਕਦਾ, ਸਿਰ ਚੜ੍ਹ ਆਇਆ ਕਾਲ
ਵਧੇ ਪੰਜਾਬ ਵਲ ਆ ਰਹੇ, ਗੋਰੇ ਵਾਹੋ ਦਾਹ
ਜਿੰਨ੍ਹਾਂ ਸਾਡਾ ਦੇਸ ਇਹ, ਛੇਤੀ ਲੈਣਾ ਫਾਹ
'ਲਾਕਾ ਤੁਹਾਡੇ ਰਾਜ ਦਾ, ਸਾਰਾ ਸਤਲੁਜ ਪਾਰ
ਕਾਬੂ ਓਨ੍ਹਾ ਕਰ ਲਿਆ, ਬਿਨਾ ਕਿਸੇ ਤਕਰਾਰ
ਕਲਸੀਆਂ ਦੇ ਸਰਦਾਰ ਹੋਰ, ਫੂਲਕਿਆਂ ਦੀ ਮਿਸਲ
ਸਾਰੇ ਮੈਣ ਦੁਆਬੀਏ, ਰਲੇ ਮਾਰਦੇ ਵਿਸਲ
ਪਹਾੜਾ ਸਿੰਘ ਬੈਰਾੜ ਵੀ, ਹੈ ਓਨ੍ਹਾਂ ਦਾ ਯਾਰ
ਨਾਲ ਲਹੌਰ ਦਰਬਾਰ ਦੇ, ਦਿਲੋਂ ਜਿੰਨ੍ਹਾਂ ਦੀ ਖਾਰ
ਓਹ ਸਭ ਗੋਰਿਆਂ ਨਾਲ ਨੇ, ਇਕਦੂੰ ਵਾਢਿਓਂ ਸਭ

ਸਾਰੇ ਸਿਖ ਸਰਦਾਰੜੇ, ਸਮਝਣ ਓਨ੍ਹਾਂ ਰਬ
ਅੱਖਾਂ ਮੀਟ ਕਬੂਤਰ ਜਿਉਂ, ਬੈਠ ਰਹੇ ਹੋ ਆਪ
ਬਿੱਲਾ ਨਹੀਂ ਜੇ ਵੇਖਦੇ, ਬੈਠਾ ਲਾਈ ਘਾਤ
ਤਾਬਿਆਦਾਰੀ ਓਸ ਦੀ, ਕਰ ਲਈ ਜਿਨ੍ਹਾਂ ਕਬੂਲ
ਓਹ ਨਹੀਂ ਮਿੱਤਰ ਤੁਸਾਂ ਦੇ, ਇਸ ਵਿਚ ਸ਼ੱਕ ਨਾ ਮੂਲ
ਤੁਹਾਡੇ ਇਸ ਦਰਬਾਰ ਦੀ, ਓਨ੍ਹਾਂ ਦੇ ਹੱਥ ਡੋਰ
ਜੋ ਹਨ ਦੁਸ਼ਮਣ ਕੌਮ ਦੇ, ਅੰਦਰੋਂ ਬਾਹਰੋਂ ਹੋਰ
ਸਾਨੂੰ ਨੇੜੇ ਜਾਪਦਾ, ਜਿਸਨੂੰ ਸਮਝੋ ਦੂਰ
ਇਸ ਦੇ ਬਿਨਾਂ ਨਾ ਹੋਰ ਹੈ, ਸਾਡਾ ਕੋਈ ਕਸੂਰ
ਸੁਣ ਖਰੀਆਂ ਸਰਕਾਰ ਇਹ, ਚੁਗਲਾਂ ਆਖੇ ਲਗ
ਜਿਹਲ ਵਿਚ ਭੇਜੇ ਪ੍ਰਭੂ, ਦੁੱਲਾ ਸਿੰਘ ਦੇ ਸਗ
ਪਰ ਸਨ ਸੋਚੀਂ ਪੈ ਗਏ, ਗੱਲਾਂ ਸੁਣ ਸਰਕਾਰ
ਕੀ ਸਾਰੀ ਇਹ ਵਰਤਸੀ, ਸਚ ਮੁੱਚ ਐਵੇਂ ਕਾਰ
ਨਕਸ਼ਾ ਸਾਡੇ ਦੇਸ ਦਾ, ਹੋ ਜਾਵੇਗਾ ਲਾਲ
ਅਸਲੋਂ ਹੀ ਹੋ ਜਾਇਗਾ, ਸਾਡਾ ਏਦਾਂ ਹਾਲ
ਕੰਨਾਂ ਦੇ ਵਿਚ ਗੂੰਜਦੇ, ਮਸਤਾਨੇ ਦੇ ਵਾਕ
ਹੁੰਦਾ ਉਸਦੀ ਯਾਦ ਨਾਲ, ਸੀਨਾ ਸਾਡਾ ਚਾਕ
"ਵੱਜਣ ਵਿਚ ਲਹੌਰ ਦੇ, ਗੋਰਿਆਂ ਦੇ ਤੁਰ ਤੂਰ
ਪੌਣਾਂ ਇਕ ਦਿਨ ਬਾਂਦਰਾਂ, ਏਥੇ ਆਣ ਫ਼ਤੂਰ"
ਕਰ ਉਪਾ ਕੁਝ ਵੇਖੀਏ, ਲੁਧੇਹਾਣੇ ਭੇਜ
ਵਾਜਾ ਸਦ ਵਜਾਈਏ, ਜੋ ਵਜਾਉਣ ਅੰਗ੍ਰੇਜ਼
ਬੈਂਡ ਮੰਗਵਾ ਵਜਾਇਆ, ਅੰਦਰ ਕਿਲੇ ਲਹੌਰ
ਕੁਝ ਦਿਨ ਅੰਦਰ ਸ਼ਹਿਰ ਦੇ, ਸਾਰੇ ਏਸੇ ਤੌਰ
ਛੌਣੀ ਕੀ ਤੇ ਸ਼ਹਿਰ ਕੀ, ਚੱਪਾ-ਚੱਪਾ ਥਾਨ
ਸੁੱਕਾ ਕੋਈ ਨਾ ਛਡਿਆ, ਵਾਜੇ ਬਿਨਾ 'ਸਥਾਨ
ਜਿਹਲ ਵਿਚੋਂ ਸੱਦ ਕੇ, ਕਹਿਣ ਲਗੇ ਮਹਾਰਾਜ
ਹੋਰ ਜੋ ਦੱਸੋ ਰਹਿ ਗਿਆ, ਵੱਜਣ ਵਾਲਾ ਸਾਜ
ਵਾਜਾ ਗਿਆ ਲਾਹੌਰ ਵਿਚ, ਅੰਗ੍ਰੇਜ਼ਾਂ ਦਾ ਵੱਜ
ਪੂਰੇ ਹੋ ਗਏ ਵਾਕ ਓਹ, ਤੁਸਾਂ ਕਹੇ ਜੋ ਗੱਜ

ਹੋਰ ਵੀ ਜੋ ਕੁਝ ਰਹਿ ਗਿਆ, ਓਹ ਦੱਸੋ ਕਰ ਗ਼ੌਰ
ਓਹ ਵੀ ਚਾ ਭੁਗਤਾਵੀਏ, ਇਉਂ ਹੀ ਪੂਰੇ ਤੌਰ
ਸੁਣ ਭੋਲੀ ਜਿਹੀ ਗੱਲ ਇਹ, ਹੱਸ ਕਿਹਾ ਭਗਵਾਨ
ਤੁਸੀਂ ਸਮਝਿਆ ਰਬ ਨੂੰ, ਬੱਚਾ ਜਿਵੇਂ ਅੰਞਾਂਣ
ਇਉਂ ਨਹੀਂ ਹੈ ਟਲਣੀ, ਭਾਵੀ ਓਹ ਮਹਾਰਾਜ
ਪਏ ਅਚਿੰਤੀ ਇਕ ਦਿਨ, ਜਿਉਂ ਬਗਲੇ ਤੇ ਬਾਜ
"ਵੱਜਣ ਵਿਚ ਲਹੌਰ ਦੇ, ਗੋਰਿਆਂ ਦੇ ਤੁਰ ਤੂਰ
ਪੌਣਾਂ ਇਕ ਦਿਨ ਬਾਂਦਰਾਂ, ਏਥੇ ਆਣ ਫਤੂਰ"
ਏਸ ਸਿੱਖ ਦਰਬਾਰ ਦੀ, ਇਹ ਨਾ ਰਹਿਸੀ ਸ਼ਾਨ
ਉਡੇ ਵਾਂਗ ਕਾਫੂਰ ਦੇ, ਸਾਰਾ ਇਜ਼ਤ ਮਾਨ
ਦੂਜੀ ਵਾਰੀ ਜਿਹਲ ਵਿਚ, ਜਾ ਬੈਠੇ ਮਹਾਰਾਜ
ਮਾਲਕ ਪਾਲਕ ਪੰਥ ਦੇ, ਭਾਰਤ ਦੇ ਸਿਰਤਾਜ
ਛਕ ਸਕੇ ਪ੍ਰਸਾਦ ਨਾ, ਕੇਈ ਦਿਨ ਸਰਕਾਰ
ਪਾਣ ਗਰਾਹੀ ਮੂੰਹ ਜਦੋਂ, ਹੋਰਸ ਆਇ ਕਰਾਰ
ਏਧਰ ਨੂੰ ਗੁਰੂ ਦੇਵ ਦੇ, ਜੋ ਪ੍ਰੇਮੀ ਸਰਦਾਰ
ਕਾਨ੍ਹ ਸਿੰਘ ਜੀ ਆਦਿ ਲੌ, ਮੇਜਰ ਸੂਬੇਦਾਰ
ਕਈ ਡਿਠੇ ਜਿਨ ਮੋਅਜ਼ਜ਼ੇ, ਕਰਾਮਤ ਦੇ ਪ੍ਰਸੰਗ
ਲੋਹ ਸੋਨੇ ਦੀ ਵੇਖ ਇਹ, ਇਕ ਦਿਨ ਹੋਏ ਦੰਗ
ਗੱਲਾਂ ਕਰਦੇ ਤੁਰ ਗਏ, ਵਕਤ ਸਮੇਂ ਸੀ ਦੂਰ
ਗਿਣਤੀ ਲੈਣੀ ਫ਼ੌਜ ਦੀ, ਮੇਜਰ ਸਾਹਬ ਹਜੂਰ
ਯਾਦ ਆਣ ਤੋਂ ਡਰ ਗਏ, ਹੋ ਗਈ ਬਹੁਤ ਅਨੀਤ
ਗਿਣਤੀ ਨਾ ਕਰ ਸਕਾਂਗੇ, ਸਮਾ ਜਾਇਗਾ ਬੀਤ
ਪਰ ! ਸੀ ਗਿਣਤੀ ਹੋ ਗਈ, ਕਿਸੇ ਨਾ ਲੱਗਾ ਭੇਵ
ਕਉਣ ਅਜਿਹਾ ਕਰ ਸਕੇ, ਬਿਨ ਪੂਰੇ ਗੁਰਦੇਵ
ਡਿਠੇ ਸਨ ਸਰਦਾਰ ਨੇ, ਏਦਾ ਚਰਿੱਤ੍ਰ ਅਨੇਕ
ਪਰ ਮੈਂ ਦਸੇ ਏਸ ਥਾਂ, ਕੇਵਲ ਬਸ ਦੋ ਏਕ
ਜਿਨ੍ਹਾਂ ਦਾ ਗੁਰੂਦੇਵ ਦੇ, ਚਰਨਾਂ ਨਾਲ ਪਿਆਰ
ਰਲੇ ਨਾਲ ਕਈ ਹੋਰ ਵੀ, ਏਨ੍ਹਾਂ ਦੇ ਸਰਦਾਰ
ਸਾਰੇ ਸਨ ਹੈਰਾਨ ਓਹ, ਇਹ ਕੀ ਹੋਈ ਨੇਤ

ਦੁੱਲਾਸਿੰਘ ਕੁਤਵਾਲ ਤੇ, ਕਾਬਲ ਸਿੰਘ ਸਮੇਤ
ਜਮੀਤਸਿੰਘ ਜੀ ਗਿਲ ਤੇ, ਜੋਤਾ ਸਿੰਘ ਜੀ ਆਦਿ
ਕੱਠੇ ਹੋ ਕੇ ਚਲ ਪਏ, ਕਰਨ ਲਈ ਫ਼ਰਿਆਦਿ
ਬਾਰਾਂਦਰੀ ਦੇ ਵਿਚ ਸਨ, ਬੈਠ ਰਹੇ ਮਹਾਰਾਜ
ਸੁਣ ਕੇ ਅਰਜ਼ਾਂ ਸਭ ਦੇ, ਪੂਰੇ ਕਰਦੇ ਕਾਜ
ਪਰ੍ਹੇ ਬੰਨ੍ਹ ਕੇ ਆਇ ਨੇ, ਕਿਉਂ ਸਾਰੇ ਸਰਦਾਰ
ਦੱਸੋ ਕੀ ਹੋ ਚਾਹੁੰਦੇ, ਵਿਗਸ ਕਿਹਾ ਸਰਕਾਰ
ਕਿਸ ਦੁਖਾਇਆ ਹੈ ਤੁਸਾਂ, ਦਿਤਾ ਕਿਸ ਅਜ਼ਾਬ
ਪੁਛੀਏ ਫੜ ਕੇ ਓਸ ਨੂੰ, ਦੇਈਏ ਕਰ ਖ਼ਰਾਬ
ਕਿਸੇ ਦੁਖਾਏ ਨਾ ਅਸੀਂ, ਦਿਤਾ ਨਹੀਂ ਅਜਾਬ
ਦਰਸ਼ਨ ਇਛਾ ਧਾਰ ਕੇ, ਆਏ ਕਰਨ ਅਦਾਬ
ਕੱਠੇ ਪਾਣੀ ਪੀ ਰਹੇ, ਬਕਰੀ, ਸੀਂਹ ਬਘਿਆੜ
ਕੀ ਮਜਾਲ ਇਕ ਦੂਏ ਵਲ, ਤੱਕੇ ਅੱਖਾਂ ਪਾੜ
ਸੋਨਾ ਜਾਣ ਉਛਾਲਦੇ, ਰਾਹੀ ਰੋਹੀ ਵਿਚ
ਗਿਦੜ ਮੌਜਾਂ ਮਾਣਦੇ, ਸਮਝ ਸ਼ੇਰ ਨੂੰ ਟਿੱਚ
ਅਸੀਂ ਹਾਂ ਦਾਸ ਹਜ਼ੂਰ ਦੇ, ਸਿਖ ਰਾਜ ਦੇ ਦਾਸ
ਵੇਖੇ ਕੈਰੀ ਅੱਖ ਕਰ, ਵੈਰੀ ਕਰੀਏ ਨਾਸ
ਸਤਿਗੁਰ ਤੇ ਸਰਕਾਰ ਦੀ, ਨਜ਼ਰ ਮਿਹਰ ਦੇ ਨਾਲ
ਦੁਸ਼ਮਨ ਕਰ ਨਹੀਂ ਸੱਕਦਾ, ਸਾਡਾ ਵਿੰਗਾ ਵਾਲ
ਜਿਸ ਗੱਲੇ ਸਰਕਾਰ ਦਾ, ਕੁਝ ਹੋਏ ਨੁਕਸਾਨ
ਅਸੀਂ ਨਾ ਓਹ ਜਰ ਸਕੀਏ, ਸਾਡਾ ਇਹ ਈਮਾਨ
ਪਾਓ ਨਾ ਬੁਝਾਰਤਾਂ, ਕਰੋ ਕੰਮ ਦੀ ਗੱਲ
ਛੇਤੀ ਦੇ ਨਾਲ ਲਭੀਏ, ਅਸੀਂ ਓਸਦਾ ਹੱਲ
ਨਿਕੀ ਜਿਹੀ ਅਰਜ਼ ਇਕ, ਕਰਨੀ ਹੈ ਸਰਕਾਰ
ਆਏ ਪਰ੍ਹੇ ਬਣਾਂ ਹਾਂ, ਓਸ ਲਈ ਦਰਬਾਰ
ਮਸਤਾਨੇ ਨੂੰ ਛਡ ਦਿਓ, ਅਰਜ ਕਰੋ ਪਰਵਾਨ
ਡਰਦੇ ਹਾਂ ਸਰਕਾਰ ਦਾ, ਮਤੇ ਹੋਇ ਨੁਕਸਾਨ
ਖਾਲੀ ਜਾਂਦੇ ਨਾ ਕਦੀ, ਕਹੇ ਉਨ੍ਹਾਂ ਦੇ ਬੋਲ
ਓਹ ਪਿਆਰੇ ਰੱਬ ਦੇ, ਵਸਦੇ ਉਸਦੇ ਕੋਲ

ਸੁਣ ਕੇ ਸੋਚੀਂ ਪੈ ਗਏ, ਗੱਲਾਂ ਇਹ ਮਹਾਰਾਜ
ਅਸੀਂ ਦੁਖਾਇਆ ਓਸ ਨੂੰ, ਐਵੇਂ ਕਿਵੇਂ ਅਕਾਜ਼
ਪਰ ਓਹ ਸਾਡੇ ਕਾਜ ਦੇ, ਉਲਟ ਕਰੇ ਪ੍ਰਚਾਰ
ਸਮਝੇ ਇਸ ਨੂੰ ਟਿੱਚ ਓਹ, ਗੱਲਾਂ ਕਰੇ ਹਜਾਰ
ਸੁਣ ਸਰਦਾਰਾਂ ਨੇ ਕਿਹਾ, ਇਹ ਨਹੀਂ ਮਹਾਰਾਜ[22]
ਓਹ ਤੁਹਾਨੂੰ ਸਮਝਦੇ, ਕੌਮ ਦੇ ਸਿਰ ਦਾ ਤਾਜ
ਸੁਣ ਗੱਲਾਂ ਸਰਕਾਰ ਸੀ, ਕੀਤਾ ਇਹ ਫੁਰਮਾਨ
ਅਸੀਂ ਵੀ ਸਾਂ ਪਏ ਸੋਚਦੇ, ਇਹ ਕੀ ਹੋਈ ਆਨ
ਬੀਤ ਗਏ ਨੇ ਦਿਨ ਕਈ, ਮੂੰਹ ਵਿਚ ਪਾਇਆਂ ਅੰਨ
ਜਦੋਂ ਗਰਾਹੀ ਪਾਈਏ, ਜਾਪੇ ਅੰਨ ਕੁਵੰਨ
ਆਵੇ ਅੱਗੇ ਥਾਲ ਜਦ, ਖਾਣਾਂ ਲਗੀਏ ਖਾਣ
ਉਸ ਚੋਂ ਆਵੇ ਵਾਸ ਇਉਂ, ਕੱਚਾ ਜਿਵੇਂ ਮਸਾਣ
ਓਨ੍ਹਾਂ ਲੈ ਜਾਓ ਨਾਲ ਹੁਣ, ਕੀਤੇ ਅਸੀਂ ਅਜ਼ਾਦ
ਸ਼ਾਇਦ ਅਸੀਂ ਛਕ ਸਕੀਏ, ਖੁਸ਼ੀ ਨਾਲ ਪ੍ਰਸ਼ਾਦ
ਛੌਣੀ ਦੇ ਵਿਚ ਆ ਗਏ, ਹੋਈ ਖ਼ੁਸ਼ੀ ਅਪਾਰ
ਦਰਸਨ ਕਰ ਕੇ ਜਾਂਵਦੇ, ਪ੍ਰੀਤਵਾਨ ਬਲਿਹਾਰ
ਕਾਬਲ ਸਿੰਘ ਦੇ ਕੋਲ ਹੁਣ, ਔਣ ਉਲ੍ਹਾਂਭੇ ਨਿਤ
ਸੁਣ ਸੁਣ ਗਲਾਂ ਓਸਦਾ, ਦੁਖੀ ਹੋਂਵਦਾ ਚਿਤ
ਬੰਦਾ ਸੀ ਓਹ ਦੁਨੀ ਦਾ, ਪੱਕਾ ਦੁਨੀਆਦਾਰ
ਜਾਣੂੰ ਨਾ ਓਹ ਦੀਨ ਦਾ, ਜੋ ਦਰਗਾਹੀ ਕਾਰ
ਏਨ੍ਹਾਂ ਨਾਲ ਲਿਆ ਮੈਂ, ਪਾਇਆ ਗਲ ਅਜ਼ਾਬ
ਕੀ ਆਖਾਂਗਾ ਮੈਂ ਕੀ, ਅਗੋਂ ਦਿਆਂ ਜਵਾਬ
ਵਰਜੇਂ ਨਾ ਤੂੰ ਏਸ ਨੂੰ, ਗੱਲਾਂ ਕਰੇ ਹਜ਼ਾਰ
ਮੈਂ ਆਖਾਂਗਾ ਫੇਰ ਕੀ, ਪੁਛਿਆ ਜੇ ਸਰਕਾਰ
ਕਾਬਲ ਸਿੰਘ ਨੇ ਨਾਲ ਦੇ, ਕੱਠੇ ਕਰ ਕਈ ਹੋਰ
ਤੋਪ ਨਾਲ ਫੜ ਨਰੜ ਕੇ, ਕੱਢਿਆ ਦਿਲ ਦਾ ਖੋਰ
ਹੱਸਦਿਆਂ ਭਗਵਾਨ ਇਹ, ਕੀਤਾ ਬਚਨ ਉਚਾਰ

[22] ਸਤਿਗੁਰੂ ਜੀ ਨੂੰ ਕੈਦ ਕਰਨ ਦੀ ਘਟਨਾ ਮਹਾਰਾਜਾ ਸ਼ੇਰ ਸਿੰਘ (1840-43) ਦੇ ਰਾਜ ਕਾਲ ਵਿਚ ਵਾਪਰੀ ਹੈ।

ਤੇਰਾ ਵੀ ਇਸੇ ਤੋਪ ਨੇ, ਬੇੜਾ ਕਰਨਾ ਪਾਰ
ਥੋੜੇ ਦਿਨਾਂ ਦੇ ਅੰਦਰੇ, ਗਿਆ ਵਕਤ ਓਹ ਆ
ਲੱਗਾ ਜੰਗ ਅੰਗ੍ਰੇਜ਼ ਨਾਲ, ਮੁਦਕੀ ਅੰਦਰ ਜਾ
ਸਿਰ ਤਲੀ ਤੇ ਰੱਖ ਸਿੰਘ, ਉਤਰੇ ਵਿਚ ਮੈਦਾਨ
ਅੜੇ ਨਾ ਗੋਰੇ ਨਿੱਠ ਕੇ, ਭਜੇ ਲੈ ਲੈ ਜਾਨ
ਡਊ-ਡਊ ਫਿਰਨ ਪੁਕਾਰਦੇ, ਮੂੰਹ ਵਿਚ ਲੈ ਕੇ ਘਾ
ਆਖਣ ਸਾਨੂੰ ਚੰਬੜੇ, ਬਣ ਕੇ ਸਿੰਘ ਬਲਾ
ਪਰ ਗਦਾਰਾਂ ਰਲ ਤਦੋਂ, ਦਿੱਤਾ ਚੰਦ ਚੜ੍ਹਾਇ
ਜਿੱਤੀ ਬਾਜੀ ਹਾਰ ਦੇ, ਵਿਚ ਦਈ ਪਲਟਾਇ
ਦੁਸ਼ਮਣ ਦੇ ਨਾਲ ਰਲ ਗਏ, ਹੋ ਕੇ ਬੇਈਮਾਨ
ਵੇਚੀ ਇਜ਼ਤ ਕੌਮ ਦੀ, ਨਾਲੇ ਦੀਨ ਈਮਾਨ
ਜਿੱਤ ਰਹੀ ਸਿਖ ਫ਼ੌਜ ਸੀ, ਭਾਜੜ ਦਿਤੀ ਪਾ
ਬਾਹਮਣ ਬੁਰਛੇ ਡੋਗਰੇ, ਨੱਸੇ ਦੁੰਮ ਦਬਾ
ਕਾਬਲ ਸਿੰਘ ਦੀ ਤੋਪ ਵੀ, ਰਸਦ ਹੋਰ ਸਾਮਾਨ
ਸੌਂਪੀ ਵੈਰੀ ਹੱਥ ਓਹ, ਸਣੇ ਓਸਦੀ ਜਾਨ
ਦਾਰੂ ਸਿੱਕਾ ਮੁਕ ਗਿਆ, ਸਾਥੀ ਵੀ ਗਏ ਨੱਠ
ਪਾਇਆ ਪਿੰਜਰੇ ਸ਼ੇਰ ਨੂੰ, ਬਿੱਲਿਆਂ ਕਰਕੇ ਕੱਠ
ਕਾਬਲ ਸਿੰਘ ਨੂੰ ਯਾਦ ਕਰ, ਰੋਂਦੇ ਸਨ ਸਰਦਾਰ
ਜੋ ਲਹੌਰ ਦਰਬਾਰ ਦੇ, ਮਨੋ ਤਨੋ ਵਫ਼ਾਦਾਰ
ਦੁਸ਼ਮਣ ਵਲੋਂ ਆ ਰਹੇ, ਆਪਣੇ ਗੋਲੇ ਨਾਲ
ਕੱਠੇ ਓਧਰ ਸਿਟਦਾ, ਲਾ ਕੇ ਸ਼ਿਸਤ ਕਮਾਲ
ਕਿਹਾ ਓਸਨੂੰ ਗੋਰਿਆਂ, ਰਲ ਜਾ ਸਾਡੇ ਨਾਲ
ਮਨਸਬ ਦਾਰੀ ਮਿਲੇਗੀ, ਇਜ਼ਤ ਨਾਲੇ ਮਾਲ
ਤੇਰੇ ਜੇਹਾ ਤੋਪਚੀ, ਸਾਡੇ ਕੋਲ ਨਾ ਹੋਰ
ਜਾਨ ਬਚਾ ਲੈ ਆਪਣੀ, ਨਾ ਕਰ ਐਵੇਂ ਜ਼ੋਰ
ਸੁਣ ਇਹ ਕਾਬਲ ਸਿੰਘ ਜੀ, ਕਿਹਾ ਸੀ ਲਲਕਾਰ
ਮੈਥੋਂ ਹੋ ਨਹੀਂ ਸਕਣਾ, ਭਾਈਆਂ ਉਪਰ ਵਾਰ
ਦਾਸ ਲਹੌਰ ਸਰਕਾਰ ਦਾ, ਮੈਂ ਸਿੰਘਾਂ ਦਾ ਦਾਸ
ਬਖ਼ਸ਼ਿਸ਼ ਸਭ ਸਤਿਗੁਰੂ ਦੀ, ਹੁਨਰ ਜੋ ਮੇਰੇ ਪਾਸ

ਮੈਨੂੰ ਨਾ ਡਰ ਮੌਤ ਦਾ, ਨਹੀਂ ਪਿਆਰੀ ਜਾਨ
ਮਰਾਂ ਕੌਮ ਦੇ ਨਾਲ ਮੈਂ, ਸਾਬਤ ਰੱਖ ਈਮਾਨ
ਮੇਰੀ ਮਾਂ ਪੰਜਾਬ ਇਹ, ਮੈਂ ਪੰਜਾਬ ਦਾ ਮਾਣ
ਜੀਉਂਦਿਆਂ ਇਸ ਵਿਚ ਗ਼ੈਰ ਨੂੰ, ਪੈਰ ਦਿਆਂ ਨਾ ਪਾਣ
ਸੌ ਦੀ ਆਖਾਂ ਇਕ ਹੀ, ਬਿਨਾਂ ਕਿਸੇ ਤਕਰਾਰ
ਮੈਂ ਕਰ ਸੱਕਾਂ ਕਦੀ ਨਾ, ਭਾਈਆਂ ਉਤੇ ਵਾਰ
ਮੇਰੇ ਕੋਲੋਂ ਹੋ ਗਈ, ਇਕ ਦਿਨ ਡਾਢੀ ਭੁੱਲ
ਅੱਜ ਪਿਆ ਹੈ ਤਾਰਨਾ, ਮੈਨੂੰ ਉਸਦਾ ਮੁੱਲ
ਮਸਤਾਨੇ ਨੂੰ ਬੰਨ੍ਹਿਆਂ, ਫੜ ਤੋਪ ਦੇ ਨਾਲ
ਦੁਨੀਆਂ ਦਾਰੀ ਵਿਚ ਫਸ, ਮੈਂ ਨਾ ਸਮਝਿਆ ਹਾਲ
ਉਸ ਦਿਨ ਉਨ੍ਹਾਂ ਸੁਭਾਵਕੀ, ਕਿਹਾ ਸੀ ਉਚਾਰ
ਤੇਰਾ ਵੀ ਇਸ ਤੋਪ ਨੇ, ਬੇੜਾ ਕਰਨਾ ਪਾਰ
ਪੂਰਾ ਹੋ ਕੇ ਰਹੇਗਾ ਅੱਜ, ਉਨ੍ਹਾਂ ਦਾ ਵਾਕ
ਮੈਂ ਭਗਵਾਨ ਨੂੰ ਸਮਝਦਾ, ਰਿਹਾ ਆਪਣਾ ਸਾਕ
ਛੇਤੀ ਕਰੋ ਉਡਾ ਦਿਓ, ਮੈਨੂੰ ਤੋਪ ਦੇ ਨਾਲ
ਮੈਂ ਗ਼ੁਲਾਮ ਪੰਜਾਬ ਦਾ, ਵੇਖ ਨਾ ਸੱਕਾਂ ਹਾਲ
ਜਿਸ ਤੋਪ ਦੇ ਨਾਲ ਉਸ, ਬੱਧੇ ਸਨ ਮਹਾਰਾਜ
ਓਸੇ ਤੋਪ ਦੇ ਗੋਲਿਆਂ, ਮਾਰਿਆ ਗੋਲ ਅੰਦਾਜ਼
*****************************************************

ਨਾਲ ਗੋਰਿਆਂ ਜਾ ਰਲੇ, ਸੈਨਾ ਪਤੀ ਵਜ਼ੀਰ
ਫੁੱਟ ਗਏ ਲੇਖ ਪੰਜਾਬ ਦੇ, ਫੁੱਟ ਗਈ ਤਕਦੀਰ
’ਠਾਰਾਂ ਸਉ ਪੰਤਾਲੀਆਂ, ਈਸਾ ਦਾ ਸੀ ਸਾਲ
’ਠਾਰਾਂ ਸੀ ਦਸੰਬਰੋ, ਇਹ ਮੁਦਕੀ ਦਾ ਕਾਲ
ਮਾਰੀਆਂ ਤੇਗ਼ਾਂ ਖਾਲਸੇ, ਧੁੰਮ ਪਈ ਸੰਸਾਰ
ਵੇਖੋ ਕੁਦਰਤ ਰਬ ਦੀ, ਜਿਤ ਬਦਲੀ ਵਿਚ ਹਾਰ
ਬ੍ਰਾਹਮਣ ਦੀ ਕਰਤੂਤ, ਤੇ ਡੋਗਰਿਆਂ ਦੀ ਚਾਲ
ਬੁਰਛਾ ਗਰਦੀ ਵੇਖ ਨਾ, ਸਕੇ ਦੀਨ ਦਿਆਲ
ਰਫ਼ਲ ਸੁਟੀ ਦਰਿਆ ਵਿਚ, ਬੈਠੇ ਹੋ ਅਟੰਕ
ਸਿਰਜ ਨਵੇਂ ਹਥਿਆਰ ਹੁਣ, ਲਾਹੀਏ ਗਲੋਂ ਕਲੰਕ

ਸਾਥੀ ਸਨ ਜੋ ਨਾਲ ਦੇ, ਪੁਛਦੇ ਸੁੱਟੀ ਕਿਉਂ
ਕਿਹਾ ਭਾਵੀ ਵਰਤਣੀ, ਹੁਣ ਹੈ ਏਵੇਂ ਜਿਉਂ
ਚਲਣ ਵੇਖ ਸਿਖ ਅਫ਼ਸਰਾਂ, ਡੋਗਰਿਆਂ ਦੀ ਚਾਲ
ਮੈਂ ਸੁਟ ਪਾਈ ਰਫਲ ਤਾਂ, ਬੋਲੇ ਦੀਨ ਦਿਆਲ
ਮੈਂ ਸੁੱਟੀ ਅਜ ਆਪ ਕੱਲ, ਸੁਟਣੀ ਤੁਸੀਂ ਜ਼ਰੂਰ
ਤੁਹਾਥੋਂ ਇਹ ਸੁਟਾਣਗੇ, ਗੋਰੇ ਕਰ ਮਜਬੂਰ
ਲੜ ਜਿਤ ਸਕਦੇ ਅਸੀਂ ਨਾ, ਇਉਂ ਏਨ੍ਹਾਂ ਦੇ ਨਾਲ
ਆਗੂ ਸਾਡੇ ਫਾਹ ਲਾਏ, ਪਾ ਮਾਇਆ ਦਾ ਜਾਲ
ਇਹ ਨਹੀਂ ਉਕਾ ਜਾਣਦੇ, ਅੰਗ੍ਰੇਜ਼ਾਂ ਦੀ ਨੀਤਿ
ਕਰਨੀ ਓਨ੍ਹਾਂ ਇਨ੍ਹਾਂ ਦੀ, ਮਿਟੀ ਅੰਤ ਪਲੀਤਿ
ਆਗੂ ਰਿਹਾ ਨਾ ਕੌਮ ਵਿਚ, ਕੋਈ ਵੀ ਮਜ਼ਬੂਤ
ਚੰਬੜੇ ਨੇ ਸਿਖ ਕੌਮ ਨੂੰ, ਬਣ ਇਹ ਭੈੜੇ ਭੂਤ
ਚਾਲਾਂ ਵੇਖ ਅਵੱਲੀਆਂ, ਦਿਲ ਹੁੰਦਾ ਹੈ ਤੰਗ
ਸਮਝ ਨਾ ਪੈਂਦੀ ਇਹ ਕਿਉਂ, ਛੇੜ ਬੈਠੇ ਨੇ ਜੰਗ
ਭੰਗ ਦੇ ਭਾੜੇ ਮਰ ਰਹੇ, ਕੌਮੀ ਨੌਨਿਹਾਲ
ਮਾਰ ਰਹੇ ਨੇ ਆਪਣੇ, ਰਲ ਕੇ ਦੁਸ਼ਮਣ ਨਾਲ
ਨਹੀਂ ਸਿਆਣਪ ਮੁਫ਼ਤ ਇਉਂ, ਦੇਈਏ ਜਾਨ ਗਵਾ
ਪਈਏ ਸਮਾਂ ਵਿਚਾਰ ਕੇ, ਫਿਰ ਦੁਸ਼ਮਣ ਤੇ ਆ
ਕੰਢੇ ਬਹਿ ਸਤਲੁਜ ਦੇ, ਚੁਲੀ ਵਿਚ ਭਰ ਨੀਰ
ਕਰਦਾ ਹਾਂ ਪ੍ਰਤੱਗਿਆ, ਸੁਣ ਲਓ ਮੇਰੇ ਵੀਰ
ਜਿੰਨਾਂ ਚਿਰ ਅੰਗ੍ਰੇਜ਼ ਨੂੰ, ਦੇਸੋਂ ਲਵਾਂ ਨਾ ਕੱਢ
ਟਿਕ ਕੇ ਬੈਠਾਂ ਨਾ ਕਦੀ, ਇਕ ਥਾਂ ਡੇਰੇ ਗੱਡ
ਜਥੇਬੰਦ ਕਰ ਕੌਮ ਨੂੰ, ਲੈ ਸਤਿਗੁਰ ਦੀ ਓਟ
ਕੁੰਦਨ ਕਰਾਂਗਾ ਪੰਥ ਨੂੰ, ਕਢ ਦਿਆਂ ਸਾਰੇ ਖੋਟ
ਕਰਨ ਦਿਆਂ ਨਹੀਂ ਗੋਰਿਆਂ, ਨਾਲ ਚੈਨ ਦੇ ਰਾਜ
ਖੋਲ੍ਹ ਵਿਖਾਲਾਂ ਇਨ੍ਹਾਂ ਦਾ, ਝੂਠ ਮੁਲੰਮਾ ਪਾਜ
ਵਾਰਾਂ ਭਾਰਤ ਦੇਸ਼ ਤੋਂ, ਸਾਰੇ ਹੀਰੇ ਲਾਲ
ਕਰਨ ਮਜ਼ਾਖਾਂ ਮੌਤ ਨੂੰ, ਸੁਣੇ ਅਵਾਜ ਅਕਾਲ
ਪੁੱਠੇ ਪੈਰੀਂ ਗੋਰਿਆਂ, ਤੋਰਾਂ ਭਰ ਜਹਾਜ਼

ਹੋਵੇ ਕੌਮ ਆਜ਼ਾਦ ਮੁੜ, ਆਪਣਾ ਹੋਵੇ ਰਾਜ
ਮਾਰਨ ਦੇ ਲਈ ਕੌਮ ਇਹ, ਝਈਆਂ ਲੈ ਲੈ ਪੈਣ
ਗੋਰੀ ਚਮੜੀ ਇਨ੍ਹਾਂ ਦੀ, ਅੰਦਰੋਂ ਕਾਲੇ ਹੈਣ
ਇਕ ਦਿਨ ਇਹ ਮਨੁਖਤਾ, ਸਾਰੀ ਦੇਵਣ ਗਾਲ
ਕਰਨਾ ਆਦਮ-ਜ਼ਾਤ ਦਾ, ਏਨ੍ਹਾਂ ਮੰਦਾ ਹਾਲ
ਜਿਸ ਵਿੱਦਿਆ ਦੇ ਲੈਕ ਸਨ, ਰਿਸ਼ੀ ਵਡੇਰੇ ਸਾਧ
ਆ ਗਈ ਬਾਂਦਰਾਂ ਹੱਥ ਓਹ, ਕਰਨੀ ਇਨ੍ਹਾਂ ਉਪਾਧ
ਉਹ ਕੀੜੀ ਨੂੰ ਮਾਰਨਾ, ਜਾਨਣ ਬੱਜਰ ਪਾਪ
ਮਾਰਨ ਇਹ ਮਨੁਖ ਨੂੰ, ਦੇ ਦੇ ਮਹਾਂ ਸੰਤਾਪ
ਖ਼ਤਮ ਹੋਇਗੀ ਸੱਭਤਾ, ਕਲਚਰ ਹੋਵੇ ਨਾਸ
ਬੰਦੇ ਦਾ ਨਾ ਰਹੇਗਾ, ਰੱਬ ਉਤੇ ਵਿਸ਼ਵਾਸ
ਰੋਜ਼ ਹਸ਼ਰ ਦੇ ਵਾਂਗ ਜਿਉਂ, ਪਰਲੋਂ ਕਾਲ ਭੁਚਾਲ
ਕਰਨਾ ਇਨ੍ਹਾਂ ਮਨੁਖ ਦਾ, ਸਭ ਤੋਂ ਮੰਦਾ ਹਾਲ
ਵੈਰੀ ਇਹ ਮਨੁਖ ਦੇ, ਦਿਸਣ ਵਿਚ ਇਨਸਾਨ
ਏਨ੍ਹਾਂ ਤੋਂ ਸਾਊ ਕਿਤੇ, ਜੰਗਲੀ ਸ਼ੇਰ ਹੈਵਾਨ
ਤੋਪ ਬੰਦੂਕਾਂ ਰਹਿਕਲੇ, ਮਾਰੂ ਜੋ ਹਥਿਆਰ
ਏਨ੍ਹਾਂ ਨੇ ਇਨਸਾਨ ਨੂੰ, ਸੁੱਟਣਾ ਪਰਲੇ ਪਾਰ
ਸਾਨੂੰ ਏਸ ਬੰਦੂਕ ਦਾ, ਦੱਸੋ ਕੀ ਧਰਵਾਸ
ਰਹਿਣ ਨਾ ਦੇਣੀ ਬਿੱਲਿਆਂ, ਜਦ ਇਹ ਸਾਡੇ ਪਾਸ
ਸੁੱਟੀ ਹੈ ਮੈਂ ਆਪ ਅੱਜ, ਆਪਣੀ ਮਰਜ਼ੀ ਨਾਲ
ਤੁਹਾਥੋਂ ਫੜ੍ਹ ਇਹ ਖੋਹਣਗੇ, ਗੋਰੇ ਕਰ ਬੇਹਾਲ
ਖ਼ਤਮ ਹੋਇ ਜਦ ਸੱਭਤਾ, ਕਲਚਰ ਹੋਵੇ ਨਾਸ
ਬੰਦੇ ਦਾ ਨਾ ਰਹੇ ਜਦ, ਰੱਬ ਉਤੇ ਵਿਸ਼ਵਾਸ
ਔਂਦਾ ਹੈ ਓਹ ਆਪ ਚੱਲ, ਇਹ ਸਨਾਤਨਿ ਨੇਤ
ਰੱਖਿਆ ਕਰਨ ਮਨੁੱਖਤਾ, ਧਰਮ ਚਲਾਵਣ ਹੇਤ
ਅਸੀਂ ਤੇ ਹਾਂ ਹੁਣ ਚੱਲਦੇ, ਸਤਿ ਸ੍ਰੀ ਅਕਾਲ !
ਆਵੋ ਕਿਸੇ ਜੇ ਚੱਲਣਾਂ, ਰਲ ਕੇ ਸਾਡੇ ਨਾਲ

************************

# (4)
# ਭੈਣੀ ਸਾਹਿਬ

ਛੌਣੀ ਵਿਚੋਂ ਆ ਗਏ, ਕੰਢੇ[23] ਤੇ ਦਰਿਆਉ
ਕਿਹਾ ਮਲਾਹਾਂ ਚਾੜ੍ਹ ਕੇ, ਬੇੜੀ ਪਾਰ ਲੰਘਾਉ
ਪਰ ਮਲਾਹਾਂ ਨਾ ਛਡੀ, ਬੇੜੀ ਲਾਇਆ ਜ਼ੋਰ
ਠਿਲ੍ਹ ਪਏ ਦਰਿਆ ਵਿਚ, ਡੌਲਿਆਂ ਨੂੰ ਲਾ ਠੋਰ
ਸਿੱਧੇ ਤਰ ਕੇ ਸ਼ੇਰ ਜਿਉਂ, ਆ ਗਏ ਉਰਲੇ ਪਾਰ
ਲੁਦੇਹਾਣੇ ਆ ਵੜੇ, ਮਾਮੇ ਘਰ ਵਿਚਕਾਰ
ਸਤਿ ਸ੍ਰੀ ਅਕਾਲ ਕਹਿ, ਆਦਮ ਮਹਾਂ ਦੇਉ
ਮਾਮੀ ਅੰਦਰੋਂ ਪੁਛਿਆ, ਕੌਣ ਆਏ ਨੇ ਕਿਉਂ ?
ਅਗੋਂ ਨੰਦੂ ਬੋਲਿਆ, ਝੱਲਾ ਆਇਆ ਓਹ
ਲੱਭਣ ਲਈ ਫਲੌਰ ਜਿਸ, ਜਾਂਦੇ ਹੁੰਦੇ ਸਓ
ਮਾਮੀ ਬਾਹਰ ਆਣਕੇ, ਚਰਨੀ ਲਾ ਕੇ ਹੱਥ
ਨਾਲ ਪਿਆਰ ਬਿਠਾਲ ਕੇ, ਕਰਨ ਲੱਗੀ ਗੱਲ ਕੱਥ
ਆਇਆਂ ਨੂੰ ਅੱਜ ਵੇਖ ਮੈਂ, ਹੇਈ ਬਹੁਤ ਅਨੰਦ
ਰਹਿੰਦਾ ਡਾਢਾ ਫ਼ਿਕਰ ਸੀ, ਜਦੋਂ ਦਾ ਲੱਗਾ ਜੰਗ
ਕਰਦੇ ਸਾਂ ਅਰਦਾਸ ਨਿੱਤ, ਸਤਿਗੁਰੂ ਨੂੰ ਧਿਆਇ
ਰਾਮ ਸਿੰਘ ਨੂੰ ਸਤਿਗੁਰੂ, ਲਗੇ ਨਾ ਤੱਤੀ ਵਾਇ

ਸੁਖੀ ਸਾਂਦੀ ਔਣ ਜਦ, ਮੈਂ ਵੰਡਾਂ ਪ੍ਰਸ਼ਾਦ
ਛਾਤੀ ਠੰਡੀ ਹੋਇ ਕਦ, ਕਦੋਂ ਹੋਇ ਦਿਲ ਸ਼ਾਦ
ਆ ਕੇ ਮਾਮਾ ਹਰੀ ਸਿੰਘ, ਭਰ ਪਤਾਸੇ ਥਾਲ
ਲੱਗ ਗਏ ਵਰਤਾਣ ਸੀ, ਸਤਿਗੁਰੂ ਸ੍ਰੀ ਦਿਆਲ
ਭੋਲੀ ਅਤਿ ਭੋਲ਼ੀ ਜਿਹੀ, ਸੀ ਮਾਮੀ ਦੀ ਨੂੰਹ
ਬੈਠੀ ਸੀ ਚੁੱਪ ਧਾਰ ਓਹ, ਆਖੇ ਨਾ ਹਾਂ ਹੂੰਹ

[23] ਫਲੌਰ ਦੇ ਪੱਤਣ ਤੇ ਆਏ

ਭੋਲੀ ਨੂੰ ਮਾਮੀ ਕਿਹਾ, ਦਿਤਾ ਨਾ ਪ੍ਰਸ਼ਾਦ
ਇਸ ਨੂੰ ਦੇਵੀਏ ਤਦ ਜੇ, ਗੱਲ ਰਖੇ ਇਕ ਯਾਦ
ਸੀ ਓਹ ਭੋਲ਼ੀ ਸਚ ਮੁਚ, ਬੋਲੀ ਭੋਲ਼ੇ ਭਾ
ਮੇਰੇ ਕੋਲੋਂ ਹੋ ਗਿਆ, ਅਜੇਹਾ ਕੀ ਗੁਨਾਹ ?
ਮੇਰੇ ਪੇਕੀਂ ਅੱਜ ਦੀ, ਕੋਈ ਨਾ ਭੈੜੀ ਚਾਲ
ਮੰਨਦੇ ਨਾਹੀ ਕਿਸੇ ਨੂੰ, ਕੇਵਲ ਇਕ ਅਕਾਲ
ਰਹਿੰਦੇ ਦੂਰ ਤਮਾਖੂੰਓਂ, ਕਰਦੇ ਨਹੀਂ ਕੁਸੰਗ
ਨੀਲੇ ਨਾਲ ਨਾ ਛੋਂਹਦੇ, ਕਦੀ ਆਪਣਾ ਅੰਗ
ਮੇਰਾ ਕੀ ਕਸੂਰ ਜੋ, ਨਹੀਂ ਦੇਂਦੇ ਪ੍ਰਸ਼ਾਦ
ਕਰਦੀ ਹਾਂ ਹੱਥ ਜੋੜ ਮੈਂ, ਚਰਨਾਂ ਵਿਚ ਫ਼ਰਿਆਦ
ਤੇਰਾ ਇਹ ਪ੍ਰਸ਼ਾਦ ਸਦ, ਸੱਸੂ ਦੀ ਕਰ ਸੇਵ
ਤੇਰੀ ਹੈ ਇਹ ਮਾਂ ਤੇ, ਹੈ ਤੇਰੀ ਗੁਰੂ ਦੇਵ
ਭੋਲੀ ਬੋਲੀ ਹੱਥ ਜੋੜ, ਮੈਨੂੰ ਇਹ ਪਰਵਾਨ
ਝੋਲ਼ੀ ਭਰ ਦਿਓ ਸੱਖਣੀ, ਦਵੋ ਨਾਮ ਦਾ ਦਾਨ
ਇਹ ਸੁਣ ਕੇ ਖ਼ੁਸ਼ ਹੋ ਗਏ, ਭੋਲੀ ਕਰੀ ਨਿਹਾਲ
ਮਾਮੇ ਦਾ ਪਰਵਾਰ ਸਭ, ਲਾਇਆ ਲੜ ਅਕਾਲ
ਮਾਮੇ ਹਰੀ ਸਿੰਘ ਨੂੰ, ਕਹਿਆ ਬਚਨ ਸੁਣਾ
ਕਿਉਂ ਮਾਮੀ ਨੂੰ ਮਾਰਦੇ, ਕੋਈ ਗੱਲ ਬਣਾ
ਮੈਂ ਦਿਆਂ ਮਜ਼ਦੂਰ ਨੂੰ, ਜਦ ਮਜ਼ਦੂਰੀ ਸੱਦ
ਆ ਕੇ ਆਂਹਦੀ ਇਨ੍ਹਾਂ ਨੂੰ, ਦੇਵੋ ਪੈਸੇ ਵੱਧ
ਇਸਦੇ ਆਖੇ ਲੱਗ ਜੇ, ਪੈਸੇ ਦਿਆਂ ਵਧਾ
ਮੇਰੇ ਘਰ 'ਚੋਂ ਲੱਛਮੀ, ਨੱਸੇ ਵਾਹੋ ਦਾਹ
ਮਜ਼ਦੂਰੀ ਮਜ਼ਦੂਰ ਨੂੰ, ਪੂਰੀ ਦਿਓ ਨਾ ਕਾਰ
ਘਰ ਵਿਚ ਰਹੇ ਨਾ ਲੱਛਮੀ, ਜਾਵੇ ਬਾਹਰ ਵਾਰ
ਤਲੀ ਮਲੀ ਹੱਥ ਫੜ੍ਹ ਕੇ, ਆਖਿਆ ਗੱਲ ਸੁਣਾ
ਹੌਲਾ ਹੋ ਗਿਆ ਫੁੱਲ ਹਾਂ, ਆਖਿਆ ਓਸ ਬਣਾ
ਦੂਜੀ ਵੀਣੀ ਹੱਥ ਫੜ, ਆਖਣ ਲਗੇ ਬੋਲ !
ਖੁੱਲ੍ਹੇ ਵਿਚ ਅਕਾਸ਼ ਦੇ, ਮੈਂ ਉੱਡਾਂ ਦਿਲ ਖੋਲ੍ਹ
ਮਾਮੀ ਦੱਸਿਆ ਤੁਸਾਂ ਘਰ, ਹੋਇਆ ਸੀ ਇਕ ਬਾਲ

ਸੁੰਦਰਤਾ ਦੀ ਮੂਰਤੀ, ਛੇਤੀ ਲੈ ਗਿਆ ਕਾਲ
ਕਹਿੰਦੇ ਬਿੰਦੀ ਪੁਤਰਾਂ ਦੀ, ਨਾ ਕਰਾਂ ਸੰਭਾਲ
ਨਾਦੀ ਪੁੱਤਰ ਹੋਣਗੇ, ਜਪਣ ਅਕਾਲ ਅਕਾਲ
ਬੁੱਢੇ ਸਤਲੁਜ ਨਦ ਤੇ, ਕਰਨ ਗਏ ਅਸ਼ਨਾਨ
ਬੰਦਾ ਇਕ ਖ਼ੁਦਾ ਦਾ, ਚਰਨੀ ਲੱਗਾ ਆਣ
ਪੱਕਾ ਸੀ ਓਹ ਦੀਨਦਾਰ, ਪੱਕਾ ਮੁਸਲਮਾਨ
ਵੇਖਦਿਆਂ ਹੀ ਓਸ ਸੀ, ਕੀਤੀ ਝੱਟ ਪਛਾਣ
ਨੂਰ ਫੈਲਿਆ ਵੇਖ ਉਸ, ਮੰਗ ਲਿਆ ਈਮਾਨ
ਵੱਡਾ ਸੀ ਓਹ ਮੌਲਵੀ, ਹਬੀਬੁਲਾ ਰਹਿਮਾਨ
ਲੁਦੇਹਾਣੇ ਦੇ ਮੌਲਵੀ, ਦੇਸ਼ ਭਗਤ ਪ੍ਰਸਿੱਧ
ਬਾਬਾ ਸੀ ਉਹ ਉਨ੍ਹਾਂ ਦਾ, ਰਸਤੇ ਆਇਆ ਸਿੱਧ
ਕਿਹਾ ਕਰ ਸ਼ਨਾਨ ਫਿਰ, ਧਰ ਖੁਦਾ ਦਾ ਧਿਆਨ
ਹੱਥ ਬੰਨ੍ਹ ਮੰਗ ਬੰਦਗੀ, ਝੋਲ ਪਵੇਗੀ ਆਣ
ਝਭਦੇ ਕੀਤਾ ਓਸ ਨੇ, ਨਦੀ ਦੇ ਵਿਚ ਸ਼ਨਾਨ
ਮਿਲੀ ਬੰਦਗੀ ਓਸ ਨੂੰ, ਭਰਿਆ ਦਿਲੀ ’ਰਮਾਨ
ਸਭ ਤੋਂ ਪਹਿਲਾਂ ਮੌਲਵੀ, ਬਣਿਆ ਸੀ ਮੁਰੀਦ
ਕੀਤੀ ਦੇਸ਼ ਪਿਆਰ ਦੀ, ਉਸਨੂੰ ਅਤੀ ਤਕੀਦ
ਖ਼ੈਰ ਬੰਦਗੀ ਦਾ ਲਿਆ, ਝੋਲੀ ਓਸ ਪੁਆ
ਕੌਮੀਅਤ ਇਕ ਹਿੰਦ ਦੀ, ਡੰਡੀ ਦਿਤੀ ਪਾ
ਧੋਤੇ ਸਾਰੇ ਕੱਪੜੇ, ਜੁੱਤੀ ਆਦਿ ਸਮੇਤ
ਬਾਣੀ ਪੜ੍ਹਦੇ ਆ ਗਏ, ਕਰ ਅਸ਼ਨਾਨ ਸਕੇਸ਼
ਝੱਲਿਆ ਜਾਵੇ ਤੇਜ ਨਾ, ਤੁਰਦੇ ਪੁਟਕੇ ਡਿੰਘ
ਮਾਮੀ ਨੂੰ ਲੈ ਨਾਲ ਸਨ, ਗਏ ਢੰਡਾਰੀ ਪਿੰਡ
ਏਥੇ ਰੂਪਾਂ ਭੈਣ ਦੀ, ਦਰਸ਼ਨ ਦੀ ਸੀ ਮੰਗ
ਸੀ ਤਾਏ ਦੀ ਧੀ ਓਹ, ਟੱਬਰ ਦਾ ਸੀ ਅੰਗ
ਅਗਲੇ ਦਿਨ ਹੀ ਉਠ ਤੁਰੇ, ਮਸਤੀ ਰਹੀ ਸੀ ਦਿਖ
ਅੱਗੋਂ ਜੇ ਕੋਈ ਟੱਕਰੇ, ਪੁੱਛਦੇ ਤੂੰ ਗੁਰ ਸਿਖ
ਕਹੇ ਜੋ ਮੈਂ ਸਿਖ ਗੁਰੂ ਕਾ, ਉਸਨੂੰ ਦੇਂਦੇ ਜਾਣ
ਸਿਖ ਹੋ ਨਾਂ ਲਏ ਹੋਰ ਦਾ, ਪੌਲਾ ਕੱਢ ਵਿਖਾਣ

ਗੁੱਸਾ ਕਰੇ ਜੋ ਅੱਗਿਓਂ, ਮਾਮੀ ਆਖੇ ਇਹ
ਝੱਲਾ ਹੈ ਇਹ ਹੋਇਆ, ਚੜ੍ਹੀ ਹੋਈ ਹੈ ਚਿਹ
ਚਿੱਟੀਆਂ ਜਿਹੀਆਂ ਮਟੀਲੀਆਂ, ਸੀ ਜੰਡਾਲੀ ਪਿੰਡ
ਢਾਹੀਆਂ ਸੱਭੇ ਉਨ੍ਹਾਂ ਦੀਆਂ, ਇੱਟਾਂ ਗਈਆਂ ਖਿੰਡ
ਲੋਕੀਂ ਪੁੱਛਦੇ ਇਹ ਤੁਸੀਂ, ਕੀ ਕੀਤਾ ਹੈ ਕੰਮ
ਸ਼ਕਤੀ ਹੈ ਜੇ ਇਨ੍ਹਾਂ ਵਿਚ, ਮੇਰਾ ਚੇੜਨ ਚੰਮ
ਰਾਈਆਂ ਲੰਘੇ ਆਖਿਆ, ਮਾਮੀ ਤਾਈਂ ਸੁਣਾ
ਚੁੱਪ ਗੁੱਪ ਘਰ ਨਾ ਚੱਲੀਏ ਲਈਏ ਗੱਲ ਬਣਾ
ਜੱਸਾਂ ਜੀ ਕੀ ਕਹਿਣਗੇ, ਮਰਿਆ ਇਸਦਾ ਪੁੱਤ
ਇਸਦੇ ਦਿਲ ਅਫ਼ਸੋਸ ਨਾ, ਹੋਇਆ ਹੈ ਨਿਪੁੱਤ
ਰੋਂਦੇ ਘਰ ਨੂੰ ਚੱਲੀਏ, ਉੱਚੀ ਪਾਈਏ ਵੈਣ
ਲੋਕ ਲਾਜ ਦਾ ਡਰ ਨਹੀਂ, ਜੋ ਆਖਣ ਸੋ ਕਹਿਣ
ਮਾਮੀ ਮਾਰੀ ਕੂਕ ਤੇ, ਆਪ ਵੀ ਮਾਰੀ ਧਾਹ
ਗੋਡੀ ਕਰਦੇ ਲੋਕ ਜੋ, ਉਠ-ਉਠ ਵੇਖਣ ਆ
ਬੁੱਢੀ ਤੇ ਲੁਦਿਹਾਣਿਓ, ਹੋਰ ਕੌਣ ਹੈ ਨਾਲ
ਰਾਮ ਸਿੰਘ ਜੀ ਜਾਪਦੇ, ਲੱਖੇ ਦੇ ਜੋ ਲਾਲ
ਬਾਬਾ ਜੱਸਾ ਸਿੰਘ ਦੀ, 'ਲੱਖਾ' ਹੈ ਸੀ ਅੱਲ
ਭੈਣੀ ਸਾਹਿਬੋਂ ਆ ਰਹੇ, ਸੀ ਓਹ ਰਾਈਆਂ ਵੱਲ
ਲੋਕੀ ਦੇਣ ਵਧਾਈਆਂ, ਬਾਬਾ ਹੋਇ ਨਿਹਾਲ
ਲੱਖਾ ਸਚ ਮੁਚ ਹੈਂ ਤੂੰ, ਘਰ ਹੈ ਆਇਆ ਲਾਲ
ਛੋਟੇ ਭਾਈ ਬੁੱਧ ਸਿੰਘ, ਚਰਨੀ ਪਏ ਹਜ਼ੂਰ
ਹਰੇ ਹੋਏ ਦੀਦਾਰ ਕਰ, ਚਿੰਤਾ ਹੋਈ ਦੂਰ
ਹੋਰ ਹਮਜੋਲੀ ਆਪ ਦੇ, ਖਿੜ ਗਏ ਸਭ ਦੇ ਚਿੱਤ
ਖ਼ੁਸ਼ੀ ਹੋਇ ਦੀਦਾਰ ਕਰ, ਲਹਿਣਾ ਸਿੰਘ ਜਿਹੇ ਮਿੱਤ
ਖੇਤੀ ਕੀਤੀ ਆਣ ਕੇ, ਨਾਲ ਪਾ ਲਈ ਹੱਟ[24]
ਦੇਣ ਮੁਨਾਫ਼ਾ ਵੰਡ ਸਭ, ਬੰਨ੍ਹਦੇ ਨਹੀਂ ਸੀ ਗੱਠ
ਘਰ ਦੀਆਂ ਚੀਜ਼ਾਂ ਚੁੱਕ ਕੇ, ਦੇਣ ਗਰੀਬਾਂ ਵੰਡ

[24] ਹੱਟੀ ਸ਼ੁਰੂ ਕਰਨ ਦਾ ਸਮਾਂ ਫੀਰੋਜ਼ਪੁਰੋਂ ਵਾਪਸ ਆ ਕੇ 1855 ਈ. ਵਿਚ।

ਆਖਣ ਘਰ ਦੇ ਅਸਾਂ ਨੂੰ, ਕਿਉਂ ਲਾਂਦੇ ਹੋ ਡੰਡ
ਬਾਬਾ ਜੱਸਾ ਸਿੰਘ ਜੀ, ਅਰਜ਼ ਕਰੀ ਹੱਥ ਜੋੜ
ਪੋਤਾ ਚਾਹਾਂ ਵੇਖਣਾ, ਘਰ ਦੇ ਵਿਚ ਹੈ ਥੋੜ੍ਹ
ਬੁੱਧ ਸਿੰਘ ਘਰ ਆਣਗੇ, ਇੱਕ ਨਹੀਂ ਦੋ ਤਿੰਨ
ਵੇਖ ਜਿਨ੍ਹਾਂ ਨੂੰ ਹੋਇਗਾ, ਸਭ ਦਾ ਦਿਲ ਪ੍ਰਸਿੰਨ
ਵੇਲ ਵਧੇਗੀ ਦਿਨੋ ਦਿਨ, ਵਾਂਗਰ ਕੌੜੀ ਵੇਲ
ਆਪ ਗੁਰੂ ਕਰਤਾਰ ਦਾ, ਇਹ ਰਚਾਇਆ ਖੇਲ
ਸਿੱਟੇ ਬਾਜਰੇ ਦੇ ਲਏ, ਤਾਏ ਦੇ ਪੁੱਤ[25] ਤੋੜ
ਕਿਹਾ ਜਿਸ ਦੇ ਖੇਤ ਚੋਂ, ਆਂਦੇ ਉਸ ਨੂੰ ਮੋੜ
ਦਰਬਾਰਾ ਸਿੰਘ ਖੋਤਦਾ, ਰੋਹੀ ਅੰਦਰ ਘਾਹ
ਮਿਲੇ ਸਿੰਘ ਸ਼ਹੀਦ ਉਸ, ਚਿੱਠੀ ਗਏ ਫੜਾ
ਕਿਹਾ ਦੇਵੀਂ ਜਾ ਇਹ, ਰਾਮ ਸਿੰਘ ਮਹਾਰਾਜ
ਜਿਨ੍ਹਾਂ ਹੈਨ ਸਵਾਰਨੇ, ਸਿੰਘ ਪੰਥ ਦੇ ਕਾਜ
ਦਰਬਾਰਾ ਸਿੰਘ ਨੂੰ ਆਖਿਆ, ਰੱਖ ਗੁਰੂ ਤੇ ਟੇਕ
ਜੱਟਾਂ ਜਾ ਸੰਭਾਲਣੀ, ਇਕ ਦਿਨ ਸਾਰੀ ਬੇਟ
ਗੁੱਜਰ ਮੁਸਲਮਾਨ ਜੋ, ਗਾਈਂ ਦੇਣ ਸੰਤਾਪ
ਏਥੋਂ ਜਾਵਣ ਨੱਸਕੇ, ਮਾਰੇ ਓਨ੍ਹਾਂ ਪਾਪ
ਲੋਕਾਂ ਦੇਣਾ ਇਨ੍ਹਾਂ ਨੂੰ, ਛਾਪੇ ਧਰ-ਧਰ ਫੂਕ
ਅੱਗ ਅਜੇਹੀ ਬਲੇਗੀ, ਕੋਈ ਸੁਣੇ ਨਾ ਕੂਕ
ਮੱਝਾਂ ਗਾਈਆਂ ਵਾਸਤੇ, ਖੁੱਲ੍ਹਾ ਹੋ ਜਾਇ ਬੇਟ
ਰੱਖਣੀਆਂ ਮਨ ਭਾਂਦੀਆਂ, ਖੂਬ ਵਧਾਣਾ ਪੇਟ
ਘੋੜੇ ਹਿਣ ਹਿਣਾਣਗੇ, ਖਾ-ਖਾ ਦਾਣਾ ਕੱਖ
ਖਾਲੀ ਐਵੇਂ ਜਾਣ ਨਾ ਬਚਨ ਕਰੇ ਸਮਰੱਥ
ਲੋਕੀ ਡਰਦੇ ਕੰਬਦੇ, ਦੇਂਦੇ ਸਭ ਨੂੰ ਝਾੜ
ਪਰਗਟ ਦੇਂਦੇ ਪਾਪ ਕਰ, ਪੜਦਾ ਦੇਣ ਉਘਾੜ
ਪਾਗਲ ਲੋਕੀਂ ਆਖਦੇ, ਝੱਲਾ ਜਿਹਾ ਤ੍ਰਖਾਣ
ਲਾਹੇ ਇੱਜ਼ਤ ਸਭ ਦੀ, ਛੱਡੇ ਕਿਸੇ ਨਾ ਆਣ

[25] ਦਰਬਾਰਾ ਸਿੰਘ ਪੁੱਤਰ ਨੱਥਾ ਸਿੰਘ।

ਮਾਰਨ ਆਇਆ ਜੱਟ ਇਕ, ਹੱਥ ਵਿਚ ਲੈ ਸੇਲ
ਫੜ ਸ਼ਹੀਦਾਂ ਫਾਂਟਿਆ, ਮਿੱਟੀ ਦਿਤਾ ਮੇਲ
ਵਰਸਣ ਲਗੀ ਓਸ ਤੇ, ਗੁੱਝੀ ਜਿਹੀ ਮਾਰ
ਆਖੇ ਮੈਂ ਹਾਂ ਭੁੱਲਿਆ, ਬਖ਼ਸ਼ ਦਿਓ ਇਸ ਵਾਰ
ਫਿਰਦੇ ਤੁਰਦੇ ਆ ਗਏ, ਕਿਧਰੋਂ ਨਾਂਗੇ ਸਾਧ
ਦਿੱਤਾ ਉਨ੍ਹਾਂ ਖੁਆ ਜੋ, ਘਰ ਪੱਕਾ ਪ੍ਰਸ਼ਾਦ
ਬੀਬੀ ਨੰਦਾਂ ਰੋਂਵਦੀ, ਭੁੱਖੀ ਰੋਇ ਦਿਆ ਕੌਰ
ਜਿਨ੍ਹਾਂ ਦੇ ਮੂੰਹ ਨਾ ਪਿਆ, ਕੋਈ ਅੰਨ ਦਾ ਭੋਰ
ਜੱਸਾਂ ਜੀ ਨੇ ਆਖਿਆ, ਬੱਚੀਆਂ ਤਈਂ ਖੁਆ
ਬਾਕੀ ਸਾਧਾਂ ਦੇਂਵਦੇ, ਸਭ ਕੁਝ ਖੁਆ ਪਿਆ
ਗੰਗੂ ਰਾਇ ਦੇ ਕੋਟ ਦਾ, ਸੀ ਇਕ ਨਾਂਗਾ ਸੰਤ
ਕਰਨੀ ਵਾਲਾ ਸਾਧ ਓਹ, ਵਿਰਤੀ ਮਹਾਂ ਇਕੰਤ

ਜੱਸਾਂ ਜੀ ਨੂੰ ਆਖਿਆ, ਡੱਬਾ ਜਿਹਾ ਜੋ ਖੇਸ
ਦੇ ਦੇਵੋ ਇਸ ਸਾਧ ਨੂੰ, ਹੈ ਫੱਕਰ ਦਰਵੇਸ਼
ਜੱਸਾਂ ਮਾਤਾ ਗੱਲ ਸੁਣ, ਦਿੱਤਾ ਇਹ ਜਵਾਬ
ਦਿਆਂ ਜੁਆਈ ਆਪਣੇ, ਖਸਮਾਂ ਖਾਏ ਸਾਧ
ਹੱਸ ਕਿਹਾ ਸ੍ਰੀ ਸਤਿਗੁਰੂ, ਮਰ ਜਾਏ ਤਦ ਤੀਕ
ਨਾਲ ਮਰੇਗੀ ਧੀ ਵੀ, ਕੰਮ ਹੋ ਜਾਵੇ ਠੀਕ
ਪੇਟੀ ਵਿਚੋਂ ਖੇਸ ਕੱਢ, ਸਭ ਦੀ ਅੱਖ ਬਚਾ
ਦਿੱਤਾ ਫੜ੍ਹ ਕੇ ਖੇਸ ਓਹ, ਸਾਧੂ ਉੱਪਰ ਪਾ
ਆਇਆ ਇਕ ਸਿਪਾਹੜਾ, ਘੋੜੇ ਹੋ ਅਸਵਾਰ
ਹਮਕੀ ਤੁਮਕੀ ਬੋਲਦਾ, ਔਣ ਨਾ ਦੇਵੇ ਵਾਰ
ਗਾਤਰੇ ਸੀ ਤਲਵਾਰ ਤੇ, ਸਿਰ ਤੇ ਚੀਰਾ ਲਾਲ
ਸੋਟੀ ਦੇ ਨਾਲ ਓਸਦੀ, ਦਿਤੀ ਪੱਗ ਉਛਾਲ
ਮਸਤੀ ਦੇ ਵਿਚ ਮਸਤ ਸੀ, ਸੀ ਮਸਤੀ ਦੀ ਕਾਰ
ਅੰਨ ਨਾ ਖਾਂਦੇ ਰੱਜ ਕੇ, ਸੌਣ ਨਾ ਪੈਰ ਪਸਾਰ
ਬੀਬੀ ਨੰਦਾਂ ਪੁੱਛਿਆ, ਕੀ ਪਿਤਾ ਜੀ ਮਰਜ
ਭੁੱਖ ਤ੍ਰੇਹ ਨਹੀਂ ਆਪ ਨੂੰ, ਗੱਲ ਹੈ ਇਹ ਅਸਚਰਜ

ਭਰਨਾ ਸੀ ਜੋ ਅੰਨ ਨਾਲ, ਕਿਹਾ ਗੁਰੂ ਭਗਵਾਨ
ਓਹ ਟੋਆ ਹੈ ਭਰ ਗਿਆ, ਨਾਲ ਰੱਬ ਦੇ ਨਾਮ
ਜੰਗਲ ਪਾਣੀ ਜਾਂਵਦੇ, ਜਲ ਗੜਵਾ ਭਰ ਨਾਲ
ਮਿਲੇ ਪਿਆਸਾ ਜੇ ਕੋਈ, ਦੇਂਦੇ ਓਸ ਪਿਆਲ

ਸੈਦੋ[26] ਨਾਮੀ ਪਿੰਡ ਇਕ, ਲੋਪੋ ਬੱਧਣੀ ਕੋਲ
ਓਥੇ ਰਹਿੰਦਾ ਸੰਤ, ਜਿਸ ਪੂਰੇ ਹੁੰਦੇ ਬੋਲ
ਸਤਸੰਗੀ ਆ ਓਸ ਕੋਲ, ਆਂਹਦੇ ਦੇਵੋ ਨਾਮ
ਆਂਹਦਾ ਆ ਰਹੇ ਸਤਿਗੁਰੂ, ਪੂਰਨ ਤੁਹਾਡੇ ਕਾਮ
ਨਾਮ ਖ਼ਜ਼ਾਨੇ ਦੇ ਓਹ, ਮਾਲਕ ਆਪੇ ਆਪ
ਮੰਤ੍ਰ ਦੱਸਕੇ ਕੰਨ ਵਿਚ, ਕੱਟਣ ਭੈਜਲ ਪਾਪ
ਦੇਣ ਦੀਦਾਰੇ ਆਣ ਓਹ, ਪੂਰਨ ਸਾਡੀ ਸਿੱਕ
ਮਾਲਕ ਨਾਮ ਭੰਡਾਰ ਦੇ, ਹਨ ਓਹ ਇੱਕੋ ਇੱਕ
ਰਣੀਏ[27] ਕੇ ਇਕ ਪਿੰਡ ਸੀ, ਦੇਸ ਦੁਆਬੇ ਵਿਚ
ਓਥੇ ਵੀ ਇਕ ਸੰਤ ਜਿਸ, ਰਹੇ ਦਰਸ ਦੀ ਖਿੱਚ
ਉਸ ਵੀ ਜੋ ਕੋਈ ਆਖਦਾ, ਦਵੋ ਨਾਮ ਦਾ ਦਾਨ
ਆਖੇ ਭੈਣੀ ਸਾਹਿਬ ਹਨ, ਅਵਤਰੇ ਗੁਣੀ ਨਿਧਾਨ
ਨਾਮ ਖ਼ਜ਼ਾਨੇ ਦੇ ਉਹ, ਹੈਨ ਖ਼ਜ਼ਾਨਚੀ ਸੱਚ
ਅਸਲੀ ਹੀਰਾ ਹੈ ਉਹ, ਹੋਰਸ ਸਾਰਾ ਕੱਚ
ਉਹ ਵਰਤਾਵਣ ਨਾਮ ਦੇ, ਕੜਛੇ ਭਰ-ਭਰਪੂਰ
ਪ੍ਰਗਟੇ ਭੈਣੀ ਵਿਚ ਉਹ, ਜਾਓ ਚੱਲ ਹਜ਼ੂਰ
ਮੈਂ ਵੀ ਕਰਾਂ ਦੀਦਾਰ ਚੱਲ, ਰਲਕੇ ਤੁਹਾਡੇ ਨਾਲ
ਜਮ ਕਰ ਸਕੇ ਫੇਰ ਨਾ, ਸਾਡਾ ਵਿੰਗਾ ਵਾਲ
ਖੇਤੀ ਕੀਤੀ ਰਲ ਗੁਰਾਂ, ਦਸਾਂ ਨਵਾਂ ਦੀ ਕਾਰ
ਬੋਕਾ ਖਿੱਚਕੇ ਕੱਢਦੇ, ਪਾਣੀ ਬੈਲ ਸਹਾਰ
ਨਾਂਗੇ ਸਾਧੂ ਆ ਗਏ, ਫਿਰਦੇ ਬੰਨ੍ਹ ਜਮਾਤ
ਕਿਸੇ ਨਾ ਦਿੱਤਾ ਅੰਨ ਜਲ, ਕਿਸੇ ਨਾ ਪੁੱਛੀ ਬਾਤ

---

[26] ਉਸ ਸਮੇਂ ਤਸੀਲ ਮੋਗਾ ਜ਼ਿਲਾ ਫੀਰੋਜ਼ਪੁਰ। ਸਾਧ ਦਾ ਨਾਮ ਸ਼ਰਨ ਦਾਸ ਸੀ।
[27] ਰਣੀਏ ਕੇ ਉਸ ਸਮੇਂ ਜ਼ਿਲ੍ਹਾ ਜਲੰਧਰ ਵਿਚ ਸੀ।

ਖੂਹ ਵਗਦਾ ਪਿਆ ਛੱਡ ਕੇ, ਆਏ ਘਰ ਦੇ ਵਿਚ
ਸਾਧਾਂ ਨੂੰ ਸਭ ਦੇ ਦਿਤੀ, ਰਸਦ ਲੂਣ ਤੇ ਮ੍ਰਿਚ
ਜੱਸਾਂ ਜੀ ਜਦ ਵੇਖਿਆ, ਭਾਂ-ਭਾਂ ਕਰੇ ਪਰਾਤ
ਖੂਹ ਤੇ ਜਾ ਕੇ ਆਖਿਆ, ਕੀ ਪਕਾਵਾਂ ਰਾਤ
ਸੁਣ ਕੇ ਮਾਰਨ ਪੈ ਗਏ, ਮੁੜ ਕੇ ਆਏ ਚੱਲ
ਵੇਖੇ ਭਾਂਡੇ ਆਣ ਜਾਂ, ਭਰੇ ਪਏ ਨੇ ਵੱਲ
ਸਨ ਮੱਕਈ ਗੋਡਦੇ, ਆਇਆ ਸੀ ਇਕ ਸਾਧ
ਮੱਥਾ ਟੇਕ ਕੇ ਮੁੜ ਗਿਆ, ਰੋਵੇ ਕਰ ਕੁਝ ਯਾਦ
ਓਦੂੰ ਅਗਲੇ ਸਾਲ ਵੀ, ਓਹੀ ਆਇਆ ਸੰਤ
ਨਮਸ਼ਕਾਰ ਕਰ ਬੈਠਿਆ, ਕੀਤੀ ਗੱਲ ਇਕੰਤ
ਵਧੇ ਹੋਏ ਸੰਸਾਰ ਤੇ, ਚੋਰੀ ਯਾਰੀ ਪਾਪ
ਛੱਡੋ ਧੰਧੇ ਜਗਤ ਦੇ, ਪਰਗਟ ਹੋਵੋ ਆਪ
ਦੁਖੀ ਹੋਇ ਨੇ ਪੁੱਜ ਕੇ, ਗਊ ਗ੍ਰੀਬ ਤੇ ਸਾਧ
ਕੱਟੋ ਦੁਖੜੇ ਇਨ੍ਹਾਂ ਦੇ, ਮੇਟੋ ਸਭ ਉਪਾਧ
ਉਸ ਦੇ ਕੰਨ ਵਿਚ ਗੁਰੂ ਜੀ, ਕਿਹਾ ਪਤਾ ਨਹੀਂ ਕੀ
ਰੋਂਦਾ ਜੋ ਸੀ ਆਇਆ, ਹੱਸਦਾ ਮੁੜਿਆ ਸੀ
ਟੋਭੇ ਵਿਚ ਸੁਲਤਾਨ ਸਰ, ਇਟਾਂ ਪੱਥੇ ਚੀਰ
ਰੋਕੀਆਂ ਫਿੱਟੇ ਜੱਟ ਨੇ, ਜਿਸ ਦਾ ਨਾਂ ਹਮੀਰ
ਰਾਈਆਂ ਖੇਤੀ ਜਾ ਕਰੀ, ਜੀਉਣਸਿੰਘ ਦੇ ਨਾਲ
ਭੈਣੀਓਂ ਲਿਆ ਸਾਮਾਨ ਚੁੱਕ, ਹੱਕੇ ਡੰਗਰ ਮਾਲ
ਗਰਮੀ ਦੇ ਸੀ ਦਿਨ ਤੇ, ਚਾਨਣ ਦਾ ਸੀ ਪੱਖ
ਤੀਵੀਂ ਪਈ ਸੀ ਰਾਹ ਤੇ, ਨੰਗੀ ਲੱਥ ਪਲੱਥ
ਬੇ-ਸੁਧ ਸੁੱਤੀ ਪਈ ਸੀ, ਤੇ ਓਹ ਭਰ ਜੁਆਨ
ਖੜੇ ਰਹੇ ਪਿੱਠ ਮੋੜ, ਖੰਘ ਕਰ ਦਿਤੀ ਸਵਧਾਨ
ਕਿਹਾ ਪੰਥ ਪ੍ਰਗਟਾਇ ਕੇ, ਕਰਾਂ ਬੇਪੜਦੀ ਦੂਰ
ਚੜ੍ਹੇਗਾ ਸੂਰਜ ਧਰਮ ਦਾ, ਨ੍ਹੇਰਾ ਹੋਇ ਕਾਫ਼ੂਰ
ਹੈਸਨ ਖੇਤਿ ਸੁਹਾਗਦੇ, ਫਿਸਲ ਗਿਆ ਸੀ ਪੈਰ
ਬੋਲੇ ਸਾਡਾ ਵਿਆਹ ਕਰ, ਲਿਆ ਲੱਖੇ ਨੇ ਵੈਰ
ਜੱਟ ਹਮੀਰਾ ਜਿਸ ਨੇ, ਇੱਟਾਂ ਦਿਤੀਆਂ ਡੱਕ

ਮਰ ਗਿਆ ਕੋਹੜੀ ਹੋ ਓਹ, ਪਿੰਡਾ ਗਿਆ ਸੀ ਪੱਕ
ਪੈਂਚਾਂ ਭੈਣੀ ਦਿਆਂ ਰਲ, ਕੀਤੀ ਸੋਚ ਵਿਚਾਰ
ਓਨ੍ਹਾਂ ਮੋੜ ਲਿਆਈਏ, ਗਏ ਜੋ ਅਸਾਂ ਵਿਸਾਰ
ਲਹਿਣਾਸਿੰਘ ਜੀ ਅਰਜ਼ ਕਰ, ਫੇਰ ਲਿਆਂਦੇ ਮੋੜ
ਆਖਿਆ ਮੇਰੇ ਤਿੰਨ ਘਰ, ਲੈ ਲਓ ਜਿਤਨੀ ਲੋੜ
ਤੇਰੇ ਘਰ ਦੀ ਪਿੱਠ ਵੱਲ, ਖਾਲੀ ਪਿਆ ਜੋ ਥਾਂ
ਉਸਦੇ ਵਿਚ ਉਸਾਰਨੇ, ਮੰਦਰ ਅਤੇ ਸਰਾਂ
ਖੇਤ ਤੁਹਾਡੇ ਆਪਣੇ, ਮੈਂ ਤੁਹਾਡਾ ਦਾਸ
ਰੱਖੋ ਚਰਨੀ ਲਾਇਕੇ, ਇਹ ਮੇਰੀ ਅਰਦਾਸ
ਬਾਬਾ ਲਹਿਣਾ ਸਿੰਘ ਜੀ, ਰਾਈਆਂ ਤੋਂ ਲੈ ਨਾਲ
ਭੈਣੀ ਸਾਹਿਬ ਪਰਵਿਸੇ, ਮੁੜ ਆ ਦੀਨ ਦਿਆਲ
ਖੇਡ ਰਚਾਈ ਧਰਮ ਦੀ, ਲਏ ਮਕਾਨ ਉਸਾਰ
ਸਾਜੀ ਸੋਹਣੀ ਸਾਜਨਾ, ਰਚਨਾ ਰਚੀ ਅਪਾਰ
ਹੈ ਪਵਿਤ੍ਰ ਸਥਾਨ ਏ, ਯੋਰੋਸ਼ਲੰਮ ਹੈ ਇਹ
ਇਹ ਕੂਕਿਆਂ ਦਾ ਕਰਬਲਾ, ਮੱਕਾ ਮਦੀਨਾ ਇਹ
ਏਹੀ ਹੈ ਸਥਾਨ ਉਹ, ਜਿਥੇ ਲਾ ਦਰਬਾਰ
ਦੇਸ ਆਜ਼ਾਦ ਕਰਾਣ ਦੀ, ਕਰੀ ਯੋਜਨਾ ਤਿਆਰ
ਤਖ਼ਤ ਰਚਾਇਆ ਸੱਚ ਦਾ, ਕਰ ਮੁਕਾਬਲਾ ਕੂਰ
ਪਾੜੇ ਬੱਦਲ ਧੁੰਧ ਦੇ, ਨ੍ਹੇਰਾ ਕੀਤਾ ਦੂਰ
ਬਾਬਰ ਦੇ ਮੁਕਾਬਲੇ, ਬਾਬੇ ਦਾ ਦਰਬਾਰ
ਕਾਇਮ ਕਰ ਪੰਜਾਬ ਵਿਚ, ਬਾਬੇ ਲਿਆ ਉਸਾਰ
ਦੋਹਾਂ ਉਤੇ ਹੋ ਗਿਆ, ਕਾਬਜ਼ ਸੀ ਅੰਗ੍ਰੇਜ਼
ਠੱਗੀ ਠੋਰੀ ਨਾਲ ਉਸ, ਰਚਿਆ ਸੀ ਫਰਫੇਜ
ਬਾਬੇ ਕਿਆਂ ਦਾ ਤਖ਼ਤ ਜੋ, ਹੋਇਆ ਫੇਰ ਆਬਾਦ
ਬਾਬਰਕਿਆਂ ਦੇ ਤਖ਼ਤ ਨੂੰ, ਕਰਨਾ ਜਿਸ ਬਰਬਾਦ
ਡਰ ਜਾਂ ਲਾਲਚ ਵਿਚ ਫਸ, ਲਿਖ ਦਿਤਾ ਸੀ ਸਿੱਖ
ਟੋਪੀ ਵਾਲਾ ਗੁਰੂ ਦੇ, ਬਚਨਾਂ ਨਾਲ ਭਵਿੱਖ
ਆਇਆ ਹੈ ਅੰਗ੍ਰੇਜ਼ ਏ, ਹੁਕਮ ਗੁਰੂ ਦੇ ਨਾਲ
ਤੇਗ਼ ਬਹਾਦਰ ਸਤਿਗੁਰੂ, ਦਾ ਏ ਸਿਖ ਕਮਾਲ

ਆਂਹਦੇ ਨਾਂਵੇਂ ਗੁਰੂ ਜੀ, ਕਿਹਾ ਸੀ ਇਕ ਵਾਰ
ਟੋਪੀ ਵਾਲਾ ਸਿੱਖ ਚੱਲ, ਆਇ ਸਮੁੰਦਰੋਂ ਪਾਰ
ਲਿਆ ਬਲ ਛਲ ਵਰਤਕੇ, ਸਿਖਾਂ ਤੋਂ ਲਿਖਵਾਇ
ਭੇਜਿਆ ਹੈ ਅੰਗ੍ਰੇਜ਼ ਨੂੰ, ਆਪ ਗੁਰੂ ਪਾਤਸ਼ਾਹਿ
ਅਸਲੋਂ ਝੂਠੀ ਗੱਲ ਦਾ, ਕੀਤਾ ਸੀ ਪਰਚਾਰ
ਵਾਂਗ ਗ਼ੁਲਾਮਾਂ ਗਾਂਵਦੇ, ਲੰਮੀ ਬਾਂਹ ਪਸਾਰ
"ਜੁਗ ਜੁਗ ਰਾਜ ਸਵਾਇਆ, ਟੋਪੀ ਵਾਲੇ ਦਾ"
ਕਰਦੇ ਸੀ ਅਰਦਾਸ ਸਿੱਖ, ਰਹਿਰਾਸ ਨੂੰ ਗਾ
ਕਰੇ ਰਾਜ ਇਹ ਅਸਾਂ ਤੇ, ਰਹੀਏ ਅਸੀਂ ਗ਼ੁਲਾਮ
ਗੋਰਾ ਹੈ ਸਿੱਖ ਗੁਰੂ ਦਾ, ਬੰਦਾ ਨਾ ਕੋਈ ਆਮ
ਬੈਠ ਏਸ ਥਾਂ ਘੋਸ਼ਣਾ, ਕੀਤੀ ਸੀ ਮਹਾਰਾਜ
ਇਸ ਨੂੰ ਨੰਦਣ ਤੋਰ ਕੇ, ਲੈਣਾ ਆਪਣਾ ਰਾਜ
ਟੋਪੀ ਵਾਲਾ ਸਿੱਖ ਨਾ, ਪੱਕਾ ਮਹਾਂ ਮਲੇਛ
ਸਾਨੂੰ ਲੋੜ ਨਾ ਏਸਦੀ, ਜਾਵੇ ਆਪਣੇ ਦੇਸ਼
ਏਥੇ ਆ ਕੇ ਏਸ ਨੇ, ਬੁੱਚੜ ਖਾਨੇ ਲਾਇ
ਗਊ ਗ੍ਰੀਬ ਦੇ ਗਲੇ ਤੇ, ਦਿੱਤੀ ਛੁਰੀ ਚਲਾਇ
ਜਾਂ ਹੁਣ ਏਥੇ ਰਹੂ ਇਹ, ਜਾਂ ਵੱਸਾਂਗੇ ਆਪ
ਇਕ ਦੂ ਕਰ ਕੇ ਰਹਾਂਗੇ, ਮੇਟ ਪਾਪ ਸੰਤਾਪ
ਸਾਰੇ ਭਾਰਤ ਦੇਸ ਵਿਚ, ਪਹਿਲਾ ਇਹ ਅਸਥਾਨ
ਜਿਥੇ ਗਾਇਆ ਗਿਆ ਸੀ, ਆਜ਼ਾਦੀ ਦਾ ਗਾਨ
ਮਾਨ ਸਰੋਵਰ ਪ੍ਰਗਟਿਆ, ਔਣ ਲਗੇ ਨੇ ਹੰਸ
ਖੁਸ਼ੀ ਹੋਈ ਘਰ ਦਿਉਤਿਆਂ, ਕੰਬੇ ਕੈਰੋਂ ਕੰਸ
ਮੁੜ ਪ੍ਰਵਿਰਸੇ ਸਤਿਗੁਰੂ, ਭੈਣੀ ਦੇ ਵਿਚ ਆਨ
ਕਲਾ ਅਜੇਹੀ ਪ੍ਰਗਟੀ, ਜਾਣੇ ਕੁਲ ਜਹਾਨ

***********************

(5)

# ਫੀਰੋਜ਼ਪੁਰ ਵਿਚ

ਛੌਂਣੀ ਪਾ ਫ਼ੀਰੋਜ਼ਪੁਰ, ਬੈਠਾ ਸੀ ਅੰਗ੍ਰੇਜ਼
ਕਿਲ੍ਹਾ ਉਸਾਰਨ ਮਿਸਤ੍ਰੀ, ਸੱਦੇ ਬੰਦੇ ਭੇਜ
ਮਾਮਾ ਸ੍ਰੀ ਗੁਰੁਦੇਵ ਦਾ, ਹਰੀਸਿੰਘ ਸਰਦਾਰ
ਉਸਦਾ ਖਜ਼ਾਨਸਿੰਘ ਪੁੱਤ, ਬਣਿਆਂ ਠੇਕੇਦਾਰ
ਆਪਣੇ ਸਾਰੇ ਸਾਕ ਅੰਗ, ਓਸ ਲਏ ਸਦਵਾਇ
ਨਾਲੇ ਫਲੀਆਂ ਪੁੰਨ ਤੇ, ਲੋਕ ਕਹਾਣਾਂ ਪਾਇ
ਉਸਦੇ ਸੱਦਿਆਂ ਗੁਰੂ ਜੀ, ਗਏ ਫ਼ਿਰੋਜ਼ਪੁਰ[28] ਚੱਲ
ਕੰਮ ਕਰਾਣ ਦਾ ਜਿਨ੍ਹਾਂ ਨੂੰ, ਔਂਦਾ ਸੋਹਣਾ ਵੱਲ
ਜਿਨੇ ਸਨ ਮਜ਼ਦੂਰ ਤੇ, ਹੋਰ ਮਿਸਤ੍ਰੀ ਰਾਜ
ਲੰਗਰ ਸਭ ਦਾ ਇਕ ਥਾਂ, ਕੀਤਾ ਸੀ ਮਹਾਰਾਜ
ਗ੍ਰੰਥ ਸਾਹਿਬ ਪ੍ਰਕਾਸ਼ਿਆ, ਇਕ ਕਮਰੇ ਵਿਚਕਾਰ
ਪਾਠ ਸੁਨਾਵਣ ਸਭ ਨੂੰ, ਗੁਰਬਾਣੀ ਆਧਾਰ
ਦੋਵੇਂ ਵੇਲੇ ਲਾਂਵਦੇ, ਓਥੇ ਖ਼ੂਬ ਦੀਵਾਨ
ਆਪ ਸੁਣਾਂਦੇ ਸਭ ਨੂੰ, ਰੱਬੀ ਸੀ ਫੁਰਮਾਨ
ਪਿਛਲੀ ਰਾਤੀਂ ਜਾਗ ਕੇ, ਕਰ ਸਕੇਸ਼ ਸ਼ਨਾਨ
ਕੀਰਤਨ ਆਸਾਵਾਰ ਦਾ, ਕਰਦੇ ਸੀ ਭਗਵਾਨ
ਸਭਨਾਂ ਦੇ ਲਈ ਲਾਜ਼ਮੀ, ਨਾਮ ਜਪਣ ਦਾ ਕੰਮ
ਅੱਗਾ ਜਿਸ ਤੋਂ ਸੌਰਦਾ, ਖ਼ਰਚ ਨਾ ਹੁੰਦੇ ਦੰਮ
ਕੰਮ ਮੁਕਾ ਕੇ ਆਪਣਾ, ਰਹਿੰਦੇ ਸਦਾ ਇਕਾਂਤ
ਜਪਦੇ ਆਪ ਜਪਾਂਵਦੇ, ਗੁਪਤ ਨਾਮ ਇਸ ਭਾਂਤ
ਪਦਮਾਸਣ ਲਾ ਬੈਠਦੇ, ਕਰਨ ਬੰਦਗੀ ਨਿੱਤ
ਵਿਰਤੀ ਸੱਭੇ ਜੋੜਦੇ, ਇਕ ਮਨ ਹੋ ਇਕ-ਚਿੱਤ
ਮਹਿਤ ਪੁਰੇ[29] ਦਾ ਮਿਸਤ੍ਰੀ, ਹੀਰਾ ਸਿੰਘ ਸਰਦਾਰ

[28] ਸਤਿਗੁਰੂ ਜੀ ਦਾ ਫੀਰੋਜ਼ਪੁਰ ਨਿਵਾਸ 1852-54 ਈ. ਹੈ।

ਜੰਮ ਕੇ ਬੱਚੇ ਓਸਦੇ, ਮਰ ਜਾਂਦੇ ਹਰ ਵਾਰ
ਹੱਥ ਜੋੜ ਕੇ ਓਸ ਨੇ, ਕੀਤੀ ਆ ਅਰਦਾਸ
ਦਾਤ ਪੁੱਤ੍ਰ ਦੀ ਬਖ਼ਸ਼ ਕੇ, ਪੂਰੋ ਮੇਰੀ ਆਸ
ਕੂਜਾ ਮਿਸਰੀ ਦਾ ਇਕ, ਕਿਹਾ ਉਸ ਨੂੰ ਦਿਹ
ਬੱਚਾ ਜੰਮੇ ਹੁਣ ਜਦੋਂ, ਗੁੜ੍ਹਤੀ ਦੇਣੀ ਇਹ
ਗੁੜ੍ਹਤੀ ਦਿਤੀ ਓਸ ਸੀ, ਹੁਕਮ ਮੰਨ ਮਹਾਰਾਜ
[30]ਮੁੜ ਕੇ ਬਚੇ ਨਾ ਮਰੇ, ਸੰਵਰੇ ਉਸਦੇ ਕਾਜ
[31]ਨਿਹਾਲ ਸਿੰਘ ਸੀ ਮਿਸਤ੍ਰੀ, ਵਡਾ ਕਲਾਕਾਰ
ਕੰਮ ਵਿਚ ਓਹ ਆਪਣੇ, ਸੀ ਬਹੁਤਾ ਹੁਸ਼ਿਆਰ
ਕਰਦਾ ਕਿੱਤਾ ਆਪਣਾ, ਕਰਦਾ ਸੀ ਸਤਿਸੰਗ
ਹੱਥ ਜੋੜ ਲਿਆ ਏਸ ਨੇ, ਖ਼ੈਰ ਬੰਦਗੀ ਮੰਗ
ਲਾ ਸਮਾਧੀ ਬੈਠਦਾ, ਜਾਪ ਜਪੇ ਨਿਸ਼ਕਾਮ
ਕੰਢੇ ਬਹਿ ਸਤਲੁਜ ਦੇ, ਜਪੇ ਗੁਰੂ ਦਾ ਨਾਮ
ਲਾਟ ਪਾਣੀ 'ਚੋਂ ਨਿਕਲ ਕੇ, ਆਈ ਉਸਦੇ ਵੱਲ
ਡਰਿਆ ਨਾ ਗੁਰੂ ਆਸਰੇ, ਬੈਠਾ ਰਿਹਾ ਅਚੱਲ
ਸਤਿਗੁਰੂ ਜੀ ਕੋਲ ਉਸ, ਗੱਲ ਦੱਸੀ ਸੀ ਖੋਲ੍ਹ
ਚਰਚਾ ਕਰੀਂ ਨਾ ਏਸ ਦੀ, ਐਰੇ ਗ਼ੈਰੇ ਕੋਲ
ਹਟਕ ਸੀ ਕਿਹਾ ਹਜ਼ੂਰ ਨੇ, ਚੁੱਪ ਰੱਖ ਦਿਲ ਧਾਰ
ਏਹੋ ਜੇਹੀ ਗੱਲ ਨਾ, ਕਰੀਏ ਬਾਂਹ ਉਲਾਰ
ਜਪਣ ਰਬ ਦਾ ਨਾਂ ਜੋ, ਕਲਿਜੁਗ ਦਏ ਤ੍ਰਾਸ
ਦੂਰੋਂ ਡਰ ਵਿਖਾਲਦਾ, ਫਟਕ ਨਾ ਸਕੇ ਪਾਸ
ਸੀ ਗ਼ਰੀਬ ਨਿਹਾਲਸਿੰਘ, ਪੈਸੇ ਵਿਚ ਕਮਜੋਰ
ਹੋਇ ਦਲਿਦ੍ਰ ਦੂਰ ਨਾ, ਕੰਮ ਕਰੇ ਲਾ ਜੋਰ
ਕੀਤੀ ਉਸਨੇ ਅਰਜ਼, ਹੇ ਦੀਨਾ ਨਾਥ ਦਿਆਲ
ਮੈਂ ਹਾਂ ਦਾਸ ਹਜ਼ੂਰ ਦਾ, ਪਰ ਹਾਂ ਮਹਾਂ ਕੰਗਾਲ
ਕਿਰਪਾ ਕਰ ਕੇ ਆਪਣੀ, ਦਵੋ ਗ਼ਰੀਬੀ ਕੱਟ

---

[29] ਇਹ ਪਿੰਡ ਇਲਾਕਾ ਨਕੋਦਰ ਜ਼ਿਲਾ ਜਲੰਧਰ ਵਿਚ ਸੀ ।

[30] ਹੀਰਾ ਸਿੰਘ ਦੇ ਇਸ ਪੁੱਤਰ ਦਾ ਨਾਮ ਨਰਾਇਣ ਸਿੰਘ ਸੀ।

[31] ਨਿਹਾਲ ਸਿੰਘ ਵੀ ਉਸੇ ਮਹਿਤਪੁਰ ਦਾ ਸੀ। ਪਿਤਾ ਦਾ ਨਾ ਲਾਭਾ ਸੀ।

ਪੈਸੇ ਦੀ ਨਾ ਘਾਟ ਰਹੇ, ਜਾਇ ਦਲਿਦ੍ਰ ਨੱਠ
ਵਿਗਸ ਕਿਹਾ ਸ੍ਰੀ ਗੁਰੂ ਜੀ, ਧਨੀ ਜਾਇੰਗਾ ਹੋ
ਪਰ ਰਖੀਂ ਇਕ ਗੱਲ ਤੂੰ, ਦਿਲ ਦੇ ਵਿਚ ਪਰੋ
ਪਾਈਂ ਕਦੀ ਵਿਗਾੜ ਨਾਂ, ਭੂਰੇ ਵਾਲਿਆਂ[32] ਨਾਲ
ਸੇਵ ਕਮਾਵੀਂ ਇਨ੍ਹਾਂ ਦੀ, ਸਮਝੀਂ ਰੂਪ ਅਕਾਲ
ਜਿਸ ਤੇ ਪੈਂਦੇ ਤ੍ਰੁੱਠ ਇਹ, ਬੇੜਾ ਕਰਦੇ ਪਾਰ
ਜਿਸ ਤੇ ਹੋਣ ਦਿਆਲ ਇਹ, ਉਸਨੂੰ ਦੇਂਦੇ ਤਾਰ
"ਭੂਰਿਆਂ ਵਾਲੇ ਰਾਜੇ ਕੀਤੇ ਮੁਗਲਾਂ ਜ਼ਹਿਰ ਪਿਆਲੇ ਪੀਤੇ।"
– ਬੁੱਲ੍ਹੇ ਸ਼ਾਹ

ਜਿਸ ਤੇ ਹੋਣ ਕਰੋਪ ਇਹ, ਉਸਨੂੰ ਦੇਂਦੇ ਖੋ
ਦੀਨ ਨਾ ਰਹਿੰਦਾ ਦੁਨੀ ਵੀ, ਵਿਗਾੜ ਦੇਂਵਦੇ ਦੋ
ਰੰਗ ਦੇਂਦੇ ਨੇ ਓਸ ਨੂੰ, ਜਿਸ ਤੇ ਹੋਣ ਦਿਆਲ
ਸੇਵ ਕਰੇ ਜੋ ਇਨ੍ਹਾਂ ਦੀ, ਉਸ ਨੂੰ ਕਰਨ ਨਿਹਾਲ
ਕਾਰੀਗਰੋਂ ਇਹ ਮਿਸਤ੍ਰੀ, ਹੋਇਆ ਠੇਕੇਦਾਰ
ਵਰਸਣ ਲੱਗੀ ਲੱਛਮੀ, ਲੱਗੇ ਭਰਨ ਭੰਡਾਰ
ਵਧਦਾ ਵਧਦਾ ਰੱਜਿਆ, ਗਿਆ ਲਖੀਣਾ ਹੋ
ਪਿਛਲੀ ਬੀਤੀ ਭੁੱਲਿਆ, ਗਿਆ ਹੋਰ ਹੀ ਹੋ
ਮੈਂ ਸੀ ਲੱਗਾ ਵੇਖਿਆ, ਸੋਨਾ ਇਸਦੀ ਛੱਤ
ਜਿਦਾਂ ਅੰਮ੍ਰਿਤਸਰ ਵਿਚ, ਲਗੇ ਹੋਏ ਪੱਤ
ਸੋਭਾਸਿੰਘ ਜੀ ਮਿਸਤ੍ਰੀ, ਜਿਨ੍ਹਾਂ ਦਾ ਪਿੰਡ ਉਟਾਲ[33]
ਰਾਜਗਿਰੀ ਦਾ ਕੰਮ ਸੀ, ਇਹ ਵੀ ਕਰਦੇ ਨਾਲ
ਮੈਂ ਸੀ ਪੁੱਛਿਆ ਉਨ੍ਹਾਂ ਤੋਂ, ਸਤਿਗੁਰੂ ਦਾ ਇਤਿਹਾਸ
ਦੱਸਿਆ ਨਾਲ ਪਿਆਰ ਦੇ, ਉਨ੍ਹਾਂ ਬਠਾ ਕੇ ਪਾਸ
ਆਂਹਦੇ ਇਕ ਦਿਨ ਅਸਾਂ ਨੇ, ਕੀਤੀ ਸੀ ਅਰਦਾਸ
ਪਿੰਡਾਂ ਵਿਚ ਤੇ ਹੋ ਗਿਆ, ਮੁਸ਼ਕਲ ਸਾਡਾ ਵਾਸ
ਜੱਟ ਪਿੰਡ ਦੇ ਚੌਧਰੀ, ਉਹ ਗਏ ਨੇ ਫਿੱਟ
ਹਰ ਇਕ ਨੂੰ ਇਉਂ ਚੰਬੜਦੇ, ਜਿਉਂ ਵਾਰ੍ਹੇ ਦੀ ਛਿੱਟ[34]

[32] ਗੁਰੂ ਕੇ ਸਿੱਦਕੀ ਅਤੇ ਮਸਤਾਨੇ ਸਿੱਖ ਸੋਧ ਮਰਿਆਦਾ ਦੇ ਧਾਰਨੀ।
[33] ਤਸੀਲ ਸਮਰਾਲਾ ਜ਼ਿਲ੍ਹਾ ਲੁਧਿਆਣਾ।

ਅਰਜ਼ ਕਰਾਂ ਮਹਾਰਾਜ ਕੀ, ਸਾਨੂੰ ਜੱਟ ਗਵਾਰ
ਕੰਮੀਂ ਆਖ ਚਿੜਾਉਂਦੇ, ਗੱਲਾਂ ਕਰਨ ਹਜ਼ਾਰ
ਅਸੀਂ ਉਨ੍ਹਾਂ ਦੇ ਕੰਮ ਸਭ, ਕਰੀਏ ਸਾਰਾ ਸਾਲ
ਪਰ ਓਹ ਦੇਂਦੇ ਚੀਕਦੇ, ਹਾੜੀ ਸੌਣੀ ਡਾਲ
ਗਾਲ੍ਹੜਾਂ ਖਾਧੀਆਂ ਛੱਲੀਆਂ, ਘੁੰਡੀਆਂ ਵਿਚ ਰਲਾ
ਨਿਕ-ਸੁਕ ਗੋਜੀ ਬੇਰੜਾ[35], ਝੋਲੀ ਦੇਂਦੇ ਪਾ
ਅਗੋਂ ਦੇ ਜਵਾਬ ਜੇ, ਕਰ ਦੇਈਏ ਇਨਕਾਰ
ਪੈਂਦੇ ਵੱਢ-ਵੱਢ ਖਾਣ ਨੂੰ, ਕਰਦੇ ਮਾਰੋ ਮਾਰ
ਸੁਣ ਕਿਹਾ ਸ੍ਰੀ ਗੁਰੂ ਜੀ, ਸੋਭਾਸਿੰਘ ਇਹ ਗੱਲ
ਰਿਧਾਂ ਸਿਧਾਂ ਨੌ ਨਿਧਾਂ, ਔਣ ਤੁਸਾਂ ਘਰ ਚੱਲ
ਤੁਹਾਡੇ ਹੱਥਾਂ ਵਲ ਪਏ, ਤੱਕਣ ਗੇ ਇਹ ਜੱਟ
ਭੁੱਲ ਕਦੀ ਨਾ ਸੋਚਣਾ, ਪਿੰਡੋਂ ਆਈਏ ਨੱਠ
ਔਂਦਾ ਹਾਂ ਜਿਸ ਕੁਲ ਵਿਚ, ਮੈਂ ਧਰ ਕੇ ਅਵਤਾਰ
ਕਰ ਦੇਂਦਾ ਹਾਂ ਇਕ ਦਿਨ, ਸਭਨਾਂ ਦੀ ਸਰਦਾਰ
ਅੱਵਲ ਸਾਰੇ ਵਿਤਕਰੇ, ਇਹ ਕਰਾਂਗਾ ਦੂਰ
ਤੁਹਾਡੇ ਤੋਂ ਵੀ ਹੈਨ ਜੋ, ਇਹ ਗ੍ਰੀਬ ਮਜ਼ਦੂਰ
ਕੰਮੀਂ ਕਾਮੇਂ ਕਰਨਗੇ, ਇਸ ਧਰਤੀ ਤੇ ਰਾਜ
ਨਵੀਆਂ ਹੋਣ ਅਦਾਲਤਾਂ, ਉੱਗਣ ਨਵੇਂ ਸਮਾਜ
ਕੰਮੀਂ ਕੋਈ ਨਾ ਰਹੇਗਾ, ਕੰਮੀਂ ਸਾਰੇ ਹੋਣ
ਵਿਹਲੜ ਭੁੱਖੇ ਮਰਨਗੇ, ਪਏ ਜਾਨ ਨੂੰ ਰੋਣ
ਸਾਰੀ ਇਹ ਮਨੁੱਖਤਾ, ਹੋ ਜਾਵੇਗੀ ਇੱਕ
ਮੈਂ ਸਮਝਾਂਗਾ ਓਸ ਦਿਨ, ਪੁੰਨੀ ਮੇਰੀ ਸਿੱਕ

ਜੱਟ ਨੇ ਮੇਰੇ ਆਪਣੇ, ਰਾਮਗੜ੍ਹੀਏ ਨਾ ਹੋਰ
ਜਾਤੋਂ ਗੋਤੋਂ ਨਸਲ ਤੋਂ, ਤੁਰਦੀ 'ਕੱਠੀ ਤੋਰ
ਅੱਡੋ ਅੱਡ ਨਾ ਇਹ ਨੇ, ਅਸਲੋਂ ਕੋਈ ਚੀਜ਼
ਧਰਤੀ ਇਕ ਰਸ ਕਰਨ ਦੀ, ਮੇਰੀ ਵੱਡੀ ਰੀਝ

---

34 ਵਾਛੜ ਦੀ ਬਰਸਾਤ ਵਾਲਾ ਮੀਂਹ ।

35 ਕਣਕ, ਛੋਲੇ, ਜੌਂ, ਮਸਰ ਆਦਿ ਰਲੇ ਮਿਲੇ ਦਾਣੇ

ਕੱਠੀ ਕਰਨ ਮਨੁੱਖਤਾ, ਮੈਂ ਹਾਂ ਆਇਆ ਚੱਲ
ਹੋਕਾ ਦੇ ਕੇ ਸਭ ਨੂੰ, ਦਿਆਂ ਸੁਣਾ ਇਹ ਗੱਲ
ਹੁਣ ਮਨੁੱਖ ਮਨੁੱਖ ਦਾ, ਕਦੀ ਨਾ ਰਹੇ ਗ਼ੁਲਾਮ
ਆਇਆ ਬੰਦੀਵਾਨ ਦੀ, ਕਰਨ ਲਈ ਕਲਿਆਨ
ਦੱਸਾਂ ਸਾਰੀ ਗੱਲ ਮੈਂ, ਸੁਣੋ ਹੋਇ ਸਵਧਾਨ
ਬੰਦੇ ਲਈ ਹੈ ਬਣ ਰਿਹਾ, ਨਵਾ ਜ਼ਿਮੀ ਅਸਮਾਨ
ਪਿਛਲਾ ਦਿਆਂ ਬਦਲਾ ਸਭ, ਤ੍ਰੁੱਕਿਆ ਸਾਜ ਸਮਾਜ
ਨਵੀਂ ਲਿਖਾਵਾਂ ਸਿੰਮ੍ਰਤੀ, ਨਵੇਂ ਵਿਧਾਨਕ ਰਾਜ
"ਧਰਤੀ ਅੰਨ ਧੰਨ ਦਏ ਬਹੁ, ਪਰਬਤ ਦੇਣਗੇ ਲਾਲ
ਮੇਵੇ ਸਭ ਤਰ ਦੇਣਗੇ, ਵੇਖੇ ਆਪ ਅਕਾਲ
ਦਿੱਲੀ ਤਖ਼ਤ ਪਰ ਬਹੇਗੀ, ਆਪ ਗੁਰੂ ਕੀ ਫ਼ੌਜ
ਛਤ੍ਰ ਝੁਲਾਵਨ ਸੀਸ ਪਰ, ਬੜੀ ਕਰਨਗੇ ਮੌਜ"
ਰਾਜਾ ਕੋਈ ਨਾ ਰਹੇਗਾ, ਧਰਤੀ ਉਤੇ ਇੱਕ
ਟੋਏ ਟਿੱਬੇ ਢਾਹ ਕੇ, ਕਰ ਦੇਵਾਂ ਇਕਮਿੱਕ
ਰਹੇ ਨਾ ਕੋਈ ਕਿਸੇ ਦਾ, ਹੁਣ ਗ਼ੁਲਾਮ ਤੇ ਦਾਸ
ਦੂਰ ਹੋਇ ਪ੍ਰਾਧੀਨਤਾ, ਕਰਾਂ ਗ਼ੁਲਾਮੀ ਨਾਸ
ਮੈਂ ਹਾਂ ਆਇਆ ਕਰਨ ਨੂੰ, ਧਰਤੀ ਇਹ ਇਕਸਾਰ
ਹਿੰਸਾ ਗਊ ਗ੍ਰੀਬ ਦੀ, ਦੂਰ ਪਾਪ ਦਾ ਭਾਰ
ਸ਼ਸਤ੍ਰ ਦਾ ਕਰ ਖ਼ਾਤਮਾ, ਮਾਲਾ ਕਰ ਪਰਧਾਨ
ਬੰਦੇ ਹੋਵਨ ਦੇਵਤੇ, ਜਪਣ ਗੁਰੂ ਦਾ ਨਾਮ
ਹੋ ਗਿਆ ਕਿਲ੍ਹਾ ਤਿਆਰ ਤੇ, ਡਗਰੂ ਦੀ ਸਰਾਂ[36]
ਮੁਕਤਸਰ ਗੁਰੂਦੁਆਰ ਦੀ, ਦਈ ਤਾਮੀਰ ਕਰਾ
ਕੰਧਾਂ ਉਤੇ ਚਿਤ੍ਰਿਆ, ਦਸਮ ਗ੍ਰੰਥ ਇਤਿਹਾਸ
ਚੰਡੀ ਆਦਿਕ ਜੰਗ ਜੁੱਧ, ਹੋਰ ਪੁਰਾਤਨ ਖ਼ਾਸ
ਅਜੰਤਾ ਅਲੋਰਾ ਦੀ ਤਰ੍ਹਾਂ, ਚਿਤਰ ਦਏ ਉਲੀਕ
ਓਨ੍ਹਾਂ ਜੇਹਾ ਬਣ ਗਿਆ, ਹਰਿਮੰਦਰ ਰਮਣੀਕ

[36] ਮੋਗਾ ਜ਼ਿਲਾ ਵਿਚ ਡਰੋਲੀ ਭਾਈ ਕੀ ਦੇ ਲਾਗੇ ਡਗਰੂ ਲੁਧਿਆਣਾ ਫ਼ੀਰੋਜ਼ਪੁਰ ਲਾਈਨ ਤੇ ਰੇਲਵੇ ਸਟੇਸ਼ਨ। ਇੱਥੇ ਇਕ ਰੈਸਟ ਹਾਊਸ ਸਤਿਗੁਰੂ ਜੀ ਦੇ ਹੱਥਾਂ ਦਾ ਬਣਿਆ ਸੀ ਜਿਸਦੇ ਅਵਸ਼ੇਸ਼ 2012-13 ਤੱਕ ਮਿਲਦੇ ਸਨ, ਹੁਣ ਨਹੀਂ।

ਅਕਾਲੀ ਪ੍ਰਬੰਧਕਾਂ, ਇਹ ਹੁਣ ਦਿਤੇ ਮੇਸ
ਓਨ੍ਹਾਂ ਨੂੰ ਇਹ ਸਾਰ ਨਾ, ਗੌਰਵ ਇਹ ਨਿਜ ਦੇਸ
ਕਲਾ ਕੌਸ਼ਲੋਂ ਸੱਖਣੇ, ਕੀ ਉਨ੍ਹਾਂ ਨੂੰ ਦੋਸ
ਮੇਟੇ ਵੇਖੇ ਇਹ ਜਦ, ਹੋਇਆ ਸੀ ਅਫ਼ਸੋਸ
ਤੁਅੱਸੁਬ ਹੋਵੇ ਦਿਲ ਵਿਚ, ਤਾਕਤ ਅਤੇ ਗ਼ਰੂਰ
ਓਥੋਂ ਰਹਿੰਦਾ ਰਬ ਵੀ, ਸੈ-ਸੈ ਕੋਹਾਂ ਦੂਰ
ਕੋਮਲ ਉਨਰ ਨਾਲ ਸੀ, ਸਤਿਗੁਰ ਜੀ ਨੂੰ ਪਿਆਰ
ਬਹੁਤੀ ਮਿਹਨਤ ਨਾਲ ਸੀ, ਕੀਤੇ ਏਹ ਤਿਆਰ

************************

(6)

# ਮੁੜ ਸ੍ਰੀ ਭੈਣੀ ਸਾਹਿਬ

ਮੁੜ ਆਏ ਸ੍ਰੀ ਸਤਿਗੁਰੂ, ਭੈਣੀ ਸਾਹਿਬ ਚੱਲ
ਅਵਤਰੇ ਜਿਸ ਲਈ ਦੁਨੀ ਤੇ, ਆ ਪ੍ਰਗਟਾਈ ਕਲ
ਵੇਚਣ ਲੋਹਾ ਕਪੜਾ, ਪਾਈ ਇਕ ਦੁਕਾਨ
ਇਕ ਰੁਪਈਏ ਮਗਰ ਇਕ, ਆਨਾ ਨਫ਼ਾ ਕਮਾਣ
ਹੋ ਗਿਆ ਸਾਰੇ ਦੇਸ਼ ਵਿਚ, ਕਾਫ਼ੀ ਸੀ ਪ੍ਰਚਾਰ
ਔਂਦੀਆਂ ਜਾਂਦੀਆਂ ਸੰਗਤਾਂ, ਦੀ ਹੋਈ ਭਰਮਾਰ
ਗੋਂਦਾ ਨਾਮੀ ਖੱਤ੍ਰੀ, ਸੁਣ ਕੇ ਆਇਆ ਗੱਲ-
ਡਿਠਾ ਨਾ ਫਿਰ ਝਾਕ ਕੇ, ਆਪਣੇ ਘਰ ਦੇ ਵੱਲ
ਸੁੱਧਸਿੰਘ ਮਢੌਰ ਤੋਂ, ਬੈਠਾ ਸੱਥਰ ਘੱਤ
ਆਂਹਦਾ ਦੇਵੋ ਭਜਨ ਹੁਣ, ਸੁੱਕਦੀ ਜਾਂਦੀ ਵੱਤ
ਕਾਨ੍ਹ ਸਿੰਘ[37] ਜੀ ਫ਼ੌਜ ਦੇ, ਮੇਜਰ ਸੂਬੇਦਾਰ
ਆਣ ਲਹੌਰੋਂ ਓਹ ਵੀ, ਪੁੱਜੇ ਵਿਚ ਦਰਬਾਰ
ਦੋਵੇਂ ਵੇਲੇ ਕੀਰਤਨ, ਲਗਾ ਹੋਣ ਉਚਾਰ
ਸੋਦਰ ਚੌਕੀ ਸ਼ਾਮ ਦੀ, ਆਸਾ ਜੀ ਦੀ ਵਾਰ
ਸੰਤ ਦਰਸ ਲਈ ਆਇਆ, ਨਾਂ ਦਿਆਲ ਦਾਸ
ਨਮਸਕਾਰ ਕਰ ਬੈਠ ਕੇ, ਕੀਤੀ ਉਸ ਅਰਦਾਸ

ਏਸ ਤਰ੍ਹਾਂ ਹੀ ਆਪ ਜੇ, ਬੈਠ ਰਹੇ ਚੁੱਪ ਧਾਰ
ਬੇੜੀ ਦੇਸ ਗ਼ੁਲਾਮ ਦੀ, ਕੌਣ ਲੰਘਾਊ ਪਾਰ
ਆਪ ਨਾ ਆਏ ਇਸ ਲਈ, ਬੈਠੋ ਕਲਮਕੱਲ
ਦੇਸ਼ ਅਜ਼ਾਦੀ ਦਾ ਕੋਈ, ਲੱਭੋ ਝਬਦੇ ਹੱਲ
ਕਾਹਲੇ ਪਵੋ ਨਾ ਸੰਤ ਜੀ, ਸੁਣ ਬੋਲੇ ਭਗਵਾਨ
ਸਮੇਂ ਸਮੇਂ ਹੋ ਜਾਇ ਸਭ, ਜਪੋ ਰੱਬ ਦਾ ਨਾਮ

[37] ਪਿਤਾ ਦਾ ਨਾਮ ਨੱਥਾ ਸਿੰਘ ਜ਼ਿਮੀਂਦਾਰ, ਪਿੰਡ ਚੱਕ, ਰਿਆਸਤ, ਜ਼ਿਲ੍ਹਾ ਮਲੇਰਕੋਟਲਾ।

ਲੁਦੇਹਾਣੇ ਜ਼ਿਲ੍ਹੇ ਵਿਚ, ਝੋਰੜ ਨਾਮੀ ਗਾਉਂ
ਓਥੋਂ ਦਾ ਇਕ ਜੱਟ ਜਿਸ, ਵਰਿਆਮਾ ਸੀ ਨਾਉਂ
ਸਿੰਘ ਸਜ ਗਿਆ ਆਣ ਉਸ, ਡੰਗਰ ਲਏ ਸੰਭਾਲ
ਕਰੇ ਵਾਹੀ ਦਾ ਕੰਮ ਤੇ, ਚਾਰੇ ਡੰਗਰ ਮਾਲ
ਚੰਗੀ ਲਈ ਚਲਾ ਉਸ, ਖੇਤੀ ਦੀ ਸਭ ਕਾਰ
ਜੋਤਾ ਲਾਵੇ ਦੱਬ ਕੇ, ਚੂਰੀ ਕਰੇ ਅਹਾਰ
ਆਪ ਛਕਣ ਗੁਰੂ ਦੇਵ ਜੀ, ਰੋਟੀ ਤੇ ਧਰ ਲੂਣ
ਖੇਤੀ ਕਾਮੇ ਫੇਰ ਵੀ, ਸਿੱਧੇ ਮੂੰਹ ਨਾ ਕੂਣ
ਵਾਹੀ ਦਿਤੀ ਛੱਡ ਸਭ, ਡੰਗਰ ਦਿਤੇ ਵੇਚ
ਸੰਗਤ ਲੱਗੀ ਔਣ ਹੁਣ, ਰਿਹਾ ਨਾ ਕੋਈ ਮੇਚ
ਰੱਖੜੇ[38] ਅਤੇ ਮੰਢੌਰ ਤੋਂ, ਆਇਆ ਸਿੰਘ ਗੁਪਾਲ
ਗਿਆ ਨਾ ਮੁੜ ਕੇ ਪਿੰਡ ਨੂੰ, ਰਲ ਗਿਆ ਕੂਕਿਆਂ ਨਾਲ

ਲਾਭ ਸਿੰਘ[39] ਜੀ ਸੂਰਮਾ, ਅੰਮ੍ਰਿਤਸਰ ਦੇ ਵਿਚ
ਸੰਗੀਤਕ ਕਲਾਕਾਰ ਪਰ, ਅੱਖਾਂ ਵਲੋਂ ਜਿਚ
ਮਿਲ ਗਏ ਇਨ੍ਹਾਂ ਅਚਾਣਕੀ, ਸੁੱਧ ਸਿੰਘ[40] ਜੀ ਆ
ਹਜਰੋਂ ਵਾਲੇ ਗੁਰੂ ਦੀ, ਦਿਤੀ ਗੱਲ ਚਲਾ
ਕੰਨ ਵਿਚ ਮੰਤ੍ਰ ਦਸਦੇ, ਦਿਲ ਵਿਚ ਪੈਂਦੀ ਸ਼ਾਂਤ
ਕਰ ਦੇਂਦੇ ਸ਼ੁੱਧ ਆਤਮਾ, ਮੇਟ ਪ੍ਰਾਈ ਤਾਤ
ਪਾ ਸਲਾਈ ਗਿਆਨ ਦੀ, ਅੱਖਾਂ ਦੇਦੇ ਖੋਲ੍ਹ
ਮੈਂ ਮੇਰੀ ਨੱਸ ਜਾਂਵਦੀ, ਰਬ ਜਾਪਦਾ ਕੋਲ
ਲਾਭ ਸਿੰਘ ਜੀ ਉੱਠ ਤੁਰੇ, ਕੱਲੇ ਹਜਰੋਂ ਵੱਲ
ਪੁੱਛੀ ਸਲਾਹ ਨਾ ਕਿਸੇ ਦੀ, ਕਰੀ ਨਾ ਕੋਈ ਗੱਲ

[38] ਪਿੰਡ ਰੱਖੜਾ ਤੇ ਮੰਢੌਰ ਰਿਆਸਤ (ਹੁਣ ਜ਼ਿਲ੍ਹਾ) ਪਟਿਆਲਾ ਵਿਚ ਹਨ। ਗੋਪਾਲ ਸਿੰਘ ਦੇ ਪਿਤਾ ਦਾ ਨਾਮ ਸਾਹਿਬ ਸਿੰਘ ਸੀ।

[39] ਪਿਤਾ ਟਹਿਲ ਸਿੰਘ ਪਿੰਡ ਦੁਰਗਾਪੁਰ ਜ਼ਿਲ੍ਹਾ ਉਦੋਂ ਜਲੰਧਰ ਹੁਣ ਨਵਾਂ ਸ਼ਹਿਰ ਹੈ। ਲਾਭ ਸਿੰਘ 1880 ਈ. ਵਿਚ ਅੰਮ੍ਰਿਤਸਰ ਦੀ ਨਾਮਧਾਰੀ ਧਰਮਸ਼ਾਲਾ ਵਿਚ ਰਹਿੰਦਾ ਸੀ।

[40] ਪਿਤਾ ਰਾਮ ਸਿੰਘ ਜਨਮ ਨਗਰ ਉਪਰੋਕਤ ਦੁਰਗਾਪੁਰ। ਬਾਅਦ ਵਿਚ ਮੰਢੌਰ ਜ਼ਿਲ੍ਹਾ ਅੰਬਾਲਾ ਰਹਿਣ ਲੱਗੇ।

ਨਾਲ ਹੌਸਲੇ ਸਿੰਘ ਨੇ, ਕਮਰ ਲਈ ਸੀ ਕੱਸ
ਅੱਖੋਂ ਦਿਸਦਾ ਨਹੀਂ ਸੀ, ਅਸਲੋਂ ਸੀ ਪਰਵੱਸ
ਤਦੋਂ ਅਜੇ ਅੰਗ੍ਰੇਜ਼ ਸੀ, ਨਹੀਂ ਚਲਾਈ ਰੇਲ
ਤੁਰ ਪਏ ਸਤਿਗੁਰੂ ਆਸਰੇ, ਬੇੜਾ ਦਿਤਾ ਠੇਲ੍ਹ
ਪਾਲਕੀਆਂ ਚੜ੍ਹ ਜਾਂਵਦੇ, ਜੋ ਸਨ ਲੋਕ ਅਮੀਰ
ਚਲਦੇ ਹੂੰਗਰ ਮਾਰ ਕੇ, ਚੁੱਕਣ ਵਾਲੇ ਝੀਰ
ਉਸ ਹੂੰਗਰ ਦੇ ਆਸਰੇ, ਤੁਰਦੇ ਲਾਠੀ ਨਾਲ
ਇਕ ਦਿਨ ਰਾਹੋਂ ਭੁਲ ਕੇ, ਪਏ ਅਪੁੱਠੀ ਚਾਲ
ਕੀਤੀ ਸੀ ਅਰਦਾਸ, ਹੇ ਸਤਿਗੁਰੂ ਦੀਨ ਦਿਆਲ
ਭੁੱਲੇ ਨੂੰ ਰਾਹ ਦੱਸ ਕੇ, ਮੇਰੀ ਕਰੋ ਸੰਭਾਲ
ਕਰੀ ਬੇਨਤੀ ਇਕ ਮਨ, ਉਪਰ ਭੁਜਾ ਪਸਾਰ
ਸੂਰਦਾਸ ਦੇ ਵਾਂਗ ਓਹ, ਫੜੀ ਆਣ ਕਰਤਾਰ
ਬੋਲਿਆ ਚੱਲਿਆ ਕੋਈ ਨਾ, ਗਿਆ ਪੜਾਅ ਵਿਚ ਛੱਡ
ਰੋਵੇ ਧਾਹਾਂ ਮਾਰਦਾ, ਰਾਹੋਂ ਹੋਇਆ ਅੱਡ
ਲੋਕੀ ਪੁਛਿਆਂ ਆਖਦਾ, ਭੁਲ ਗਿਆ ਮੈਂ ਰਾਹ
ਕੋਈ ਪਤਾ ਨਾ ਲਗਦਾ, ਭਟਕਾਂ ਪਿਆ ਕੁਰਾਹ
ਭੁੱਲੇ ਨਾਹੀਂ ਦੱਸਿਆ, ਖੜ੍ਹੇ ਪੜਾਅ ਵਿਚਕਾਰ
ਸਿੱਧੇ ਰਸਤੇ ਜਾ ਰਹੇ, ਜਪਦੇ ਸਤਿ ਕਰਤਾਰ
ਲੈ ਗਏ ਲੋਕ ਸਰਾਂ ਵਿਚ, ਸੇਵਾ ਕੀਤੀ ਠੀਕ
ਭੁੱਲਦਾ ਟੱਕਰਾਂ ਮਾਰਦਾ, ਪੁੱਜਾ ਹਜਰੋਂ ਤੀਕ
ਮੱਥਾ ਟੇਕ ਜਾ ਬੈਠਿਆ, ਗੁਰੂ ਬਾਲਕ ਸਿੰਘ ਕੋਲ
ਏਡੀ ਦੂਰੋਂ ਚਲ ਇਉਂ, ਆਇਆ ਹੈਂ ਕਿਉਂ ਬੋਲ
ਮੈਂ ਆਇਆ ਹਾਂ ਸਤਿਗੁਰੋ, ਲੈਣ ਨਾਮ ਦਾ ਦਾਨ
ਇਸ ਅੰਨੇ ਨੂੰ ਇੰਝ ਹੁਣ, ਦਿਓ ਨਾ ਖਾਲੀ ਜਾਨ
ਸੁਣ ਕਿਹਾ ਸ੍ਰੀ ਸਤਿਗੁਰੂ, ਸਾਡੇ ਨਹੀਂ ਅਧੀਨ
ਸੀ ਅਮਾਨਤ ਜਿਨ੍ਹਾਂ ਦੀ, ਲੈ ਗਏ ਸਾਰੀ ਬੀਨ
ਤੁਰ ਜਾਓ ਪੰਜਾਬ ਨੂੰ, ਭੈਣੀ ਸਾਹਿਬ ਚੱਲ
ਆਏ ਹੋ ਜਿਸ ਪਾਸਿਓਂ, ਮੁੜ ਜਾਓ ਉਸ ਵੱਲ
ਓਨ੍ਹੀਂ ਪੈਰੀਂ ਪਰਤ ਉਹ, ਆਇਆ ਭੈਣੀ ਵਿੱਚ

ਫਿਰਦਾ ਭਰਦਾ ਦੁੱਖੜੇ, ਅੰਦਰ ਜੇਹੀ ਖਿੱਚ
ਭਜਨ ਲੈਣ ਦੀ ਲਾਭ ਸਿੰਘ, ਜਾਂ ਕੀਤੀ ਅਰਦਾਸ
ਕਿਹਾ ਜਾਵੋ ਫੇਰ ਮੁੜ, ਓਨ੍ਹਾਂ ਦੇ ਹੀ ਪਾਸ
ਕੀਤੀ ਮਿੰਨਤ ਬਹੁਤ ਪਰ, ਮੰਨੀ ਗਈ ਨਾ ਇੱਕ
ਤੁਰ ਪਿਆ ਮੁੜਕੇ ਓਧਰੇ, ਪੁਜਾ ਹਜਰੋਂ ਸਿੱਕ
ਕੀਤੀ ਸੀ ਅਰਦਾਸ ਉਸ, ਗਲ ਵਿਚ ਪੱਲਾ ਪਾ
ਓਨ੍ਹਾਂ ਓਹੀ ਗੱਲ ਮੁੜ, ਫਿਰ ਦਿੱਤੀ ਦੁਹਰਾ
ਜਿੰਨ੍ਹਾਂ ਦੀ ਸੀ ਵਸਤ ਉਹ, ਓਨ੍ਹਾਂ ਲਈ ਸੰਭਾਲ
ਜੋ ਕੁਝ ਸਾਡੇ ਕੋਲ ਸੀ, ਠਾਕਰ ਲੈ ਗਏ ਨਾਲ
ਜਾਓ ਓਨ੍ਹਾਂ ਕੋਲ ਇਹ, ਲੈ ਸਾਡੀ ਅਰਦਾਸ
ਕਹਿਣਾ ਦਰਸ ਵਿਖਾਲ ਕੇ, ਪੂਰੋ ਸਾਡੀ ਆਸ
ਜਦ ਦੇ ਠਾਕਰ ਜੀ ਗਏ, ਲਈ ਨਾ ਮੁੜਕੇ ਸਾਰ
ਤਰਸਨ ਨੈਨ ਦੀਦਾਰ ਨੂੰ, ਆਵੋ ਕਿਰਪਾ ਧਾਰ
ਲਾਭ ਸਿੰਘ ਜੀ ਮੁੜ ਤੁਰੇ, ਭੈਣੀ ਸਾਹਿਬ ਆਣ
ਚਿੱਠੀ ਅੱਗੇ ਰੱਖ ਗੁਰੂ, ਚਰਨੀ ਸੀਸ ਨਿਵਾਣ
ਰੋਂਦੇ ਤਰਲੇ ਪਾਂਵਦੇ, ਡਿੱਗੇ ਹੋ ਬੇ-ਹੋਸ਼
ਓਹੀ ਕੀਤੀ ਬੇਨਤੀ, ਜਦ ਪਰਤੀ ਸੀ ਹੋਸ਼
ਹੋਈ ਕੀ ਅਵੱਗਿਆ, ਕੀ ਹੋਇਆ ਅਪਰਾਧ
ਅੰਨ੍ਹੇ ਦੀ ਨਹੀਂ ਮਿਟੇਗੀ, ਜਨਮ ਜਨਮ ਦੀ ਸਾਧ
ਜੱਫ਼ੀ ਵਿਚ ਲੈ ਸਤਿਗੁਰੂ, ਲਾਇਆ ਸੀਨੇ ਨਾਲ
ਭਜਨ ਦੱਸ ਕੇ ਕੰਨ ਵਿਚ, ਕੀਤਾ ਨਦਰ ਨਿਹਾਲ
ਧੰਨ ਭਾਈ ਤੂੰ ਲਾਭ ਸਿੰਘ, ਧੰਨ ਹੈ ਤੇਰੀ ਕਾਰ
ਲੱਖ ਕਰੋੜਾਂ ਅੱਖੀਆਂ, ਦਈਏ ਤੈਥੋਂ ਵਾਰ
ਤੇਰੇ ਜਿਹੇ ਕਲਾਕਾਰ ਦੀ, ਸਾਨੂੰ ਹੈਸੀ ਲੋੜ
ਗੁਰੂਮਤ ਸੰਗੀਤ ਦੀ, ਪੰਥ ਵਿਚ ਹੈ ਥੋੜ੍ਹ
ਸਤਿਗੁਰੂ ਅਰਜਨ ਦੇਵ ਦਾ, ਜੋ ਸਰੰਦਾ ਸਾਜ
ਲੈ ਖੜਦੀ ਸਚ ਖੰਡ ਹੈ, ਇਸਦੀ ਮਧੁਰ ਅਵਾਜ਼
ਸਾਨੂੰ ਪਿਆਰਾ ਲੱਗਦਾ, ਇਹ ਸਰੰਦਾ ਸਾਜ਼
ਵੇਖ ਆਂਵਦੀ ਏਸ ਨੂੰ, ਪੰਚਮ ਗੁਰ ਦੀ ਯਾਦ

ਸੱਚੀਂ ਤੂੰ ਸਿੰਘ ਸੂਰਮਾਂ, ਸੱਚੀ ਤੇਰੀ ਘਾਲ
ਅੱਖੀਆਂ ਵਾਲੇ ਪੁੱਜ ਨਾ, ਸਕਦੇ ਤੇਰੇ ਨਾਲ
ਕਰ ਵਿਖਾਈ ਜੋ ਤੁਸਾਂ, ਅਸ਼ ਅਸ਼ ਕਰਦੇ ਲੋਕ
ਧੰਨ ਧੰਨ ਹੋਵੇ ਧਰਤਿ ਤੇ, ਜੈ ਜੈ ਜੈ ਸੁਰ ਲੋਕ
ਦ੍ਰਿੜ੍ਹਤਾ ਤੁਹਾਡੀ ਵੇਖਕੇ, ਜਾਇ ਹਿਮਾਲਾ ਕੰਬ
ਸੁਣ ਤੁਹਾਡੀ ਵਾਰਤਾ, ਉਖੜ ਜਾਂਦੇ ਥੰਭ
ਪੂਰੀ ਹੋ ਗਈ ਤੁਸਾਂ ਦੀ, ਜੀਵਨ ਦੀ ਜੋ ਥੋੜ
ਰਹੀ ਨਾ ਕੋਈ ਤੁਸਾਂ ਨੂੰ, ਜਪਾਂ ਤਪਾਂ ਦੀ ਲੋੜ

**********************

# (7)
# ਹਜਰੋਂ ਦਾ ਦੌਰਾ

ਹਜਰੋਂ ਤੋਂ ਜੋ ਲਾਭ ਸਿੰਘ, ਲਿਆਏ ਸੀ ਅਰਦਾਸ
ਚਿੱਠੀ ਬਾਲਕ ਸਿੰਘ ਗੁਰੂ, ਲਿਖ ਭੇਜੀ ਸੀ ਖਾਸ
ਲਿਖਿਆ ਉਸ ਵਿਚ ਉਨ੍ਹਾਂ ਨੇ, ਬਹੁਤਾ ਦੇ ਸਤਕਾਰ
ਜਦ ਦੇ ਗਏ ਪੰਜਾਬ ਨੂੰ, ਮੁੜ ਨਾ ਲੀਤੀ ਸਾਰ
ਦਰਸ਼ਨ ਨੂੰ ਮਨ ਲੋਚਦਾ, ਮਿਲ ਜਾਓ ਇਕ ਵੇਰ
ਆਓ ਕਿਰਪਾ ਧਾਰ ਕੇ, ਕਾਫੀ ਹੋ ਗਈ ਦੇਰ
ਬਿਰਧਾਵਸਤਾ ਹੋ ਗਈ, ਸਿਰ ਤੇ ਆ ਗਿਆ ਕਾਲ
ਲੈ ਜਾਵੇਗਾ ਅਸਾਂ ਨੂੰ, ਇਹ ਹੁਣ ਜਲਦੀ ਨਾਲ
ਸੱਭੇ ਇਛਾਂ ਪੁੰਨੀਆਂ, ਦਰਸ਼ਨ ਸਿੱਕ ਅਪਾਰ
ਇਹ ਵੀ ਪੂਰੀ ਕਰ ਦਿਓ, ਦੇਕੇ ਝੱਬ ਦੀਦਾਰ
ਚਿੱਠੀ ਪੜ੍ਹ ਕੇ ਆ ਜਾਓ, ਛੇਤੀ ਹਜਰੋਂ ਚੱਲ
ਪੜ੍ਹਕੇ ਭੁੱਲ ਚੁੱਕ ਸੋਧਣੀ, ਨਹੀਂ ਲਿਖਣ ਦਾ ਵੱਲ
ਕਰੀ ਤਿਆਰੀ ਤੁਰਨ ਦੀ, ਚਿੱਠੀ ਪੜ੍ਹਦੇ ਸਾਰ[41]
ਪਹਿਲੋਂ ਵੀ ਜੋ ਨਾਲ ਸੇ, ਸੱਭੇ ਹੋਏ ਤਿਆਰ
ਸਾਥੀ ਜੋ ਹਜ਼ੂਰ ਦੇ, ਫੌਜ ਦੇ ਭਾਈ ਵਾਲ
ਅੱਗੋਂ ਆਏ ਲੈਣ ਗੁਰ, ਬਾਲਕ ਸਿੰਘ ਦਿਆਲ
ਜੱਫ਼ੀ ਪਾਕੇ ਪਰਸਪਰ, ਝੁਕ ਗਏ ਜਿਵੇਂ ਕਮਾਣ
ਇਕ ਦੂਜੇ ਦੇ ਲੋਚਦੇ ਚਰਨਾਂ ਨੂੰ ਹੱਥ ਲਾਣ
ਹੋਏ ਅਤਿ ਪ੍ਰਸੰਨ ਸਨ, ਦੋਵੇਂ ਮਿਲ ਮਿਲਾਇ
ਇਕੰਤ ਵੇਖ ਕੇ ਬਾਗ ਇੱਕ, ਡੇਰੇ ਦਿੱਤੇ ਲਾਇ
ਖੁਸ਼ ਹੋਏ ਦੀਦਾਰ ਕਰ, ਚਾਂਵਾਂ ਰੀਝਾਂ ਨਾਲ
ਵਿਛੜਿਆਂ ਨੂੰ ਹੋ ਗਏ, ਹੈਸਨ ਬਹੁਤੇ ਸਾਲ

---

[41] ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਹਜ਼ਰੋਂ ਸਾਹਿਬ ਦੀ ਇਹ ਯਾਤਰਾ, ਬਾਹੋਵਾਲ ਜੀ ਮੁਤਾਬਿਕ, ਸੰਤ ਖਾਲਸਾ ਸਾਜਣ ਬਾਅਦ 1858 ਈ. ਵਿਚ ਹੋਈ ਸੀ।

ਕਿਹਾ ਬਾਲਕ ਸਿੰਘ ਗੁਰ, ਠਾਕਰ ਜੀ ਮਹਾਰਾਜ
ਪਰਗਟ ਹੋ ਕੇ ਪੰਥ ਦੇ, ਆਪ ਸਵਾਰੋ ਕਾਜ
ਭੇਜਿਆ ਕਰੋ ਨਾ ਲਾਭ ਸਿੰਘ, ਜਿਉਂ ਹੁਣ ਸਾਡੇ ਕੋਲ
ਜਦ ਕਿ ਸਾਥੋਂ ਲੈ ਗਏ, ਆਪ ਸਭੋ ਕੁਝ ਰੋਲ
ਕੀਤਾ ਬਾਲਕ ਸਿੰਘ ਗੁਰੁ, ਸੰਗਤ ਨੂੰ ਉਪਦੇਸ਼
ਚੱਲੋ ਨੀਵੇਂ ਹੋਇਕੇ, ਧਾਰ ਗਰੀਬੀ ਵੇਸ
ਜਦੋਂ ਸਭੇ ਛੱਡੀਏ, ਰਸ ਦੁਨੀਆ ਦੇ ਤਿਆਗ
ਤਦੋਂ ਨਾਮ ਦੇ ਰਸ ਦਾ, ਆਵੇ ਮਹਾਂ ਸੁਆਦ
ਦਸਾਂ ਨਵ੍ਹਾਂ ਦੀ ਕਿਰਤ ਕਰ, ਖਾਇ ਆਪਣਾ ਮਾਲ
ਲਾਲਚ ਛੱਡੇ ਨਾ ਕਿਸੇ, ਵੰਸ਼ ਦੇਂਵਦਾ ਗਾਲ
ਸਿੱਖ ਜਾਇ ਘਰ ਸਿੱਖ ਦੇ, ਪੱਲੇ ਸੀਧਾ ਬੰਨ੍ਹ
ਭੁੱਲ ਨਾ ਦੂਜੇ ਹੋਰ ਦਾ, ਮੂੰਹ ਨੂੰ ਲਾਵੇ ਅੰਨ
ਪੱਲਾ ਖਾਵੇ ਆਪਣਾ, ਦੂਜੇ ਘਰ ਵੀ ਜਾਇ
ਅੰਸ ਬਗਾਨੀਂ ਭੁਲ ਨਾ, ਮੂੰਹ ਵਿਚ ਆਪਣੇ ਪਾਇ
ਅੱਠੀਂ ਪਹਿਰੀਂ ਇਕ ਵਾਰ, ਮਸਾਂ ਛਕੇ ਪ੍ਰਸ਼ਾਦ
ਟਾਕੀ ਉੱਨ ਸਿਆਲ ਲੈ, ਕਰੇ ਰਬ ਦੀ ਯਾਦ
ਖੱਦਰ ਧਾਰ ਹੁਨਾਲ ਵਿਚ, ਇੰਝ ਕਰੇ ਗੁਜਰਾਨ
ਰਸ ਕਸ ਸਾਰੇ ਦੁਨੀ ਦੇ, ਛੱਡੇ ਝੂਠੇ ਜਾਨ
ਸੁਣ ਬੋਲੇ ਗੁਰੂ ਰਾਮ ਸਿੰਘ, ਸੁਣੋਂ ਗੁਰੂ ਮਹਾਰਾਜ
ਅਸੀਂ ਬਨਾਣਾਂ ਸਿੱਖ ਨੂੰ, ਸਭਨਾਂ ਦਾ ਸਿਰਤਾਜ
ਦੱਸ ਦੇਵੀਏ ਓਹ ਜੋ, ਸਾਡੇ ਦਿਲ ਵਿਚਕਾਰ
ਸਿਰੋਂ ਖਾਲਸੇ ਦੇਵੀਏ, ਸਭ ਪਦਾਰਥ ਵਾਰ
ਛੱਤੀ ਭੋਜਨ ਥਾਲ ਭਰ, ਇਸ ਦੇ ਅੱਗੇ ਰੱਖ
ਰੀਝਾਂ ਨਾਲ ਛਕਾਈਏ, ਹੋਰ ਪਦਾਰਥ ਵੱਖ
ਮਖ਼ਮਲ ਅਤਲਸ ਕੀਨਖਾਫ਼, ਸਿੰਘਾਂ ਨੂੰ ਪਹਿਨਾਇ
ਫੇਰ ਅਸਾਡੇ ਦਿਲ ਦਾ, ਪੂਰਾ ਹੋਵੇ ਚਾਇ
ਕਿਹਾ ਬਾਲਕ ਸਿੰਘ ਗੁਰ, ਇਹ ਸਾਡੀ ਹੈ ਕਾਰ
ਠਾਕਰ ਜੀ ਜੋ ਲੋੜ ਸੋਂ, ਓਹ ਦੇਸੀ ਕਰਤਾਰ
ਹਜਰੋਂ ਵਾਸੀ ਨਿਉਂਦ ਦੇ, ਘਰ ਛਕੋ ਪ੍ਰਸ਼ਾਦ

ਆਂਹਦੇ ਸ੍ਰੀ ਗੁਰੂ ਰਾਮ ਸਿੰਘ, ਕਿਉਂ ਭੁੱਲੇ ਹੋ ਯਾਦ
ਹੈਨ ਗੁਰੂ ਜੀ ਹਟਕਦੇ, ਅਸੀਂ ਕਿਉਂ ਖਾਈਏ ਫੇਰ
ਸੁਣ ਗੁਰੂ ਬਾਲਕ ਸਿੰਘ ਜੀ, ਬੋਲੇ ਬਿਨਾ ਅਵੇਰ
ਅਸੀਂ ਵੀ ਰਾਜੀ ਓਸ ਤੇ, ਰਜ਼ਾ ਤੁਹਾਡੀ ਜੋਇ
ਤੁਹਾਡੇ ਉਪਰ ਹੁਕਮ ਨਾ, ਕਿਸੇ ਦਾ ਚਲਸੀ ਕੋਇ
ਦਾਣਾ ਪਾਣੀ ਆਪਦਾ, ਏ ਟਹਿਲੂਏ ਦਾਸ
ਬਖਸ਼ਿਸ਼ ਸਭੋ ਆਪ ਦੀ, ਜੋ ਇਨ੍ਹਾਂ ਦੇ ਪਾਸ

ਗਿੱਲ ਜਮੀਤ ਸਿੰਘ[42] ਜੀ, ਵੀ ਆਏ ਸਨ ਨਾਲ
ਦੱਸਿਆ ਬਾਲਕ ਸਿੰਘ ਗੁਰ, ਓਨ੍ਹਾਂ ਸਾਰਾ ਹਾਲ
ਠਾਕਰ ਜੀ ਨੂੰ ਜਾਣਦਾ, ਮੈਂ ਹਾਂ ਆਪ ਸਮਾਨ
ਗੁਰੂ ਭਾਈ ਤੋਂ ਵੱਧ ਨਾ, ਮੇਰੇ ਦਿਲ ਸਨਮਾਨ
ਸਿੱਖ ਜਿਹੋ ਜਿਹੇ ਹੈਨ ਇਹ, ਤੇਹਾ ਮੈਂ ਵੀ ਸਿੱਖ
ਮੈਨੂੰ ਮੇਰੇ ਜਿਹੇ ਹੀ, ਇਹ ਰਹੇ ਨੇ ਦਿੱਖ
ਸੁਣ ਬੋਲੇ ਗੁਰੂ ਯਾਰ੍ਹਵੇਂ, ਸਾਡਾ ਹੈ ਫੁਰਮਾਨ
ਠਾਕਰ ਜੀ ਤੇ ਹੈ ਨਹੀਂ, ਜਿਸ ਦਾ ਹੁਣ ਈਮਾਨ
ਸਾਡੇ ਉਤੇ ਓਸ ਦਾ, ਹੋਵੇ ਜਾਂ ਨਾ ਹੋਇ
ਦੀਨ ਤੇ ਦੁਨੀਆਂ ਓਸ ਦੇ, ਸੰਵਰਨਗੇ ਨਾ ਦੋਇ
ਜਿੰਨਾ ਚਿਰ ਨਾ ਕਰੋਗੇ, ਏਨ੍ਹਾ ਤੇ ਇਤਬਾਰ
ਦਰਗਾਹ ਵਾਲਾ ਕੰਮ ਨਾ, ਸੱਕੋਂ ਕੋਈ ਸਵਾਰ
ਹਾਕਮ ਜੋ ਹੈ ਵਕਤ ਦਾ, ਮੁਜਰਾ ਕਰੇ ਨਾ ਓਸ
ਦਏ ਦੁਹਾਈ ਗ਼ੈਰ ਦੀ, ਉਸ ਨੂੰ ਦੇਵੇ ਦੋਸ
ਕੋਈ ਵੀ ਇੱਛਾ ਓਸ ਦੀ, ਹੋ ਨਾ ਸਕਦੀ ਪੂਰ
ਰਹਿਮਤ ਵੱਸਦੀ ਓਸ ਤੋਂ, ਸੈ-ਸੈ ਕੋਹਾਂ ਦੂਰ
ਮਾਲਕ ਪਾਲਕ ਸਮੇਂ ਦੇ, ਆਏ ਧਰ ਅਵਤਾਰ
ਸੁੰਞਾ ਛਡ ਬੈਕੁੰਠ ਇਹ, ਆਪ ਗੁਰੂ ਕਰਤਾਰ
ਪਰਖ ਲਿਆ ਮੈਂ ਠੀਕ ਸਭ, ਵੇਖ ਲਿਆ ਕਰ ਗੌਰ

---

[42] ਪਿਤਾ ਚੰਦਾ ਸਿੰਘ ਜ਼ਿਮੀਂਦਾਰ ਪਿੰਡ ਗਿੱਲ, ਥਾਣਾ ਕਿਲਾ ਸੋਭਾ ਸਿੰਘ, ਜ਼ਿਲ੍ਹਾ ਸਿਆਲਕੋਟ, ਹੁਣ ਪਾਕਿਸਤਾਨ।

ਮਾਲਕ ਕਲਾ ਅਨੰਤ ਦੇ, ਇਹ ਸਭਦੇ ਸਿਰਮੌਰ
ਚਾਂਹੁਦੇ ਹੋ ਜੇ ਆਪਣਾ, ਅੱਗਾ ਹੋਇ ਸੁਧਾਰ
ਹੋਣਾ ਨਹੀਂ ਜੇ ਇਨ੍ਹਾਂ ਦੇ, ਬਿਨ ਢੱਠੇ ਦਰਬਾਰ
ਪਸ਼ੇਮਾਨ ਬਹੁ ਹੋਇਆ, ਸੁਣ ਕੇ ਗੱਲਾਂ ਗਿੱਲ
ਰਾਮ ਸਿੰਘ ਸਤਿਗੁਰੂ ਦੀ, ਸ਼ਰਧਾ ਧਾਰੀ ਦਿੱਲ
ਚਰਨ ਫੜੇ ਤੇ ਆਖਦਾ, ਬਖਸ਼ ਲਓ ਮਹਾਰਾਜ
ਜਾਵੇ ਨਾ ਇਸ ਜੱਟ ਦਾ, ਐਵੇਂ ਜਨਮ ਅਕਾਜ
ਛਕਣ ਗਏ ਪ੍ਰਸ਼ਾਦ ਸਨ, ਘਰ ਸਿਖ ਦੇ ਜਾਇ
ਦਿੱਤੇ ਬਸਤਰ ਰੇਸ਼ਮੀ, ਚਰਨਾ ਹੇਠ ਵਿਛਾਇ
ਕਾਨ੍ਹ ਸਿੰਘ ਨਿਹੰਗ ਨੇ, ਧਰੇ ਨਾ ਉਪਰ ਪੈਰ
ਲਾਂਭੋਂ ਹੋਕੇ ਲੰਘ ਗਏ, ਜਿਉਂ ਕੋਈ ਹੁੰਦਾ ਗ਼ੈਰ
ਪੁੱਛਿਆ ਉਸ ਤੋਂ ਓਸ ਇਉਂ, ਕੀਤਾ ਸੀ ਫੁਰਮਾਨ
ਮੈਂ ਕੀਤਾ ਹੈ ਸਮਝ ਕੇ, ਆਪਾ ਠੀਕ ਪਛਾਨ
ਚਰਨ ਹੋਣ ਤਾਂ ਰੱਖੀਏ, ਕਰੀਏ ਕਿਵੇਂ ਧ੍ਰੋਹ
ਆਪਣੀ ਜੋ ਕਰਤੂਤ ਸਭ, ਅਸੀਂ ਜਾਣੀਏ ਓਹ
ਥੱਕੇ ਹਾਰੇ ਕੰਮ ਦੇ, ਜਦ ਜਾਈਏ ਘਰ ਚੱਲ
ਅੱਗੋਂ ਪਾਣ ਜ਼ਨਾਨੀਆਂ, ਗਾਲ੍ਹਾਂ ਦੀ ਤਰਥੱਲ
ਮੋਠ ਬਾਜਰੀ ਦੇ ਬਿਨਾ, ਮਿਲੇ ਨਾ ਖਾਣਾ ਹੋਰ
ਦੱਸੋ ਪੈਰ ਪਸਾਰੀਏ, ਕਿਸ ਚੱਦਰ ਦੇ ਜ਼ੋਰ
ਮਾਈ ਸੀ ਇਕ ਪੂਰਬੋ, ਚੰਗੀ ਸੀ ਕੁਝ ਇਹ
ਗੁਰੂ ਬਾਲਕ ਸਿੰਘ ਏਸ ਨੂੰ, ਸੱਦਣ ਆਦਰ ਦਿਹ
ਉਸ ਨੂੰ ਕਿਹਾ ਸੁਣਾ ਕੇ, ਬਾਲਕ ਸਿੰਘ ਮਹਾਰਾਜ
ਠਾਕਰ ਜੀ ਦੇ ਚਰਨ ਫੜ੍ਹ, ਸੌਰਨ ਤੇਰੇ ਕਾਜ
ਸੁਣ ਕੇ ਸੋਚੀਂ ਪੈ ਗਈ, ਜੱਕੋ ਤੱਕੇ ਵਿੱਚ
ਗੁਰੂ ਰਾਮ ਸਿੰਘ ਪੈਰ ਫੜ੍ਹ, ਕਲਾ ਲਈ ਸੀ ਖਿੱਚ
ਵੇਖ ਗੁਰੂ ਬਾਬੇ ਕਿਹਾ, ਪੱਟੀ ਗਈ ਤੂੰ ਅੱਜ
ਹੋਣਾ ਸੀ ਜੋ ਹੋ ਗਿਆ, ਤੈਨੂੰ ਪੈ ਗਈ ਬੱਜ
ਘੁੰਘਣੀਆਂ ਇਕ ਵੇਚ ਸਿੱਖ, ਕਰਦਾ ਸੀ ਗੁਜਰਾਨ
ਗੁਰੂ ਰਾਮ ਸਿੰਘ 'ਸ਼ਾਹ' ਕਹਿ, ਦਿਤਾ ਉਸ ਸਨਮਾਨ

ਥੋੜੇ ਦਿਨਾਂ ਦੇ ਵਿਚ ਹੀ, 'ਸ਼ਾਹ' ਗਿਆ ਓਹ ਹੋਇ
ਪੁੱਤਰ ਪੋਤਰੇ ਅੱਜ ਉਸ, 'ਸ਼ਾਹ' ਕਹਾਂਦੇ ਸੋਇ
ਸਿੱਖ ਖਲੋਤੇ ਪੰਜ ਸੀ, ਸ੍ਰੀ ਬਾਬਾ ਜੀ ਪਾਸ
ਓਨਾਂ ਨੂੰ ਸਮਝਾ ਕੇ, ਗੱਲ ਕਹੀ ਇਹ ਖਾਸ
ਠਾਕਰ ਜੀ ਦੇ ਚਰਨ ਤੇ, ਰੱਖੋ ਅਪਣੇ ਸਿਰ
ਕੀਤੀ ਪਹਿਲ ਏਹ ਵੀ, ਸ੍ਰੀ ਠਾਕਰ ਜੀ ਫਿਰ
ਝੱਟ ਪੱਟ ਚਰਨੀ ਉਨ੍ਹਾਂ ਦੀ, ਦਿਤਾ ਸੀਸ ਟਿਕਾਇ
ਸਭ ਵਡੱਪਣ ਉਨ੍ਹਾਂ ਦਾ, ਦਿਤਾ ਧੂੜ ਮਿਲਾਇ
ਗੁਰੂ ਬਾਬਾ ਜੀ ਫਿਰ ਕਿਹਾ, ਇਹ ਸੱਭੋ ਕੁਝ ਵੇਖ
ਖਾਲੀ ਭਾਂਡਾ ਕਿਵ ਭਰੇ, ਬਿਨਾ ਕਰਮ ਦੀ ਰੇਖ
ਜਿਸ ਦੀ ਹੋਵੇ ਵਸਤੁ ਸੋ, ਜਾਂਦੀ ਉਸ ਦੇ ਪਾਸ
ਸ਼ੀਹਣੀ ਦੁਧ ਸਮਾਇ ਨਾ, ਬਿਨ ਭਾਂਡੇ ਦੇ ਖਾਸ
ਹਜਰੋਂ ਵਿਚ ਕੁਝ ਦਿਨ ਰਹੇ, ਗੁਰੂ ਬਾਬੇ ਦੇ ਕੋਲ
ਮੁੜ ਪੰਜਾਬ ਨੂੰ ਆਣ ਦੀ, ਅਰਜ ਕਰੀ ਜਾ ਬੋਲ
ਭਰ ਗਏ ਵਿਚ ਵੈਰਾਗ ਦੇ, ਗੁਰੂ ਬਾਬਾ ਸੁਣ ਗੱਲ
ਕਿਹਾ ਵਿਚ ਰਜ਼ਾ ਦੇ, ਅਸੀਂ ਨਾ ਪਾਈਏ ਠੱਲ੍ਹ
ਗੁਰੂ ਬਾਲਕ ਸਿੰਘ ਆਖਦੇ, ਵਾਰ ਵਾਰ ਇਹ ਮੋੜ
ਕਿਰਪਾ ਕਰਕੇ ਝੱਭ ਦੇ, ਦੇਣਾ ਦਰਸ ਬਹੋੜ
ਚੱਲਣ ਵੇਲੇ ਸਭ ਦੀ, ਅੱਖੀਂ ਭਰਿਆ ਨੀਰ
ਨੇਤਰ ਸਜਲ ਹੋ ਗਏ, ਫੁੱਟ ਪਏ ਜਿਉਂ ਸੀਰ
ਚਰਨੀ ਸੀਸ ਨਿਵਾਇ ਕੇ, ਸੰਗਤ ਨੂੰ ਹੱਥ ਜੋੜ
ਮੂੰਹ ਰੱਖ ਇਕ ਦੂਏ ਵੱਲ, ਤੁਰ ਪਏ ਪਿੱਛਲ ਖੋੜ
ਸੰਗਤ ਬਿਹਬਲ ਹੋ ਕਹੇ, ਦਿਓ ਨਾ ਸਾਨੂੰ ਰੋਲ
ਦਿਲ ਵਿਚ ਰੀਝ ਅਮੇਣਵੀਂ, ਵੱਸੀਏ ਚਰਨਾ ਕੋਲ
ਤੁਰ ਪਏ ਮੰਜ਼ਲ ਮਾਰਦੇ, ਰਾਵਲਪਿੰਡੀ ਵੱਲ
ਸੁਣ ਕੇ ਸਾਈਂ ਦਾਸ[43] ਵੀ, ਅਗੋਂ ਆਏ ਚੱਲ

[43] ਸਾਈਂ ਦਾਸ – ਪੂਰਾ ਨਾਮ ਭਗਤ ਜਵਾਹਰ ਮੱਲ ਸੀ। ਗੁਰੂ ਬਾਲਕ ਸਿੰਘ ਜੀ ਆਪ ਨੂੰ 'ਸਾਈਂ ਸਾਹਿਬ' ਕਹਿ ਕੇ ਬੁਲਾਇਆ ਕਰਦੇ ਸਨ। ਇਹ ਵੀ ਪਹਿਲਾਂ ਹਜ਼ਰੋਂ ਸਾਹਿਬ ਰਹਿੰਦੇ ਸਨ ਫਿਰ ਰਾਵਲ ਪਿੰਡੀ ਆ ਗਏ ਸਨ। ਗੁਰੂ ਬਾਲਕ ਸਿੰਘ ਜੀ ਦੇ ਬਹੁਤ ਪਿਆਰੇ ਸਿੱਖ ਸਨ।

ਚਰਨੀ ਸੀਸ ਨਿਵਾਇ ਕੇ, ਕੀਤੀ ਨਮਸ਼ਕਾਰ
ਕਿਹਾ ਦਾਸ ਕਲਾਲ ਦੀ, ਬੇੜੀ ਕਰਨੀ ਪਾਰ
ਵੇਚਾਂ ਨਿਤ ਸ਼ਰਾਬ ਮੈਂ, ਨਿਜੱਸ ਜੇਹਾ ਕੰਮ
ਰਹਿਮਤ ਸਤਿਗੁਰੂ ਯਾਰਵੇਂ, ਹਾਂ ਬੇ-ਫਿਕਰ ਬੇ-ਗਮ
ਰੱਖਣਾ ਲਾਕੇ ਆਪ ਨੇ, ਏਵੇਂ ਛਾਤੀ ਨਾਲ
ਬਾਲਕ ਸਿੰਘ ਗੁਰੂਦੇਵ ਨੇ, ਕੀਤਾ ਜਿਵੇਂ ਨਿਹਾਲ
ਹੋ ਪ੍ਰਸੰਨ ਸ੍ਰੀ ਗੁਰੂ ਕਿਹਾ, ਆਓ ਸਾਈਂਸਾਹਬ
ਸਾਈਂਦਾਸ ਨੂੰ ਬਖਸ਼ਿਆ, 'ਸਾਈਂ ਸਾਹਬ' ਖਿਤਾਬ
ਕਿਹਾ ਸਾਈਂ ਦਾਸ ਜੀ, ਧੰਨ ਅਸਾਡੇ ਭਾਗ
ਡੇਰਾ ਬਾਹਰ ਕਰਾਇਆ, ਵੇਖ ਸੁਹਾਵਾ ਬਾਗ
ਲੰਗਰ ਘਰ ਚੱਲ ਕੇ ਕਰੋ, ਕੁਟੀਆ ਕਰੋ ਪਵਿੱਤ
ਸਾਈਂ ਸਾਹਬ ਗਰੀਬ ਦਾ, ਵੇਖ ਗੁਰਾਂ ਕਿਹਾ ਹਿਤ
ਲੰਗਰ ਤੁਹਾਡਾ ਭਗਤ ਜੀ, ਕਰੀਏ ਤਦ ਕਬੂਲ
ਜੇ ਸ਼ਰਾਬ ਨੂੰ ਭੁੱਲ ਕੇ, ਹਥ ਨਾ ਲਾਓ ਮੂਲ
ਸਾਈਂ ਸਾਹਿਬ ਜੀ ਕਿਹਾ, ਮੈਨੂੰ ਹੈ ਪਰਵਾਨ
ਮੈਂ ਇਹ ਧੰਧਾ ਛੱਡਿਆ, ਖਾ ਕੇ ਆਖਾਂ ਆਣ
ਤੁਰਦਾ ਸਾਡਾ ਆ ਰਿਹਾ, ਮੁਢੋਂ ਇਹ ਵਾਪਾਰ
ਪਰ ਦਿਤਾ ਮੈਂ ਛੱਡ ਇਹ, ਕਰਾਂ ਹੋਰ ਕੋਈ ਕਾਰ
ਸਾਈਂ ਦਾਸ ਬਣਾਇਆ, ਭਗਤ ਸਾਈਂ ਦਾ ਸਾਹਬ
ਭੈੜਾ ਕੰਮ ਛੁਡਾ ਕੇ, ਕੀਤੇ ਦੂਰ ਅਜਾਬ
ਮੰਜਲੋ ਮੰਜਲੀ ਤੁਰ ਪਏ, ਏਥੋਂ ਵੱਲ ਪੰਜਾਬ
ਸਿਆਲ ਕੋਟ ਦੇ ਜ਼ਿਲ੍ਹੇ ਨੂੰ, ਲਾਏ ਆਕੇ ਭਾਗ
ਜਮੀਤ ਸਿੰਘ ਜੀ ਗਿੱਲ ਨੇ, ਕੀਤੀ ਅਰਜ਼ ਹਜ਼ੂਰ
ਨੱਗਰ ਚੱਲੋ ਦਾਸ ਦੇ, ਗਿੱਲਾਂ ਜੋ ਮਸ਼ਹੂਰ
ਕਿਰਪਾ ਕਰਕੇ ਅਸਾਂ ਤੇ, ਦੜਪ ਨੂੰ ਕਰੋ ਨਿਹਾਲ
ਰੱਖੋ ਸੰਗਤ ਆਪਣੇ, ਲਾ ਕੇ ਚਰਨਾਂ ਨਾਲ
ਤੂੰ ਗੁਰੂ ਭਾਈ ਅਸਾਂ ਦਾ, ਜੇਠਾ ਸਗੋਂ ਤੂੰ

---

ਬੇਸ਼ੱਕ ਉਹਨਾਂ ਦਾ ਕਿੱਤਾ ਸ਼ਰਾਬ ਵੇਚਣਾ ਸੀ ਪਰ ਹਰ ਖਰੀਦਣ ਵਾਲੇ ਨੂੰ ਇਸ ਤੋਂ ਹਟਕਦੇ ਵੀ ਸਨ ਕਿ ਨਾ ਪੀਆ ਕਰੋ।

ਸਭ ਤੋਂ ਪਹਿਲਾਂ ਗੁਰੂ ਨੂੰ, ਲੱਭਿਆ ਜਾਕੇ ਤੂੰ
ਏਸੇ ਵਿਚ ਹੰਕਾਰ ਦੇ, ਮੈਂ ਰਿਹਾ ਅੱਜ ਤੀਕ
ਦੁੱਧ ਚਾਖ ਨਾ ਸਕਿਆ, ਪੀਂਦਾ ਰਿਹਾ ਹਾਂ ਪੀਕ
ਬਖਸ਼ੋ ਕਿਰਪਾ ਧਾਰ ਹੁਣ, ਨਾਂ ਭੁਲਾਵੋ ਹੋਰ
ਤਾਰੋ ਜੱਟ ਗ਼ੀਬ ਨੂੰ, ਸਿਧੇ ਰਸਤੇ ਤੋਰ
ਹੁਣ ਭੁਲਾਣਾਂ ਨਾ ਕਦੀ, ਇਹ ਮੇਰੀ ਅਰਦਾਸ
ਦਵੋ ਜਮੀਤੇ ਗਿੱਲ ਨੂੰ, ਚਰਨਾਂ ਵਿਚ ਨਿਵਾਸ
ਅਰਜ਼ ਮੰਨ ਸ੍ਰੀ ਗੁਰੂ ਜੀ, ਗਏ ਗਿੱਲ ਵਿਚਕਾਰ
ਸਾਰਾ ਸਿੰਘ ਸਜਾਇਆ, ਗਿੱਲਾਂ ਦਾ ਪਰਵਾਰ
ਜਿਥੇ ਬੈਠੇ ਸਤਿਗੁਰੂ, ਓਥੇ ਥੜ੍ਹਾ ਉਸਾਰ[44]
ਖੇਤ ਦੇ ਵਿਚ ਬਣਾਇਆ, ਗਿੱਲੀਂ ਗੁਰੂਦੁਆਰ
ਮਿਰਜੇ ਵਾਲੀ, ਖਾਨਪੁਰ, ਖਾਰਾ, ਦਾਤੇਵਾਲ
ਚਵਿੰਡਾ ਆਦਕ ਕਿਆਮਪੁਰ, ਸੱਦੋ ਚੰਦੋ ਵਾਲ
ਹੋਰ ਦੜਪ[45] ਦੇ ਪਿੰਡ ਜੋ, ਤਾਰੇ ਬਹੁਤ ਅਨੇਕ
ਗਿਣੇ ਨਾ ਜਾਂਦੇ ਨਾਮ ਜੋ, ਕੀ ਦੱਸੀਏ ਇਕ ਏਕ
ਸਹਿਜੇ ਦਰਸ ਦੀਦਾਰ ਦੇ, ਜ਼ਿਲ੍ਹਾ ਜਲੰਧਰ ਵਾਸ
ਬਿੱਲੀਆਂ, ਚਿੱਟੀ, ਰਾਮਪੁਰ, ਲੁਹਾਰ, ਮੁਠੱਡਾ ਖਾਸ
ਸਾਰੇ ਪਿੰਡ ਸੁਲਤਾਨੀਏ, ਜਾਣ ਨਿਗਾਹੇ ਚੱਲ
ਗੁਰੂਸਿਖੀ ਗੁਰੂਮਤ ਦਾ, ਕੋਈ ਨਾ ਜਾਣੇ ਵੱਲ
ਧਰਮਸਾਲ ਨਾ ਕਿਤੇ ਸੀ, ਪੀਰਖਾਨੇ ਸਨ ਆਮ
ਮੁਸਲਮਾਨੀ ਕਾਰ ਸਭ, ਹਿੰਦੂ ਕਰਨ ਤਮਾਮ
ਸੇਖਾਂ ਹਥੋਂ ਸ਼ੀਰਨੀ, ਬ੍ਰਾਹਮਣ ਲੈ-ਲੈ ਖਾਣ
ਮੁਠੱਡਿਆਂ ਵਲੋਂ ਆ ਰਿਹਾ, ਵਜੀਰਾ ਸੀ ਤਰਖਾਣ
ਕਿਹਾ ਗੁਰਾਂ ਵਜੀਰਿਆ, ਸਿੰਘ ਗੁਰੂ ਦਾ ਹੋ
ਦਰਸ ਪਰਸ ਤੇ ਨਾ ਸੁਣ, ਮਸਤ ਗਿਆ ਸੀ ਹੋ

[44] ਬਾਹੋਵਾਲ ਜੀ ਮੁਤਾਬਿਕ 1858 ਈ. ਵਾਲੇ ਦੌਰੇ ਵਿਚ ਬਾਬਾ ਜਮੀਅਤ ਸਿੰਘ ਗਿੱਲ ਨਾਲ ਨਹੀਂ ਸੀ। ਉਸ ਦੇ ਪਿੰਡ ਜਾਣ ਅਤੇ ਥੜ੍ਹਾ ਬਣਾਉਣ ਵਾਲੀ ਘਟਨਾ 1863 ਈ. ਦੀ ਹੈ।

[45] ਰਾਵੀ ਅਤੇ ਚਨਾਬ ਦੇ ਵਿਚਾਲੇ ਸਿਆਲਕੋਟ ਜ਼ਿਲ੍ਹੇ ਦਾ ਤਹਿਸੀਲ ਜ਼ਫਰਵਾਲ ਦਾ ਇਲਾਕਾ ਜੋ ਗੁੱਜਰਾਂਵਾਲੇ ਦੇ ਉਤਰ ਪੂਰਬ ਵੱਲ ਹੈ।

ਆਂਹਦਾ ਬੰਨੇ ਲਾ ਦਿਓ, ਰੁੜ੍ਹਦਾ ਹਾਂ ਮੰਝਧਾਰ
ਕਰ ਲਓ ਜਿਵੇਂ ਰਜਾ ਪਰ, ਬੇੜਾ ਲਾਵੋ ਪਾਰ
ਭਜਨ ਸੁਣਾ ਕੇ ਆਖਿਆ, ਭੈਣੀ ਸਾਹਿਬ ਆ
ਹੋਰ ਜੋ ਸਾਥੀ ਹਨ ਤਿਰੇ, ਸਾਰੇ ਨਾਲ ਲਿਆ
ਪਿੰਡ ਵਿਚੋਂ ਦੀ ਲੰਘਦਿਆਂ, ਕੀਤੇ ਜਿਸ ਦੀਦਾਰ
ਹੋ ਗਿਆ ਮਸਤੀ ਵਿਚ ਓਹ, ਭੁੱਲੀ ਸਾਰੀ ਕਾਰ
ਲੱਗੇ ਵਜੀਰਾ ਓਹ ਨ, ਜਾਪੇ ਕੋਈ ਹੋਰ
ਲੋਕੀਂ ਗਏ ਹੈਰਾਨ ਹੋ, ਬਦਲੀ ਉਸ ਦੀ ਤੋਰ
ਰੰਗਣ ਚੜ੍ਹਗੀ ਨਾਮ ਦੀ, ਹੋਇਆ ਲਾਲੋ ਲਾਲ
ਲੋਕੀ ਸਭ ਪ੍ਰੇਰ ਉਸ, ਤੋਰੇ ਆਪਣੇ ਨਾਲ
ਭੈਣੀ ਸਾਹਿਬ ਲੈ ਜਾਇ ਕੇ, ਦਿਤੇ ਸਿਖ ਬਣਾ
ਪਿੰਡ ਦੇ ਵੱਡੇ ਚੌਧਰੀ, ਸਭ ਨੂੰ ਭਜਨ ਸੁਣਾ
ਗੰਡਾ ਸਿੰਘ ਤੇ ਫਤਹ ਸਿੰਘ, ਆਦਿਕ ਕਰ ਕਰਾ
ਸਿੰਘ ਸਜਾਏ ਏਹ ਸਨ, ਸੱਕੇ ਦੋਇ ਭਰਾ
ਹੋਰ ਵੀ ਸਾਰਾ ਸਜ ਗਿਆ, ਏਨ੍ਹਾਂ ਦਾ ਪਰਵਾਰ
ਸਭ ਮੁਠੱਡਾ ਆ ਗਿਆ, ਗੁਰੂ ਚਰਨਾਂ ਵਿਚਕਾਰ
ਇਕ ਦਿਨ ਫਿਰ ਸ੍ਰੀ ਗੁਰੂ ਜੀ, ਗਏ ਮੁਠੱਡੇ ਚੱਲ
ਕੀਤੀ ਅੱਛਰੂ ਜੱਟ ਨੇ, ਵਾਹਵਾ ਓਥੇ ਗੱਲ
ਸਾਰਾ ਟੱਬਰ ਓਸ ਦਾ, ਮੰਨਦਾ ਸੀ ਸੁਲਤਾਨ
ਦੇਖਾ ਦੇਖੀ ਓਸ ਵੀ, ਲਿਆ ਗੁਰਾਂ ਤੋਂ ਨਾਮ
ਲੱਗਾ ਫੇਰ ਦੀਵਾਨ ਜਦ, ਧਰਮਸਾਲ ਦੇ ਵਿਚ
ਅੱਛਰੂ ਜੱਟ ਦੇ ਘਰ ਦਿਆਂ, ਉਸ ਨੂੰ ਕੀਤਾ ਜਿੱਚ
ਅਸੀਂ ਸਾਂ ਸੁਲਤਾਨੀਏਂ, ਤੂੰ ਕਿਉਂ ਹੋਇਆ ਸਿੱਖ
ਡਰਦੇ ਅਸੀਂ ਹਾਂ ਓਸ ਤੋਂ, ਹੋਣੀ ਜਿਵੇਂ ਭਵਿੱਖ
ਰੁਸ ਜਾਇਗਾ ਅਸਾਂ ਦਾ, ਲਾਲਾਂ ਵਾਲਾ ਪੀਰ
ਮਰੀਏ ਅਸੀਂ ਨਿਹੱਕ ਸਭ, ਤੈਂ ਕੀਤੀ ਤਕਸੀਰ
ਟੱਪਾ ਲਿਆ ਜੋ ਉਨ੍ਹਾਂ ਤੋਂ, ਓਨ੍ਹਾਂ ਨੂੰ ਜਾ ਮੋੜ
ਸਾਡੇ ਕੋਲੋਂ ਇਹ ਨਾ, ਚੜ੍ਹ ਸੱਕੇਗਾ ਤੋੜ
ਧਰਮਸਾਲ ਦੇ ਵਿਚ ਸੀ, ਲਗਾ ਹੋਇਆ ਦੀਵਾਨ

ਬੂਹੇ ਅਗੇ ਅੱਛਰੂ, ਰੌਲਾ ਲਗ ਪਿਆ ਪਾਣ
ਟੱਪਾ ਲਿਆ ਸੀ ਮੈਂ ਜੋ, ਲਓ ਆਪਣਾ ਮੋੜ
ਮੈਨੂੰ ਮੇਰੇ ਘਰ ਦਿਆਂ, ਲਿਆ ਓਸ ਤੋਂ ਹੋੜ
ਸੁਣ ਭੋਲੀ ਗੱਲ ਜੱਟ ਦੀ, ਹੱਸ ਕਿਹਾ ਭਗਵਾਨ
ਕੀਤਾ ਵੱਡਾ ਗੁਨਾਹ ਤੈਂ, ਲੈ ਕੇ ਰਬ ਦਾ ਨਾਮ
ਕੱਚੇ ਪਾਰੇ ਵਾਂਗ ਇਹ, ਅੰਦਰ ਜਾਂਦਾ ਰਚ
ਨਾੜ-ਨਾੜ ਦੇ ਵਿਚ ਇਹ, ਹੱਡੀਂ ਜਾਵੇ ਪਚ
ਜਪੇਂ ਜੇ ਸ਼ਰਧਾ ਧਾਰ ਤੂੰ, ਹੋ ਜਾਸੀ ਕਲਿਆਣ
ਨਹੀਂ ਤੇ ਤੈਨੂੰ ਚੰਬੜੇ, ਕੱਚਾ ਜਿਵੇਂ ਮਸਾਣ
ਲਾ ਲਈਂ ਜਿੰਨਾਂ ਲੱਗਦਾ, ਅਪਣਾ ਸਾਰਾ ਜ਼ੋਰ
ਕੋੜ੍ਹੀ ਹੋ ਕੇ ਮਰੇਂ ਹੁਣ, ਨਾ ਕਰ ਐਵੇਂ ਸ਼ੋਰ
ਇਸ ਟੱਬਰ ਦੇ ਅੱਜ ਵੀ, ਹੁੰਦੇ ਲੋਕ ਬੀਮਾਰ
ਵੱਡਾ ਦੁਖ ਉਪਦੰਸ਼ ਦਾ, ਦਮਾਂ ਰਬ ਦੀ ਮਾਰ
ਇਕ ਵਾਰ ਬਖਸ਼ਾ ਇਹ, ਸਿੱਖ ਗਏ ਸੀ ਹੋਇ
ਹਰੀ ਸਿੰਘ ਸਤਿਗੁਰੂ ਜੀ, ਦੁੱਖ ਦਿਤਾ ਸੀ ਖੋਇ
ਰਾਜੀ ਹੋਇਆ ਅੱਛਰੂ, ਡਿਠਾ ਮੈਂ ਇਕ ਵਾਰ
ਅੰਮ੍ਰਿਤ ਛਕਿਆ ਸਿੰਘ ਹੋ, ਸਾਰਾ ਇਸ ਪਰਵਾਰ
ਦੂਜੀ ਵਾਰੀ ਫੇਰ ਇਸ, ਦਿਤੇ ਕੇਸ ਮੁਨਾਇ
ਮਰਿਆ ਕੋੜ੍ਹੀ ਹੋਇਕੇ, ਨਰਕੀਂ ਡਿੱਗਾ ਜਾਇ
ਏਥੇ ਸ੍ਰੀ ਗੁਰੂਦੇਵ ਜੀ, ਕੀਤੇ ਚਰਿਤ ਅਪਾਰ
ਡਿਉਢੀ ਭੈਣੀ ਸਾਹਿਬ ਦੀ, ਆਂਹਦੇ ਕਿਰਪਾ ਧਾਰ
ਔਜਲਿਆਂ ਦਾ ਪਿੰਡ ਹੈ, ਉੱਜਲ ਹੋਏ ਲੋਕ
ਚੰਬੜੇ ਸੀ ਅੰਗ੍ਰੇਜ਼ ਨੂੰ, ਬਣ ਕੇ ਵਾਂਗੂ ਜੋਕ
ਸਿੰਘਾਂ ਨੂੰ ਜਾ ਗੋਰਿਆਂ, ਦਿਤੇ ਕਸ਼ਟ ਅਨੇਕ
ਓਨ੍ਹਾਂ ਵਿਚੋਂ ਇਹ ਵੀ, ਸਾਰਾ ਪਿੰਡ ਸੀ ਏਕ
ਚੌਂਕੀ ਏਥੇ ਪੁਲਸ ਦੀ, ਗੋਰਿਆਂ ਦਿਤੀ ਪਾਇ
ਕੂਕਾ ਵੜੇ ਨਾ ਪਿੰਡ ਵਿਚ, ਬਿਨ ਦਿੱਤੇ ਇਤਲਾਇ
ਮੇਰੇ ਹੈਸਨ ਨਾਨਕੇ, ਏਸ ਪਿੰਡ ਵਿਚਕਾਰ
ਮਾਤਾ ਜੀ ਦੇ ਨਾਲ ਮੈਂ, ਜਾਂਦਾ ਸਾਂ ਕਈ ਵਾਰ

ਸਾਡਾ ਕਿਉਂਕਿ ਪਿੰਡ ਸੀ, ਭੈਣੀ ਸਾਹਿਬ ਨਜੀਕ
ਰਾਤੀਂ ਹਾਂ ਘਰ ਵਿਚ ਅਸੀਂ, ਕਰਨ ਲਈ ਤਸਦੀਕ
ਚੌਕੀਦਾਰ ਜਗਾਂਵਦਾ, ਆਕੇ ਵਾਜਾਂ ਮਾਰ
ਜੁਰਾਇਮ ਪੇਸ਼ਾ ਵਿਚ ਓਹ, ਸਾਨੂੰ ਕਰਨ ਸ਼ੁਮਾਰ
ਮਾਤਾ ਜੀ ਵੀ ਪਿਉਕੀਂ, ਰਹਿ ਨਾ ਸਕਦੇ ਵੱਧ
ਜਿੰਨੇ ਦਿਨ ਇਤਲਾਹ ਦੀ, ਪਾ ਦੇਂਦੇ ਸੀ ਹੱਦ
ਜਦੋਂ ਸ੍ਰੀ ਗੁਰੂਦੇਵ ਜੀ, ਅੰਗ੍ਰੇਜ਼ਾਂ ਦੇ ਨਾਲ
ਨਾ-ਮਿਲਵਰਤਨ ਤੋਰ ਕੇ, ਕੀਤਾ ਕੰਮ ਕਮਾਲ
ਸਪੈਦ ਪੋਸ਼ ਤੇ ਜ਼ੈਲਦਾਰ, ਸਾਰੇ ਨੰਬਰਦਾਰ
ਅੰਗ੍ਰੇਜ਼ਾਂ ਦੇ ਕੰਮ ਤੋਂ, ਵਰਜੇ ਸੀ ਇਕ ਵਾਰ
ਮਾਮਾ ਮੰਗਲ ਸਿੰਘ ਜੀ, ਸਨ ਸਪੈਦਪੋਸ਼
ਨਾ-ਮਿਲਵਰਤਨ ਕਰਨ ਦਾ, ਹੁਕਮ ਨਾ ਦਿਤਾ ਓਸ
ਨੰਬਰਦਾਰ ਸਪੈਦਪੋਸ਼, ਰਹੇ ਬਣੇ ਸਰਕਾਰ
ਉਨ੍ਹਾਂ ਨੂੰ ਨਾ ਹਟਾਇਆ, ਕੀਤੀ ਕੋਈ ਵਿਚਾਰ
ਜੋ ਵੀ ਸੀ ਅੰਗ੍ਰੇਜ਼ ਦੇ, ਹਾਕਮ ਖ਼ੈਰ ਖ਼ੁਆਹ
ਕਰਦੇ ਸਾਰੇ ਉਨ੍ਹਾਂ ਦਾ, ਅੱਖਾਂ ਮੀਟ ਵਿਸਾਹ
ਇਕ ਪਾਸੇ ਜੇ ਹੋਣ ਉਹ, ਦੂਜੇ ਸਾਰਾ ਗਾਉਂ
ਸੱਚਾ ਮੰਨਦੇ ਉਨ੍ਹਾਂ ਨੂੰ, ਦੂਜਾ ਲੈਣ ਨਾ ਨਾਉਂ
ਝੂਠ ਕਦੀ ਨਾ ਬੋਲਦੇ, ਰਿਸ਼ਵਤ ਲਈ ਨਾ ਮੂਲ
ਰਹੇ ਫ਼ਰਜ਼ ਨੂੰ ਪਾਲਦੇ, ਕਰੀ ਨਾ ਗੱਲ ਫ਼ਜ਼ੂਲ
ਮੇਰੇ ਮਾਮਾ ਜੀ ਸਨ, ਸਭ ਤੋਂ ਵੱਡੇ ਏਹ
ਰਖਦੇ ਮੇਰੇ ਨਾਲ ਸੀ, ਅਤੀ ਪਿਆਰ ਸਨੇਹ
ਸ੍ਰੀ ਸਤਿਗੁਰੂ ਜੀ ਇਨ੍ਹਾਂ ਨੂੰ, ਨਾਮ ਸੁਣਾਇਆ ਆਪ
ਦੱਸਿਆ ਸਾਰਾ ਉਨ੍ਹਾਂ ਇਹ, ਮੈਨੂੰ ਵਾਰਤਾ-ਲਾਪ
ਇਨ੍ਹਾਂ ਤੋਂ ਨਿੱਕੇ ਵੀਰ ਸਿੰਘ, ਗੁਰੂ ਮੱਤ ਅਨੁਸਾਰ
ਕੀਤਾ ਆਪ ਅਨੰਦ ਸੀ, ਸਤਿਗੁਰੂ ਕਿਰਪਾ ਧਾਰ
ਇਨ੍ਹਾਂ ਤੋਂ ਪਹਿਲਾਂ ਕਿਸੇ ਦਾ, ਹੋਇਆ ਨਹੀਂ ਅਨੰਦ
ਇਹ ਮਰਯਾਦਾ ਇਨ੍ਹਾਂ ਤੋਂ, ਕੀਤੀ ਗੁਰੂ ਅਰੰਭ
ਕਨ੍ਹੱਯਾ ਸਿੰਘ ਜੀ ਰਸੀਏ, ਅਤੇ ਸੰਗੀਤ ਕਾਰ

ਮਈਆ ਸਿੰਘ ਜੀ ਸੰਤ ਸਨ, ਸ਼ਾਂਤੀ ਦੇ ਅਵਤਾਰ
ਸੂਬਾ ਸੱਯਾ ਸਿੰਘ ਜੀ, ਖੁਸ਼ ਰੂਹ ਖੁਸ਼ ਮਿਜਾਜ
ਥਾਪੇ ਸੱਚੇ ਪਾਤਸ਼ਾਹ[46], ਦੁਆਬੇ ਦੇ ਸਿਰਤਾਜ਼
ਮੁਠੱਡਿਆਂ ਦੇ ਵਿਚ ਸਤਿਗੁਰੂ, ਕੀਤੇ ਚਰਿਤ ਅਨੇਕ
ਓਨਾਂ ਵਿਚੋਂ ਸਿਰਫ ਮੈਂ, ਦੱਸੇ ਕੁੱਝ ਵਿਸੇਖ

**********************

[46] ਇਹਨਾਂ ਨੂੰ ਸੂਬਾ ਸਤਿਗੁਰੂ ਪਰਤਾਪ ਸਿੰਘ ਜੀ ਨੇ ਥਾਪਿਆ ਸੀ।

## (8)

# ਜੋਤਿ–ਪ੍ਰਕਾਸ਼

ਭੈਣੀ ਸਾਹਿਬ ਹੋ ਗਿਆ, ਸੁਖਾਂ ਦਾ ਸੀ ਧਾਮ
ਪੂਰੀ ਲਗ ਪਈ ਹੋਣ ਸੀ, ਸਿਖਾਂ ਦੀ ਮਨੋ ਕਾਮ
ਨਾਮ ਦਾਨ ਇਸ਼ਨਾਨ ਦਾ, ਹੋਇਆ ਅਤਿ ਪ੍ਰਚਾਰ
ਵੈਲੀ ਲਗ ਪਏ ਕਰਨ ਸੀ, ਸੰਤਾਂ ਵਾਲੀ ਕਾਰ
ਰਹਿ ਗਈ ਕਿਸੇ ਵੀ ਚੀਜ਼ ਦੀ, ਨਾ ਹੀ ਕੋਈ ਥੋੜ
ਰਹੇ ਖਲੋਤੀ ਲੱਛਮੀ, ਬੂਹੇ ਤੇ ਹੱਥ ਜੋੜ
ਹੋਈਆਂ ਕੱਠੀਆਂ ਆਣਕੇ, ਸਭੇ ਰਿਧਾਂ ਸਿਧ
ਹਾਜਰ ਲਗੀ ਰਹਿਣ ਸੀ, ਆਂਹਦੇ ਜਿਸ ਨੌ ਨਿਧ
ਦਰਸ਼ਨ ਦੇ ਅਕਾਲ ਸੀ, ਕਿਹਾ ਮੰਗ ਲਉ ਵਰ
ਅਰਜ਼ ਕਰੀ ਗੁਰੂ ਦੇਵ ਸੀ, ਚਰਨਾਂ ਤੇ ਸਿਰ ਧਰ
ਸਾਡੇ ਦਿਲ ਵਿਚ ਸਦ ਵਸੇ, ਸਿੱਖੀ ਦੀ ਪ੍ਰਤੀਤ
ਖ਼ਿਮਾ ਗ਼ਰੀਬੀ ਬੰਦਗੀ, ਜਿਉਂ ਵੱਡਿਆਂ ਦੀ ਰੀਤ
ਪੰਜ ਤੱਤ ਦਾ ਨਾ ਰਹੇ, ਉਕਾ ਮਨ ਵਿਚ ਲੇਸ
ਨਿੰਮ੍ਰਤਾ ਰਹੇ ਵੱਸਦੀ, ਦਿਲ ਦੇ ਵਿਚ ਹਮੇਸ਼
ਸੰਗਤ ਹੋਵੇ ਉਨ੍ਹਾਂ ਦੀ, ਜੋ ਪੂਰਨ ਨੇ ਸੰਤ
ਹਿੰਸਾ ਗਊ ਗ਼ਰੀਬ ਦੀ, ਦਿਸੇ ਨਹੀਂ ਕਦੰਤ
ਬੰਦੇ ਦੀ ਤੇ ਗੱਲ ਕੀ, ਮਿਰਗ, ਮੀਨ ਤੇ ਮੋਰ
ਨਾਮ ਅਤੇ ਬਾਣੀ ਬਿਨਾਂ, ਵਾਧੂ ਕਰਨ ਨਾ ਸ਼ੋਰ
'ਵਾਜਾ ਦੇਣ ਅਕਾਲ ਦਾ, ਰੁੱਖ ਬਿਰਖ ਤੇ ਝਾੜ
ਦਿਸੇ ਦਿਲ ਵਿਚ ਨਾ ਕਿਸੇ, ਨਫ਼ਰਤ ਕੀਨਾ ਸਾੜ
ਉੱਡਣ ਮੇਰੀ ਕੌਮ ਤੋਂ, ਚੋਰੀ ਯਾਰੀ ਪਾਪ
ਕੋਈ ਦੁਖਾਵੇ ਨਾ ਕਿਸੇ, ਹੋਵੇ ਦੂਰ ਸੰਤਾਪ
ਸਭ ਦੀ ਹੋਵੇ ਆਪ ਦੇ, ਚਰਨਾਂ ਨਾਲ ਪ੍ਰੀਤ
ਬੰਦੇ ਜਾਪਣ ਦੇਵਤੇ, ਧਾਰ ਗੁਰੂ ਮਤ ਰੀਤ
ਰਿਸ਼ੀਆਂ ਦਾ ਜੋ ਚਲਣ ਤੇ, ਸਤਿਜੁਗ ਦੀ ਮਰਯਾਦ

ਧਾਰਨ ਗਭਰੂ ਦੇਸ਼ ਦੇ, ਹੋਵਣ ਨਾ ਬਰਬਾਦ
ਹੋਵੇ ਦੇਸ਼ ਆਜ਼ਾਦ ਤੇ, ਹੋਣ ਵਿਦੇਸ਼ੀ ਦੂਰ
ਤੋਰਾਂ ਚਾੜ੍ਹ ਜਹਾਜ਼ ਤੇ, ਭਰ ਏਨ੍ਹਾਂ ਦੇ ਪੂਰ
"ਤਥਾ ਅਸਤੂ" ਖੁਸ਼ ਹੋ ਕਿਹਾ, ਗੱਲਾਂ ਸੁਣ ਅਕਾਲ
ਵੰਡੋ ਬੁੱਕ ਭਰ ਬੰਦਗੀ, ਸੰਗਤ ਕਰੋ ਨਿਹਾਲ
ਹੋਵੇ ਭਾਰਤ ਦੇਸ਼ ਵਿਚ, ਮੁੜ ਸਿੱਖੀ ਪ੍ਰਚਾਰ
ਆਏ ਹੋ ਜਿਸ ਕੰਮ ਲਈ, ਲਓ ਓਸ ਦੀ ਸਾਰ
ਉੱਗੇ, ਪੱਥਰ ਵਿਚ ਵੀ, ਬੀਜੋਗੇ ਜੋ ਬੀਜ
ਤੇਜ ਵੇਖ ਕੇ ਪੰਥ ਦਾ, ਪੁਗੇ ਹੋਵੇ ਰੀਝ
ਨਿੰਦਕ ਦੋਖੀ ਈਰਖੀ, ਪਏ ਜਾਨ ਨੂੰ ਰੋਣ
ਤੁਹਾਡੇ ਦਿਲ ਅਰਮਾਨ ਜੋ, ਸਾਰੇ ਪੂਰੇ ਹੋਣ
ਗਿਆਨੀ ਸ੍ਰੀ ਗਿਆਨ ਸਿੰਘ, 'ਪੰਥ ਪ੍ਰਕਾਸ਼' ਮਝਾਰ
ਏਸ ਸਮੇਂ ਦਾ ਜ਼ਿਕਰ ਉਨ, ਇਉਂ ਕੀਤਾ ਪ੍ਰਸਾਰ

"ਕਾਰਬਾਰ ਜਗ ਕੇ ਅਸਾਰ ਲਖ ਡਾਰ ਸਭ,
ਧਾਰ ਸੁ ਅਚਾਰ ਔ ਵਿਚਾਰ ਵੀਚ ਰਹਿ ਹੈ ।
ਮਸਤ ਸ਼ਰਾਬੀ ਜਸੋਂ ਰਹਾਬੀ, ਬ੍ਰਿਤਿ ਏਕ ਰਸ,
ਦਾਬੀ ਦਿਲਗੀਰੀ, ਫ਼ਾਬੀ ਖ਼ੁਸ਼ੀ ਤੇ ਅਚਹਿ ਹੈ
ਰੋਧ ਕਰ ਇੰਦਰੀ, ਨਿਰੋਧ ਮਨ ਕੌ ਪ੍ਰਬੋਧ,
ਸੋਧ ਸ਼ੁਧ ਠੌਰ, ਨਦੀ ਸਰ ਤਟ ਬਹਿ ਹੈ
ਜੀਹ ਨਾਮ ਜਪ ਮਾਹਿ, ਤਨ ਤਾਯੋ ਤਪ ਮਾਂਹਿ,
ਮਨ ਮਹਿਬੂਬ ਮਾਂਹਿ, ਖੂਬ ਰਾਖਿਓ ਗਹਿ ਹੈ।

ਬੀਸਕ ਬਰਸ ਜਬ ਸਰਸ ਬਿਤਾਇ ਐਸ,
ਬੰਦਗੀ ਜ਼ੁਹਦ ਜਾਪ ਕੀਨੇ ਮਨ ਲਾਇ ਕੈ
ਦਾਸੀ ਜੋਉ ਨਾਮ ਕੀ ਪ੍ਰਕਾਸ਼ੀ ਰਿਧਿ ਸਿਧਿ ਸੋਊ,
ਭਾਸੀ ਬਾਣੀ ਮੈਂ ਤਾਸੀਰ ਭਜਨ ਪ੍ਰਭਾਇ ਕੈ
ਭਈ ਤੋਂ ਅਕਾਸ਼ਬਾਨੀ ਖਾਸ ਯੋਂ ਮਹਾਨੀ ਤਾਂਹਿ,
ਦੇਹੁ ਨਾਮ ਜੀਵਨ ਕੋ ਸੀਖ ਭੋਗ ਦਾਇ ਕੈ

ਪੰਥ ਗੁਰੂ ਦਸਮ ਕੀ ਰਸਮ ਬਢਾਵੋ ਜਗ,
ਖਸਮ ਕਾ ਖਾਲਸਾ ਹੈ ਖਾਸ ਯੇ ਲਖਾਇਕੈ

ਪਾਇ ਇਹੁ ਹੁਕਮ ਪ੍ਰਮੇਸ਼ ਕਾ ਵਿਸ਼ੇਸ਼ ਫਿਰ,
ਰਾਮ ਮ੍ਰਿਗੇਸ਼ ਉਪਦੇਸ਼ ਦੈਨ ਲਾਗਿਓ
ਹੁਕੇ ਛੁਡਵਾਏ ਰਖਵਾਏ ਕੇਸ਼ ਮੋਨਿਓਂ ਕੇ,
ਸੁਧਾ ਛਕ ਥਾਏ ਸਿਖ ਭਾਗ ਜਿਨੈਂ ਜਾਗਿਓ
ਫੈਲਿਓ ਜਸ ਭਾਰੀ ਸਿਖ ਥੀਏ ਤਾਂਹ ਕੇ ਅਪਾਰੀ,
ਸਿੰਘ ਪੰਥ ਬਿਰਧਾਯੋ ਨਾਮ ਰਸ ਪਾਗਿਓ
ਫ਼ੀਮ ਭੰਗ ਪੋਸਤ ਸ਼ਰਾਬ ਮਾਸ ਚੋਰੀ ਯਾਰੀ,
ਠਗੀ ਤਜ ਥੀਏ ਸੰਤ ਸਤਿਜੁਗ ਆ ਗਿਓ
(ਪੰਥ ਪ੍ਰਕਾਸ਼ ਗਿਆਨ ਸਿੰਘ ਜੀ ਗਿਆਨੀ)

ਸਿਆਲ ਕੋਟ ਦਾ ਜ਼ਿਲ੍ਹਾ ਜੋ, ਉੱਘਾ ਵਿਚ ਪੰਜਾਬ
ਸੂਰਜ ਵਾਂਗੂੰ ਚਮਕਦੀ, ਜਿਸਦੀ ਸੋਹਣੀ ਆਬ
ਓਥੋਂ ਦਾ ਇਕ ਪਿੰਡ ਜਿਸ, ਨਾਂ ਸੀ ਆਲਮੁਹਾਰ[47]
ਆਤਮਾਸਿੰਘ ਘਰ ਆਪਣੇ, ਸੁੱਤਾ ਪੈਰ ਪਸਾਰ
ਰਾਤੀਂ ਆਣ ਜਗਾਇਆ, ਕਿਸੇ ਓਸ ਨੂੰ ਟੁੰਬ
ਉਠਿਆ ਬੁੜ ਬੁੜਾ ਓਹ, ਜਿਉਂ ਭਾਦੋਂ ਦੀ ਖੁੰਬ
ਬੋਲੇ ਕਿਉਂ ਬੇ ਸੁੱਧ ਪਿਆ, ਨੀਂਦਰ ਦੇਹ ਤਿਆਗ
ਤੁਰ ਪਓ ਏਥੋਂ ਉਠ ਕੇ, ਸਾਵਧਾਨ ਹੋ ਜਾਗ
ਐਵੇਂ ਬਿਰਥਾ ਜਾ ਰਿਹਾ, ਮਾਨਸ ਜਨਮ ਅਮੋਲ
ਪੂੰਜੀ ਸਭ ਲੁਟਾਇਕੇ, ਕੀ ਰਖੇਂਗਾ ਕੋਲ

ਸੁੱਤਾ ਪੈਰ ਪਸਾਰ ਕੇ, ਕਿਉਂ ਲਾਈ ਹੈ ਦੇਰ
ਹੀਰੇ ਜੇਹਾ ਜਨਮ ਇਹ, ਹੱਥ ਨਾ ਆਵੇ ਫੇਰ
ਇਸ ਨੂੰ ਲਓ ਸਵਾਰ ਤੇ, ਉਠੋ ਕਰੋ ਕਰਾਰ

[47] ਆਲੋ ਮੁਹਾਰ ਪਿੰਡ ਦਾ ਨਾਮ ਸੀ।

ਲੱਭੋ ਜਾਕੇ ਸਤਿਗੁਰੂ, ਪੂਰੇ ਦਾ ਦਰਬਾਰ
ਨਾਮ ਖ਼ਜ਼ਾਨਾ ਲੈ ਓਹ, ਮਾਲਕ ਆਇਆ ਆਪ
ਠਾਰੋ ਸੜਦੀ ਆਤਮਾ, ਮੇਟੋ ਭੈਜਲ ਪਾਪ
ਭਾਲੋ ਜਲਦੀ ਨਾਲ ਤੇ, ਬੂਹਾ ਲੱਭੋ ਓਸ
ਵੇਲੇ ਦੇ ਨਾਲ ਦੱਸਿਆ, ਫੇਰ ਨਾ ਦੇਣਾ ਦੋਸ਼
ਲਭਦਿਆਂ ਲਭਦਿਆਂ ਆਪ ਹੀ, ਓਹ ਪਵੇਗਾ ਲੱਭ
ਫੇਰ ਤੁਹਾਡੇ ਕੰਮ ਇਹ, ਜਾਵਣ ਸਭੇ ਫੱਬ
ਸੁੱਤਾ ਜਾਗਿਆ ਆਤਮਾ, ਸੁਣ ਕੇ ਇਹ ਅਵਾਜ
ਤੁਰ ਪਿਆ ਵਾਂਗੂੰ ਪਾਗ਼ਲਾਂ, ਪਈ ਅਜੇਹੀ ਭਾਜ
ਸਿਰਖੰਡੀ:
ਚਾਰ ਚੁਫੇਰੇ ਅੱਖਾਂ, ਪੁੱਟ ਪੁੱਟ ਵੇਖਦਾ
ਨਜਰ ਨਾ ਆਵੇ ਕੁਝ ਵੀ, ਕੇ ਓਹ ਕੌਣ ਸੀ
ਲੱਗੀ ਦਿਲ ਉਚਾਟ, ਨੀਂਦਰ ਪਏ ਨਾ
ਅੰਦਰਲੀ ਕੋਈ ਖਿੱਚ, ਖਿੱਚੀ ਜਾ ਰਹੀ
ਬਿਨ ਦੱਸੇ ਕੁਝ ਬੋਲੇ, ਓਸੇ ਵੇਲੜੇ
ਅੱਖਾਂ ਮਲਦੇ ਤੁਰ ਪਏ, ਸਿਆਲ ਕੋਟ ਨੂੰ
ਹਰ ਗਲੀ ਹਰ ਕੂਚੇ, ਵਾਂਗ ਸ਼ੁਦਾਈਆਂ
ਲੱਭਦੇ ਸਨ ਅਣ ਡਿੱਠੇ, ਉਸ ਮਹਿਬੂਬ ਨੂੰ
ਪੁੱਛਣ ਤੇ ਕੀ ਪੁੱਛਣ, ਦੱਸੇ ਕੀ ਕੁਈ
ਇਕ ਮਸਤ ਮਸਤਾਨਾ, ਜੇਹਾ ਮਿਲ ਪਿਆ
ਬਹਿਕੇ ਉਸ ਦੇ ਕੋਲ, ਦੁੱਖ ਸੁਖ ਫੋਲਿਆ
ਉਸ ਨੇ ਕਿਹਾ ਜਾਓ, ਵਜੀਰਾਬਾਦ ਨੂੰ
ਓਥੇ ਫ਼ੱਕਰ ਇਕ, ਉਪਰ ਨਦੀ ਦੇ
ਟੁੱਟੀ ਭੈੜੀ ਕੁੱਲੀ, ਪਾਟੇ ਕੱਪੜੇ
ਲੋਕੀ ਕਹਿਣ ਦੀਵਾਨਾ, ਦਾਨੇ ਓਸ ਨੂੰ
ਅਗਮ ਨਿਗਮ ਦੀ ਗੱਲ, ਸਾਰੀ ਜਾਣਦਾ
ਹੋ ਰਿਹਾ ਜੋ ਅੱਜ, ਤੇ ਕੱਲ੍ਹ ਹੋਇ ਜੋ
ਸੱਭੋ ਕੁਝ ਓਹ ਜਾਣੇ, ਪਰ ਖ਼ਾਮੋਸ਼ ਹੈ
ਪਾਏ ਦੱਸ ਤੁਹਾਨੂੰ, ਤੁਹਾਡੇ ਢੋਲ ਦੀ

ਤੁਰ ਪਏ ਬੇ ਅਰਾਮੇ, ਸੱਕੇ ਬੈਠ ਨਾਂ
ਭਾਲ ਲਿਆ ਓਹ ਜਾਕੇ, ਵੇਦਨ ਆਪਣੀ
ਦੱਸੀ, ਸੁਣ ਕੇ ਗੱਲ, ਕਹਿਆ ਓਸ ਨੇ
ਜਾਓ ਵਿਚ ਲਾਹੌਰ, ਲੱਭੋ ਜਾਇ ਕੇ
ਓਥੇ ਸਾਧੂ ਇਕ, ਕਰਨੀ ਵਾਲੜਾ
ਤੁਹਾਡੇ ਦਿਲ ਦੀ ਆਸ, ਪੂਰੀ ਕਰ ਦਏ
ਲੱਕ ਬੰਨ੍ਹ ਕੇ ਤੁਰ ਪਏ, ਵੱਲ ਲਾਹੌਰ ਦੇ
ਸਾਂਈ ਦਾ ਦਰਵੇਸ਼, ਜਾ ਕੇ ਭਾਲਿਆ
ਦੱਸੀ ਸਾਰੀ ਗੱਲ, ਉਸ ਨੂੰ ਖੋਹਲ ਕੇ
ਸੁਣ ਕੇ ਕਿਹਾ ਓਸ, ਆਓ ਚੱਲੀਏ
ਮੈਨੂੰ ਵੀ ਹਮਰਾਹੀ, ਸਮਝੋ ਆਪਣਾ
ਚੰਗਾ ਹੋਇਆ ਆਪਾਂ, ਦੋ ਹਾਂ ਹੋ ਗਏ
ਹੋ ਜਾਵੇਗੀ ਦੀਦ, ਈਦ ਦੇ ਚੰਨ ਦੀ
ਦੇਸ ਮਾਲਵੇ ਵਿੱਚ, ਭੈਣੀ ਪਿੰਡ ਇੱਕ
ਬਾਰਾਂ ਕੋਹ ਕਰੀਬ, ਓਹ ਲੁਦਿਹਾਣਿਓਂ
ਚੜ੍ਹਦੇ ਪਾਸੇ ਵੱਲ, ਪਿੰਡ ਸੁਹਾਵਣਾ
ਆਇਆ ਓਥੇ ਆਪ, ਨੂਰ ਅੱਲਾਹ ਦਾ
ਚਾਰ ਚੁਫ਼ੇਰੇ ਨੂਰ, ਉਸ ਦੇ ਪਸਰਿਆ
ਸਾਰਾ ਹੈ ਜ਼ਹੂਰ[48], ਉਸ ਦੇ ਨੂਰ ਦਾ
ਹੈ ਅਗੰਮੀ ਛੋਹ, ਉਸਦੇ ਦੀਦ ਵਿਚ
ਖਾਕੀ ਬੰਦਾ ਨੂਰੀ, ਓਹ ਬਣਾ ਦਏ
ਲੱਗੇ ਜੋ ਅਚਾਣਕ, ਨੇੜੇ ਓਸ ਦੇ
ਚੰਦਨ ਜਿਉਂ ਖ਼ੁਸ਼ਬੂ, ਭਰਦੀ ਨੂਰ ਦੀ
ਸੌਰ ਜਾਂਵਦੇ ਕੰਮ, ਓਸੇ ਵੇਲੜੇ
ਰਹਿ ਨਾ ਜਾਂਦੀ ਲੋੜ, ਪੂਜਾ ਪਾਠ ਦੀ
ਰੋਜ਼ੇ ਅਤੇ ਨਿਮਾਜ਼ਾਂ, ਵਿਸਰ ਜਾਂਵਦੇ
ਰਹਿੰਦੀ ਯਾਦ ਖ਼ੁਦਾ ਦੀ, ਹਰ ਦਮ ਜੀਭ ਤੇ

[48] ਜ਼ਾਹਰ ਹੋਣਾ, ਪਰਤੱਖ ।

ਸਬਰ ਸ਼ੁਕਰ ਖ਼ੁਦ ਮਸਤੀ, ਆ ਕੇ ਵੱਸਦੀ
ਲਾ[49] ਇਲਾਹ ਦੇ ਬਾਝ, ਸਭ ਕੁਝ ਭੁੱਲਦਾ
ਚੱਲ ਦਰਗਾਹ ਉਸਦੀ, ਦੋਵੇਂ ਭਾਲੀਏ
ਮੈਂ ਵੀ ਤੇਰੇ ਨਾਲ, ਜਾਵਾਂ ਬਖਸ਼ਿਆ
ਸਿਜਦਾ ਕਰੀਏ ਚਰਨੀ, ਸੀਸ ਨਵਾਇਕੇ
ਨੂਰੀ ਦਾ ਦੀਦਾਰ, ਨੂਰ ਬਣਾ ਦਏ
ਦੋਵੇਂ ਰਲਕੇ ਚੱਲ, ਉਨ੍ਹਾਂ ਨੂੰ ਭਾਲੀਏ
ਤੁਰ ਪਏ ਦੋਵੇਂ ਵੱਲ, ਭੈਣੀ ਸਾਹਿਬ ਦੇ
ਏਨਾਂ ਨਾਲੋਂ ਪਹਿਲਾਂ, ਕਈ ਕੁ ਹੋਰ ਵੀ
ਓਨ੍ਹਾ ਲਏ ਬੁਲਾ, ਜੋ ਸਨ ਉਨ੍ਹਾਂ ਦੇ
ਕਾਨ੍ਹ ਸਿੰਘ ਨਿਹੰਗ, ਬਾਬਾ ਸੁਧ ਸਿੰਘ,
ਵਰ੍ਹਿਆਹਾਂ ਤੋਂ ਆਏ ਨੈਣਾ ਸਿੰਘ ਜੀ[50]
ਆਤਮਾ ਸਿੰਘ ਜੀ ਰਲ ਗਏ, ਏਨਾ ਨਾਲ ਹੀ
ਸੂਰਦਾਸ ਅਵਤਾਰ, ਭਾਈ ਲਾਭ ਸਿੰਘ
ਬਾਣੀ ਗਾਂਦੇ ਗੁਰ ਦੀ, ਰਾਗ ਅਲਾਪਦੇ
ਪੰਜਵੇਂ ਸ੍ਰੀ ਗੁਰੂ ਅਰਜਨ, ਸਾਜ ਬਣਾਇਆ
ਨਾਂ ਸਰੰਦਾ ਧਰਿਆ, ਓਨ੍ਹਾਂ ਓਸ ਦਾ
ਵੀਣਾਂ ਤੂਸ ਸਰੰਗੀ, ਅਤੇ ਸਤਾਰ ਵੀ
ਫਿੱਕੇ ਕਰਕਸ ਲਗਦੇ, ਅਗੇ ਓਸ ਦੇ
ਓਹੋ ਜਹੀ ਮਿਠਾਸ ਨਾ, ਕਿਸੇ ਹੋਰ ਵਿਚ
ਕੀਰਤਨ ਕਰਦੇ ਜਦੋਂ, ਵਜਾਂਦੇ ਏਸ ਨੂੰ
ਅਰਸ਼ ਚੁੱਕ ਲਿਆ ਖੜਦੇ, ਉਤੇ ਫ਼ਰਸ਼ ਦੇ
ਜੋ ਪਿਆਰੇ ਆਸ਼ਕ, ਬਾਣੀ ਨਾਮ ਦੇ

ਲੋਟ ਪੋਟ ਹੋ ਜਾਂਦੇ, ਸੁਣ ਗੁਰ ਸ਼ਬਦ ਨੂੰ

---

[49] ਲਾ ਇਲਾਹ- ਮੁਸਲਮਾਨਾਂ ਦੁਆਰਾ ਪੜ੍ਹੇ ਜਾਣ ਵਾਲੇ ਕਲਮੇ ਦੇ ਪਹਿਲੇ ਸ਼ਬਦ ਜਿਸਦਾ ਅਰਥ ਹੈ ਨਹੀਂ ਹੈ ਕੋਈ ਪੂਜ। ਸੂਫੀ ਸ਼ਾਇਰ ਸਰਮੱਧ ਨੂੰ ਇਹੋ ਅਧੂਰਾ ਕਲਮਾ ਪੜ੍ਹਨ ਦੀ ਸਜ਼ਾ ਵਜੋਂ ਮ੍ਰਿਤੂ ਦੰਡ ਮਿਲਿਆ ਸੀ, ਔਰੰਗਜ਼ੇਬ ਦੇ ਰਾਜ ਸਮੇਂ।

[50] ਪਿਤਾ ਸਮੁੰਦ ਸਿੰਘ, ਵਰਿਆਂਹ ਪਿੰਡ ਹੁਣ ਜ਼ਿਲ੍ਹਾ ਤਰਨ ਤਾਰਨ ਵਿਚ ਹੈ।


ਪੈਲਾਂ ਪਾਂਦੇ ਨੱਚਦੇ, ਰੁਣ ਝੁਣ ਲਾਂਵਦੇ
ਕੂਕਣ ਕੇਕੀ ਕੂਕੇ, ਮੋਰ ਬੰਬੀਹੜੇ
ਸ਼ਬਦ ਗੁਰੂ ਦਾ ਲਗਦਾ, ਤ੍ਰਿਖੇ ਤੀਰ ਜਿਉਂ
ਸੁੱਧ ਬੁੱਧ ਭੁਲ ਜਾਂਦੀ, ਮਸਤੀ ਵਿੱਚ ਭਰ
ਸਮਝ ਨਾ ਸਕਦਾ ਓਮੀ, ਹਾਲਤ ਓਸ ਨੂੰ
ਗੁੱਝੀ ਰਮਜ਼ ਫ਼ਕੀਰੀ, ਦੀ ਹੈ ਇਹ ਕੁਈ
ਇਹ ਵੀ ਜਾ ਕੇ ਰਲ ਗਏ, ਓਨ੍ਹਾਂ ਨਾਲ ਹੀ

************************************************

ਪੁਤ ਸਪੁਤ੍ਰ ਸਤਿਗੁਰੂ, ਨਾਨਕ ਦੇਵ ਦੇ
ਸ੍ਰੀ ਚੰਦ੍ਰ ਮਹਾਰਾਜ, ਉਦਾਸੀ ਭੇਖਦੇ
ਸਨ ਪ੍ਰਵਰਤਕ ਲੋਕੀਂ, ਸਾਰੇ ਜਾਣਦੇ
ਨਾਂਗੇ ਜੋ ਅਵਧੂਤ, ਮੰਡਲੀਆਂ ਫੇਰਦੇ
ਸੁਣੀ ਉਨ੍ਹਾਂ ਨੇ ਸੋ, ਭੈਣੀ ਸਾਹਿਬ ਦੀ
ਕੂਕੇ ਦੀ ਹੁਣ ਕੂਕ, ਉਜਾਗਰ ਹੋ ਗਈ
ਉੱਡ ਗਈ ਖ਼ੁਸ਼ਬੂ, ਵਿਚ ਪੰਜਾਬ ਦੇ
ਸੰਤ ਉਦਾਸੀ ਆਏ, ਸਨ ਜਮਾਤ ਲੈ
ਮੋਹਿਆ ਗਿਆ ਮਹੰਤ, ਦਰਸ਼ਨ ਕਰਦਿਆਂ
ਨਾਉਂ ਜਿੰਨ੍ਹਾਂ ਦਾ ਹੈਸੀ, ਸ਼੍ਰੀ ਬ੍ਰਹਮ ਸ਼ੁੱਧ
ਬ੍ਰਹਮ ਬੂਟੇ ਸੰਤ ਦੇ, ਓਹ ਬਾਲਕੇ
ਖੋਲ੍ਹ ਜੜਾਵਾਂ, ਕੇਸ ਫੇਰ ਬਣਾ ਲਏ
ਕਰ ਲਈ ਇਨ੍ਹਾਂ ਤਿਆਰੀ, ਅੰਮ੍ਰਿਤ ਛਕਣ ਦੀ

ਉਨੀਂ ਸਉ ਸੀ ਸੋਲਾਂ, ਸੰਮਤ ਬਿਕ੍ਰਮੀ[51]
ਵੈਸਾਖੀ ਦਾ ਪੁਰਬ, ਪਵਿੱਤ੍ਰ ਆਇਆ
ਨੈਣਾ ਸਿੰਘ ਵੜ੍ਹਿਆਹੋਂ, ਬਾਬਾ ਸੁਧ ਸਿੰਘ
ਆਤਮਾ ਸਿੰਘ ਸਰਦਾਰ, ਨਿਹੰਗ ਕਾਨ੍ਹ ਸਿੰਘ

[51] ਨਾਮਧਾਰੀ ਸੰਤ ਖਾਲਸੇ ਦੀ ਸਾਜਨਾ, ਪੰਜ ਸਿੰਘਾਂ ਨੂੰ ਅੰਮ੍ਰਿਤ ਛਕਾ ਕੇ 1914 ਬਿਕ੍ਰਮੀਂ ਮੁਤਾਬਿਕ 12 ਅਪ੍ਰੈਲ 1857 ਨੂੰ ਹੋਈ।


ਸ੍ਰੀ ਬਾਬਾ ਸਾਹਿਬ ਸਿੰਘ ਜੀ

ਸੂਰਮੇ ਲਾਭ ਸਿੰਘ ਪੰਜਵੇਂ ਆ ਮਿਲੇ
ਅੰਮ੍ਰਿਤ ਕਰ ਤਿਆਰ, ਸਤਿਗੁਰੂ ਰਾਮ ਸਿੰਘ
ਏਨ੍ਹਾਂ ਸਭਨਾਂ ਤਾਈਂ, ਆਪ ਛਕਾਇਆ

ਦਸਮ ਗੁਰੂ ਮਰਯਾਦਾ, ਵਿੱਸਰ ਗਈ ਸੀ
ਮੁੜ ਪ੍ਰਚੱਲਤ ਕੀਤੀ, ਸਤਿਗੁਰੂ ਬਾਰ੍ਹਵੇਂ
ਬੁਰਛਿਆਂ ਕੋਲੋਂ ਡਰਦੀ, ਜੋ ਲੁਕ ਗਈ ਸੀ
ਪਰਗਟ ਕੀਤਾ ਪੰਥ, ਗੁਰੂ ਦਸਮੇਸ਼ ਦਾ
ਰਹਿਤ ਬਹਿਤ ਮਰਯਾਦਾ, ਧਰਮ ਤੇ ਸੱਭਤਾ
ਨਾਲ ਵਜ਼ਾਹਤ ਦੱਸੀ, ਸਾਰੀ ਖੋਲ੍ਹਕੇ
'ਬਾਬੇ' ਦਾ ਸੀ ਤਖ਼ਤ, ਫੇਰ ਉਸਾਰਿਆ
ਜੋ ਦਿਤਾ ਸੀ ਢਾਹ, ਗੋਰੇ ਬੁਰਛਿਆਂ
ਉਸ ਦੀ ਮੁੜ ਉਸਾਰੀ, ਕੀਤੀ ਪਾਤਸ਼ਾਹ
ਕੀਤੀ ਫੇਰ ਉਸਾਰੀ, ਪੰਥਕ ਮਹਿਲ ਦੀ
ਬ੍ਰਹਮ[52] ਸੁਧ ਨੂੰ, ਸਾਹਿਬ ਸਿੰਘ ਸਜਾਇਕੇ
ਲਿਖਤ ਪੜ੍ਹਤ ਦਾ ਕੰਮ, ਸਾਰਾ ਸੌਂਪਿਆ
ਜਿਸ ਨੂੰ ਉਨ੍ਹਾਂ ਸਿਆਣਪ, ਨਾਲ ਨਿਭਾਇਆ
ਚਿਠੀ ਪੱਤ੍ਰ ਆਦਿ, ਸਾਰਾ ਸਿਲ-ਸਿਲਾ
ਆਪਣੇ ਵਿਚ ਪ੍ਰਬੰਧ, ਕੀਤਾ ਉਨ੍ਹਾਂ ਨੇ
ਡਾਕ ਇਨ੍ਹਾਂ ਦੀ ਪਹਿਲਾਂ ਹੀ, ਅੰਗ੍ਰੇਜ਼ ਤੋਂ
ਪੁੱਜ ਜਾਂਦੀ ਸੀ ਪਤਾ ਨਾ, ਲਗਦਾ ਸੀ ਕਿਸੇ
ਮੰਨਦੇ ਸਨ ਅੰਗ੍ਰੇਜ਼, ਲੋਹਾ ਇਨ੍ਹਾਂ ਦਾ
ਮੇਜਰ ਸੂਬੇਦਾਰ, ਸਿਖਾਂ ਦੀ ਫੌਜ ਦੇ

ਬਾਬਾ ਕਾਨ੍ਹ ਸਿੰਘ, ਸਨ ਲਾਹੌਰ ਵਿਚ
ਜਥੇਬੰਦੀ ਮਰਯਾਦਾ, ਹੈਸਨ ਜਾਣਦੇ
ਏਨ੍ਹਾਂ ਨੂੰ ਇਹ ਹੁਕਮ, ਸਾਰੀ ਕੌਮ ਨੂੰ

---

[52] ਸਪੁੱਤਰ ਦਿਆਲ ਸਿੰਘ ਰਾਮਗੜ੍ਹੀਆ, ਪਿੰਡ ਬੰਗਾਲੀ ਪੁਰ (ਅਜੋਕਾ ਜ਼ਿਲ੍ਹਾ ਤਰਨ ਤਾਰਨ)

ਕਰੋ ਸੰਗਠਿਤ ਮਾਲਾ, ਜਿਵੇਂ ਅਠੋਤਰੀ
ਏਕਤਾ ਦੇ ਸੂਤਰ, ਵਿਚ ਪਰੋ ਦਵੋ
ਖੇਰੂੰ-ਖੇਰੂੰ ਹੋਇਆ, ਪੰਥ ਅਕਾਲ ਦਾ
ਦੱਸੋ ਕਿਵੇਂ ਆਚਰਨ, ਹੁੰਦਾ ਫੌਜ ਵਿਚ
ਰਹਿੰਦੇ ਕਿਵੇਂ ਸਿਪਾਹੀ, ਅੰਦਰ ਹੁਕਮ ਦੇ
ਦੱਸਦੇ ਸਨ ਕਵੈਦ, ਅਤੇ ਪਰੇਡ ਜੋ
ਅਫ਼ਸਰ ਅਤੇ ਸਿਪਾਹੀ, ਅਪਣੇ ਫ਼ਰਜ਼ ਨੂੰ
ਕਿਵੇਂ ਨਿਭਾਂਦੇ ਸੱਭੇ, ਰਲ ਮਿਲ ਚੱਲਦੇ
ਬਿਨਾਂ ਹੁਕਮ ਦੇ, ਪੱਤਾ ਵੀ ਨਾ ਝੁੱਲਦਾ
ਸੰਤ ਸਿਪਾਹੀ ਫੌਜ, ਜੋ ਗੁਰੂ ਦੇਵ ਦੀ
ਓਨ੍ਹਾਂ ਸੱਭਿਆਚਾਰ, ਉਠਣਾ ਬੈਠਣਾ
ਜੋ ਮਰਯਾਦਾ ਸਾਰੀ, ਓਹ ਸਿਖਾਲਦੇ
ਗੁਰੂ ਸਿੱਖੀ ਦਾ ਸੂਰਜ, ਅੰਬਰ ਦੇਸ ਦੇ
ਦਿਨੋ ਦਿਨ ਸਵਾਇਆ, ਚਮਕਾਂ ਮਾਰਦਾ
ਭੈਣੀ ਸਾਹਿਬ ਵਿੱਚ, ਭੀੜਾਂ ਰਹਿੰਦੀਆਂ
ਇਕ ਆਂਦਾ ਇਕ ਜਾਂਦਾ, ਰਸਤੇ ਭਰ ਰਹੇ

ਗਰੇਵਾਲ ਸਰਦਾਰ, ਮੰਗਲ ਸਿੰਘ ਜੀ[53]
ਓਦੋਂ ਸੀ ਦੀਵਾਨ, ਓਹ ਪਟਲੇਸ ਦਾ
ਬਿਸ਼ਨਪੁਰਾ ਸੀ ਪਿੰਡ, ਸਾਰਾ ਓਸਦਾ
ਭੈਣੀ ਸਾਹਰੋਂ ਕੇਵਲ, ਕੋਹਾਂ ਅੱਠ ਸੀ
ਵੇਖਣ ਆਇਆ ਉਹ ਵੀ, ਕੂਕਾ ਹੋ ਗਿਆ
'ਚੀਨੀ' ਘੋੜੀ ਭੇਟਾ, ਕੀਤੀ ਓਸ ਨੇ
ਇਹ ਵੀ ਕੋਈ ਹੈਸੀ, ਆਈ ਅਰਸ਼ ਤੋਂ
ਜਿਸਦੇ ਜੇਹੀ ਹੋਰ, ਨਾ ਕੋਈ ਦੂਸਰੀ
ਅਜ ਤੀਕ ਨਾ ਆਈ, ਆਵੇ ਸ਼ਾਇਦ ਹੀ

[53] ਸ੍ਰ ਮੰਗਲ ਸਿੰਘ ਬਿਸ਼ਨਪੁਰਾ 1864 ਈ. ਵਿਚ ਆਪਣੇ ਪੁੱਤਰ ਦੀ ਸਿਹਤ ਯਾਬੀ ਲਈ ਸ੍ਰੀ ਭੈਣੀ ਸਾਹਿਬ ਆ ਕੇ ਕੂਕਾ ਬਣਦਾ ਹੈ। ਉਹ ਪਟਿਆਲੇ ਦੇ ਮਹਾਰਾਜਾ ਨਰਿੰਦਰ ਸਿੰਘ ਦੇ ਬਹਿਨੋਈ ਦਾ ਪੁੱਤਰ ਸੀ।

ਦੂਜੀ ਵਾਰੀ ਫੇਰ, ਮੁੜ ਇਸ ਲੋਕ ਵਿੱਚ
ਪਾਲੀ ਰੀਝਾਂ ਨਾਲ, ਇਹ ਦੀਵਾਨ ਨੇ
ਹੋਣ ਨਾ ਦਿਤਾ ਅੱਖੋਂ, ਓਹਲੇ ਏਸ ਨੂੰ
ਹੱਥ ਧਰਨ ਨਾ ਦੇਂਦੀ, ਉੱਪਰ ਪਿੱਠ ਦੇ
ਸਵਾਰ ਹੋਣ ਦੀ ਗੱਲ, ਕਰਨੀ ਕੀ ਕਿਸੇ
ਕੋਈ ਨਾ ਸਕਿਆ ਚੜ੍ਹ, ਬੰਦਾ ਏਸ ਤੇ
ਵੱਡਾ ਆਕੜਖ਼ਾਨ, ਸ਼ਾਹ ਸਵਾਰ ਜੋ
ਕਰੀ ਢਿਠਾਈ ਜੇ ਕਰ, ਉੱਪਰ ਚੜ੍ਹਣ ਦੀ
ਧਰਤੀ ਤੇ ਪਟਕਾ, ਮਾਰਿਆ ਏਸ ਨੇ
ਸ਼ਰਮਸਾਰ ਜਿਹਾ ਹੋ ਕੇ, ਝਾੜੇ ਕੱਪੜੇ

ਕਰਦਾ ਜੇ ਕੋਈ ਤਿਆਰੀ, ਉੱਪਰ ਚੜ੍ਹਣ ਦੀ
ਨਿਉਲੀ ਵੱਟੇ ਪਾਵੇ, ਮੱਥੇ ਘੂਰੀਆਂ
ਨਥਨੇ ਲਵੇ ਫੁਲਾ, ਕੰਨ ਦੁਏ ਜੋੜ ਕੇ
ਧਰਤੀ ਪੱਟੇ ਵੱਟੇ, ਪਈ ਕਚੀਚੀਆਂ
ਵਢ ਵਢ ਖਾਵੇ ਨੇੜੇ, ਲਗਣ ਨਾ ਦਏ
ਹੋਏ ਖੁਸ਼ੀ ਅਪਾਰ, 'ਚੀਨੀ' ਵੇਖ ਗੁਰ
ਥਾਪੀ ਦੇ ਪੁਚਕਾਰੀ, ਨਾਲ ਪਿਆਰ ਦੇ
ਸਾਊ ਬਣੀ ਖਲੋਤੀ, ਖੁਸ਼ੀਆਂ ਵਿਚ ਭਰੀ
ਹੋਵੇ ਵਾਕਿਫ਼ ਜਿੱਦਾਂ, ਪਹਿਲਾਂ ਦੀ ਕਿਤੇ
ਫੜ੍ਹ ਕੇ ਹਥ ਅੱਯਾਲ[54], ਨਾਲ ਸਨੇਹ ਦੇ
ਬਿਨਾਂ ਲਗਾਮੋ ਪੂਜੀ[55], ਖੱਭੀ ਦੇਣ ਤੋਂ
ਮਾਰ ਪਲਾਕੀ ਬੈਠ, ਗਏ ਅਛੋਪਲੇ
ਦੇ ਪੁਚਕਾਰ 'ਜੀਓ', ਮੂੰਹੋਂ ਆਖਿਆ
ਦਿੱਤਾ ਓਸ ਜਵਾਬ, ਹਿਣ ਹਿਣਾਇਕੇ
ਸਹਿਜੇ ਸਹਿਜੇ ਤੁਰ ਪਈ, ਨਾਲ ਅਦਾ ਦੇ
ਠੁਮਕ ਠੁਮਕ ਸੁੰਮ ਧਰਦੀ, ਨੱਚਦੀ ਮੋਰ ਜਿਉਂ

---

[54] ਸ਼ੇਰ ਅਤੇ ਘੋੜੇ ਆਦਿ ਦੀ ਗਰਦਨ ਦੇ ਲੰਮੇ ਵਾਲ।
[55] ਪੂਜੀ- ਘੋੜੇ ਦੇ ਮੂੰਹ ਦਾ ਬੰਧਨ ਜੋ ਨੱਕ ਉੱਪਰ ਦੀ ਹੋ ਕੇ ਗਲ ਹੇਠ ਆਉਂਦਾ ਹੈ।

ਜਿਉਂ ਪੱਛੋਂ ਦੀ ਵਾ, ਵਗਦੀ ਰੁਮਕਵੀਂ
ਅਸਲੋਂ ਕੋਈ ਸ਼ਰਾਰਤ, ਕੀਤੀ ਓਸ ਨਾ

ਮਨਚਾਹੀ ਜਿਉਂ ਚੀਜ਼, ਲੱਭੇ ਕਿਸੇ ਨੂੰ
ਜਾਵੇ ਖ਼ੁਸ਼ੀ ਨਾ ਝੱਲੀ, ਮੁੜ ਕੇ ਓਸ ਤੋਂ
'ਚੀਨੀ' ਦਿਲ ਉਮਾਹ, ਕੋਈ ਅਮੇਣਵਾਂ
ਕਰਦੀ ਪ੍ਰਗਟ ਓਸ, ਹਿਣ ਹਿਣਾਇਕੇ
ਹੋ ਗਿਆ ਵੇਖ ਹੈਰਾਨ, ਸੀ ਦੀਵਾਨ ਇਸ
ਜਿਸ ਦੇ ਦਿਲ ਦੇ ਵਿੱਚ, ਭਰਿਆ ਸਹਿਮ ਸੀ
ਇਹ ਮੁਤਾਣੀ ਢੀਠ, ਕਰ ਬੇਅਦਬੀ
ਹੌਲਾ ਦਿਲ ਕਰ ਦਏ ਨਾ, ਸ੍ਰੀ ਗੁਰੂ ਦੇਵ ਦਾ
ਹੁੰਦਾ ਕੀ ਇਤਬਾਰ, ਮੂਰਖ ਪਸ਼ੂ ਦਾ
ਆਪਣੇ ਅਤੇ ਬਗਾਨੇ ਦੀ, ਜਿਸ ਸੂਝ ਨਾ
ਪਰ ਚਾਵਾਂ ਦੇ ਨਾਲ, ਖ਼ੁਸ਼ੀਆਂ ਵਿਚ ਭਰੀ
ਮੁੜ ਪਈ ਸਮਝ ਇਸ਼ਾਰਾ, ਮੋੜੀ ਸੀ ਜਦੋਂ
ਮੰਗਲ ਸਿੰਘ ਸਰਦਾਰ, ਅਤਿ ਪ੍ਰਸੰਨ ਸੀ
ਭੇਟ ਜਿਨ੍ਹਾਂ ਦੀ ਆਂਦੀ, ਰੀਝਾਂ ਵਿਚ ਭਰੀ
ਕਰ ਲਈ ਸੀ ਪਰਵਾਨ, ਸੱਚੇ ਪਾਤਸ਼ਾਹ
ਧਰਤੀ ਅਤੇ ਅਕਾਸ਼, ਜਦ ਤਕ ਰਹਿਣਗੇ
ਕਾਇਮ ਦਾਇਮ ਕੁਦਰਤ, ਦਾ ਨਿਜ਼ਾਮ ਹੈ
ਸੂਰਜ ਵਾਂਗਰ ਭਾਰਤ ਦੇ, ਇਤਿਹਾਸ ਵਿਚ
'ਚੀਨੀਂ' ਦਾ ਵੀ ਨਾਉਂ, ਰਹੇਗਾ ਚਮਕਦਾ

***********************


ਸਰਦਾਰ ਮੰਗਲ ਸਿੰਘ ਗਰੇਵਾਲ

# (9)
# ਬਾਬਾ ਜਵਾਹਰ ਸਿੰਘ ਜੀ

ਸੰਤ ਨਿਰਮਲੇ ਜਵਾਹਰ ਸਿੰਘ[56], ਲੋਪੋਂ ਬੱਧਣੀ ਵਿਚ
ਸੁਪਨੇ ਵਿੱਚ ਦੀਦਾਰ ਦੇ, ਦਿਲ ਵਿਚ ਪਾਈ ਖਿੱਚ
ਦਿੱਤਾ ਦਰਸ਼ਨ ਉਨ੍ਹਾਂ ਨੂੰ, ਹੋ 'ਚੀਨੀ' ਅਸਵਾਰ
ਆਖਿਆ ਭੈਣੀ ਆਣ ਕੇ, ਜਲਦੀ ਕਰੋ ਦੀਦਾਰ
ਉੱਠ ਕੇ ਰਸਤੇ ਤੁਰ ਪਏ, ਲੁਦੇਹਾਣੇ ਵੱਲ
ਪੁੱਛੀ ਕਿਸੇ ਸਲਾਹ ਨਾ, ਦੱਸੀ ਕਿਸੇ ਨਾ ਗੱਲ
ਪੈਰੀਂ ਪਊਏ ਸਿਮਰਨਾਂ, ਚਿੱਪੀ ਹੱਥ ਸੁਧਾਰ
ਗੇਰੂ ਰੰਗੀ ਗਿਲਤੀ, ਉਹੋ ਜਿਹੀ ਦਸਤਾਰ
ਲੁਦੇ ਹਾਣਾਂ ਲੰਘ ਕੇ, ਦਿਲ ਵਿਚ ਕਰੀ ਸਲਾਹ
ਅੱਗੋਂ ਆਕੇ ਮਿਲਣ ਜੇ, ਤਾਂ ਸਮਝਾਂ ਪਾਤਸ਼ਾਹ
ਸ੍ਰੀ ਸਤਿਗੁਰੂ ਰਾਮ ਸਿੰਘ, ਜੱਸਾਂ ਮਾਤ ਸੁਝਾ
ਪਾਣੀ ਰੱਖੋ ਗਰਮ ਕਰ, ਰੱਖੋ ਪਲੰਘ ਵਿਛਾ
ਆ ਰਹੇ ਇਕ ਸੰਤ ਨੇ, ਸੇਵਾ ਨਾਲ ਪ੍ਰੀਤ
ਕਰਨੀ ਨਾਲ ਪ੍ਰੇਮ ਦੇ, ਜਿਉਂ ਸਾਡੀ ਹੈ ਰੀਤ
ਭਰਕੇ ਗੜਵਾ ਜਲ ਦਾ, ਚੱਲੇ ਹੋਣ ਸੁਚੇਤ
ਸੇਵਕ ਲਿਆ ਨਾ ਨਾਲ ਤੇ, ਕਿਸੇ ਨਾ ਦਿਤਾ ਭੇਤ
ਅਗੋਂ ਮਿਲੇ ਜਾ ਸੰਤ ਨੂੰ, ਲਾਟੋਂ ਹੀਰਾਂ ਕੋਲ
ਚਰਨੀ ਲਾ ਕੇ ਹਥ ਤੇ 'ਜੀ ਆਇਆਂ' ਕਿਹਾ ਬੋਲ
ਪੁੱਛਿਆ ਅੱਗੋਂ ਸੰਤ ਨੇ, ਕਿੱਥੇ ਕਰੋ ਨਿਵਾਸ
"ਭੈਣੀ ਆਲਾ ਵਿਚ ਇਹ, ਰਹੇ ਆਪ ਦਾ ਦਾਸ"
ਦਰਸ਼ਨ ਕਰ ਜਵਾਹਰ ਸਿੰਘ, ਹੋਏ ਬਹੁਤ ਹੈਰਾਨ

---

[56] ਜਵਾਹਰ ਸਿੰਘ, ਭਾਈ ਕੀ ਡਰੋਲੀ (ਮੋਗਾ) ਆਪਣੇ ਨਾਨਕੇ ਪਿੰਡ, ਪਿਤਾ ਦਲ ਸਿੰਘ ਦੇ ਚਲਾਣੇ ਬਾਅਦ ਸੋਹਲ (ਅੰਮ੍ਰਿਤਸਰ) ਤੋਂ ਆ ਰਹੇ ਸਨ। ਭੈਣੀ ਸਾਹਿਬ ਆਪ 1860 ਈ. ਵਿਚ ਆ ਗਏ।

ਸੇਵਕ ਜਿਸ ਦੇ ਇਹ ਨੇ, ਓਹ ਤੇ ਕੋਈ ਮਹਾਨ
ਭੈਣੀ ਸਾਹਿਬ ਪੁੱਜ ਕੇ, ਵਿੱਚ ਤਬੇਲੇ ਜਾ
'ਚੀਨੀ' ਵੇਖੀ ਸੰਤ ਜਦ, ਚੜ੍ਹ ਗਿਆ ਦਿਲ ਨੂੰ ਚਾ
ਭਰ ਗਈ ਸਗੋਂ ਹੋਰ ਵੀ, ਦਿਲ ਵਿਚ ਬਹੁਤ ਉਮੰਗ
ਬੈਠੇ ਡਿਉਢੀ ਵਿਚ ਜਾ, ਖਾਲੀ ਵੇਖ ਪਲੰਘ
ਅੱਗੋਂ ਆ ਕੇ ਸਤਿਗੁਰੂ ਜੀ ਕਰ ਕੇ ਇਸ਼ਨਾਨ
ਮੰਦਰ ਵਿਚ ਪ੍ਰਕਾਸ਼ ਕਰ, ਲੱਗੇ ਪਾਠ ਸੁਨਾਣ
ਕਰੇ ਦੀਦਾਰੇ ਸੰਤ ਜਾਂ, ਨੀਵੇਂ ਹੋ ਗਏ ਨੈਣ
ਮੈਨੂੰ ਅੱਗੋਂ ਮਿਲੇ ਜੋ, ਇਹ ਤੇ ਓਹੀ ਹੋਣ
ਪੂਰੀ ਕੀਤੀ ਓਹ ਜੋ, ਮੈਂ ਤੁਰਿਆ ਦਿਲ ਧਾਰ
ਅਗੋਂ ਆ ਕੇ ਮਿਲਣ ਜੇ, ਤਾਂ ਸਮਝਾਂ ਅਵਤਾਰ
ਦਰਸ਼ਨ ਕਰਕੇ ਸੰਤ ਜੀ, ਹੋਏ ਅਤੀ ਹੈਰਾਨ
ਅਗੋਂ ਮੈਨੂੰ ਮਿਲ ਪਏ, ਮੈ ਨਾਂ ਕਰੀ ਪਛਾਣ
ਚਰਨਾ ਨੂੰ ਸੀ ਝੁਕੇ ਜਾਂ, ਫੜ੍ਹ ਲਏ ਦੋਵੇਂ ਹੱਥ
ਕਿਹਾ ਕਰੋ ਨਾ ਸੰਤ ਜੀ, ਏਡਾ ਆਪ ਅਨਰਥ
ਗ੍ਰਹਸਥੀ ਅੱਗੇ ਕਿਉਂ ਝੁਕੋਂ, ਹੁੰਦੇ ਸੰਤ ਮਹਾਨ
ਹੈ ਤੁਹਾਡਾ ਦਾਸ ਇਹ, ਗਰੀਬ ਜੇਹਾ ਤਰਖਾਣ
ਸੁਣ ਕੇ ਬੋਲੇ ਸੰਤ ਜੀ, ਸੱਦ ਕੇ ਮੈਨੂੰ ਆਪ
ਹੁਣ ਭੁਲਾਵੋ ਨਾ ਇਉਂ, ਮੈਨੂੰ ਦੇਵੋ ਥਾਪ
ਹੁਕਮ ਨਾਲ ਮੈਂ ਆਇਆ, ਦਵੋ ਨਾਮ ਦਾ ਦਾਨ
ਰੱਖੋ ਚਰਨਾਂ ਵਿਚ ਹੁਣ, ਜਗਤ ਗੁਰੂ ਭਗਵਾਨ
ਅਰਜ਼ਾਂ ਵਿਚ ਕਈ ਸੰਤ ਦੇ, ਗਏ ਦਿਹਾੜੇ ਬੀਤ
ਰਹੇ ਇੰਝ ਹੀ ਟਾਲਦੇ, ਵੇਖਣ ਹਿਤ ਪ੍ਰਤੀਤ
ਦਸ ਦਿਨ ਪਿਛੋਂ ਦੱਸਿਆ, ਉਸ ਨੂੰ ਸੀ ਗੁਰਮੰਤ
ਚੜ੍ਹ ਗਈ ਰੰਗਣ ਨਾਮ ਦੀ, ਹੋ ਗਿਆ ਪੂਰਨ ਸੰਤ
ਚਿਟੇ ਕੱਪੜੇ ਪੁਆ ਕੇ, ਦਿੱਤੀ ਪਹੁਲ ਪਿਆਲ
ਰਹਿਣ ਲੱਗੇ ਹੁਣ ਸੰਤ ਜੀ, ਸਦ ਸਤਿਗੁਰ ਦੇ ਨਾਲ
ਕਰਦੇ ਸੀ ਸ੍ਰੀ ਸਤਿਗੁਰੂ, ਉਨ੍ਹਾਂ ਦਾ ਬਹੁ ਸਨਮਾਨ
ਇਹ ਬਣਾਏ ਫੇਰ ਸਭ, ਸੂਬਿਆਂ ਦੇ ਪਰਧਾਨ


ਸ੍ਰੀ ਬਾਬਾ ਜਵਾਹਰ ਸਿੰਘ ਜੀ

ਪੜ੍ਹੇ ਲਿਖੇ ਵਿਦਵਾਨ ਓਹ, ਪੂਰੇ ਸੂਰੇ ਸਾਧ
ਗੋਰੇ ਹੈਸਨ ਜਾਣਦੇ, ਇਹ ਨੇ ਵਡੀ ਉਪਾਧ
ਜਲਾਵਤਨ ਕਰ ਭੇਜਿਆ, ਇਨ੍ਹਾਂ ਨੂੰ ਮੌਲ ਮੀਨ
ਪਰ ਇਹ ਰਹਿੰਦੇ ਸਨ ਸਦਾ, ਗੁਰ ਚਰਨਾਂ ਵਿਚ ਲੀਨ
ਉਨੀ ਸੌ ਛੱਤੀ[57] ਤਦੋਂ, ਸੰਮਤ ਬਿਕ੍ਰਮ ਜੀਤ
ਹੋ ਗਏ ਇਹ ਸ਼ਹੀਦ ਸਨ, ਵਤਨ ਦੇ ਗਾਂਦੇ ਗੀਤ
ਅੱਠ ਸਾਲ ਵਿਚ ਕੈਦ ਦੇ, ਰੁਲਦੇ ਰਹੇ ਵਿਦੇਸ਼
ਵੇਖਣ ਦਿਤਾ ਜ਼ਾਲਮਾਂ, ਇਨਾਂ ਨੂੰ ਨਾ ਫਿਰ ਦੇਸ਼
ਕੂਕਿਆਂ ਤੇ ਜੋ ਗੋਰਿਆਂ, ਕੀਤੇ ਅੱਤਿਆਚਾਰ
ਗਿਣਤੀ ਹੋਇ ਨਾ ਉਨ੍ਹਾਂ ਦੀ, ਆਵੇ ਨਹੀ ਸ਼ੁਮਾਰ
ਪਾਪ ਮਾਰਦਾ ਆਪਣਾ, ਆਪੇ ਹੀ ਅੰਗ੍ਰੇਜ਼
ਥਰ ਥਰ ਕੰਬਦਾ ਵੇਖਕੇ, ਗੁਰ ਸਿਖੀ ਦਾ ਤੇਜ

***********************

[57] ਚਲਾਣੇ ਦਾ ਸੰਮਤ 1936 ਬਿਕ੍ਰਮੀਂ ਠੀਕ ਨਹੀਂ । 29 ਨਵੰਬਰ 1882 ਈ. ਨੂੰ ਮੌਲਮੀਨ ਦੀ ਕਿਓਨਕਨਾਤ ਜਿਹਲ ਵਿਚ ਆਪ ਚਲਾਣਾ ਕਰ ਗਏ ਸਨ। ਆਪ ਲਗਪਗ 11 ਸਾਲ ਬੰਦੀ ਜੀਵਨ ਵਿਚ ਰਹੇ।

(10)

# ਰਾਇ ਸਿੰਘ ਹਜ਼ੂਰ ਸਾਹਿਬ ਭੇਜਿਆ

ਰਾਇ ਸਿੰਘ ਇਕ ਸਿਖ ਸੀ, ਪਿੰਡ ਮਦੀਹਰ[58] ਵਿੱਚ
ਜ਼ਿਲ੍ਹਾ ਫੀਰੋਜਪੁਰ ਤੋਂ, ਵਿੱਦਿਆ ਦੀ ਜਿਸ ਖਿੱਚ
ਲੈ ਗਈ ਅੰਮ੍ਰਿਤਸਰ ਜਾ, ਲਗੇ ਪੜ੍ਹਨ ਪੜ੍ਹਾਂਣ
ਰੀਝਾਂ ਨਾਲ ਵੇਦਾਂਤ ਪੜ੍ਹ, ਬਾਣੀ ਅਰਬ ਪ੍ਰਮਾਣ
ਗੁਰਬਾਣੀ ਦਾ ਪਾਠ ਤੇ, ਅਰਥ ਪ੍ਰਮਾਰਥ ਭਾਲ
ਗਿਆਨੀ ਹੋਏ ਆਦਿ ਦਸਮ, ਪੂਰਨ ਹੋਈ ਘਾਲ
ਪੜ੍ਹਦਿਆਂ ਇਕ ਸ਼ਬਦ ਸੀ, ਉੱਠੀ ਦਿਲੋਂ ਤਰੰਗ
ਪੂਰੇ ਗੁਰ ਦੇ ਦਰਸ ਦੀ, ਦਿਲ ਵਿਚ ਭਰੀ ਉਮੰਗ
"ਭਾਈ ਰੇ ਗੁਰ ਬਿਨ, ਗਿਆਨ ਨ ਹੋਇ
ਪੂਛਹੁ ਬ੍ਰਹਮੈ ਨਾਰਦੈ, ਬੇਦ ਬਿਆਸੈ ਕੋਇ"
ਤੁਕ ਪੜ੍ਹੀ ਜਾਂ ਮਨ ਵਿਚ, ਡਾਢੀ ਭਰੀ ਵਿਚਾਰ
ਪੂਰੇ ਗੁਰੂ ਦੀ ਸਰਨ ਜਾ ਪਈਏ ਲੱਭ ਦਰਬਾਰ
ਏਸ ਸਮੇਂ ਇਸ ਦੇਸ ਵਿਚ, ਗੁਰੂ ਅਜੇਹਾ ਕੋਇ
ਕਿਥੇ ਹੈ ? ਤੇ ਕੌਣ ਹੈ ? ਜੋ ਮੇਰਾ ਦੁੱਖ ਖੋਇ
ਭੁੱਲੇ ਨੂੰ ਰਾਹ ਪਾ ਦਏ, ਰਸਤਾ ਦੇਵੇ ਦੱਸ
ਬਖਸ਼ ਲਏ ਜੇ ਮਿਲ ਪਏ, ਗੁਰੂ ਜਿਹਾ ਸਮਰੱਥ

ਇੰਵ ਹੀ ਸੋਚਾਂ ਸੋਚਦੇ, ਤੁਰਦੇ ਵਿਚ ਬਾਜਾਰ
ਹਰੀ ਸਿੰਘ ਦੇ ਕਟੜੇ, ਖੜੇ ਜਾਇ ਵਿਚਕਾਰ
ਅੰਮ੍ਰਿਤਸਰੋਂ ਉਚਾਟ ਹੋ, ਜਾਵਾਂ ਕਿੱਥੇ ਹੋਰ
ਪੂਰਾ ਸਤਿਗੁਰੂ ਭਾਲ ਕੇ, ਮਨ ਦੇ ਕੱਢਾਂ ਖੋਰ
ਸ੍ਰੀ ਸਤਿਗੁਰੂ ਰਾਮ ਸਿੰਘ, ਅੰਮ੍ਰਿਤਸਰ ਵਿਚਕਾਰ
ਪੰਥਕ ਬਾਗ ਸੁਹਾਵਣਾਂ, ਕਰ ਰਹੇ ਸੀ ਸਰਕਾਰ

[58] ਅੱਜ ਕਲ੍ਹ ਮਦੀਹਰ ਪਿੰਡ ਦਾ ਜ਼ਿਲ੍ਹਾ ਮੁਕਤਸਰ ਹੈ। ਇਹ ਗਿੱਦੜਬਾਹਾ ਦੇ ਨਜ਼ਦੀਕ ਹੈ।

ਦੈਵੀ ਮੂਰਤਿ ਰਾਇ ਸਿੰਘ, ਆਨ ਟੱਕਰੀ ਇਕ
ਜਿਸ ਦੇ ਦਰਸ਼ਨ ਨਾਲ ਸੀ, ਪੁੰਨੀ ਦਿਲ ਦੀ ਸਿੱਕ
ਪੇਸ਼ਵਾਈ[59] ਦਸਤਾਰ ਸਿਰ, ਦਾਹੜਾ ਸਵੱਛ ਅਪਾਰ
ਬਿਜਲੀ ਵਾਂਗੂੰ ਪੈ ਰਹੀ, ਖੰਡੇ ਦੀ ਲਿਸ਼ਕਾਰ
ਗਰਦਨ ਲੰਮੀ ਹੰਸ ਜਿਉਂ, ਅੱਖਾਂ ਅਤੀ ਵਿਸ਼ਾਲ
ਕੰਨਾਂ ਤੀਕਰ ਪਸਰੀਆਂ, ਮਸਤੀ ਭਰੀ ਕਮਾਲ
ਕੰਵਲ ਨਾਲ ਦੇ ਵਾਂਗ ਓਹ, ਸੀ 'ਆਜਾਨੁ ਬਾਹੁ'[60]
ਆਏ ਸੀ ਉਹ ਆਪ ਹੀ, ਸਤਿਗੁਰੂ ਸ਼ਾਹਨ ਸ਼ਾਹੁ
ਨੂਰੀ ਭਰਿਆ ਮੁਖੜਾ, ਸਾਰਾ ਹੀ ਸੀ ਨੂਰ
ਖਿਲਰਿਆ ਚੌਫੇਰ ਸੀ, ਸਾਰਾ ਨੂਰ ਜ਼ਹੂਰ
ਸੂਰਜ ਜਾਣੀ ਬੇ-ਗਿਣੇ, ਆਏ ਧਰਤਿ ਅਵਾਸ
ਕੋਈ ਤਪਸ਼ ਦੀ ਲੇਸ ਨਾ, ਸਗੋਂ ਠੰਢ ਦਾ ਵਾਸ
ਅੰਦਰ ਭਰ ਗਿਆ ਚਾਨਣਾਂ, ਚੜ੍ਹੀ ਜਿਵੇਂ ਪ੍ਰਭਾਤ
ਚੜ੍ਹਿਆ ਸੂਰਜ ਸੱਚ ਦਾ, ਹੋ ਗਈ ਦੂਰ ਭਰਾਂਤ
ਬੇ-ਵਸ ਢੱਠਾ ਰਾਇ ਸਿੰਘ ਚਰਨਾ ਤੇ ਸਿਰਧਾਰ
ਪੁੱਛਿਆ 'ਦੱਸੋ ਕੌਣ ਹੋ' ? ਮੈਂ ਸਦਕੇ ਬਲਿਹਾਰ
ਹੱਥ ਜੋੜ ਕੇ ਰਾਇ ਸਿੰਘ, ਫਿਰ ਕੀਤੀ ਅਰਦਾਸ
ਮੇਰਾ ਦਿਲ ਹੈ ਸੱਖਣਾਂ, ਸ਼ਾਂਤੀ ਦਾ ਨਹੀਂ ਵਾਸ
ਮੈਂ ਪੜ੍ਹਦਾ ਹਾਂ ਪ੍ਰੇਮ ਨਾਲ, ਬਾਣੀ ਦਿਨ ਤੇ ਰਾਤ
ਵਿਰਤੀ ਜੁੜਦੀ ਪਲਕ ਨਾ, ਪੰਜ ਨਾ ਪੈਂਦੇ ਮਾਤ
ਮੈਂ ਹਾਂ ਮੂਰਖ ਅੰਦਰੋਂ, ਕਹਿਣ ਗਿਆਨੀ ਲੋਕ
ਮੇਰੇ ਲਈ ਹੈ ਲਿਖਿਆ, ਸਤਿਗੁਰੂ ਇਹ ਸਲੋਕ
"ਜੇ ਸਉ ਚੰਦਾ ਉਗਵਹਿ, ਸੂਰਜ ਚੜਹਿ ਹਜਾਰ
ਏਤੇ ਚਾਨਣ ਹੋਦਿਆ, ਗੁਰ ਬਿਨੁ ਘੋਰ ਅੰਧਾਰ"
ਪੂਰਾ ਸਤਿਗੁਰੂ ਮਿਲ ਪਏ, ਮੇਰੀ ਇਹ ਤਲਾਸ਼
ਕਿਰਪਾ ਕਰਕੇ ਆਪਣੀ, ਸੱਦ ਬਿਠਾਵੇ ਪਾਸ
'ਦਰਸ਼ਨ ਕਰ ਸਰਕਾਰ ਦੇ, ਮੈਂ ਹੋਇਆ ਭਰਪੂਰ

---

[59] ਪੇਸ਼ਵਿਆਂ ਅਤੇ ਸੁਲਤਾਨਾਂ ਜਿਹੀ ਦਸਤਾਰ ਜੋ ਤਾਜ ਦਾ ਪ੍ਰਤੀਕ ਹੈ।
[60] ਗੋਡਿਆਂ ਤੱਕ ਬਾਹਾਂ ਵਾਲੇ।

'ਮਿਹਰ ਕਰੋ ਦੱਸੋ ਪਤਾ, ! ਹੁੰਦੇ ਕੌਣ ਹਜ਼ੂਰ ?
ਕਿੱਥੋਂ ਆਏ ਜਾ ਰਹੇ, ਕਿਹੜੇ ਪਾਸੇ ਚੱਲ
'ਕਿਸ ਨੇ ਭੇਜਿਆ ਆਪ ਨੂੰ, ਇਉਂ ਅੱਜ ਮੇਰੇ ਵੱਲ
ਮੈਨੂੰ ਪੂਰੇ ਗੁਰੂ ਦੀ, ਤੁਸੀਂ ਜੇ ਪਾ ਦਿਓ ਦੱਸ
ਛੇਤੀ ਚਰਨੀ ਉਨ੍ਹਾਂ ਦੀ, ਜਾਇ ਪਵਾਂ ਮੈਂ ਨੱਸ
ਸੁਣ ਕੇ ਸ੍ਰੀ ਗੁਰੂਦੇਵ ਜੀ, ਕੀਤਾ ਸੀ ਨਿਰਦੇਸ਼
'ਲੁਧੇਹਾਣੇ ਜ਼ਿਲ੍ਹੇ ਵਿਚ, ਭੈਣੀ ਗਾਉਂ ਵਿਸ਼ੇਸ਼
ਘਰ ਤ੍ਰਿਖਾਣਾ ਦੇ ਵਿਖੇ, ਅਵਤਰੇ ਨੇ ਸੁਖਧਾਮ
ਨੌਂ ਕੋਹਾਂ ਲੁਧਿਹਾਣਿਓਂ, ਰਾਮ ਸਿੰਘ ਹੈ ਨਾਮ'
ਇਹ ਆਖ ਉਹ ਹੋ ਗਏ, ਓਥੇ ਅੰਤ੍ਰ ਧਿਆਨ
ਰਾਇ ਸਿੰਘ ਰੋਵੇ ਡੁਸਕ ਕੇ, ਬੱਚਾ ਜਿਵੇਂ ਅੰਜਾਨ
ਕਰ ਗਏ ਆਣ ਅਛੋਪਲੇ, ਠੱਗੀ ਮੇਰੇ ਨਾਲ
ਉਸ ਤੋਂ ਚੰਗਾ ਇਹ ਸੀ, ਜੇ ਆ ਜਾਂਦਾ ਕਾਲ
ਉਸੇ ਸਮੇਂ ਉਠ ਰਾਇਸਿੰਘ, ਤੁਰਿਆ ਭੈਣੀ ਵੱਲ
ਦਰਸ ਪਰਸ ਕੇ ਮੱਚ ਗਈ, ਅੰਦਰ ਸੀ ਤ੍ਰਥੱਲ
ਵਾਹੋ ਦਾਹੀ ਆ ਗਏ, ਨਗਰੀ ਗੁਰ ਕਰਤਾਰ
ਲੱਗਾ ਸੀ ਦੀਵਾਨ ਗੁਰੂ, ਬੈਠੇ ਸਨ ਵਿਚਕਾਰ
ਦਰਸ਼ਨ ਕਰਕੇ ਆਖਦਾ, ਆਹ ! ਗਿਆ ਮੈਂ ਭੁੱਲ
ਹੱਥ ਵਿਚ ਆਏ ਲਾਲ ਦਾ, ਪਾਇਆ ਮੈਂ ਨਾ ਮੁੱਲ
ਇਹ ਤੇ ਓਹੀ ਹੈਨ ਜੋ, ਕਟੜੇ ਦੇ ਵਿਚਕਾਰ
ਜਾ ਅਚਾਣਕ ਦਰਸ ਦੇ, ਮੈਨੂੰ ਆਏ ਤਾਰ
ਪੁੱਛਿਆ ਸੀ ਇਕ ਸਿੱਖ ਤੋਂ, ਭਾਈ ਇਹ ਨੇ ਕੌਣ ?
ਤੈਨੂੰ ਪਤਾ ਨਾਂ ਇਨ੍ਹਾਂ ਨੂੰ, ਵੇਦ ਕਤੇਬਾਂ ਗੌਣ
'ਏਹ ਨੇ ਸਤਿਗੁਰੂ ਰਾਮ ਸਿੰਘ, ਪੂਰਨ ਜੋ ਅਵਤਾਰ
ਛੱਡ ਕੇ ਵਾਸ ਵੈਕੁੰਠ ਦਾ, ਆਏ ਗੁਰ ਕਰਤਾਰ
ਕੀਤੀ ਨਮਸ਼ਕਾਰ ਜਾਂ, ਸਿਰ ਚਰਨਾਂ ਤੇ ਧਾਰ
ਮੇਰੀ ਬੇੜੀ ਛੱਡ ਕਿਉਂ, ਆਏ ਸਉ ਮੰਝਧਾਰ
ਬੀਤੀ ਮੇਰੇ ਨਾਲ ਜੋ, ਦੱਸ ਨਾ ਸੱਕਾਂ ਖੋਲ੍ਹ
ਆ ਗਏ ਮੈਨੂੰ ਛੱਡ ਕੇ ਮਿਟੀ ਦੇ ਵਿਚ ਰੋਲ

ਵਿਚ ਵਿਛੋੜੇ ਇਕ ਘੜੀ, ਬੀਤੀ ਜਿਦਾਂ ਜੁੱਗ
ਲਿਆਏ ਕੱਢ ਕਲੇਜੜਾ, ਮੇਰਾ ਭਰ ਕੇ ਰੁੱਗ
ਬਖਸ਼ੋ ਦਾਸ ਗਰੀਬ ਨੂੰ, ਲਾਵੋ ਚਰਨਾਂ ਨਾਲ
ਮੇਰੇ ਪੈਰੋਂ ਕੱਟ ਦਿਓ, ਮਾਇਆ ਦਾ ਇਹ ਜਾਲ
ਰਾਇ ਸਿੰਘ ਦੀ ਅਰਜ ਸੁਣ, ਬੋਲੇ ਦੀਨ ਦਿਆਲ
ਕਰ ਸ਼ਨਾਨ ਸਕੇਸ਼ ਹੁਣ, ਸਮਾ ਨਾਂ ਗੱਲੀਂ ਟਾਲ
ਦਸਮ ਗੁਰੂ ਦਾ ਧਿਆਨ ਕਰ, ਛਡ ਦੇ ਪਛੋਤਾਨ
ਜਿਥੇ ਦੀ ਤੂੰ ਇੱਟ ਸੀ, ਓਥੇ ਲੱਗ ਗਈ ਆਨ
ਆ ਗਏ ਇਸ਼ਨਾਨ ਕਰ, ਰਾਇ ਸਿੰਘ ਸੁਖਧਾਮ
ਮਸਤਕ ਧਰ ਕੇ ਹੱਥ ਗੁਰੁ, ਕੰਨ ’ਚ ਦਿੱਤਾ ਨਾਮ
ਹੁਕਮ ਦਿਤਾ ਸ੍ਰੀ ਸਤਿਗੁਰੂ, ਧਾਰੋ ਰਹਿਤ ਵਿਸ਼ੇਸ਼
ਮਰਯਾਦਾ ਜੋ ਪੰਥ ਦੀ, ਦੱਸੀ ਗੁਰ ਦਸਮੇਸ਼
ਨਾਮ ਜਪੋ, ਬਾਣੀ ਪੜ੍ਹੋ, ਧਾਰੋ ਪੰਜ ਕਕਾਰ
ਅੰਮ੍ਰਿਤ ਛਕ ਕੇ ਸਿੰਘ ਸਜੋ, ਹੋ ਤਿਆਰ ਬਰ ਤਿਆਰ
ਸਿੱਖੀ ਦੀ ਨਾ ਰਹਿਤ ਜਿਸ, ਗੁਰ ਮੰਤ੍ਰ ਨਹੀਂ ਚੀਤ
ਤਿਸਦੇ ਹੱਥੋਂ ਖਾਧਿਆਂ, ਰੱਬ ਦੀ ਵਿਸਰੇ ਪ੍ਰੀਤ
ਮਾਸ ਸ਼ਰਾਬ ਤਿਆਗਣਾ, ਪਰਧਨ ਪਰ ਕੀ ਨਾਰ
ਨਿਗੁਰੇ ਵੇਮੁਖ ਹੱਥ ਦਾ, ਕਰਨਾ ਨਹੀਂ ਅਹਾਰ
ਤੁਹਾਡੇ ਕੋਲੋਂ ਖਾਸ ਮੈਂ, ਕੰਮ ਲੈਣਾ ਹੈ ਇੱਕ
ਏਸ ਲਈ ਹੈ ਤੁਸਾਂ ਨੂੰ, ਏਥੇ ਆਂਦਾ ਛਿੱਕ
ਹੁਕਮ ਕਰੋ ! ਸ੍ਰੀ ਗੁਰੂ ਜੀ, ਮੇਰੀ ਜੋ ਹੈ ਲੋੜ
ਸਿਰ ਦੇ ਕੇ ਵੀ ਮੈਂ ਓਹ, ਚਾੜ੍ਹ ਦਿਆਂਗਾ ਤੋੜ
‘ਰਹਿਤ ਬਹਿਤ ਦਸਮੇਸ਼ ਗੁਰ, ਜੋ ਕੀਤੀ ਸੀ ਤਿਆਰ
ਰਹਿ ਗਈ ਯਾਦ ਨਾ ਕਿਸੇ ਨੂੰ, ਦਿੱਤੀ ਦਿਲੋਂ ਵਿਸਾਰ
ਜਾਵੋ ਅਬਚਲ ਨਗਰ ਵਿਚ, ਦੱਖਨ ਦੇਸ ਅਪਾਰ
ਵਿਚ ਨਦੇੜ ਹਜੂਰ ਦਾ, ਸਚ ਖੰਡੀ ਦਰਬਾਰ
ਕੁਝ ਦਿਨ ਰਹਿਕੇ ਓਸ ਥਾਂ, ਕਥਾ ਕਰੋ ਗੁਰ ਗ੍ਰੰਥ
ਲਿਖ ਲੈ ਆਵੋ ਰਹਿਤ ਸਭ, ਪ੍ਰਚੁਰ ਕਰੀਏ ਪੰਥ
ਭੇਟਾ ਚੜ੍ਹੇ ਜੋ ਕਥਾ ਦੀ, ਲੋਕ ਦੇਣ ਅਰਦਾਸ

ਦੇਣੀ ਤਖਤ ਚੜ੍ਹਾ ਓਹ, ਦਮੜੀ ਰਹੇ ਨਾ ਪਾਸ
ਲੋਭ ਲਾਲਚੋਂ ਦੂਰ ਰਹਿ, ਕੰਵਲ ਵਾਂਗ ਨਿਰਲੇਪ
ਲਾਲਚ ਵਿਚ ਨਾ ਫਸਣਾ, ਰਹਿਣਾ ਸਦਾ ਅਲੇਪ
ਯਾਦ ਨਸੀਹਤ ਰਖਣੀ, 'ਜਾਹੁ ਗੁਰੂ ਕਰਤਾਰ'
'ਹੋਗੁ ਸਹਾਈ ਵਾਧ ਘਾਟ, ਕਰਸੀ ਰੱਛ ਅਪਾਰ'
ਚੇਤਨ ਨਾ ਭਰਮਾ ਲਏ ਰਹਿਣਾ ਹੋਇ ਸੁਚੇਤ
ਸ਼ਾਦੀ ਵਿਆਹ ਕਰਾ ਕੇ, ਫਸੀਂ ਨਾ ਨਾਰੀ ਹੇਤ
ਸਤ ਬਚਨ ਕਹਿ ਰਾਇ ਸਿੰਘ, ਮੰਨ ਗੁਰੂ ਫੁਰਮਾਨ
ਗੱਡੀ ਚਲੀ ਨਾ ਰੇਲ ਸੀ, ਪੈਦਲ ਕੀਤਾ ਪਿਆਨ
ਬਿਖੜਾ ਰਾਹ ਡਰਾਵਨਾ, ਚੀਤੇ ਸ਼ੇਰ ਬਘੇਰ
ਭੀਲ ਬੇ-ਤਰਸੇ ਮਾਰ ਖੋਰ, ਰਾਹੀ ਮਾਰਨ ਘੇਰ
ਇਕ ਇਕੱਲੇ ਤੁਰ ਪਏ, ਸਾਥੀ ਕੋਈ ਨਾ ਨਾਲ
ਚਲਦੇ ਬੰਨ੍ਹ-ਬੰਨ ਕਾਫਲੇ, ਜਿਵੇਂ ਸਮੇਂ ਦੀ ਚਾਲ
'ਨਾਗਾਂ ਵਾੜ ਸਮੁੰਦ ਘਰ, ਕੇਹਰ ਖੜੇ ਬੁਕੰਨ
ਜੇ ਜਮ ਹੋਵੈ ਪਾਹਿਰੂ, ਪ੍ਰੇਮੀ ਚਲ ਮਿਲੰਨ'
ਲੈ ਸਤਿਗੁਰ ਦਾ ਆਸਰਾ, ਅਠ ਸੈ ਕੋਹਾਂ ਵਾਟ
ਓਮੀ ਸਾਥੀ ਨਾਲ ਰਲ, ਪੰਧ ਲਿਆ ਸੀ ਕਾਟ
ਜੰਗਲ ਡਾਢੇ ਸੰਘਣੇ, ਕਿਤੇ ਕੋਈ ਘਰ ਭੀਲ
ਵੱਸਦੇ ਝੁਗੀਆਂ ਵਿਚ ਓਹ, ਪ੍ਰਾਨ ਆਪਣੇ ਹੀਲ
ਕਿਸੇ ਕਿਹਾ ਇਸ ਬੀੜ ਵਿਚ, ਹੈ ਇਕ ਖੂਨੀ ਸ਼ੇਰ
ਚੌਕੀ ਕੰਢੇ ਪਾਰਲੇ, ਜਾਣਾ ਲੰਘ ਉਸ਼ੇਰ
ਸਾਥੀ ਨੂੰ ਕਿਹਾ ਸਿੰਘ ਨੇ, ਸਵਾਂਗੇ ਪੈਰ ਪਸਾਰ
ਛੇਤੀ-ਛੇਤੀ ਪੈਰ ਧਰ, ਚੱਲੀਏ ਪਰਲੇ ਪਾਰ
ਓਸ ਕਿਹਾ ਮੈਂ ਜਾਣਿਆਂ, ਤੁਸੀਂ ਡਰਾਕਲ ਲੋਕ
ਦੇਵੇ ਕੋਈ ਭਰਮ ਪਾ, ਪੈ ਜਾਂਦੇ ਵਿਚ ਸ਼ੋਕ
ਵੀਰ, ਨਾ ਚੰਗਾ ਫਸਣਾਂ, ਜਾਣ ਬੁੱਝ ਮੂੰਹ ਮੌਤ
ਭੰਗ ਦੇ ਭਾੜੇ ਮਰਾਂਗੇ, ਸੱਚੀ ਹੋਇ ਕਹੌਤ
ਚੌਕੀ ਪਾਈ ਇਸ ਲਈ, ਰਾਹੀ ਕਰਨ ਅਰਾਮ
ਓਥੇ ਚੱਲ ਬੇ-ਫਿਕਰ ਹੋ, ਕਰ ਲਈਏ ਬਿਸਰਾਮ

ਸੁਣ ਉਸ ਆਖਿਆ ਤੁਸਾਂ ਦਾ, ਹਾਥੀ ਜੇਹਾ ਕੱਦ
ਕੀੜੀ ਜੇਹਾ ਦਿਲ ਪਰ, ਡਰਦੇ ਹੋਂ ਬੇਹੱਦ
ਰਾਇ ਸਿੰਘ ਅਰਦਾਸ ਕਰ, ਗੁਰੂ ਚਰਨ ਧਰ ਧਿਆਨ
ਪੈ ਗਏ ਜੰਗਲ ਵਿਚ ਹੀ, ਭਾਵੀ ਘੇਰੇ ਆਨ
ਤੁਰਨ ਸਮੇਂ ਸੀ ਆਖਿਆ 'ਜਾਹ ਗੁਰੂ ਰਖਵਾਰ'
ਅੱਜ ਬਚਾਣਾਂ ਏਸ ਥਾਂ, ਲੈਣਾਂ ਬਿਰਦ ਸੰਭਾਰ
ਰਾਤ ਪਹਿਰ ਤੋਂ ਵਧ ਗਈ, ਸ਼ੇਰ ਮਾਰ ਭਬਕਾਰ
ਸਾਥੀ ਗਲ ਤੋਂ ਪਕੜ ਕੇ, ਭੇਜਿਆ ਪਰਲੇ ਪਾਰ
ਮੈਂ ਮਰਿਆ ਉਸ ਆਖ ਕੇ, ਦਿੱਤੀ ਜਾਨ ਗਵਾ
ਮਰਿਆ ਵਿਚ ਹੰਕਾਰ ਦੇ, ਭਾਣਾ ਵਰਤਿਆ ਆ
ਹੱਥ ਜੋੜ ਕੇ ਰਾਇ ਸਿੰਘ, ਤਰਲੇ ਲੱਗਾ ਪਾਣ
ਆਣ ਬਚਾਵੋ ਸ਼ੇਰ ਤੋਂ, ਜਗਤ ਗੁਰੂ ਭਗਵਾਨ
ਇਸ ਦੇ ਪਿਛੋਂ ਆ ਰਹੀ, ਜਲਦੀ ਮੇਰੀ ਵਾਰ
ਦੇਰ ਕਰੋ ਨਾ ਹੋਰ ਹੁਣ, ਮੈਨੂੰ ਲਓ ਉਬਾਰ
ਮੈਂ ਤੇ ਪਹਿਲੋਂ ਹੀ ਕਿਹਾ ਸੀ, ਮੇਰੀ ਨਾ ਸਮਰੱਥ
ਜੰਗਲ ਇਹ ਭੀਹਾਵਲਾ, ਮੈਂ ਹਾਂ ਖਾਲੀ ਹੱਥ
ਤਦੋਂ ਕਿਹਾ ਸੀ ਆਪ ਨੇ, "ਜਾਹ ਗੁਰੂ ਰਖਵਾਰ"
ਆਣ ਬਚਾਵੋ ਝਬ ਹੁਣ, ਸ਼ੇਰ ਦਏਗਾ ਮਾਰ
ਕਿਹਾ ਨਹੀਂ ਸੀ ਆਪ ਨੇ 'ਰਖਿਆ ਤੇਰੀ ਹੇਤ
ਪੁੱਜਾਂਗੇ ਝਬ ਓਸ ਥਾਂ, ਯਾਦ ਕਰੇਂਗਾ ਜੇਤ'
ਕੀ ਓਹ ਐਵੇਂ ਦੇ ਰਹੇ, ਸੀ ਫੋਕਾ ਧਰਵਾਸ
ਵਿਚ ਵਿਦੇਸਾਂ ਮਾਰਿਆ, ਅਪਣਾ ਕੋਈ ਨ ਪਾਸ
ਦੁਆਪੁਰ ਵਿਚ ਵੀ ਕਿਹਾ ਸੀ, ਅਰਜਨ ਨੂੰ ਦੇ ਧੀਰ
'ਮੇਰੀ ਇਹ ਪ੍ਰਤੱਗਿਆ, ਸੁਣ ਲੈ ਮੇਰੇ ਵੀਰ
ਭਗਤਿ ਕਾਜ ਦਿਲ ਲਾਜ ਧਰ, ਪੈਰ ਪਿਆਦੇ ਚੱਲ
ਭੀੜ ਪਵੇ ਜਾਂ ਭਗਤ ਨੂੰ, ਓਥੇ ਜਾਵਾਂ ਹੱਲ
ਦੁਸ਼ਮਣ ਮੇਰੇ ਭਗਤ ਦਾ, ਮੇਰਾ ਵੈਰੀ ਖਾਸ
ਭਗਤਾਂ ਦੇ ਸਭ ਕੰਮ ਮੈਂ, ਕਰਦਾ ਹਾਂ ਜਿਉਂ ਦਾਸ'
ਹੁਣ ਕਿਉਂ ਨਾਹੀ ਬਹੁੜਦੇ, ਲਾਈ ਏ ਕਿਉਂ ਦੇਰ

ਛੇਤੀ ਲਓ ਬਚਾ ਹੁਣ, ਮਾਰ ਦਏ ਨਾ ਸ਼ੇਰ
ਗੱਲਾਂ ਵਿਚ ਭੁਚਲਾਕੇ, ਤੋਰਿਆ ਦੇ ਧਰਵਾਸ
ਮੌਤ ਖਲੋਤੀ ਸਾਮਣੇ, ਜੀਵਨ ਦੀ ਨਾ ਆਸ
ਸਾਥੀ ਨੂੰ ਇਹ ਖਾ ਰਿਹਾ, ਘੂਰੇ ਮੇਰੇ ਵੱਲ
ਅੱਖਾਂ ਕੱਢ ਡਰਾ ਰਿਹਾ, ਹੁਣ ਨਾ ਲਾਵੋ ਪਲ
ਜੋ ਬਚਾ ਨਹੀਂ ਸੱਕਦੇ, ਫੇਰ ਤੋਰਿਆ ਕਿਉਂ ?
ਮੇਰੇ ਤੋਂ ਕੋਈ ਵੈਰ ਹੈ, ਲਿਆ ਆਪ ਨੇ ਇਉਂ ?
ਆਣ ਬਚਾਵੋ ਕਾਲ ਤੋਂ, ਲੰਮੀ ਭੁਜਾ ਪਸਾਰ
ਰੱਖਿਆ ਕਰੋ ਅਨਾਥ ਦੀ, ਹੇ ਚੀਨੀ ਅਸਵਾਰ
ਜਾ ਖਲੋਤੇ ਗੁਰੂ ਜੀ, ਸਿੰਘ ਸ਼ੇਰ ਵਿਚਕਾਰ
ਸਿਰ ਤੇ ਹੱਥ ਧਰ ਓਸ ਦੇ, ਕੀਤਾ ਬਚਨ ਉਚਾਰ
'ਤੂੰ ਵੀ ਸਿੰਘ ਜੇ ਸ਼ੇਰ ਇਹ, ਅਪਣਾ ਬਲ ਪਛਾਣ
ਵਾਲ ਨਾਂ ਵਿੰਗਾ ਕਰ ਸਕੇ, ਤੇਰਾ ਇਹ ਹੈਵਾਨ'
ਸ਼ੇਰ ਵੱਲ ਹੱਥ ਕਰ ਕਿਹਾ, "ਜੰਗਲ ਦੇ ਮ੍ਰਿਗ-ਰਾਜ
ਜਾਵੋ ਘਰ ਨੂੰ ਆਪਣੇ, ਤੁਹਾਨੂੰ ਮਿਲ ਗਿਆ ਖਾਜ'
ਤੁਰਿਆ ਨੀਵਾਂ ਮੂੰਹ ਕਰ, ਅਪਣੇ ਰਸਤੇ ਸ਼ੇਰ
ਪਿੱਛਾ ਮੁੜ ਨਾ ਝਾਕਿਆ, ਦੂਜੀ ਵਾਰੀ ਫੇਰ
ਚਰਨੀ ਸਿਰ ਧਰ ਰਾਇ ਸਿੰਘ, ਲੱਗਾ ਤਰਲੇ ਪਾਣ
ਬੇ-ਵਕੂਫ ਬੇ-ਅਕਲ ਮੈਂ, ਸਕਿਆ ਨ ਤੁਹਾਨੂੰ ਜਾਣ
ਮੈਨੂੰ ਕੋਈ ਨਹੀਂ ਹੁਣ, ਕਿਸੇ ਚੀਜ਼ ਦੀ ਲੋੜ
ਇੰਵ ਅਚਾਣਕ ਦਰਸ ਦੇ, ਪੂਰੀ ਕੀਤੀ ਥੋੜ
ਬਹੁਤ ਉਲਾਂਭੇ ਆਪ ਨੂੰ, ਮੈਂ ਦਿੱਤੇ ਹਨ ਸਾਫ
ਮੌਤ ਵੇਖ ਡਰ ਗਿਆ ਸਾਂ, ਮੈਨੂੰ ਕਰਨਾ ਮਾਫ਼
ਹੁਣ ਇਹ ਸ਼ੇਰ ਬੇਸ਼ੱਕ ਆ, ਮੈਨੂੰ ਜਾਵੇ ਖਾਇ
ਸੱਭੇ ਆਸਾਂ ਪੂਰੀਆਂ, ਏਥੇ ਦਰਸ ਵਿਖਾਇ
ਮੇਰੇ ਦਿਲ ਦੇ ਵਿਚ ਰਹੇ, ਸਦਾ ਤੁਹਾਡਾ ਵਾਸ
ਮੇਰੀ ਹੈ ਗੁਰੂ ਦੇਵ ਜੀ, ਹੱਥ ਜੋੜ ਅਰਦਾਸ
ਸ਼ੇਰ ਹੋਇ ਵਿਚ ਜੰਗਲੀਂ, ਉੱਤੋਂ ਆਵੇ ਰਾਤ
ਚੀਨੀ ਦੇ ਅਸਵਾਰ ਹੋ, ਮੈਂ ਵਲ ਪਾਵੋ ਝਾਤ

ਏਹੀ ਝਾਕੀ ਅੱਜ ਦੀ, ਮੇਰੇ ਦਿਲ ਦੇ ਵਿੱਚ
ਵੱਸੇ ਦਿਨ ਰਾਤੀ ਸਦਾ, ਰਹੇ ਪਾਂਵਦੀ ਖਿੱਚ
ਇਸ ਦੇ ਬਾਝੋਂ ਅੱਖੀਆਂ, ਜਿੱਤ ਵਲ ਤੱਕਣ ਹੋਰ
ਫੁੱਟ ਜਾਣ ਗਲ਼ ਜਾਣ ਇਹ, ਮੈਥੀਂ ਜ਼ੋਰੋ ਜ਼ੋਰ
ਰਾਇ ਸਿੰਘ ਨੂੰ ਗੁਰੂ ਜੀ, ਚੌਕੀ ਵਿਚ ਪੁਚਾਇ
ਆ ਗਏ ਨਿੱਜ ਸਥਾਨ ਮੁੜ, ਭੈਣੀ ਸਾਹਿਬ ਧਾਇ
ਰਖਵਾਲਾ ਜੋ ਘੋੜਿਆਂ, ਸਾਵਨ ਸਿੰਘ[61] ਸਰਦਾਰ
ਘੋੜਿਆਂ ਦੀ ਸੰਭਾਲ ਸੀ, ਕਰਦਾ ਨਾਲ ਪਿਆਰ
ਉੱਠ ਸਵੇਰੇ ਵੇਖਿਆ, ਜਾਂ ਉਸ ਚੀਨੀ ਵੱਲ
ਥੱਕੀ ਜਾਪੇ ਬਹੁਤ ਸੀ, ਪਈ ਹੋਈ ਨਿਸਚੱਲ
ਜਾਪਣ ਪਿੰਡੇ ਓਸ ਦੇ, ਕਾਠੀ ਪਏ ਨਿਸ਼ਾਨ
ਮਿੱਟੀ ਘੱਟੇ ਲਿੱਬੜੀ, ਹੋਇਆ ਵੇਖ ਹੈਰਾਨ
ਗਰਮੀ ਮੁੜ੍ਹਕੇ ਨਾਲ ਉਸ, ਭਿੱਜੇ ਸਾਰੇ ਅੰਗ
ਦਾਣਾ ਕੱਖ ਨਾ ਖਾਂਵਦੀ, ਜਾਪੇ ਡਾਢੀ ਤੰਗ

ਸਿਰ ਸੱਟੀ ਪਈ ਥਾਨ ਤੇ, ਹੋਈ ਅਕਲਕਾਨ[62]
ਉੱਠ ਖਲੋ ਨਾ ਸੱਕਦੀ, ਪਈ ਲੰਮੀਆਂ ਤਾਨ
ਪੁਛਿਆ ਸਾਵਨ ਸਿੰਘ ਨੇ, ਸਾਰੇ ਸੇਵਾਦਾਰ
ਦੱਸੋ ਹੋਇਆ ਕੌਣ ਹੈ, ਚੀਨੀ ਤੇ ਅਸਵਾਰ
ਜਾਂ ਆਏ ਸ੍ਰੀ ਸਤਿਗੁਰੂ, ਰਾਤ ਤਬੇਲੇ ਚੱਲ
ਸਮਝ ਨਾ ਕੋਈ ਆਂਵਦੀ, ਇਹ ਕੀ ਹੋਈ ਗੱਲ
ਮੈਂ ਦਰਵਾਜ਼ਾ ਬੰਦ ਕਰ, ਅੰਦਰੋਂ ਕੁੰਡਾ ਮਾਰ
ਤਾਲਾ ਲਾ ਕੇ ਚਾਬੀਆਂ, ਰੱਖੀਆਂ ਕੋਲ ਸੰਭਾਰ
ਖੁੱਲ੍ਹ ਨਾ ਸਕਦਾ ਜੰਦਰਾ, ਦੂਜੀ ਚਾਬੀ ਨਾਲ
ਮੈਨੂੰ ਆਉਂਦਾ ਰੋਣ ਹੈ, ਵੇਖ ਚੀਨੀ ਦਾ ਹਾਲ
ਚੜ੍ਹਿਆ ਜੇ ਕੋਈ ਤੁਸਾਂ ਚੋਂ, ਅੰਦਰੋਂ ਤਾਲਾ ਖੋਲ੍ਹ

[61] ਪੁੱਤਰ ਸ੍ਰ. ਜੀਤਾ ਸਿੰਘ । ਬਾਬੇ ਸ਼ੇਰ ਸਿੰਘ ਗ੍ਰੰਥ ਗੜ੍ਹ (ਅੰਮ੍ਰਿਤਸਰ) ਨੇ ਸੁਰਖੀ ਘੋੜੀ ਦੇ ਨਾਲ ਹੀ ਸਾਈਸ ਵੱਜੋਂ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਸਦਾ ਲਈ ਭੇਜ ਦਿੱਤਾ।
[62] ਬੇਹਾਲ

ਮੈਨੂੰ ਦੇਵੇ ਦੱਸ ਉਹ, ਦੱਸਾਂ ਕਿਸੇ ਨਾ ਕੋਲ
ਸੁਣ ਸੇਵਾਦਾਰਾਂ ਕਿਹਾ, ਕਰੋ ਤੁਸੀਂ ਕੀ ਗੱਲ
ਚੀਨੀ ਤੇ ਚੜ੍ਹ ਸਕਦੇ, ਵਾਹ ਅਸੀਂ ਭੜਮੱਲ
ਕੀ ਸਾਨੂੰ ਨਾ ਪਤਾ ਇਹ, ਬਾਝੋਂ ਗੁਰ ਕਰਤਾਰ
ਚੀਨੀ ਤੇ ਨਾ ਹੋ ਸਕੇ, ਹੋਰ ਕੋਈ ਅਸਵਾਰ !
ਕੋਈ ਬੰਦਾ ਹੋਰ ਜੇ, ਉਤੇ ਚੜ੍ਹਿਆ ਏਸ
ਧਰਤੀ ਪਟਕਾ ਮਾਰਿਆ, ਕਰੀ ਹਿਮਾਕਤ ਜੇਸ
ਅਸੀਂ ਤੇ ਹਾਂ ਉਹ ਜਾਣਦੇ, ਲੋਕੀ ਕਰਨ ਕਹੌਤ
ਅਣਹੋਏ ਕੰਮ ਉਹ ਕਰੇ, ਆਵੇ ਜਿਸਦੀ ਮੌਤ

ਸਾਡੀ ਨਾ ਕੋਈ ਜੁਰਅੱਤ ਹੈ, ਇਸ ਤੇ ਦਈਏ ਲੱਤ
ਐਵੇਂ ਕਰਦੇ ਹੋ ਤੁਸੀਂ, ਸਾਡੇ ਨਾਲ ਕਪੱਤ
ਸੁਣ ਦਰੋਗੇ ਨੇ ਕਿਹਾ, ਮੈਂ ਹਾਂ ਅਤੀ ਅਧੀਰ
ਮੈਨੂੰ ਦੇਵੋ ਮਾਫ਼ ਕਰ, ਬਖ਼ਸ਼ ਦਿਓ ਤਕਸੀਰ
ਪਰ ਅਸੀਂ ਸੱਭੇ ਸੋਚੀਏ, ਇਹ ਕੀ ਵਰਤੀ ਖੇਡ
ਅੱਜ ਤੀਕ ਹੋਈ ਕਦੇ, ਗੱਲ ਨਾ ਐਡੋ ਕੇਡ
ਸੁਣ ਕੇ ਸਭਨਾਂ ਨੇ ਆਖਿਆ, ਨਹੀਂ ਖਪਣ ਦੀ ਲੋੜ
ਸਤਿਗੁਰੂ ਜੀ ਦੇ ਕੋਲ ਜਾ, ਅਰਜ਼ ਕਰੋ ਹੱਥ ਜੋੜ
ਲੱਗ ਜਾਇਗਾ ਪਤਾ ਸਭ, ਵਰਤੀ ਹੈ ਜੋ ਕਾਰ
ਹੋਰ ਮਜਾਲ ਨਾ ਕਿਸੇ ਦੀ, ਚੀਨੀ ਹੋਇ ਸਵਾਰ
ਸ੍ਰੀ ਦਰੋਗਾ ਜੀ ਗਏ, ਸਤਿਗੁਰ ਜੀ ਦੇ ਵੱਲ
ਅਰਜ਼ ਕਰੀ ਹਥ ਜੋੜ ਕੇ, ਸਮਝ ਨਾ ਆਵੇ ਗੱਲ
ਅਕਲ ਨਾ ਕਰਦੀ ਕੰਮ ਕੁਝ, ਆਖਾਂ ਕੀ ਸਰਕਾਰ
ਚੀਨੀ ਰਾਤੀਂ ਲੈ ਗਿਆ, ਕੋਈ ਹੋ ਅਸਵਾਰ
ਹੱਸ ਕਿਹਾ ਭਗਵਾਨ ਇਹ, ਭਾਈ! ਨਾ ਘਬਰਾ
ਰਾਇ ਸਿੰਘ ਜੀ ਗੱਲ ਸਭ, ਦੱਸ ਦੇਣਗੇ ਆ
ਤਿੰਨ ਮਹੀਨੇ ਰਹੇ ਉਹ, ਹਜ਼ੂਰ ਸਾਹਿਬ ਦਰਬਾਰ
ਕਥਾ ਸੁਣਾਈ ਆਦਿ ਤੇ, ਦਸਮ ਨਾਲ ਸਤਿਕਾਰ
ਕਰਦੇ ਸਨ ਉਹ ਅਰਥ ਜੋ, ਗੁਰੂ ਜਣਾਵੇ ਖ਼ਾਸ

ਜੋ ਕੁਝ ਮੂੰਹੋਂ ਆਖਦੇ, ਦਿਲ ਵਿਚ ਉਸਦਾ ਵਾਸ
ਅਸਰ ਹੋਇ ਉਸ ਕਥਾ ਦਾ, ਸਭਨਾਂ ਤੇ ਇਕ ਸਾਰ
ਸੁਣ ਕੇ ਸਾਰੇ ਆਖਦੇ, ਰਾਇ ਸਿੰਘ! ਬਲਿਹਾਰ!
ਕਥਾ ਸਮਾਪਤ ਜਦ ਕਰੀ, ਭੇਟਾ ਚੜ੍ਹੀ ਅਪਾਰ
ਹੁਕਮ ਮੰਨ ਕੇ ਓਹ ਸਭ, ਅਰਪੀ ਗੁਰੂ ਦੁਆਰ
ਵਿਦਿਆ ਮੰਗ ਕੇ ਆਖਿਆ, ਮੈਂ ਜਾਵਾਂ ਹੁਣ ਦੇਸ਼
ਸੰਗਤ ਸਾਰੀ ਪਿਆਰ ਨਾਲ, ਕੀਤੀ ਅਰਜ਼ ਵਿਸ਼ੇਸ਼
ਅਸੀਂ ਨਾ ਚਾਹੁੰਦੇ ਤੁਸਾਂ ਨੂੰ, ਏਥੋਂ ਦੇਣਾ ਜਾਣ
ਵੱਸੋ ਰੱਸੋ ਮੌਜ ਨਾਲ, ਪੂਰੋ ਦਿਲੀ 'ਰਮਾਨ
ਕਰੀਏ ਸ਼ਾਦੀ ਆਪ ਦੀ, ਕੁੜੀ ਕੁਆਰੀ ਨਾਲ
ਲੈਣਾ ਕੀ ਪੰਜਾਬ ਤੋਂ, ਖ਼ੂਬ ਉਡਾਓ, ਮਾਲ
ਤਖ਼ਤ ਸਾਹਿਬ ਦੇ ਗ੍ਰੰਥੀਆਂ ਦੇ ਹੋ ਕੇ ਸਰਦਾਰ
ਅਰਥ ਸੁਣਾਂਦੇ ਸਦਾ ਰਹੁ, ਦਸਮ ਗੁਰੂ ਦਰਬਾਰ
ਰਾਇ ਸਿੰਘ ਜੀ ਆਖਿਆ, ਮੇਰੇ ਨਹੀਂ ਅਧੀਨ
ਏਹੀ ਹੁਕਮ ਸੀ ਗੁਰੂ ਦਾ, ਜਿਸ ਵਿਚ ਮੇਖ ਨਾ ਮੀਨ
ਭਰ ਗਏ ਸਭ ਵੈਰਾਗ ਵਿਚ, ਸੁਣ ਭਾਈ ਦੇ ਵਾਕ
ਆਇ ਵਿਛੋੜਾ ਯਾਦ ਜਾਂ, ਸੀਨਾ ਹੋਵੇ ਚਾਕ
ਤਖ਼ਤੋਂ ਬਖ਼ਸ਼ਿਆ ਸਿਰੋ-ਪਾ, ਨਾਲ ਹੋਰ ਪ੍ਰਸ਼ਾਦ
ਰਾਇ ਸਿੰਘ ਜੀ ਮੁੜ ਪਏ, ਸਤਿਗੁਰ ਨੂੰ ਕਰ ਯਾਦ
ਮੁਕ ਗਿਆ ਰਾਹ ਦਾ ਖ਼ਰਚ ਤੇ, ਪੈਸਾ ਰਿਹਾ ਨਾ ਇੱਕ
ਗ਼ੈਰ ਦੇਸ਼ ਨਾ ਵਾਕਿਫੀ, ਹੋਇ ਗੁਜ਼ਾਰਾ ਕਿੱਕ
ਬੋਲੀ ਦੀ ਮਣ ਤੇ ਪਿਆ, ਪੰਜ ਸੌ ਦਮੜਾ ਠੀਕ
ਭਰੀ ਹੋਈ ਸੀ ਬਾਂਸਣੀ, ਤੁੰਨੀ ਡੀਕੋ ਡੀਕ
ਸੋਚਿਆ ਕੋਈ ਭੁੱਲ ਗਿਆ, ਹੱਥ ਫੜੀ ਲਟਕਾ
ਮੰਗ ਲਏ ਦੇ ਦਿਆਂਗਾ, ਲੱਭਦਾ ਜਾਵੇ ਆ
ਅਕਾਸ਼ ਬਾਣੀ ਦੁਆਰਾ ਪਈ, ਵਿਚ ਕੰਨ ਦੇ ਸੋ
ਇਹ ਤੁਹਾਡੀ ਚੀਜ਼ ਹੈ, ਮਾਲਕ ਹੋਰ ਨਾ ਕੋ
ਖਰਚਾ ਰਾਹ ਦਾ ਮਿਲ ਗਿਆ, ਆਏ ਮੌਜਾਂ ਨਾਲ
ਭੈਣੀ ਸਾਹਿਬ ਆਣ ਕੇ, ਹੋਏ ਬਹੁਤ ਨਿਹਾਲ

ਦੱਸੀ ਸਾਰੀ ਵਿਥਿਆ, ਆਣ ਪਿਆ ਜਿਉਂ ਸ਼ੇਰ
ਚੀਨੀ ਤੇ ਅਸਵਾਰ ਹੋ, ਕੀਤੀ ਰੱਖਿਆ ਫੇਰ
ਸ਼ੰਕੇ ਸੱਭੇ ਮਿਟ ਗਏ, ਸੁਣ ਉਹਨਾਂ ਦਾ ਹਾਲ
ਕਿਵੇਂ ਬਚਾਇਆ ਸ਼ੇਰ ਤੋਂ, ਵਿਰਦ ਆਪਣਾ ਪਾਲ
ਰਾਜ਼ੀ ਬਾਜ਼ੀ ਆ ਗਿਆ, ਸਿੰਘ ਖੁਸ਼ੀ ਦੇ ਨਾਲ
ਹਜ਼ੂਰ ਸਾਹਿਬ ਦਾ ਦੱਸਿਆ, ਅੱਖੀ ਡਿੱਠਾ ਹਾਲ
ਰਹਿਤ ਬਹਿਤ ਜੋ ਤਖ਼ਤ ਦੀ, ਦੱਸੀ ਖੋਲ੍ਹ ਹਜ਼ੂਰ
ਕਰ ਲਈ ਸ੍ਰੀ ਸਤਿਗੁਰੂ, ਚਾਹੀ ਜੋ ਮਨਜ਼ੂਰ ।

************************

## (11)

## [illegible]

ਹੋਇਆ ਦੇਸ਼ ਪੰਜਾਬ ਵਿਚ, ਗੁਰੂਮਤ ਪ੍ਰਚਾਰ
ਪਿੰਡ-ਪਿੰਡ ਵਿਚ ਫੈਲਿਆ, ਸਿੱਖੀ ਦਾ ਪ੍ਰਸਾਰ
'ਹੁਕਮ ਨਾਮਾ'[63] ਲਿਖ ਭੇਜਿਆ, ਸਿੱਖੀ ਦੀ ਦੇ ਸੰਥ
ਕਰੋ ਅਮਲ ਸਭ ਏਸ ਤੇ, ਮੰਨੇ ਸਾਰਾ ਪੰਥ
ਜਵਾਹਰ ਸਿੰਘ ਤੇ ਸਾਹਬ ਸਿੰਘ, ਅਦਿਕ ਨਾਲ ਵੀਚਾਰ
ਰਹਿਤਨਾਮਾ ਲਿਖ ਭੇਜਿਆ, ਆਪ ਗੁਰੂ ਕਰਤਾਰ
ਜਿਸ ਵਿਚ ਲਿਖੀ ਖੋਲ੍ਹ ਕੇ, ਸਿੱਖੀ ਦੀ ਮਰਯਾਦ
ਹੁਕਮਨਾਮਾ ਏਹ ਜੋ, ਹੈ ਸਭਨਾਂ ਤੋਂ ਆਦ
ਅੰਮ੍ਰਿਤ ਵੇਲੇ ਜਾਗ ਕੇ, ਗੜਵਾ ਲੈ ਕੇ ਜਲ
ਜੰਗਲ ਪਾਣੀ ਜਾਵਣਾ, ਤਿਆਗ ਦੇਵਣੀ ਮਲ
ਉਹ ਗੜਵਾ ਦੋ ਬਾਰ ਫਿਰ, ਮਾਂਜੋ ਮਿੱਟੀ ਨਾਲ
ਨਾਲ ਹੀ ਪੰਜ ਵਾਰ ਮਾਂਜਣੇ, ਹੱਥ ਪੈਰ ਤਤਕਾਲ
ਵਸਤ੍ਰ ਪਹਿਲੋਂ ਖੋਲ੍ਹ ਕੇ, ਜਾਣਾ ਫੇਰ ਮਦਾਨ
ਦਾਤਣ ਕਰਨੀ ਕੁਲਾ ਕਰ, ਕਰਨਾ ਫੇਰ ਸ਼ਨਾਨ
ਆਸਣ ਉਤੇ ਬੈਠ ਕੇ, ਗੁਰਬਾਣੀ ਦਾ ਪਾਠ
ਮਾਈਆਂ ਬੀਬੀਆਂ ਬੱਚਿਆਂ, ਬੁੱਢਿਆਂ ਪਹਿਰ ਆਠ
ਸਬਦ ਹਜ਼ਾਰੇ ਆਦਿ ਦਸਮ, ਜਪੁਜੀ ਨਾਲੇ ਜਾਪ
ਕੀਰਤਨ ਸੋਹਲਾ ਰਹਿਰਾਸ, ਕੰਠੋ ਕਰੇ ਅਲਾਪ
ਬਿਨ ਕੀਤੇ ਇਸ਼ਨਾਨ ਦੇ, ਛਕਣਾਂ ਨਾ ਪ੍ਰਸ਼ਾਦ
ਸੀਲ ਸੰਤੋਖ ਨੂੰ ਧਾਰ ਕੇ, ਰਹਿਣਾ ਵਿਚ ਮਰਯਾਦ
ਗੱਪਾਂ ਮਾਰ ਫਜ਼ੂਲ ਨਾ, ਕਰਨਾ ਵਾਦ ਵਿਵਾਦ
ਅੱਠੇ ਪਹਿਰ ਨਾ ਵਿੱਸਰੇ, ਗੁਰੂ ਮੰਤ੍ਰ ਦੀ ਯਾਦ

---

[63] ਇਹ ਰਹਿਤਨਾਮਾ 1862 ਈ. ਦੀ ਆਖਰੀ ਤਿਮਾਹੀ ਵਿਚ ਭੈਣੀ ਸਾਹਿਬ ਤੋਂ ਜਾਰੀ ਕੀਤਾ ਗਿਆ ਸੀ।

ਗੱਲੀਂ ਵਕਤ ਗੁਜ਼ਾਰ ਕੇ, ਕਰੇ ਨਾ ਵਾਧੂ ਸ਼ੋਰ
ਮਾਂ ਭੈਣ ਧੀ ਜਾਨਣੀ, ਨਾਰ ਪ੍ਰਾਈ ਹੋਰ
'ਹਕੁ ਪਰਾਇਆ ਨਾਨਕਾ, ਉਸੁ ਸੂਅਰ ਉਸੁ ਗਾਇ'
ਸਤਿਗੁਰੂ ਸਚੇ ਪਾਤਸ਼ਾਹ, ਆਪ ਗਏ ਫੁਰਮਾਇ
ਭਜਨ ਪੁਛ ਕੇ ਜੇ ਕੋਈ, ਜਪੇ ਨਾ ਨਿਸਚਾ ਧਾਰ
ਕਾਲਾ ਮੂੰਹ ਉਸ ਹੋਇਗਾ, ਜਮ ਦੀ ਖਾਵੇ ਮਾਰ
ਸਹਿ ਜਾਣਾ ਹਰ ਕਿਸੇ ਦਾ, ਕਰੜਾ ਬੋਲ ਕਬੋਲ
ਰਾਖਾ ਤੁਹਾਡਾ ਗੁਰੂ ਹੈ, ਹਰਦਮ ਵਸੇ ਕੋਲ
ਕੀਰਤਨ ਕਰੋ ਦੀਵਾਨ ਲਾ, ਉੱਗਣ ਆਥਣ ਹੋਇ
ਰੱਖਣੀ ਬਹੁਤ ਛੁਪਾਇਕੇ, ਕਰੀ ਭਲਾਈ ਜੋਇ
ਭੈੜੇ ਥਾਓਂ ਬਚਣਾ, ਐਵੇਂ ਐਰ ਜੋ ਗ਼ੈਰ
ਚੌਂਕੇ ਦੇ ਵਿਚ ਜਾਣ ਤੋਂ, ਪਹਿਲਾਂ ਧੋਣੇ ਪੈਰ
ਯੁੱਗ ਹੋਮ ਜਿਸ ਥਾਂ ਕਰੋ, ਚੌਕਾ ਲੈਣਾ ਪਾਇ
ਬੇਰੀ ਚੰਦਨ ਢੱਕ ਦੀ, ਲੱਕੜ ਦਏ ਜਲਾਇ[64]

ਫੂਕ ਮਾਰ ਨਾ ਬਾਲਣੀ, ਯੱਗ ਹੋਮ ਦੀ ਅੱਗ
ਮਨ-ਮੱਤ ਵਿਚ ਨਾ ਫਸਣਾ, ਲੋਕਾਂ ਆਖੇ ਲੱਗ
ਕੱਠੇ ਹੋਕੇ ਸੱਤ ਸਿੰਘ, ਜੋ ਤਿਆਰ ਬਰ ਤਿਆਰ
ਪੰਜ ਉਚਾਰਨ ਬਾਣੀਆਂ, ਦੋ ਜਪਣ ਕਰਤਾਰ
ਜਪੁ ਜਾਪੁ ਤੇ ਚੌਪਈ, ਛੱਕੇ ਚੰਡੀ ਦੀ ਵਾਰ[65]
ਅਕਾਲ ਉਸਤਤਿ ਚੰਡੀ ਚਰਿਤ੍ਰ, ਪੜ੍ਹਨਾ ਲਾ ਪਿਆਰ
ਪਾਇ ਅਹੂਤੀ ਅੱਗ ਵਿਚ, ਛੇਵਾਂ ਸਿੰਘ ਜੋ ਹੋਇ
ਸਤਵਾਂ[66] ਛਿੱਟਾ ਦੇਇ ਜਲ, ਥੋੜਾ-ਥੋੜਾ ਸੋਇ

---

[64] ਹਵਨ ਵਿਚ ਲੱਕੜੀ ਬੇਰੀ ਜਾਂ ਢੱਕ ਪਲਾਹ ਦੀ ਪਾਉਣੀ ਹੈ।

[65] ਹਵਨ ਵਿਚ ਜਪੁ, ਜਾਪੁ, ਚੌਪਈ, ਅਕਾਲ ਉਸਤਤਿ, ਚੰਡੀ ਚਰਿੱਤ੍ਰ ਦੂਸਰਾ ਇਹ ਪੰਜ ਬਾਣੀਆਂ ਪੜ੍ਹਨ ਦਾ ਹੁਕਮ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਰਹਿਤਨਾਮੇ ਵਿਚ ਦਰਜ ਹੈ। ਚੰਡੀ ਦੀ ਵਾਰ ਅਤੇ ਉਗ੍ਰਦੰਤੀ ਹਵਨ ਵਿਚ ਇਹ ਬਾਣੀਆਂ ਪੜ੍ਹਨ ਦਾ ਹੁਕਮ ਗੁਰੂ ਹਰੀ ਸਿੰਘ ਜੀ ਨੇ ਕੀਤਾ।

[66] ਛੇਵਾਂ ਅਤੇ ਸਤਵਾਂ ਜੋ ਅਹੂਤੀ ਪਾਏ, ਜਲ ਦਾ ਛਿੱਟਾ ਦੇਵੇ, ਉਹ ਦੋਵੇਂ ਭਜਨ ਕਰਨ ਚੌ ਅੱਖਰਾ।

ਮੰਦਾ ਕਰਮ ਛੁਪਾਇ ਜੋ, ਹੋਵੇ ਯਾਰ ਤੇ ਚੋਰ
ਵੜਨ ਨਾ ਦੇਣਾ ਪੰਥ ਵਿਚ, ਬੇਸ਼ਕ ਲਾਵੇ ਜ਼ੋਰ
ਹੋਵੇ ਜ਼ੋਰਾਵਰ ਜੇ, ਰਲ ਕਰਨੀ ਅਰਦਾਸ
ਹੇ ਸਤਿਗੁਰ! ਨਾ ਆ ਸਕੇ, ਏਹ ਅਸਾਡੇ ਪਾਸ
ਥੋੜ੍ਹੀ ਸਾਡੀ ਮੱਤ ਹੈ, ਅਸੀਂ ਹਾਂ ਬਹੁਤ ਅੰਜਾਣ
ਸੋਚ ਸਮਝਕੇ ਆਪ ਹੀ, ਸਭ ਕੁਝ ਲੈਣਾ ਜਾਣ

ਕਰਨੀ ਸਭ ਨੇ ਬੇਨਤੀ, ਰਲ ਮਿਲ ਕੇ ਹੱਥ ਜੋੜ
ਧਰਮ ਅਸਾਡਾ ਸਤਿਗੁਰੋ, ਚਾੜ੍ਹ ਦੇਵਣਾ ਤੋੜ
ਪੰਦਰਾਂ ਸੋਲ੍ਹਾਂ ਸਾਲ ਤੋਂ, ਕੁੜੀ ਨਾ ਵਿਆਹੇ ਘੱਟ
ਬਾਲ ਵਿਆਹ ਦੀ ਜੜ੍ਹ ਅਸੀਂ, ਮੁੱਢੋਂ ਦੇਣੀ ਪੱਟ
ਮਾਈਆਂ ਬੀਬੀ ਬੱਚਿਆਂ, ਬੁੱਢਿਆਂ ਨਾਲ ਪਿਆਰ
ਅੱਖਰ ਪੜ੍ਹਨੇ ਗੁਰਮੁਖੀ, ਸਭਨਾਂ ਇੱਕੇ ਸਾਰ
ਪੌਂਚਾ ਪਾ ਕੇ ਪੈਰ ਵਿਚ, ਤੇੜੋਂ ਲਾਹਣੀ ਕੱਛ
ਮੰਦਾ ਕਰਮ ਲੁਕਾਇ ਨਾ, ਰੱਬ ਕਰੇਗਾ ਰੱਛ
ਧੀ ਭੈਣ ਨਾ ਵੇਚਣੀ, ਵੱਟਾ ਹੋਰ ਬਿਆਜ
ਕਰੇ ਨਾ ਲੇਵੇ ਦੇਇ ਨਾ, ਸਤਿਗੁਰੁ ਸਾਰੇ ਕਾਜ
ਸਬਰ ਸੰਤੋਖ ਨੂੰ ਧਾਰਕੇ, ਦਾਰੂ ਖਾਇ ਨਾ ਮਾਸ
ਮੰਨਣੀ ਸਾਰੇ ਪੰਥ ਇਹ, ਲਿਖ ਭੇਜੀ ਅਰਦਾਸ
ਭੁੱਲ ਏਸ ਨੂੰ ਕਦੇ ਵੀ, ਮਨ ਦੀ ਕਰੇ ਨਾ ਮੱਤ
ਮੰਨੇ ਇਸ ਨੂੰ ਪੰਥ ਸਭ, ਬਚਨ ਆਖ ਕੇ ਸੱਤ
ਅੱਜ ਤੀਕ ਵੀ ਪੰਥ ਵਿਚ, ਹੈ ਏਹੋ ਦਸਤੂਰ
ਰਹਿਤਨਾਮਾ ਲਿਖ ਭੇਜਿਆ, ਜਦ ਤੋਂ ਇਹ ਹਜ਼ੂਰ
'ਵਹਿੜਾ ਖੱਸੀ ਜੋ ਕਰੇ, ਡੂਢੀ ਜਿਣਸ ਬਿਆਜ
ਪੈਸਾ ਲੜਕੀ ਦਾ ਲਏ, ਸਜਾ ਦੇਤ ਮਹਾਰਾਜ'
ਗਿਆਨੀ ਕਾਲਾ ਸਿੰਘ ਜੀ, ਵਿਚ 'ਪੰਥ ਪ੍ਰਕਾਸ਼'[67]
ਲਿਖਿਆ ਪਹਿਲਾ ਹੈ ਇਹ, ਸਾਰਾ ਗੁਰ ਇਤਿਹਾਸ।

---


[67] ਇਹ ਤੁਕ "ਪੰਥ ਪ੍ਰਕਾਸ਼" ਕ੍ਰਿਤ ਗਿਆਨੀ ਕਾਲਾ ਸਿੰਘ ਜੀ ਨੰਗਲ ਵਿਚ ਨਹੀਂ ਸਗੋਂ ਉਹਨਾਂ ਦੀ ਰਚਨਾ "ਉਸਤਤਨਾਮਾ" ਸ੍ਰੀ ਸਤਿਗੁਰੂ ਰਾਮ ਸਿੰਘ, ਵਿਚ ਮਿਲਦੀ ਹੈ।

(12)

# ਮਾਲਵੇ ਦਾ ਦੌਰਾ ਅਤੇ [illegible] [68]

ਚੜ੍ਹਦੇ ਸੰਮਤ ਬਿਕ੍ਰਮੀ, ਪੰਦਰਾਂ ਉਨੀ ਸਉ
ਲੁਧੇਹਾਣੇ ਜ਼ਿਲ੍ਹੇ ਦੇ, ਜੋ ਪ੍ਰਸਿੱਧ ਸੀ ਗਾਉਂ
ਝੰਡੇ ਹੇਠਾਂ ਪੰਥ ਦੇ, ਆਂਦੇ ਪਹੁਲ ਪਿਆਲ
ਸਿੰਘ ਸਜਾ ਕੇ ਸਤਿਗੁਰੂ, ਕੀਤੇ ਨਦਰਿ ਨਿਹਾਲ
ਜੱਸੋਵਾਲ, ਜੜਤੌਲੀਓਂ, ਆਸੀ ਸਾਂਏਂ ਆਦ
ਏਨ੍ਹਾਂ ਪਿੰਡਾਂ ਵਿਚ ਮੁੜ, ਸਿੱਖੀ ਕਰੀ ਅਬਾਦ
ਰਾਇਪੁਰ, ਗੁਜਰਵਾਲ ਤੇ, ਲੋਹਗੜ੍ਹ, ਨਾਰੰਗਵਾਲ
ਰੁੜਕਾ, ਡੇਹਲੋਂ, ਨਵਾਂ ਪਿੰਡ, ਨੰਗਲ, ਪੱਖੋਵਾਲ
ਲੋਹਗੜ੍ਹ ਦੇ ਇਕ ਵਾਢਿਓਂ, ਸਾਊ ਜੋ ਸਰਦਾਰ
ਦਿਤੇ ਸਿੰਘ ਸਜਾ ਇਹ, ਸਤਿਗੁਰੂ ਕਿਰਪਾ ਧਾਰ
ਦੂਲੋ ਸ਼ੇਖ਼ ਭਰਾਈ ਜੋ, ਤੇ ਸੋਭਾ ਚਮਿਆਰ
ਗੁਰੂ ਸ਼ਰਨ ਇਹ ਆ ਗਏ, ਆਪਣੇ ਲੈ ਪਰਵਾਰ
ਦੂਲੋ ਮੈਨੂੰ ਦੱਸਿਆ, ਇਹ ਸਾਰਾ ਵਰਤੰਤ
ਸਾਬਰ ਓਹ ਫ਼ਰੀਦ ਜਿਉਂ, ਪੂਰਨ ਹੈਸੀ ਸੰਤ
ਮਾਲਾ ਫੇਰੇ ਨਾਮ ਜਪੁ, ਜੋ ਗੁਰੂ ਬਖ਼ਸ਼ਿਆ ਆਪ
ਵਾਹਿਗੁਰੂ ਦੇ ਸ਼ਬਦ ਬਿਨ, ਦੂਜਾ ਕਰੇ ਨਾ ਜਾਪ
ਨਾਮ ਜਪੇ ਬਾਣੀ ਪੜ੍ਹੇ, ਦਿਲ ਵਿਚ ਨਿਸ਼ਚਾ ਧਾਰ
ਰਸਨਾ ਚੱਲੇ ਇੱਕ ਰਸ, ਹੱਥ ਕਰਨ ਕੰਮ ਕਾਰ
ਸੂਤਰ ਪੈਂਦਾ ਏਸ ਸੀ, ਰੋਵੇ ਵਿਚ ਵੈਰਾਗ
ਮਸਤ ਹੋਇ ਗੁਰਸ਼ਬਦ ਸੁਣ, ਜਾਗੇ ਸੁੱਤੇ ਭਾਗ
ਗੁਰਬਾਣੀ ਨਾਲ ਏਸ ਦਾ, ਹੈਸੀ ਅਤੀ ਸਨੇਹ
ਭਰਿਆ ਰਹੇ ਵੈਰਾਗ ਵਿਚ, ਕਈ ਕਈ ਦਿਨ ਏਹ

[68] ਮਾਈਆਂ ਨੂੰ ਅੰਮ੍ਰਿਤ ਹਰਦੁਆਰ ਦੀ ਅਰਧਕੁੰਭੀ 1861 ਤੋਂ ਦੋ ਸਾਲ ਬਾਅਦ ਛਕਾਇਆ ਗਿਆ। ਇੱਥੇ ਇਹ ਘਟਨਾ ਪਹਿਲਾਂ ਅੰਕਿਤ ਹੋ ਗਈ ਹੈ। ਅੰਮ੍ਰਿਤ ਛਕਾਉਣ ਦੀ ਤਾਰੀਕ 1 ਜੂਨ 1863 ਈ. ਹੈ।


ਬਾਬਾ ਦਯਾ ਸਿੰਘ ਜੀ ਜੜਤੌਲੀ

ਗੁਜਰਵਾਲੀਏ ਚੈਨ ਸਿੰਘ[69], ਹੋਰ ਕਈ ਗਰੇਵਾਲ
ਏਨ੍ਹਾਂ ਵੀ ਅਪਣਾ ਲਈ, ਕੂਕਿਆਂ ਵਾਲੀ ਚਾਲ

ਰਾਇਪੁਰ ਪ੍ਰਸਿੱਧ ਸੀ, ਅਮਲੀਆਂ ਦਾ ਗਾਉਂ
ਪੋਸਤ, ਭੰਗ, ਅਫ਼ੀਮ, ਮਦ, ਜਪਣ ਇਨ੍ਹਾਂ ਦਾ ਨਾਉਂ
ਆਇਆ ਗੁਰੂ ਦੀਦਾਰ ਹਿਤ, ਅਮਲੀ ਸੀ ਜੋ ਘੋਰ
ਕੀਤੀ ਉਸ ਆ ਅਰਜ ਹੇ, ਸਤਿਗੁਰੂ ਗਈ ਬਹੋਰ[70]
ਪੋਸਤ ਪੀਵਾਂ ਸੇਰ ਮੈਂ, ਸੁੱਖਾ ਅੱਧਾ ਸੇਰ
ਢਾਈ ਤੋਲਾ ਫੀਮ ਛਕ, ਉਠ ਸਕਦਾ ਹਾਂ ਫੇਰ
ਅਮਲ ਬਿਨਾਂ ਮੈਂ ਗੁਰੂ ਜੀ, ਹੋਵਾਂ ਅਤੀ ਲਾਚਾਰ
ਆਇਆ ਤੁਹਾਡੀ ਸ਼ਰਨ ਮੈਂ, ਨਿਸਚਾ ਦਿਲ ਵਿਚ ਧਾਰ
ਹੋ ਦਿਆਲ ਸ੍ਰੀ ਗੁਰੂ ਜੀ, ਉਸ ਨੂੰ ਕਿਹਾ ਸੁਣਾ
ਖੂਹ ਦੇ ਉਤੇ ਜਾਹ ਝੱਟ, ਕੇਸੀਂ ਸੁਧੇ ਨ੍ਹਾ
ਦੇਈਏ ਤੈਨੂੰ ਅਮਲ ਜੋ, ਰਹੇ ਸਦਾ ਇਕ ਸਾਰ
ਜਿਸਦਾ ਸਦ ਚੜ੍ਹਿਆ ਰਹੇ, ਇਕੋ ਜੇਹਾ ਖ਼ੁਮਾਰ
ਪੋਸਤ ਭੰਗ ਅਫੀਮ ਮਦ, ਉਤਰ ਜਾਣ ਪ੍ਰਭਾਤ
"ਨਾਮ ਖੁਮਾਰੀ ਨਾਨਕਾ, ਚੜ੍ਹੀ ਰਹੇ ਦਿਨ ਰਾਤ"
ਕਰ ਸਨਾਨ ਸੀ ਆ ਗਿਆ, ਵਸਤ੍ਰ ਸ਼ੁੱਧ ਪਹਿਨਾ
ਕੰਨ ਵਿਚ ਮੰਤ੍ਰ ਓਸਦੇ, ਦਿੱਤਾ ਗੁਰਾਂ ਸੁਣਾ
ਰੰਗਣ ਚੜ੍ਹ ਗਈ ਨਾਮ ਦੀ, ਹੋਰੋਂ ਹੋਇਆ ਹੋਰ
ਅੰਦਰ ਹੋ ਗਿਆ ਚਾਨਣਾ, ਆਈ ਅਰਸ਼ੋਂ ਲੋਰ
ਸਾਰੇ ਦਿਤੇ ਅਮਲ ਛੱਡ, ਮੁੜ ਨਾ ਲੀਤੀ ਸਾਰ
ਨਸ਼ਾ ਨਾ ਲੱਥਾ ਫਿਰ ਕਦੀ, ਚੜਿਆ ਜੇਹਾ ਖੁਮਾਰ

ਜਦ ਕੂਕਿਆਂ ਤੋਂ ਡਰੀ ਸੀ, ਗੋਰਿਆਂ ਦੀ ਸਰਕਾਰ
ਫੜ੍ਹ ਕੇ ਪਾਇਆ ਸ਼ੇਰ ਨੂੰ, ਪਿੰਜਰੇ ਦੇ ਵਿਚਕਾਰ
ਪਤਾ ਨਾ ਦਿਤਾ ਗੋਰਿਆਂ, ਕਿਥੇ ਕਰੇ ਸ਼ਹੀਦ

---

[69] ਪਿਤਾ ਧੰਨਾ ਸਿੰਘ ਪਿੰਡ ਗੁੱਜਰਵਾਲ (ਲੁਧਿਆਣਾ)

[70] ਗਈ ਹੋਈ ਨੂੰ ਵਾਪਸ ਲਿਆਉਣ ਵਾਲਾ ।

ਧੌਂਕਲ ਸਿੰਘ ਸਰਦਾਰ ਦੀ, ਮੁੜ ਨਾ ਮਿਲੀ ਰਸੀਦ[71]
ਦੂਜੇ ਸਨ ਇਸ ਪਿੰਡ ਦੇ, ਦਰਬਾਰਾ ਸਿੰਘ[72] ਸਰਦਾਰ
ਇਹ ਵੀ ਸਿੰਘ ਸਜਾਇ ਦਏ, ਅਪਣੀ ਕਿਰਪਾ ਧਾਰ
ਇਨ੍ਹਾਂ ਦਾ ਵੀ ਅਮਲ ਦੇ, ਨਾਲ ਸੀ ਡਾਢਾ ਹੇਤ
ਭਜਨ ਲੈਂਦਿਆਂ ਸਾਰ ਉਹ, ਗਿਆ ਪਤਾ ਨਾ ਕੇਤ
ਇਕ ਗਿਆਨੀ ਸਿੰਘ ਜਿਸ, ਗੁਰਮੁਖਸਿੰਘ ਸੀ ਨਾਂ
ਗੁਰਬਾਣੀ ਦੇ ਅਰਥ ਓਹ, ਲੋਕਾਂ ਦਏ ਸੁਣਾ
ਮਨ ਵਿਚ ਜਿਸਦਾ ਓਸਦੇ, ਬਹੁਤਾ ਹੀ ਅਭਿਮਾਨ
ਆ ਕੇ ਸਤਿਗੁਰੂ ਕੋਲ ਓਹ, ਲੱਗਾ ਅਰਥ ਸੁਣਾਨ
ਸੁਣ ਕਿਹਾ ਸ੍ਰੀ ਗੁਰੂ ਜੀ, ਚੁੱਪ ਰੱਖ ਦਿਲ ਧਾਰ
ਅਰਥ ਬਾਣੀ ਦੇ ਜਾਣਦਾ, ਆਪ ਗੁਰੂ ਕਰਤਾਰ
ਦੂਜਾ ਇਸਦੇ ਅਰਥ ਨੂੰ, ਕੋਈ ਨਾ ਸੱਕੇ ਜਾਣ
ਜਿਸ ਜਣਾਵਣ ਆਪ ਓਹ, ਓਹੀ ਕਰੇ ਪਛਾਣ
ਐਵੇਂ ਅਰਥ ਅਨਰਥ ਕਰ, ਸਿਰ ਨਾ ਚਾੜ੍ਹੋ ਦੋਸ
ਬਾਣੀ ਦੀ ਬੇ-ਅਦਬੀ, ਬਿਨਾਂ ਜਣਾਏ ਓਸ
ਉਸ ਕਿਹਾ ਫਿਰ ਅਰਥ ਜੋ, ਦੇਵੋ ਤੁਸੀਂ ਸੁਣਾ
ਟਾਲਾ ਵਾਲਾ ਨਾ ਕਰੋ, ਐਵੇਂ ਹੀ ਗੱਲ ਬਣਾ
ਨਜ਼ਰ ਮਿਹਰ ਸਤਿਗੁਰੂ ਜੀ, ਕੀਤੀ ਕਿਰਪਾ ਧਾਰ
ਪਾਵਣ ਲੱਗ ਪਿਆ ਵਾਸਤੇ, ਰੋਵੇ ਧਾਂਹੀਂ ਮਾਰ
ਮੈਂ ਭੁੱਲਾ ਹਾਂ ਬਖ਼ਸ਼ਿਓ, ਕਰਾਂ ਬੇਅਦਬੀ ਠੀਕ
ਗੁਰਬਾਣੀ ਦੇ ਅਰਥ ਨਾ, ਮੈਂ ਸਮਝੇ ਅੱਜ ਤੀਕ
ਸਹੀ ਅਰਥ ਸਮਝਾ ਦਵੋ, ਮੈਂ ਜਾਵਾਂ ਬਲਿਹਾਰ
ਕਰਦਾ ਰਿਹਾ ਅਨਰਥ ਮੈਂ, ਅਰਥਾਂ ਦੀ ਨਾ ਸਾਰ

---

[71] ਧੌਂਕਲ ਸਿੰਘ ਨੂੰ ਜੁਲਾਈ 1871 ਦੇ ਮੋਰਿੰਡਾ ਦੇ ਇੱਕ ਚੌਕੀਦਾਰ ਦੇ ਕਤਲ ਕੇਸ ਵਿਚ ਉਮਰ ਕੈਦ, ਕਾਲੇ ਪਾਣੀ ਦੀ ਸਜ਼ਾ ਹੋਈ। ਉੱਥੇ ਹੀ 1894 ਈ. ਵਿਚ ਸ਼ਹੀਦ ਹੋ ਗਏ ।

[72] ਸਪੁੱਤਰ ਸ੍ਰ. ਮਹਿਤਾਬ ਸਿੰਘ ਲਹੌਰ ਦਰਬਾਰ ਦਾ ਪੂਰਵ ਸੈਨਿਕ ਜੋ 1845 ਈ. ਵਿਚ ਸਭਰਾਵਾਂ ਦੀ ਜੰਗ ਵਿਚ ਅੰਗ੍ਰੇਜ਼ਾਂ ਦੇ ਵਿਰੁੱਧ ਲੜਿਆ ਸੀ। ਇਹ ਬਾਅਦ ਵਿਚ ਕਿਲ੍ਹਾ ਰਾਇਪੁਰ ਦਾ ਲੰਬੜਦਾਰ ਰਿਹਾ ਸੀ। ਗੁਰੂ ਹਰੀ ਸਿੰਘ ਜੀ ਦੇ ਸਮੇਂ ਸਾਰੀ ਜ਼ਮੀਂਨ ਵੇਚ ਕੇ ਲੰਗਰ ਵਿਚ ਪਾ ਕੇ ਭੈਣੀ ਸਾਹਿਬ ਆ ਰਿਹਾ ਸੀ।

ਕਰਿਆ ਝਬ ਸ਼ਨਾਨ ਤੇ, ਵਸਤ੍ਰ ਸਾਰੇ ਧੋਇ
ਉਪਰਲੀ ਇਹ ਮੈਲ ਜਦ, ਸਾਰੀ ਜਾਵੇ ਖੋਇ
ਅੰਦਰਲੀ ਫਿਰ ਮੈਲ ਜੋ, ਉੱਤਰੇ ਨਾਮ ਦੇ ਸੰਗ
ਫੇਰ ਚੜ੍ਹੇ ਮਨ ਏਸ ਤੇ, ਨਾਮ ਬਾਣੀ ਦਾ ਰੰਗ
ਜਾਣਿਆਂ ਚਾਹੋਂ ਭਾਵ ਜੇ, ਗੁਰ ਆਸ਼ੇ ਅਨੁਸਾਰ
ਗੁਰੂ ਅੱਗੇ ਅਰਦਾਸ ਕਰ, ਪੜ੍ਹਨਾਂ ਪੰਝੀ ਵਾਰ
ਅਰਥ ਫੁਰਨ ਤੁਕ ਓਸਦੇ, ਅੰਦਰੋਂ ਆਪੇ ਆਪ
ਸੰਸੇ ਦੂਰ ਹੋ ਜਾਣਗੇ, ਸਤਿਗੁਰ ਦੇ ਪ੍ਰਤਾਪ
ਸਤਿਗੁਰ ਕਿਰਪਾ ਧਾਰ ਕੇ, ਅਰਥ ਦੇਣ ਸਮਝਾ
ਸ਼ੰਕੇ ਹੋਵਣ ਦੂਰ ਸਭ, ਰਹੇ ਨਾ ਦੂਜਾ ਭਾ
ਗਿਆਨੀ ਪੂਰਾ ਹੋ ਗਿਆ, ਸੰਗਤ ਦੇ ਸਤਿਸੰਗ
ਮਲ ਲੱਥੀ ਹੰਕਾਰ ਦੀ, ਚੜ੍ਹਿਆ ਨਾਮ ਦਾ ਰੰਗ
ਏਥੋਂ ਅੱਗੇ ਤੁਰ ਗਏ, ਸਤਿਗੁਰ ਦੀਨ ਦਿਆਲ
ਨਗਰ ਵਿਚ ਸਿਆੜ੍ਹ ਜਾ ਪੁੱਜੇ ਸੰਗਤ ਨਾਲ
ਸਿੰਘ ਸਜਾਏ ਏਸ ਥਾਂ, ਕਰ ਗੁਰਮਤ ਪ੍ਰਚਾਰ
ਦੈਂਤੋਂ ਕੀਤੇ ਦੇਵਤੇ, ਕਰਤ ਨਾ ਲਾਈ ਵਾਰ
ਅੰਮ੍ਰਤ ਤਿਆਰ ਕਰਾਇਆ, ਬਾਟਾ ਕਰ ਭਰਪੂਰ[73]
ਲਾਏ ਲੜ ਅਕਾਲ ਦੇ, ਭਰਮ ਕਰੇ ਸਭ ਦੂਰ
ਸਤਿਗੁਰੂ ਨਾਨਕ ਦੇਵ ਜੀ, ਕੀਤਾ ਇਹ ਫੁਰਮਾਨ
"ਸੋ ਕਿਉ ਮੰਦਾ ਆਖੀਐ, ਜਿਤ ਜੰਮਹਿ ਰਾਜਾਨ"
ਜਿੰਨੇ ਆਏ ਧਰਤਿ ਤੇ, ਮਹਾਂ ਬਲੀ ਅਵਤਾਰ
ਖੇਡੇ ਮਾਂ ਦੀ ਗੋਦ ਵਿਚ, ਭਗਤ ਸਖੀ ਦਾਤਾਰ
ਆਇ ਪੈਗੰਬਰ ਦੁਨੀ ਤੇ, ਈਸੇ ਮੂਸੇ ਚੱਲ
ਓਨ੍ਹਾਂ ਵੀ ਕੋਈ ਹੋਰ ਨਾ, ਦੂਜੀ ਕੀਤੀ ਗੱਲ
ਜੇ ਅਵਤਾਰਾਂ ਹੋਰ ਵੀ, ਅਪਣਾਏ ਸੀ ਰਾਹ
ਓਨ੍ਹਾਂ ਦਾ ਵੀ ਮਾਂ ਦੇ, ਨਾਲ ਪਿਆ ਏ ਵਾਹ
ਮਾਣਸ ਮੂਰਤਿ ਧਾਰ ਕੇ, ਕਰੀ ਮਨੁਖੀ ਕਾਰ

[73] ਮਾਈਆਂ ਨੂੰ ਅੰਮ੍ਰਿਤ ਸਤਿਗੁਰੂ ਜੀ ਨੇ ਸਿਆਹੜ ਪਿੰਡ ਵਿਚ 1 ਜੂਨ 1863 ਨੂੰ ਛਕਾਇਆ ਸੀ।

ਆਏ ਸੀ ਅਵਤਾਰ ਜੋ, ਹਰਨ ਧਰਾ ਦਾ ਭਾਰ
ਖੇਡੇ ਉਹ ਵੀ ਗੋਦ ਵਿਚ, ਪੀਤਾ ਮਾਂ ਦਾ ਸੀਰ
ਫਿਰ ਵੀ ਪੈਂਦੀ ਸਮਝ ਨਾ, ਕੀ ਇਸਦੀ ਤਕਸੀਰ
ਇਸ ਦੇ ਦੁੱਖ ਨੂੰ ਕਦੀ ਵੀ, ਕਿਸੇ ਨਾ ਡਿੱਠਾ ਪੁੱਛ
ਕਰਦੇ ਰਹੇ ਤ੍ਰਿਸਕਾਰ ਸਭ, ਰਹੇ ਸਮਝਦੇ ਤੁੱਛ
ਸਤਿਗੁਰ ਸ੍ਰੀ ਦਸਮੇਸ਼ ਜੀ, ਅੰਮ੍ਰਿਤ ਕਰ ਤਿਆਰ
ਮਾਈਆਂ ਨਹੀਂ ਛਕਾਇਆ, ਅਪਣੀ ਕਿਰਪਾ ਧਾਰ
ਰਾਜ਼ ਕੋਈ ਕੀ ਏਸ ਵਿਚ, ਇਹ ਉਹ ਜਾਣਨ ਆਪ
ਰਾਖੇ ਜੋ ਮਨੁੱਖਤਾ ਦੇ ਸਨ ਮਾਈ ਬਾਪ
ਚਾਰੇ ਤਖ਼ਤ ਰਚਾਇ ਕੇ, ਜੋ ਬੰਨ੍ਹੀ ਮਰਯਾਦ
ਉਹ ਹੈ ਤੁਰਦੀ ਆ ਰਹੀ, ਓਵੇਂ ਮੁਢੋਂ ਆਦ
ਹਜ਼ੂਰ ਸਾਹਬ ਦਾ ਤਖ਼ਤ ਜੋ, ਸੱਚ ਖੰਡੀ ਦਰਬਾਰ
ਨਿਹੰਗ ਸਿੰਘ ਜੀ ਆਦਿ ਜੋ, ਬੁੱਢਾ ਦਲ ਤਰਨਾਰ
ਤੀਵੀਂ ਲਈ ਕ੍ਰਿਪਾਣ ਦਾ, ਅੰਮ੍ਰਿਤ ਵੱਖ ਸਜਾਣ
ਅੰਮ੍ਰਿਤ ਖੰਡੇ ਦਾ ਉਨ੍ਹਾਂ, ਹੁਣ ਵੀ ਨਹੀਂ ਛਕਾਣ
ਕੂਕਿਆਂ ਵੱਲੋਂ ਵੇਖ ਕੁਝ, ਕਰ ਏਨ੍ਹਾਂ ਦੀ ਰੀਸ
ਮਾਈਆਂ ਖੰਡੇ ਧਾਰ ਹੁਣ, ਦੇਣ ਲਗੇ ਬਖ਼ਸ਼ੀਸ਼
ਹਜ਼ੂਰ ਸਾਹਿਬ ਤੇ ਅਜੇ ਵੀ, ਨਿਹੰਗ ਸਿੰਘ ਸਰਦਾਰ
ਸਮਝਣ ਖੰਡੇਧਾਰ ਨਾ, ਤੀਵੀਂ ਨੂੰ ਦਰਕਾਰ
ਸਭ ਤੋਂ ਪਹਿਲਾਂ ਸਿਆੜ੍ਹ ਪਿੰਡ, ਸ੍ਰੀ ਗੁਰੂ ਦਾਤਾਰ
ਤੀਵੀਂ ਤਾਈਂ ਛਕਾਇਆ, ਅੰਮ੍ਰਿਤ ਖੰਡੇ ਧਾਰ
ਗੁਤਨੀ ਖੋਲ੍ਹ ਪਰਾਂਦੀਆਂ, ਜੂੜੇ ਸੀਸ ਸਜਾਇ
ਚੂੰਡੇ ਦਿੱਤੇ ਦੂਰ ਕਰ, ਪੰਜ ਕਕਾਰ ਫਬਾਇ
ਹੰਸਾਂ ਜੇਹਾ ਉੱਜਲਾ, ਸੋਹਣਾ ਚਿੱਟਾ ਵੇਸ਼
ਕਰਨ ਸਕੇਸ਼ ਸਨਾਨ ਸਭ, ਖੁੱਲ੍ਹੇ ਰਹਿਣ ਹਮੇਸ਼
ਨੱਕ ਕੰਨ ਨਹੀਂ ਛੇਦਣਾਂ, ਸਾਬਤ ਸੂਰਤ ਧਾਰ
ਨੀਲਾ ਸੂਹਾ ਪਹਿਨ ਕੇ, ਲੈਣੀ ਨਾ ਨਸਵਾਰ
ਰੋਣਾ ਸਿਆਪਾ ਪਿੱਟਣਾ, ਜਾਣਾਂ ਕਾਣ ਮੁਕਾਣ
ਭਾਣਾਂ ਗੁਰ ਦਾ ਮੰਨਣਾਂ, ਮਿੱਠਾ ਕਰ ਕੇ ਜਾਣ

ਬਾਝੋਂ ਬਾਣੀ ਨਾਮ ਦੇ, ਹੋਰ ਨਾ ਕਰਨਾ ਹੇਤ
ਮੜ੍ਹੀ ਮਸਾਣੀ ਗੋਰ ਮੱਟ, ਗੁੱਗਾ ਭੂਤ ਪ੍ਰੇਤ
ਪੂਜਾ ਕਰਨੀ ਪਤੀ ਦੀ, ਸਮਝ ਇਸ਼ਟ ਤੇ ਪੀਰ
ਬਿਨਾਂ ਪਤੀ ਦੇ ਜਾਨਣੇ, ਸਾਰੇ ਭਾਈ ਵੀਰ
ਨਿਗੁਰੇ ਬੇਮੁਖ ਹੱਥ ਦਾ, ਸੁੱਕਾ ਸੀਧਾ ਤੀਕ
ਕਰ ਕੇ ਅੰਗੀ ਕਾਰ ਨਾ, ਗੁਰਮਤ ਲਾਣੀ ਲੀਕ
"ਜਾਂਕੀ ਰਹਿਤ ਨਾ ਜਾਣੀਐ, ਗੁਰੁਮੰਤ੍ਰ ਨਹੀਂ ਚੀਤ
ਤਾਂਕਾ ਭੋਜਨ ਖਾਇਕੈ, ਵਿਸਰੈ ਹਰਿ ਸਿਉਂ ਪ੍ਰੀਤ"
ਨਗਰ ਸਿਆੜ੍ਹੋਂ ਸਤਿਗੁਰੂ, ਤੋਰੀ ਸੀ ਮਰਯਾਦ
ਇਸ ਤੋਂ ਪਹਿਲਾਂ ਏਹ ਸੀ, ਨਹੀਂ ਕਿਸੇ ਨੂੰ ਯਾਦ
ਦਏ ਬ੍ਰਾਬਰ ਮਰਦ ਦੇ, ਤੀਵੀਂ ਨੂੰ ਅਧਿਕਾਰ
ਦੋਹਾਂ ਦੇ ਹਕੂਕ ਸਭ, ਕਰ ਦਿਤੇ ਇਕ ਸਾਰ
ਉੱਚਾ ਨੀਵਾਂ ਸਾਫ਼ ਕਰ, ਪੱਧਰ ਕਰੇ ਮਿਲਾਇ
ਦੋਹਾਂ ਨੂੰ ਇਕ ਸਾਰ ਕਰ, ਦਿੱਤਾ ਇਕ ਬਣਾਇ
ਪਹੀਏ ਹੋਣ ਨਾ ਜਦੋਂ ਤੀਕ, ਗੱਡੀ ਦੇ ਇਕ ਸਾਰ
ਚੱਲ ਨਾ ਸੱਕੇ ਲੀਹ ਵਿਚ, ਖਿੱਚ ਨਾ ਸੱਕੇ ਭਾਰ
ਇਕ ਉਚੇਰਾ ਹੋਇ ਜੇ, ਨੀਵਾਂ ਚੱਲੇ ਇਕ
ਲੀਹੇ ਵਿਚ ਨਾ ਬੈਠਦੇ, ਬੈਲ ਨਾ ਸਕਦੇ ਖਿੱਚ
ਧਰਮ ਸ਼ਾਸਤ੍ਰ ਵਿਚ ਲਿਖਿਆ, ਹੈ ਮੰਨੂੰ ਭਗਵਾਨ
ਸ਼ੂਦਰ ਦੇ ਏਹ ਨਾਲ ਹੀ, ਤੀਵੀਂ ਲੈਣੀ ਜਾਨ
ਕਰ ਨਾ ਸਕੇ ਬ੍ਰਾਬਰੀ, ਕਦੀ ਮਰਦ ਦੀ ਇਹ
ਅੰਮ੍ਰਿਤ ਦੇ ਵਿਚ ਮਨੂੰ ਜੀ, ਏਹ ਰਲਾਈ ਵਿਹ
ਕਰ ਦਿਤਾ ਸਭ ਦੂਰ ਉਹ, ਕਿਰਪਾ ਅਪਣੀ ਧਾਰ
ਇਕੋ ਜੇਹੇ ਦੋਹਾਂ ਨੂੰ, ਬਖ਼ਸ਼ ਦਏ ਅਧਿਕਾਰ
ਪੂਰਨਮਾਸੀ ਜੇਠ ਦੀ, ਦਿਨ ਸੀ ਮੰਗਲਵਾਰ
ਪੰਥ ਚਲਾ ਕੇ ਧਰਮ ਦਾ, ਕੀਤਾ ਖ਼ੂਬ ਸੁਧਾਰ
ਓਸ ਸਮੇਂ ਦੀ ਇਹ ਸੀ, ਸਭ ਤੋਂ ਔਖੀ ਗੱਲ
ਅਤਿ ਮੁਸ਼ਕਲ ਸੀ ਸੋਚਣਾ, ਏਹੋ ਜੇਹਾ ਹੱਲ
ਭਾਈਚਾਰ ਸੁਧਾਰ ਦੀ, ਸੀ ਇਹ ਪਹਿਲੀ ਵਾਰ

ਓਸ ਜ਼ਮਾਨੇ ਸੀ ਇਹ, ਸਭ ਤੋਂ ਮੁਸ਼ਕਲ ਕਾਰ
ਜਿਵੇਂ ਹਕੂਮਤ ਗਲ ਇਸ, ਪੈਣਾ ਸੀ ਬਣ ਫਾਹ
ਗਿਣ ਲਿਆ ਉਸ ਇਹ ਵੀ, ਵੱਡਾ ਇਕ ਗੁਨਾਹ
ਵਿੱਚ ਬਗ਼ਾਵਤ ਮਿਥ ਲਿਆ, ਗੋਰਿਆਂ ਇਹ ਸੁਧਾਰ
ਬਲੈਕ ਲਿਸਟ ਵਿਚ ਸਤਿਗੁਰੂ, ਆਂਦੇ ਪਹਿਲੀ ਵਾਰ
ਬਾਟਾ ਤੀਵੀਂ ਮਰਦ ਦਾ, ਇੱਕੋ ਜਿਹੇ ਖ਼ਿਆਲ
ਕੱਠੀ ਦੋਹਾਂ ਸਤਿਗੁਰੂ, ਦਿਤੀ ਪਹੁਲ ਪਿਆਲ
ਸਿਆੜ੍ਹ ਤੋਂ ਸ੍ਰੀ ਸਤਿਗੁਰੂ, ਰੁੜਕੇ ਆਏ ਚੱਲ
ਸਾਹਿਬੇ ਜ਼ੈਲਦਾਰ ਦੇ, ਕੀ ਮਨ ਆਈ ਗੱਲ
ਪਾਇ ਪਤਾਸੇ ਓਸ ਨੇ, ਭਰ ਲੈ ਆਇਆ ਥਾਲ
ਕੀਤਾ ਪਹਿਲਾਂ ਸਾਫ਼ ਉਹ, ਨੜੀ ਦੇ ਪਾਣੀ ਨਾਲ
ਕਰ ਚਲਾਕੀ ਆਇਆ, ਸਤਿਗੁਰ ਨੂੰ ਪਰਤਾਣ
ਉਸਦੀ ਇਸ ਕਰਤੂਤ ਨੂੰ, ਜਾਣਿਆਂ ਜਾਣੀ ਜਾਣ

ਮੱਥਾ ਟੇਕਣ ਝੁਕਿਆ, ਲੱਗਾ ਥਾਲ ਟਿਕਾਣ
ਛਟੀ ਹੇਠ ਦੇ ਹੁੱਜ ਨਾਲ, ਸੁੱਟਿਆ ਬਾਹਰ ਘੁਕਾਣ
ਆਇਆ ਗੁਰੂ ਦੀਵਾਨ ਵਿਚ, ਲੈ ਕੇ ਕਿਹੜਾ ਮੂੰਹ
ਆਪਣੀ ਜੜ੍ਹ ਪੁਟਾਣ ਦਾ, ਕੰਮ ਕੀਤਾ ਇਹ ਤੂੰ
ਤੈਨੂੰ ਆਈ ਸ਼ਰਮ ਨਾ, ਹੋ ਸਿੱਖਾਂ ਦੀ ਅੰਸ
ਹੁਣ ਨਾ ਬੀਬਾ ਚੱਲਣੀ, ਅਗੋਂ ਤੇਰੀ ਵੰਸ
ਦੁਸ਼ਮਣ[74] ਸਾਹਿਬਾ ਕੌਮ ਦਾ, ਜਿਸ ਚੁੱਕੀ ਸੀ ਅੱਤ
ਧੌਂਕਲ ਸਿੰਘ ਜੀ ਏਸ ਨੂੰ, ਦਿਤੀ ਠੀਕ ਸੁਮੱਤ
ਦਏ ਰਿਪੋਟਾਂ ਝੂਠੀਆਂ, ਡੇਹਲੋਂ ਠਾਣੇ ਜਾਇ
ਕਈ ਗਰੀਬ ਬੇਦੋਸ ਇਸ, ਮਰਵਾਇ ਪਕੜਾਇ

[74] ਸਾਹਿਬੇ ਜ਼ੈਲਦਾਰ ਰੁੜਕੇ ਵਾਲੀ ਸਾਖੀ 1868-69 ਈ. ਦੀ ਹੈ। ਭਾਈ ਕਾਲਾ ਸਿੰਘ ਨੰਗਲ ਲਿਖਦੇ ਹਨ- "ਸੰਮਤ ਉੱਨੀ ਸੌ ਪੱਚੀ ਵਿਚਕਾਰ ਬਰਤੀ, ਚੜ੍ਹਤ ਸਿੰਘ ਦੱਸੀ ਮੈਨੂੰ ਆਣ ਪਿਆਰੇ । ਪੁਤ੍ਰ ਸਾਵੇ (ਸਾਹਿਬ) ਦੇ ਔਰਤਾਂ ਪੰਜ ਬਿਆਹੀਆਂ, ਬੇਲਾ ਨਾਮ ਤੇ ਬਿਨਾ ਸੰਤਾਨ ਪਿਆਰੇ । ਬੰਸ ਬੰਦ ਸਰਾਫਿਆ ਸਤਿਗੁਰੂ ਦਾ, ਭੌਂਦਾ ਫਿਰੇ ਜ਼ਮੀਨ ਅਸਮਾਨ ਪਿਆਰੇ।"- ਸਿੰਘਾਂ ਨਾਮਧਾਰੀਆਂ ਦਾ ਪੰਥ ਪ੍ਰਕਾਸ਼, ਸਫ਼ਾ 56-57

ਕਈ ਸਿਆਣੇ ਏਸ ਨੂੰ, ਥੱਕੇ ਸਨ ਸਮਝਾਇ
ਇਹ ਨਹੀਂ ਸੀ ਹਟਦਾ, ਲਾਣੋ ਅਪਣਾ ਦਾਇ
ਅੰਤ ਨੂੰ ਧੌਂਕਲ ਸਿੰਘ ਕਿਹਾ, ਇਸ ਦੇ ਸਿਰ ਦੇ ਵਿੱਚ
ਛਿੱਤਰ ਮਾਰਾਂ ਸਉ ਮੈਂ, ਫੇਰ ਗਿਣਾਂਗਾ ਟਿੱਚ

ਨਵੇਂ[75] ਪਿੰਡ ਤੋਂ ਚੜ੍ਹਤ ਸਿੰਘ, ਰਲ ਗਿਆ ਦੂਜਾ ਨਾਲ
ਦੋਹਾਂ ਮਤਾ ਪਕਾਇ ਕੇ, ਕੀਤਾ ਖ਼ੂਬ ਕਮਾਲ
ਡਰਦਾ ਰੱਖਦਾ ਸਾਹਿਬਾ, ਪੰਜ ਆਦਮੀ ਫ਼ੌਜ
ਲੁਧੇਹਾਣੇ ਨਿੱਤ ਜਾ, ਮਨ ਦੀ ਕਰਦਾ ਮੌਜ
ਧੌਂਕਲ ਸਿੰਘ ਤੇ ਚੜ੍ਹਤ ਸਿੰਘ, ਚੰਬੜੇ ਵਾਂਗੂੰ ਬੀਰ
ਲੁਧਿਹਾਣੇ ਜਾ ਰਿਹਾ, ਪੁੱਜਾ ਆਲਿਮਗੀਰ
ਛਿੱਤਰ ਕੱਠੇ ਪੰਜ ਕਰ, ਲਏ ਖ਼ੂਬ ਸਿਲਵਾਇ
ਪੱਕੀ ਜੇਹੀ ਇਕ ਓਹ, ਜੁੱਤੀ ਲਈ ਬਣਾਇ
ਚੜ੍ਹਤ ਸਿੰਘ ਸੀ ਮਧਰਾ, ਘੋੜੀ ਹੇਠਾਂ ਵੜ
ਹੌਲੀ ਹੌਲੀ ਓਸਦੀ, ਵਾਗ ਲਈ ਜਾ ਫੜ
ਘੋੜੀਓਂ ਥੱਲੇ ਲਾਹ ਲਿਆ, ਸਾਹਿਬਾ ਜ਼ੈਲਦਾਰ
ਵਰਸਣ ਲੱਗੀ ਓਸਦੇ, ਸਿਰ ਛਿੱਤਰਾਂ ਦੀ ਮਾਰ
ਛਿੱਤਰ ਮਾਰ ਕੇ ਵੀਹ ਓਹ, ਦੋਵੇਂ ਗਏ ਸੀ ਨੱਠ
ਇਕ ਮਾਰ ਪੰਜ ਗਿਣਦੇ, ਕੱਢੇ ਸਾਰੇ ਵੱਟ
ਰਹੇ ਨਾਲ ਦੇ ਵੇਖਦੇ, ਕੀਲੇ ਫ਼ਣੀਅਰ ਵਾਂਗ
ਸਿੰਘ ਚਲੇ ਗਏ ਦੂਰ ਜਾਂ, ਓਨ੍ਹਾਂ ਆਈ ਜਾਗ
ਹੋਣਾ ਸੀ ਜੋ ਹੋ ਗਿਆ, ਸੱਭੇ ਸਨ ਹੈਰਾਨ
ਸੱਪ ਵਾਂਗ ਵਿਹੁ ਘੋਲਦਾ, ਸਾਹਿਬਾ ਬੇਈਮਾਨ
ਉੱਤਮ ਸਿੰਘ ਤੇ ਚੜ੍ਹਤ ਸਿੰਘ, ਸਕੇ ਦੋ ਭਰਾ[76]
ਸਿੰਘ ਸੱਜੇ ਸਤਿਗੁਰੂ ਦੇ, ਲਿਆ ਮੁਰਾਤਬਾ ਪਾ
ਜਦੋਂ ਸ਼ਹੀਦੀ ਜਥੇ ਦੇ, ਕਿਹਾ ਸੀ ਜਥੇਦਾਰ

[75] ਚੜ੍ਹਤ ਸਿੰਘ 'ਮਹਿਮਾ ਸਿੰਘ ਵਾਲਾ' (ਲੁਧਿਆਣਾ) ਪਿੰਡ ਦਾ ਨਾਈ ਸਿੰਘ ਸੀ। ਕੱਦ ਦਾ ਮੱਧਰਾ ਸੀ। ਸਾਹਿਬੇ ਜ਼ੈਲਦਾਰ ਦੀ ਘੋੜੀ ਦੀ ਵਾਗ ਫੜ ਕੇ ਉਸ ਨੇ ਹੀ ਰੋਕਿਆ ਸੀ।
[76] ਇਹਨਾਂ ਦਾ ਪਿੰਡ ਰੁੜਕਾ ਡੇਹਲੋਂ ਦੇ ਕੋਲ ਸੀ।

ਆਵੋ ਧਰਮ ਜਹਾਜ਼ ਤੇ, ਜਿਸ ਹੋਣਾ ਅਸਵਾਰ
ਆਟਾ ਗੁੰਨ੍ਹਦੇ ਲੰਗਰ ਵਿਚ, ਭਰੇ ਹੋਏ ਸੀ ਹੱਥ
ਜਾ ਰਲੇ ਵਿਚ ਜਥੇ ਦੇ, ਲੈਣ ਸ਼ਹੀਦੀ ਵੱਥ
ਕਰਦੇ ਨਾਮ ਪ੍ਰਚਾਰ ਗੁਰ, ਆਏ ਰੁੜਕਿਓਂ ਚੱਲ
ਦੀਵਾ, ਬਗਲੀ ਦਰਸ ਦੇ, ਪਿੰਡ ਉਟਾਲਾਂ ਵੱਲ
ਬ੍ਰਾਹਮਣਾਂ ਦਾ ਸੀ ਜੋਰ ਓਹ, ਬੋਲਣ ਬੋਲ ਕਬੋਲ
ਇਹ ਨਗਰ ਪ੍ਰਸਿਧ ਹੈ, ਸਮਰਾਲੇ ਦੇ ਕੋਲ
ਪਿੰਡ ਦੇ ਖੂਹਾਂ ਵਿਚ ਉਨ੍ਹਾਂ, ਦੀਆ ਤਮਾਖੂ ਡਾਲ
ਹੋਵੇਗੀ ਕਰਾਮਾਤ ਜੇ, ਆਪੇ ਕਰਨ ਸੰਭਾਲ
ਡੇਰਾ ਪਿੰਡੋਂ ਬਾਹਰ ਇਕ, ਰਹਿਣ ਉਦਾਸੀ ਸਾਧ
ਓਨ੍ਹਾਂ ਦੇ ਖੂਹ ਵਿਚ ਨਾ, ਕੀਤੀ ਉਨ੍ਹਾਂ ਉਪਾਧ
ਮੁਕਤ ਰਾਮ ਮਹੰਤ ਸੀ, ਸਾਧੂ ਬਹੁਤ ਅਸੀਲ
ਓਥੋਂ ਪਾਣੀ ਲਿਆਣ ਦੀ, ਗੁਰੂ ਬਣਾਈ ਡੀਲ
ਸਿੰਘਾਂ ਨੂੰ ਸਤਿਗੁਰੂ ਜੀ, ਕੀਤਾ ਬਚਨ ਉਚਾਰ
ਕਹਿਣਾ ਕਿਸੇ ਨਾ ਕੁਝ ਵੀ, ਬ੍ਰਾਹਮਣਾ ਨੂੰ ਇਸ ਵਾਰ
ਜਰਨਾ ਸਹਿਣਾ ਅਸਾਂ ਦੀ, ਹੈ ਇਹ ਮੁੱਢੋਂ ਰੀਤ
ਧਰਮ ਨੇਮ ਤੇ ਨਾ ਰਹੀ, ਏਨ੍ਹਾਂ ਦੀ ਪਰਤੀਤ
ਇਹ ਮਰਯਾਦਾ ਆਪਣੀ, ਬੈਠੇ ਸਾਰੀ ਖੋਇ
ਰਹਿ ਗਈ ਬਾਕੀ ਇਨ੍ਹਾਂ ਕੋਲ, ਹੁਣ ਹੁੱਕੇ ਦੀ ਬੋਇ
ਬੁਰੇ ਬੁਰਾਈ ਸਦ ਕਰਨ, ਕਰਨ ਸਿਆਣੇ ਮਾਫ਼
ਨੇਕੀ ਕਰਨੀ ਬੁਰੇ ਨਾਲ, ਕਰ ਸੱਕੇ ਦਿਲ ਸਾਫ਼
ਸਹਿਨ ਸ਼ੀਲਤਾ ਬੰਦਗੀ, ਵੇਖ ਪੰਥ ਦੀ ਚਾਲ
ਬ੍ਰਾਹਮਣ ਸਰਨੀ ਆ ਪਏ, ਲੈ ਸਿੱਖਾਂ ਨੂੰ ਨਾਲ
ਘੁੰਗਰਾਲੀ ਤੇ ਲਖਣਪੁਰ, ਖਮਾਣੋਂ ਜਟਾਣਾਂ ਆਦ
ਦਿਆਲਪੁਰਾ, ਹਰਿਓਂ ਗਏ, ਕੀਤੇ ਲੱਲ ਆਬਾਦ
ਇਸ ਦੌਰੇ ਵਿਚ ਸਤਿਗੁਰੂ, ਕਰਕੇ ਚੋਜ ਅਪਾਰ
ਭੈਣੀ ਸਾਹਿਬ ਆ ਗਏ, ਸੰਗਤ ਦੇਣ ਦੀਦਾਰ ।

**********************

# (13)
# ਮੜ੍ਹੀਆਂ ਤੇ ਗੋਰਾਂ ਢਾਹੁਣੀਆਂ

ਉੱਨੀ[77] ਸੌ ਸਤਾਰ੍ਹਵਾਂ, ਆਇਆ ਚੜ੍ਹਕੇ ਸਾਲ
ਸਿੱਖੀ ਵਿੱਚ ਪੰਜਾਬ ਦੇ, ਫੈਲੀ ਤੇਜੀ ਨਾਲ
ਭੈਣੀ ਸਾਹਿਬ ਵਿੱਚ ਹੁਣ, ਲੱਗੀ ਰਹਿੰਦੀ ਭੀੜ
ਇੱਕ ਆਇਆ ਇੱਕ ਜਾ ਰਿਹਾ, ਚਲਦਾ ਪਿਆ ਵਹੀਰ
ਹੋ ਗਿਆ ਸਾਰੇ ਦੇਸ ਵਿਚ, ਗੁਰੂ ਮਤ ਪ੍ਰਚਾਰ
ਝਾੜ ਝਾੜ ਵਿਚ ਗੂੰਜ ਦੀ, ਧੁਨੀ ਸਤਿ ਕਰਤਾਰ
ਜਾਗਤਿ ਜੋਤੀ ਜਪਣ ਦਾ, ਸਤਿਗੁਰੂ ਸ੍ਰੀ ਦਸਮੇਸ਼
ਮੜ੍ਹੀ ਗੋਰ ਨਾ ਮੰਨਣੀ, ਕੀਤਾ ਹੁਕਮ ਵਿਸ਼ੇਸ਼
ਪਰ ਭੁੱਲ ਗਏ ਸਿੱਖ ਸਨ, ਗੁਰੂਮਤ ਦੀ ਰੀਤ
ਮੜ੍ਹੀਆਂ ਮੱਟਾਂ ਕਬਰਾਂ, ਨਾਲ ਲਗਾਕੇ ਪ੍ਰੀਤ
ਪੀਰ-ਖਾਨੇ ਕੀ ਮਕਬਰੇ, ਕੀ ਮਾਤਾ ਦੇ ਥਾਨ
ਜਿੱਥੇ ਜਾ ਕੇ ਵੇਖੀਏ, ਸਭ ਥਾਂ ਸਿੱਖ ਪਰਧਾਨ
ਦੇਣ ਸੀਰਨੀ ਖਾਨਗਾਹ, ਚੁੰਮਣ ਧੌਂਕਲ ਟੱਲ
ਅਸਲੋਂ ਕੋਈ ਨਾਂ ਜਿੰਨ੍ਹਾਂ ਨੂੰ, ਸੀ ਗੁਰੂ ਮਤ ਦਾ ਵੱਲ
ਕਰ ਅਰਦਾਸਾ ਖ਼ਾਲਸੇ, ਲਿਆ ਗੁਰਮਤਾ ਧਾਰ
ਏਨ੍ਹਾਂ ਦਾ ਇਸ ਜਾਲ ਤੋਂ, ਕਰ ਦਈਏ ਨਿਸਤਾਰ
ਮੜ੍ਹੀ ਮਸਾਣੀ ਢਾਹ ਕੇ, ਕਰੀਏ ਸਾਫ਼ ਮੈਦਾਨ
ਮਨ-ਮਤ ਦਿਲਾਂ ਚੋਂ ਨਿਕਲੇ, ਗੁਰਮਤ ਕਰੇ ਸਥਾਨ
ਤੋੜ ਦੇਵੀਏ ਕੁਫ਼ਰ ਦਾ, ਜੋ ਇਹ ਤਣਿਆਂ ਜਾਲ
ਧਰਤੀ ਕਰੀਏ ਪੱਧਰੀ, ਢਾਹ ਮਾਤਾ ਦਾ ਮਾਲ
ਮਾਈ ਦਾ ਥਾਂ ਜਰਗ ਦਾ, ਗੁੱਗਾ ਮੜ੍ਹੀ ਛਪਾਰ
ਹਦਰਸੇਖ ਦੀ ਕਬਰ ਨੂੰ, ਕਰ ਦੇਣਾਂ ਮਿਸਮਾਰ

---

[77] ਸਰਕਾਰੀ ਰੀਕਾਰਡ ਅਨੁਸਾਰ ਮੜ੍ਹੀਆਂ ਗੋਰਾਂ ਢਾਹੁਣ ਦੀ ਕਾਰਵਾਈ 1865-67 ਈ. ਵਿਚ ਹੋਈ।

ਅੱਲਾਯਾਰ ਦੀ ਖਾਨਗਾਹ, ਤੇ ਧੌਂਕਲ ਦਾ ਟੱਲ
ਪੀਰਖਾਨੇ ਤੇ ਮਕਬਰੇ, ਦਿਤੇ ਥੱਲ ਪੁਥੱਲ
ਬੀਕਾਨੇਰ ਦੇ ਰਾਜ ਵਿਚ, ਮਾੜੀ ਗੁੱਗਾ ਪੀਰ
ਪੀਰ ਅਖੌਤੀ ਦੇਸ ਦੇ, ਕੀਤੇ ਸਿੱਧੇ ਤੀਰ
ਸ਼ਰਧਾ ਉੱਡੀ ਇਨ੍ਹਾਂ ਤੋਂ, ਦਿਲ ਵਿਚੋਂ ਆਵਾਮ
ਤਾਕਤ ਹੁੰਦੀ ਇਨ੍ਹਾਂ ਵਿਚ, ਢੱਠਦੇ ਕਿਵੇਂ ਤਮਾਮ
ਕੋਈ ਨਾ ਰਹਿਆ ਕੁਫ਼ਰ ਦਾ, ਜੇਹਾ ਗੜ੍ਹ ਸਥਾਨ
ਜਿਸ ਨੂੰ ਢਾਹ ਕੇ ਖਾਲਸੇ, ਕੀਤਾ ਨਹੀਂ ਮੈਦਾਨ
ਰੌਲਾ ਪੈ ਗਿਆ ਦੇਸ਼ ਵਿਚ, ਇਹ ਕੂਕਿਆਂ ਦੀ ਕਾਰ
ਓਹ ਨਹੀਂ ਮੰਨਦੇ ਗੁਰੂ ਬਿਨਾਂ, ਜਣੀ ਖਣੀ ਨੂੰ ਯਾਰ
ਚਾਂਹਦਾ ਸੀ ਅੰਗ੍ਰੇਜ਼ ਨਾਂ, ਫੈਲੇ ਗੁਰੂਮਤ ਦੇਸ਼
ਸਿਖ ਨਾਂ ਜਾਪਣ ਵੱਖਰੇ, ਵੱਖ ਨਾ ਜਾਪੇ ਵੇਸ਼
ਵਧਦੇ ਗਏ ਜੇ ਇੰਝ ਹੀ, ਅੰਦਰ ਦੇਸ਼ ਪੰਜਾਬ
ਕਰਨੀ ਸਾਡੀ ਇਕ ਦਿਨ, ਮਿੱਟੀ ਇਨ੍ਹਾਂ ਖਰਾਬ
ਇਸ ਦੇ ਵਿਚ ਵੀ ਗੋਰਿਆਂ, ਨੂੰ ਬਗਾਵਤ ਬੋ
ਆਈ, ਬਲੈਕ ਲਿਸਟ ਇਹ, ਦਿੱਤੀ ਗਲ ਪਰੋ
ਕੰਬੇ ਨਾਰ੍ਹਾ ਖ਼ਾਲਸੇ ਦਾ, ਸੁਣ ਜਿਮੀ ਸਮਾਨ
"ਮੜ੍ਹੀ ਮਸਾਂਣੀ ਢਾਹ ਕੇ, ਕਰਨਾ ਸਾਫ ਮੈਦਾਨ
ਪਹਿਲਾ ਮਾਰੋ ਹਦਰ ਸ਼ੇਖ, ਫੇਰ ਲਓ ਸੁਲਤਾਨ
ਸੁੰਨਤ ਕੋਈ ਨ ਕਰ ਸੱਕੇ, ਕੰਬਣ ਸਭ ਤੁਰਕਾਨ
ਉੱਮਤ ਸਭੀ ਮੁਹੰਮਦੀ, ਖਪ ਜਾਇ ਵਿਚ ਮੈਦਾਨ
ਭੈਣੀ ਸਤਿਗੁਰ ਸੱਚ ਦਾ, ਝੂਠਾ ਹੋਰ ਜਹਾਨ"
ਆਓ ਉਸ ਦੀ ਸਰਨ ਜੇ, ਕਰਨਾ ਭਵਜਲ ਪਾਰ
ਸਤਿਗੁਰੂ ਬਾਝ ਨਾ ਲੱਗਣਾਂ, ਬੇੜਾ ਪਰਲੇ ਪਾਰ
ਗੁਰ ਬਿਨੁ ਘੋਰੁ ਅੰਧਾਰੁ, ਗੁਰੂ ਬਿਨੁ ਸਮਝ ਨਾ ਆਵੈ॥
ਗੁਰ ਬਿਨੁ ਸੁਰਤਿ ਨ ਸਿਧਿ, ਗੁਰੂ ਬਿਨੁ ਮੁਕਤਿ ਨ ਪਾਵੈ॥
ਸਤਿਗੁਰੂ ਸੱਚਾ ਪਾਤਸ਼ਾਹ, ਪਾਤਸ਼ਾਹਾਂ ਪਾਤਸ਼ਾਹ
ਦਏ ਚੁਰਾਸੀ ਕੱਟ ਇਹ, ਮੁੜਕੇ ਪਏ ਨਾ ਫਾਹ
ਗੋਰਾ ਸੁਣ-ਸੁਣ ਕੰਬਦਾ, ਗੁਰ ਮੱਤ ਦਾ ਪ੍ਰਚਾਰ

ਓਹ ਚਾਂਹਦਾ ਸੀ ਮੇਟਣਾਂ, ਜੋ ਸਾਜੀ ਕਰਤਾਰ
ਮਿਲਿਆ ਕੋਈ ਨਾ ਗੋਰਿਆਂ, ਮੌਕੇ ਦਾ ਅਗਵਾਹ
ਐਵੇਂ ਆਖਣ ਕੂਕਿਆਂ, ਇਹ ਦਿਤੇ ਸਭ ਢਾਹ
ਉੱਘੇ-ਉੱਘੇ ਸਿੰਘ ਸਭ, ਫੜ੍ਹ ਕੇ ਲਏ ਸੰਭਾਲ
ਬਿਨਾ ਹੀ ਕਿਸੇ ਸਬੂਤ ਦੇ, ਦਿੱਤੇ ਜਿਹਲੀਂ ਡਾਲ।

***********************

(14)

# ਹਰਿਦੁਆਰ ਦੀ ਅਧ ਕੁੰਭੀ

ਕਾਨ੍ਹ ਸਿੰਘ ਜੀ ਨਿਹੰਗ ਸਿੰਘ, ਬੈਠੇ ਜਾ ਮਲੋਟ
ਜ਼ਿਲ੍ਹਾ ਕਾਂਗੜੇ ਵਿੱਚ ਇੱਕ, ਲੈ ਪਹਾੜ ਦੀ ਓਟ
ਵਿਛਿਆ ਘਾਹ ਦਾ ਫਰਸ਼ ਸੀ, ਮਖ਼ਮਲ ਜਿਉਂ ਇਕ ਸਾਰ
ਪੱਤੇ ਪੱਤੇ ਵਿੱਚ ਦਿਸੇ, ਕੁਦਰਤ ਦੀ ਭਰਮਾਰ
ਵੀਣਾ ਕੋਇਲ ਵਜਾ ਰਹੀ, ਡੱਡੂ ਤਾਨਪੂਰ
ਸੁਣ ਅਗੰਮੀ ਨਾਦ ਇਹ, ਚਿੰਤਾ ਨੱਸੇ ਦੂਰ
ਬਿੰਡੇ ਤਾਨਾ ਮਾਰ ਕੇ, ਗ਼ਮ ਸਨ ਦਿੰਦੇ ਖੋਇ
ਉਡਦੇ ਵਿਚ 'ਸਮਾਨ ਦੇ, ਜੁਗਨੂੰ ਕਰਦੇ ਲੋਇ
ਝਰਨੇ ਝਰਦੇ ਦੁੱਧ ਦੇ, ਕੂਲ੍ਹਾਂ ਲਾਈ ਬਹਾਰ
ਪੰਛੀ ਚਹਿ ਚਹਾਂਵਦੇ, ਜਾਪ ਕਰਨ ਕਰਤਾਰ
ਹਰੇ ਕਚੂਰੀ ਰੁਖ ਸਨ, ਆੜੂ, ਚੀਲ, ਅਨਾਰ
ਕਣ ਕਣ ਅੰਦਰ ਪਸਰਿਆ, ਕੁਦਰਤ ਦਾ ਪਾਸਾਰ
ਵਗੇ ਪੌਣ ਸੁਹਾਵਣੀ, ਸ਼ਾਂਤਿ ਭਰੀ ਅਤਿ ਰਾਤ
ਨੈਣ ਨਾ ਤੱਕਦੇ ਰੱਜ ਦੇ, ਜਦ ਹੋਵੇ ਪਰਭਾਤ
ਸਿਲਾਂ ਮਣੀ ਤੋਂ ਉਜਲੀਆਂ, ਧੁਪੀਆਂ ਦੁੱਧਾਂ ਨਾਲ
ਬੈਠ ਜਿੰਨ੍ਹਾਂ ਤੇ ਝੱਟ ਜੁੜੇ, ਵਿਰਤੀ ਨਾਲ ਅਕਾਲ
ਬਾਬਾ ਕਾਨ੍ਹ ਸਿੰਘ ਇਹ, ਵੇਖ ਇਕੰਤ ਸਥਾਨ
ਆਸ੍ਰਮ ਲਿਆ ਬਣਾ ਉਨ, ਲੱਗੇ ਜੋਗ ਕਮਾਨ
ਪਲਟਨ ਹੈਸੀ ਕਾਂਗੜੇ, ਸਿੱਖ ਸਿਪਾਹੀ ਫੌਜ
ਪੱਧਰੀ ਦਾ ਗੁਪਾਲ ਸਿੰਘ, ਮਨ ਦੀ ਕਰਦਾ ਮੌਜ
ਕਾਨ੍ਹ ਸਿੰਘ ਦੀ ਰਹਿਤ ਤਕ, ਵੇਖ ਅਕਾਲੀ ਤੇਜ
ਸੇਵਕ ਸਚਾ ਬਣ ਗਿਆ, ਘਰ ਲਿਖ ਦਿੱਤਾ ਭੇਜ
ਗੁਪਾਲ ਸਿੰਘ ਦੀ ਪਤਨੀ, ਨਾਂ ਜਿਸ ਸਾਹਿਬ ਕੌਰ
ਪੜ੍ਹੀ ਹੋਈ ਵੇਦਾਂਤ ਉਹ, ਜਿਉਂ ਸਾਧਾਂ ਦੇ ਤੌਰ


ਸ੍ਰੀ ਮਾਨ ਬਾਬਾ ਕਾਨ੍ਹ ਸਿੰਘ ਜੀ ਨਿਹੰਗ

ਤਤ੍ਵਮਸੀ[78] ਬ੍ਰਹਮਾਸਮੀ, ਰਟਦੀ ਤੋਤੇ ਵਾਂਗ
ਅੰਦਰੋਂ ਹੈ ਸੀ ਸਖਣੀ, ਧਾਰੀ ਬੈਠੀ ਸਾਂਗ
ਲਿਖ ਭੇਜਿਆ ਗੁਪਾਲ ਸਿੰਘ, ਡਿੱਠੇ ਮੈਂ ਇਕ ਸੰਤ
"ਸਾਸਿ ਗਰਾਸਿ ਨ ਵਿਸਰੈ, ਹਰਿ ਨਾਮਾਂ ਮਨਿ ਮੰਤੁ"
ਲੱਛਣ ਜੇਹੇ ਸੰਤ ਦੇ, ਦੱਸਦੀ ਤੂੰ ਸੁਣਾਇ
ਘਟਦੇ ਓਨ੍ਹਾਂ ਵਿੱਚ ਨੇ, ਤੱਕੇ ਖ਼ੂਬ ਬਣਾਇ
ਓਧਰ ਮਾਈ ਸਾਹਿਬੋ, ਸੁਪਨੇ ਦੇ ਦੀਦਾਰ
ਨਦਰ ਮਿਹਰ ਕਰ ਗੁਰੂ ਜੀ, ਲਾਈ ਕੰਢੇ ਪਾਰ
ਓਅੰ ਸੋਹੰ ਜਾਪ ਇਹ, ਕਰਦੀ ਸੀ ਦਿਨ ਰਾਤ
ਸੁਰਤੀ ਟਿਕੇ ਨਾ ਪਲਕ ਇਕ, ਮਨ ਨਾ ਹੋਵੇ ਸ਼ਾਂਤ
ਬਾਰਾਂ ਸਤਿਗੁਰ ਏਸ ਨੇ, ਸੁਪਨੇ ਵਿਚ ਨਿਹਾਰ
ਪੁੱਛਿਆ ਦੋ ਇਹ ਕੌਣ ਨੇ ? ਕੀ ਇਹ ਵੀ ਅਵਤਾਰ
ਬਾਬਾ ਬਾਲਕ ਸਿੰਘ ਨੇ, ਗੁਰੂ ਯਾਰ੍ਹਵੇਂ ਇਹ
ਇਹ ਨੇ ਸਤਿਗੁਰੂ ਬਾਰ੍ਹਵੇਂ ਅਕਾਲ ਪੁਰਖ ਦੀ ਦਿਹ
ਉਠ ਕੇ ਦੇਗ ਤਿਆਰ ਕਰ, ਕਰ ਸਕੇਸ਼ ਸ਼ਨਾਨ
ਏਹ ਬਚਨ ਕਰ ਸਤਿਗੁਰੂ, ਹੋਏ ਅੰਤ੍ਰ ਧਿਆਨ
ਦੱਸ ਦਿਤਾ ਪਰ ਓਸ ਨੂੰ, ਪਤਾ ਟਿਕਾਣਾ ਸਭ
ਭੈਣੀ ਸਾਹਿਬ ਆਣ ਕੇ, ਕਰੀਂ ਦਿਦਾਰੇ ਝਬ
ਮਸਤੀ ਚੜ੍ਹ ਗਈ ਦਰਸ ਕਰ, ਅੰਦਰੋਂ ਖੁਲ੍ਹੇ ਨੈਣ
ਰੋਵੇ ਵਾਂਗ ਵੈਰਾਗੀਆਂ, ਡੂੰਘੇ ਪਾ-ਪਾ ਵੈਣ
ਨਾਮਧਾਰੀ ਪਿੰਡ ਨਾਲ ਦੇ, ਗਈ ਉਨ੍ਹਾਂ ਦੇ ਕੋਲ
ਦੱਸੀ ਸਾਰੀ ਵਾਰਤਾ, ਰਾਤੀ ਵਰਤੀ ਖੋਲ੍ਹ
ਜੱਸਾ ਸਿੰਘ ਜੀ ਮਿਸਤ੍ਰੀ, ਰਲ ਗਏ ਸਾਹਿਬੋ ਨਾਲ
ਭੈਣੀ ਸਾਹਿਬ ਆਣ ਕੇ, ਦੋਵੇਂ ਹੋਇ ਨਿਹਾਲ
ਅਰਜ਼ ਕਰੀ ਹੇ ਗੁਰੂ ਜੀ, ਦਵੋ ਨਾਮ ਦਾ ਦਾਨ
ਸ਼ੁੱਧ ਗਿਆਨ ਦ੍ਰਿੜਾਇਕੇ, ਕਰ ਦੇਵੋ ਕਲਿਆਨ
ਹੁਕਮ ਹੋਇਆ ਇਸ਼ਨਾਨ ਕਰ, ਵਸਤ੍ਰ ਪਹਿਨੋ ਧੋਇ

[78] ਮੈਂ ਹੀ ਤੱਤ ਸਰੂਪ ਅਤੇ ਮੈਂ ਹੀ ਬ੍ਰਹਮ ਹਾਂ।

ਛੇਤੀ ਆਓ ਸੁਆਸ ਇਹ, ਬਿਰਥਾ ਜਾਣ ਨਾ ਖੋਇ
ਜੱਸੇ ਅਤੇ ਸਾਹਿਬੋ, ਦਿੱਤਾ ਭਜਨ ਸੁਣਾਇ
ਪਹੁਲ ਪਿਆਕੇ ਖੰਡ ਧਾਰ, ਦਿਤੇ ਸਿੰਘ ਬਣਾਇ
ਉਨੀ ਸਉ ਅਠਾਰ੍ਹਵੀਂ[79] ਵੈਸਾਖੀ ਹਰਿਦੁਆਰ
ਅਰਧ ਕੁੰਭੀ ਦਾ ਪੁਰਬ ਜੋ, ਲੱਗਾ ਸੀ ਇਸ ਵਾਰ
ਕਰੇ ਤਿਆਰੀ ਜਾਣ ਦੀ, ਸਤਿਗੁਰੂ ਸੰਗਤ ਨਾਲ
ਰਹਿੰਦੇ ਮਸਤ ਸੁਭਾਵ ਵਿਚ, ਕਰਨ ਅਕਾਲ-ਅਕਾਲ
ਲੱਲ, ਉਟਾਲਾਂ ਤਾਰ ਦੇ, ਖੰਨੇ ਪੁਜੇ ਜਾਇ
ਮੈਨ ਦੁਆਬ ਦੀਦਾਰ ਦੇ, ਗਏ ਜਗਾਧਰੀ ਆਇ
ਪੁਸਤਕ ਸਿਰ ਤੇ ਚੁਕਿਆਂ, ਕੁਝ ਨਿਰਮਲੇ ਸੰਤ
ਆ ਰਹੇ ਚੌਰ ਝੁਲਾਂਵਦੇ, ਪੰਡਤ ਵਰੱਕਤ ਮਹੰਤ
ਅਦਬ ਵਿਚ ਖਲੋ ਗਏ, ਸਤਿਗੁਰੂ ਦੀਨ ਦਿਆਲ
ਕੀ ਇਹ ਗੁਰੂ ਗ੍ਰੰਥ ਹੈ ? ਪੁਛਿਆ ਸ਼ਾਂਤੀ ਨਾਲ
ਨਹੀਂ! ਇਹ ਹੈ ਸ੍ਰੀ ਭਾਗਵਤ, ਸੰਤਾਂ ਕਿਹਾ ਉਚਾਰ
ਰੱਬ ਦਏ ਬੰਦਾ ਸਹੇ, ਜਿਉਂ ਵਰਤਾਈ ਕਾਰ
ਹੋ ਜਾਊ ਅਲੋਪ ਇਉਂ, ਗੁਰੂ ਬਾਣੀ ਦੀ ਰੀਤ
ਤੁਸਾਂ ਜੇਹੇ ਵਰੱਕਤ ਸੰਤ, ਕਰਨ ਹੋਰ ਨਾਲ ਪ੍ਰੀਤ
ਸਿੱਖ ਕਹਾ ਕੇ ਗੁਰੂ ਦੇ, ਗੁਰੂ ਬਾਣੀ ਆਧਾਰ
ਕੱਚੀ ਬਾਣੀ ਨਾਲ ਕਿਉਂ, ਕਰਦੇ ਇੰਝ ਪਿਆਰ
ਫ਼ਰਜ਼ ਤੁਹਾਡਾ ਕਰਨ ਦਾ, ਗੁਰੂ ਬਾਣੀ ਪ੍ਰਚਾਰ
ਕੱਚੀ ਬਾਣੀ ਸਿਰ ਧਰੀ, ਫਿਰ ਰਹੇ ਬੇ-ਮੁਹਾਰ
ਅਸੀਂ ਸਮਝਿਆ ਲਿਆ ਰਹੇ, ਬੀੜ ਗੁਰੂ ਦਰਬਾਰ
ਜਰ ਸਕੇ ਨਾ ਸੰਤ ਸੁਣ, ਠਾਣੇ ਕਰੀ ਪੁਕਾਰ
ਓਥੇ ਜਾ ਕੇ ਉਨ੍ਹਾਂ ਨੇ, ਇਉਂ ਦਿਤੀ ਇਤਲਾਹ
ਸਾਡੀ ਸਾਰੀ ਪਾਂਣ ਪਤ, ਕੂਕਿਆਂ ਛੱਡੀ ਲਾਹ
ਠਾਣੇਦਾਰ ਚੱਲ ਆਇਆ, ਲੱਗਾ ਸੀ ਦੀਵਾਨ
ਤਾਊਸ ਸਰੰਦੇ ਵਜ ਰਹੇ, ਰਾਗੀ ਬਾਣੀ ਗਾਣ

[79] ਅਪ੍ਰੈਲ 1861 ਈ.

ਪੈ ਰਹੀ ਗੁਰੂ ਸ਼ਬਦ ਦੀ, ਬੱਦਲ ਜਿਉਂ ਘਨਘੋਰ
ਗੁਰਸਿੱਖ ਸੁਣਦੇ ਮਸਤ ਹੋ, ਨੱਚਦੇ ਵਾਂਗਰ ਮੋਰ
ਵੇਖ ਠਾਣੇਦਾਰ ਤੁਰ ਗਿਆ, ਲਏ ਨਾ ਕਿਸੇ ਬਿਆਨ
ਸੰਤਾਂ ਨੂੰ ਜਾ ਆਖਿਆ, ਝੂਠ ਤੁਸਾਂ ਫਰਮਾਨ
ਕਰਨ ਵਾਲੇ ਨਾ ਉਹ ਹਨ, ਏਹੋ ਜੇਹੀ ਕੁਪੱਤ
ਕਰ ਰਹੇ ਰੱਬ ਦੀ ਬੰਦਗੀ, ਮੈਂ ਡਿਠਾ ਜਾ ਸੱਤ
ਤੁਰ ਗਏ ਸੰਤ ਨਿਰਾਸ਼ ਹੋ, ਮੁੜ ਨਾ ਕੀਤੀ ਗੱਲ
ਸਤਿਗੁਰੂ ਵੀ ਤੁਰ ਪਏ, ਰਾਹ ਗੰਗਾ ਦੇ ਵੱਲ
ਏਸ ਸਮੇਂ ਭਗਵਾਨ ਦੀ, ਸੀ ਮਸਤੀ ਦੀ ਕਾਰ
ਪਰਗਟ ਕਰਕੇ ਦੱਸਦੇ, ਕੋਈ ਗੁਪਤ ਵਿਚਾਰ
ਅੱਡੀਆਂ ਚੁਕ-ਚੁਕ ਵੇਖਦੇ, ਪੱਛਮ ਪਾਸੇ ਵੱਲ
ਆਂਹਦੇ ਖੋਲ੍ਹ ਭਵਿੱਖ ਦੀ, ਜਿਉਂ ਵਰਤੇ ਗੀ ਗੱਲ
ਹੁਣ ਹੈ ਅੱਗੋਂ ਵਰਤਣੀ, ਏਦਾਂ ਸਾਰੀ ਕਾਰ
ਰੂਸ ਦਏ ਅੰਗ੍ਰੇਜ਼ ਨੂੰ, ਬਹੁਤ ਕਰਾਰੀ ਹਾਰ
ਅੱਗੇ ਫਿਰ ਸੰਤ ਨਿਰਮਲੇ, ਕਰ ਬੈਠੇ ਪ੍ਰਕਾਸ਼
ਅਰਧ ਕੁੰਭੀ ਨੂੰ ਜਾ ਰਹੇ, ਕਰਨ ਗੰਗ ਤੇ ਵਾਸ
ਥਾਂ ਪਵਿੱਤ੍ਰ ਕਰੀ ਨਾ, ਉੱਡ ਰਿਹਾ ਗਰਦਾ ਧੂੜ
ਗੋਹਾ ਨੇੜੇ ਖਿਲਰਿਆ, ਰੇਹੁ ਦੇ ਲਗੇ ਕੂੜ
ਝਾੜੂ ਦੇ ਭਗਵਾਨ ਫਿਰ, ਲਿਪਿਆ ਆਪ ਸਥਾਨ
ਕਰ ਲਓ ਪ੍ਰਕਾਸ਼ ਹੁਣ, ਨਾਲ ਅਦਬ ਸਨਮਾਨ
ਜਮਨਾ ਕੰਢੇ ਜਾਇ ਕੇ, ਬੈਠ ਗਏ ਭਗਵਾਨ
ਬੁੱਢੀ ਇਕ ਕੰਗਾਲਣੀ, ਚਰਨੀ ਲਗੀ ਆਨ
ਸੰਗਤ ਤਈਂ ਸੁਣਾ ਕੇ, ਕੀਤਾ ਵਾਕ ਉਚਾਰ
ਇਹ ਮਾਈ ਹੈ ਜਮਨਾਂ, ਆਈ ਧਰ ਅਵਤਾਰ
ਜੋ ਸ਼ਰਧਾ ਹੈ ਜਿਸਦੀ, ਇਸਨੂੰ ਦੇਵੇ ਦਾਨ
ਜਮਨਾ ਮਾਈ ਦਾ ਕਰੋ, ਠੀਕ ਤਰ੍ਹਾਂ ਸਨਮਾਨ
ਇਸ ਦੇ ਦਿਲ ਵਿਚ ਬੈਠ ਰੱਬ, ਆਪ ਰਿਹਾ ਹੈ ਝਾਕ
ਪੂਰਾ ਹੋਵੇ ਏਸਦੇ, ਮੂੰਹੋਂ ਨਿਕਲਿਆ ਵਾਕ
ਦੇਵੋ ਜਿਸ ਕੁਝ ਦੇਵਣਾਂ, ਦਾਨ ਕਰੋ ਦਿਲ ਖੋਲ੍ਹ

ਦੇਵੇਗੀ ਅਸੀਸ ਇਹ, ਨਾਲ ਖ਼ੁਸ਼ੀ ਦੇ ਬੋਲ
ਇਸ ਦੌਰੇ ਭਗਵਾਨ ਨੇ, ਕਰੇ ਅਨੋਖੇ ਚੋਜ
ਝੱਲਿਆ ਜਾਂਦਾ ਸੀ ਨਹੀਂ, ਮਹਾਂਤੇਜ ਤੇ ਓਜ
ਚੱਲਦੇ ਚੱਲਦੇ ਅੱਪੜੇ, ਜਾ ਸਹਾਰਨ ਪੁਰ
ਜਾਂ ਚੜ੍ਹੇ ਮਸੀਤ ਦੇ, ਕੋਠੇ ਉਪਰ ਧੁਰ
ਹੋਕਾ ਦੇ ਕੇ ਆਖਿਆ, ਸੁਣੋ ਮੋਮਨੋ ਗੱਲ
ਅਰਸ਼ੋਂ ਆਇਆ ਭੱਜ ਕੇ, ਕਲਮਾ ਏਥੇ ਚੱਲ
ਸੁਣ ਲਓ ਨਾਲ ਖ਼ਿਆਲ ਦੇ, ਹਠੀਓ, ਤਪੀ, ਸ਼ਹੀਦ
ਚਿਤ੍ਰ ਗੁਪਤ, ਫਰਿਸ਼ਤਿਓ, ਨਬੀਓ, ਪੀਰ, ਮੁਰੀਦ
ਕਲਮਾ ਹੈ ਇਸ ਸਮੇਂ ਦਾ, ਵਾਹਿਗੁਰੂ ਗੁਰ ਮੰਤ
ਗੁਪਤ ਖੇਲ ਹੈ ਪ੍ਰਗਟਿਆ, ਤਾਰਨ ਲਈ ਜੀ ਜੰਤ
ਇਕ ਮਨ ਇਕ ਚਿਤ ਜਪੇ ਜੋ, ਦਏ ਚੁਰਾਸੀ ਕੱਟ
ਦਿੱਤਾ ਖੋਲ੍ਹ ਭੰਡਾਰ ਇਹ, ਪਾਈ ਸੱਚੀ ਹੱਟ
ਪੱਧਰੀ ਵਾਲੀ ਨਾਲ ਸੀ, ਮਾਈ ਸਾਹਿਬ ਕੌਰ
ਤਰਕ ਕਰੇ ਹਰ ਗੱਲ ਵਿਚ, ਚੁੰਚ ਗਿਆਨੀ ਤੌਰ
ਕਿਹਾ ਸ੍ਰੀ ਗੁਰੂ ਦੇਵ ਜੀ, ਸਾਹਿਬ ਸੁਣ ਲੈ ਗੱਲ
ਆ ਰਿਹਾ ਹੈ ਨੱਸ ਕੇ, ਕੋਹੜ ਤੇਰੇ ਵੱਲ
ਕੀ ਰੱਖੇਂਗੀ ਯਾਦ ਤੂੰ, ਆਈ ਸਾਡੇ ਸੱਗ
ਤੈਨੂੰ ਚੁੰਚ ਗਿਆਨ ਦਾ, ਪਤਾ ਜਾਇਗਾ ਲੱਗ
ਫੋੜਿਆਂ ਦੇ ਨਾਲ ਭਰ ਗਿਆ, ਉਸ ਦਾ ਸਭ ਸਰੀਰ
ਨਾੜ-ਨਾੜ ਵਿਚ ਜਲਣ ਭਰ, ਲੱਗੀ ਹੋਵਣ ਪੀਰ
ਪਛੋਤਾਵਾ ਕਰ ਰਹੀ, ਮੈਂ ਕਿਉਂ ਆਈ ਨਾਲ
ਧੋਵਣ ਆਈ ਪਾਪ ਸਾਂ, ਲਿਆ ਸਹੇੜ ਜੰਜਾਲ
ਹੱਸ ਕਿਹਾ ਭਗਵਾਨ ਹੁਣ, ਕਿਥੇ ਗਿਆ ਗਿਆਨ
ਗੱਪਾਂ ਮਾਰੇ ਫੋਕੀਆਂ, ਵਿੱਦਿਆ ਦਾ ਅਭਿਮਾਨ
ਲੱਗੀ ਪਾਵਣ ਵਾਸਤੇ, ਬਖ਼ਸ਼ੋ ਕਿਰਪਾ ਧਾਰ
ਮੇਰੇ ਕਰਮ ਨਾ ਵੇਖਣੇ, ਜੱਟੀ ਮਹਾਂ ਗਵਾਰ
ਵਿਗਸ ਕਿਹਾ ਸ੍ਰੀ ਸਤਿਗੁਰੂ, ਨਾ ਐਵੇਂ ਪਛਤਾ
ਗੜਵਾ ਭਰ ਲੈ ਜਲ ਦਾ, ਦੂਰ ਡੋਹਲ ਕੇ ਆ

ਵੱਡਾ ਰੋਗ ਸੀ ਲੱਗਣਾ, ਤੈਨੂੰ ਇਹ ਅਵੱਸ਼
ਪਰ ਸੰਗਤ ਨੇ ਏਸ ਦੀ, ਇਉਂ ਕਰ ਦਿਤੀ ਬੱਸ
ਬਚਨ ਮੰਨ ਕੇ ਤੁਰ ਗਈ, ਹੋ ਗਿਆ ਸੁੱਧ ਸ੍ਰੀਰ
ਪਤਾ ਨਾ ਕਿੱਥੇ ਚਲੀ ਗਈ, ਜੋ ਹੁੰਦੀ ਸੀ ਪੀਰ
ਫੇਰ ਕਿਹਾ ਸੁਣ ਜੱਟੀਏ, ਨਰਕ ਵੀ ਮੇਰੇ ਵੱਸ
ਹੋਰ ਦਲਿੱਦ੍ਰ ਆਦ ਜੋ, ਖੇਹ ਸੁਆਹ ਤੇ ਭੱਸ
ਓਸੇ ਵੇਲੇ ਭਰ ਗਏ, ਜੂੰਆਂ, ਲੀਖਾਂ ਵਾਲ
ਟੋਏ ਦਿਸ ਰਹੇ ਗੰਦ ਦੇ, ਭਰੇ ਕੀੜਿਆਂ ਨਾਲ
ਜੂੰਆਂ ਹੈਣ ਦਲਿੱਦ੍ਰ ਇਹ, ਕੀੜੇ ਨਰਕ ਸਮਾਨ
ਤੈਨੂੰ ਲਿਆ ਬਚਾ ਹੈ, ਆਪ ਗੁਰੂ ਭਗਵਾਨ
ਹੱਥ ਵਿੱਚ ਫੜ ਕਾਮੜਾ, ਮਸਤਾਂ ਜੇਹੀ ਚਾਲ
ਅੱਗੋਂ ਔਂਦਾ ਜੋ ਮਿਲੇ, ਸੋਧਣ ਉਸ ਦੇ ਨਾਲ
ਸਾਹਿਬੋ ਡਰਦੀ ਕੰਬਦੀ, ਆਇ ਨਾ ਮੇਰੀ ਵਾਰ
ਸੱਕਾਂ ਕਿਵੇਂ ਸਹਾਰ ਮੈਂ, ਇਸ ਚਾਬਕ ਦੀ ਮਾਰ
ਆਖਿਆ - ਸੁਣ ਲੈ ਜੱਟੀਏ, ਜਿੰਨ੍ਹਾਂ ਨੂੰ ਇਹ ਹੱਥ
ਲੱਗ ਜਾਣ ਕੱਟ ਦੇਣਗੇ, ਜਨਮ ਮਰਨ ਦਾ ਪੱਥ
ਲੋਚੇ ਸਾਹਿਬੋ ਦਿਲ ਵਿਚ, ਇਨ੍ਹਾਂ ਹੱਥਾਂ ਦੇ ਨਾਲ
ਮੈਨੂੰ ਮਾਰਨ ਕੱਟਿਆ, ਮੇਰਾ ਜਾਇ ਜੰਜਾਲ
ਰੁੜਕੀਓਂ ਅੱਗੇ ਹੋ ਤੁਰੇ, ਸਤਿਗੁਰੂ ਦੀਨਾ ਨਾਥ
ਪੁੱਜੇ ਹਰੀ ਦੁਆਰ ਜਾ, ਗੰਗਾ ਕਰੀ ਸਨਾਥ
ਭੀਮ ਗੋਡੇ ਤੋਂ ਇਕ ਮੀਲ, ਉਤਲੇ ਪਾਸੇ ਜਾਇ
ਸਾਰੀ ਸੰਗਤ ਇਕ ਥਾਂ, ਡੇਰਾ ਦਿੱਤਾ ਲਾਇ
ਗੁਰੂ ਬਾਣੀ ਗੁਰੂ ਸ਼ਬਦ ਦਾ, ਲੰਗਰ ਲਾਇਆ ਵੱਲ
ਭੁੱਖਾ ਨੰਗਾ ਅਰਥੀਆ, ਖਾਲੀ ਜਾਇ ਨਾ ਚੱਲ
ਰੋਡ ਮੋਡ ਜਿਹੇ ਆ ਗਏ, ਸਾਧੂ ਬੰਨ੍ਹ ਜਮਾਤ
ਆਦਰ ਦਿੱਤਾ ਚਰਨ ਧੋ, ਜੋ ਸਨਾਤਨ ਮਰਯਾਦ
ਅੱਠੀਂ ਪਹਿਰੀਂ ਆ ਛਕਣ, ਨਿੱਤ ਓਹ ਪ੍ਰਸ਼ਾਦ
ਪੁੱਛਣ ਤੇ ਸੀ ਦੱਸਿਆ, ਇਹ ਸਿੱਧ ਨੇ ਸਾਧ
ਸੰਗਤ ਨੂੰ ਕਿਹਾ ਚੱਲੀਏ, ਗੰਗਾ ਕਰਨ ਦੀਦਾਰ

ਤੁਰ ਪਏ ਕੁਝ ਨਾਲ ਸਿੰਘ, ਪੁੱਜੇ ਪਰਲੇ ਪਾਰ
ਬੁੱਢੀ ਚੱਕੀ ਪੀਹ ਰਹੀ, ਇਕ ਝੁੱਗੀ ਦੇ ਵਿੱਚ
ਲੀਰਾਂ ਲਮਕਣ ਬੁਕ-ਬੁਕ, ਕੱਪੜਿਆਂ ਤੋਂ ਜਿੱਚ
ਇਕ ਰੁਪੱਯਾ ਆਪ ਨੇ, ਦਿਤਾ ਓਸ ਫੜਾਇ
ਹੋਰ ਜੋ ਸੰਗਤ ਨਾਲ ਸੀ, ਸਭ ਨੇ ਦੇ ਦਿਵਾਇ
ਦਏ ਅਸੀਸਾਂ ਬੁਢੜੀ, ਅਤੀ ਹੋਈ ਪ੍ਰਸੰਨ
ਚਰਨੀ ਡਿੱਗੀ ਆਖਦੀ, ਧੰਨ ਗੁਰੂ ਜੀ ਧੰਨ
ਸੀ ਬਿਨਾਂ ਤੁਹਾਡੇ ਹੋਰ ਕਿਸ, ਮੇਰੀ ਲੈਣੀ ਸਾਰ
ਆਏ ਮਾਣਸ ਰੂਪ ਧਰ, ਮੇਰੇ ਸਿਰਜਨਹਾਰ
ਹਜ਼ਰੋਂ ਵਾਲੀਆਂ ਸੰਗਤਾਂ, ਵੀ ਆਈਆਂ ਸੀ ਨਾਲ
ਜਿਨ੍ਹਾਂ ਦੀ ਸ੍ਰੀ ਸਤਿਗੁਰੂ, ਕਰਦੇ ਖ਼ੂਬ ਸੰਭਾਲ
ਭਾਂਡੇ ਜੂਠੇ ਸੰਗਤਾਂ, ਆਪ ਕਰਨ ਗੁਰ ਸਾਫ਼
ਆਂਹਦੇ ਸੇਵਾ ਨਾਲ ਨੇ, ਪਾਪ ਹੋ ਜਾਂਦੇ ਮਾਫ਼
ਪੋਨੇ ਗੰਨੇ ਲੈ ਲਏ, ਦਿੱਤੇ ਸਭ ਵਰਤਾਇ
ਆਵੇ ਕੋਈ ਕੋਲ ਜੇ, ਓਸ ਦੇਣ ਪਕੜਾਇ
ਅੱਗੋਂ ਜੇ ਕੋਈ ਲੈਣ ਤੋਂ, ਕਰ ਦੇਵੇ ਇਨਕਾਰ
ਓਸੇ ਗੰਨੇ ਨਾਲ ਫਿਰ, ਦੇਂਦੇ ਭੁਗਤ ਸੁਆਰ
ਕੀਤੀ ਲੋਕਾਂ ਜਾਇ ਕੇ, ਗੋਰੇ ਨੂੰ ਫ਼ਰਿਆਦ
ਕਮਲਾ ਹੋਇਆ ਇਕ ਸਿਖ, ਜਿਸ ਮਾਰੇ ਕਈ ਸਾਧ
ਗੋਰਾ ਵੇਖਣ ਆਇਆ, ਹਾਥੀ ਤੇ ਅਸਵਾਰ
ਗੰਨਾ ਕੀਤਾ ਓਸ ਵੱਲ, ਫੜ੍ਹ ਲਿਆ ਬਿਨ ਤਕਰਾਰ
ਲੋਕਾਂ ਵਾਲੀ ਰਪਟ ਜੋ, ਫੜ੍ਹ ਦਿਤੀ ਉਸ ਫਾਰ
ਗੰਨੇ ਕਿਉਂ ਵਰਤਾ ਰਹੇ ! ਕੀ ਆਖੇ ਸਰਕਾਰ ?
ਗੇਲੀ ਇਕ ਬਿਆਰ ਦੀ, ਤੁੱਥ ਮੁੱਥ ਇਕਸਾਰ
ਗੋਲ ਮੋਲ ਅਣਘੜ ਜਿਹੀ, ਬਹੁਤਾ ਸੀ ਜਿਸ ਭਾਰ
ਕਿਹਾ ਚੁਕਾਓ ਰੱਖੀਏ, ਧੂਣੇ ਉਤੇ ਇਸ
ਦੇਵੀਏ ਅਲਖ ਮੁਕਾ ਇਹ, ਰਹੀ ਹੈ ਵਾਧੂ ਦਿਸ
ਚੁਕਿਆ ਪਾਸਾ ਕੱਲਿਆਂ, ਸੰਗਤ ਸਾਰੀ ਲਾਇ
ਅਸਲੋਂ ਸਕੀ ਹਿੱਲ ਨਾ, ਥੱਕੇ ਜ਼ੋਰ ਲਗਾਇ

ਆਓ ਭਾਈ ਬੁੱਧ ਸਿੰਘ, ਦਿੱਤੀ ਫੇਰ ਅਵਾਜ
ਕਰਨੇ ਮੈਂ, ਤੈਂ, ਰਲ ਕੇ, ਬਹੁਤੇ ਪੰਥਕ ਕਾਜ
ਦੋਹਾਂ ਭਰਾਵਾਂ ਚੁੱਕ ਕੇ, ਧੂਣੇ ਉਤੇ ਲਾਇ
ਮਲਕ ਦੇ ਕੇ ਰੱਖ ਕੇ, ਦਿੱਤੀ ਅੱਗ ਲਗਾਇ
ਮਸਤੀ ਭਰੇ ਭਵਿੱਖ ਦੇ, ਕਰਦੇ ਵਾਕ ਅਗੰਮ
ਖ਼ੁਸ਼ੀਆਂ ਅੰਦਰ ਵੱਸਦੇ, ਰਹਿੰਦੇ ਸਦਾ ਬੇ.ਗੰਮ
ਨਾ ਸਰਮਾਇਆ ਰਹੇਗਾ, ਕੱਲੇ ਬੰਦੇ ਕੋਲ
ਕੱਠਾ ਇਕ ਥਾਂ ਕਰ ਦਿਆਂ, ਸਾਰਾ ਪੈਸਾ ਰੋਲ
ਨਾ ਸਰਮਾਇਆ ਇਉਂ ਰਹੇ, ਨਾ ਸਰਮਾਏਦਾਰ
ਰਾਜੇ ਸ਼ਾਹ ਅਮੀਰੜੇ, ਇਹ ਹੋ ਜਾਣ ਖੁਆਰ
"ਮਾਇਆ ਕਠੀ ਕਰ ਕੇ, ਲੰਗਰ ਦੇਵਾਂ ਲਾਇ
ਭੁਖਾ ਨੰਗਾ ਅਰਥੀਆ, ਖਾਲੀ ਕੋਇ ਨਾ ਜਾਇ"
ਸਤਿਜੁਗ ਲਾਵਾਂ ਕਲੀ ਵਿਚ, ਦੂਰ ਹੋਣ ਅਪ੍ਰਾਧ
ਬੰਦੇ ਹੋ ਜਾਣ ਦੇਵਤੇ, ਕਰਨ ਨਾ ਕੋਈ ਉਪਾਧ
ਏਸ ਤਰ੍ਹਾਂ ਦੇ ਹੋਰ ਵੀ, ਬਚਨ ਕਰਨ ਬਹੁ ਭਾਂਤਿ
ਜਿਸ ਨੂੰ ਸੁਣ ਕੇ ਹੋਵੰਦੀ, ਮਨ ਦੀ ਦੂਰ ਭ੍ਰਾਂਤਿ
ਚਰਚਾ ਕਰਨ ਵੇਦਾਂਤ ਦੀ, ਸਾਧੂ ਆਇਆ ਇੱਕ
ਵਿੱਦਿਆ ਦੇ ਅਭਿਮਾਨ ਵਿਚ, ਤੁਰੇ ਕੱਢ ਕੇ ਹਿੱਕ
ਝੂਠਾ ਹੈ ਸੰਸਾਰ ਇਹ, ਜਿੱਦਾਂ ਫੁੱਲ ਅਕਾਸ਼
ਭ੍ਰਾਂਤੀ[80] ਰੱਜੂ ਸਰਪ ਦੀ, ਹੈ ਮਾਇਆ ਦਾ ਵਾਸ
ਸੈਹੇ ਦੇ ਨਾ ਸਿੰਙ ਹਨ, ਬਾਂਝ ਨਾ ਜਾਏ ਪੁੱਤ,
ਮਾਇਆ ਦੇ ਅਗਿਆਨ ਦਾ, ਇਹ ਮਾਨੁਖੀ ਬੁੱਤ
ਨਾ ਹੈ ਨਾ ਇਹ ਹੋਇਗਾ, ਨਾ ਹੋਇਆ ਤ੍ਰੈ ਕਾਲ
ਐਵੇਂ ਦਿਸੇ ਪਸਰਿਆ, ਮਾਇਆ ਦਾ ਜੰਜਾਲ
ਦਿਸਣ ਬੱਦਲ ਧੁੰਧ ਦੇ, ਝਟ ਪਟ ਜਾਂਦੇ ਪਾਟ
ਮ੍ਰਿਗ ਤ੍ਰਿਸ਼ਨਾ ਦੇ ਵਾਂਗ ਇਹ, ਜਾਪੇ ਬਣਿਆ ਥਾਟ
ਅਜਰ ਅਮਰ ਹੈ ਆਤਮਾ, ਸਭੇ ਹੋਰ ਅਨਿੱਤ

[80] ਭੁਲੇਖੇ ਨਾਲ ਰੱਸੀ ਨੂੰ ਸੱਪ ਸਮਝਣਾ ।

ਉਸਦਾ ਹੁੰਦਾ ਨਾਸ ਨਾ, ਹੈ ਓਹ ਰਹਿੰਦਾ ਨਿੱਤ
ਪਾਣੀ ਸੱਕੇ ਡੋਬ ਨਾ, ਅੱਗ ਨਾ ਸੱਕੇ ਸਾੜ
ਹਵਾ ਉਡਾ ਨਾ ਸੱਕਦੀ, ਸ਼ਸਤ੍ਰ ਸੱਕੇ ਨਾ ਪਾੜ
ਤੋਤੇ ਵਾਂਗਰ ਰਟਦਾ, ਔਣ ਨਾ ਦੇਵੇ ਵਾਰ
ਓਅੰ ਓਅੰ ਉਚਾਰਦਾ, ਗੱਲਾਂ ਦੀ ਭਰਮਾਰ
ਵਿਗਸ ਕਿਹਾ ਸ੍ਰੀ ਸਤਿਗੁਰੂ, ਸੁਣੋ ਸੰਤ ਜੀ ਬਾਤ
ਬਾਝੋਂ ਬਾਣੀ ਨਾਮ ਦੇ, ਮਨ ਨਾ ਪੈਂਦੀ ਸ਼ਾਂਤ
ਸੁਣ ਅੱਗੋਂ ਕਿਹਾ ਸੰਤ ਨੇ, ਬਾਣੀ ਕਹੋਂ ਉਚਾਰ
ਦੇਵਬਾਣੀ ਹੈ ਸੰਸਕ੍ਰਿਤ, ਬਾਣੀ ਹੋਰ ਗੁਆਰ
ਸੁਣ ਬੋਲੇ ਭਗਵਾਨ ਫਿਰ, ਆਪ ਨਿਰਮਲੇ ਸਾਧ
ਧੁਰ ਕੀ ਬਾਣੀ ਨੂੰ ਪਏ, ਦੱਸੋ ਹੋਰ ਉਪਾਧ
ਪਾਣੀ ਵਿਚ ਮਧਾਣੀ ਪਾ, ਮੱਖਣ ਲਓ ਨਿਕਾਲ
ਅਮਲ ਕਰਨ ਤੇ ਬਿਨਾਂ ਇਹ, ਗੱਲਾਂ ਸਭ ਜੰਜਾਲ
ਕਰਨ ਲਗਾ ਇਸ਼ਨਾਨ ਸੰਤ, ਤਿਲਕ ਗਿਆ ਸੁ ਪੈਰ
ਗੰਗਾ ਮਈਆ ਲੈ ਤੁਰੀ, ਕਰਾਂਣ ਸੁਰਗ ਦੀ ਸੈਰ
ਲੱਗਾ ਪਾਵਣ ਵਾਸਤੇ, ਮੈਨੂੰ ਲਓ ਨਿਕਾਲ
ਗੰਗਾ ਮਾਈ ਟੱਕਰੀ, ਬਣ ਕੇ ਮੇਰਾ ਕਾਲ
ਸੁਣ ਦਸੌਂਧਾ ਸਿੰਘ ਜੀ, ਮਾਰੀ ਗੰਗਾ ਛਾਲ
ਫੜ੍ਹ ਲੈ ਆਏ ਸੰਤ ਨੂੰ, ਠੇਲ੍ਹ ਆਪਣੇ ਨਾਲ
ਬਾਹਰ ਨਿਕਲ ਆਖਦਾ, ਮੇਰੇ ਅੱਜ ਪਰਾਨ
ਜੇ ਨਾ ਬਾਹਰ ਕੱਢਦੇ, ਗੰਗਾ ਲੈਂਦੀ ਦਾਨ
ਕੰਨ ਫੜ੍ਹਾਂ ਦੋਇ ਆਪਣੇ, ਮੁੜ ਨਾ ਆਵਾਂ ਨ੍ਹੌਣ
ਅਜਰ ਅਮਰ ਹੈ ਆਤਮਾ, ਮਰਦਾ ਡੁਬਦਾ ਕੌਣ
ਕਿੱਥੇ ਗਿਆ ਹੈ ਸੰਤ ਜੀ, ਤੁਹਾਡਾ ਓਹ ਵਖਿਆਨ
ਲੋਕਾਂ ਨੂੰ ਭਰਮਾਂਵਦੇ, ਝੂਠਾ ਦੱਸ ਗਿਆਨ
ਚਰਨੀ ਡਿੱਗਾ ਆਖਦਾ, ਬਖ਼ਸ਼ੋ ਮੇਰੀ ਭੁੱਲ
ਮੈਂ ਨਹੀਂ ਪਾ ਸਕਿਆ, ਏਸ ਬਚਨ ਦਾ ਮੁੱਲ
ਨਾਮ ਦਾਨ ਦੇ ਸੰਤ ਨੂੰ, ਦਿਤਾ ਸਿੰਘ ਸਜਾ
ਗੁਰਮਤ ਦੀ ਮਰਯਾਦ ਓਸ, ਦਿਤੀ ਸਭ ਸੁਝਾ

ਦਿਲ ਵਿਚ ਭਰ ਗਿਆ ਸੰਤ ਦੇ, ਬਾਣੀ ਨਾਮ ਪਿਆਰ
ਰਸਨਾ ਚੱਲਦੀ ਇਕ-ਰਸ, ਜਪਦੀ ਸਤਿ ਕਰਤਾਰ
ਭਾਈ ਰੂਪਾ ਪਿੰਡ ਸੀ, ਏਨਾਂ ਦਾ ਮਸ਼ਹੂਰ
ਬਚਨ ਸਿੰਘ ਸੀ ਨਾਂ ਇਹ, ਵਿੱਦਿਆ ਵਿਚ ਭਰਪੂਰ
ਆ ਗਏ ਓਥੋਂ ਨਾਲ ਇਹ, ਭੈਣੀ ਸਾਹਿਬ ਪਾਸ
ਲੱਲਾਂ ਦੀ ਧਰਮਸਾਲ ਵਿਚ, ਕੀਤਾ ਆਣ ਨਿਵਾਸ
ਮੇਰੇ ਪਿਤਾ ਜੀ ਇਨ੍ਹਾਂ ਤੋਂ, ਪਾਠ ਕੀਤਾ ਗੁਰੂ ਗ੍ਰੰਥ
ਵੱਡੇ ਭਾਈ ਦੀਦਾਰ ਸਿੰਘ, ਲਈ ਇਨ੍ਹਾਂ ਤੋਂ ਸੰਥ
ਹੋਰ ਵੀ ਲੱਲਾਂ ਪਿੰਡ ਦੇ, ਮੇਰੇ ਵੱਡੇ ਵਡੀਰ
ਬੱਗਾ, ਗੋਰਾ, ਡੂੰਮ ਵੀ, ਇਨ੍ਹਾਂ ਪੜ੍ਹਾਏ ਮੀਰ
ਚੱਲੋ ਮੁੜ ਕੇ ਓਸ ਥਾਂ, ਛੱਡੋ ਏਥੇ ਗੱਲ
ਦਰਸ ਕਰੋ ਭਗਵਾਨ ਦੇ, ਫਿਰ ਗੰਗਾ ਤੇ ਚੱਲ
ਬਾਂਸ ਉਤੇ ਪਾ ਕੱਪੜਾ, ਗੱਡਿਆ ਸਵੇਤ ਨਿਸ਼ਾਨ
ਉਸ ਨੂੰ ਸੀ ਝੁਲਾਇਆ, ਤੇ ਲੱਗੇ ਫੁਰਮਾਨ
ਇਹ ਹੈ ਝੰਡਾ ਅਮਨ ਦਾ, ਸ਼ਾਂਤੀ ਦਾ ਪ੍ਰਤੀਕ
ਸਾਰੇ ਝੰਡੇ ਰਾਜਨੀਤ, ਝੂਠੇ ਨੇ ਅੱਜ ਤੀਕ
ਇਸਦੇ ਅੱਗੇ ਝੁਕਣਗੇ, ਜੱਗ ਦੇ ਕੁੱਲ ਨਿਸ਼ਾਨ
ਇਸਦੇ ਜਿਹਾ ਨਾ ਦੂਸਰਾ, ਝੰਡਾ ਵਿੱਚ ਜਹਾਨ
ਇਸ ਨਿਸ਼ਾਨ ਨੂੰ ਰੂਸ ਨੇ, ਲੈਣਾ ਹੈ ਅਪਣਾ
ਪੈਣਾ ਗਲ ਅੰਗ੍ਰੇਜ਼ ਦੇ, ਇਸਨੇ ਬਣ ਕੇ ਫਾਹ
ਝੰਡਾ ਸਾਂਝੀਵਾਲਤਾ ਦਾ, ਇਹ ਅਲਮ ਬਰਦਾਰ
ਸਭ ਝੰਡਿਆਂ ਦਾ ਏਸ ਨੇ, ਬਣ ਜਾਣਾ ਸਰਦਾਰ
ਇਹ ਨਿਸ਼ਾਨ ਹੈ ਸੁਲਹ ਦਾ, ਤੇ ਇਨਸਾਨੀ ਪਿਆਰ
ਜਿਸਦਾ ਕਰਨਾ ਅਸਾਂ ਹੈ, ਅਖਿਲ ਵਿਸ਼ਵ ਪ੍ਰਚਾਰ
ਅੱਗੋਂ ਨੂੰ ਹੁਣ ਖਾਲਸਾ, ਇਹ ਚਲਾਵੇ ਰੀਤ
ਬਾਝੋਂ ਬਾਣੀ ਨਾਮ ਦੇ, ਹੋਰ ਨਾ ਰੱਖਣੀ ਪ੍ਰੀਤ
ਪਿਤ੍ਰ ਜਠੇਰੇ ਭੂਤ ਪ੍ਰੇਤ, ਮੜ੍ਹੀ ਮਸਾਣੀ ਗੋਰ
ਫੈਲੇ ਹਨ ਸੰਸਾਰ ਵਿਚ, ਵਹਿਮ ਭਰਮ ਜੋ ਹੋਰ
ਇੱਕ ਅਕਾਲ ਦੇ ਨਾਮ ਬਿਨ, ਦੇਣੇ ਸਭ ਵਿਸਾਰ

ਜਾਪ ਜਪੋ ਰਾਤੀਂ ਦਿਨੇ, ਵਾਹਿਗੁਰੂ ਨਿਰਧਾਰ
ਧਰਤੀ ਇਕ ਰਸ ਹੋ ਜਏ, ਸਾਰੀ ਜਪੇ ਅਕਾਲ
ਭੁੱਖ ਨੰਗ ਨਾ ਰਹੇਗੀ, ਹੋਵੇ ਦੇਸ਼ ਸੁਕਾਲ
ਘਰ-ਘਰ ਦੇ ਵਿਚ ਖ਼ੁਸ਼ੀ ਦੇ, ਹੋਵਣ ਮੰਗਲਚਾਰ
ਝੰਡਾ ਝੂਲੇ ਅਮਨ ਦਾ, ਹੋਰ ਹੋਣ ਮਿਸਮਾਰ
ਪੱਧਰੀ ਵਾਲੀ ਸਾਹਿਬੋ, ਵਿਦੂਸ਼ੀ ਵਿਦਵਾਨ
ਦਿਲ ਵਿਚ ਭਰਿਆ ਜਿਸਦੇ, ਵਿੱਦਿਆ ਦਾ ਅਭਿਮਾਨ
ਬਾਣੀ ਪੜ੍ਹੇ ਨਾ ਜਪੁ ਕਰੇ, ਗਲਾਂ ਕਰੇ ਹਜਾਰ
ਆਖੇ ਝੂਠਾ ਸਭ ਇਹ, ਮਾਇਆ ਦਾ ਪਾਸਾਰ
ਅਜਰ ਅਮਰ ਹੈ ਆਤਮਾ, ਦੇਹੀ ਇਹ ਅਨਿੱਤ
ਓਹ ਅਸੰਙ ਨਿਰਲੇਪ ਹੈ, ਨਾ ਦੇਹੀ ਦਾ ਮਿੱਤ
ਹੈ ਛਲਾਵਾ ਜਗਤ ਇਹ, ਮ੍ਰਿਗ ਤ੍ਰਿਸ਼ਨਾ ਦੇ ਵਾਂਗ
ਵਾਂਗ ਮਦਾਰੀ ਦਿਸਦਾ, ਝੂਠਾ ਹੈ ਸਭ ਸਾਂਗ
ਨਾ ਹੋਇਆ ਨਾ ਹੋਇਗਾ, ਨਾ ਹੈ ਤੀਹੋ ਕਾਲ
ਸੁਪਨੇ ਵਾਂਗੂੰ ਪਸਰਿਆ, ਝੂਠਾ ਹੈ ਸਭ ਜਾਲ
ਸੱਪ ਦਏ ਜਿਉਂ ਆਪਣੇ, ਉਤੋਂ ਕੁੰਜ ਉਤਾਰ
ਤਿਵੇਂ ਆਤਮਾ ਦੂਸਰੀ, ਦੇਹੀ ਲੈਂਦਾ ਧਾਰ
ਸ਼ਸਤ੍ਰ ਕਟੇ ਨਾ ਜਿਸ ਨੂੰ, ਅੱਗ ਨਾ ਸੱਕੇ ਜਾਲ
ਪਾਣੀ ਸੱਕੇ ਡੋਬ ਨਾ, ਜਿਵੇਂ ਕੰਵਲ ਦੀ ਨਾਲ
ਸਾਹਿਬ ਕੌਰ ਦੀ ਗੱਲ ਸੁਣ, ਹਸ ਕਿਹਾ ਭਗਵਾਨ
ਪਰਖਾਂਗਾ ਸੁਣ ਜੱਟੀਏ, ਤੇਰਾ ਚੁੰਚ ਗਿਆਨ
ਜਾਂ ਹੈ ਗੱਪਾਂ ਛੱਡਦੀ, ਜਾਂ ਪੂਰਨ ਵਿਸ਼ਵਾਸ
ਜੰਮੇ ਮਰੇ ਨਾ ਆਤਮਾ, ਹੋਇ ਨਾ ਇਸਦਾ ਨਾਸ
ਤੈਨੂੰ ਤੇਰੇ "ਲਾਲ" ਨੂੰ, ਵਿਚ ਚਿਖ਼ਾ ਦੇ ਪਾਇ
ਕੁੰਦਨ ਕਰਨਾ ਖੋਟ ਕੱਢ, ਅੱਗ ਵਿਚ ਦੇ ਤਾਇ
ਚੈਨ ਸਿੰਘ ਨੂੰ ਸੱਦ ਕੇ, ਦਿੱਤਾ ਹੁਕਮ ਉਚਾਰ
ਗੰਗਾ ਕੰਢੇ ਚਿਖਾ ਇੱਕ, ਜਲਦੀ ਕਰੋ ਤਿਆਰ
ਇਨ੍ਹਾਂ ਹੱਥਾਂ ਦੀਆਂ ਜੱਟੀਏ, ਜਿੰਨ੍ਹਾਂ ਨੂੰ ਲੱਗ ਜਾਣ
ਜਨਮ ਮਰਨ ਜਾਇ ਕੱਟਿਆ, ਫੇਰ ਨਾ ਜੂਨੀ ਪਾਣ

ਸੁਣ ਇਹ ਸਾਹਿਬੋ ਜਾ ਲੁਕੀ, ਲੈ ਕੇ 'ਲਾਲ' ਨੂੰ ਨਾਲ
ਚੈਨ ਸਿੰਘ ਨੂੰ ਗੁਰੂ ਜੀ, ਕਿਹਾ ਲਿਆਓ ਭਾਲ
ਸਾਹਿਬੋ ਪਛੋਤਾ ਰਹੀ, ਆਈ ਚੈਨ ਸਿੰਘ ਨਾਲ
ਗਲਤੀ ਕੀਤੀ ਪੁੱਜ ਮੈਂ, ਨਾਲ ਲਿਆਈ ਬਾਲ
ਆਂਹਦੇ ਤੈਨੂੰ ਲਾਲ ਸਣੇ, ਦੇਣਾਂ ਜਿੰਦਾ ਸਾੜ
ਹੋਰ ਕੋਈ ਇੰਝ ਆਖਦਾ, ਮੈਂ ਦੇਂਦੀ ਢਿੱਡ ਪਾੜ
ਏਥੇ ਮੇਰੀ ਨਾ ਕੁਈ, ਚੱਲ ਸਕਦੀ ਹੈ ਪੇਸ਼
ਹੋਣਹਾਰ ਨੂੰ ਕੋਈ ਵੀ, ਹੈ ਨਾ ਸਕਦਾ ਮੇਸ
ਮੈਂ ਨਾ ਕਰ ਕੁਝ ਸਕਦੀ, ਜੋ ਭਾਵੀ ਕਰਤਾਰ
ਸਾਹਿਬੋ ਬਹਿ ਗਈ ਚਿਖਾ ਤੇ, ਕਰਦੀ ਸੋਚ ਵਿਚਾਰ
ਕੰਬਲ ਉਪਰ ਪਾਇ ਕੇ, ਗੋਦੀ ਦੇ ਕੇ ਲਾਲ
ਆਪ ਸ੍ਰੀ ਸਤਿਗੁਰੂ ਜੀ, ਅਗਨੀ ਦਿਤੀ ਬਾਲ
ਕਾਲੀ ਘਟ ਜਿਉਂ ਉਠ ਧੂੰਆਂ, ਫੈਲਿਆ ਵਿਚ ਸਮਾਨ
ਲੋਕੀ ਕਹਿਣ ਗੁਆ ਦਈ, ਮਾਂ ਪੁਤਰ ਦੀ ਜਾਨ
ਥੋੜ ਦਿਲੇ ਡਰ ਨੱਸ ਤੁਰੇ, ਪਏ ਨਾ ਗਲ ਵਿਚ ਫਾਹ
ਦੋਂਹ ਜੀਆਂ ਦਾ ਖ਼ੂਨ ਇਹ, ਸਕਣ ਕਿਵੇਂ ਪਚਾ
ਸਾੜਨ ਤੋਂ ਢਿੱਲ ਨਾ ਕਰੇ, ਅੱਗ ਜੇਹੀ ਪ੍ਰਚੰਡ
ਸਾਹਿਬੋ ਲਾਲ ਸਮੇਤ ਹੀ, ਚਟ ਜਾਇਗੀ ਚੰਡ
ਲਾਟਾਂ ਉਠ ਅਕਾਸ਼ ਨੂੰ, ਆਪੇ ਹੋਈਆਂ ਸ਼ਾਂਤਿ
ਸਾਹਿਬ ਕੌਰ ਦੇ ਮਨ ਦੀ, ਹੋਈ ਦੂਰ ਭ੍ਰਾਂਤਿ
ਡਿੱਠਾ ਕੰਬਲ ਝਾੜ ਉਸ, ਲੂੰ ਨਾ ਸੜਿਆ ਇੱਕ
ਸਬਰ ਸ਼ੁਕਰ ਵਿਚ ਠਰ ਗਈ, ਠੰਢੀ ਹੋਈ ਹਿੱਕ
ਮੈਂ ਡਰਦੀ ਸਾਂ ਲੁਕ ਗਈ, ਬੇਸਿਦਕਿਆਂ ਦੇ ਵਾਂਗ
ਕੀ ਪਤਾ ਭਗਵਾਨ ਸੀ, ਇਹ ਵਰਤਾਣਾ ਸਾਂਗ
ਨਿੱਤਰ ਗਿਆ ਸੱਚ ਮੁਚ, ਮੇਰਾ ਚੁੰਚ ਗਿਆਨ
ਮੈਨੂੰ ਜੋ ਹੰਕਾਰ ਸੀ, ਵਿੱਦਿਆ ਦਾ ਅਭਿਮਾਨ
ਦਿਆਂ ਨਾ ਵਾਰੇ ਔਣ ਮੈਂ, ਗੱਲਾਂ ਦੀ ਮੂੰਹ ਜੋਰ
ਖਾਲੀ ਸਾਂ ਪਰ ਅੰਦਰੋਂ, ਦਿਲ ਵਿਚ ਬੈਠਾ ਚੋਰ
ਮੈਨੂੰ ਹੁੰਦੀ ਠੀਕ ਜੇ, ਆਪੇ ਦੀ ਪਹਿਚਾਣ

ਡਰ ਕੇ ਭੱਜਦੀ ਇੰਵ ਨਾ, ਲੈ ਕੇ ਅਪਣੀ ਜਾਨ
ਠੰਢੀ ਹੋ ਗਈ ਚਿਖਾ ਤੇ, ਦਿਤੀ ਅੱਗ ਬੁਝਾ
ਸਾਹਿਬੋ ਉਠ ਕੇ ਢਹਿ ਪਈ, ਸਤਿਗੁਰੁ ਚਰਨੀ ਜਾ
ਬਖ਼ਸ਼ੋ ਸਤਿਗੁਰੂ ਪਾਤਸ਼ਾਹ, ਜੱਟੀ ਮੈਂ ਅੰਜਾਣ
ਕਰ ਨਾ ਸਕੀ ਆਪ ਦੀ, ਅਸਲੋਂ ਕੋਈ ਪਛਾਣ
ਅਖਿਲ ਵਿਸ਼ਵ ਦਾ ਖੇਲ ਜੋ, ਅਗਨੀ ਪਾਣੀ ਪੌਣ
ਸੱਤਾ ਬਿਨ ਭਗਵਾਨ ਦੀ, ਇਹ ਨੇ ਹੁੰਦੇ ਕੌਣ
ਹੋ ਗਿਆ ਮੈਨੂੰ ਗਿਆਨ ਹੁਣ, ਅਸਲੋਂ ਸੱਤ ਅਸੱਤ
ਬਿਨਾਂ ਹੁਕਮ ਭਗਵਾਨ ਦੇ ਝੁੱਲ ਨਾ ਸਕਦਾ ਪੱਤ
ਸ਼ੀਸ਼ ਮਹੱਲ ਵਿਚ ਬੈਠ ਕੇ, ਪਾਗਲ ਕੁੱਤੇ ਵਾਂਗ
ਵਢ ਵਢ ਆਪਾ ਖਾ ਰਹੀ, ਸਮਝ ਨਾ ਸੱਕਾਂ ਸਾਂਗ
ਮੂੰਹੋਂ ਆਖਾਂ ਅਮਰ ਹਾਂ, ਡਰ-ਡਰ ਮਰਾਂ ਸਦੀਵ
ਪੱਤਰ ਦਾ ਖੜਕਾਰ ਸੁਣ, ਨੱਸਾਂ ਲੈ ਕੇ ਜੀਵ
ਪਹਿਲੇ ਹੀ ਸਾਂ ਕਮਲੀ, ਪੈ ਗਈ ਮੜ੍ਹੀਆਂ ਰਾਹ
ਹੇਠੋਂ ਮਚਦੇ ਪੈਰ ਨੇ, ਉੱਪਰ ਹੈ ਭੜਦਾਹ
ਬਿਨਾਂ ਸਰਨਿ ਸਤਿਗੁਰੂ ਦੀ, ਹੋਣਾ ਨਹੀਂ ਉਧਾਰ
ਸਾਰੇ ਸ਼ਾਸ਼ਤ੍ਰ ਆਖਦੇ, ਇਹ ਹੈ ਬ੍ਰਹਮ ਵਿਚਾਰ
ਕਿਰਪਾ ਕਰਕੇ ਆਪਣੀ, ਦੇਵੋ ਛੌਰ ਉਤਾਰ
ਭਵਾਂ ਚੁਰਾਸੀ ਵਿਚ ਨਾ, ਪਏ ਨਾ ਜਮ ਦੀ ਮਾਰ
ਉੱਨੀ ਸੌ ਚੌਹਠ ਵਿਖੇ, ਮਾਈ ਦੇ ਦੀਦਾਰ
ਕੀਤੇ ਸਤਿਗੁਰ ਨਾਲ ਮੈਂ, ਦੌਰੇ ਦੇ ਵਿਚਕਾਰ
ਇਹ ਜਬਾਨੀ ਆਪਣੀ, ਮਾਈ ਦੱਸਿਆ ਹਾਲ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ, ਮੈਂ ਸਾਂ ਨਾਲ
ਬਾਬਾ ਨਗੀਨਾ ਸਿੰਘ ਜੀ, ਮੁਠੱਡੇ ਦੇ ਵਿਚਕਾਰ
ਓਹ ਵੀ ਸਤਿਗੁਰਾਂ ਨਾਲ ਸਨ, ਦੌਰੇ ਹਰੀ ਦੁਆਰ
ਮੈਨੂੰ ਉਨ੍ਹਾਂ ਸੁਣਾਇਆ, ਸੀ ਇਹ ਸਾਰਾ ਹਾਲ
ਕੀਤੇ ਮੈਂ ਦੀਦਾਰ ਸਨ ਆਪਣੀ ਵਿਚ ਸੰਭਾਲ
ਦੋ ਮਾਈ ਦੇ ਹੋਰ ਪੁੱਤ, ਨਰੈਣ ਸਿੰਘ, ਗੁਲਾਬ
ਓਹ ਦੀਵਾਨਾਂ ਤੇ ਰਹੇ, ਔਂਦੇ ਭੈਣੀ ਸਾਹਬ

ਪੁਰਬ ਸਮਾਪਤ ਹੋ ਗਿਆ, ਖ਼ਤਮ ਹੋ ਗਿਆ ਨ੍ਹੌਣ
ਆਪੋ ਆਪਣੇ ਘਰਾਂ ਨੂੰ, ਕਰੀ ਲੁਕਾਈ ਗੌਣ
ਸਤਿਗੁਰੂ ਜੀ ਚੱਲ ਪਏ, ਸੰਗਤ ਨੂੰ ਲੈ ਨਾਲ
"ਚੜ੍ਹਦਾ ਹੋਇਆ ਬੋਲਿਆ, ਰੱਖੀਂ ਪੈਜ ਅਕਾਲ"
ਗੰਗਾ ਦਾ ਜਲ ਸਮਝਕੇ, ਕਈ ਲਿਆਏ ਕੋਲ
ਬੂ ਪਈ ਰੰਗ ਬਦਲ ਕੇ, ਸਭਨਾਂ ਦਿਤਾ ਡੋਲ੍ਹ
ਆਂਹਦੇ ਸੱਤਾ ਉੱਡ ਗਈ, ਗੰਗਾ ਵਿਚੋਂ ਸਭ
ਬਾਕੀ ਪਾਣੀਆਂ ਵਾਂਗ ਹੀ, ਹੈ ਇਹ ਪਾਣੀ ਅੱਬ
ਰਾਹ ਦੇ ਵਿਚ ਇਕ ਖੂਹ ਵੇਖ, ਲੰਗਰ ਲਈ ਸਥਾਨ
ਬ੍ਰਾਹਮਣਾਂ ਵੀ ਸੀ ਰੱਖਿਆ, ਰਸੋਈ ਦਾ ਸਾਮਾਨ
ਚਰਨ ਟਿਕਾਇਆ ਆਪ ਨੇ, ਵਿਚ ਰਸੋਈ ਜਾ
ਬ੍ਰਾਹਮਣ ਸਾਜ ਸਮਾਨ ਚੁੱਕ, ਨੱਸੇ ਭਾਜੜ ਪਾ
ਆਂਹਦੇ ਬ੍ਰਾਹਮਣ ਕਿਉਂ ਕਰੀ, ਤੁਸਾਂ ਰਸੋਈ ਛੂਤ
ਤੁਸਾਂ ਨਾ ਹੋਣਾ ਪੰਡਤੋ, ਹੋਰ ਕਿਵੇਂ ਸੀ ਸੂਤ
ਤੁਹਾਡੇ ਦਿਲ ਵਿਚ ਨਾ ਰਹੀ, ਛੂਤ ਛਾਤ ਦੀ ਯਾਦ
ਭੁੱਲ ਗਈ ਸਭ ਤੁਸਾਂ ਨੂੰ, ਵੱਡਿਆਂ ਦੀ ਮਰਯਾਦ
ਖਾਂਦੇ ਨਾਹੀਂ ਜੇ ਤੁਸੀਂ, ਕਿਸੇ ਹੱਥ ਦਾ ਅੰਨ
ਮਹਿਰੇ ਹੈਨ ਪਕਾ ਰਹੇ, ਕਿਉਂ ਤੁਹਾਡੇ ਮੰਨ
ਮਰਯਾਦਾ ਨੂੰ ਭੁਲ ਕੇ, ਐਵੇਂ ਪਿੱਟੋ ਲੀਹ
ਰਹਿ ਗਈ ਫੋਕੀ ਰਸਮ ਹੈ, ਦੱਸੋ ਹੋਰ ਹੈ ਕੀ
ਖਾਂਦੇ ਨਾਹੀਂ ਜੇ ਤੁਸੀਂ, ਕਿਸੇ ਦੇ ਹੱਥੋਂ ਭੁੱਲ
ਮਹਿਰੇ ਫੇਰ ਪਕਾ ਰਹੇ, ਇਹ ਕਿਸਦੇ ਲਈ ਗੁੱਲ
ਖਾਂਦੇ ਖਾਜ ਅਖਾਜ ਨੇ, ਪੀਂਦੇ ਮਾਸ ਸ਼ਰਾਬ
ਇਹ ਪਵਿਤ੍ਰ ਫੇਰ ਵੀ, ਸਿੱਖ ਨੇ ਕਿਵੇਂ ਖ਼ਰਾਬ
ਪੀਂਦੇ ਨਹੀਂ ਸ਼ਰਾਬ ਸਿਖ, ਖਾਂਦੇ ਕਦੇ ਨਾ ਮਾਸ
ਇਨ੍ਹਾਂ ਦੇ ਖਾਣਾਂ ਹੱਥ ਦਾ, ਆਇ ਨਾ ਤੁਹਾਡੇ ਰਾਸ
ਚੌਕਾ ਪਾ ਸਜਾਇਆ, ਸਿੰਘਾਂ ਨੇ ਪ੍ਰਸ਼ਾਦ
ਛਕਿਆ ਹੋਰ ਛਕਾਇਆ, ਕਰ ਸਤਿਗੁਰ ਨੂੰ ਯਾਦ
ਕੜਾਹ ਪ੍ਰਸ਼ਾਦ ਤਿਆਰ ਕਰ, ਲਏ ਬ੍ਰਾਹਮਣ ਸੱਦ

ਹੁਣ ਨਾ ਪਾਈ ਉਨ੍ਹਾਂ ਨੇ, ਛੂਤ ਛਾਤ ਦੀ ਹੱਦ
ਧੰਨ ਧੰਨ ਕਰਦੇ ਛਕ ਗਏ, ਗੁੱਸਾ ਰਿਹਾ ਨ ਕੋਇ
ਜੈ ਜੈ ਕਾਰ ਬੁਲਾ ਰਹੇ, ਪੰਡਤ ਰਾਜੀ ਹੋਇ
ਹੋਰ ਅਨੇਕ ਪ੍ਰਕਾਰ ਦੇ, ਕਰਦੇ ਰਹਿੰਦੇ ਚੋਜ
ਨੇੜੇ ਰਿਹਾ ਪੰਜਾਬ ਆ, ਹਰ ਸਮੇਂ ਹਰ ਰੋਜ
ਤਾਰਿਆ ਮੈਨ ਦੁਆਬ ਸਭ, ਚੁੰਨੀ, ਮਛਲੀ ਆਦ
ਛੱਟਾ ਦਿਤਾ ਨਾਮ ਦਾ, ਰੱਬ ਕਰਾਇਆ ਯਾਦ
ਸਾਰੇ ਮੈਨ ਦੁਆਬੀਏ, ਮਾਝੇ ਦੇ ਸਰਦਾਰ
ਆਏ ਸਤਿਗੁਰੂ ਸਰਨ ਸੀ, ਸਿੰਘ ਸਜੇ ਇਕਵਾਰ
ਭੈਣੀ ਸਾਹਿਬ ਆਇਕੇ, ਸਤਿਗੁਰੂ ਦੀਨ ਦਿਆਲ
ਵਿਦਿਆ ਦਿਤੀ ਸਭ ਨੂੰ, ਸੰਗਤ ਸੀ ਜੋ ਨਾਲ
ਆਪੋ ਆਪਣੇ ਘਰਾਂ ਨੂੰ, ਤੁਰ ਗਏ ਹੋ ਪ੍ਰਸੰਨ
ਉਪਮਾ ਕਰਦੇ ਗੁਰੂ ਦੀ, ਧੰਨ ਗੁਰੂ ਜੀ ਧੰਨ

***********************

## (15)
# ਅੰਮ੍ਰਿਤਸਰ ਦੀਵਾਲੀ ਤੇ ਨਨਕਾਣਾ ਸਾਹਿਬ
### (੧੯੧੯-੨੦)

ਚੜ੍ਹਿਆ ਸੰਮਤ ਬਿਕ੍ਰਮੀ, ਉੱਨੀ ਉੱਨੀ ਸਉ
ਦੇਸ਼ ਦੁਆਬਾ ਆਦਿ ਸਭ, ਬਿਆਸਾ ਰਾਵੀ ਲਉ
ਲੁੱਧਿਆਣਾ ਲੰਘ ਕੇ, ਗਏ ਮੁਠੱਡੇ ਵਿੱਚ
ਸੰਗਤ ਦੇ ਦਿਲ ਗੁਰੂ ਦੇ, ਦਰਸਨ ਦੀ ਸੀ ਖਿੱਚ
ਮੁਠੱਡਿਆਂ ਦੀ ਧਰਮਸਾਲ ਵਿਚ, ਲੱਗਾ ਸੀ ਦੀਵਾਨ
ਲੋਕੀਂ ਦੁਆਲੇ ਪਿੰਡ ਦੇ, ਪਏ ਸਰਨ ਸੀ ਆਨ
ਇਕ ਸਿੱਖ ਕੱਚੇ ਦੁੱਧ ਦਾ, ਛੰਨਾ ਕਰ ਸੁਕ-ਮਾਂਜ
ਦਿੱਤਾ ਸਤਿਗੁਰੂ ਹੱਥ ਧਰ, ਰਸਨੀ ਲਾਵਣ ਕਾਜ
ਛੰਨਾ ਫੜ ਸ੍ਰੀ ਗੁਰੂ ਜੀ, ਜਵਾਹਰ ਸਿੰਘ ਵੱਲ ਕਰ
ਓਨ੍ਹਾਂ ਅਗੋਂ ਕਾਨ੍ਹ ਸਿੰਘ ਜੀ, ਹੱਥ ਦਿਤਾ ਧਰ
ਉਨ੍ਹਾਂ ਨੇ ਵੀ ਸਾਹਿਬ ਸਿੰਘ, ਜੀ ਨੂੰ ਕੀਤਾ ਪੇਸ਼
ਜਿੰਨ੍ਹਾਂ ਦੇ ਦਿਲ ਵਿੱਚ ਸੀ, ਸਬਰ ਸ਼ੁਕਰ ਦਾ ਲੇਸ਼
ਛੰਨਾ ਹੱਥੋ ਹੱਥ ਮੁੜ ਪੁੱਜਿਆ ਓਥੇ ਆਇ
ਜਿੱਥੋਂ ਤੁਰ ਕੇ ਗਿਆ ਸੀ, ਦੂਜੇ ਹੱਥੀਂ ਧਾਇ
ਵੇਖ ਸਬਰ ਸੰਤੋਖ ਇਹ, ਸਿੰਘਾਂ ਦਾ ਪਿਆਰ
ਨੱਗਰ ਧੁਲੇਤਾ, ਬੜਾ ਪਿੰਡ, ਰੁੜਕਾ, ਚੱਕ, ਅਪਾਰ
ਸਭੇ ਇਹ ਸਿੰਘ ਸਜ ਗਏ, ਹਟੇ ਨਿਗਾਹੇ ਜਾਣ
ਆਏ ਸਤਿਗੁਰੂ ਸਰਨਿ ਵਿਚ, ਆਪਾ ਲਿਆ ਪਛਾਣ
ਦੇਸ ਦੁਆਬਾ ਤਾਰਦੇ, ਲੰਘੇ ਜਾਇ ਬਿਆਸ
ਪੁੱਜੇ ਅੰਮ੍ਰਿਤਸਰ ਜਾ, ਨਗਰੀ ਗੁਰ ਰਾਮਦਾਸ
ਕਰ ਸਨਾਨ ਧਿਆਨ ਤੇ, ਦੇਂਦੇ ਦਰਸ ਦੀਦਾਰ
ਮਾਝਾ ਸਾਰਾ ਤਾਰਿਆ, ਰਾਵੀਓ ਉਰਲਾ ਪਾਰ
ਬਾਗ ਗੁਰੂ ਕਾ ਸਹਿੰਸਰਾ, ਭੋਏਵਾਲੀ, ਗਿੱਲ
ਫੱਤੇਵਾਲ, ਗੁੰਥਗੜ੍ਹ, ਆਏ ਗੁਰੂ ਨੂੰ ਮਿਲ

ਘੋੜੀ ਕੀਤੀ ਪੇਸ਼ ਇਕ, ਸ਼ੇਰ ਸਿੰਘ ਸਰਦਾਰ
ਨਾਲ ਦਰੋਗਾ ਸੌਣ ਸਿੰਘ, ਜੀਨ ਸਮੇਤ ਅੰਬਾਰ
ਰਾਵੀਓਂ ਹੋਕੇ ਪਾਰ ਜਾ, ਕੀਤੀ ਦੜਪ ਨਿਹਾਲ
ਕੇਸਰ ਸਿੰਘ ਚਵਿੰਡਿਓਂ, ਜਵਾਹਰ ਮਿਰਜੇ ਵਾਲ
ਆਏ ਸਤਿਗੁਰੂ ਸਰਨ ਇਹ, ਦੋਵੇਂ ਪੂਰਨ ਸੰਤ
ਖਾਨਪੁਰੇ ਦੇ ਦੋ ਭਰਾ, ਵਧਾਵਾ ਸਿੰਘ ਮਹੰਤ
ਗਿੱਲੀਂ ਪਾਏ ਚਰਨ ਤੇ, ਲੈ ਜਮੀਤ ਸਿੰਘ ਨਾਲ
ਚੱਲੇ ਹਜਰੋਂ ਵੱਲ ਮੁੜ, ਸੰਗਤ ਕਰੀ ਨਿਹਾਲ
ਚੜ੍ਹੀ ਹੋਈ ਝਨਾਂ ਅਤਿ, ਪਾਣੀ ਜੋਰੋ ਜੋਰ
ਕਿਹਾ ਮਲਾਹਾਂ ਨੂੰ ਦਿਓ, ਬੇੜੀ ਝਬਦੇ ਤੋਰ
ਲੱਗੇ ਨਖਰੇ ਓਹ ਕਰਨ, ਗੱਲਾਂ ਹੋਰ ਹਜ਼ਾਰ
ਧਰਤੀ ਵਾਂਗੂੰ ਚਰਨ ਧਰ, ਗਏ ਝਨਾਓਂ ਪਾਰ
ਬੇੜੀ ਛੱਡ ਮਲਾਹ ਤੇ, ਸੰਗਤ ਪਾਰ ਉਤਾਰ
ਚਰਨੀ ਸੱਭੇ ਜਾ ਪਏ, ਬਖਸ਼ੋ ਕਿਰਪਾ ਧਾਰ
ਬੇੜੀ ਆ ਰਹੀ ਜਿਸ ਤੇ, ਹਜਰੋਂ ਦੇ ਅਸਵਾਰ
ਉਨ੍ਹਾਂ ਕਿਹਾ ਗੁਰੂ ਯਾਰ੍ਹਵੇਂ, ਗਏ ਬੈਕੁੰਠ ਸਿਧਾਰ
ਸੁਣ ਕੇ ਪਿਛਲ ਵੱਲ ਹੀ, ਲਈਆਂ ਵਾਗਾਂ ਮੋੜ
ਹਜਰੋਂ ਦੇ ਵਲ ਜਾਣ ਦੀ, ਹੁਣ ਨਾ ਰਹਿ ਗਈ ਲੋੜ
ਸਬਾਜ਼ਪੁਰ ਨੌਸ਼ਹਿਰਾ, ਆਦਿਕ ਸ਼ਹਿਰ ਗਿਰਾਂ
ਸਿੰਘ ਸਜਾਏ ਨਗਰ ਇਹ, ਕੰਢੇ ਐਨ ਝਨਾਂ
ਗੁਜਰਾਂਵਾਲੇ ਵੱਲ ਪਰਤ, ਦੌਰਾ ਕਰ ਅਪਾਰ
ਫਿੱਲੋਕੀ ਤੇ ਵਰਨ, ਵਿਰਕ, ਸਹਾਰਨ, ਕਿਲਾ, ਮਦਾਰ
ਚੋਰੀ ਕਰਦੇ ਰੱਜ ਇਹ, ਵਿਰਕ ਤਪੇ ਦੇ ਲੋਕ
ਛੱਡਦੇ ਘਰ ਵਿਚ ਕੁਝ ਨਾ, ਮਹੀਆਂ ਗਾਂਈ, ਬੋਕ
ਇਹ ਬਣਾਏ ਸੰਤ ਸਨ, ਦੇ ਚੋਰੀ ਦਾ ਮਾਲ
ਜਿੰਨ੍ਹਾਂ ਦਾ ਚੁਰਾਇਆ, ਦਿੱਤਾ ਉਨ੍ਹਾਂ ਸੰਭਾਲ
ਚੋਰ ਧਾੜਵੀ ਹੋ ਗਏ, ਦੇਵਤਿਆਂ ਦੇ ਵਾਂਗ
ਮਾਲਾ ਹਥ ਫੜਾਇ ਕੇ, ਸੁੱਟ ਪੁਆਈ ਡਾਂਗ

ਪੂਰਬ ਆਇਆ ਗੁਰੂ ਆਦਿ ਦਾ, ਕੱਤਕ ਪੂਰਨ ਮਾਸ[81]
ਨਨਕਾਣੇ ਦੀਦਾਰ ਕਰ, ਸੰਗਤ ਪੂਰੀ ਆਸ
ਰਾਵੀ ਲੰਘ ਕੇ ਜਾ ਵੜੇ, ਨੱਕੇ ਵਿਚ ਹਜ਼ੂਰ
ਬੇੜੇ ਚਾੜ੍ਹੇ ਨਾਮ ਦੇ, ਸੰਤ ਜਨਾਂ ਦੇ ਪੂਰ
ਖੁਦਪੁਰ, ਮਾਂਗਾ, ਰਾਇਵਿੰਡ, ਪਾਜੀ, ਰਾਜਾ ਜੰਗ
ਮਘਿਆਣਾ ਤੇ ਭੰਬਿਆਂ, ਸਹਾਰੀ, ਲਾਖੂ, ਰੰਗ
ਪ੍ਰੇਮਨਗਰ ਤੇ ਡੱਫਰ ਕੇ, ਟਿੱਬਾ, ਜੀਆ ਬੱਗ
ਕੰਗਣਪੁਰ ਜਾ ਤਾਰਿਆ, ਨੱਕਾ[82] ਤਪਾ, ਸੱਗ
ਮਾਝੇ ਵਿਚ ਮੁੜ ਆ ਗਏ, ਚੰਬਾ, ਚੋਹਲਾ, ਹੋਰ
ਮੱਖੀ, ਕਲਸੀਆਂ, ਵਲਟੋਹਾ, ਸਿੱਖੀ ਕਰੀ ਬਹੋਰ
ਫਤਹ ਸਿੰਘ ਵਲਟੋਹੀਆ, ਤਾਕਤ ਵਿਚ ਮਹਾਨ
ਲੋਹਾ ਜਿਸ ਦਾ ਮੰਨਦਾ, ਕਿੱਕਰ ਸਿੰਘ ਬਲਵਾਨ
ਸਰਨ ਲਈ ਸੀ ਇਨ੍ਹਾਂ ਵੀ, ਛੱਡ ਕੇ ਦਾਰੂ ਮਾਸ
ਸਿੰਘ ਸਜੇ ਸਤਿਗੁਰੂ ਦੇ, ਲਾਹ ਵਿਡਾਣੀ ਆਸ
ਜਿਸ ਥਾਂ ਬੈਠੇ ਸਤਿਗੁਰੂ, ਇਸ ਦੇ ਘਰ ਵਿਚਕਾਰ
ਝੰਡਾ ਝੂਲੇ ਓਸ ਥਾਂ, ਸਾਜ ਗੁਰੂ ਦਰਬਾਰ
ਵਲਟੋਹੇ ਵਿਚ ਜਾਇ ਮੈਂ, ਕੀਤੇ ਇਨ੍ਹਾਂ ਦੀਦਾਰ
ਸਤਿਗੁਰੂ ਦੇ ਪ੍ਰਸੰਗ ਇਨ, ਦੱਸੇ ਕਿਰਪਾ ਧਾਰ
ਪੱਤਣ ਲੰਘ ਬਿਆਸ ਦਾ, ਪੁੱਜੇ ਆਣ ਦੁਆਬ
ਬਿੱਲੀਆਂ, ਚਿੱਟੀ, ਰਾਮਪੁਰ ਤੇ, ਲੁਹਾਰ ਵਡਭਾਗ
ਬਿਲਗੇ ਆਏ ਰੁੜਕਿਓਂ, ਮੁਠੱਡੇ ਦੇ ਦੀਦਾਰ
ਨਰੈਣ ਸਿੰਘ[83] ਫਲੌਰ ਦੀ, ਬੇੜੀ ਲਾਈ ਪਾਰ
ਖੱਤਰੀਆਂ ਦੀ ਕੁਲ ਵਿਚ, ਫ਼ਾਰਸੀ ਦੇ ਵਿਦਵਾਨ

[81] ਗੁਰੂ ਬਾਲਕ ਸਿੰਘ ਮੱਘਰ ਦੀ ਪੂਰਨਮਾਸ਼ੀ 1862 ਈ. ਨੂੰ ਜੋਤੀ ਜੋਤਿ ਸਮਾਏ ਸਨ। ਇਸ ਲਈ ਸਤਿਗੁਰੂ ਜੀ ਨਨਕਾਣਾ ਸਾਹਿਬ ਇਸ ਤੋਂ ਪਹਿਲੋਂ ਗਏ ਸਨ ਕੱਤਕ ਪੁੰਨਿਆਂ ਦੇ ਪੁਰਬ ਤੇ।

[82] ਨੱਕਾ- ਲਾਹੌਰ ਤੋਂ ਦੱਖਣ ਰਾਵੀ ਅਤੇ ਸਤਿਲੁਜ ਵਿਚਾਲੇ ਦਾ ਇਲਾਕਾ

[83] ਨਰੈਣ ਸਿੰਘ ਨੇ ਫਾਰਸੀ ਵਿਚ ਲਿਖੀ ਦਸ਼ਮੇਸ਼ ਜੀ ਦੀ ਰਚਨਾ 'ਜ਼ਫਰਨਾਮੇ' ਦਾ ਪੰਜਾਬੀ ਵਿੱਚ ਅਨੁਵਾਦ ਕੀਤਾ ਸੀ। ਉਹ ਫਾਰਸੀ ਦਾ ਉਸਤਾਦ ਵੀ ਸੀ ਅਤੇ ਰੰਗੂਨ ਜਾਕੇ ਸਤਿਗੁਰੂ ਜੀ ਦੇ ਦਰਸ਼ਨ ਵੀ ਕਰਕੇ ਆਇਆ ਸੀ।

ਨਾਮ ਦਾਨ ਦ੍ਰਿੜਾਇਕੇ, ਦੇ ਦਿਤਾ ਜੀਅ ਦਾਨ
ਲੁਦੇਹਾਣੇ ਵਿਚ ਆ, ਮਾਮੀ ਦੀ ਲੈ ਸਾਰ
ਮੂੰਡੀਆਂ, ਸਾਹਿਬ ਆਣਿਓਂ, ਰਾਈਆਂ ਨੂੰ ਨਿਸਤਾਰ
ਭੈਣੀ ਸਾਹਿਬ ਆ ਗਏ, ਸੰਗਤ ਕਰੀ ਨਿਹਾਲ
ਆਸ ਪੁਜਾਈ ਦਰਸ ਦੇ, ਸਤਿਗੁਰ ਦੀਨ ਦਿਆਲ
ਫੇਰ ਵੈਸਾਖੀ ਦਾ ਪੁਰਬ, ਅੰਮ੍ਰਿਤਸਰ ਨਿਰਧਾਰ
ਸਾਰਾ ਮਾਝਾ ਤਾਰਿਆ, ਸਤਿਗੁਰੂ ਕਿਰਪਾ ਧਾਰ
ਡਰ ਗਿਆ ਅੰਗ੍ਰੇਜ਼ ਹੁਣ, ਤੱਕ ਗੁਰੂ ਦੇ ਰੰਗ
ਇਹ ਪਾਣਗੇ ਇਕ ਦਿਨ, ਰੰਗ ’ਚ ਸਾਡੇ ਭੰਗ
ਮੁਕਬਰ ਭੇਜੇ ਪੰਥ ਵਿਚ, ਕੇਈ ਦੇਸ ਗਦਾਰ
ਜਿੰਨ੍ਹਾਂ ਦੇ ਦਿਲ ਵਿਚ ਨਾ, ਸਿੱਖੀ ਕੌਮ ਪਿਆਰ
ਵੇਖਣ ਆਇਆ ਆਪ ਸੀ, ਸੁਪਰਡੰਟ ਪੁਲੀਸ[84]
ਸਾਂਤਿ ਪਈ ਦੀਦਾਰ ਕਰ, ਮੋਹਿਆ ਸਤਿਗੁਰੂ ਈਸ
ਲਿਖੀ ਕਰਕੇ ਦਰਸ ਉਸ, ਆਪਣੀ ਆਣ ਰਿਪੋਟ
ਕੂਕਿਆਂ ਦੇ ਦਿਲ ਵਿਚ ਨਾ, ਉੱਕਾ ਹੀ ਕੋਈ ਖੋਟ
ਕਰਨ ਬੰਦਗੀ ਰੱਬ ਦੀ, ਜਪਣ ਖ਼ੁਦਾ ਦਾ ਨਾਮ
ਹੋਰ ਦੁਨੀ ਦੇ ਖ਼ਿਆਲ ਇਨ, ਦਿੱਤੇ ਛੱਡ ਤਮਾਮ
ਬ਼ਗ਼ਾਵਤ ਦੀ ਕੋਈ ਬੂ ਨਾ, ਏਨ੍ਹਾਂ ਦੀ ਤਕਰੀਰ
ਸਿਖ ਸੱਚ ਦੇ ਹੈਨ ਇਹ, ਦਿਲੀਂ ਜਿਨ੍ਹਾਂ ਦੇ ਧੀਰ
ਡਰ ਗਏ ਅੰਗ੍ਰੇਜ਼ ਪਰ, ਵੇਖ ਗੁਰੂ ਦੀ ਕਾਰ
ਉਲਟਾਵਨਗੇ ਇਕ ਦਿਨ, ਸਾਡੀ ਇਹ ਸਰਕਾਰ ।

**********************

[84] ਪੰਜਾਬ ਦੇ ਲਾਟ ਨੇ ਡੀ.ਆਈ.ਜੀ. ਮੈਕ ਐਂਡਰੀਓ ਨੂੰ ਵੈਸਾਖੀ 1863 ਈ. ਤੇ ਅੰਮ੍ਰਿਤਸਰ ਸਤਿਗੁਰੂ ਜੀ ਬਾਰੇ ਜਾਣਕਾਰੀ ਲੈਣ ਭੇਜਿਆ ਸੀ। 11 ਅਪ੍ਰੈਲ ਨੂੰ ਆਪ ਜੀ ਨਾਲ ਅੰਮ੍ਰਿਤਸਰ ਦੇ ਡੀ.ਸੀ. ਮਰਸਰ ਨੇ ਵੀ ਭੇਟ ਕੀਤੀ ਸੀ।-(ਭਾਈ ਨਾਹਰ ਸਿੰਘ ਕਿਰਪਾਲ ਸਿੰਘ-ਰੀਬੈਲਜ਼ ਅਗੇਂਸਟ ਦਾ ਬ੍ਰਿਟਿਸ਼ ਰੂਲ, ਸਫਾ 2)

## (16)
# ਅਨੰਦ ਦੀ ਮਰਯਾਦਾ – ਗੁਰੂ ਮਤ ਦਾ ਆਰੰਭ

ਚੜ੍ਹਿਆ ਸੂਰਜ ਪੰਥ ਦਾ, ਉੱਚਾ ਸਿਖ਼ਰ ਸਮਾਨ
ਫਿੱਕੇ ਪਾਏ ਜਿਸ ਨੇ, ਸਭ ਭੇਖਾਂ ਦੇ ਨਾਮ
ਭਾਰਤ ਅੰਦਰ ਫੈਲਿਆ, ਗੁਰਮਤ ਦਾ ਪ੍ਰਚਾਰ
ਕੀਤੇ ਜਿਸ ਸਮਾਜ ਵਿਚ, ਕੇਈ ਨਵੇਂ ਸੁਧਾਰ
ਬਾਣੀ ਕਰ ਲਈ ਸਭ ਨੇ, ਅਣਪੜ੍ਹਿਆਂ ਵੀ ਯਾਦ
ਘਰ-ਘਰ ਹੁੰਦੇ ਹੋਮ ਯੱਗ, ਪਾਠ ਦਸਮ ਤੇ ਆਦ
ਪਾਠ ਹੋਣ ਗੁਰੂ ਗ੍ਰੰਥ ਦੇ, ਕੀਰਤਨ ਹੋਇ ਅਖੰਡ
ਲੰਗਰ ਘਰਾਂ ’ਚ ਲਗ ਗਏ, ਰਲ ਮਿਲ ਖਾਂਦੇ ਵੰਡ
ਮਾਈਆਂ ਧਾਰੀ ਰਹਿਤ ਤੇ, ਹੋ ਤਿਆਰ ਬਰ ਤਿਆਰ
ਗੁਰੁ ਮਰਯਾਦਾ ਯਾਦ ਕਰ, ਮਨਮਤ ਦਈ ਵਿਸਾਰ
ਚੂੰਡੇ ਲਾਹ ਪਰਾਂਦੀਆਂ, ਵਾਹ ਸੁਆਰੇ ਕੇਸ
ਚੜਕ ਭੜਕ ਨੂੰ ਛੱਡ ਕੇ, ਉੱਜਲ ਕੀਤਾ ਵੇਸ
ਪੜਦਾ ਲਾਹ ਵਗਾਹਿਆ, ਨੀਵੇਂ ਕਰ ਕੇ ਨੈਣ
ਨੀਲ ਘੰਦੋਲਾ ਪਾੜਿਆ, ਮੰਨ ਸਤਿਗੁਰ ਦੇ ਬੈਣ
ਰੋਣਾ ਸਿਆਪਾ ਪਿਟਣਾ, ਜਾਣਾ ਕਾਣ ਮੁਕਾਣ
ਸਿਮਰਨ ਗੁਰੁ ਬਾਣੀ ਬਿਨਾਂ, ਛੱਡੇ ਝੂਠੇ ਗਾਣ
ਛੱਡੇ ਝੂਠੇ ਆਸਰੇ, ਲਾਹ ਪਰਾਈ ਆਸ
ਨਾਮ ਦਾਨ ਇਸ਼ਨਾਨ ਦੀ, ਸੱਚੀ ਪਾਈ ਰਾਸ
ਰਸ ਕਸ ਝੂਠੇ ਦੂਨੀ ਦੇ, ਦਿੱਤੇ ਸਭ ਤਿਆਗ
ਲਗ ਗਈ ਦੇਸ ਪੰਜਾਬ ਨੂੰ, ਆਜ਼ਾਦੀ ਦੀ ਜਾਗ
ਝੀਉਰ ਸੱਕੇ ਛੱਡ ਕੇ, ਧਾਰੀ ਰਹਿਤ ਬਵੇਕ
ਦੂਰ ਹੋਏ ਮਨ ਮਤ ਦੇ, ਸਿੱਖੀ ਨੂੰ ਪਏ ਛੇਕ
ਚਾਰੇ ਵਰਨ ਮਿਟਾਇ ਕੇ, ਕਰ ਦਿਤੇ ਇਕ ਸਾਰ
ਊਚ ਨੀਚਤਾ ਦੂਰ ਕਰ, ਭਰਿਆ ਦਿਲੀਂ ਪਿਆਰ
ਜੱਟਾਂ ਕੁੜੀਆਂ ਦਿਤੀਆਂ, ਛੀਂਬਿਆਂ ਨੂੰ ਪਰਨਾਹ

ਖੱਤ੍ਰੀਆਂ ਨੇ ਤੋਰੀਆਂ, ਜੱਟਾਂ ਨਾਲ ਵਿਆਹ
ਕੂਕੇ ਸਾਰੇ ਦੇਸ ਦੇ, ਸਕੇ ਭੈਣ ਭਰਾ
ਮਿਲਣ ਸਮੇਂ ਇਕ ਦੂਏ ਦੀ, ਚਰਨੀ ਪੈਂਦੇ ਧਾ
ਜਿੰਨੇ ਸਨ ਪੰਜਾਬ ਦੇ, ਵੱਡੇ ਵਿਸਵੇਦਾਰ
ਆਏ ਸਾਰੇ ਪੰਥ ਵਿਚ, ਬਿਨਾਂ ਕਿਸੇ ਤਕਰਾਰ
ਆਂਹਦੇ ਜਿਸ ਨੂੰ ਮਾਲਵਾ, ਹਿੱਸਾ ਦੇਸ਼ ਪੰਜਾਬ
ਜਿਸਦੇ ਅਗੇ ਸਵਰਗ ਦੀ, ਫਿੱਕੀ ਲਗੇ ਆਬ
ਧਰਤੀ ਸੋਨਾ ਉਗਲਦੀ, ਭਰ ਦੇਂਦੀ ਭੰਡਾਰ
ਅੰਨ ਧੰਨ ਦੀ ਘਾਟ ਨਾ, ਰਹਿੰਦੀ ਸਦਾ ਬਹਾਰ
ਕੁਦਰਤ ਰਾਣੀ ਵੱਸਦੀ, ਵਿਚ ਮਾਲਵੇ ਆਪ
ਵਿੰਹਦਿਆਂ ਜਿਸ ਨੂੰ ਨੱਸਦੇ, ਦੁੱਖ ਭੁੱਖ ਸੰਤਾਪ
ਨਦੀਆਂ ਵਗਣ ਘਿਉ ਦੀਆਂ, ਦੁੱਧਾਂ ਦੇ ਦਰਿਆ
ਸ਼ੇਰਾਂ ਜੇਹੇ ਗੱਭਰੂ, ਲਾਣ ਤਾਰੀਆਂ ਨ੍ਹਾ
ਸੌਚੀ, ਪੱਕੀ, ਖੇਡਦੇ, ਮਾਰ ਬੈਠਕਾਂ ਡੰਡ
ਵੜਦੇ ਖਾੜੇ ਵਿਚ ਜਾ, ਨਹੀਂ ਲੁਆਂਦੇ ਕੰਡ
ਪੈਦਾ ਕੀਤੇ ਧਰਤ ਇਸ, ਭਗਤ ਸੂਰ ਕਲਾਕਾਰ
ਬਿਕ੍ਰਮ[85] ਜੇਹੇ ਬਾਦਸ਼ਾਹ, ਇਸਦੀ ਪੈਦਾਵਾਰ
ਗੁਰਿਆਈ ਦਾ ਸਿਲਸਿਲਾ, ਗੁਰੂ ਨਾਨਕ ਦਾ ਆਦ
ਤੁਰਿਆ ਦੇਸੋਂ ਏਸ ਤੋਂ, ਗੁਰੂ ਅੰਗਦ ਨੂੰ ਸਾਧ
ਮਨੀ ਸਿੰਘ ਜਿਹੇ ਵਿਦਵਾਨ, ਤੇ ਸ਼ਹੀਦ ਸਿਰਤਾਜ
ਗੁਰੁ ਪ੍ਰਤਾਪ ਸੂਰਜ ਜਿਹੇ, ਸੰਤੋਖ ਸਿੰਘ ਕਵੀਰਾਜ[86]
ਪੰਡਤ ਤਾਰਾ ਸਿੰਘ ਤੇ, ਫੂਲਾ ਸਿੰਘ ਸਰਦਾਰ
ਗਿਆਨੀ ਸ੍ਰੀ ਗਿਆਨ ਸਿੰਘ, ਸਿੱਖ ਇਤਿਹਾਸਕਾਰ
ਸਰਾਭੇ ਦਾ ਕਰਤਾਰ ਸਿੰਘ, ਭਾਰਤ ਮਾਂ ਦਾ ਲਾਲ
ਹਜਾਰਾ ਸਿੰਘ[87] ਸੀ ਰਾਈਆਂ, ਕਰਕੇ ਗਏ ਕਮਾਲ

---

[85] ਰਾਜੇ ਬਿਕਰਮਜੀਤ ਵਾਲਾ ਮਾਲਵਾ ਮੱਧ ਪ੍ਰਦੇਸ਼ ਵਿਚ ਹੈ।

[86] ਕਵੀ ਰਾਜ ਸੰਤੋਖ ਸਿੰਘ ਦਾ ਜਨਮ ਨੂਰ ਦੀਨ ਦੀ ਸਰਾਂ ਤਰਨ ਤਾਰਨ ਦੇ ਨੇੜੇ ਹੈ। ਉਹ ਮਾਝੇ ਦੇ ਸਨ।ਸੂਰਜ ਪ੍ਰਕਾਸ਼ ਕੈਥਲ ਰਹਿ ਕੇ ਲਿਖਿਆ ਹੈ, ਰਾਜਾ ਉਦੇ ਸਿੰਘ ਪਾਸ।

[87] ਹਜਾਰਾ ਸਿੰਘ ਰਾਈਆਂ, ਜ਼ਿਲ੍ਹਾ ਲੁਧਿਆਣੇ ਦੇ ਨਾਮਧਾਰੀ ਸਿੰਘ। ਫੌਜ ਵਿਚ ਸੰਨ 1914–15 ਈ.

ਉਧਮ ਸਿੰਘ ਜਿਹੇ ਗ਼ੈਰਤੀ, ਭਾਰਤ ਭਗਤ ਮਹਾਨ
ਜਿਨ੍ਹਾਂ ਨੇ ਇੰਗਲੈਂਡ ਵਿਚ, ਵਾਰੀ ਅਪਣੀ ਜਾਨ
ਜੱਲ੍ਹਿਆਂ ਵਾਲੇ ਬਾਗ ਦਾ, ਕਾਤਿਲ ਸੀ ਉਡਵੈਰ
ਭਰਿਆ ਜਿਸਦੇ ਦਿਲ ਵਿਚ, ਨਾਲ ਹਿੰਦੀਆਂ ਵੈਰ
ਭੈਣਾਂ ਦੀ ਬੇਇੱਜ਼ਤੀ, ਕਰਵਾਈ ਘੁੰਡ ਚੁੱਕ
ਵਾਂਗ ਜ਼ਾਲਮਾਂ ਉਨ੍ਹਾਂ ਦੇ, ਮੂੰਹਾਂ ਉਤੇ ਥੁੱਕ
ਨਿਹੱਥਿਆਂ ਉਤੇ ਤੋਪ ਦੀ, ਇਸ ਚਾੜ੍ਹੀ ਸੀ ਕਾਂਗ
ਬੇਦੋਸਿਆਂ ਨੂੰ ਭੁੰਨਿਆਂ, ਭੈੜੇ ਦਾਣਿਆਂ ਵਾਂਗ
ਊਧਮ ਨੇ ਬਦਲਾ ਲਿਆ, ਉਸਦੇ ਘਰ ਵਿਚ ਜਾਇ
ਵਿਚ ਪਰਾਏ ਦੇਸ ਦੇ, ਦਿਤੇ ਹੱਥ ਵਿਖਾਇ
ਸਭ ਤੋਂ ਪਹਿਲਾਂ ਮਾਲਵੇ, ਕਰੀ ਅਵਾਜ ਬੁਲੰਦ
ਹੋਣਾ ਅਸੀਂ ਅਜ਼ਾਦ ਹੈ, ਕੱਢ ਗ਼ੁਲਾਮੀ ਗੰਦ
ਇਸ ਥਾਂ ਹੋਏ ਕੁਰਬਾਨ ਨੇ, ਹੀਰੇ ਮੋਤੀ ਲਾਲ
ਭਰਿਆ ਸੀ ਦਿਲ ਜਿਨ੍ਹਾਂ ਦਾ, ਕੌਮੀ ਜ਼ਜ਼ਬੇ ਨਾਲ
ਮਾਰਿਆ ਨਾਰ੍ਹਾ ਮਾਲਵੇ, ਕੱਢਣ ਲਈ ਅੰਗਰੇਜ਼
ਕਿਹਾ ਭਰ ਜਹਾਜ ਇਹ, ਲੰਡਨ ਦੇਣੇ ਭੇਜ
ਸਾਡੀ ਧਰਤੀ ਏਸ ਤੇ, ਅਸੀਂ ਆਪ ਕਰਾਂਗੇ ਰਾਜ
ਕਰ ਗਏ ਏਹੋ ਕੂਕਦੇ, ਤੋਪ ਅਗੇ ਪਰਵਾਜ
ਇਸ ਥਾਂ ਤੇ ਦਸਮੇਸ਼ ਗੁਰ, ਕੀਤੇ ਚਰਿਤ੍ਰ ਅਪਾਰ
ਪਾ ਸਕਦਾ ਨਾ ਜਿਨ੍ਹਾਂ ਦਾ, ਕੋਈ ਵੀ ਪਾਰਾਵਾਰ
ਚੱਪਾ-ਚੱਪਾ ਧਰਤਿ ਇਹ, ਪਾਵਨ ਚਰਨਾਂ ਨਾਲ
ਕੀਤੀ ਪਰਮ ਪਵਿਤ੍ਰ ਗੁਰ, ਕੀਤਾ ਦੇਸ ਨਿਹਾਲ
ਉੱਨੀ ਸੌ ਵੀਹ ਬਿਕ੍ਰਮੀ[88], ਜੇਠ ਮਾਂਹ ਵਿਚਕਾਰ
ਦੌਰਾ ਮਾਲਵੇ ਦੇਸ਼ ਦਾ, ਕੀਤਾ ਗੁਰ ਕਰਤਾਰ
ਲੰਢੇ ਅਤੇ ਬੁਆਣੀਓਂ, ਪੁਜੇ ਜਾਇ ਸਿਆੜ੍ਹ
ਘੁੰਘਰਾਣਾ, ਜੜਤੌਲੀਓਂ, ਦੂਰ ਕਰੀ ਬੁਰਿਆਰ

ਦੀ ਗ਼ਦਰ ਲਹਿਰ ਸਮੇਂ ਉਹਨਾਂ ਨੂੰ ਮੇਰਠ ਛਾਉਣੀ ਦੇ ਹੋਰ ਸੈਨਿਕਾਂ ਨਾਲ ਗ਼ਦਰ ਕਰਨ ਦੇ ਦੋਸ਼ ਹੇਠ, ਕੋਰਟ ਮਾਰਸ਼ਲ ਕਰਕੇ ਫਾਂਸੀ ਲਾ ਕੇ ਸ਼ਹੀਦ ਕੀਤੇ ਗਏ।

[88] 3 ਜੂਨ 1863 ਈ. ਨੂੰ ਖੋਟਿਆਂ ਵਿਚ ਆਨੰਦ ਕਾਰਜ ਮਰਿਆਦਾ ਦਾ ਮੁੱਢ ਬੰਨ੍ਹਿਆ।

ਜੜਤੌਲੀ ਦੇ ਵਿਚ ਸਨ, ਦਯਾ ਸਿੰਘ ਹਕੀਮ
ਜਾ ਹੋਏ ਸ੍ਰੀ ਸਤਿਗੁਰੂ, ਇਸਦੇ ਘਰ ਮੁਕੀਮ
ਪੋਤ੍ਰੇ ਹਨ ਤ੍ਰਿਲੋਕ ਸਿੰਘ, ਉਨ੍ਹਾਂ ਦੇ ਚਿਤ੍ਰਕਾਰ
ਜਿਨ੍ਹਾਂ ਨਾਲ ਪ੍ਰੇਮ ਇਹ, ਚਿਤ੍ਰ ਕੀਤੇ ਤਿਆਰ
ਲਾ ਕੇ ਲੜ ਅਕਾਲ ਇਸ, ਤਾਰਿਆ ਸਭ ਪਰਵਾਰ
ਨਾਮ ਦਾਨ ਦ੍ਰਿੜਾਇਕੇ, ਬੇੜੇ ਦਿਤੇ ਚਾੜ੍ਹ
ਨਵਾਂ ਪਿੰਡ ਤੇ ਲੋਹਗੜ੍ਹ, ਦੋਏਂ ਨਾਰੰਗਵਾਲ
ਗੁੱਜਰਵਾਲ ਤੇ ਸ਼ਾਹਪੁਰ, ਨੰਗਲ, ਪੱਖੋਵਾਲ
ਬੱਸੀਆਂ, ਬੁਰਜ, ਹਠੂਰ ਨੂੰ, ਲਾਏ ਸਤਿਗੁਰੂ ਭਾਗ
ਮੂੰਮਾਂ, ਗਹਿਲਾਂ, ਰਾਇਸਰ, ਛੀਨੀਵਾਲ ਦੇ ਲਾਗ
ਨਾਈਵਾਲਾ ਪਿੰਡ ਦੇ, ਸਾਰੇ ਵਿਸਵੇਦਾਰ
ਕਰਮਗੜ੍ਹੀਏ ਵੀ ਆ ਗਏ, ਗੁਰ ਚਰਨਾਂ ਵਿਚਕਾਰ
ਪਾਏ ਚਰਨ ਭਦੌੜ ਵਿਚ, ਹਿੰਮਤਪੁਰੇ ਦੇ ਨਾਲ
ਤਖਤੂਪੁਰਾ, ਬਲਾਸਪੁਰ, ਸੈਦੋ ਕਰੀ ਨਿਹਾਲ
ਮਧੇ ਤੋਂ ਨੰਗਲ ਵਿਚ ਦੀ, ਲੋਪੋਂ ਬੱਧਣੀ ਕੋਲ
ਧੂੜਕੋਟੀਏ, ਸੱਦ ਲਏ, ਖੋਟੀਂ ਸਤਿਗੁਰੂ ਬੋਲ
ਜੋਗਾ ਸਿੰਘ ਧੂੜਕੋਟੀਏ, ਗੁਰ ਚਰਨਾਂ ਦੇ ਦਾਸ
ਬੀਬੀ ਮੰਗੀ ਸੀ ਇਨ੍ਹਾਂ, ਪਿੰਡ ਮੁਠੱਡੇ ਖ਼ਾਸ
ਫਤਹ ਸਿੰਘ ਸਰਦਾਰ ਦਾ, ਵੱਡਿਓਂ ਨਿੱਕਾ ਪੁੱਤ
ਵੀਰ ਸਿੰਘ ਸੀ ਨਾਂ ਉਸ, ਸਿੱਖੀ ਦਾ ਸੀ ਬੁੱਤ
ਵੱਡੇ ਭਰਾ ਸੀ ਏਸ ਦੇ, ਮੰਗਲ ਸਿੰਘ ਸਰਦਾਰ
ਚੌਧਰੀ ਇਹ ਸਪੈਦਪੋਸ਼, ਨਾਲੇ ਨੰਬਰਦਾਰ
ਨਾ-ਮਿਲਵਰਤਨ ਪੰਥ ਜਦ, ਅੰਗ੍ਰੇਜ਼ਾਂ ਦੇ ਨਾਲ
ਰੱਖਿਆ ਮੰਗਲ ਸਿੰਘ ਸੀ, ਸ੍ਰੀ ਗੁਰੂ ਦੇਵ ਬਹਾਲ
ਰਹੇ ਬਣੇ ਸਪੈਦ ਪੋਸ਼, ਨਾਲੇ ਨੰਬਰਦਾਰ
ਕੀ ਏਸ ਵਿਚ ਭੇਦ ਇਹ, ਪਤਾ ਗੁਰੂ ਕਰਤਾਰ
ਹੁਕਮ ਹੋਇਆ ਸੀ ਇਨ੍ਹਾਂ ਨੂੰ, ਆਓ ਖੋਟੀਂ ਚੱਲ
ਵੀਰ ਸਿੰਘ ਦੇ ਵਿਆਹ ਦੀ, ਬਣੂਗੀ ਓਥੇ ਗੱਲ
ਰਲ ਕੇ ਮਿਲ ਦੁਆਬੀਏ, ਆਓ ਜੰਞ ਬਣਾ

ਲੱਗੇ ਹੋਏ ਦੀਵਾਨ ਵਿਚ, ਦੇਵੀਏ 'ਨੰਦ ਸੁਣਾ
ਆਏ ਖੋਟਿਆਂ ਵਿੱਚ ਓਹ, ਆਪਣੀ ਲੈ ਜਨੇਤ
ਚਰਨਾਂ ਨਾਲ ਸੀ ਗੁਰੂ ਦੇ, ਜਿਨ੍ਹਾਂ ਦਾ ਗੂਹੜਾ ਹੇਤ
ਬੀਬੀ ਜੋਗਾ ਸਿੰਘ ਜੀ, ਆਂਦੀ ਕਰ ਸੰਭਾਲ
ਖੋਟੀਂ ਹੋਇਆ ਅਨੰਦ ਜਿਸ, ਵੀਰ ਸਿੰਘ ਦੇ ਨਾਲ
ਸਭ ਤੋਂ ਪਹਿਲਾ ਇਹ ਸੀ, ਗੁਰੂਮਤ ਦਾ ਵਿਆਹ
ਰੀਤ ਚਲਾਈ ਧਰਮ ਦੀ, ਸਤਿਗੁਰੂ ਸ਼ਾਹਨਸ਼ਾਹ
ਇਸ ਤੋਂ ਪਹਿਲਾਂ ਕਿਸੇ ਦਾ, ਹੋਇਆ ਨਹੀਂ ਆਨੰਦ
ਗੁਰੂਮਤ ਪ੍ਰਾਰੰਭ ਕਰ, ਮਨਮਤ ਕੀਤੀ ਬੰਦ
ਮੇਲਿਆਂ ਵਿਚ ਅਨੰਦ ਦੀ, ਏਥੋਂ ਤੋਰੀ ਕਾਰ
ਵੇਦੀ ਹਵਨ ਰਚਾ ਗੁਰ, ਲਾਂਵਾਂ ਪੜ੍ਹੀਆਂ ਚਾਰ
ਸਮੁੰਦ ਸਿੰਘ ਦੀ ਪੁੱਤਰੀ, ਪੋਤਰੀ ਦਾ ਅਨੰਦ
ਕਰ ਕੇ ਸਤਿਗੁਰੂ ਚਾੜ੍ਹਿਆ, ਗੁਰੂ ਮਤ ਦਾ ਚੰਦ
ਬਿਨ ਘੁੰਡ ਕੱਢੇ ਆਈਆਂ, ਕੁੜੀਆਂ ਵਿਚ ਦੀਵਾਨ
ਗੁਰੁਮਤ ਕੀਤੀ ਦੇਸ਼ ਵਿਚ, ਸਤਿਗੁਰ ਨੇ ਪਰਧਾਨ
ਹੋਏ ਮੇਲੇ ਏਸ ਵਿਚ, ਛੇ ਅਨੰਦ ਦੇ ਕਾਜ
ਰੀਤੀ ਤੋਰੀ ਸਤਿਜੁਗੀ, ਆਪ ਗਰੀਬ ਨਿਵਾਜ
ਬ੍ਰਾਹਮਣ ਸੱਦੇ ਕੋਈ ਨਾ, ਦਿਲ ਤੋਂ ਦਏ ਉਤਾਰ
ਰੀਤਾਂ ਰਸਮਾਂ ਉਨ੍ਹਾਂ ਦੀਆਂ, ਦਿੱਤੀਆਂ ਸਭ ਵਿਸਾਰ
ਮਰਦੀ ਡਿਠੀ ਆਮਦਨ, ਬ੍ਰਾਹਮਣ ਉੱਠੇ ਪਿੱਟ
ਵਰ੍ਹਦੀ ਮੂੰਹ ਤੇ ਜਿਨ੍ਹਾਂ ਦੇ, ਲਾਹ੍ਣਤ ਦੀ ਫਿੱਟ-ਫਿੱਟ
ਝੱਲ ਨਾ ਸੱਕੇ ਗੱਲ ਇਹ, ਬ੍ਰਾਹਮਣ ਪਿਟਦੇ ਜਾਣ
ਬਾਘੇ ਠਾਣੇ ਵਿਚ ਜਾ, ਲੱਗੇ ਦੁੱਖ ਸੁਣਾਨ
ਹੋਰ ਵੀ ਨਾਲ ਰਲਾ ਲਏ, ਭਾਈ ਸਿਖ ਤੇ ਸਾਧ
ਆਂਹਦੇ ਕੀਤੀ ਕੂਕਿਆਂ, ਹੈ ਇਹ ਖੜੀ ਉਪਾਧ
ਵੈਦਕ ਰੀਤੀ ਛੱਡ ਕੇ, ਏਨਾਂ ਕਰੇ ਨਿਕਾਹ
ਅਸੀਂ ਨਾ ਇਹ ਝੱਲ ਸਕੀਏ, ਮਰੀਏ ਲੈ ਕੇ ਫ਼ਾਹ
ਸੁਣ ਕਿਹਾ ਠਾਣੇਦਾਰ ਨੇ, ਇਹ ਨਾ ਬਣਦੀ ਗੱਲ
ਤੁਸੀਂ ਨਹੀਂ ਹੋ ਜਾਣਦੇ, ਰਾਜਨੀਤ ਦਾ ਵੱਲ

ਖੋਟੀਂ ਕੀਤਾ ਤੁਸੀਂ ਕਹੋ, ਬਗਾਵਤ ਦਾ ਪ੍ਰਚਾਰ
ਕੂਕੇ ਕਹਿਣ ਨਾ ਰੱਖਣੀ, ਇਹ ਗੋਰੀ ਸਰਕਾਰ
ਆਪੇ ਹੀ ਉਸ ਲਿਖ ਲਈ, ਚਾਹੇ ਜਿਵੇਂ ਰਿਪੋਟ
ਕੂਕਿਆਂ ਦੇ ਦਿਲ ਵਿਚ ਹੈ, ਅੰਗ੍ਰੇਜ਼ਾਂ ਦੇ ਲਈ ਖੋਟ
ਡਿਪਟੀ ਕਮਿਸ਼ਨਰ ਫ਼ੀਰੋਜ਼ਪੁਰ, ਆਇਆ ਬਾਘੇ ਵਿੱਚ
ਕੀਤਾ ਜਿਸ ਨੇ ਪੁੱਜ ਕੇ, ਸੰਤ ਖ਼ਾਲਸਾ ਜਿੱਚ
ਫੜ੍ਹ ਚੀਨੀ ਅਸਵਾਰ ਨੂੰ, ਠਾਣੇ ਠਾਣੀ ਲਿਜਾਇ
ਭੈਣੀ ਸਾਹਿਬ ਵਿਚ ਸਨ, ਰੋਕੇ ਹੁਕਮ ਸੁਣਾਇ
ਕਿਹਾ ਨਹੀਂ ਜਾ ਸਕਦੇ, ਏਥੋਂ ਕਿਧਰੇ ਆਪ
ਵੱਢ-ਵੱਢ ਖਾ ਰਹੇ ਗੋਰਿਆਂ, ਅਪਣੇ ਕੀਤੇ ਪਾਪ

**********************

(17)
# ਸੂਬਿਆਂ ਦੀ ਥਾਪਨਾਂ

ਬਹਿ ਗਏ ਭੈਣੀ ਸਾਹਿਬ ਗੁਰ, ਕਰ ਕੇ ਸੋਚ ਵਿਚਾਰ
ਸੂਬੇ ਪੰਜ ਬਣਾ ਓਹ, ਕਰਨ ਭੇਜੇ ਪਰਚਾਰ
ਬਾਬਾ ਸ੍ਰੀ ਜਵਾਹਰ ਸਿੰਘ, ਕਾਨ੍ਹ ਸਿੰਘ ਨਿਹੰਗ
ਲੱਖਾ ਸਿੰਘ ਜੀ ਸਾਹਿਬ ਸਿੰਘ, ਪੰਜਵੇਂ ਸੁਧ ਸਿੰਘ
ਦੇ ਏਨ੍ਹਾਂ ਨੂੰ ਥਾਪੜਾ, ਸੂਬਾ ਦੇਇ ਖ਼ਿਤਾਬ
ਭਾਰਤ ਦੇ ਇਤਿਹਾਸ ਦਾ, ਨਵਾਂ ਛੇੜਿਆ ਬਾਬ
ਜੇਹੋ ਜੇਹੀ ਆਪ ਦੀ, ਰਸਨਾ ਵਿਚ ਤਾਸੀਰ
ਸੂਬਿਆਂ ਦੀ ਤੇਹੋ ਜੇਹੀ, ਅਸਰ ਭਰੀ ਤਕਰੀਰ
ਵੇਖ ਇਨ੍ਹਾਂ ਦਾ ਅਸਰ ਫਿਰ, ਗੁਰੂਮਤ ਪ੍ਰਚਾਰ
ਗੋਰਿਆਂ ਦੀ ਸਰਕਾਰ ਮੁੜ, ਹੋਈ ਬਹੁਤ ਲਾਚਾਰ
ਜਿੱਥੇ ਸੂਬੇ ਜਾਂਵਦੇ, ਦੇਂਦੇ ਜੁੱਗ ਪਲਟਾ
ਕਲਿਜੁਗ ਡਰਦਾ ਨੱਸਦਾ, ਸਤਿਜੁਗ ਜਾਵੇ ਆ
ਜਥੇਬੰਦ ਕਰੋ ਕੌਮ ਤੇ, ਰਾਜਨੀਤਿ ਵਿਸਥਾਰ
ਬਾਬੇ ਕਿਆਂ ਦੇ ਤਖ਼ਤ ਦਾ, ਕੀਤਾ ਫੇਰ ਪਸਾਰ
ਸੂਬੇ ਥਾਪੇ ਸਤਿਗੁਰੂ, ਆਪਣਾ ਦੇ ਕੇ ਤੇਜ
ਤੱਕ ਇਨ੍ਹਾਂ ਦੇ ਚਲਣ ਨੂੰ, ਕੰਬਦਾ ਸੀ ਅੰਗ੍ਰੇਜ਼
ਫੈਲਣ ਨਾ ਵਿਚ ਦੇਸ਼ ਦੇ, ਕੂਕਿਆਂ ਦੇ ਖਿਆਲ
ਇਹ ਵੀ ਕੀਤੇ ਨਜ਼ਰਬੰਦ, ਦਿੱਤੇ ਘਰ ਬਿਠਾਲ
ਡੱਕ ਇਨ੍ਹਾਂ ਬੇ-ਫ਼ਿਕਰ ਹੋ, ਬੈਠ ਗਈ ਸਰਕਾਰ
ਪਰ ਵਰਤਾਈ ਸਤਿਗੁਰੂ, ਮੁੜਕੇ ਏਦਾਂ ਕਾਰ
ਫੇਰ ਸਤਾਰਾਂ ਆਪ ਨੇ, ਸੂਬੇ ਥਾਪੇ ਹੋਰ
ਕਰਨ ਲਈ ਪ੍ਰਚਾਰ ਸਭ, ਇਹ ਵੀ ਦਿਤੇ ਤੋਰ
ਏਨ੍ਹਾਂ ਦੀ ਤਕਰੀਰ ਵਿਚ, ਓਹੀ ਭਰਿਆ ਤੇਜ
ਗੱਲਾਂ ਸੁਣ ਸੁਣ ਇਨ੍ਹਾਂ ਦੀਆਂ, ਕੰਬਦਾ ਸੀ ਅੰਗ੍ਰੇਜ਼
ਆਵੇ ਕੋਈ ਜੋ ਇਨ੍ਹਾਂ ਕੋਲ, ਮਸ਼ਕੂਲੇ ਦੇ ਨਾਲ

ਰਲਦਾ ਏਨ੍ਹਾਂ ਨਾਲ ਹੀ, ਹੁੰਦੀ ਗੱਲ ਕਮਾਲ
ਸਾਰੇ ਭਾਰਤ ਦੇਸ਼ ਵਿਚ, ਕੂਕੇ ਗਏ ਸੀ ਖਿੰਡ
ਖਾਲੀ ਐਵੇਂ ਨਾ ਰਿਹਾ, ਵੱਡਾ ਸ਼ਹਿਰ ਜਾਂ ਪਿੰਡ
ਪਹਿਲਿਆਂ ਪੰਜਾਂ ਵਿਚ ਸਨ, ਕਾਨ੍ਹ ਸਿੰਘ ਸੂਬੇਦਾਰ
ਪਟਿਆਲੇ ਵਿਚ ਜਾ ਇਹ, ਲਾ ਬੈਠੇ ਦਰਬਾਰ
ਕੀਰਤਨ ਕਰਨ ਦੀਵਾਨ ਵਿਚ, ਕਾਨ੍ਹ ਸਿੰਘ ਨਿਹੰਗ
ਰਹਿਤ ਬਹਿਤ ਤੱਕ ਇਨ੍ਹਾਂ ਦੀ, ਲੋਕੀਂ ਹੋਏ ਦੰਗ
ਸਿਕਲੀਗਰ, ਏਥੇ ਰਹਿਣ, ਆਹਲਾ ਕਲਾਕਾਰ
ਸ਼ਸਤ੍ਰ ਘੜਦੇ ਮਾਂਜਦੇ, ਤਿੱਖੀ ਕਰਦੇ ਧਾਰ
ਰੋਟੀ ਖਾਣ ਸ਼ਿਕਾਰ ਮਾਰ, ਰਜ ਰਜ ਪੀਣ ਸ਼ਰਾਬ
ਸੀਖਾਂ ਉਤੇ ਭੁੰਨ ਭੁੰਨ, ਖਾਂਦੇ ਰੋਜ ਕਬਾਬ
ਮਾਸ ਸ਼ਰਾਬ ਤਿਆਗ ਇਨ, ਕੰਨ ਵਿਚ ਸੁਣ ਗੁਰਮੰਤ
ਨਾਨੂੰ ਸਿੰਘ ਜਿਹੇ ਇਨ੍ਹਾਂ ਦੇ, ਵੱਡੇ ਹੋ ਗਏ ਸੰਤ
ਮਹਿੰਦ੍ਰ ਸਿੰਘ ਪਟਲੇਸ ਨੇ, ਜਾਂ ਸੁਣਿਆ ਇਹ ਹਾਲ
ਬੰਦਾ ਭੇਜਿਆ ਖ਼ਾਸ ਇਕ, ਖਬਰ ਲਿਆ ਤਤਕਾਲ
ਜਾ ਕੇ ਕੂਕਿਆਂ ਕੋਲ ਤੂੰ, ਕੰਨ ਵਿਚ ਸੁਣ ਕਲਾਮ
ਛੇਤੀ ਸਾਨੂੰ ਆਇ ਕੇ, ਦੱਸੀਂ ਗੱਲ ਤਮਾਮ
ਧੌਂਕਲ ਸਿੰਘ ਹਜ਼ੂਰੀਆ, ਹੰਡਿਆਇਆ ਵਸਨੀਕ
ਭੇਜਿਆ ਕੂਕਿਆਂ ਕੋਲ ਓਹ, ਕਰਨ ਲਈ ਤਸਦੀਕ
ਉਹ ਕੰਨ ਵਿਚ ਕੀ ਆਖਦੇ, ਦੱਸੇ ਕੋਈ ਨਾ ਮੂਲ
ਹੋ ਗਏ ਸਭ ਹੈਰਾਨ ਸਨ, ਕੋਈ ਨਾ ਲੱਭੇ ਚੂਲ
ਤੂੰ ਬੰਦਾ ਹੈਂ ਆਪਣਾ, ਸਾਨੂੰ ਇਹ ਇਤਬਾਰ
ਆ ਕੇ ਛੇਤੀ ਦੱਸਣੇ, ਕੂਕਿਆਂ ਦੇ ਸਮਾਚਾਰ
ਭੇਜੀਏ ਫਿਰ ਸਰਕਾਰ ਨੂੰ, ਸਾਰੀ ਠੀਕ ਰਿਪੋਟ
ਪਤਾ ਕਰੀਂ ਤੂੰ ਜਾ ਓਹ, ਜੋ ਏਨ੍ਹਾਂ ਦਿਲ ਖੋਟ
ਧੌਂਕਲ ਸਿੰਘ ਜੀ ਪੁੱਜ ਗਏ, ਸ੍ਰੀ ਬਾਬਾ ਜੀ ਕੋਲ
ਆਓ ਲੈਣਾ ਨਾਮ ਜਿਸ, ਸਿੰਘ ਕਿਹਾ ਇਕ ਬੋਲ
ਧੌਂਕਲ ਸਿੰਘ ਵੀ ਹੱਥ ਜੋੜ, ਜਾ ਕੀਤੀ ਅਰਦਾਸ
ਚਰਨਾਂ ਵਿਚ ਇਸ ਦਾਸ ਨੂੰ, ਆਪਣੇ ਦੇਵੋ ਵਾਸ

ਸ੍ਰੀ ਬਾਬਾ ਜੀ ਉਨ੍ਹਾਂ ਨੂੰ, ਕੰਨ ਵਿਚ ਦਿਤਾ ਨਾਮ
ਰੋਮ ਰੋਮ ਵਿਚ ਰਚ ਗਿਆ, ਪੂਰੇ ਕੰਮ ਤਮਾਮ
ਮਸਤੀ ਆ ਗਈ ਸਿੰਘ ਨੂੰ, ਨਾਮ ਸੁਣਦਿਆਂ ਸਾਰ
ਹੋ ਗਏ ਹੋਸ਼ ਹਵਾਸ ਗੁੰਮ, ਦਿੱਤੇ ਕੰਮ ਵਿਸਾਰ
ਤ੍ਰੈ ਦਿਨ ਨਾ ਉੱਠ ਸੱਕਿਆ, ਇੱਕੇ ਥਾਂ ਤੇ ਓਹ
ਦਿੱਤੇ ਸਤਿਗੁਰੂ ਸ਼ਬਦ ਨੇ, ਦਾਗ ਦਿਲੇ ਦੇ ਧੋ
ਚੌਥੇ ਦਿਨ ਜਾਂ ਗਿਆ ਓਹ, ਰਾਜੇ ਆਪਣੇ ਕੋਲ
ਪੁੱਛਿਆ ਛੇਤੀ ਦੱਸ ਓਹ, ਕਹੇ ਜੋ ਕੂਕਿਆਂ ਬੋਲ
ਮਹਾਰਾਜ ਨਾ ਰੋਗ ਇਹ, ਰਹਿਆ ਮੇਰੇ ਵੱਸ
ਮੈਨੂੰ ਉਨ੍ਹਾਂ ਹੈ ਵਰਜਿਆ, ਮੈਂ ਨਾ ਸਕਾਂ ਦੱਸ
ਮੂੰਹ ਨਾ ਟੁੱਟਿਆ ਕਿਸੇ ਦਾ, ਆਪ ਲਏ ਜਾ ਪੁੱਛ
ਓਹ ਲੁਕਾ ਨਹੀਂ ਰੱਖਦੇ, ਹਰ ਇਕ ਦੇਂਦੇ ਦੱਸ
ਸਾਡਾ ਹੋਇ ਗੁਲਾਮ ਤੂੰ, ਸਾਨੂੰ ਹੀ ਦਏਂ ਜਵਾਬ
ਦਈਏ ਜੇਲ੍ਹ ਚਿ ਘੱਲ ਜੇ, ਹੋਵੇ ਫੇਰ ਸਵਾਬ
ਸੁਣ ਕੇ ਧੌਂਕਲ ਸਿੰਘ ਕਿਹਾ, ਮਹਾਰਾਜ ਲਓ ਸੁਣ
ਤੁਹਾਡੀ ਚਾਕਰੀ ਦੀ ਰਹੀ, ਲੋੜ ਨਾ ਮੈਨੂੰ ਹੁਣ
ਚੀਨੀ ਵਾਲੇ ਪਾਤਸ਼ਾਹ ਦਾ ਮੈਂ ਹੋਇਆ ਗ਼ੁਲਾਮ
ਬੰਦੇ ਨੂੰ ਕਰ ਸਕਦਾ, ਮੈਂ ਨਹੀਂ ਹੁਣ ਸਲਾਮ
ਵਾਲੀ ਦੋ ਜਹਾਨ ਦਾ, ਸਚਾ ਸਤਿਗੁਰੂ ਓਹ
ਰਾਜੇ ਸ਼ਾਹ ਅਮੀਰੜੇ, ਉਸ ਨੂੰ ਸਕਣ ਨਾ ਪੋਹ
ਕਰਨਾ ਹੁਣ ਨਾ ਆਪਨੇ, ਮੇਰਾ ਕਦੀ ਖ਼ਿਆਲ
ਮੈਨੂੰ ਦੇਵੋ ਆਗਿਆ, ਰਲਾਂ ਮੈਂ ਕੂਕਿਆਂ ਨਾਲ
ਸੁਣ ਕੇ ਧੌਂਕਲ ਸਿੰਘ ਦਾ, ਕੋਰਾ ਇਹ ਜਵਾਬ
ਸੱਭੇ ਗਏ ਹੈਰਾਨ ਹੋ, ਅਹਿਲਕਾਰ ਮਹਾਰਾਜ
ਸਕਰੌਦੀ ਦਾ ਗਰੇਵਾਲ, ਹੀਰਾ ਸਿੰਘ ਸਰਦਾਰ
ਪਟਲੇਸ ਦਾ ਵਸਤ੍ਰਾਂ ਦਾ ਸੀ ਓਹ ਰਖਵਾਰ
ਉਸ ਤੇ ਸੀ ਪਟਲੇਸ ਦਾ, ਗੂਹੜਾ ਅਤੀ ਸਨੇਹ
ਗੱਲ ਨਾ ਕੋਈ ਲੁਕਾ ਕੇ, ਉਨ੍ਹਾਂ ਤੋਂ ਰਖਦਾ ਇਹ
ਸੱਦ ਕੇ ਰਾਜੇ ਕਿਹਾ ਉਸ, ਕਰ ਕੇ ਯਾਦ ਅਕਾਲ

ਕੂਕਿਆਂ ਦੇ ਡੇਰੇ ਵਿਖੇ, ਜਾ ਵੜ ਛੇਤੀ ਨਾਲ
ਦਸਮ ਗੁਰੂ ਦੀ ਕਸਮ ਖਾ, ਸਿਰ ਨਿਵਾ ਗੁਰੂ ਗ੍ਰੰਥ
ਝਟ ਪਟ ਪੈ ਜਾ ਉੱਠ ਕੇ, ਕੂਕਿਆਂ ਵਾਲੇ ਪੰਥ
ਆਪਣਾ ਸਮਝ ਕੇ ਭੇਜਦੇ, ਰੱਖੀਂ ਇਹ ਖ਼ਿਆਲ
ਧੌਂਕਲ[89] ਜੇਹੀ ਕਰੀਂ ਨਾ, ਤੂੰ ਵੀ ਸਾਡੇ ਨਾਲ
ਵੇਖੇਂ ਸੁਣੇਂ ਜੋ ਓਸ ਥਾਂ, ਦੱਸੀਂ ਸਭੋ ਸਚ
ਵੇਖੀਂ ਜਾਈਂ ਨਾ ਕਿਤੇ, ਓਨ੍ਹਾਂ ਵਿਚ ਮਿਚ ਰੱਚ
ਹੀਰਾ ਸਿੰਘ ਜੀ ਸੁਣ ਕਿਹਾ, ਜੋ ਹਜ਼ੂਰ ਫ਼ਰਮਾਨ
ਡਰੋ ਨਾ ਕਿਸੇ ਗੱਲ ਤੋਂ, ਮੈਂ ਹਾਂ ਨਹੀਂ ਅੰਜਾਨ
ਮੇਰੇ ਉਤੇ ਅਸਰ ਨਾ, ਕੋਈ ਵੀ ਸਕਦਾ ਪਾਇ
ਭਾਵੇਂ ਥਕੇ ਆਪਣਾ, ਸਾਰਾ ਜੋਰ ਲਗਾਇ
ਮੈਂ ਹਾਂ ਦਸਵੇਂ ਗੁਰੂ ਦੇ, ਚਰਨ ਕੰਵਲ ਦਾ ਦਾਸ
ਕੜੀ ਕਲਾਮ ਦਾ ਹੈ ਨਹੀਂ, ਮੇਰੇ ਦਿਲ ਤਰਾਸ
ਮੈਂ ਦੱਸਾਂਗਾ ਆਪ ਨੂੰ, ਸੁਣ ਕੇ ਓਹ ਕਲਾਮ
ਧੌਂਕਲ ਜੱਟ ਦੇ ਵਾਂਗ ਮੈਂ, ਕਰਾਂ ਨਾ ਲੂਣ ਹਰਾਮ
ਹੀਰਾ ਸਿੰਘ ਜੀ ਜਾ ਵੜੇ, ਸਿਕਲੀਗਰਾਂ ਦੇ ਵਾਸ
ਜਿਥੇ ਬਾਬਾ ਕਾਨ੍ਹ ਸਿੰਘ, ਕਰਦੇ ਸੀ ਨਿਵਾਸ
ਵਰਖਾ ਵਰ੍ਹਦੀ ਸ਼ਬਦ ਦੀ, ਕੀਰਤਨ ਦੀ ਘਨਘੋਰ
ਆਸ਼ਕ ਸਾਦਕ ਸ਼ਬਦ ਦੇ, ਪੈਲ ਪਾਣ ਜਿਉਂ ਮੋਰ
ਬੈਠੇ ਜਾ ਦੀਵਾਨ ਵਿਚ, ਹੀਰਾ ਸਿੰਘ ਸਰਦਾਰ
ਪੈ ਰਹੀ ਗੁਰੁ ਸ਼ਬਦ ਦੀ, ਮੱਠੀ ਜਹੀ ਫੁਹਾਰ
ਅਰਸ਼ਾਂ ਨੂੰ ਫੜ ਫ਼ਰਸ਼ ਤੇ ਬਾਣੀ ਲੈਂਦੀ ਖਿੱਚ
ਤੀਰ ਚੱਲਣ ਗੁਰ ਸ਼ਬਦ ਦੇ, ਵੱਜਣ ਕਲੇਜੇ ਵਿੱਚ
ਕੀਰਤਨ ਦੀ ਸਮਾਪਤੀ, ਹੋਈ ਕਰ ਅਰਦਾਸ
ਬੋਲ ਕਿਹਾ ਇਕ ਸਿੰਘ ਆ, ਲਓ ਨਾਮ ਦੀ ਰਾਸ
ਸੁਧ ਹੋਇਗੀ ਆਤਮਾ, ਅੰਦਰ ਵਰਤੇ ਸ਼ਾਂਤ
ਕਈਆਂ ਸੁਣ ਕੇ ਆਖਿਆ, ਦਵੋ ਨਾਮ ਦੀ ਦਾਤ

[89] ਬਾਹੋਵਾਲ ਜੀ ਮੁਤਾਬਿਕ ਜਿਸ ਨੂੰ ਰਾਜੇ ਨੇ ਭਜਨ ਪੁੱਛਣ ਭੇਜਿਆ ਸੀ ਉਹ ਧੌਂਕਲ ਸਿੰਘ ਨਹੀਂ, ਸਗੋਂ ਸਿਪਾਹੀ ਦੂਲਾ ਸਿੰਘ ਸੀ। ਇਹ ਘਟਨਾ 1868 ਈ. ਦੀ ਹੈ।

ਹੀਰਾ ਸਿੰਘ ਜਾ ਪੁੱਜਿਆ, ਸ੍ਰੀ ਬਾਬਾ ਜੀ ਕੋਲ
ਮੈਂ ਵੀ ਲੈਣਾ ਨਾਮ ਹੈ, ਕਹਿਆ ਮੂੰਹੋਂ ਬੋਲ
ਅੱਗੋਂ ਸ੍ਰੀ ਬਾਬੇ ਕਿਹਾ, ਸੁਣ ਸਰਦਾਰਾ ਬਾਤ
ਚੰਗੀ ਤਰ੍ਹਾਂ ਵਿਚਾਰ ਕੇ, ਦਿਲ ਵਿਚ ਪਾ ਲੈ ਝਾਤ
ਸਿਲਾ ਅਲੂਣੀ ਇਹ ਹੈ, ਸਿੱਖੀ ਖੰਡੇ ਧਾਰ
ਸਿਰ ਟਕਾਵੇ ਤਲੀ ਤੇ, ਗਲੀ ਏਸ ਵਿਚਕਾਰ
ਪਾਈਂ ਪੈਰ ਜੇ ਹੈ ਤਾਂ, ਦਿਲ ਦੇ ਵਿਚ ਯਕੀਨ
ਮੰਨਣੀ ਬਿਨਾਂ ਅਕਾਲ ਤੋਂ, ਨਹੀਂ ਕਿਸੇ ਦੀ ਈਨ
ਸਤਿਗੁਰ ਸਾਹਿਬ ਛੱਡ ਕੇ, ਬੰਦੇ ਦੇ ਦਰਬਾਰ
ਭੁੱਲ ਨਿਵੌਣਾ ਸੀਸ ਨਾ, ਏਸ ਵਿਚ ਦਰਕਾਰ
ਗੁਪਤ ਰਖਣਾ ਨਾਮ ਇਹ, ਨਾ ਕਹਿਣਾ ਪ੍ਰਗਟਾਇ
'ਗੋਪ ਰਾਖੀਏ ਮੰਤ੍ਰ ਜਿਉਂ, ਪ੍ਰਗਟ ਵਿਫਲ ਹੋ ਜਾਇ'

ਹਿੰਸਾ ਕਰਨੀ ਜੀਵ ਦੀ, ਖਾਣਾਂ ਮਾਸ ਕਬਾਬ
ਭੁੱਲ ਨਾ ਝਾਤੀ ਪਾਵਣੀ, ਪਰ ਤ੍ਰੀਅ ਵੱਲ ਸ਼ਰਾਬ
ਅੰਮ੍ਰਿਤ ਵੇਲੇ ਉਠਕੇ, ਕਰ ਸ਼ਨਾਨ ਸਕੇਸ਼
ਬਾਣੀ ਪੜ੍ਹਨੀ ਨਾਮ ਜਪ, ਧਾਰ ਗਰੀਬੀ ਵੇਸ
ਵਸਤ੍ਰ ਸਾਦੇ ਫੱਬਵੇਂ, ਚਿੱਟੀ ਦੁੱਧ ਪੋਸ਼ਾਕ
ਗੁਰ ਭਾਈ ਬਿਨ ਹੋਰ ਜੋ, ਝੂਠੇ ਜਾਣੋ ਸਾਕ
ਰੋਟੀ ਆਪ ਪਕਾਵਣੀ, ਪਾਣੀ ਲਿਆਣਾ ਆਪ
ਨਿਗੁਰੇ ਹੱਥੋਂ ਖਾਧਿਆਂ, ਲਗਦਾ ਭਾਰੀ ਪਾਪ
ਨਾਰ ਪਰਾਈ ਸਮਝਣੀ, ਮਾਂ ਧੀ ਤੇ ਭੈਣ
ਰੱਖਣੇ ਗੁਰੂ ਚਰਨਾਂ ਵਿਖੇ, ਸਦਾ ਲਗਾ ਕੇ ਨੈਣ
ਦਿਲ ਵਿਚ ਇੱਛਾ ਰੱਖਣੀ, ਲੈਣਾਂ ਅਪਣਾ ਰਾਜ
ਹੋਇ ਹਕੂਮਤ ਆਪਣੀ, ਅਪਣਾ ਹੋਇ ਸਮਾਜ
ਗੋਰੇ ਕਢ ਕੇ ਦੇਸ 'ਚੋਂ, ਕਰਨਾ ਏਸ ਅਜਾਦ
ਦੇਣੇ ਤੋਰ ਵਲੈਤ ਇਹ, ਭਰ-ਭਰ ਵਿਚ ਜਹਾਜ
ਏਥੇ ਏਨ੍ਹਾਂ ਆਣ ਕੇ, ਬੁੱਚੜ ਖ਼ਾਨੇ ਖੋਲ੍ਹ
ਦਿੱਤੀ ਇਜ਼ਤ ਦੇਸ ਦੀ, ਮਿੱਟੀ ਦੇ ਵਿਚ ਰੋਲ

ਮਹਾਰਾਜ ਰਣਜੀਤ ਸਿੰਘ, ਸੀ ਏਨ੍ਹਾਂ ਦਾ ਯਾਰ
ਉਸਦੇ ਟੱਬਰ ਦੀ ਇਨ੍ਹਾਂ, ਮਿੱਟੀ ਕਰੀ ਖੁਆਰ
ਫੜ੍ਹ ਦਲੀਪ ਮਸੂਮ ਨੂੰ, ਤੋਰਿਆ ਬੰਨ੍ਹ ਵਲੈਤ
ਧਰਮ ਖੋਹ ਖੜਿਆ ਓਸਦਾ, ਕੀਤੀ ਇਹ ਰਿਐਤ
ਕੱਢ ਇਨ੍ਹਾਂ ਨੂੰ ਦੇਸ ਚੋਂ, ਆਪ ਕਰਾਂਗੇ ਰਾਜ
ਹੋਇ ਹਕੂਮਤ ਆਪਣੀ, ਆਪਣੀ ਹੋਇ ਅਵਾਜ
ਹੀਰਾ ਸਿੰਘ ਸੁਣ ਕੇ ਕਿਹਾ, ਮੈਨੂੰ ਹੈ ਪਰਵਾਨ
ਝੋਲੀ ਭਰ ਦਵੋ ਸੱਖਣੀ, ਦਿਓ ਨਾਮ ਦਾ ਦਾਨ
ਬਾਬਾ ਜੀ ਨੇ ਕੰਨ ਵਿਚ, ਮੰਤ੍ਰ ਦਿੱਤਾ ਦੱਸ
ਸੁਧ ਬੁਧ ਵਿਸਰ ਗਈ ਸਭ, ਹੋ ਗਿਆ ਸੀ ਬੇ-ਵੱਸ
ਤਿੰਨ ਦਿਨ ਉਠੇ ਨਾ ਥਾਂ ਤੋਂ, ਗਏ ਨਾ ਰਾਜੇ ਪਾਸ
ਕਰ ਵਖਾਈ ਗੱਲ ਓਹ, ਪਹਿਲਾਂ ਜਿਸ ਦੀ ਆਸ
ਚੌਥੇ ਰੋਜ ਬੁਲਾ ਜਦ, ਰਾਜੇ ਪੁੱਛੀ ਗੱਲ
ਤੂੰ ਵੀ ਓਥੇ ਜਾਇ ਕੇ, ਬੈਠਾ ਸੱਥਰ ਮੱਲ
ਕਸਮ ਖੁਆ ਕੇ ਭੇਜਿਆ, ਤੈਨੂੰ ਕਰ ਤਕਰਾਰ
ਤੂੰ ਵੀ ਬਣੀ ਨਾ ਜਾ ਕਿਤੇ, ਉਨ੍ਹਾਂ ਦੇ ਗਲ ਦਾ ਹਾਰ
ਛੇਤੀ ਦੱਸੀਂ ਆਣ ਉਹ, ਤੈਨੂੰ ਦੇਣ ਕਲਾਮ
ਤੂੰ ਹੈਂ ਸਾਡਾ ਆਦਮੀ, ਸਾਡਾ ਫੇਰ ਗ਼ੁਲਾਮ
ਅਗੋਂ ਹੀਰਾ ਸਿੰਘ ਕਿਹਾ, ਸੁਣ ਮਹਾਰਾਜਾ ਗੱਲ
ਏਨ੍ਹਾਂ ਗੱਲਾਂ ਦਾ ਕੋਈ, ਹੁਣ ਨਾ ਨਿਕਲੇ ਫੱਲ
ਤੋਰਨ ਸਮੇਂ ਹਜ਼ੂਰ ਨੇ, ਮੈਨੂੰ ਕਸਮ ਖੁਆ
ਠੀਕ ਕਿਹਾ ਸੀ ਆਣ ਕੇ, ਦੱਸੀਂ ਸਭ ਕੁਝ ਆ
ਓਸ ਬਚਨ ਅਨੁਸਾਰ ਮੈਂ, ਦੱਸਾਂ ਤੁਹਾਡੇ ਕੋਲ
ਓਹ ਕੋਈ ਕੜੀ ਕਲਾਮ ਨਾ, ਲੋਕ ਕਹਿਣ ਵਿਹੁ ਘੋਲ
ਓਨ੍ਹਾਂ ਦਸਿਆ ਨਾਮ ਜੋ, ਗ੍ਰੰਥ ਸਾਹਿਬ ਵਿਚਕਾਰ
ਲਿਖਿਆ ਸਤਿਗੁਰੂ ਪਾਤਸ਼ਾਹ, ਅਪਣੀ ਕਿਰਪਾ ਧਾਰ
ਉਸ ਨੂੰ ਕਹਿਣ ਕਲਾਮ ਜੋ ਹੋਵੇ ਕੀ ਹਵਾਲ
ਦਰਗਹਿ ਅੰਦਰ ਮਾਰੀਅਨ, ਕਰ ਕੇ ਮੰਦਾਹਾਲ
ਕਸਮ ਖਾਵਾਂ ਗੁਰਦਸਮ ਦੀ, ਨਾ ਹੈ ਓਹ ਕਲਾਮ

ਲੂਣ ਖਾ ਸਰਕਾਰ ਦਾ, ਮੈਂ ਨਾ ਕਰਾਂ ਹਰਾਮ
ਪਾ ਨਾਂ ਇਹ ਬੁਝਾਰਤਾਂ, ਦੱਸ ਓਹ ਕੀ ਹੋਰ
ਜੇ ਸੱਚ ਨਹੀਂ ਕਲਾਮ ਤਾਂ, ਲੋਕ ਕਰਨ ਕਿਉਂ ਸ਼ੋਰ
ਦੱਸਣ ਤੋਂ ਨਾ ਝਿਜਕ ਹੁਣ, ਸੱਚੋ ਸੱਚ ਸੁਣਾ
ਟਾਲੇ-ਵਾਲੇ ਕਰੇ ਕਿਉਂ, ਗੱਲਾਂ ਹੋਰ ਬਣਾ
ਸੱਚ ਦੱਸਾਂ ਸਰਕਾਰ ਮੈਂ, ਸੱਚੀਂ ਸੁਣਿਆ ਨਾਮ
ਸੌਂਹ ਖਾ ਕੇ ਹਾਂ ਆਖਦਾ, ਉਹ ਨਹੀਂ ਕੜੀ ਕਲਾਮ
ਨੜੀ ਨੌਕਰੀ ਦੀ ਨਹੀਂ, ਹੁਣ ਮੈਨੂੰ ਕੁਝ ਲੋੜ
ਰਲਾਂ ਉਨ੍ਹਾਂ ਦੇ ਨਾਲ ਮੈਂ, ਸਾਥ ਤੁਹਾਡਾ ਛੋੜ
ਚੀਨੀ ਵਾਲਾ ਪਾਤਸ਼ਾਹ, ਮੈਂ ਹਾਂ ਉਸਦਾ ਦਾਸ
ਸਰਨ ਲਈ ਹੁਣ ਓਸਦੀ, ਲਾਹ ਬਗਾਨੀ ਆਸ
ਬੰਧਨ ਮੇਰੇ ਟੁੱਟ ਗਏ, ਸੰਤਾਂ ਦੇ ਸਤ ਸੰਗ
ਝੂਠੇ ਲਹਿ ਗਏ ਪਾਹ ਨੇ, ਚੜ੍ਹਿਆ ਗੂੜ੍ਹਾ ਰੰਗ
ਆਪਣਾ ਸਾਜ ਸਮਾਨ ਸਭ, ਮੈਥੋਂ ਸਾਂਭੋ ਗਣ
ਸੰਤ ਸਿਪਾਹੀ ਫ਼ੌਜ ਦਾ, ਮੈਂ ਗਿਆ ਸਿਪਾਹੀ ਬਣ
ਭਰ ਗਏ ਗੁੱਸੇ ਵਿਚ ਇਹ, ਗਲਾਂ ਸੁਣ ਪਟਲੇਸ
ਖਾਰਜ ਕਰ ਕੇ ਨੌਕਰੀ, ਨਾਵਾਂ ਦਿਤਾ ਮੇਸ
ਆਏ ਹੀਰਾ ਸਿੰਘ ਜੀ, ਤੁਰਤ ਬਾਬਾ ਜੀ ਪਾਸ
ਰਾਜਾ ਕਹੇ ਨਾ ਕਿਸੇ ਦਾ, ਹੁਣ ਸਾਨੂੰ ਵਿਸ਼ਵਾਸ
ਦੋ ਇਤਬਾਰੀ ਮੈਂ ਲਏ, ਆਪਣੇ ਹਥੋਂ ਗੁਆਇ
ਪੁੱਜੀ ਆਸ ਨਾ ਫੇਰ ਵੀ, ਏਹੋ ਪਛੋਤਾਇ
ਹੁਣ ਨਾ ਕਰੀਏ ਕਿਸੇ ਦਾ, ਅਸੀਂ ਹੋਰ ਇਤਬਾਰ
ਦਸਣਾ ਜਦ ਕੁਝ ਕਿਸੇ ਨਾ, ਭੇਜਾਂ ਕਿਉਂ ਦੁਬਾਰ
ਚੰਗਾ ਹੈ ਹੁਣ ਕੂਕਿਆਂ, ਏਥੋਂ ਦਈਏ ਤੋਰ
ਬੰਦੇ ਸਾਡੇ ਬਣਨ ਨਾ, ਤਾਂ ਕੇ ਬਾਗੀ ਹੋਰ
ਲੱਗਾ ਹੋਇਆ ਦੀਵਾਨ ਸੀ, ਸੋਦਰ ਤੇ ਰਹਿਰਾਸ
ਹੋ ਗਈ ਜਦ ਸਮਾਪਤੀ, ਕਰ ਬੈਠੇ ਅਰਦਾਸ
ਆਣ ਸੁਣਾਇਆ ਪੁਲਸੀਏ, ਰਾਜੇ ਦਾ ਫ਼ਰਮਾਨ
ਕੂਕੇ ਜੋ ਪਟਿਆਲਿਓਂ, ਇਸੇ ਸਮੇਂ ਤੁਰ ਜਾਨ

ਰਾਤ ਰਹਿਣ ਦਾ ਹੁਕਮ ਨਾ, ਪਟਿਆਲਾ ਦਿਓ ਛੱਡ
ਸਾਨੂੰ ਹੋਇਆ ਹੁਕਮ ਇਹ, ਬਾਹਰ ਆਵੋ ਕੱਢ
ਸ੍ਰੀ ਬਾਬਾ ਜੀ ਉਠ ਤੁਰੇ, ਘੋੜੇ ਹੋ ਅਸਵਾਰ
ਪਟਿਆਲੇ ਦੇ ਸਿੰਘ ਸਭ, ਰੋਂਦੇ ਜ਼ਾਰੋ ਜ਼ਾਰ
ਕੀ ਰਾਜੇ ਨੂੰ ਹੋ ਗਿਆ, ਮਾਰੀ ਗਈ ਕਿਉਂ ਮੱਤ
ਗੁਰੂ ਖ਼ਾਲਸੇ ਨਾਲ ਇਸ, ਕੀਤੀ ਪੁੱਜ ਕੁਪੱਤ
ਕੀ ਹੋ ਜਾਂਦਾ ਸਿੰਘ ਜੇ, ਰਹਿ ਜਾਂਦੇ ਇਕ ਰਾਤ
ਤੁਰ ਜਾਣਾ ਸੀ ਉਨ੍ਹਾਂ ਨੇ, ਆਪੇ ਹੀ ਪਰਭਾਤ
ਇਹ ਸਿਖ ਕੀ ਪਟਿਆਲੀਏ, ਪੱਕੇ ਹੈਨ ਗ਼ੱਦਾਰ
ਅੰਗ੍ਰੇਜ਼ਾਂ ਦੇ ਹਨ ਇਹ, ਮਨੋ ਤਨੋ ਹੀ ਯਾਰ
ਹਨੂੰਮਾਨ ਸਿੰਘ ਸੂਰਮਾ, ਦੇਸ਼ ਭਗਤ ਰਣਧੀਰ
ਇਨ੍ਹਾਂ ਮਾਰਿਆ ਓਸ ਨੂੰ, ਹੋਰ ਨਾਲ ਜੋ ਬੀਰ
ਹਨੂੰਮਾਨ ਸਿੰਘ ਜੀ ਦਾ, ਅੰਗ੍ਰੇਜ਼ਾਂ ਨਾਲ ਜੰਗ
ਪੱਕੇ ਦੇਸ਼ ਭਗਤ ਓਹ, ਸੂਰੇ ਸਿੰਘ ਨਿਹੰਗ
ਵੱਸਦੇ ਸਨ ਇਹ ਸਿੰਘ ਸਭ, ਜ਼ਿਲ੍ਹੇ ਵਿਚ ਕਰਨਾਲ
ਏਨ੍ਹਾਂ ਦਾ ਤਕਰਾਰ ਸੀ, ਹੋਇਆ ਗੋਰਿਆਂ ਨਾਲ
ਸਿੱਖ ਰਾਜ ਵਿਚ ਆ ਗਏ, ਉਹ ਪਟਿਆਲੇ ਚੱਲ
ਏਨ੍ਹਾਂ ਬਾਗ਼ੀ ਜਾਣ ਇਹ, ਕੀਤੀ ਭੈੜੀ ਗੱਲ
ਫ਼ੌਜ ਭੇਜ ਪਟਲੇਸ ਨੇ, ਦਿੱਤੇ ਓਹ ਮਰਵਾ
ਹੋਏ ਓਹ ਸ਼ਹੀਦ ਸਨ, ਵਿਚ ਪਟਿਆਲੇ ਆ
ਨਿਹੰਗ ਸਿੰਘਾਂ ਨੇ ਗੁਰਮਤਾ, ਸੀ ਇਹ ਕੀਤਾ ਪਾਸ
ਪਟਿਆਲੇ ਦਾ ਸਿੰਘ ਨਾ, ਮੂਲ ਕਰਨ ਵਿਸ਼ਵਾਸ
ਮਾਰ ਦਿਤੇ ਬੇਦੋਸ਼ ਇਨ, ਆਪਣੇ ਸਿੰਘ ਭਰਾਇ
ਸਿੰਘ ਹੋਇ ਕੇ ਗੁਰੂ ਕਾ, ਇਨਕਾ ਧਾਨ ਜੋ ਖਾਇ
ਕੋਹੜੀ ਹੋ ਕੇ ਮਰੇ ਓਹ, ਕੀੜੇ ਪੈਣ ਸਰੀਰ
ਰਾਜੇ ਰੱਖੀ ਨਾ ਕੋਈ, ਨਾਲ ਪੰਥ ਦੇ ਸੀਰ
ਹੁਣ ਇਨ੍ਹਾਂ ਕੱਢਿਆ ਖਾਲਸੇ, ਰਾਤ ਸਮੇਂ ਲਾ ਪੱਜ
ਮੁੜ ਦੋਹਰਾਇਆ ਫੇਰ ਹੈ, ਓਹੀ ਸਾਕਾ ਅੱਜ
ਆਇਆ ਸਤਿਗੁਰੂ ਰਾਮ ਸਿੰਘ, ਦੂਲੋ ਧਰ ਅਵਤਾਰ

ਓਨ੍ਹਾਂ ਪੁੱਟਣਾ ਇਨ੍ਹਾਂ ਦਾ, ਬਿਆਜ ਮੂਲ ਵਾਪਾਰ
ਹੀਰਾ ਸਿੰਘ ਜੀ ਉੱਠ ਤੁਰੇ, ਮੁੜ ਨਾ ਕਰੀ ਸੰਭਾਲ
ਸਕਰੌਦੀ ਵਿਚ ਲੈ ਗਏ, ਬਾਬਾ ਜੀ ਨੂੰ ਨਾਲ
ਸਭ ਸਕਰੌਦੀ ਆ ਗਈ, ਸਤਿਗੁਰੁ ਝੰਡੇ ਹੇਠ
ਨਾਮ ਦਾਨ ਦੀ ਦਾਤ ਲੈ, ਹੋ ਗਏ ਧੰਨੇ ਸੇਠ
ਰਾਜੇ ਨੇ ਲਿਖ ਭੇਜਿਆ, ਗੋਰਿਆਂ ਨੂੰ ਇਹ ਹਾਲ
ਦੱਸੀ ਸਾਰੀ ਖੋਲ੍ਹ ਕੇ, ਜੋ ਬੀਤੀ ਉਸ ਨਾਲ
ਕਿਵੇਂ ਗੁਆ ਲਏ ਓਸ ਨੇ, ਆਪਣੇ ਦੋ ਸਰਦਾਰ
ਭੇਜੇ ਲੈਣ ਰਿਪੋਟ ਜੋ, ਕੂਕਿਆਂ ਦੇ ਦਰਬਾਰ
ਓਹ ਦੋਵੇਂ ਵੀ ਜਾ ਰਲੇ, ਓਨ੍ਹਾਂ ਦੇ ਹੀ ਨਾਲ
ਸਾਡੇ ਦਿਲ ਵਿਚ ਡਰ ਦਾ, ਪੈਦਾ ਹੋਇਆ ਖ਼ਿਆਲ
ਕੂਕਿਆਂ ਦਾ ਇਹ ਗੁਰੂ ਨਾ, ਸੀ ਪ੍ਰਚਾਰਕ ਇਕ
ਪਰ ਇਸਦੀ ਤਕਰੀਰ ਵਿਚ, ਮਿਕਨਾਤੀਸੀ ਛਿਕ
ਕੀਤਾ ਨਾ ਜੇ ਗੌਰਮੈਂਟ, ਏਨ੍ਹਾਂ ਦਾ ਕੁਝ ਖ਼ਿਆਲ
ਰਲ ਜਾਣਗੇ ਸਿੱਖ ਸਭ, ਇਕ ਦਿਨ ਏਨ੍ਹਾਂ ਨਾਲ
ਇਹੋ ਜੇਹੀਆਂ ਰਿਪੋਰਟਾਂ, ਵੇਖ ਅਨੰਦ ਮਰਯਾਦ
ਦਿਲ ਕੰਬਦਾ ਅੰਗ੍ਰੇਜ਼ ਦਾ, ਪਾਪਾਂ ਦੀ ਕਰ ਯਾਦ
ਵਧਦੇ ਗਏ ਜੇ ਇਉਂ ਹੀ, ਇਕ ਦਿਨ ਖੋਹਸਣ ਰਾਜ
ਖੋਹਿਆ ਸਿੱਖਾਂ ਤੋਂ ਅਸੀਂ, ਨਾਲ ਝੂਠ ਦੇ ਪਾਜ
ਪਹਿਲੇ ਪੰਜਾਂ ਵਿਚ ਇਹ, ਕਾਨ੍ਹ ਸਿੰਘ ਸ਼ੁਮਾਰ
ਕੀਤੇ ਸੀ ਜੋ ਨਜ਼ਰ ਬੰਦ, ਗੋਰਿਆਂ ਦੀ ਸਰਕਾਰ
ਏਨਾਂ ਪਿਛੋਂ ਸਤਿਗੁਰੂ, ਦਏ ਸਤਾਰਾਂ ਥਾਪ
ਜਿਨ੍ਹਾਂ ਕੱਢੇ ਦੇਸ਼ ਚੋਂ, ਬੇਈਮਾਨੀ ਤੇ ਪਾਪ
ਇਹ ਸਤਾਰਾਂ ਵੀ ਕਰੇ, ਭੈਣੀ ਸਾਹਿਬ ਕੈਦ
ਹੋ ਗਈ ਸੀ ਅੰਗ੍ਰੇਜ਼ ਨੂੰ, ਪੱਕੀ ਇਹ ਅਮੈਦ
ਬੇ ਫ਼ਿਕਰੀ ਦੇ ਨਾਲ ਹੁਣ, ਬੈਠ ਜਾਊ ਸਰਕਾਰ
ਕੂਕੇ ਨਾ ਕਰ ਸਕਣਗੇ, ਅਪਣਾ ਇਉਂ ਪ੍ਰਚਾਰ
ਕਮਿਸ਼ਨਰ ਚੱਲ ਅੰਬਾਲਿਓਂ, ਭੈਣੀ ਸਾਹਿਬ ਵਿਚ
ਆਇਆ ਸਤਿਗੁਰੂ ਦਰਸ ਕਰ, ਪੁਛਦਾ ਪਾ ਕੇ ਖਿਚ

ਨਜ਼ਰ ਬੰਦ ਕਰ ਆਪ ਨੂੰ, ਡੱਕ ਦਿਤਾ ਸਰਕਾਰ
ਦੱਸੋ ਕਰੋਗੇ ਕਿਸ ਤਰ੍ਹਾਂ, ਹੁਣ ਅਪਣਾ ਪ੍ਰਚਾਰ
ਹਿੱਕ ਉਤੇ ਹੱਥ ਮਾਰ ਕੇ, ਭਰ ਕੇ ਵਿਚ ਜਲਾਲ
ਬੋਲੇ ਸਤਿਗੁਰੂ ਰਾਮ ਸਿੰਘ, ਤਾਕਤ ਅਪਣੀ ਨਾਲ
ਮੈਂ ਹੁਣ ਬਿੱਲਿਆ ਰਾਮ ਸਿੰਘ, ਘਰ-ਘਰ ਦਿਆਂ ਬਣਾ
ਦੱਸੇਗਾ ਹਲਵਾਹ ਜੋ, ਦੂਜੇ ਤਈਂ ਸੁਣਾ
ਉਸਦੀ ਵਿਚ ਜ਼ਬਾਨ ਦੇ, ਮੇਰੇ ਜਹੀ ਤਾਸੀਰ
ਅਪਣੇ ਜਹੇ ਬਣਾ ਮੈਂ, ਕੀਤੀ ਗੱਲ ਅਖ਼ੀਰ
ਬੁੱਝੇਗੀ ਨਾ ਅੱਗ ਇਹ, ਮੱਚੇ ਧੂਆਂ ਧਾਰ
ਕੀਤੇ ਹੈਨ ਵਿਆਹ ਜੇ, ਮੈਂ ਗੁਰੂ ਮੱਤ ਅਨੁਸਾਰ
ਇਸ ਗੱਲੋਂ ਕਿਉਂ ਡਰ ਕੇ, ਕੰਬਦੀ ਹੈ ਸਰਕਾਰ
ਕੀਤੇ ਹੈਨ ਸਮਾਜ ਵਿਚ, ਜੇ ਕੋਈ ਅਸੀਂ ਸੁਧਾਰ
ਰਸਮਾਂ ਜੋ ਪੁਰਾਣੀਆਂ, ਕੀਤਾ ਦੇਸ਼ ਖ਼ਰਾਬ
ਮੰਗਣੀ ਦਾਜ ਦਹੇਜ ਤੇ, ਫੋਕਾ ਰੋਹਬ ਦਾਬ
ਏਨਾਂ ਸਾਡੇ ਦੇਸ਼ ਨੂੰ, ਕੀਤਾ ਦੁਖੀ ਅਪਾਰ
ਡਰਦੇ ਲੋਕੀਂ ਇਨ੍ਹਾਂ ਤੋਂ, ਕੁੜੀਆਂ ਦੇਂਦੇ ਮਾਰ
ਰੋਕ ਦਿਆਂਗਾ ਇਹ ਸਭ, ਹੋਣ ਨਾ ਦੇਵਾਂ ਪਾਪ
ਬੇ-ਖਰਚੀਲੀ ਵਿਆਹ ਦੀ, ਮਰਯਾਦਾ ਨੂੰ ਥਾਪ
ਮੇਟਾਂ ਰਸਮਾਂ ਇਹ ਮੈਂ, ਕਰਦਿਆਂ ਸੱਭੇ ਨਾਸ
ਦਿਆਂ ਰਹਿਣ ਨਾ ਪੰਥ ਨੂੰ, ਮੈਂ ਇਨ੍ਹਾਂ ਦਾ ਦਾਸ
ਹਰ ਇਕ ਇਨਸਾਨ ਦਾ, ਹੈ ਜਮਾਂਦਰੂ ਹੱਕ
ਅਪਣੇ ਦੇਸ਼ ਸਮਾਜ ਨੂੰ, ਉਚਾ ਲੈ ਜੇ ਚੱਕ
ਰਹਿਣ ਨਾ ਦੇਣਾਂ ਏਸ ਨੂੰ, ਮੈਂ ਹੁਣ ਨਹੀਂ ਗੁਲਾਮ
ਆਗੂ ਜੋ ਬੇਗੈਰਤੇ, ਦੂਰੋਂ ਉਨ੍ਹਾਂ ਸਲਾਮ
ਅੱਜ ਤੱਕ ਇਨ੍ਹਾਂ ਮਚਾ ਲਈ, ਮਨਮਰਜੀ ਦੀ ਲੂਟ
ਲੈਣਾ ਦੇਣਾ ਖ਼ਾਲਸੇ ਹੁਣ, ਹੋਰ ਗੱਲਾਂ ਸਭ ਝੂਠ
ਕਰੀਏ ਅਪਣੀ ਕੌਮ ਵਿੱਚ, ਜੇ ਕੋਈ ਅਸੀਂ ਸੁਧਾਰ
ਡਰ-ਡਰ ਉੱਠਦੀ ਉਸ ਤੋਂ, ਕਿਉਂ ਤੁਹਾਡੀ ਸਰਕਾਰ ?
ਅਸੀਂ ਆਪਣੀ ਕੌਮ ਦੇ, ਗਲ ਚੋਂ ਲਾਹੁਣਾ ਫਾਹ

ਕਰ ਰਹੀ ਹੈ ਇਹ ਜੋ, ਰਸਮਾਂ ਦਾ ਗੁਨਾਹ
ਵਿਚ ਦੀਵਾਨਾਂ ਹੋਣ ਹੁਣ, ਗੁਰਮਤ ਦੇ ਆਨੰਦ
ਕੋਈ ਸ਼ਕਤੀ ਇਨ੍ਹਾਂ ਨੂੰ, ਇਉਂ ਕਰ ਸਕੇ ਨਾ ਬੰਦ
ਸਿੱਧੇ ਸਾਧੇ ਆਦਮੀ, ਦਿਲ ਦੇ ਸਖੀ ਬਲੰਦ
ਮਨਮਤ ਖਾ ਰਹੀ ਇਨ੍ਹਾਂ ਨੂੰ, ਵਢ ਵਢ ਭੈੜੀ ਦੰਦ
ਕਿਤੇ ਪੁਜਾਰੀ ਮੰਗਤੇ, ਵਿਹਲੜ ਬ੍ਰਾਹਮਨ ਲੋਕ
ਚੰਬੜੇ ਸਭੇ ਇਨ੍ਹਾਂ ਨੂੰ, ਖੂਨ ਪੀਣ ਜਿਉਂ ਜੋਕ
ਖੋਲ੍ਹ ਦਿਆਂਗਾ ਉਨ੍ਹਾਂ ਦਾ, ਮੈਂ ਇਹ ਸਾਰਾ ਪੋਲ
ਲੁਟਦੇ ਨੇ ਜੋ ਕੌਮ ਨੂੰ, ਦਿਨੇ ਵਜਾ ਕੇ ਢੋਲ
ਝੂਠੀਆਂ ਰੀਤਾਂ ਰਸਮਾਂ, ਦਾ ਤਾਣ ਕੇ ਜਾਲ
ਨਾਲੇ ਖਾਈ ਜਾ ਰਹੇ, ਨਾਲੇ ਕਰ ਰਹੇ ਹਾਲ-ਓ-ਹਾਲ !
ਧੌਂਕਲ ਦਾ ਟੱਲ-ਚੁੰਮ ਕੇ, ਜੂਠਾ ਲੈ ਲੈ ਖਾਣ
ਸਿਖ ਕਹਾਂਦੇ ਗੁਰੂ ਦੇ, ਚੱਲ ਨਿਗਾਹੇ ਜਾਣ
ਸਿੱਖੀ ਗੁਰੂ ਦਸਮੇਸ ਦੀ, ਰੋਵੇ ਧਾਹਾਂ ਮਾਰ
ਮੈਂ ਕਰਾਂਗਾ ਏਸਦੀ, ਚੰਗੀ ਤਰ੍ਹਾਂ ਸੰਭਾਰ
ਤੀਜਾ ਪੰਥ ਚਲਾਇਆ, ਸਤਿਗੁਰੂ ਦਸਵੇਂ ਆਪ
ਭੇਜਿਆ ਆਪ ਅਕਾਲ ਸੀ, ਦੇ ਓਨ੍ਹਾਂ ਨੂੰ ਥਾਪ
ਜਿਥੋਂ ਪੰਥ ਸੀ ਕੱਢਿਆ, ਮਿਲਿਆ ਓਥੇ ਜਾ
ਭੁਲਦੇ ਹੋਰ ਅੰਜਾਣ ਵੀ, ਵੇਖ ਇਨ੍ਹਾਂ ਦਾ ਰਾਹ
ਵਖਰੀ ਹਸਤੀ ਪੰਥ ਦੀ, ਕਰਨੀ ਅਸੀਂ ਨਿਤਾਰ
ਕਰਨਾ ਇਸ ਨੂੰ ਹੋਰ ਸਭ, ਪੰਥਾਂ ਦਾ ਸਰਦਾਰ
ਭਰੀਆਂ ਦੇਸ਼ ਪਿਆਰ ਨਾ' ਖਰੀਆਂ ਗੱਲਾਂ ਇਹ
ਗੋਰਾ ਤੀਰ ਸੀ ਹੋ ਗਿਆ, ਗਿਆ ਘੋਲਦਾ ਵਿਹ
ਲਾ ਦਰਬਾਰ ਸ੍ਰੀ ਸਤਿਗੁਰੂ, ਕੀਤੀ ਸੋਚ ਵਿਚਾਰ
ਕਿਵੇਂ ਚਲਾਣਾਂ ਪੰਥ ਦਾ, ਅਗੋਂ ਕਾਰ ਵਿਹਾਰ ।

**********************

(18)

# ਰਾਜਨੀਤਕ ਸਰਗਰਮੀਆਂ

ਗ਼ਦਰ ਪਿਛੋਂ ਅੰਗ੍ਰੇਜ਼ ਨੇ, ਕੀਤੇ ਜ਼ੁਲਮ ਅਪਾਰ
ਰੋ ਰਹੀ ਭਾਰਤ ਮਾਤ ਸੀ, ਕਰਦੀ ਹਾ ਹਾ ਕਾਰ
ਵੱਡੇ ਆਕੜ ਖ਼ਾਨ ਜੋ, ਮਿੱਟੀ ਦਿਤੇ ਰੋਲ
ਕੋਈ ਨਹੀਂ ਸੀ ਕੁਸਕਦਾ, ਮੂੰਹੋਂ ਸਕੇ ਨਾ ਬੋਲ
ਗੁਣ ਗਾਂਦੇ ਨਾ ਥੱਕਦੇ, ਅੰਗ੍ਰੇਜ਼ਾਂ ਦੇ ਲੋਕ
ਕਈ ਸਤੋਤ੍ਰ ਗਾ ਰਹੇ, ਘੜ ਲਏ ਕਈ ਸਲੋਕ
ਟੋਪੀ ਵਾਲਾ ਸਿੱਖ ਇਕ, ਆਇ ਸਮੁੰਦਰੋਂ ਪਾਰ
ਮੁਗਲਾਂ ਮਾਰੇ ਆਣ ਕੇ, ਚੰਗੀ ਤਰ੍ਹਾਂ ਸਵਾਰ
ਨਾਵੇਂ ਗੁਰੂ ਦੇ ਹੁਕਮ ਨਾ', ਆਇਆ ਹੈ ਅੰਗ੍ਰੇਜ਼
ਭੇਜਿਆ ਉਹਨਾਂ ਏਸ ਨੂੰ, ਦੇ ਕੇ ਅਪਣਾ ਤੇਜ
ਭਾਰਤ ਵਾਸੀ ਭੁੱਲ ਕੇ, ਦੇਸ਼ ਪਿਆਰ ਦਾ ਰਾਹ
ਮਸਤ ਗ਼ੁਲਾਮੀ ਨਸ਼ੇ ਵਿਚ, ਭਟਕਣ ਅੰਨ੍ਹੇ ਵਾਹ
ਫਾਹੁਣ ਦਾ ਕਾਨੂੰਨ ਜੋ, ਗੋਰੇ ਕਰਨ ਤਿਆਰ
ਆਖਣ ਲੋਕੀਂ ਇਹ ਹੈ, ਕੀਤਾ ਨਵਾਂ ਸੁਧਾਰ
ਗੋਰਿਆਂ ਦਾ ਇਹ ਜ਼ੁਲਮ, ਤੇ ਮਜ਼ਲੂਮਾਂ ਦਾ ਹਾਲ
ਝੱਲ ਨਾ ਸਕੇ ਵੇਖ ਕੇ, ਸਤਿਗੁਰੂ ਦੀਨ ਦਿਆਲ
ਮਨ ਭਾਂਦੇ ਅੰਗ੍ਰੇਜ਼ ਸੀ, ਕਰਦਾ ਅੱਤਿਆ ਚਾਰ
ਕੋਈ ਨਾ ਅੱਗੋਂ ਆਖਦਾ, ਕੀ ਕਰਦੇ ਸਰਕਾਰ
ਕੋਮਲ ਹੁਨਰ ਦੇਸ ਦੇ, ਕਰੇ ਗੋਰਿਆਂ ਬੰਦ
ਪਾ ਦਿਤਾ ਵਲੈਤ ਤੋਂ, ਚੀਜ਼ਾਂ ਦਾ ਲਿਆ ਗੰਦ
ਕਪੜਾ ਜੋ ਬਨਾਰਸੀ, ਰੇਸ਼ਮ ਬਣੇ ਅਸਾਮ
ਕਾਰੀਗਰ ਬਨਾਣ ਜੋ, ਕਾਬੂ ਕਰੇ ਤਮਾਮ
ਮਲਮਲ ਢਾਕੇ ਦੇ ਜਿਹੀ, ਬਣੇ ਨਾ ਕਿਧਰੇ ਹੋਰ
ਜੁਲਾਹੇ ਜੋ ਵਲੈਤ ਦੇ, ਥੱਕੇ ਸਭ ਲਾ ਜ਼ੋਰ
ਕਲਾਕਾਰ ਜੋ ਦੇਸ ਦੇ, ਕੱਪੜਾ ਕਰਦੇ ਤਿਆਰ

ਫੜ੍ਹ ਉਹਨਾਂ ਤੇ ਜ਼ੁਲਮ ਦੇ, ਪਰਬਤ ਦਏ ਉਲਾਰ
ਗੂਠੇ ਵੱਢੇ ਉਨ੍ਹਾਂ ਦੇ, ਕੰਮ ਕਰਨ ਨਾ ਹੋਰ
ਕਾਬੂ ਸਾਰੇ ਕਰ ਲਏ, ਨਾਲ ਹਿੱਕ ਦੇ ਜ਼ੋਰ
ਕਬਜ਼ੇ ਆਪਣੇ ਕਰ ਲਿਆ, ਭਾਰਤ ਦਾ ਵਾਪਾਰ
ਕਪੜਾ ਲਿਆ ਵਲੈਤ ਤੋਂ, ਭਰ ਦਿਤੇ ਬਾਜ਼ਾਰ
ਚਾਕੂ ਸੂਈ ਕੈਂਚੀਆਂ, ਨਿੱਕਾ ਵੱਡਾ ਸਾਮਾਨ
ਗੋਰਿਆਂ ਲੁੱਟਣ ਦੇ ਲਈ, ਪਾਈ ਆਣ ਦੁਕਾਨ
ਕਿਧਰੇ ਲੱਠੇ ਮਲਮਲਾਂ, ਮਖ਼ਮਲ ਨਕਲੀ ਤੋਰ
ਕੀਨਾਂ, ਖਾਫਾਂ, ਨੈਨ ਸੁਖ, ਨਾਮ ਧਰੇ ਕਈ ਹੋਰ
ਵਿਕਣ ਲਗ ਪਿਆ ਆਮ ਸੀ, ਗੋਰਿਆਂ ਦਾ ਸਾਮਾਨ
ਚਟਕ ਭਟਕ ਵਿਚ ਰੁਲ ਗਏ, ਹਿੰਦੀ ਨੌਜੁਆਨ
ਖੱਦਰ ਡਰਦਾ ਲੁਕ ਗਿਆ, ਕੋਈ ਨਾ ਪੁੱਛੇ ਬਾਤ
ਦੇਸ ਲੁੜੀਂਦਾ ਵੇਖ ਇਹ, ਮਾਰੀ ਸਤਿਗੁਰੂ ਝਾਤ
ਕੀਤਾ ਆਪਣੇ ਪੰਥ ਨੂੰ, ਉਹਨਾਂ ਨੇ ਫ਼ਰਮਾਨ
ਕੋਈ ਬਦੇਸੀ ਕੱਪੜਾ, ਸਿੰਘ ਨਾ ਪਾਏ ਆਨ
ਵਰਤੇ ਕੋਈ ਦਵਾ ਨਾ, ਜੋ ਅੰਗ੍ਰੇਜ਼ ਲਿਆਣ
ਦਾਰੂ ਸਾਡੇ ਰੋਗ ਦਾ, ਇਹ ਨਹੀਂ ਸਕਦੇ ਜਾਣ
ਸਰਦ ਤਰ ਇੰਗਲੈਂਡ ਹੈ, ਗਰਮ ਖੁਸ਼ਕ ਹੈ ਦਵਾ
ਗਰਮ ਖੁਸ਼ਕ ਵਿਚ ਦੇਸ ਦੇ, ਉਹ ਨਾ ਕਰੇ ਸ਼ਫ਼ਾ
ਧਰਮ ਅਧਰਮ ਦੀ ਫੇਰ ਨਾ, ਏਹਨਾਂ ਨੂੰ ਕੋਈ ਸਾਰ
ਇਹਨਾਂ ਲਈ ਕੁਝ ਗੱਲ ਨਾ, ਬੰਦਾ ਦੇਣਾ ਮਾਰ
ਜਾ ਕਚਹਿਰੀ ਇਨ੍ਹਾਂ ਦੀ, ਭਾਲੇ ਨਾ ਇਨਸਾਫ਼
ਨਾ ਇਹ ਕਰਨੀ ਜਾਣਦੇ, ਕੋਈ ਵੀ ਗੱਲ ਸਾਫ਼
ਪਾਂਦੇ ਗੇੜ ਨੜਿੱਨਵੇਂ, ਅੱਗੇ ਅੱਗੇ ਹੀ ਹੋਰ
ਸਾਧਾਂ ਨੂੰ ਫੜ੍ਹ ਬੰਨ੍ਹ ਦੇ, ਬੁੱਲੇ ਲੁੱਟਦੇ ਚੋਰ
ਝਗੜੇ ਆਪਣੇ ਹੋਣ ਜੋ, ਆਪੇ ਲਓ ਨਿਬੇੜ
ਕਦੇ ਵੀ ਫਸੋ ਨਾ ਭੁੱਲ ਕੇ, ਏਸ ਕਾਨੂੰਨੀ ਗੇੜ
ਦਿਲ ਵਿਚ ਰੱਖੋ ਆਸ ਇਹ, ਅਪਣਾ ਲੈਣਾ ਰਾਜ
ਅਸੀਂ ਨਹੀਂ ਹੈ ਰਹਿਣਾ, ਇਹਨਾਂ ਦੇ ਮੋਹਤਾਜ

ਕੋਈ ਵਸਤੁ ਨਾ ਵਰਤਣੀ, ਅਸੀਂ ਇਨ੍ਹਾਂ ਦੀ ਆਮ
ਭਾਵੇਂ ਮਿਲੇ ਉਹ ਮੁਫ਼ਤ ਹੀ, ਬਿਨਾਂ ਖਰਚਿਆਂ ਦਾਮ
ਇਹ ਧਰਮੋ ਵੇਮੁਖ ਕਰਨ, ਉਲਟੀ ਗੱਲ ਸਿਖਾਣ
ਇਹਨਾਂ ਦੀ ਤਾਲੀਮ ਨਾ, ਸਾਨੂੰ ਹੈ ਪਰਵਾਨ
ਚੰਗੇ ਹਾਂ ਬੇਪੜ੍ਹ ਅਸੀਂ, ਬਿਨਾਂ ਪੜ੍ਹਾਈ ਏਸ
ਨਹੀਂ ਭੁਲਾਣੀ ਕਦੀ ਵੀ, ਆਪਣੀ ਭਾਸ਼ਾ ਭੇਸ
ਕੋਈ ਵਦੇਸ਼ੀ ਚੀਜ਼ ਨਾ, ਕਰਨੀ ਅੰਗੀ ਕਾਰ
ਕਰ ਦੇਣਾ ਹੈ ਇਨ੍ਹਾਂ ਦਾ, ਸਾਰਾ ਬੰਦ ਵਾਪਾਰ
ਦੂਰੋਂ ਕਰਨੀ ਗੋਰਿਆਂ, ਸੌ-ਸੌ ਵਾਰ ਸਲਾਮ
ਕਰਨੀ ਕਦੇ ਨਾ ਭੁੱਲ ਕੇ, ਉਹਨਾਂ ਨਾਲ ਕਲਾਮ
ਕੀਤੇ ਸਨ ਇਹ ਫ਼ੈਸਲੇ, ਵਿਚ ਪੰਥਕ ਦਰਬਾਰ
ਸੂਬਿਆਂ ਨੂੰ ਕਿਹਾ ਏਸ ਦਾ, ਖ਼ੂਬ ਕਰੋ ਪ੍ਰਚਾਰ
ਰਾਜਨੀਤਕ ਸਰਗਰਮੀਆਂ, ਹੋ ਗਈਆਂ ਸਨ ਤੇਜ
ਦੂਜੇ ਦੇਸੀਂ ਆਪਣੇ, ਸਫ਼ੀਰ ਦਿੱਤੇ ਸਨ ਭੇਜ
ਆਪਣੀ ਸਾਰੀ ਯੋਜਨਾ, ਲਿਖ ਭੇਜੀ ਸੀ ਸਾਫ਼
ਜੋ ਵੀ ਸਨ ਅੰਗ੍ਰੇਜ਼ ਦੇ, ਦੂਜੇ ਦੇਸ਼ ਖ਼ਿਲਾਫ਼
ਇਕ ਸਿੱਖ ਵਿਦਵਾਨ ਜਿਸ, ਬਿਸ਼ਨ ਸਿੰਘ[90] ਸੀ ਨਾਮ
ਪੜ੍ਹੀ ਫ਼ਾਰਸੀ ਏਸ ਨੇ, ਪਸ਼ਤੋ ਬੋਲੇ ਆਮ
ਇਹ ਸੀ ਕੂਕਾ ਬਣ ਗਿਆ, ਹੋਈ ਖੁਸ਼ੀ ਮਹਾਨ
ਇਸ ਦਾ ਬੰਸ ਅਰੋੜ ਸੀ, ਚਾਣਕ ਜਿਉਂ ਸਨਮਾਨ
ਵੇਦੀ ਸੋਢੀ ਕਈ ਇਕ, ਹਾਜ਼ਰ ਹੋ ਦਰਬਾਰ
ਕਾਬਲ ਅਤੇ ਕੰਧਾਰ ਉਨ, ਜਾ ਕੀਤਾ ਪ੍ਰਚਾਰ
ਬਿਸ਼ਨ ਸਿੰਘ ਨੂੰ ਸਤਿਗੁਰਾਂ, ਕੀਤਾ ਸੀ ਫ਼ਰਮਾਨ
ਕਾਬਲ ਵਿੱਚ ਦੀ ਰੂਸ ਵਿਚ, ਜਾ ਪ੍ਰਚਾਰੋ ਨਾਮ

---

[90] ਬਿਸ਼ਨ ਸਿੰਘ ਨੂੰ ਅਪ੍ਰੈਲ 1880 ਈ. ਦੀ ਪੁਲੀਸ ਕਪਤਾਨ ਲੁਧਿਆਣਾ ਦੀ ਰਿਪੋਰਟ ਵਿਚ ਅਰੋੜਾ ਲਿਖਿਆ ਹੈ, ਜੋ ਬੜਾ ਧਨੀ ਕੂਕਾ ਹੈ। ਪੇਸ਼ਾਵਰ, ਕਾਬਲ ਤੇ ਬੁਖਾਰਾ ਵਿਚ ਆਪਣੀਆਂ ਕਈ ਏਜੰਸੀਆਂ ਰੱਖਦਾ ਹੈ। ਉਹ ਰੂਸੀਆਂ ਅਤੇ ਬੁੱਧ ਸਿੰਘ (ਗੁਰੂ ਹਰੀ ਸਿੰਘ ਜੀ) ਵਿਚਾਲੇ ਸੰਪਰਕ ਸੂਤਰ ਹੈ।-ਸੁਵਰਨ ਸਿੰਘ ਵਿਰਕ, ਕੂਕਾ ਲਹਿਰ ਦੇ ਅਮਰ ਨਾਇਕ ਭਾਗ -1, ਗੁਰੂ ਕਾ ਲਾਲ ਬਿਸ਼ਨ ਸਿੰਘ ਕਾਬਲ ਵਾਲਾ, ਸਫਾ 560-75

ਕਹਿਣਾ ਹਿੰਦੁਸਤਾਨ ਨੂੰ, ਜਲਦੀ ਆਵੇ ਰੂਸ
ਆਣ ਉਡਾਵੇ ਗੋਰਿਆਂ ਦਾ, ਉਹ ਫੜ ਕੇ ਫੂਸ
ਦੇਵੇ ਸਾਡੇ ਦੇਸ ਨੂੰ, ਰੂਸ ਆਜ਼ਾਦ ਕਰਾਇ
ਯਾਦ ਰਖੇ ਪਰ ਆਣ ਉਹ, ਛੌਣੀ ਲਏ ਨਾ ਪਾਇ
ਅਸੀਂ ਆਪਣੇ ਦੇਸ ਦਾ, ਕਰਲਾਂ ਗੇ ਪਰਬੰਧ
ਰਖਣਾ ਅਸੀਂ ਨਾ ਇਹ ਹੁਣ, ਹੋਰ ਗੁਲਾਮੀ ਗੰਦ
ਕਾਬਲ ਜਾ ਕੇ ਬਿਸ਼ਨ ਸਿੰਘ, ਕਰੀ ਅਮੀਰ ਨਾ' ਬਾਤ
ਮਦਦ ਦੇ ਵਿਚ ਪੰਥ ਦੀ, ਹਿੰਦ ਵੱਲ ਮਾਰੋ ਝਾਤ
ਪੁੱਤਰ ਦੋ ਅਮੀਰ ਦੇ, ਭੈਣੀ ਸਾਹਬ ਆਨ
ਸਤਿਗੁਰੂ ਦੇ ਦੀਦਾਰ ਕਰ, ਹੋਏ ਖੁਸ਼ੀ ਮਹਾਨ
ਕੀਤੀ ਉਹਨਾਂ ਨਾਲ ਕੀ, ਸ੍ਰੀ ਸਤਿਗੁਰੂ ਗੱਲ
ਪਤਾ ਨਾ ਲਗਾ ਗੋਰਿਆਂ, ਉਹ ਕਿਉਂ ਆਏ ਚੱਲ
ਰੀਕਾਰਡ ਵਿਚ ਕੂਕਿਆਂ, ਹੈ ਇਹ ਕੀਤਾ ਨੋਟ
ਅਮੀਰ[91] ਕਾਬਲ ਵੀ ਲਈ ਸੀ, ਸਤਿਗੁਰੂ ਜੀ ਦੀ ਓਟ
ਕਾਬਲ ਤੋਂ ਸੀ ਬਿਸ਼ਨ ਸਿੰਘ, ਗਏ ਰੂਸ ਵਿਚਕਾਰ
ਦੱਸੀ ਯੋਜਨਾ ਰੂਸ ਨੂੰ, ਨਾਮਧਾਰੀ ਦਰਬਾਰ
ਲੱਗਾ ਨਾ ਅੰਗ੍ਰੇਜ਼ ਨੂੰ, ਏਸ ਗੱਲ ਦਾ ਭੇਦ
ਝੂਠੋਂ ਮੂਠੋਂ ਅਟਕਲੋਂ, ਐਵੇਂ ਲਾਈ ਸੇਧ
ਦੂਜੇ ਪਾਸੇ ਕਿਸ਼ਨ ਸਿੰਘ, ਜੰਮੂ ਤੇ ਕਸ਼ਮੀਰ
ਡੋਗਰਿਆਂ ਦੇ ਵਿਚ ਜਾ, ਕੀਤੀ ਸੀ ਤਕਰੀਰ
ਗੋਰੇ ਕਰਦੇ ਤੰਗ ਉਨ੍ਹਾਂ, ਗੱਲ ਗੱਲ ਦੇ ਵਿੱਚ
ਕਰ ਦਿਤੇ ਸਨ ਡੋਗਰੇ, ਪੁੱਜ ਉਨ੍ਹਾਂ ਨੇ ਜਿੱਚ
ਰਾਜਾ ਸੀ ਕਸ਼ਮੀਰ ਦਾ, ਗੱਦੀ ਤੇ ਰਣਬੀਰ
ਕਿਸ਼ਨ ਸਿੰਘ ਨੇ ਮਿਲ ਕੇ, ਓਸ ਵੰਧਾਈ ਧੀਰ
ਚਲਣ ਵੇਖ ਤੇ ਹਾਲ ਸੁਣ, ਹੋਇਆ ਸੀ ਪ੍ਰਸੰਨ
ਧੰਨ ਸਿੰਘ ਇਹ ਗੁਰੂ ਦੇ, ਗੁਰੂ ਇਨ੍ਹਾਂ ਦਾ ਧੰਨ

---

[91] ਅਮੀਰ ਦਾ ਨਾਮ ਅਬਦੁਲ ਰਜ਼ਾਕ ਸੀ।-ਰੀਬੈਲਜ਼ ਅਗੇਂਸਟ ਦਾ ਬ੍ਰਿਟਿਸ਼ ਰੂਲ, ਸੰਪਾ. ਭਾਈ ਨਾਹਰ ਸਿੰਘ ਭਾਈ ਕਿਰਪਾਲ ਸਿੰਘ, ਸਫਾ-84



**ਅਜ਼ਾਦੀ ਲਈ ਅਫਗਾਨਿਸਤਾਨ ਨਾਲ ਸੰਪਰਕ Diplomatic Relations with Afghanistan**

"ਕਾਬੁਲ ਦੇ ਅਮੀਰ ਅਬਦੁਲ ਰਜ਼ਾਕ ਨੇ ਆਪਣੇ ਦੋ ਪੁਤੱਰ ਸ੍ਰੀ ਭੈਣੀ ਸਾਹਿਬ ਵਿਖੇ ਸਤਿਗੁਰੂ ਰਾਮ ਸਿੰਘ ਜੀ ਦੇ ਸਿਧਾਂਤਾਂ ਦੀ ਜਾਣਕਾਰੀ ਵਾਸਤੇ ਭੇਜੇ"

The Two sons of Ameer (King) of Afghanistan in a meeting with Sri Satguru Ram Singh Ji in Sri Bhaini Sahib (Distt. Ludhiana)

ਸਢੌਰੇ ਦੇ ਰਾਈਸ ਇਕ, ਹੀਰਾ ਸਿੰਘ ਸਰਦਾਰ
ਉਹ ਵੀ ਰਾਜੇ ਨੂੰ ਮਿਲੇ, ਜੰਮੂ ਵਿਚ ਦਰਬਾਰ
ਕਰ ਵਿਚਾਰ ਰਣਬੀਰ ਸਿੰਘ, ਦੋਹਾਂ ਕਰੀ ਸਲਾਹ
ਰਜਮਟ ਪੂਰੀ ਕੂਕਿਆਂ, ਏਥੇ ਲਓ ਚਲਾ
ਡੋਗਰਿਆਂ ਨਾਲੋਂ ਉਨ੍ਹਾਂ, ਇਕ ਰੁਪੱਯਾ ਵੱਧ
ਕਿਹਾ ਜੰਮੂ ਨਰੇਸ਼ ਮੈਂ, ਦਿਆਂ ਉਨ੍ਹਾਂ ਨੂੰ ਸੱਦ
ਢਾਈ ਸੌ ਸਿੰਘ ਰੱਖਿਆ, ਜੋ ਤਿਆਰ ਬਰ ਤਿਆਰ
ਲੰਮੂ ਹੀਰਾ ਸਿੰਘ ਸਨ, ਉਨ੍ਹਾਂ ਦੇ ਸਰਦਾਰ
ਗਿਲਗਿਤ ਵਿਚ ਸਰਹੱਦ ਤੇ, ਬੈਠੇ ਹੋ ਅਨੰਦ
ਦੁਸ਼ਮਣ ਲਈ ਕਸ਼ਮੀਰ ਦੇ, ਨਾਕੇ ਕੀਤੇ ਬੰਦ
ਪਤਾ ਲੱਗਣ ਤੇ ਗੋਰਿਆਂ, ਰਜਮਟ ਦਿਤੀ ਤੋੜ
ਭੇਜ ਦਿਤੇ ਪੰਜਾਬ ਨੂੰ, ਸਿੰਘ ਗੁਰੂ ਦੇ ਮੋੜ
ਕਿਸ਼ਨ ਸਿੰਘ ਜੀ ਆ ਰਹੇ, ਮੁੜ ਕੇ ਫੱਤੇਵਾਲ[92]੧
ਗ੍ਰੰਥਗੜ੍ਹ ਦੇ ਪਿੰਡ ਇਹ, ਅਸਲੋਂ ਲਗਦਾ ਨਾਲ
ਅੰਗ੍ਰੇਜ਼ਾਂ ਨੂੰ ਚੁਭਦਾ, ਕਿਸ਼ਨ ਸਿੰਘ ਜਿਉਂ ਸੂਲ
ਕਾਬੂ ਕਰੀਏ ਓਸ ਨੂੰ, ਲੱਭ ਗਈ ਇਹ ਚੂਲ
ਫੱਤੇਵਾਲ ਵਿਚ ਕਿਸੇ ਇਕ, ਬੰਦਾ ਦਿਤਾ ਮਾਰ
ਚੱਲ ਗਿਆ ਅੰਗ੍ਰੇਜ਼ ਦਾ, ਕਿਸ਼ਨ ਸਿੰਘ ਤੇ ਵਾਰ
ਰਚਿਆ ਫਾਹੁਣ ਸਿੰਘ ਨੂੰ, ਬਿੱਲਿਆਂ ਨੇ ਸਟੰਟ
ਬਿਨਾ ਕਸੂਰੋਂ ਓਸ ਦੇ, ਦਿੱਤੇ ਕੱਢ ਵਰੰਟ
ਭੱਜ ਪੰਜਾਬੋਂ ਕਿਸ਼ਨ ਸਿੰਘ, ਪੁੱਜਾ ਜਾ ਨੈਪਾਲ
ਰਾਣੇ ਨੂੰ ਮਿਲ ਦੱਸਿਆ, ਉਸ ਨੇ ਅਪਣਾ ਹਾਲ
ਰਹਿਤ ਬਹਿਤ ਤੱਕ ਸਿੰਘ ਦੀ, ਉੱਚਾ ਵੇਖ ਅਚਾਰ
ਗੋਰਖਿਆਂ ਦਾ ਹੋ ਗਿਆ, ਕਿਸ਼ਨ ਸਿੰਘ ਨਾਲ ਪਿਆਰ

[92]ਫੱਤੇਵਾਲ ਤਸੀਲ ਅਜਨਾਲਾ ਜ਼ਿਲ੍ਹਾ ਅੰਮ੍ਰਿਤਸਰ ਇਹ ਆਹਲੂਵਾਲੀਆਂ ਦਾ ਖਾਨਦਾਨ ਸੀ। ਸੂਬਾ ਭਗਵਾਨ ਸਿੰਘ ਫੱਤੇਵਾਲ ਦਾ ਨਾਮ ਸਤਿਗੁਰੂ ਰਾਮ ਸਿੰਘ ਜੀ ਦੇ ਬਾਈ ਸੂਬਿਆਂ ਵਿਚ ਆਉਂਦਾ ਹੈ। ਕਿਸ਼ਨ ਸਿੰਘ ਦਾ ਪਿੰਡ ਗ੍ਰੰਥਗੜ੍ਹ ਫੱਤੇਵਾਲ ਦੇ ਨਾਲ ਹੀ ਸੀ। (ਸੁਵਰਨ ਸਿੰਘ ਵਿਰਕ 'ਕੂਕਾ ਲਹਿਰ ਦੇ ਅਮਰ ਨਾਇਕ ਭਾਗ-1' ਭਾਈ ਕਿਸ਼ਨ ਸਿੰਘ ਗ੍ਰੰਥ ਗੜ੍ਹ, ਸਫਾ 545-60)


ਸਰਦਾਰ ਹੀਰਾ ਸਿੰਘ ਲੰਮੂ ਸਢੌਰਾ

ਅੱਤ ਸੁਨੱਖਾ ਗੱਭਰੂ, ਆਹਲਾ ਸੋਹਣੀ ਚਾਲ
ਸ਼ਮਸ਼ੇਰ ਜੰਗ ਮਿਲ ਓਸ ਨੂੰ, ਹੋਏ ਖੁਸ਼ੀ ਕਮਾਲ
ਕਿਸ਼ਨ ਸਿੰਘ ਨੇ ਦੱਸਿਆ, ਆਪਣਾ ਸਭ ਵਰਤੰਤ
ਕਿਵੇਂ ਬਣਾਇਆ ਵੈਲੀਓਂ, ਉਸ ਨੂੰ ਪੂਰਨ ਸੰਤ
ਚੀਨੀਵਾਲਾ ਪਾਤਸ਼ਾਹ, ਪੂਰਨ ਗੁਰ ਅਵਤਾਰ
ਪ੍ਰਗਟ ਹੋਏ ਓਹ ਨੇ, ਭੈਣੀ ਸਾਹਿਬ ਮਝਾਰ
ਸਚ ਸੁਚ ਸੰਜਮ ਹੋਮ ਯੱਗ, ਸੰਸਕ੍ਰਿਤੀ ਜੋ ਆਦ
ਤੋਰੀ ਸਤਿਗੁਰੂ ਰਾਮ ਸਿੰਘ, ਸਤਿਜੁਗ ਦੀ ਮਰਯਾਦ
ਉਨ੍ਹਾਂ ਦੇ ਝੰਡੇ ਹੇਠ ਨੇ, ਸਿੰਘ ਆਏ ਕਈ ਲਾਖ
ਭਰਦਾ ਹੈ ਅੰਗ੍ਰੇਜ਼ ਵੀ, ਇਹ ਉਹਨਾਂ ਦੀ ਸਾਖ਼
ਪੂਰਿਆ ਭਾਰਤ ਦੇਸ਼ ਵਿਚ, ਉਨ੍ਹਾਂ ਆਜ਼ਾਦੀ ਨਾਦ
ਕੀਤਾ ਜਿਸ ਨੂੰ ਗੋਰਿਆਂ, ਪੁਜ ਕੇ ਹੈ ਬਰਬਾਦ
ਰਾਣੇ ਬੰਦਾ ਆਪਣਾ, ਇਕ ਭੇਜ ਕੇ ਖ਼ਾਸ
ਉਸ ਦੇ ਹਥ ਮੁਰਾਸਲਾ, ਭੇਜਿਆ ਸਤਿਗੁਰ ਪਾਸ
ਖੱਚਰਾਂ ਹੋਣ ਬਹੁ ਚੰਗੀਆਂ, ਮੱਝਾਂ ਮਣ ਦੁਧ ਦੇਣ
ਵੇਖ ਜਿਨ੍ਹਾਂ ਨੂੰ ਗੋਰਖੇ, ਖੁਸ਼ੀ ਵਿਚ ਨਾ ਮੇਣ
ਭੇਜ ਦੇਣੀਆਂ ਜਲਦ ਹੀ, ਸਿੰਘ ਆਪਣੇ ਹੱਥ
ਹੋਣ ਸੁਚੱਜੇ ਉਹ ਜੋ, ਕਰ ਸਕਣ ਗੱਲ ਕੱਥ
ਬਾਬਾ ਕਾਨ੍ਹ ਸਿੰਘ ਤੇ, ਸਾਹਿਬ ਸਿੰਘ ਜੀ ਨਾਲ
ਭੇਜਿਆ ਸਤਿਗੁਰੂ ਰਾਮ ਸਿੰਘ, ਰਾਣੇ ਨੂੰ ਸੀ ਮਾਲ
ਧਰਤਿ ਹਵਾਨਾ ਲੱਗਿਆ, ਕੁੰਢੀਆਂ ਮੱਥੇ ਫੁੱਲ
ਪੂਛਲਾਂ ਚਿੱਟੀਆਂ ਚੌਰ ਜਿਉਂ, ਫੁਲਕਾਰੀ ਦੇ ਝੁੱਲ
ਲੂੰ ਨਾਂ ਪਿੰਡੇ ਇੱਕ ਸੀ, ਗਿਠ ਗਿਠ ਲੰਮੇ ਥਣ
ਨੀਲੀ ਦੀਆਂ ਜੰਮੀਆਂ, ਦੁਧ ਦੇਣ ਮਣ-ਮਣ
ਹੱਥ ਪਿੰਡਿਓਂ ਤਿਲਕਦਾ, ਹਾਥੀ ਜੇਹੇ ਕੱਦ
ਨਸਲੋਂ ਰਵਾ ਸੀ ਆ ਰਿਹਾ, ਖੰਧਾ ਚੂਚਕ[93] ਵੱਗ
ਖੱਚਰਾਂ ਡਾਢੀਆਂ ਸੋਹਣੀਆਂ, ਥੱਕਣ ਚੁੱਕ ਨਾ ਭਾਰ

[93] ਚੂਚਕ- ਹੀਰ ਸਿਆਲ ਵਾਸੀ ਝੰਗ, ਦਾ ਚਾਚਾ। ਭਾਵ ਜਿਹੜੀਆ ਮੱਝਾਂ ਕਦੇ ਰਾਂਝਾ, ਹੀਰ ਦਾ ਪ੍ਰੇਮੀ ਚਾਰਦਾ ਰਿਹਾ ਸੀ, ਉਸ ਨਸਲ ਦੀਆਂ ਮੱਝਾਂ।

ਪਲ਼ੀਆਂ ਖਾ ਨਿਹਾਰੀਆਂ, ਲੈ ਲੈ ਬਹੁਤ ਪਿਆਰ
ਚਾਪੜ ਜਿਉਂ ਚੌੜੇ ਪੁੜੇ, ਅੱਗੋਂ ਉੱਚੇ ਮੌਰ
ਲੱਕ ਤੇ ਨਿੰਬੂ ਟਿਕਦਾ, ਮਟਕਾ ਵਾਲਾ ਤੌਰ
ਪਰਬਤ ਵੇਖ ਨਾ ਰੁਕਦੀਆਂ, ਉੱਚੀ ਲੰਮੀ ਧਾਰ
ਰਵਾਂ ਰਵੀਂ ਚੜ੍ਹ ਜਾਂਦੀਆਂ, ਮਣਾਂ ਮੂੰਹੀਂ ਚੁੱਕ ਭਾਰ
ਜੰਗ ਬਹਾਦਰ ਵੇਖ ਕੇ, ਅਤੀ ਹੋਏ ਪ੍ਰਸੰਨ
ਵੇਖ ਮਾਲ ਨੂੰ ਚੜ੍ਹ ਗਿਆ, ਪੁੰਨਿਆਂ ਦਾ ਸੀ ਚੰਨ
ਇਕ ਮੁਰਾਸਲਾ ਸਤਿਗੁਰੂ, ਭੇਜਿਆ ਕਿਰਪਾ ਧਾਰ
ਕੀ ਸੀ ਉਸ ਵਿਚ ਲਿਖਿਆ, ਇਹ ਜਾਣੇ ਕਰਤਾਰ
ਰੱਖੇ ਸਿੰਘ ਸਤਿਕਾਰ ਦੇ, ਜਿਉਂ ਸ਼ਾਹੀ ਮਹਿਮਾਨ
ਰਾਣੇ ਦਿਤੀ ਵਿਦਿਆ, ਡਾਢਾ ਕਰ ਸਨਮਾਨ
ਨਾਪੇ ਲੈ ਕੇ ਮੁਸ਼ਕ ਦੇ, ਮਣਕੇ ਇਕ ਸੌ ਅੱਠ
ਸੋਨੇ ਵਿਚ ਮੜ੍ਹਾ ਕੇ, ਮਾਲਾ ਦਿਤੀ ਸੱਠ
ਮੇਰੂ ਥਾਂ ਟਿਕਾਇਆ, ਹੀਰਾ ਇਕ ਤਰਾਸ਼
ਰਾਤੀਂ ਹੁੰਦਾ ਚੰਨ ਜਿਉਂ, ਉਸ ਵਿਚੋਂ ਪ੍ਰਕਾਸ਼
ਰਤਨ ਜੜੀ ਦੋ ਖੋਖਰੀ, ਸੋਨਾ ਲਗਾ ਮੁੱਠ
ਥਾਂ-ਥਾਂ ਮੋਤੀ ਚਮਕਦੇ, ਖਾਲੀ ਨਾ ਕੋਈ ਗੁੱਠ
ਇਕ ਦੁਸ਼ਾਲਾ ਆਹਲਾ, ਪੰਜਾਹ ਗਜ਼ ਨਾਲ ਬਨਾਤ
ਪਹਿਨ ਸਪੈਦੀ ਲਾਲ ਜਿਉਂ, ਚਿਹਰੇ ਚਮਕੇ ਕ੍ਰਾਂਤ
ਮੁੱਢੋਂ ਤੁਰਦੀ ਆ ਰਹੀ, ਸ਼ਾਹੀ ਨਸਲ ਅਖੂਟ
ਕਿਸੇ ਵੀ ਕੀਮਤ ਤਾਰਿਆਂ, ਨਾ ਉਹ ਮਿਲਦੇ ਗੂਟ
ਚੀਨੇ ਕਲਬੂਤਰ ਜਿਹੇ, ਇਕੋ ਜਿਹੇ ਸਪੈਦ
ਮਚਲ ਮਚਲ ਕੇ ਤੁਰਨ ਜਿਉਂ, ਗੋਰੇ ਕਰਨ ਕਵੈਦ
ਸੋਨੇ ਦੀਆਂ ਹਮੇਲ ਗਲ, ਜੁਗਨੀਆਂ ਵਿਚ ਜੁੜ ਨੱਗ
ਕਾਠੀਆਂ ਚਮਕਣ ਜੇਹੀਆਂ, ਵਿਚੋਂ ਦਿਸਦੀ ਪੱਗ
ਵਾਗਾਂ ਸੁਚੀਆਂ ਰੇਸ਼ਮੀ, ਮੜ੍ਹੀਆਂ ਤਿੱਲੇ ਨਾਲ
ਮੂੰਹੀਂ ਲਗਾਮ ਫ਼ੌਲਾਦ ਦੇ, ਨਰਮੀ ਭਰੀ ਕਮਾਲ
ਜੰਗ ਬਹਾਦਰ ਭੇਟ ਇਹ, ਭੇਜੀ ਗੁਰ ਦਰਬਾਰ
ਮਾਲ ਦੀ ਕੀਮਤ ਵਖਰੀ, ਸੈਂਕੜੇ ਕਈ ਹਜ਼ਾਰ
ਕਿਹਾ ਅਗੋਂ ਸੂਬਿਆਂ, ਸਾਨੂੰ ਨਾ ਪਰਵਾਨ
ਪੈਸਾ ਨਗਦੀ ਲੈਣ ਨਾ, ਸਤਿਗੁਰ ਜਾਣੀ ਜਾਨ

ਪਾਣਾ ਲੰਗਰ ਵਿਚ ਜਾ, ਰਾਣੇ ਲਾ ਕਿਹਾ ਤਾਣ
ਕਹਿਣਾ ਕਿਰਪਾ ਧਾਰ ਗੁਰ, ਭੇਟ ਕਰਨ ਪਰਵਾਨ
ਵਿਦਿਆ ਦਿਤੀ ਆਪਣੇ, ਦਏ ਸਿਪਾਹੀ ਨਾਲ
ਜਿੰਨ੍ਹਾ ਹਿੰਦ ਪੁਚਾਇਆ, ਉਹ ਸੀ ਸਾਰਾ ਮਾਲ
ਭੇਜਿਆ ਇਕ ਮੁਰਾਸਲਾ, ਜੋ ਸ਼ਾਹੀ ਦਸਤੂਰ
ਧਰਿਆ ਸੂਬਿਆਂ ਆਣ ਉਹ, ਸ੍ਰੀ ਗੁਰ ਦੇਵ ਹਜ਼ੂਰ
ਪੜ੍ਹ ਸੁਣ ਸਾਰਾ ਹਾਲ ਸਭ, ਹੋਏ ਖੁਸ਼ੀ ਅਪਾਰ
ਸੂਬਿਆਂ ਨੂੰ ਕਿਹਾ ਸਤਿਗੁਰੂ, ਕਰ ਲਿਆਏ ਵਾਪਾਰ
ਕਿਉਂ ਲਿਆਏ ਇਹ ਤੁਸੀਂ, ਕਿਹਾ ਦੀਨਾ ਨਾਥ
ਤੁਰਨ ਸਮੇਂ ਸੀ ਵਰਜਿਆ, ਔਣਾ ਖਾਲੀ ਹਾਥ
ਕਾਨ੍ਹ ਸਿੰਘ ਨਿਰਦੇਸ਼ ਕਰ, ਸਾਹਿਬ ਸਿੰਘ ਸਰਦਾਰ
ਜੋ ਲਿਆਏ ਹੈ ਇਹ, ਸਭ ਉਹਨਾਂ ਦੀ ਕਾਰ
ਸਾਡੇ ਕੋਲ ਨਾ ਟਿਕੇਗਾ, ਇਹ ਸਾਮੰਤੀ ਮਾਲ
ਸਗਵਾਂ ਹੋਰ ਲੈ ਜਾਇਗਾ, ਸਾਡਾ ਵੀ ਏਹ ਨਾਲ
ਕਾਬੂ ਕੀਤਾ ਜ਼ਾਲਿਮਾਂ, ਜਦੋਂ ਗੁਰੂ ਦਰਬਾਰ
ਲੁੱਟ ਪੁੱਟ ਸਭ ਕੁਝ ਲੈ ਗਏ, ਮੁੜ ਨਾ ਦਿਤੀ ਸਾਰ
ਸ੍ਰੀ ਸਤਿਗੁਰੂ ਜੀ ਇਉਂ, ਰਾਜ ਨੀਤ ਵਿਸਥਾਰ
ਕਾਬਲ ਰੂਸ ਨੈਪਾਲ ਤੇ, ਕਸ਼ਮੀਰ, ਜੰਮੂ, ਵਿਚਕਾਰ
ਭੇਜ ਪ੍ਰਤੀਨਿਧ ਉਨ੍ਹਾਂ ਨਾਲ, ਕਰੀ ਦੋਸਤੀ ਪੱਕ
ਅੰਗ੍ਰੇਜ਼ਾਂ ਨੂੰ ਕੱਢਣ ਦੀ, ਰਚੀ ਯੋਜਨਾ ਅੱਕ
ਰਾਜਨੀਤਕ ਸਰਗਰਮੀਆਂ, ਦੀ ਅੰਗ੍ਰੇਜ਼ਾਂ ਗੱਲ[94]
ਸੁਣੀ ਡਰੇ ਤੇ ਦੁਖੀ ਹੋ, ਮਾਰਨ ਅੱਲ ਪਟੱਲ

[94] ਕਸ਼ਮੀਰ ਵਿਚ ਕੂਕਾ ਰਜਮੈਂਟ ਦਾ ਮੁੱਢ 1869 ਈ. ਦੇ ਹੁਨਾਲ ਵਿਚ ਬੱਝਾ ਸੀ। ਉਦੋਂ 30 ਕੁ ਸਿੰਘ ਗਏ ਜਦੋਂ ਹੀਰਾ ਸਿੰਘ ਲੰਮੂ ਤੇ ਤਾਰਾ ਸਿੰਘ ਕਿਲ੍ਹਾ ਦੇਸਾ ਸਿੰਘ, ਕਸ਼ਮੀਰ ਗਏ ਸਨ। ਨਵੰਬਰ 1870 ਵਿਚ ਨਾਮਧਾਰੀ ਸਿਪਾਹੀਆਂ ਦੀ ਗਿਣਤੀ 250 ਹੋ ਗਈ। ਪੰਜਾਬ ਵਿਚ ਬੁੱਚੜ ਬੱਧ ਸਾਕਿਆਂ ਵਿਚ ਕੂਕਿਆਂ ਨੂੰ ਸਖਤ ਸਜ਼ਾਵਾਂ ਦਿੱਤੀਆਂ ਜਾਣ ਬਾਅਦ ਅੰਗ੍ਰੇਜ਼ ਸਰਕਾਰ ਤੋਂ ਭੈ ਭੀਤ ਹੋ ਕੇ ਕਸ਼ਮੀਰ ਦੇ ਰਾਜੇ ਨੇ ਇਹ ਰੈਜੀਮੈਂਟ 1871 ਦੇ ਅਖੀਰ ਵਿਚ ਤੋੜ ਦਿੱਤੀ। ਕਿਸ਼ਨ ਸਿੰਘ ਗ੍ਰੰਥਗੜ੍ਹ ਕੂਕਾ ਦੂਤ ਵੱਜੋਂ 1868 ਈ. ਵਿਚ ਨੈਪਾਲ ਪੁੱਜਦਾ ਹੈ। ਸੂਬਾ ਕਾਹਨ ਸਿੰਘ ਅਤੇ ਸੂਬਾ ਸਾਹਿਬ ਸਿੰਘ ਦੀ ਅਗਵਾਈ ਹੇਠ ਉੱਚ ਪੱਧਰੀ ਕੂਕਾ ਮਿਸ਼ਨ ਕੁਝ ਹੋਰ ਸੇਵਾਦਾਰ ਸਿੰਘਾਂ ਸਮੇਤ ਦਸੰਬਰ 1870 ਜਾਂ ਜਨਵਰੀ 1871 ਵਿਚ ਨੈਪਾਲ ਪੁੱਜਦਾ ਹੈ।

# (19)
# ਡਾਕ ਦਾ ਮਹਿਕਮਾ

ਬਾਬਾ ਸਾਹਿਬ ਸਿੰਘ ਜੀ, ਮਹਾਂ ਪੁਰਖ ਨਿਰਵਾਣ
ਪੰਥਕ ਕੰਮਾਂ ਵਿਚ ਉਹ, ਸਭਨਾਂ ਤੋਂ ਪਰਧਾਨ
ਵੇਖੀ ਦੁਨੀਆਂ ਉਨ੍ਹਾਂ ਸਭ, ਫਿਰ ਕੇ ਡਿੱਠਾ ਦੇਸ
ਰਹੇ ਮੰਡਲੀ ਫੇਰਦੇ, ਧਾਰ ਉਦਾਸੀ ਵੇਸ
ਪੜ੍ਹੇ-ਲਿਖੇ ਵਿਦਵਾਨ ਇਹ, ਸੀਤਲ ਸ਼ਾਂਤ ਸੁਭਾ
ਰਾਜੀ ਰਹਿਣ ਰਜ਼ਾ ਵਿਚ, ਸਤਿਗੁਰ ਦੇ ਗੁਣ ਗਾ
ਇਹ ਸਭੋ ਸੀ ਜਾਣਦੇ, ਰਾਜ ਕਾਜ ਪਰਬੰਧ
ਪੜ੍ਹੀ ਹੋਈ ਸੀ ਇਨ੍ਹਾਂ ਨੇ, ਰਾਜਨੀਤ ਦੀ ਸੰਧ
ਡਾਕ ਘਰ ਅੰਗ੍ਰੇਜ਼ ਨੇ, ਜਦੋਂ ਕਰੇ ਸੀ ਤਿਆਰ
ਕੀਤਾ ਸਾਰੇ ਦੇਸ ਨੇ, ਓਨ੍ਹਾਂ ਦਾ ਸਤਿਕਾਰ
ਲੋਕੀ ਕਹਿਣ ਕਰਾਮਤੀ, ਵੱਡਾ ਹੈ ਅੰਗ੍ਰੇਜ਼
ਇਕ ਪੈਸੇ ਵਿਚ ਸੈ ਕੋਹਾਂ, ਦਏ ਸੁਨੇਹਾ ਭੇਜ
ਓਨ੍ਹਾਂ ਦੇ ਲਈ ਇਹ ਸੀ, ਗਲ ਕੋਈ ਅਲੋਕਾਰ
ਪਰ ਸਨ ਸਤਿਗੁਰੂ ਜਾਣਦੇ, ਇਸ ਵਿਚ ਕੀ ਅਸਰਾਰ
ਭੋਲੇ ਲੋਕ ਨਾ ਜਾਣਦੇ, ਇਹ ਅੰਗ੍ਰੇਜ਼ੀ ਚਾਲ
ਹਿੰਦੀਆਂ ਦੇ ਫਾਹੁਣ ਲਈ, ਇਨ੍ਹਾਂ ਤਾਣਿਆਂ ਜਾਲ
ਨਾਲੇ ਖੱਟੀ ਖੱਟਦੇ, ਮੁਫ਼ਤ ਚਲੌਂਦੇ ਕੰਮ
ਲੋਕਾਂ ਦੀਆਂ ਜੁੱਤੀਆਂ, ਲੋਕਾਂ ਦਾ ਹੀ ਚੰਮ
ਹਿੰਗ ਨਾ ਲੱਗੇ ਫਟਕੜੀ, ਚੋਖਾ ਆਵੇ ਰੰਗ
ਲੱਭਾ ਸੀ ਅੰਗ੍ਰੇਜ਼ ਨੂੰ, ਖੱਟੀ ਦਾ ਇਕ ਢੰਗ
ਜਿਸਤੇ ਹੋਵੇ ਸ਼ਕ ਜ਼ਰਾ, ਚਿੱਠੀ ਲੈਂਦੇ ਖੋਲ
ਪੜ੍ਹਦੇ ਰੱਖਦੇ ਨਕਲ ਕਰ, ਫਿਰ ਭੇਜਣ ਉਸ ਕੋਲ
ਕਿਵੇਂ ਲਫਾਫਾ ਖੁੱਲ੍ਹਦਾ, ਕਿਦਾਂ ਹੋਵੇ ਬੰਦ
ਇਹੋ ਜਿਹੇ ਅੰਗ੍ਰੇਜ਼ ਨੂੰ, ਔਂਦੇ ਸਾਰੇ ਫੰਦ
ਕਿਹਾ ਸਤਿਗੁਰਾਂ ਪਾਉ ਨਾ, ਅਪਣੀ ਚਿੱਠੀ ਡਾਕ

ਲਫਾਫਾ ਹੋਇ ਰਜਿਸਟ੍ਰੀ, ਭਾਵੇਂ ਛੋਟਾ ਕਾਟ
ਆਪਣੀ ਚਿਠੀ ਆਪਣੇ, ਭੇਜੋ ਹੱਥੀਂ ਦੂਤ
ਤਾਂ ਕੇ ਸਾਡਾ ਭੇਤ ਇਹ, ਜਾਣ ਨਾ ਸਕਣ ਊਤ
ਸਾਹਿਬ ਸਿੰਘ ਜੀ ਹੁਕਮ ਮੰਨ, ਸਾਰੇ ਦੇਸ਼ ਪੰਜਾਬ
ਡਾਕ ਚਲਾਈ ਆਪਣੀ, ਲਗੇ ਬਿਨਾਂ ਅਜ਼ਾਬ
ਪੁਜ ਜਾਂਦਾ ਸੀ ਗੋਰਿਆਂ ਤੋਂ, ਪਹਿਲਾਂ ਸੰਦੇਸ਼
ਖ਼ਬਰ ਫੈਲਾਂਦੇ ਅੱਗ ਜਿਉਂ, ਅੰਦਰ ਸਾਰੇ ਦੇਸ਼
ਇਕ ਪਿੰਡ ਤੋਂ ਦੂਸਰੇ, ਕੂਕਾ ਜਾਂਦਾ ਚੱਲ
ਬੈਲ ਨਾ ਸਾਂਭੇ ਆਪਣੇ, ਸੁਟ ਕੇ ਭੱਜੇ ਹੱਲ
ਭਾਵੇਂ ਹੋਇ ਖ਼ਰਾਬ ਸਭ, ਉਸਦਾ ਕਾਰ ਵਿਹਾਰ
ਪਰ ਨਾ ਪੰਥਕ ਡਾਕ ਵਿਚ, ਪੈਂਦੀ ਸੀ ਅਟਕਾਰ
ਸੌਂਹ ਖਾਣ ਨੂੰ ਇਕ ਵੀ, ਚਿੱਠੀ ਗੋਰਿਆਂ ਹੱਥ
ਕਾਬੂ ਆਈ ਪੰਥ ਦੀ, ਝੂਠੀ ਪਾਂਦੇ ਸੱਥ
ਕੋਲੋਂ ਝੂਠ ਬਣਾ ਕੇ, ਗੰਡੇ[95] ਜਿਹੇ ਗ਼ਦਾਰ
ਆਪੇ ਲਿਖ ਲਿਖਾਂਵਦੇ, ਅੰਗ੍ਰੇਜ਼ਾਂ ਦੇ ਯਾਰ
ਡਰ ਗਿਆ ਅੰਗੇਜ਼ ਤੇ, ਲਭਦਾ ਪਿਆ ਸੀ ਪੱਜ
ਝੂਠੇ ਸਚੇ ਸੀ ਲਾਉਂਦਾ, ਓਹ ਬਹਾਨੇ ਰੱਜ
ਸਿੰਘਾਂ ਕੋਲੋਂ ਓਸ ਨੇ, ਖੋਹਿਆ ਸੀ ਪੰਜਾਬ
ਡਰ ਸੀ ਖੋਹ ਨਾ ਲੈਣ ਓਹ, ਮੁੜਕੇ ਅਪਣਾ ਰਾਜ
ਨਾ-ਮਿਲਵਰਤਨ ਪੰਥ ਨੇ, ਅੰਗ੍ਰੇਜ਼ਾਂ ਦੇ ਨਾਲ
ਕਰ ਵਿਖਾਇਆ ਇਸ ਤਰ੍ਹਾਂ, ਕਰ ਕੇ ਬਹੁਤ ਕਮਾਲ
ਨਾਲੇ ਮਾਰੀ ਆਮਦਨ, ਲੱਗਣ ਨਾ ਦਿਤਾ ਭੇਤ
ਜਰ ਸਕਦਾ ਓਹ ਨਾ ਇਹ, ਸਮਝ ਰੱਬ ਦੀ ਨੇਤ
ਵਿਚ ਕਲੇਜੇ ਓਸ ਦੇ, ਇਹ ਸੀ ਭਰਿਆ ਰੁੱਗ
ਵਾਪਾਰੀ ਅੰਗ੍ਰੇਜ਼ ਸੀ, ਬਾਣੀਏ ਨਾਲੋਂ ਪੁੱਗ
ਸਮਝ ਗਿਆ ਸੀ ਗੱਲ ਓਹ, ਸਾਰੀ ਮਹਾਂ ਖੁਰਾਟ
ਡਾਕਖ਼ਾਨੇ ਦਾ ਪੰਥ ਕਿਉਂ, ਕੀਤਾ ਬਾਈਕਾਟ

[95] ਸਰਕਾਰੀ ਰੀਕਾਰਡ ਵਿਚ ਉਸਦਾ ਨਾਮ ਗੰਡਾ ਸਿੰਘ ਨਹੀਂ 'ਗੇਂਦਾ ਸਿੰਘ' ਹੈ।

ਗੰਡਾਸਿੰਘ ਜਿਹੇ ਲਾਲਚੀ, ਨੀਚ ਮਹਾਂ ਚੰਡਾਲ
ਦੇਸ਼ ਦਰੋਹੀ ਪਾਤਕੀ, ਰਲੇ ਗੋਰਿਆਂ ਨਾਲ
ਆਪਣੇ ਕੋਲੋਂ ਆਪ ਹੀ, ਲੈਂਦੇ ਲਿਖ ਲਿਖਾਇ
ਇਹ 'ਕੂਕਿਆਂ ਦੀ ਵਿਥਿਆ' ਦੇਂਦੇ ਓਨ੍ਹਾਂ ਜਾਇ
ਝੱਲ ਨਹੀਂ ਸਨ ਸਕਦੇ, ਪੰਥਕ ਓਹ ਅਰੂਜ
ਦੇ ਕੁਨਾਲੀ ਕੱਜ ਰਹੇ, ਚੜ੍ਹਿਆ ਚੰਨਾਂ ਦੂਜ
ਨਾਲ ਓਨਾਂ ਦੇ ਹੋਰ ਵੀ ਕਈ ਮਿਲੇ ਪਰਵਾਰ
ਹੈਸਨ ਜੋ ਮਲੇਛ ਦੇ, ਮੁੱਢ ਕਦੀਮੀ ਯਾਰ
ਸੀ. ਆਈ. ਡੀ. ਅੰਗ੍ਰੇਜ਼ ਦੀ, ਕੂਕਿਆਂ ਦੇ ਖ਼ਿਲਾਫ਼
ਦੱਸ ਰਿਪੋਟਾਂ ਝੂਠੀਆਂ, ਕਰਨ ਪਏ ਬਕਵਾਸ
ਗੋਰਾ ਦੁਸ਼ਮਣ ਪੰਥ ਦਾ, ਝੱਲ ਨਾ ਸਕਦਾ ਤੇਜ
ਲਿਖਵਾ ਲੈਂਦਾ ਝੂਠ ਸੱਚ, ਬੰਦੇ ਅਪਣੇ ਭੇਜ
ਬਾਬੇ ਕਿਆਂ ਦੇ ਤਖ਼ਤ ਨੂੰ, ਕਰਨ ਲਈ ਬਦਨਾਮ
ਅਪਣੀ ਗੱਲ ਲਿਖਾਂਵਦਾ, ਰਿਸ਼ਵਤ ਦੇ ਇਨਾਮ
ਉਸਦੀ ਡੈਰੀ ਰਪਟ ਨੂੰ, ਜੋ ਮੰਨੇ ਇਤਹਾਸ
ਆਵੇ ਉਸਦੀ ਸਮਝ ਤੇ, ਪੜ੍ਹ ਕੇ ਲੋਕਾਂ ਹਾਸ
ਕੂਕਾ ਫਾਇਲ ਹੋਰ ਜੋ, ਕੂਕਾ ਆਊਟ ਬ੍ਰੇਕ
ਦੁਸ਼ਮਣ ਕੂਕਿਆਂ ਦੇ ਨੇ ਇਹ, ਕੁਝ ਕਾਗਜ ਟੇਕ
ਠਾਰ੍ਹਾਂ ਤ੍ਰੇਹਟ ਈਸਵੀ, ਸੀ. ਆਡੀ. ਡੀ. ਸੁਮਾਰ
ਗੰਡਾ ਸਿੰਘ ਸੀ ਨਾਂ ਓਹ, ਅੰਗੇਜਾਂ ਦਾ ਯਾਰ
ਮਨਘੜ ਗੱਲਾਂ ਓਸ ਨੇ, ਕੂਕਿਆਂ ਦੇ ਸਿਰ ਲਾਇ
ਦੱਸੀਆਂ ਜਾ ਕੇ ਗੋਰਿਆਂ, ਝੂਠੀ ਬਣਤ ਬਣਾਇ
ਆਂਹਦਾ ਭੈਣੀ ਸਾਹਿਬ ਮੈਂ, ਕੂਕਾ ਹੋਇਆ ਜਾਇ
ਗੱਪਾਂ ਘੜੀਆਂ ਓਸਨੇ, ਝੂਠੋਂ ਸੱਚ ਲਿਖਾਇ
ਸਤਿਗੁਰੂ ਬਾਹਰ ਗਏ ਸੀ, ਦੇਵਣ ਹਿਤ ਦੀਦਾਰ
ਪਿਛੋਂ ਸਾਹਿਬ ਸਿੰਘ ਸਨ, ਕਰਦੇ ਕਾਰ ਵਿਹਾਰ
ਕੈਪਟਨ ਮਿਲਰ ਨੇ ਲਿਖੀ, ਇਹ ਹੈ ਸਾਰੀ ਗੱਲ
ਗੰਡਾ ਸਿੰਘ ਨੂੰ ਭੇਜਿਆ, ਸੀ ਉਸ ਕੂਕਿਆਂ ਵੱਲ
ਆਂਹਦਾ ਓਨ੍ਹਾਂ ਨੂੰ ਕਿਹਾ, ਮੈਂ ਸੀ ਕੂਕ ਪੁਕਾਰ

ਕਰਨੇ ਹਨ ਸਤਿਗੁਰੂ ਦੇ, ਮੈਂ ਜਲਦੀ ਦੀਦਾਰ
ਲਿਖ ਕੇ ਉਨ੍ਹਾਂ ਦੋ ਚਿੱਠੀਆਂ, ਮੇਰੇ ਹਥ ਫੜਾ
ਕਿਹਾ ਦੇਵੀਂ ਉਨ੍ਹਾਂ ਇਹ, ਸਤਿਗੁਰ ਨੂੰ ਪਕੜਾ
ਗਿਆ ਨਾ ਓਨ੍ਹਾਂ ਕੋਲ ਮੈਂ, ਚਿੱਠੀਆਂ ਲੈਂਦੇ ਸਾਰ
ਆਣ ਫੜਾਈਆਂ ਮਿਲਰ ਨੂੰ, ਜਲੰਧਰ ਦੇ ਵਿਚਕਾਰ
ਲਿਖਿਆ ਓਨ੍ਹਾਂ ਵਿਚ ਇਹ, ਸਾਹਿਬ ਸਿੰਘ ਮਜ਼ਮੂਨ
ਮੁੱਕ ਗਿਆ ਪੰਜਾਬ 'ਚੋਂ, ਅੰਗ੍ਰੇਜ਼ਾਂ ਦਾ ਚੂਨ
ਝੂਠੋ ਝੂਠ ਚੁਤਾਲ ਸੌ, ਕੂਕਿਆਂ ਜੁੰਮੇ ਲਾਇ
ਰਲ ਗ਼ਦਾਰਾਂ ਨੇ ਦਏ, ਬਾਂਦਰ ਸੀ ਚਮਲਾਇ
ਵੱਢ ਦੇਣੇ ਅੰਗ੍ਰੇਜ਼ ਸਭ, ਦੇਣਾ ਬੀ ਮੁਕਾਇ
ਕੋਲੋਂ ਝੂਠ ਬਣਾ ਲਿਆ, ਕੂਕਿਆਂ ਮੱਥੇ ਲਾਇ
ਪਰ ਮਿਲਰ ਹੈ ਮੰਨਿਆ, ਸੱਚੀ ਇਹ ਹਕੀਕ
ਗੰਡੇ ਦੀ ਰਿਪੋਟ ਦੀ, ਹੋਈ ਨਾ ਤਸਦੀਕ
ਇਨ੍ਹਾਂ ਰਿਪੋਟਾਂ ਝੂਠੀਆਂ ਦਾ, ਲੈ ਕੇ ਆਧਾਰ
ਕੂਕਿਆਂ ਖ਼ਿਲਾਫ਼ ਤਸ਼ੱਦਦੀ, ਰੱਜ ਕੀਤਾ ਪ੍ਰਚਾਰ
ਅਪਣੇ ਆਪ ਹੀ ਝੂਠ ਸੱਚ, ਆਪੇ ਲਿਖ ਲਿਖਾ
ਇਹ 'ਕੂਕਿਆਂ ਦੀ ਵਿਥਿਆ', ਲੋਕਾਂ ਕਹਿਣ ਵਿਖਾ
ਇਕ ਵੀ ਚਿੱਠੀ ਕੂਕਿਆਂ ਦੀ, ਅੰਗ੍ਰੇਜ਼ਾਂ ਹੱਥ
ਆਈ ਨਾ ਸੌਂਹ ਖਾਣ ਨੂੰ, ਝੂਠੀ ਪਾਂਦੇ ਸੱਥ
ਲਿਖੀਆਂ ਗੱਪਾਂ ਡੈਰੀਆਂ, ਗੰਡੇ ਜਿਹੇ ਗ਼ਦਾਰ
ਕਈਆਂ ਅਜ ਬਣਾਇਆ, ਓਨ੍ਹਾਂ ਨੂੰ ਆਧਾਰ
ਬਾਬਾ ਲਹਿਣਾਸਿੰਘ ਜੀ, ਘਣੀਏ ਕੇ ਸੀ ਪਿੰਡ
ਜਿਨ੍ਹਾਂ ਢੋਈ ਡਾਕ ਸੀ, ਕਰ ਕੇ ਡਾਢੀ ਹਿੰਡ
ਸਿਆਲਕੋਟ ਦੇ ਜ਼ਿਲ੍ਹੇ ਦੀ, ਏਨ੍ਹਾਂ ਡਾਕ ਸੰਭਾਲ
ਦੱਸਿਆ ਸੀ ਮੈਨੂੰ ਉਨ੍ਹਾਂ ਉਸਦਾ ਕੁੱਲ ਹਵਾਲ
ਮੰਨਦਾ ਸਾਹਿਬ ਸਿੰਘ ਦਾ, ਲੋਹਾ ਸੀ ਅੰਗ੍ਰੇਜ਼
ਪਹਿਲਾਂ ਸਾਰੀ ਖ਼ਬਰ ਓਹ, ਦਏ ਇਨ੍ਹਾਂ ਤੋਂ ਭੇਜ
ਕਿਹਾ ਮਕੈਂਜੀ ਕੈਪਟਨ, ਸੁਪਰਡੰਟ ਪੁਲੀਸ
ਅੰਮ੍ਰਿਤਸਰ ਦੇ ਜ਼ਿਲ੍ਹੇ ਦਾ, ਜੋ ਸੀ ਓਦੋਂ ਈਸ
ਸਾਹਿਬ ਸਿੰਘ ਦੀ ਡਾਕ ਦਾ, ਕੰਮ ਸਿਲਸਿਲੇ ਵਾਰ
ਅਜ ਤੀਕ ਨਾ ਓਸਦੀ, ਸਾਨੂੰ ਲੱਗੀ ਸਾਰ ।

# (20)
# ਆਨੰਦ ਪੁਰ ਦਾ ਹੋਲਾ

ਹੋਈਆਂ ਦੂਰ ਪਾਬੰਦੀਆਂ, ਹੋਇਆ ਪੰਥ ਆਜ਼ਾਦ
ਖੁਲ੍ਹੇ ਵਿਚ ਅਕਾਸ਼ ਦੇ, ਕਰਨ ਲਗਾ ਪਰਵਾਜ
ਉੱਨੀ ਸੌ ਬਾਈ[96] ਵਿਖੇ, ਸਤਿਗੁਰੂ ਸ੍ਰੀ ਕਰਤਾਰ
ਹੋਲਾ ਕਰ ਅਨੰਦ ਪੁਰ, ਆਏ ਕਿਰਪਾ ਧਾਰਿ
ਦੂਜੀ ਵਾਰ ਲਿਖ ਭੇਜਿਆ, ਆਓ ਪੁਰੀ ਆਨੰਦ
ਯਾਦਗਾਰ ਗੁਰੂ ਦਸਮ ਦੀ, ਹੋਲਾ ਕਰੋ ਬਲੰਦ
ਉੱਨੀ ਸੌ ਤੇਈ ਵਿਖੇ, ਕਰ ਕੇ ਸੋਚ ਵਿਚਾਰ
ਹੋਲਾ ਕਰਨ ਅਨੰਦਪੁਰ, ਹੋਇਆ ਪੰਥ ਤਿਆਰ
ਅੰਗ੍ਰੇਜ਼ਾਂ ਪਾਬੰਦੀਆਂ, ਬੇਸ਼ਕ ਲਈਆਂ ਚੁੱਕ
ਪਰ ਕੁਝ ਬਾਕੀ ਰੱਖੀਆਂ, ਬੰਨ੍ਹਣ ਦੇ ਲਈ ਠੁੱਕ
ਗੁਰਦੁਆਰੇ ਪ੍ਰਸਿਧ ਜੋ, ਉਘੇ ਹੋਰ ਸਥਾਨ
ਬਿਨਾ ਅਜਾਜਤ ਲਿਆਂ ਤੇ, ਗੋਰੇ ਰੋਕਾਂ ਪਾਣ
ਆਨੰਦਪੁਰ ਨੂੰ ਜਾਣ ਦੀ, ਲਿਖ ਭੇਜੀ ਇਤਲਾਹ
ਗੋਰੇ ਭਰੇ ਹੰਕਾਰ ਵਿਚ, ਅਗੋਂ ਕੀਤੀ ਨਾਂਹ[97]
ਸਤਿਗੁਰੂ ਕਿਹਾ ਹੁਕਮ ਇਹ, ਸਾਨੂੰ ਨਾ ਦਰਕਾਰ
ਅਸੀਂ ਜ਼ਰੂਰੀ ਜਾਵਣਾਂ, ਦਸਮ ਗੁਰੂ ਦਰਬਾਰ
ਦੜ ਵਟ ਗੋਰੇ ਰਹਿ ਗਏ, ਗਲਦੀ ਡਿਠੀ ਨਾ ਦਾਲ
ਪਰ ਸੁਣ ਕੇ ਜਲ ਬਲ ਗਏ, ਲੋਹੇ ਜਿਉਂ ਹੋ ਲਾਲ
ਸਤਿਗੁਰੂ ਤੁਰੇ ਅਨੰਦਪੁਰ, ਚੀਨੀ ਹੋ ਅਸਵਾਰ

---

[96] ਅਨੰਦਪੁਰ ਸਾਹਿਬ ਦਾ ਪਹਿਲਾ ਹੋਲਾ ਮਹੱਲਾ 1922 ਬਿਕ੍ਰਮੀਂ ਮੁਤਾਬਿਕ 1866 ਵਿਚ ਨਹੀਂ ਮਨਾਇਆ ਗਿਆ। ਪਹਿਲਾ ਹੋਲਾ ਮਹੱਲਾ ਸਤਿਗੁਰੂ ਜੀ ਨੇ 1867 ਤੇ ਦੂਜਾ 1870 ਈ. ਵਿਚ ਮਨਾਇਆ।

[97] ਬਾਹੋਵਾਲ ਜੀ ਦੇ ਅਨੁਸਾਰ ਇਕ ਵੇਰ ਤੇ ਸਰਕਾਰ ਨੇ ਨਾਂਹ ਕੀਤੀ, ਪਰ ਬਾਅਦ ਵਿਚ ਜਦੋਂ ਵੇਖਿਆ ਕਿ ਸਤਿਗੁਰੂ ਜੀ ਹੋਲਾ ਭੈਣੀ ਸਾਹਿਬ ਵਿਖੇ ਵੀ ਮਨਾ ਸਕਦੇ ਹਨ, ਮਨਜ਼ੂਰੀ ਦੇ ਦਿੱਤੀ।-ਸਤਿਗੁਰੂ ਬਿਲਾਸ ਭਾਗ-1 ਸਫਾ 245

ਸੰਗਤ ਕਾਫ਼ੀ ਨਾਲ ਸੀ, ਆਵੇ ਨਹੀਂ ਸ਼ੁਮਾਰ
ਕੋਰੜਾ:- ਤੁਰ ਪਏ ਗੁਰੂ ਜੀ ਅਨੰਦਪੁਰ ਨੂੰ
ਠੁਮਕ ਠੁਮਕ ਚੀਨੀ ਧਰੇ ਖੁਰ ਨੂੰ
ਨਾਲ ਹੋਰ ਸੂਬਿਆਂ ਦੇ ਘੋੜੇ ਘੋੜੀਆਂ
ਪੰਜਾਂ ਪੰਜਾਂ ਦੀਆਂ ਸੀ ਬਣਾ ਕੇ ਜੋੜੀਆਂ
ਤੁਰ ਪਿਆ ਪੰਥ ਸੀ ਅਨੰਦਪੁਰ ਨੂੰ
ਸਚ ਖੰਡ ਵਾਲੇ ਦਰਬਾਰ ਧੁਰ ਨੂੰ
ਜੋੜ ਲਏ ਰਥ ਗੱਡੀਆਂ ਸ਼ਿੰਗਾਰੀਆਂ
ਗੱਡੇ ਜੋੜ ਕਈਆਂ ਕੀਤੀਆਂ ਸਵਾਰੀਆਂ
ਪਾਏ ਮਲਵਈਆਂ ਊਠਾਂ ਉਤੇ ਪਾਖੜੇ
ਤੁਰ ਪਏ ਪੈਦਲ ਜੁਆਨ ਕਾਠੜੇ
ਹੋਰ ਸੁਖਪਾਲਾਂ ਤੇ ਸ਼ਿੰਗਾਰ ਗੱਡੀਆਂ
ਗੋਰੇ ਬੱਗੇ ਚਾਲਾਂ ਸੀ ਰੁਹਾਲਾਂ ਛੱਡੀਆਂ
ਜੈਮਲ ਸਿੰਘ ਮਸਤ ਹੈ ਸੀ ਠਾਣੇਦਾਰ ਤੇ[98]
ਹੋਇਆ ਸੀ ਸਵਾਰ ਗੱਦੋਂ ਬੇਮੁਹਾਰ ਤੇ
ਤੁਰੇ ਮਸਤ ਕਰਦੇ ਨਿਰਤ ਕਾਰੀਆਂ
ਪੜ੍ਹ ਦੇ ਸ਼ਬਦ ਮਾਰ ਕਿਲ ਕਾਰੀਆਂ
ਨਚਦੇ ਖੁਸ਼ੀ ਦੇ ਵਿਚ ਬਾਣੀ ਗਾਂਵਦੇ
ਘੁੰਗਰੂ ਗਲਾਸ ਢੋਲਕੀ ਵਜਾਂਵਦੇ
"ਤੇਰਾ ਜਨੁ ਨਿਰਤਿ ਕਰੇ ਗੁਨ ਗਾਵੈ॥
ਰਬਾਬੁ ਪਖਾਵਜ ਤਾਲ ਘੁੰਘਰੂ ਅਨਹਦ ਸਬਦੁ ਵਜਾਵੈ॥ "
ਚੜ੍ਹਿਆ ਏ ਦਲ ਵੀਹ ਕੁ ਹਜ਼ਾਰ ਦਾ
ਕੰਬ ਰਿਹਾ ਦਿਲ ਗੋਰੀ ਸਰਕਾਰ ਦਾ
ਸਾਗਰ ਦੇ ਵਾਂਗ ਪੰਥ ਠਾਠਾਂ ਮਾਰਦਾ
ਤਰ ਰਿਹਾ ਆਪ ਸੀ ਹੋਰਾਂ ਨੂੰ ਤਾਰਦਾ
ਰੋਕ ਅੰਗ੍ਰੇਜ਼ ਅੱਗੋਂ ਕਿਹਾ ਆਇ ਕੇ
ਬਾਬਾ ਸਾਹਿਬ ਕਰੋਗੇ ਕੀ ਤੁਸੀਂ ਜਾਇ ਕੇ

---
98 ਮਸਤਾਨਾ ਜੈਮਲ ਸਿੰਘ ਗਧੇ ਤੇ ਚੜ੍ਹਿਆ ਸੀ। ਨਿਹੰਗ ਸਿੰਘਾਂ ਦੇ ਬੋਲਿਆਂ ਵਿਚ ਗਧੇ ਨੂੰ ਥਾਣੇਦਾਰ ਕਿਹਾ ਜਾਂਦਾ ਹੈ।

ਕਰਨੇ ਦੀਦਾਰੇ ਅਸੀਂ ਗੁਰੂ ਧਾਮ ਦੇ
ਦਸਮ ਗੁਰੂ ਦੇ ਜਾਈਏ ਜੱਸ ਗਾਂਮਦੇ
ਹੁੰਦੇ ਤੁਸੀਂ ਰੋਕਾਂ ਪਾਣ ਵਾਲੇ ਕੌਣ ਹੋ
ਆਏ ਕਿਉਂ ਕੁਵੇਲੇ ਵਾਲਾ ਰਾਗ ਗੌਣ ਹੋ
ਹੋਲੇ ਉਤੇ ਪੰਥ ਨੇ ਜ਼ਰੂਰ ਜਾਵਣਾਂ
ਲਾ ਲਓ ਜ਼ੋਰ ਜਿਹੜਾ ਤੁਸਾਂ ਲਾਵਣਾਂ
ਜ਼ਾਲਮਾਨਾ ਹੁਕਮ ਨਾ ਅਸੀਂ ਮੰਨਣਾਂ
ਭਾਂਡਾ ਇਨਸਾਫ਼ ਵਾਲਾ ਤੁਹਾਡਾ ਭੰਨਣਾਂ
ਆ ਗਏ ਜੇ ਏਥੇ ਕਿਹਾ ਸੀ ਪੁਜਾਰੀਆਂ
ਏਹਨਾਂ ਨਾਲ ਰਲ ਸੰਪ੍ਰਦਾਵਾਂ ਸਾਰੀਆਂ
ਲੈਣਗੇ ਸੰਭਾਲ ਇਹ ਗੁਰੂ ਦੁਆਰ ਨੂੰ
ਸਾਡੇ ਨਾਲ ਐਵੇਂ ਕਰ ਤਕਰਾਰ ਨੂੰ
ਕੇਸ ਗੜ੍ਹ ਤਖ਼ਤ ਦੇ ਉਤੇ ਆਣ ਕੇ
ਕਬਜ਼ਾ ਕਰਨ ਜਜ਼ਬਾ ਪਛਾਣ ਕੇ
ਸਾਡਾ ਫੇਰ ਜ਼ੋਰ ਨਾ ਕੋਈ ਵੀ ਚੱਲਣਾ
ਚਾਹਿਆ ਜੇ ਤਖ਼ਤ ਕਦੇ ਇਨ੍ਹਾਂ ਮੱਲਣਾ
ਕਿਹਾ ਗੋਰੇ ਜਾਓ ਨਾ ਅਨੰਦ ਪੁਰ ਨੂੰ
ਛੱਡ ਦੇਵੋ ਆਪਣੀ ਅਜੇਹੀ ਸੁਰ ਨੂੰ
ਸਤਿਗੁਰਾਂ ਕਿਹਾ ਲਓ ਅਸੀਂ ਚੱਲੇ ਜੇ
ਲਾ ਲਓ ਜ਼ੋਰ ਜੋ ਤੁਹਾਡੇ ਪੱਲੇ ਜੇ
ਤੁਰ ਪਏ ਮਸਤ ਮੰਜ਼ਲਾਂ ਨੂੰ ਮਾਰਦੇ
ਬਾਣੀ ਗੌਂਦੇ ਜਾਂਦੇ ਗੁਰੂ ਨੂੰ ਚਿਤਾਰਦੇ
ਲੱਲਾਂ ਛੱਡ ਪਿਛੇ ਪੁੱਜੇ ਜਾ ਉਟਾਲੀਂ ਜੀ
ਦਿਆਲਪੁਰੇ ਵਿਚੀਂ ਪੁੱਜੇ ਘੁੰਗਰਾਲੀ ਜੀ
ਖਮਾਣੋਂ ਸਰਦਾਰਾਂ ਨਾਮ ਲਿਆ ਮੰਗ ਕੇ
ਲਖਣਪੁਰ ਜਟਾਣਾਂ ਸੰਧੂਆਂ ਨੂੰ ਲੰਘ ਕੇ
ਅੱਗੇ ਜਾ ਕੇ ਭੋਜੋ ਮਾਜਰੇ ਨੂੰ ਤਾਰਿਆ
ਰੋਪੜ ਦੇ ਵਿਚ ਪੰਥ ਜਾ ਉਤਾਰਿਆ
ਤੁਰ ਪਏ ਅੱਗੇ ਕਰ ਪਾਰ ਸਰਸਾ

ਕੀਰਤ ਪੁਰੀ ਦਾ ਦੇਹੁਰਾ ਜਾ ਪਰਸਾ
ਬਾਬੇ ਗੁਰਦਿੱਤੇ ਦੇ ਸਥਾਨ ਜਾਇ ਕੇ
ਕਰੀ ਪ੍ਰਦੱਖਣਾ ਭੇਟਾ ਚੜ੍ਹਾਇ ਕੇ
ਪਤਾਲਪੁਰੀ ਸਾਹਿਬ ਦੇ ਕਰੇ ਦੀਦਾਰੇ ਸੀ
ਗੁਰੂ ਜੀ ਅਨੰਦਪੁਰੀ ਨੂੰ ਪਧਾਰੇ ਸੀ
ਮਾਰਚ ਦੀ ਉਨੀ ਅੰਗ੍ਰੇਜ਼ ਵਾਲੀ ਸੀ
ਅਠਾਰਾਂ ਸੌ ਸਤਾਹਟ ਦਾ ਸੰਨ ਖਾਲੀ ਸੀ
ਪੈ ਗਿਆ ਸੀ ਫ਼ਿਕਰ ਅੰਗ੍ਰੇਜ਼ੀ ਰਾਜ ਨੂੰ
ਫਿਰਨ ਲੁਕਾਂਦੇ ਮਲਕਾ ਦੇ ਤਾਜ ਨੂੰ
ਦਿਲ ਅੰਗ੍ਰੇਜ਼ ਦੇ ਭਰੀ ਜੋ ਖਾਰ ਸੀ
ਫੌਜ ਪੁਲਿਸ ਕੱਠੀ ਕੀਤੀ ਬੇ-ਸ਼ੁਮਾਰ ਸੀ
ਗੋਰਾ ਮੈਕ[99] ਤਦੋਂ ਆਈ.ਜੀ. ਪੁਲੀਸ ਜੀ
ਨਾਲ ਹੋਰ ਅਫ਼ਸਰ ਬੀਸ ਤੀਸ ਜੀ
ਕੀਤੀ ਤਕੜਾਈ ਅੰਗ੍ਰੇਜ਼ਾਂ ਭਾਰੀ ਜੋ
ਗਈ ਸੀ ਪੁਜਾਰੀਆਂ ਦੀ ਮੱਤ ਮਾਰੀ ਜੋ
ਮੱਲਣਗੇ ਤਖ਼ਤ ਕੂਕੇ ਦਸਮੇਸ਼ ਦਾ
ਇਹ ਵੀ ਇਕ ਕਾਰਨ ਜੋ ਸੀ ਕਲੇਸ਼ ਦਾ
ਡਰ ਅੰਗ੍ਰੇਜ਼ ਨੂੰ ਇਹ ਏਥੇ ਆਣ ਤੋਂ
ਰੋਕਿਆ ਪੁਜਾਰੀਆਂ ਦੇ ਰੌਲਾ ਪਾਣ ਤੋਂ
ਗੁਰੂ ਜੀ ਦੇ ਦਿਲ ਵਿੱਚ ਕੋਈ ਗੱਲ ਨਾ
ਓਹ ਨਹੀਂ ਸੀ ਚਾਂਹਦੇ ਕੋਈ ਡੇਰਾ ਮੱਲਣਾਂ
ਕਰਨੇ ਦੀਦਾਰੇ ਬੱਸ ਮੁੜ ਜਾਵਣਾਂ
ਹੋਰ ਕਿਸੇ ਤਰ੍ਹਾਂ ਦਾ ਨਾ ਸ਼ੋਰ ਪਾਵਣਾਂ
ਪਾਪੀਆਂ ਦੇ ਦਿਲ ਵਿਚ ਨਹੀਂ ਧੀਰ ਜੀ
ਹੁੰਦੀ ਰਹਿੰਦੀ ਦਿਲ 'ਚ ਉਨ੍ਹਾਂ ਦੇ ਪੀਰ ਜੀ
ਧਰਮੀ ਦਾ ਦਿਲ ਸਦਾ ਹੁੰਦਾ ਸਾਫ ਹੈ
ਕਰ ਦੇਂਦਾ ਵੈਰੀ ਨੂੰ ਵੀ ਉਹ ਮਾਫ਼ ਹੈ

[99] ਲੈਫਟੀਨੈਂਟ ਕਰਨਲ ਮੈਕ ਐਂਡਰੀਓ, ਲਾਹੌਰ ਸਰਕਲ ਦਾ ਡੀ.ਆਈ.ਜੀ. ਪੁਲੀਸ ਸੀ।

ਸਿਰਖੰਡੀ:-    ਪੁੱਜਾ ਸਾਰਾ ਪੰਥ, ਵਿਚ ਅਨੰਦਪੁਰ
ਵੀਹ ਪੰਝੀ ਹਜ਼ਾਰ, ਭੀੜ ਭਾੜ ਲੈ
ਸ਼ਹਿਰੋਂ ਬਾਹਰਵਾਰ, ਕੈਂਪ ਅੰਗ੍ਰੇਜ਼ ਦਾ
ਡੀ. ਆਈ. ਜੀ, ਪੁਲਿਸ ਦਾ ਜਰਨੈਲ ਸੀ
ਕੱਠੀ ਕਰ ਕੇ, ਪੁਲਸੀ ਧਾੜ ਪੰਜਾਬ ਦੀ
ਡਰ ਰਿਹਾ ਸੀ ਮਾਰ, ਸਭ ਬੁਲਾ ਲਈ
ਠਾਣੇਦਾਰ ਫਿਰਨ, ਦੁਲੱਤੇ ਛੰਡਦੇ
ਟੁਕੜ ਬੋਚ ਕੁਪੱਤੇ, ਦੇਸ਼ ਗ਼ਦਾਰ ਜੋ
ਜਿਨ੍ਹਾਂ ਦੇ ਦਿਲ ਵਿੱਚ, ਆਪਣੀ ਕੌਮ ਦੀ
ਪ੍ਰੀਤ ਮੁਹੱਬਤ ਖਿੱਚ, ਇੱਜ਼ਤ ਸੀ ਨਹੀਂ
ਫ਼ੌਜੀ ਹੋਰ ਤਲੰਗੇ, ਹਿੰਦੁਸਤਾਨੀਏਂ
ਰੰਗ ਗ਼ੁਲਾਮੀ ਰੰਗੇ, ਗਿੱਦੜ ਸੂਰਮੇ
ਫਿਰਦੇ ਬੇ-ਮੁਹਾਰ, ਟੌਰੇ ਛਡ ਛਡ
ਲੱਭੇ ਕੋਈ ਸ਼ਿਕਾਰ, ਖੌਰੇ ਏਸ ਥਾਂ
ਖੰਡੇ ਕੁਤੇ ਜਿਵੇਂ, ਸ਼ਿਕਾਰੀ ਰੱਖਦੇ
ਦੰਦ ਤਿਖੇ ਜਿਉਂ ਆਰੀ, ਮੂੰਹੋਂ ਨਾ ਬੋਲ ਦੇ
ਪਾਲੇ ਹੋਏ ਖੰਡੇ, ਇਹ ਅੰਗ੍ਰੇਜ਼ ਨੇ
ਭੂਤੇ ਵਾਂਗਰ ਸੰਢੇ, ਫਿੱਟੇ ਸੂਰ ਜਿਉਂ
ਪਰ ਪੰਥ ਦਾ ਵਾਲੀ, ਬੁੱਤ ਅਕਾਲ ਦਾ
ਉਸ ਦਾ ਦਿਲ ਸੀ ਖਾਲੀ, ਹੁਤ ਨਾ ਓਸ ਵਿਚ
ਚੀਨੀ ਤੇ ਅਸਵਾਰ, ਸਤਿਗੁਰੂ ਪਾਤਸ਼ਾਹ
ਦੀਨੀ ਤੇ ਦੁਨਿਆਵੀ, ਸ਼ਾਹ ਸਵਾਰ ਉਹ
ਸੂਬੇ ਸੰਤ ਮਹੰਤ, ਘੋੜੇ ਘੋੜੀਆਂ
ਸੰਗਤ ਹੋਰ ਬੇਅੰਤ, ਪਿੱਛੇ ਤੁਰ ਰਹੀ
ਸਾਗਰ ਜਿਉਂ ਬੇ-ਮਾਹਾਂ, ਠਾਠਾਂ ਮਾਰਦਾ
ਸ਼ਾਂਤ ਸਮੁੰਦਰ ਆਹਾ, ਸੀ ਗੰਭੀਰ ਪਰ
ਆਪੋ ਆਪਣੇ ਥਾਂ, ਬੱਧੇ ਹੁਕਮ ਦੇ
ਅੱਗੇ ਤੁਰ ਰਹੇ ਅੱਧੇ, ਪਿਛੇ ਚਲ ਰਹੇ
ਰਸਤੇ ਉਤੇ ਡੇਰਾ, ਸੀ ਜਰਨੈਲ ਦਾ

ਵੇਖ ਪੰਥ ਦਾ ਘੇਰਾ, ਸੀ ਹੈਰਾਨ ਓਹ
ਅੱਗੇ ਹੋ ਕੇ ਆਖਣ, ਲਗਾ ਗੁਰੂ ਜੀ
ਉੱਤਰ ਦਿਓ ਦੀਦਾਰੇ, ਅੱਗਾ ਮੱਲਿਆ
ਮੇਮ ਸਾਹਿਬ ਦੀ ਆਪ, ਇੱਛਾ ਦਰਸ ਦੀ
ਪੂਰੀ ਕਰ ਦਿਓ ਭਾਪ, ਸ਼ਰਧਾ ਓਸ ਦੀ
ਉੱਚੀ ਭੁਜਾ ਪਸਾਰ, ਸਤਿਗੁਰ ਪਾਤਸ਼ਾਹ
ਕੀਤਾ ਇਹ ਅਸ਼ਾਰ, ਰੋਕਣ ਵਾਸਤੇ
ਜਿੱਥੇ ਜਿੱਥੇ ਜਿਸ ਨੇ, ਪਾਇਆ ਪੈਰ ਸੀ
ਓਥੇ ਦਾ ਓਹ ਓਥੇ, ਚਾਇਆ ਰਹਿ ਗਿਆ
ਜੁਆਨ ਬਾਲ ਕੇ ਬੁੱਢੇ, ਮਾਈਆਂ ਬੀਬੀਆਂ

ਦਰਸ਼ਨ ਦੀਆਂ ਸਧਰਾਈਆਂ, ਆਈਆਂ ਨਾਲ ਜੋ
ਵੇਖ ਇਸ਼ਾਰਾ ਸੱਭੇ, ਥਾਂ ਖਲੋ ਗਏ
ਜਿਵੇਂ ਕੋਈ ਸੀ ਗੱਭੇ, ਅਗੇ ਕੋਈ ਸੀ
ਇਹ ਡਸਿਪਲਨ ਤੱਕ, ਕੂਕੇ ਪੰਥ ਦਾ
ਰੰਗ ਹੋ ਗਿਆ ਫੱਕ, ਪੁਲਿਸ ਜਰਨੈਲ ਦਾ
ਅਰਜ਼ ਮੰਨ ਗੁਰੂ ਦੇਵ, ਉਤਰ ਖਲੋ ਗਏ
ਹਰ ਇਕ ਦਿਲ ਦਾ ਭੇਦ, ਉਹ ਸਨ ਜਾਣਦੇ
ਕਾਨ੍ਹ ਸਿੰਘ ਨਿਹੰਗ, ਸਾਹਿਬ ਸਿੰਘ ਜੀ
ਲੱਖਾ ਸਿੰਘ ਜਵਾਹਰ, ਮੰਗਲ ਸਿੰਘ ਸੀ
ਲੈ ਪੰਜਾਂ ਨੂੰ ਨਾਲ, ਅੰਦਰ ਕੈਂਪ ਦੇ[100]
ਕੀਤਾ ਜਾ ਨਿਹਾਲ, ਉਸ ਦੀ ਮੇਮ ਨੂੰ

---

[100] ਹੁਸ਼ਿਆਰ ਪੁਰ ਦਾ ਡਿਪਟੀ ਕਮਿਸ਼ਨਰ ਪਰਕਿਨਜ਼, ਸਤਿਗੁਰੂ ਜੀ ਨੂੰ ਬੇਨਤੀ ਕਰਕੇ ਅਪਣੇ ਤੰਬੂ ਵਿਚ ਲੈ ਗਿਆ। ਜਿੱਥੇ ਉਸ ਦੀ ਮੇਮ ਨੇ ਵੀ ਆਪਦੇ ਚਰਨ ਪਰਸੇ। ਇਸ ਹੋਲੇ ਮਹੱਲੇ ਤੇ ਸ੍ਰੀ ਸਤਿਗੁਰੂ ਜੀ ਦੇ ਹਜ਼ਾਰਾਂ ਨਾਮਧਾਰੀਆਂ ਸਮੇਤ ਪੁੱਜਣ ਦੇ ਖ਼ਦਸ਼ੇ ਵੱਜੋਂ ਪੰਜਾਬ ਪੁਲਿਸ ਦਾ ਡੀ.ਆਈ.ਜੀ. ਮੈਕ ਐਂਡਰੀਓ, ਜਲੰਧਰ ਦਾ ਕਮਿਸ਼ਨਰ ਫੋਰਸਾਇਥ ਅਤੇ ਹੁਸ਼ਿਆਰ ਪੁਰ ਦਾ ਸਹਾਇਕ ਪੁਲੀਸ ਮੁੱਖੀ ਹੈਚਲ ਤੇ ਹੋਰ ਬਹੁਤ ਸਾਰੇ ਪੁਲੀਸ ਦੇ ਇੰਸਪੈਕਟਰ ਭਾਰੀ ਨਫਰੀ ਸਮੇਤ ਇਥੇ ਪੁੱਜੇ ਸਨ।
ਬਾਹੋਵਾਲ ਜੀ ਮੁਤਾਬਿਕ ਡੀ.ਸੀ. ਪਰਕਿਨਜ਼ ਦੇ ਤੰਬੂ ਵਿਚ ਸਤਿਗੁਰੂ ਜੀ, ਸੂਬਾ ਜਵਾਹਰ ਸਿੰਘ ਅਤੇ ਇਕ ਮਸਤਾਨਾ ਸਿੰਘ ਹੀ ਗਏ ਸਨ।-ਸਤਿਗੁਰੂ ਬਿਲਾਸ ਭਾਗ-1, ਸਫਾ 249

ਦਰਸ਼ਨ ਕਰਦਿਆਂ ਮੇਮ, ਖੀਵੀ ਹੋ ਗਈ
ਆਂਹਦੀ ਮੈਂ ਚਿਰ ਜੀਵੀ, ਕੀਤੀ ਗੁਰੂ ਜੀ
ਫਲ ਬਦਾਮਾਂ ਥਾਲ, ਅੱਗੇ ਰੱਖਿਆ
ਪੰਞੀ ਮੋਹਰਾਂ ਨਾਲ, ਭੇਟਾ ਕੀਤੀਆਂ
ਆਖੇ ਮੈਨੂੰ ਆਪ, ਈਸਾ ਜਾਪਦੇ
ਮੇਰੇ ਦਿਲ ਦਾ ਸ਼ੀਸ਼ਾ, ਕੀਤਾ ਸਾਫ਼ ਹੈ
ਕੁਰਸੀ ਗੱਦੇਦਾਰ, ਸੋਫੇ ਵਾਂਗਰਾਂ
ਉਸ ਉਤੇ ਬੈਠਾਰ, ਸਤਿਗੁਰੂ ਪਾਤਸ਼ਾਹ
ਗੋਡਿਆਂ ਪਰਨੇ, ਚਰਨਾਂ ਅੱਗੇ ਬੈਠ ਕੇ
ਕਿਹਾ ਸਹਿਬ ਨੂੰ, ਕਰਨਾ ਕੋਈ ਸਵਾਲ ਹੈ ?
ਆਪ ਲਿਆਏ ਨਾਲ, ਏਨਾਂ 'ਕੱਠ ਕਰ ?
ਕੀਤਾ ਇਹ ਸਵਾਲ, ਸੀ ਅੰਗ੍ਰੇਜ਼ ਨੇ
ਟੱਬਰ ਵਿੱਚੋਂ ਇਕ, ਅਧ ਜੀ ਆਇਆ
ਇਹ ਤੇ ਕੋਈ ਨਾ ਬੱਧ, ਸਾਰੇ ਹਨ ਨਹੀਂ
ਜਿਸ ਦੇ ਦਿਲ ਦੇ ਵਿੱਚ, ਸ਼ਰਧਾ ਦਰਸ ਦੀ
ਓਸ ਲਿਆਈ ਖਿੱਚ, ਓਹੀ ਆਇਆ
ਸਾਰਾ ਪੰਥ ਨਾ ਆਇਆ, ਏਥੇ ਚੱਲ ਕੇ
ਇਕ ਅਧ ਫੇਰਾ ਪਾਇਆ, ਮੁਸ਼ਕਲ ਨਾਲ ਹੈ
ਆਂਹਦੇ ਹੈਨ ਪੁਜਾਰੀ, ਦੰਗਾ ਕਰੋਗੇ
ਹੋਵੇਗਾ ਨਾ ਚੰਗਾ, ਕੰਮ ਅਜੇਹਾ
ਹੋਵੇਗੀ ਬਦਨਾਮੀ, ਮੇਰੀ ਇਸ ਤਰ੍ਹਾਂ
ਕਰਕੇ ਕਿਹਾ ਸਲਾਮੀ, ਕਰਨਾ ਇੰਞ ਨਾ
ਲੋੜ ਨਾ ਕੋਈ ਸਾਨੂੰ, ਦੰਗਾ ਕਰਨ ਦੀ
ਏਸ ਕੰਮ ਨੂੰ ਅਸੀਂ ਨਾ ਚੰਗਾ, ਜਾਣਦੇ
ਸ਼ਸਤ੍ਰ ਛਡਿਆ ਕੋਲ, ਤੁਸਾਂ ਨਾ ਕਿਸੇ ਦੇ
ਵਿਹੁ ਰਹੇ ਨੇ ਘੋਲ, ਪੁਜਾਰੀ ਉਂਞ ਹੀ
ਸਾਡੇ ਕੋਲ ਤੇ ਸੋਟਾ, ਸੋਟੀ ਵੀ ਨਹੀਂ
ਮਾਲਾ ਹੈ ਜਾਂ ਲੱਜ, ਸੋਟੀ ਹੋਰ ਨਾ



ਹੁਸ਼ਿਆਰਪੁਰ ਦੇ ਡਿਪਟੀ ਕਮਿਸ਼ਨਰ ਪਰਕਿਨਜ਼ ਤੇ ਉਸਦੀ ਮੇਮ ਸ੍ਰੀ ਸਤਿਗੁਰੂ ਜੀ ਦੇ ਤੰਬੂ ਵਿਚ ਚਰਨ ਪਰਸਦੀ ਹੋਈ

ਪੋਥੀ ਹੈ ਜਾਂ ਪਊਏ, ਆਸਣ ਡੋਲ ਹੈ
ਡਰਦੇ ਇਹ ਪੁਜਾਰੀ, ਹਊਏ ਨਾ ਅਸੀਂ
ਹੋਰ ਨਾ ਕੋਈ ਕੋਲ, ਸਾਡੇ ਚੀਜ਼ ਹੈ
ਲੱਭੋ ਸਭ ਫਰੋਲ, ਕਾਬੂ ਕਰ ਲਓ
ਤੁਸੀਂ ਕਰਾਓ ਛੇੜ ਛਾੜ, ਉਹ ਕਰਨਗੇ
ਅਸੀਂ ਨਾ ਕੁਝ ਵਗਾੜ, ਕਰਨਾ ਕਿਸੇ ਦਾ
ਉਸ ਦਾ ਵੀ ਜਵਾਬ, ਦੇਣਾ ਅਸੀਂ ਨਾ
ਕੋਈ ਗੱਲ ਖ਼ਰਾਬ, ਪੁਜਾਰੀ ਕਰਨ ਜੇ
ਸਤ ਅਹਿੰਸਾ ਜੇਰਾ, ਸਾਡਾ ਧਰਮ ਹੈ
ਦਰਸ਼ਨ ਕਰਨਾ ਫੇਰਾ, ਭੇਟਾ ਚਾੜ੍ਹਨੀ
ਪੂਜਾ ਕਰਕੇ ਕੇਵਲ, ਵਾਪਸ ਪਰਤਣਾ
ਮੱਲਣੀ ਕੋਈ ਨਾ ਦੇਹਲ, ਮੰਦਰ ਦੀ ਅਸੀਂ
ਨਾਂ ਕਬਜ਼ੇ ਦੀ ਰੀਝ, ਨ ਪੂਜਾ ਲੈਣ ਦੀ
ਐਵੇਂ ਆ ਰਹੀ ਖੀਝ, ਏਨ੍ਹਾਂ ਪੁਜਾਰੀਆਂ
ਰਹੇ ਸੁਹੰਡਣੀ ਇਹੁ, ਇਨਾਂ ਨੂੰ ਸਦਾ
ਪੇਟ ਵਧਾਣ ਵਿਹੁ ਖਾਣ, ਰਜ ਰਜ ਕੇ
ਦੂਜੀ ਵਾਰੀ ਕਿਹਾ, ਇਹ ਜਰਨੈਲ ਨੇ
ਲੋੜ ਪਏ ਜੇ ਕੋਈ, ਕਦੀ ਸਰਕਾਰ ਨੂੰ
ਬਾਬਾ ਸਾਹਿਬ ਆਪ, ਮਦਦ ਦਿਓਗੇ
ਸੋਚ ਸਮਝ ਕੇ ਸਾਫ਼, ਨਾ ਕੀਤੀ ਗੱਲ ਹੈ
ਕਾਹਦੇ ਨਾਲ ਅਸਾਡੀ, ਮਦਦ ਭਾਲ ਦੇ
ਸ਼ਸਤ੍ਰ ਖੋਹ ਜੁਆਨ, ਫਾਡੀ ਕਰ ਲਏ
ਕਰੇ ਨਿਹੱਥੇ ਸਭ, ਪੰਜਾਬੀ ਸੂਰਮੇ
ਰਹਿਣ ਨਾ ਦਿਤੀ ਆਬੀ, ਅੰਦਰ ਕਿਸੇ ਦੇ
ਫਿਰ ਮੇਰਾ ਤੇ ਅਪਣਾ, ਇਹ ਆਦਰਸ਼ ਹੈ
ਨਾਮ ਜਪਾਣਾਂ ਜਪਣਾਂ, ਹੋਰ ਨਾ ਗੱਲ ਹੈ
ਹਿੰਸਕ ਜਿਤਨੇ ਵੀ, ਹੈਨ ਹਥਿਆਰ ਇਹ
ਮੈਂ ਨਾ ਦੇਣੇ ਰਹਿਣ, ਨਾਲ ਪਿਆਰ ਦੇ
ਛੁਰੀ ਸੁਟਾ ਕੇ ਮਾਲਾ, ਹਥ ਫੜਾਵਣੀ

ਓਹ ਸੂਤਰ ਦੀ ਆਹਲਾ, ਧਾਤੂ ਦੀ ਨਹੀਂ
ਕਰਨਾ ਸ਼ਾਂਤੀ ਦਾ, ਮੈਂ ਪ੍ਰਚਾਰ ਹੈ
ਇਸ ਦੇ ਨਾਲ ਕ੍ਰਾਂਤੀ, ਕਰ ਵਿਖਾਲਣੀ
ਸ਼ੇਰ ਸੱਪ ਬਘਿਆੜ, ਭਾਲੂ ਮਾਰ ਖ਼ੋਰ
ਏਹਨਾਂ ਨੂੰ ਵੀ ਚੀਰ, ਫਾੜ ਤੋਂ ਰੋਕਣਾ
ਸਬਕ ਸਿਖਾਣਾ ਮੈਂ, ਸਭ ਨੂੰ ਤਰਸ ਦਾ
ਗਊ ਗਰੀਬ ਨੂੰ ਖਾਣਾਂ, ਬਣਨ ਨਾ ਦੇਵਣਾਂ
ਏਹਨਾਂ ਦੇ ਗਲ ਉਤੋਂ, ਛੁਰੀ ਚੁਕਾਵਣੀ
ਕਿਸ ਦੇ ਨਾਲ ਹਲ, ਲੋਕ ਚਲਾਣਗੇ
ਦੇਸ ਅਜ਼ਾਦ ਕਰਾਣਾ, ਮੇਰਾ ਧਰਮ ਹੈ
ਰਾਜ ਆਪਣਾ ਪਾਣਾਂ, ਗੈਰਾਂ ਖੋਹਿਆ
ਭਾਈਆਂ ਵਾਂਗਰ ਰਹਿਣ, ਵਦੇਸ਼ੀ ਹਿੰਦ ਮੈਂ
ਓਇ ਨਾਂ ਦੇਣੀ ਕਹਿਣ, ਨਾ ਜ਼ੁਲਮ ਸਹਾਰਨਾ
ਭਾਰਤ ਨੂੰ ਆਜ਼ਾਦ, ਕਰਨਾ ਇਨ੍ਹਾਂ ਤੋਂ
ਗਊ ਗ਼ਰੀਬ ਫ਼ਰਿਆਦ, ਕਰਦੇ ਰੋ ਰਹੇ
ਓਨਾਂ ਦਾ ਇਹ ਦੂਰ, ਕਰਾਣਾਂ ਸੋਗ ਹੈ
ਹੋਰ ਨਾ ਕੋਈ ਪਾਣਾ, ਝਗੜਾ ਦੂਸਰਾ
ਸਿੱਖਾਂ ਦਾ ਹੈ ਮੇਲਾ, ਮੇਰਾ ਸ਼ਬਦ ਦਾ
ਪਤਾ ਨਹੀਂ ਦਿਲ ਤੇਰਾ, ਕੀ ਹੈ ਸਮਝ ਦਾ ?
ਕਿਹਾ ਇਹ ਫਰੰਗੀ, ਤੁਹਾਡੀ ਫ਼ੌਜ ਹੈ
ਦੰਮਾਂ ਨਾਲੋਂ ਚੰਗੀ, ਤਲਬਾਂ ਦੇਣ ਤੋਂ
ਕੀਤਾ ਆਪ ਇਸ਼ਾਰਾ, ਜਦ ਖਲੋ ਗਏ
ਇਸ ਤੋਂ ਨਹੀਂ ਨਿਆਰਾ, ਕੰਮ ਹੈ ਫੌਜ ਦਾ
ਜ਼ਬਤ ਇਸ ਤਰ੍ਹਾਂ ਵੇਖ, ਮੈਂ ਹੈਰਾਨ ਹਾਂ !
ਇਕ ਦਿਨ ਸਾਡਾ ਲੇਖ, ਏਹ ਮਿਟਾਣਗੇ
ਸਾਨੂੰ ਹੈ ਭੜਕਾਇਆ, ਇਨ੍ਹਾਂ ਪੁਜਾਰੀਆਂ
ਆਂਹਦੇ ਕੂਕਾ ਆਇਆ, ਕਬਜ਼ਾ ਕਰਨ ਨੂੰ
ਜਿਸ ਦੇ ਕੋਲ ਹਥਿਆਰ, ਤੋਪਾਂ ਰਹਿਕਲੇ
ਕਰਨ ਅਸਾਂ ਤੇ ਵਾਰ, ਓਹ ਨੇ ਆ ਰਹੇ

ਆਨੰਦਪੁਰ ਰਾਜਧਾਨੀ, ਇਨ੍ਹਾਂ ਬਨਾਵਣੀ
ਜਿਸ ਦੇ ਜਿਹਾ ਨਾ ਸਾਨੀ, ਦੂਜਾ ਤਖ਼ਤ ਹੈ
ਮੰਨ ਇਨ੍ਹਾਂ ਦੀ ਗੱਲ, ਸੱਚ ਸਰਕਾਰ ਨੇ
ਆਈਆਂ ਫ਼ੌਜਾਂ ਚੱਲ, ਸਾਜ ਸਾਮਾਨ ਲੈ
ਪਰ ਨਾਂ ਮੈਨੂੰ ਕੁਝ, ਨਜਰੀਂ ਆਇਆ
ਦੂਰਬੀਨ ਲਾ ਮੈਂ, ਫ਼ਜ਼ਰੀਂ ਵੇਖਿਆ
ਮਾਲਾ ਬਾਝੋਂ ਹੋਰ, ਕੋਲ ਨਾ ਕਿਸੇ ਦੇ
ਜਾਂ ਹੈ ਆਸਣ ਡੋਲ, ਦੂਜੀ ਚੀਜ਼ ਨਾ
ਝੂਠੇ ਹੈਨ ਪੁਜਾਰੀ, ਆਰੀ ਸੱਚ ਤੋਂ
ਮੱਤ ਜਿਨ੍ਹਾਂ ਦੀ ਮਾਰੀ, ਭੈੜੇ ਇਹ ਨੇ
ਸੱਚੀ ਨਾ ਕੋਈ ਗੱਲ, ਦਿਸੀ ਅਸਾਂ ਨੂੰ

ਸਾਨੂੰ ਸਭ ਕੁਝ ਵੱਲ, ਨਜ਼ਰੀਂ ਪੈ ਰਿਹਾ
ਦਰਸ਼ਨ ਕਰਨੇ ਜਦੋਂ, ਅਪਣੇ ਤਖ਼ਤ ਦੇ
ਮੈਨੂੰ ਦੱਸਣਾਂ ਤਦੋਂ, ਬੰਦਾ ਭੇਜਣਾਂ
ਤਾ ਕਿ ਇਹ ਪੁਜਾਰੀ, ਰੌਲਾ ਪਾਣ ਨਾ
ਕਰਕੇ ਏਨ੍ਹਾਂ ਆਰੀ, ਦਿਆਂ ਬਿਠਾਲ ਮੈਂ
ਤੰਬੂ ਹੋਰ ਕਨਾਤ, ਚੰਦੋਏ ਚਾਨਣੀ
ਕੱਢੀ ਹੋਈ ਬਨਾਤ, ਦੀਆਂ ਬਣਾਈਆਂ

ਡੇਰੇ ਲਈ ਗੁਰੂ ਦੇਵ, ਗੋਰਿਆਂ ਭੇਜੀਆਂ
ਇਹ ਸੀ ਕੋਈ ਭੇਵ, ਅੰਗ੍ਰੇਜ਼ੀ ਪਾਲਸੀ
ਚਰਨ ਗੰਗ ਕਿਨਾਰ, ਡੇਰੇ ਲਾ ਲਏ
ਪੈਲਾਂ ਕਰੋ ਤਿਆਰ, ਨ੍ਹੇਰੇ ਪੈਣ ਤੋਂ
ਮੰਨ ਹੁਕਮ ਨੂੰ ਸੱਤ, ਜਿਨ੍ਹਾਂ ਕਿਨ੍ਹਾਂ ਨੇ
ਪੈਲਾਂ ਲਈਆਂ ਘੱਤ, ਭਿੱਜੇ ਓਹ ਨਾਂ
ਬਾਕੀ ਸਾਰੇ ਫੰਡੇ, ਮੀਂਹ ਸੁਆਰ ਕੇ
ਗੱਡ ਓਹ ਸੱਕੇ ਡੰਡੇ, ਮੁੜ ਕੇ ਫੇਰ ਨਾਂ
ਪੁਜਾਰੀਆਂ ਨੂੰ ਸੱਦ, ਕਿਹਾ ਜਰਨੈਲ ਨੇ

ਕੱਢ ਉਨ੍ਹਾਂ ਦੇ ਪੱਦ, ਦਬਕਾ ਮਾਰਿਆ
ਕਰਨ ਦੀਦਾਰੇ ਅੱਜ, ਕੂਕੇ ਆਣ ਗੇ

ਅਸੀਂ ਵੀ ਤੇ ਗੱਜ ਵੱਜ, ਸਭ ਤਿਆਰ ਹਾਂ
ਖੜਕੇ ਖੰਡਾ ਅੱਗੋਂ, ਕਿਹਾ ਪੁਜਾਰੀਆਂ
ਰੌਲਾ ਪਾਣੋਂ ਸਗੋਂ, ਹਟਦੇ ਨਾ ਤੁਸੀਂ
ਤੁਹਾਡੇ ਵਿਚੋਂ ਜੋ ਕੋਈ, ਝਗੜਾ ਪਾਇਗਾ
ਚੌਦਾਂ ਸਾਲੋਂ ਘੱਟ ਨਾ, ਹੌਲਾ ਜਾਇ ਓਹ
ਚੁੱਪ ਕਰ ਗਏ ਪੁਜਾਰੀ, ਸਨ ਵਿਹੁ ਘੋਲਦੇ
ਮੱਤ ਜਿਨ੍ਹਾਂ ਦੀ ਮਾਰੀ, ਪੂਜਾ ਧਾਨ ਖਾ
ਆਸਾ ਜੀ ਦੀ ਵਾਰ, ਸਮਾਪਤ ਹੋ ਗਈ
ਭੈਰਵੀ ਦੀ ਚੌਂਕੀ, ਵਾਰ ਬਸੰਤ ਦੀ
ਕਰ ਅਰਦਾਸ ਤਿਆਰੇ, ਕੀਤੇ ਪੰਥ ਨੇ
ਕਰਨੇ ਅੱਜ ਦੀਦਾਰੇ, ਗੁਰ ਦਰਬਾਰ ਦੇ
ਢੋਲਕ ਵੱਜਣ ਲੱਗੀ, ਛੈਣੇ ਖੜਕਦੇ
ਮੱਠੀ ਜਿਹੀ ਫੁਹਾਰ, ਵਰ੍ਹਦੀ ਸ਼ਬਦ ਦੀ
"ਮੋਰੀ ਰੁਣ ਝੁਣ ਲਾਇਆ" ਬੱਦਲ ਵਰਸਿਆ
"ਭੈਣੇ ਸਾਵਣ ਆਇਆ" ਖੁਸ਼ੀਆਂ ਹੋਈਆਂ
ਨੱਚ ਉਠੇ ਮਸਤਾਨੇ, ਪੈਲਾਂ ਪਾਂਵਦੇ
ਲੱਗਣ ਪਏ ਤਰਾਨੇ, ਸਤਿਗੁਰ ਸ਼ਬਦ ਦੇ
ਜਿਨ੍ਹਾਂ ਦੇ ਦਿਲ ਚਾ, ਦਰਸ਼ਨ ਕਰਨ ਦਾ
ਭਰ ਕੇ ਵਿਚ ਉਮਾਹ, ਕੀਰਤਨ ਕਰ ਰਹੇ
ਸਤਿਗੁਰੂ ਸਨ ਵਿਚਾਲੇ, ਸੋਭਾ ਪਾਂਵਦੇ

ਸੰਗਤ ਹੋਰ ਦੁਆਲੇ, ਵਾਂਗ ਪ੍ਰਵਾਰ[101] ਸੀ
ਪਿਛੇ ਸੰਗਤ ਸਾਰੀ, ਮਾਈਆਂ ਬੀਬੀਆਂ
ਗੁਰ ਦਰਸਨ ਬਲਿਹਾਰੀ, ਨਿਰਤ ਕਰੇਂਦੀਆਂ

[101] ਪ੍ਰਵਾਰ- ਜਿਵੇਂ ਮੀਂਹ ਪੈਣ ਬਾਅਦ ਸੂਰਜ ਜਾਂ ਚੰਨ ਪਰਵਾਰਿਆ ਜਾਂਦਾ ਹੈ, ਰੋਸ਼ਨੀ ਦਾ ਘੇਰਾ।

ਕੇਸ ਗਲੇ ਵਿਚ ਲਟਕਣ, ਸੋਭਾ ਪਾਂਵਦੇ
ਵਾਂਗ ਕਬੂਤਰ ਫਟਕਣ, ਸਤਿਗੁਰ ਸ਼ਬਦ ਸੁਣ
ਤੀਰ ਕਲੇਜੇ ਵੱਜਣ, ਭੁੱਲੀ ਹੋਸ਼ ਸੀ
ਹੋ ਗਈਆਂ ਮਦਹੋਸ਼, ਲੱਗਣ ਬਾਣ ਜਿਉਂ
ਚਿੱਟੇ ਵਸਤਰ ਸਭ ਦੇ, ਹੰਸਾਂ ਵਾਂਗਰਾਂ
ਵਾਹਵਾ ਕੂਕੇ ਫੱਬਦੇ, ਪੁਰੀ ਅਨੰਦ ਵਿਚ
ਵਾਸੀ ਪੁਰ ਦੇ ਦਰਸ਼ਨ, ਕਰਕੇ ਆਖਦੇ
ਆਇਆ ਵਾਲੀ ਪਰਸਣ, ਆਪਣੀ ਪੁਰੀ ਨੂੰ
ਰੌਲਾ ਪਾਵਣ ਖਾਲੀ, ਗੁਰੂ ਦੁਆਰੀਏ
ਮੱਤ ਜਿਨ੍ਹਾਂ ਦੀ ਗਾਲੀ, ਪੂਜਾ ਧਾਨ ਖਾ
ਅਕਲ ਜਿਨ੍ਹਾਂ ਦੀ ਕਾਲੀ, ਕਾਲੇ ਕਪੜੇ !
ਦੇਂਦਾ ਬੁਰਾ ਵਿਖਾਲੀ, ਕਰਮਾਂ ਮਾਰਿਆਂ
ਅੰਦਰ ਫੜ੍ਹ ਬਹਾਲੇ, ਸਭ ਅੰਗ੍ਰੇਜ਼ ਨੇ
ਬਾਹਰੋਂ ਮਾਰੇ ਤਾਲੇ, ਕੀਤੇ ਕੈਦ ਸੀ
ਵੱਡਾ ਇਕ ਪੁਜਾਰੀ, ਅੰਦਰ ਤਖ਼ਤ ਦੇ
ਹਰੀ ਸਿੰਘ ਬਦਕਾਰੀ, ਸੁੱਕਾ ਅੰਦਰੋਂ
ਯਥਾ ਯੋਗ ਸੀ ਚਾੜ੍ਹੀ, ਭੇਟਾ ਸਭ ਨੇ
ਹਰੀ ਸਿੰਘ ਨੇ ਤਾੜੀ, ਕੁਫ਼ਰ ਅਲਾਇਆ
ਮੈਂ ਨਾਹੀਂ ਅਰਦਾਸ , ਕੀਤੀ ਹੈ ਕਦੇ
ਮੇਰੇ ਕਦੀ ਨਾ ਪਾਸ, ਫਟਕਿਆ ਸੱਚ ਹੈ
ਬ੍ਰਹਮ ਸਿੰਘ[102] ਜੀ ਸਾਧੂ, ਗੁਰੂ ਹਜੂਰੀਏ
ਗੱਲ ਕਰਨ ਨਾ ਵਾਧੂ, ਬਾਣੀ ਨਾਮ ਬਿਨ
ਹੁਕਮ ਹੋਇਆ ਅਰਦਾਸ, ਕਰਨ ਦਾ ਉਨ੍ਹਾਂ ਨੂੰ
ਸਨ ਖਲੋਤੇ ਪਾਸ, ਜੋ ਗੁਰੂ ਦੇਵ ਦੇ
ਕੀਤੀ ਸੀ ਅਰਦਾਸ, ਓਹਨਾਂ ਗੱਜ ਕੇ
ਕਾਰਜ ਕਰਨਾ ਰਾਸ, ਸੱਚੇ ਪਾਤਸ਼ਾਹ
ਤੇਗ਼ ਬਹਾਦਰ ਧਰਮ, ਬਹਾਦਰ ਸਤਿਗੁਰੂ

[102] ਸੂਬਾ ਬ੍ਰਹਮਾ ਸਿੰਘ ।

ਹਿੰਦ ਦੀ ਚਿੱਟੀ ਚਾਦਰ, ਰਾਖੇ ਧਰਮ ਦੇ
ਤਿਲਕ ਜੰਞੂ ਦੀ ਰਾਖੀ, ਕੀਤੀ ਆਪ ਨੇ
ਭਰਦਾ ਹੈ ਪਿਆ ਸਾਖੀ, ਹਿੰਦੂ ਧਰਮ ਜੋ
ਸੀਸ ਦਿਤਾ ਧਰਮ, ਨਿਭਾਹਿਆ ਹੱਸ ਕੇ
ਕੀਤਾ ਸਭ ਸਫ਼ਾਇਆ, ਜ਼ਾਲਮ ਰਾਜ ਦਾ
ਪਰਸ ਤਖ਼ਤ ਪ੍ਰਸ਼ਾਦ, ਵਰਤਾ ਕੇ ਤੁਰ ਗਏ
ਜੋ ਮਰਯਾਦਾ ਆਦਿ, ਨਿਬਾਹੀ ਸਭ ਓਹ
ਤੇਗ ਬਹਾਦਰ ਸਤਿਗੁਰ, ਦੇ ਦਰਬਾਰ ਵਿਚ

ਭੇਟਾ ਚਾੜ੍ਹੀ ਸਤਿਗੁਰ, ਸੰਗਤ ਸਭ ਨੇ
ਕੀਤੀ ਜੋ ਪਰਵਾਨ, ਓਸ ਮਹੰਤ ਨੇ
ਜਿਸ ਦੇ ਮਨ ਦੀ ਹੋਸ਼, ਕਾਇਮ ਸੀ ਰਹੀ
ਉਸ ਕੀਤੀ ਅਰਦਾਸ, ਸਿਰੋਪਾ ਬਖਸ਼ਿਆ
ਦਰਸਨ ਕੀਤੇ ਖ਼ਾਸ, ਜੋ ਗੁਰਦੁਆਰ ਸਨ
ਬੈਠੇ ਘਰ ਵਿਚ ਤਾਰੇ, ਵਾਸੀ ਸ਼ਹਿਰ ਦੇ
ਜਾਂਦੇ ਸਨ ਬਲਹਾਰੇ, ਦਰਸ਼ਨ ਪਰਸ ਕੇ
ਆ ਗਏ ਰਾਜ਼ੀ ਬਾਜ਼ੀ, ਡੇਰੇ ਆਪਣੇ
ਬੈਠ ਪੁਜਾਰੀ ਪਾਜੀ, ਸੋਚਾਂ ਸੋਚਦੇ
ਸੋਢੀ ਹੋ ਨਿਹਾਲ, ਆਏ ਸਰਨ ਵਿਚ
ਸਤਿਗੁਰੂ ਹੋਇ ਦਿਆਲ, ਕੀਤੀ ਮਿਹਰ ਸੀ
ਪ੍ਰਤਾਪ ਸਿੰਘ ਪਿਓ ਪੁੱਤ੍ਰ, ਦੇਵਾ ਸਿੰਘ ਜੀ
ਵਾਂਗੂੰ ਓਹ ਸਪੁੱਤ੍ਰ, ਸਰਨੀ ਆ ਗਏ
ਨਰਿੰਦਰ ਸਿੰਘ ਕੁਰਾਲੀ, ਹੀਰਾ ਸਿੰਘ ਜੀ
ਕੂਕਿਆਂ ਦੀ ਸੀ ਚਾਲੀ, ਪਕੜੀ ਇਨ੍ਹਾਂ ਨੇ
ਇਹ ਵੀ ਦੋਏ ਸਤਿਗੁਰੂ ਸਰਨੀ ਆ ਪਏ
ਬਹੁਤੇ ਦੇਸ਼ ਦੁਆਬੇ, ਕਰਨੀ ਮੰਨ ਲਈ
ਗੁਰੂ ਸਿਖੀ ਦੀ ਭਰਨੀ, ਸਾਖਾ ਅਜ ਤੋਂ
ਸਜ ਗਏ ਸਿੰਘ ਹਜ਼ਾਰਾਂ, ਹੋਲੇ ਏਸ ਵਿਚ
ਬੰਨ੍ਹ-ਬੰਨ੍ਹ ਆਣ ਕਤਾਰਾਂ, ਕੂਕੇ ਬਣਨ ਨੂੰ

ਹੋਲੀ ਖੇਡਣ ਸੋਢੀ, ਰਲ ਕੇ ਆ ਗਏ
ਹਾਥੀ ਉਤੇ ਮੋਢੀ, ਗੋਰੇ ਜਿਨ੍ਹਾਂ ਦੇ
ਆਂਹਦੇ ਤੁਹਾਡੇ ਨਾਲ, ਹੋਲੀ ਖੇਡਣੀ
ਮਾਰਾਂਗੇ ਗੁਲਾਲ, ਭਰ ਭਰ ਮੁੱਠੀਆਂ
ਮੈਂ ਹਾਂ ਇਕ ਗ਼ਰੀਬ, ਤੁਸੀਂ ਅਮੀਰ ਹੋ
ਆਪਣੇ ਜਿਹਾ ਰਕੀਬ, ਲੱਭੋ ਦੂਸਰਾ
ਰਾਜਿਆਂ ਦੇ ਮਹਾਰਾਜੇ, ਤੁਹਾਨੂੰ ਜਾਣ ਕੇ
ਆਏ ਹਾਂ ਦਰਵਾਜ਼ੇ, ਤੇ ਸਰਕਾਰ ਦੇ
ਭਰ ਕੇ ਵਿਚ ਉਮੰਗ, ਹੋਲੀ ਖੇਡਣੀ
ਏਸ ਰੰਗ ਦੇ ਵਿਚ, ਭੰਗ ਨਾਂ ਪਾਵਣਾਂ
ਚੀਨੀ ਤੇ ਅਸਵਾਰ, ਸਤਿਗੁਰ ਹੋ ਗਏ
ਸੂਬੇ ਸਾਰੇ ਤਿਆਰ, ਹੋਏ ਨਾਲ ਸੀ
ਛੱਡੀ ਮੁੱਠ ਗੁਲਾਲ, ਭਰ ਕੇ ਸੋਢੀਆਂ
ਬੋਚ ਲਈ ਹੱਥ ਨਾਲ, ਖਿੰਡੀ ਹੇਠ ਜਾ
ਦੂਜੀ ਵਾਰੀ ਫੇਰ, ਕਿਹਾ ਵੰਗਾਰ ਕੇ
ਕਰੋ ਨਾ ਏਨੀ ਦੇਰ, ਲਾਓ ਜ਼ੋਰ ਫਿਰ
ਭਰ ਕੇ ਮੁੱਠ ਗੁਲਾਲ, ਦੂਜੀ ਵਾਰ ਵੀ
ਮਾਰੀ ਜ਼ੋਰ ਦੇ ਨਾਲ, ਲੱਗੀ ਨਾ ਉਹ
ਤੀਜੀ ਲਾ ਲਓ ਵਾਰੀ, ਤਕੜੇ ਹੋਇ ਕੇ
ਵਾਰੀ ਫੇਰ ਕਰਾਰੀ, ਭਾਰੀ ਅਸਾਂ ਦੀ
ਹੋ ਜਾਵੋ ਹੁਸ਼ਿਆਰ, ਵਾਰੀ ਆ ਗਈ
ਭਰ ਕੇ ਮੁੱਠ ਗੁਲਾਲ, ਮਾਰੀ ਉਨ੍ਹਾਂ ਤੇ
ਹਾਥੀ ਉਤੇ ਲਾਲ, ਬੈਠੇ ਹੋ ਗਏ
ਗੋਰੇ ਵੀ ਸਨ ਨਾਲ, ਛਿੱਥੇ ਜਾਪਦੇ
ਓਹਨਾਂ ਦੀ ਵੀ ਚਾਲ, ਪੈ ਗਈ ਮਾਤ ਸੀ
ਵਾਹੋ ਦਾਹੀ ਸੋਢੀ, ਭਰ-ਭਰ ਮੁੱਠੀਆਂ
ਲਗੇ ਮਾਰਨ ਮੋਢੀ, ਗੋਰੇ ਹੋਇਕੇ
ਮੂੰਹ ਤੇ ਮਾਰ ਨਾ ਸੱਕੇ, ਸਾਰਾ ਜ਼ੋਰ ਲਾ

ਵਾਹ ਸਾਰੀ ਲਾ ਥੱਕੇ, ਢੀਠਾਂ ਵਾਂਗਰਾਂ
ਛਡ ਗੁਲਾਲ ਨਿੰਬੂ, ਮਾਰਨ ਲਗ ਪਏ
ਅੱਗੋਂ ਦੇ ਜਵਾਬ, ਤਾਰਨ ਹਾਰ ਨੇ
ਸੋਢੀ ਭਜੇ ਮੈਦਾਨੋਂ, ਹਾਥੀ ਤੋਰਿਆ
ਸਤਿਗੁਰ ਦੇ ਜੋ ਸਾਰੇ, ਸਾਥੀ ਨਾਲ ਦੇ
ਛੱਡਦੇ ਸਿੰਘ ਜੈਕਾਰੇ ਡੇਰੇ ਆ ਗਏ
ਗੋਰਿਆਂ ਦੇ ਦਿਲ ਹਾਰੇ, ਵਿੱਚ ਮੁਕਾਬਲੇ
ਚਰਚਾ ਸਾਰੇ ਚਾਲੀ, ਪੁਰੀ ਅਨੰਦ ਵਿਚ
ਆਇਆ ਆਪ ਏ ਵਾਲੀ, ਆਪਣੀ ਪੁਰੀ ਦਾ
ਤਦੋਂ ਜਾਣੀਏ ਪਾਇ, ਫੇਰਾ ਸ਼ਹਿਰ ਵਿਚ
ਦੇਵੇ ਅਸਾਂ ਦੀਦਾਰ, ਕੇਰਾਂ ਆਣ ਕੇ
ਆਨੰਦ ਪੁਰ ਨੂੰ ਵੇਖਣ, ਸਤਿਗੁਰ ਆ ਗਏ
ਫੁੱਲ ਵਰਸਾਏ ਏਕਣ, ਵਰ੍ਹਦਾ ਮੀਂਹ ਜਿਵੇਂ
ਜੈ ਜੈ ਕਾਰ ਅਲਾਪ, ਆਖਣ ਧੰਨ ਇਹ
ਦੂਰ ਅਸਾਡੇ ਪਾਪ, ਹੋਏ ਦੀਦਾਰ ਕਰ
ਲੌਢੇ ਵੇਲੇ ਲਾਇਆ, ਜਦੋਂ ਦੀਵਾਨ ਸੀ
ਗੋਰਾ ਵੇਖਣ ਆਇਆ, ਸੂਤਰ ਪਏਗਾ
ਦਿੱਤੂ ਤੇ ਗੁਰਦਿੱਤਾ, ਭਾਈ ਕ੍ਰਿਪਾਲ ਸਿੰਘ
ਤੂਸ਼ ਵਜਾਂਦੇ ਕਿੱਤਾ, ਕਰਦੇ ਰਾਗ ਦਾ
ਬਾਣੀਂ ਗੁਰ ਦੀ ਗਾਂਦੇ, ਨਾਲ ਪਿਆਰ ਦੇ
ਸ਼ਬਦ ਪੜ੍ਹੋ ਫ਼ਰਮਾਂਦੇ, ਸਤਿਗੁਰ ਉਨ੍ਹਾਂ ਨੂੰ
"ਖੰਡਾ ਪ੍ਰਿਥਮੈਂ ਸਾਜ" ਗਾਵੋ ਸ਼ਬਦ ਇਹ
ਨਾਲ ਵਜਾਵੋ ਸਾਜ, ਲਹਿਰਾ ਵਿਚ ਭਰ

ਸ਼ਬਦ ਗਾਵਿਆ ਰਾਗੀਆਂ, ਸੁਣ ਸਤਿਗੁਰ ਫੁਰਮਾਨ
ਪੌੜੀ ਚੰਡੀ ਵਾਰ ਦੀ, ਲੱਗੇ ਗਾਇ ਸੁਨਾਣ
ਓਅੰਕਾਰ ਆਕਾਰ ਕਰ, ਕੀਤਾ ਜਦੋਂ ਪਸਾਰ
"ਖੰਡਾ ਪ੍ਰਿਥਮੈਂ ਸਾਜ ਕੈ" ਫਿਰ ਰਚਿਆ ਸੰਸਾਰ
ਤਿੰਨ ਉਪਾਏ ਦੇਵਤੇ, ਬ੍ਰਹਮਾ ਵਿਸ਼ਨ ਮਹੇਸ਼

ਸਿੰਧੂ ਪਰਬਤ ਮੇਦਨੀ, ਬਿਨ ਥੰਮ੍ਹਾਂ ਗਗਨੇਸ਼
ਸਾਜੇ ਦਾਨੋ ਦੇਵਤੇ, ਪਾ ਓਹਨਾਂ ਵਿਚ ਵੈਰ
ਬੈਠ ਤਮਾਸ਼ਾ ਵੇਖਦਾ, ਹੋ ਸਭਨਾਂ ਤੋਂ ਗ਼ੈਰ
ਦੁਰਗਾ ਸਾਜੀ ਆਪ ਫਿਰ, ਨਾਸ ਕਰਨ ਨੂੰ ਦੈਂਤ
ਚਾੜ੍ਹ ਲਿਆਂਦੀ ਸ਼ੇਰ ਤੇ, ਕਰਨ ਰਾਕਸ਼ਾਂ ਖੈਂਤ
ਰਾਵਨ ਚੱਕੀ ਅੱਤ ਜਦ, ਰਾਮ ਭੇਜ ਕੇ ਆਪ
ਦਹਿਸਿਰ ਨੂੰ ਮਰਵਾਇਆ, ਦੇ ਕੇ ਆਪਣੀ ਥਾਪ
ਆਪਣਾ ਬਲ ਦੇ ਕ੍ਰਿਸ਼ਨ ਤੋਂ, ਮਰਵਾਇਆ ਸੀ ਕੰਸ
ਆਪ ਹੀ ਕੀਤੀ ਨਾਲ ਸਭ, ਕੈਰੋਂ ਪਾਂਡੋ ਵੰਸ
ਵੱਡੇ ਵੱਡੇ ਦੇਵਤੇ, ਕਈ ਜੁਗ ਤਪਾ ਕੇ ਤੰਨ
ਅੰਤ ਨਾ ਉਸ ਦਾ ਪਾ ਸਕੇ, ਨੇਤਿ-ਨੇਤਿ ਰਹੇ ਮੰਨ
ਪਉੜੀ ਗਾਈ ਜਦੋਂ ਇਹ, ਛੇੜ ਸੰਗੀਤਕ ਸਾਜ਼
ਸੁਣ ਕੇ ਰੂਹ ਸਰੋਤਿਆਂ, ਕਰ ਉਠੀ ਪਰਵਾਜ਼
ਹੋ ਗਏ ਸਭ ਵਿਦੇਹ ਸੀ, ਲਗ ਗਈ ਸੁੰਨ ਸਮਾਧ
ਵਿਰਤੀ ਨਿਜ ਸਰੂਪ ਵਿਚ, ਜਾ ਹੋਈ ਵਿਸਮਾਦ
ਭਰ ਗਿਆ ਅੰਦਰ ਚਾਨਣਾਂ, ਮਸਤੀ ਸ਼ਬਦ ਸਰੂਰ
ਵਜਦ ਤਾਰੀ ਹੋ ਗਿਆ, ਨੂਰ ਨੂਰੋ ਪੁਰ ਨੂਰ
ਗੋਰੇ ਗਏ ਹੈਰਾਨ ਹੋ, ਵੇਖ ਸ਼ਬਦ ਦੀ ਕਾਰ
ਤੁਰ ਗਏ ਵਿਚ ਅਦਾਬ ਭਰ, ਕਰਦੇ ਜੈ ਜੈ ਕਾਰ
ਨਿਕਲ ਗੜ੍ਹੀ ਚਮਕੌਰ ਤੋਂ, ਜਦ ਸਤਿਗੁਰੂ ਦਸਮੇਸ਼
ਪੀਰ ਉੱਚ ਦਾ ਵੇਸ਼ ਧਰ, ਗਏ ਮਾਲਵੇ ਦੇਸ਼
ਰਾਇ[103] ਕੱਲਾ ਰਾਇਕੋਟੀਆ, ਰਾਵਾਂ ਦਾ ਸਰਦਾਰ
ਸ਼ਰਨ ਪਿਆ ਹੱਥ ਜੋੜ ਕੇ, ਬਖਸ਼ੋ ਗੁਰੂ ਦਾਤਾਰ
ਘਰ ਦੇ ਵਿਚ ਲੈ ਜਾਇ ਕੇ, ਸੇਵਾ ਕਰੀ ਕਮਾਲ
ਸਿਦਕ ਵੇਖ ਕੇ ਓਸ ਦਾ, ਸਤਿਗੁਰ ਹੋਇ ਦਿਆਲ
ਮਾਹੀ ਗੁੱਜਰ ਭੇਜ ਉਸ, ਖ਼ਬਰ ਮੰਗਾਈ ਝੱਭ
ਵਰਤੀ ਜੋ ਸਰਹਿੰਦ ਵਿਚ, ਉਸ ਆ ਦੱਸੀ ਸੱਭ

[103] ਪੁੱਤਰ ਰਾਇ ਕਮਾਲੁੱਦੀਨ। ਇਸ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਕਈ ਵੇਰ ਆਪਣੇ ਘਰ ਵਿਚ ਠਹਿਰਾ ਕੇ ਸੇਵਾ ਕੀਤੀ।

ਹੋ ਗਏ ਨੇ ਸਰਹਿੰਦ ਵਿਚ, ਮਾਂ ਪੁੱਤ੍ਰ ਬਲੀ ਦਾਨ
ਅਣਖ ਨਾ ਛੱਡੀ ਧਰਮ ਤੋਂ, ਹੱਸ ਹੋਇ ਕੁਰਬਾਨ
ਨੇਤਰ ਸਜਲ ਹਜ਼ੂਰ ਦੇ, ਹੋਏ ਸੁਣ ਦਾਸਤਾਨ
ਪੁਛਿਆ ਸਿੱਖਾਂ ਇਹ ਕੀ, ਇਉਂ ਕੀਤਾ ਫੁਰਮਾਨ
ਟੁੱਟ ਜਾਇ ਜਦ ਵੇਲ ਤੋਂ, ਕੋਈ ਕੱਚਾ ਫਲ
ਉਸ ਦੇ ਵਿਚੋਂ ਵਗਦਾ, ਆਪ ਮੁਹਾਰਾ ਜਲ
ਮੇਰੇ ਜੇਹਾ ਅਜ ਨਾ, ਕੋਈ ਹੋਰ ਜਹਾਨ
ਸਰਵੰਸ ਜਿਸਦਾ ਹੋ ਗਿਆ, ਕੌਮ ਲਈ ਕੁਰਬਾਨ
ਮੈਂ ਹੋਇਆ ਅਜ ਸੁਰਖਰੂ, ਅੱਗੇ ਪਿਤਾ ਅਕਾਲ
ਸੀ ਅਮਾਨਤ ਜਿਸਦੀ, ਓਸੇ ਲਈ ਸੰਭਾਲ
ਗਾਤਰੇ ਦੀ ਕਿਰਪਾਨ ਦੇ, ਰਾਇ ਕੱਲੇ ਬਖਸ਼ੀਸ਼
ਵਧੇ ਤੇਰਾ ਪਰਵਾਰ ਸਦ, ਦੇ ਕੇ ਕਿਹਾ ਅਸੀਸ
ਰਖਣੀ ਨਾਲ ਅਦਾਬ ਦੇ, ਆਦਰ ਤੇ ਸਤਿਕਾਰ
ਕਰੋਂ ਬੇਅਦਬੀ ਏਸ ਦੀ, ਬੇੜਾ ਕਰਸੀ ਪਾਰ
ਪੋਤਰੇ[104] ਕੱਲੇਰਾਇ ਦੇ, ਲੈ ਕੇ ਓਹ ਕਿਰਪਾਨ
ਰੱਖੀ ਅੱਗੇ ਸਤਿਗੁਰੂ, ਆਨੰਦਪੁਰ ਵਿਚ ਆਨ
ਹੋ ਨਹੀਂ ਸਕਦਾ ਏਸਦਾ, ਸਾਥੋਂ ਅਦਬ ਅਦਾਬ
ਮਤੇ ਹੋ ਜਾਇ ਬੇਅਦਬੀ, ਫਸੀਏ ਵਿਚ ਅਜਾਬ
ਹੱਥ ਵਿਚ ਫੜ ਸ੍ਰੀ ਸਤਿਗੁਰੂ, ਲਾਈ ਮੱਥੇ ਨਾਲ
ਰੱਖੀ ਉਪਰ ਸੀਸ ਦੇ, ਕੀਤਾ ਅਦਬ ਕਮਾਲ
ਮੁੜ ਫੜਾਦਿਆਂ ਰਾਇ ਨੂੰ, ਇਉਂ ਕੀਤਾ ਫੁਰਮਾਨ
ਬਖਸ਼ਿਸ਼ ਗੁਰ ਦਸਮੇਸ਼ ਦੀ, ਹੈ ਇਹ ਵਸਤੁ ਮਹਾਨ
ਓਹ ਆਏ ਸਨ ਅਰਸ਼ ਤੋਂ, ਹਰਨ ਧਰਨ ਦਾ ਭਾਰ
ਰੱਖਿਆ ਜੰਞੂ ਤਿਲਕ ਦੀ, ਕੀਤੀ ਫੜ੍ਹ ਤਲਵਾਰ
ਹਿੰਸਕ ਸ਼ਸਤ੍ਰ ਅਸਤ੍ਰ ਬੰਬ, ਤੋਪਾਂ ਤੀਰ ਕਮਾਨ
ਮੈਂ ਹੈ ਦੇਣਾ ਇਨ੍ਹਾਂ ਦਾ, ਮਾਲਾ ਨੂੰ ਅਸਥਾਨ

[104] ਦਸ਼ਮੇਸ਼ ਜੀ ਦੀ ਤਲਵਾਰ ਲੈ ਕੇ ਆਉਣ ਵਾਲਾ, ਰਾਇ ਕੱਲੇ ਦਾ ਕੋਈ ਵੰਸ਼ਿਜ, ਬਾਹੋਵਾਲ ਜੀ ਮੁਤਾਬਿਕ, 1867 ਈ. ਦੀ ਦਿਵਾਲੀ ਸਮੇਂ, ਸ੍ਰੀ ਅੰਮ੍ਰਿਤਸਰ ਵਿਖੇ ਸਤਿਗੁਰੂ ਜੀ ਨੂੰ ਮਿਲਿਆ ਸੀ, ਨਾ ਕਿ ਅਨੰਦਪੁਰ ਸਾਹਿਬ ਵਿਖੇ।

ਜਿੰਨੇ ਹੋਰ ਮਨੁੱਖ ਦੇ, ਮਾਰਨ ਦੇ ਹਥਿਆਰ
ਕਰ ਦੇਣਾ ਹੈ ਬੰਦ ਮੈਂ, ਏਨ੍ਹਾਂ ਦਾ ਵਾਪਾਰ
ਪੋਥੀ ਨਿਤਨੇਮ ਗਾਤਰੇ, ਪਊਏ ਡੋਰੀ ਡੋਲ
ਆਸਣ ਵਿਚ ਕਛੈਹਿਰਾ, ਪਰਨਾ ਹੋਵੇ ਕੋਲ
ਮਾਲਾ ਹੱਥ ਵਿਚ ਉੱਨ ਦੀ, ਦੁੱਧੋਂ ਉੱਜਲਾ ਵੇਸ
ਅੰਮ੍ਰਿਤ ਵੇਲੇ ਉੱਠ ਕੇ, ਕਰੇ ਸਨਾਨ ਸਕੇਸ
ਦਿਨ ਚੜ੍ਹਦੇ ਤੀਕਰ ਕਰੇ, ਗੁਰ ਮੰਤ੍ਰ ਦਾ ਜਾਪ
ਪੜ੍ਹੇ ਦਸਮ ਗੁਰੂ ਆਦਿ ਦੀ, ਬਾਣੀ ਖੋਵੇ ਪਾਪ
ਸਭ ਨੂੰ ਜਾਣੇ ਆਪਣਾ, ਮੇਟ ਪ੍ਰਾਈ ਤਾਤ
ਮੇਰਾ ਹੈ ਆਦ੍ਰਸ਼ ਇਹ, ਸੱਤ ਅਹਿੰਸਾ ਸ਼ਾਂਤ
ਕੇਸਗੜ੍ਹ ਲੈ ਜਾਇ ਕੇ, ਇਸਨੂੰ ਦਿਓ ਸੰਭਾਲ
ਓਥੇ ਸ਼ਸਤ੍ਰ ਹੋਰ ਹਨ, ਰੱਖਣ ਓਨ੍ਹਾਂ ਨਾਲ
ਕੀਰਤਨ ਦੀ ਸਮਾਪਤੀ, ਕੀਤੀ ਕਰ ਅਰਦਾਸ
ਖੁਸ਼ੀਆਂ ਦੇ ਵਿਚ ਬੀਤਿਆ, ਹੋਲੇ ਦਾ ਦਿਨ ਖਾਸ
ਚੜ੍ਹਿਆ ਦੂਜਾ ਦਿਨ ਜਦੋਂ, ਮਹੱਲੇ ਲਈ ਵਿਚਾਰ
ਸਾਵਣ ਸਿੰਘ ਨੂੰ ਆਖਿਆ, ਘੋੜੇ ਕਰੋ ਤਿਆਰ
ਕੱਸੀਆਂ ਗਈਆਂ ਕਾਠੀਆਂ, ਠੀਕ ਬਣਾਂ ਸਵਾਰ
ਚੀਨੀ ਉਤੇ ਸਤਿਗੁਰੂ, ਜੀ ਹੋਏ ਅਸਵਾਰ
ਚੜ੍ਹੇ ਮਹੱਲਾ ਖੇਡਣੇ, ਕਲਗ਼ੀਧਰ ਦੇ ਲਾਲ
ਕੇਸਾਧਾਰੀ ਖੇਡਦੇ, ਹੋਲਾ ਚਾਵਾਂ ਨਾਲ
ਚੀਨੀ ਨੂੰ ਪਰ ਸੱਕਿਆ, ਘੋੜਾ ਹੋਰ ਨਾ ਛੂਹ
ਬਿਟਰ ਬਿਟਰ ਪਏ ਤੱਕਦੇ, ਇਕ ਦੂਜੇ ਦਾ ਮੂੰਹ
ਸੁੱਖੀਂ ਸਾਂਦੀ ਆ ਗਏ, ਆਨੰਦਪੁਰ ਤੋਂ ਚੱਲ
ਦੇਸ਼ ਦੁਆਬਾ ਤਾਰਦੇ, ਦੁਰਗਾਪੁਰ ਦੇ ਵੱਲ
ਬੰਗੇਂ, ਬਾਹੜਵਾਲ ਤੇ ਲਧਾਣਾਂ, ਸੰਧਵਾਂ ਤੀਕ
ਰਾਇਪੁਰ ਡੱਬੇ ਆਦਿ ਲੌ, ਗੜ੍ਹ ਪਧਾਣਾ ਜੀਤ
ਔੜ, ਉੜਾਪੜ ਵਿੱਚ ਦੀ, ਮੋਰੋਂ, ਗੜ੍ਹੀ, ਸੁਧਾਰ
ਨਗਰ, ਸ਼ਾਹਪੁਰ, ਲਖਪੁਰ, ਆਦਿ ਪਿੰਡ ਦਏ ਤਾਰ

ਚੱਕ ਅੰਨ੍ਹਿਆਂ[105] ਦੇ ਵਿਚ ਦੀ, ਗਏ ਕਈ ਥਾਂ ਖਿੰਡ
ਛੋਟਾ ਰੁੜਕਾ, ਬੜਾ ਪਿੰਡ, ਧੁਲੇਤਾ ਜੇਹੇ ਪਿੰਡ
ਦਰਸ਼ਨ ਦੇਂਦੇ ਤਾਰਦੇ, ਮੁਠੱਡੇ ਦੇ ਵਿਚਕਾਰ
ਭੈਣੀ ਸਾਹਿਬ ਆ ਗਏ, ਸਤਿਗੁਰ ਕਿਰਪਾ ਧਾਰ ।

**********************

[105] ਇਸ ਨੂੰ ਚੱਕ ਦੇਸ ਰਾਜ ਵੀ ਕਹਿੰਦੇ ਹਨ, ਜ਼ਿਲ੍ਹਾ ਉਪਰ ਵਰਣਿਤ ਸਾਰੇ ਪਿੰਡਾਂ ਦਾ ਜਲੰਧਰ ਸੀ।

# (21)
# ਅੰਮ੍ਰਿਤਸਰ ਦੀ ਦੀਵਾਲੀ

ਚੌਥੇ ਸਤਿਗੁਰੂ ਰਾਮਦਾਸ, ਸੋਢੀ ਜੋ ਸੁਲਤਾਨ
ਜਿਨ੍ਹਾਂ ਜਿਹਾ ਜਗਤ ਤੇ, ਹੋਰ ਨਾ ਕੋਈ ਮਹਾਨ
ਤਾਲ ਖੁਦਾਇ ਸਨਾਤਨੀ, ਭਰਿਆ ਅੰਮ੍ਰਿਤ ਨਾਲ
ਪਾਪ ਕਮਾਤੇ ਉਤਰਦੇ, ਨ੍ਹਾਵਦਿਆਂ ਤਤਕਾਲ
ਮੈਲੇ ਹੁੰਦੇ ਉੱਜਲੇ, ਕਾਂਉਂ ਹੁੰਦੇ ਹੰਸ
ਦੈਤੋਂ ਬਣਦੇ ਦੇਵਤੇ, ਪਲਟ ਜਾਂਵਦੀ ਵੰਸ਼
ਸੱਚਖੰਡ ਦੀ ਨਕਲ ਇਹ, ਮਾਤ ਲੋਕ ਤੇ ਸਾਜ
ਮੁਕਤਿ ਭੁਗਤਿ ਦਾ ਤੋਰਿਆ, ਸਿੱਖਾਂ ਲਈ ਜਹਾਜ
ਹਰਿ ਮੰਦਰ ਉਸਾਰਿਆ, ਜਿਸ ਵਿਚ ਹਰਿ ਦਾ ਵਾਸ
ਵਿੰਹਦਿਆਂ ਖਿੜਦੀ ਰੂਹ ਤੇ, ਪਾਪ ਹੋਂਵਦੇ ਨਾਸ
ਪੰਜਵੇਂ ਸਤਿਗੁਰ ਪਾਤਿਸ਼ਾਹ, ਗੁਰੂ ਅਰਜਨ ਮਹਾਰਾਜ
ਬਾਣੀ ਦੇ ਓਹ ਬੋਹਥੇ, ਸ਼ਹੀਦਾਂ ਦੇ ਸਰਤਾਜ
ਬੱਧੀ ਬੀੜ ਗ੍ਰੰਥ ਗੁਰ, ਦਿੱਤੀ ਵਿਚ ਸਜਾਇ
ਨਾਮ ਦਾਨ ਇਸ਼ਨਾਨ ਦਾ, ਲੰਗਰ ਦਿੱਤਾ ਲਾਇ
ਗੁਰ ਬਾਣੀ ਗੁਰ ਸ਼ਬਦ ਬਿਨ, ਹੋਰ ਨਾ ਦੂਜੀ ਗੱਲ
ਇਸ ਥਾਂ ਕੀਤੀ ਜਾਇ ਨਾ, ਵਿਰਥਾ ਜਾਇ ਨਾ ਪੱਲ
ਛੇਵੇਂ ਸਤਿਗੁਰੂ ਹਰਿਗੋਬਿੰਦ, ਮੀਰ ਪੀਰ ਦਾਤਾਰ
ਦੁਸ਼ਟ ਸੰਘਾਰਨ ਕਾਰਨੇ, ਹੱਥ ਫੜ੍ਹੀ ਤਲਵਾਰ
ਬਾਬਰ ਕਿਆਂ ਮੁਕਾਬਲੇ, ਰਚ ਕੌਮੀ ਸਰਕਾਰ
ਬਾਬੇ ਤਖ਼ਤ ਉਸਾਰਿਆ, 'ਕਾਲ ਬੁੰਗਾ ਦਰਬਾਰ
ਢਾਡੀ ਚਾਰਣ ਭੱਟ ਤੇ, ਸੂਰ ਵੀਰ ਬਲਵਾਨ
ਵਾਰਾਂ ਗਾਂਦੇ ਵੀਰ ਰਸ, ਛੇੜ ਸੰਗੀਤਕ ਤਾਨ
ਕਾਇਰਾਂ ਵਿਚ ਉਤਸ਼ਾਹ ਭਰ, ਭਰ ਮਾੜੂਆਂ ਵਿਚ ਜੋਸ਼
ਖ਼ੂਨ ਠੰਢਾ ਗਰਮਾਂਵਦੇ, ਕਰ ਦੇਂਦੇ ਮਦ ਹੋਸ਼
ਰੱਖਿਆ ਕਰਨੀ ਧਰਮ ਦੀ, ਕਰਨਾ ਦੇਸ਼ ਅਜ਼ਾਦ

ਜੋਕਾਂ ਰੱਤੂ ਪੀਣੀਆਂ, ਕਰ ਦਿੱਤੀਆਂ ਬਰਬਾਦ
ਹੁੰਦੇ ਪੰਥਕ ਫ਼ੈਸਲੇ, ਇਸ ਥਾਂ ਲਾ ਦਰਬਾਰ
ਜਤੀ ਸਤੀ ਤੇ ਸੂਰਵੀਰ, ਦਾਤਾ ਸਖੀ ਅਪਾਰ
ਮਾਲਕ ਸਾਰੇ ਗੁਣਾਂ ਦਾ, ਇਸ ਦਾ ਜੱਥੇਦਾਰ
ਪੰਥ ਇਕਤ੍ਰ ਹੋਂਵਦਾ, ਏਥੇ ਬਿਨ ਤਕਰਾਰ
ਸ਼ੇਰ ਪੰਜਾਬ ਨੂੰ ਏਸ ਥਾਂ, ਬਧਾ ਸੁ ਬੇਰੀ ਨਾਲ
ਮੋਰਾਂ ਕੰਜਰੀ ਵਿਆਹਣ ਦੀ, ਦਿੱਤੀ ਸਜ਼ਾ ਕਮਾਲ
ਲਾਓ ਕੋਰੜੇ ਇਨ੍ਹਾਂ ਦੇ, ਕੀਤਾ ਨਹੀਂ ਲਿਹਾਜ਼
ਓਦੋਂ ਸੀ ਰਣਜੀਤ ਸਿੰਘ, ਰਾਜਿਆਂ ਦਾ ਮਹਾਰਾਜ
ਅਕਾਲ ਬੁੰਗੇ ਦਾ ਜਥੇਦਾਰ, ਹੁੰਦਾ ਪੁਰਖ ਮਹਾਨ
ਮੰਨਦਾ ਸਾਰਾ ਪੰਥ ਉਸ, ਬਿਨਾ ਉਜਰ ਫਰਮਾਨ
ਪਰ ਹੁਣ ਓਹ ਗੱਲ ਨਾ ਰਹੀ, ਰਾਜ ਭਾਗ ਤੋਂ ਬਾਦ
ਇਸ ਨੂੰ ਵੀ ਅੰਗ੍ਰੇਜ਼ ਨੇ, ਕਰ ਲਿਆ ਅਪਣੇ ਤਾਬ
ਮਨ ਮਰਜ਼ੀ ਦੇ ਫਤਵੇ, ਲੈਂਦਾ ਓਹ ਕਢਾਇ
ਦਿੱਤੀ ਉੱਚ ਰਵੈਤ ਇੰਵ, ਮਿੱਟੀ ਵਿੱਚ ਮਿਲਾਇ

ਪਹਿਲਾ ਫਤਵਾ ਇਸ ਥਾਂ, ਨਿਰਮਲਿਆਂ ਖ਼ਿਲਾਫ਼
ਦੂਜਾ ਕੂਕਿਆਂ ਵਾਸਤੇ, ਏਥੋਂ ਦਿਤਾ ਸਾਫ਼
ਉੱਨੀ ਚੌਦਾਂ ਈਸਵੀ, ਸੰਨ ਦੇ ਫਿਰ ਵਿਚਕਾਰ
ਬਾਬੇ ਸਨ ਜੋ ਕੌਮ ਦੇ, ਦੇਸ਼ ਭਗਤ ਸਰਦਾਰ
ਕੱਢਣ ਲਈ ਅੰਗ੍ਰੇਜ਼ ਨੂੰ, ਲਾਇਆ ਸਾਰਾ ਜ਼ੋਰ
ਭਰ ਜਹਾਜ ਲੱਦ ਆਪਣਾ, ਏਥੋਂ ਦਿੱਤਾ ਤੋਰ
ਬਜ ਬਜ ਘਾਟ ਤੇ ਉਨ੍ਹਾਂ ਨੂੰ, ਭੁੰਨਿਆਂ ਦਾਣਿਆਂ ਵਾਂਗ
ਨਿਹੱਥਿਆਂ ਉੱਤੇ ਕਟਕ ਦੀ, ਚਾੜ੍ਹ ਗੋਰਿਆਂ ਕਾਂਗ
ਅਕਾਲ ਬੁੰਗੇ ਤੋਂ ਉਨ੍ਹਾਂ ਨੂੰ, ਵੀ ਮਿਲਿਆ ਸਤਕਾਰ
ਸਿੱਖ ਨਹੀਂ ਇਹ ਕਨੇਡੀਅਨ, ਗੋਰਿਆਂ ਦੇ ਗ਼ੱਦਾਰ
ਜੱਲ੍ਹਿਆਂ ਵਾਲੇ ਬਾਗ਼ ਵਿਚ, ਡਾਇਰ ਬੀੜ ਮਸ਼ੀਨ
ਭੁੰਨੇ ਦਾਣਿਆਂ ਵਾਂਗ ਓਹ, ਜਿਨ੍ਹਾਂ ਨਾ ਮੰਨੀ ਈਨ
ਜ਼ਾਲਮ ਉਸ ਉਡਵਾਇਰ ਨੂੰ, ਸਿਰੋਪਾਉ ਸਤਿਕਾਰ

ਅਕਾਲ ਬੁੰਗੇ ਦੇ ਜਥੇਦਾਰ[106], ਦਿੱਤਾ ਕਿਰਪਾ ਧਾਰ
ਜਦ ਸ੍ਰੀ ਸਤਿਗੁਰੂ ਰਾਮ ਸਿੰਘ, ਦਰਸ਼ਨ ਨੂੰ ਦਿਲ ਧਾਰ
ਦੀਵਾਲੀ ਦੇ ਪੁਰਬ ਤੇ, ਪੁੱਜੇ ਵਿਚ ਦਰਬਾਰ
ਕਿਹਾ ਪੁਜਾਰੀਆਂ ਤੁਸਾਂ ਨਾ, ਅੰਦਰ ਦੇਣਾ ਜਾਣ
ਅਸੀ ਹਾਂ ਮਾਲਕ ਤਖ਼ਤ ਦੇ, ਇਹ ਸਾਡਾ ਅਸਥਾਨ
ਰਲ ਨਿਹੰਗ ਪੁਜਾਰੀਆਂ, ਕੀਤਾ ਸੀ ਤਕਰਾਰ
ਰਲ ਗਏ ਹੋਰ ਵੀ ਨਾਲ ਜੋ, ਅੰਗ੍ਰੇਜਾਂ ਦੇ ਯਾਰ
ਅੱਗੋਂ ਕਿਹਾ ਸਤਿਗੁਰੂ, ਅਤੀ ਨਿੰਮ੍ਰਤਾ ਨਾਲ
ਦਰਸ਼ਨ ਬਿਨਾਂ ਨਾ ਅਸਾਂ ਦੇ, ਦਿਲ ਵਿਚ ਹੋਰ ਖ਼ਿਆਲ
ਆਏ ਕਰਨ ਦੀਦਾਰ ਹਾਂ, ਸ਼ਰਧਾ ਦੇ ਨਾਲ ਚੱਲ
ਅਗੋਂ ਰੋਕਾ ਪਾ ਤੁਸੀਂ, ਬੈਠੇ ਹੋ ਬੂਹੇ ਮੱਲ
ਗਿਆਨੀ ਸ੍ਰੀ ਗਿਆਨ ਸਿੰਘ, ਸਿਖ ਇਤਿਹਾਸਕਾਰ
ਓਹ ਵੀ ਓਥੇ ਨਾਲ ਸਨ, ਏਸ ਸਮੇਂ ਵਿਚਕਾਰ
ਬੇੜੀ ਚੜ੍ਹਦੇ ਸਤਲੁਜੋਂ, ਰਲੇ ਫਲੌਰੋਂ ਨਾਲ
ਕਥਾ ਨਾਨਕ ਪ੍ਰਕਾਸ਼ ਕਰ, ਸੰਗਤ ਕਰਨ ਨਿਹਾਲ
ਇੰਵ ਬਤਾਏ ਦਿਨ ਉਨ੍ਹਾਂ, ਇੱਕੀ ਵਿੱਚ ਹਜ਼ੂਰ
ਵੀਹ ਪੰਝੀ ਹਜਾਰ ਸੀ, ਸੰਗਤ ਨਾਲ ਜ਼ਰੂਰ
ਕਬਜ਼ਾ ਕਰਨਾ ਚਾਂਹਦੇ, ਜੇ ਸਤਿਗੁਰੂ ਜੀ ਆਪ
ਕੋਈ ਰੱਖ ਨਾ ਸੱਕਦਾ, ਦੇ ਪੁਜਾਰੀਆਂ ਥਾਪ
ਜਦੋਂ ਗਿਆਨੀ ਗਿਆਨ ਸਿੰਘ[107], ਅੰਤ ਸਮੇਂ ਦੇ ਵਿੱਚ
ਨਾਭੇ ਪਏ ਬੀਮਾਰ ਸਨ, ਕਰੇ ਬੁਢਾਪੇ ਜਿੱਚ
ਕੀਤੇ ਦਰਸ ਮੈਂ ਉਨ੍ਹਾਂ ਦੇ, ਸ਼ਰਧਾ ਭਗਤੀ ਨਾਲ
ਓਨ੍ਹਾਂ ਇਹ ਸੁਣਾਇਆ, ਅੱਖੀਂ ਡਿੱਠਾ ਹਾਲ
ਗਿਆਰਾਂ ਸਉ ਰੁਪੱਈਆ, ਇੱਕੀ ਭਰ ਕੇ ਥਾਲ
ਪੁੱਜੇ ਲੈ ਪ੍ਰਸਾਦ ਸਨ, ਸਤਿਗੁਰ ਦੀਨ ਦਿਆਲ
ਕਿਹਾ ਪੁਜਾਰੀਆਂ ਤੁਸਾਂ ਦੀ, ਕਰਨੀ ਨਹੀਂ ਅਰਦਾਸ
ਤੁਸੀ ਹੋ ਕੂਕੇ ! ਸਿੱਖ ਨਹੀਂ, ਸਾਨੂੰ ਜਾਪੇ ਖ਼ਾਸ

[106] ਸਿਰੋਪਾਉ ਉਡਵਾਇਰ ਨੂੰ ਸਰਬਰਾਹ ਅਰੂੜ ਸਿੰਘ ਨੇ ਦਿੱਤਾ ਸੀ।
[107] 1921 ਈ. ਵਿਚ।

ਨਾਲੇ ਏਨਾਂ ਪੰਥ ਰਲ, ਪੂਜਾ ਕੀਤੀ ਇਹੁ
ਸਾਨੂੰ ਨਾ ਪਰਵਾਨ ਇਹ, ਜਾਪੇ ਜਿੱਦਾਂ ਵਿਹੁ
ਮਸਤੇ ਨਾਲ ਨਿਹੰਗ ਰਲ, ਕਰਨ ਅਕਾਲ-ਅਕਾਲ
ਲੱਗੇ ਭੜਥੂ ਪਾਣ ਓਹ, ਭੰਗਾਂ ਪੀ ਬੇਹਾਲ
ਆਖਣ ਉਤੇ ਤਖ਼ਤ ਦੇ, ਅਸੀਂ ਨਾ ਦੇਣਾ ਜਾਣ
ਮਾਲਕ ਹਾਂ ਅਸੀਂ ਏਸ ਦੇ, ਸਾਡੇ ਹੱਥ ਕਮਾਣ
ਅੱਗੋਂ ਫਿਰ ਵੀ ਸਤਿਗੁਰੂ, ਕਿਹਾ ਨਿੰਮ੍ਰਤਾ ਨਾਲ
ਭੇਟਾ ਦੇਣੀ ਦਰਸ ਪਰਸ, ਹੋਣਾ ਅਸੀਂ ਨਿਹਾਲ
ਏਡੀ ਦੂਰੋਂ ਆਇ ਹਾਂ, ਦਰਸ਼ਨ ਦੇ ਲਈ ਚੱਲ
ਅਗੋਂ ਕੁੱਢਰ ਡਾਹ ਤੁਸੀਂ, ਬੈਠੇ ਸੱਥਰ ਮੱਲ
ਦਿਓ ਪੁਜਾਰੀਆਂ ਫਿਰ ਕਿਹਾ, ਪੰਜ ਲੱਖ ਤਦ ਅਰਦਾਸ
ਲੱਖ ਤੋਂ ਘੱਟ ਨਾ ਹੋਇਗਾ, ਕੰਮ ਤੁਹਾਡਾ ਰਾਸ
ਕਿਥੋਂ ਪੰਜ ਲੱਖ ਦੇਵੀਏ, ਮੈਂ ਗਰੀਬ ਤੇ ਪੰਥ
ਬਾਣੀ ਪੜ੍ਹੀਏ ਨਾਮ ਜਪ, ਹੋਰ ਨਾ ਰਟੀਏ ਸੰਥ
ਚਾਰ ਕੁਰੈਹਿਤਾਂ[108] ਬੱਜਰ ਜੋ, ਏਨ੍ਹਾਂ ਵਿੱਚੋਂ ਇੱਕ
ਸਾਡੇ ਵਿਚ ਜੇ ਹੈ ਕੋਈ, ਫੇਰ ਕਰੋ ਇਉਂ ਦਿਕ
ਸਿਰ ਨਵਾ ਕੇ ਮੰਨੀਏ, ਅਸੀਂ ਸਭੇ ਤਨਖਾਹ
ਐਵੇਂ ਕਿਉਂ ਕਰ ਆਖੀਏ, ਕਹੇ ਤੁਹਾਡੇ ਹਾਂ
ਔਖੇ ਫਿਰਦੇ ਹੋਰ ਵੀ, ਰਲੇ ਨਾਲ ਸਰਦਾਰ
ਵਫ਼ਾਦਾਰੀ ਜਤਾ ਰਹੇ, ਅੰਗ੍ਰੇਜ਼ਾਂ ਦੇ ਯਾਰ
ਨੀਲਾ ਕਿਉਂ ਨਹੀਂ ਪਹਿਨਦੇ, ਖਾਂਦੇ ਕਿਉਂ ਨਾ ਮਾਸ
ਰੋਟੀ ਆਪ ਪਕਾਂਵਦੇ, ਛੱਡ ਬਗਾਨੀ ਆਸ
ਕੱਛਾਂ ਪਾ ਕੇ ਤੀਵੀਆਂ, ਖੁੱਲ੍ਹੇ ਰਖਦੀਆਂ ਵਾਲ
ਮੁਸਲਮਾਨਾਂ ਵਾਂਗ ਰਲ, ਪਾਓ ਤੁਸੀਂ ਧਮਾਲ
ਹੈ ਉਹ ਠੀਕ ਕਲਾਮ ਜੋ, ਤੁਸੀਂ ਪੜ੍ਹੋਂ ਦਿਨ ਰਾਤ
ਸੱਯਦਆਣੀ ਤੋਂ ਮਿਲੀ, ਇਹ ਤੁਹਾਨੂੰ ਦਾਤ
ਪਾਣੀ ਪਾਓ ਰੋਜ ਸਿਰ, ਕਰੋ ਬੇਅਦਵੀ ਕੇਸ

[108] ਹੁੱਕਾ, ਹਰਾਮ, ਹਲਾਲ ਅਤੇ ਹਜ਼ਾਮਤ (ਨਸ਼ੇ, ਵਿਭਚਾਰ, ਮਾਸ ਅਤੇ ਕੇਸਾਂ ਦੀ ਬਿਅਦਬੀ)।

ਖਾਓ ਕਿਸੇ ਨਾ ਹੱਥ ਦਾ, ਚਿਟਾ ਰੱਖੋਂ ਵੇਸ
ਮੰਨੋ ਸਾਡੀ ਸ਼ਰਤ ਹੁਣ, ਕੂਕਾ ਕੋਈ ਖਾਸ
ਸਿਰ ਤੋਂ ਲਾਹੇ ਪੱਗ ਨਾ, ਖਾਵੇ ਝਟਕਾ ਮਾਸ
ਗਲ ਵਿਚ ਪਾਓ ਨਾ ਢੋਲਕੀ, ਡੂੰਮਾਂ ਦਾ ਇਹ ਰੱਛ
ਗੰਗਾ ਫੁੱਲ ਪ੍ਰਵਾਹੋ ਜਾ, ਤੀਵੀਆਂ ਪਾਣ ਨਾ ਕੱਛ
ਛੱਡ ਸਨਾਤਨ ਰੀਤ ਨੂੰ, ਲੱਗੇ ਕਰਨ ਨਿਕਾਹ
ਵੈਦਕ ਕਰੋ ਵਿਵਾਹ ਮੁੜ, ਛੱਡ ਕੁਵੱਲਾ ਰਾਹ
ਸੁਣ ਕਿਹਾ ਸ੍ਰੀ ਸਤਿਗੁਰੂ, ਮੇਰੇ ਨਾ ਇਹ ਵੱਸ
ਸ਼ਬਦ ਗੁਰੂ ਸੁਣ ਸਿੱਖ ਨੂੰ, ਅਮਲ ਚੜ੍ਹੇ ਬੇਵੱਸ
ਅਕਲ ਬਿਕਲ ਹੋ ਲੋਟ ਪੋਟ, ਸਿਰੋਂ ਲਹੇ ਦਸਤਾਰ
ਮਸਤੀ ਚੜ੍ਹਦੀ ਸ਼ਬਦ ਦੀ, ਇਹ ਪ੍ਰੇਮ ਦੀ ਕਾਰ
ਇਹ ਗੱਲਾਂ ਸਭ ਗੁਰੂ ਵੱਸ, ਮੈਂ ਵਿਚ ਸ਼ਕਤਿ ਨਾ ਕੋਇ
ਫੇਰ ਦਿਆਂ ਦਿਲ ਸਭ ਦਾ, ਜੋ ਚਾਹਾਂ ਸੋ ਹੋਇ
ਦੁੱਧੋਂ ਉਜਲਾ ਵੇਸ ਇਹ, ਜਿਉਂ ਹੰਸਾਂ ਦੀ ਡਾਰ
ਨੀਲਾ ਪਾ ਕੇ ਏਸ ਨੂੰ, ਦੇਈਏ ਕਿਵੇਂ ਉਤਾਰ
ਗੁਰਮਤ ਨੂੰ ਦੱਸਦੇ ਤੁਸੀਂ, ਪਏ ਹੋਰ ਕੁਝ ਹੋਰ
ਅਨੰਦ ਪੜ੍ਹਾਨ ਤੋਂ ਵਰਜਕੇ, ਦਿਓਂ ਵਿਵਾਹ ਤੇ ਜੋਰ
ਤੀਵੀਂ ਮਰਦ ਬ੍ਰਾਬਰੀ, ਇੱਕੋ ਜਿਹਾ ਅਧਿਕਾਰ
ਦਿੱਤਾ ਸਤਿਗੁਰ ਦੋਹਾਂ ਨੂੰ, ਕਰ ਕੇ ਤੇ ਸਤਿਕਾਰ
ਇੱਕ ਪੁਜਾਰੀ ਲਿਆ ਧਰੀ, ਨੀਲੀ ਸੀ ਦਸਤਾਰ
ਇਹ ਸਿਰੋਪਾ ਤਖ਼ਤ ਦਾ, ਲਓ ਸੀਸ ਤੇ ਧਾਰ
ਅਕਾਲ ਬੁੰਗੇ ਦਰਬਾਰ ਦੀ, ਇਹ ਜਾਣੋਂ ਬਖ਼ਸ਼ੀਸ਼
ਦਸਮੇ ਗੁਰ ਦੇ ਸਿੰਘ ਜੇ, ਇਹ ਸਜਾਵੋ ਸੀਸ
ਭਾਵੇਂ ਨੀਲਾ ਅੰਗ ਨਾ, ਲਾਂਦੇ ਦੀਨ ਦਿਆਲ
ਇਹ ਤੁਰਕਾਨੀ ਰੰਗ ਤੇ, ਹੈ ਕਲਜੁਗ ਦੀ ਚਾਲ
ਪਰ ਪੰਥਕ ਪਿਆਰ ਨੂੰ, ਰੱਖਣ ਦੇ ਲਈ ਈਸ
ਨੀਲੀ ਟਾਕੀ ਹੱਥ ਫੜ, ਧਰ ਲਈ ਉਪਰ ਸੀਸ
ਮੂੰਹ ਉਡ ਗਏ ਪੁਜਾਰੀਆਂ, ਮਾਤ ਪੈ ਗਈ ਚਾਲ
ਬਿਟਰ-ਬਿਟਰ ਪਏ ਤਕਦੇ, ਰਲ ਨਿਹੰਗ ਵੀ ਨਾਲ

ਰੌਲਾ ਪਾ ਆਖਣ ਲਗੇ, ਸਾਨੂੰ ਨਾ ਮਨਜ਼ੂਰ
ਲਾਣੀ ਅਸਾਂ ਤਨਖਾਹ ਹੈ, ਤੁਹਾਨੂੰ ਬਰ ਜਰੂਰ
ਨੀਲੀ ਟਾਕੀ ਸਤਿਗੁਰੂ, ਕਰਦਿਆਂ ਲੀਰੋ ਲੀਰ
ਕਿਹਾ ਕੋਈ ਸਿਖ ਨਾ, ਪਹਿਨੇ ਨੀਲਾ ਚੀਰ
ਨੀਲੇ ਵਸਤ੍ਰ ਫਾਰ ਕੇ, ਕਿਹਾ ਗੁਰੂ ਦਸਮੇਸ਼
'ਅਮਲ ਗੁਆਇਆ ਤੁਰਕ ਦਾ, ਕੋਈ ਨਾ ਪਾਵੇ ਏਸ
ਆਪੇ ਕਰ ਅਰਦਾਸ ਫਿਰ, ਵੰਡ ਦਿਤਾ ਪ੍ਰਸ਼ਾਦ
ਪੰਥ ਪ੍ਰਕਾਸ਼ ਵਿਚ ਗਿਆਨ ਸਿੰਘ ਜੀ ਕੀਤਾ ਅਰਸ਼ਾਦ :

ਕੋਈ ਤੋ ਹਜਾਰੋਂ ਹੀ ਰੁਪੈਯਾ ਰਿਸ਼ਵਤ ਮਾਂਗੈ,
ਕੋਊ ਤਨਖਾਹ, ਚਾਰ ਪਾਂਚ ਲਾਖ ਮੰਗ ਹੈ ।
ਹੋਇਕੈ ਮਸਤ ਕੋਊ ਕੂਕਾ ਨਾ ਉਤਾਰੈ ਪਾਗ,
ਸਿਖ ਨਾ ਕਹਾਵੈ ਤੇਰੋ ਧਾਰੈਂ ਨੀਲ ਰੰਗ ਹੈ ।
ਕਹਿਓ ਰਾਮਸਿੰਘ ਇਹ ਬਾਤ ਸਭ ਗੁਰੂਵਸ,
ਸ਼ਕਤਿ ਨਾ ਏਤੀ ਮੋ ਮੈ, ਫੇਰੋਂ ਮਨ ਢੰਗ ਹੈ ।
ਤਨਖਾਹ ਆਹ ਮੋ ਮੈ ਚਤਰ ਵਿਧਾ ਜੇ ਕੋਊ,
ਲੇਹੁ ਦੰਡ ਵਾਹਿ, ਕਰ ਸਹੀ ਸੋ ਨਿਸੰਗ ਹੈ ।
ਥੀਓ ਤਕਰਾਰ ਇਨ ਬਾਤਨ ਮੈਂ ਭਾਰਿ ਜਬ,
ਬਢਤੀ ਨਿਹਾਰ ਰਾਰ, ਰਾਮਸਿੰਘ ਜੂ ਤਬੈ ।
ਗੁਰੂ ਦੁਆਰੇ ਆਗੇ ਥਿਰ ਆਪ ਹੀ ਅਰਦਾਸ ਕਰ,
ਦੀਓ ਵਰਤਾਇ ਪਰਸ਼ਾਦ ਸਭ ਕੋ ਤਬੈ ।
ਗਾਵਤੇ ਸਬਦ ਪ੍ਰਦੱਖਨਾ ਲੈ ਗਏ ਡੇਰੇ,
ਐਸੀ ਨਿਰਮਲਯੋ ਕੇ ਸਾਥ ਕੀਨ ਇਨ ਹੈ ਅਬੈ ।
ਪੰਥ ਦੂਧ ਮਾਹਿ ਕਾਂਜੀ ਡਾਰੀ ਹੈ, ਪੁਜਾਰੀਓਂ ਨੇ,
ਮੇਲ ਹੋਨ ਦੇਤ ਨਾ ਸਰਈ ਮੰਦ ਜੇ ਕਬੈ ।
(ਪੰਥ ਪ੍ਰਕਾਸ਼, ਗਿਆਨੀ ਗਿਆਨ ਸਿੰਘ ਜੀ)

ਝੰਡੇ ਬੁੰਗੇ ਸਾਂਹਵੇ ਦੇ, ਮੈਦਾਨ ਵਿੱਚ
ਉਸ ਤੋਂ ਜ਼ਰਾ ਕੂ ਲਾਂਹਵੇਂ, ਅੱਗੇ ਸਤਿਗੁਰੂ

ਕੱਢੀ ਸੀ ਇਕ ਕਾਰ, ਤੇ ਫ਼ੁਰਮਾਇਆ
ਇਸ ਤੋਂ ਕੋਈ ਪਾਰ, ਕੂਕਾ ਜਾਇ ਨਾ
ਏਥੇ ਹੀ ਅਰਦਾਸ, ਦਰਸ਼ਨ ਕਰ ਲਏ
ਅਕਾਲ ਬੁੰਗੇ ਦੇ ਪਾਸ, ਜਾਵੇ ਨਾ ਕੁਈ
ਫੇਰ ਪੁਜਾਰੀਆਂ ਤਾਈਂ, ਕਿਹਾ ਸਤਿਗੁਰੂ
ਲਾਣੀ ਕੀ ਤਨਖ਼ਾਹ ਭਾਈ, ਤੁਸਾਂ ਨੇ ?
ਲਾ ਤਨਖ਼ਾਹ ਤੁਹਾਨੂੰ, ਦੱਸਾਂਗੇ ਅਸੀਂ
ਤੁਸੀਂ ਰੋਵੋਗੇ ਸਾਰੇ, ਹੱਸਾਂਗੇ ਨਹੀਂ
ਕਬਜਾ ਜਦੋਂ ਅਕਾਲੀ, ਆਏ ਕਰਨ ਸੀ
ਨੱਸੇ ਕਰ ਕੇ ਖਾਲੀ, ਸਭ ਪੁਜਾਰੀਏ
ਸੰਤ ਨਿਧਾਨਸਿੰਘ ਆਲਿਮ, ਮੈਂ ਵੀ ਨਾਲ ਸਾਂ
ਵੇਖ ਰਹੇ ਅਕਾਲੀ, ਫਾਲਿਮ ਹੋਂਦਿਆਂ
ਕਿਹਾ ਸਾਡੇ ਕੋਲ, ਆਣ ਅਕਾਲੀਆਂ
ਪੂਰੇ ਹੋ ਗਏ ਬੋਲ, ਤੁਹਾਡੇ ਗੁਰੂ ਦੇ
ਓਨ੍ਹਾਂ ਵਿਚੋਂ ਕੋਈ, ਪੁਜਾਰੀ ਰਿਹਾ ਨਾ
ਜੀ ਸਦਕੇ ਹੁਣ ਵਾਰੀ, ਦਰਸਨ ਚਲ ਕਰੋ
ਅਸੀਂ ਦੋਹਾਂ ਨੇ ਰਲ, ਮਤਾ ਪਕਾਇਆ
ਪੂਰੀ ਹੋ ਗਈ ਗੱਲ, ਸਤਿਗੁਰ ਜੋ ਕਹੀ
ਲੈ ਗਏ ਸਾਨੂੰ ਭਾਲ, ਅਕਾਲੀ ਆਣ ਕੇ
ਅਸੀਂ ਖ਼ੁਸ਼ੀ ਦੇ ਨਾਲ, ਗਏ ਸਾਂ ਤਖ਼ਤ ਪੁਰ
ਲੱਗਾ ਹੋਇਆ ਦੀਵਾਨ, ਸੰਗਤ ਹੇਠ ਸੀ
ਅਸੀਂ ਗੁਰੂ ਫੁਰਮਾਨ, ਸੀ ਦੋਹਰਾਇਆ
ਲੱਗ ਗਈ ਤਨਖ਼ਾਹ, ਅੱਜ ਪੁਜਾਰੀਆਂ
ਨੱਸੇ ਦੁੰਮ ਦਬਾਇ, ਸਾਂਹਵੇ ਨਾ ਅੜੇ
ਦੀਨ ਦੁਨੀ ਦੇ ਵਾਲੀ, ਸਤਿਗੁਰੂ ਰਾਮਸਿੰਘ
ਵਾਕ ਜਿਨ੍ਹਾਂ ਦੇ ਖਾਲੀ, ਕਦੀ ਨਾ ਜਾਂਵਦੇ
ਉਨ੍ਹਾਂ ਨੂੰ ਤਨਖ਼ਾਹ, ਜੋ ਸਨ ਲਾ ਰਹੇ
ਅੱਜ ਕਿਤੇ ਨਾ ਵਾਹ ! ਪੈਂਦੇ ਨਜ਼ਰ ਨੇ
ਖੈਰ ਇਹ ਤੇ, ਗਲੋਂ ਗਲਾਂ ਹੋਈਆਂ

ਮੈਂ ਓਥੇ ਮੁੜ ਚੱਲਾਂ, ਜਿਥੋਂ ਗਿਆ ਸਾਂ
ਫਿਰ ਸਤਿਗੁਰੂ ਹਰੀ ਮੰਦਰ, ਦੇ ਵਿਚ ਗਏ ਸੀ
ਰੋਕਿਆ ਕਿਸੇ ਨਾ ਅੰਦਰ, ਜਾਣੋ ਏਸ ਥਾਂ
ਭੇਟਾ ਨਗਦੀ ਚਾੜ੍ਹੀ, ਤੇ ਪ੍ਰਸ਼ਾਦ ਵੀ
ਜੋ ਬਹੁਤੀ ਸਤਿਕਾਰੀ, ਉਨ੍ਹਾਂ ਪੁਜਾਰੀਆਂ
ਕਰ ਅਰਦਾਸ ਸਿਰੋਪਾ, ਹੈਸੀ ਬਖ਼ਸ਼ਿਆ
ਜੋ ਹੈ ਰੀਤੀ ਖ਼ਾਸ, ਗੁਰ ਦਰਬਾਰ ਦੀ
ਇੱਕ ਦੁਸ਼ਾਲਾ ਇੱਕ, ਪਟਕਾ ਰੇਸ਼ਮੀ
ਜੋ ਸਨ ਕਾਫ਼ੀ ਆਹਲਾ, ਤਿੱਲੇਦਾਰ ਓਹ
ਇੰਞ ਹੀ ਬਾਬਾ ਸਾਹਿਬ, ਸ੍ਰੀ ਅਟੱਲ ਜੀ
ਮਾਰੀ ਕੋਈ ਪਟੱਲ, ਨਾਂਹੀ ਉਨ੍ਹਾਂ ਵੀ
ਸ਼ਰਧਾ ਨਾਲ ਦੀਦਾਰੇ, ਕੀਤੇ ਖਾਲਸੇ
ਸਿਰੋਪਾ ਦੇ ਸਤਕਾਰੇ, ਉਨ੍ਹਾਂ ਪੁਜਾਰੀਆਂ
ਕੀਰਤਨ ਕਰਦੇ ਆਏ, ਡੇਰੇ ਆਪਣੇ
ਇੰਞ ਪਾਏ ਸੀ ਫੇਰੇ, ਅੰਦਰ ਸ਼ਹਿਰ ਦੇ
ਅੰਮ੍ਰਿਤਸਰ ਦੇ ਵਾਸੀ, ਹਿੰਦੂ ਸਿੱਖ ਰਲ
ਮੁਸਲਮਾਨ ਵੀ ਭਾਸੀ, ਹਕੀਕਤ ਸੀ ਜਿਨ੍ਹਾਂ
ਰਲ ਮਿਲ ਆਏ ਸਾਰੇ, ਦਰਸ਼ਨ ਕਾਰਨੇ
ਭੇਟਾ ਗੁਰ ਦਰਬਾਰੇ, ਚਾੜ੍ਹੀ ਸਭ ਨੇ
ਹੋ ਗਏ ਸਭ ਨਿਹਾਲ, ਦਰਸ਼ਨ ਪਰਸ ਕੇ
ਧਰ ਚਰਨਾਂ ਤੇ ਭਾਲ, ਮਥਾ ਟੇਕਿਆ
ਆਏ ਕੁਝ ਅੰਗ੍ਰੇਜ, ਏਥੇ ਚੱਲ ਕੇ
ਜਿਨ੍ਹਾਂ ਦਿਲ ਫ਼ਰੇਬ, ਖੌਰੇ ਸੀ ਕੁਈ
[109]ਨਾਲ ਪਾਦਰੀ ਓਨ੍ਹਾਂ ਦੇ, ਸਨ ਮਿਸ਼ਨਰੀ
ਰਲ ਮਿਲ ਆ ਕੇ ਦੋਨਾਂ, ਕੀਤੀ ਅਰਜ਼ ਇਹ

[109] ਅੰਮ੍ਰਿਤਸਰ ਦੇ ਮਸ਼ਹੂਰ ਪਾਦਰੀ ਸਾਹਿਬ ਮਿਸਟਰ ਕਲਾਰਕ, ਮਿਸਟਰ ਸਟੋਰਸ ਅਤੇ ਪੁਲਿਸ ਅਫਸਰ ਮਿਸਟਰ ਕਰਿਸਟੀ ਨੇ ਭੀ ਆਪ ਨਾਲ ਡੇਰੇ ਤੇ ਮੁਲਾਕਤਾਂ ਕੀਤੀਆਂ -ਨਾਹਰ ਸਿੰਘ ਐਮ.ਏ., ਨਾਮਧਾਰੀ ਇਤਿਹਾਸ (ਸੰਪਾ. ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ) ਛਾਪ ਦੂਜੀ 2014, ਸਫਾ 110

ਏਸ ਗਰਜ ਦੇ ਨਾਲ, ਆਏ ਹਾਂ ਅਸੀ
ਇਹ ਸਾਡੀ ਹੈ ਅਰਜ਼, ਸੂਤਰ ਵੇਖਣਾਂ
ਇਹ ਅਫ਼ਸਰ ਸੀ ਭਾਰੇ, ਦੇਸ ਪੰਜਾਬ ਦੇ
ਕੜੇ ਉਤੇ ਤ੍ਰੈ ਠੋਲੇ, ਮਾਰੇ ਸਤਿਗੁਰੂ
ਲੱਗੀ ਸੁੰਨ ਸਮਾਧ, ਵਰਤੀ ਚੁੱਪ ਸੀ
ਕਿਸੇ ਨਾ ਰਹਿ ਗਈ ਯਾਦ, ਆਪਾ ਭੁੱਲਿਆ
ਜਿਵੇਂ ਸਜਾਈਆਂ, ਚਿਤਰਕਾਰ ਨੇ ਮੂਰਤਾਂ
ਸੰਗਤ ਦਏ ਵਖਾਈਆਂ, ਉਨ੍ਹਾਂ ਨੂੰ ਤਿਵੇਂ
ਸਾਹ ਦੀ ਬਾਝੋਂ ਹਰਕਤ, ਹੁੰਦੇ ਬੁੱਤ ਜਿਉਂ
ਬੰਦੇ ਹਾਰੇ ਬਰਕਤ, ਸਾਰੇ ਜਾਪਦੇ
ਦੂਜੀ ਵਾਰੀ ਸਤਿਗੁਰ, ਕੜਾ ਠਕੋਰਿਆ
ਆ ਗਈ ਸਾਰੀ ਜਾਗ੍ਰਤਿ, ਪਹਿਲਾਂ ਵਾਂਗ ਹੀ
ਜੋ ਸੀ ਵਰਤੀ ਸਾਰੇ, ਵਿਚ ਦੀਵਾਨ ਦੇ
ਮੁੜ ਓਹ ਪਰਤੀ ਸਾਰੀ, ਓਵੇਂ ਕਿਵੇਂ ਸੀ
ਅਫ਼ਸਰ ਤੇ ਈਸਾਈ, ਇਹ ਸਭ ਵੇਖ ਕੇ
ਦਿਲ ਵਿਚ ਭਰੀ ਰਸਾਈ, ਮੁੜੇ ਸਲਾਮ ਕਰ
ਆਂਹਦੇ ਸਨ ਈਸਾਈ, ਈਸਾ ਵੇਖਿਆ
ਇਹ ਹੈ ਅਟੱਲ ਸਚਾਈ, ਕੂੜ ਨਾ ਰਤੀ ਹੈ ।
ਆਇਆ ਇਕ ਨਿਹੰਗ ਸਿੰਘ, ਰੱਜਿਆ ਸੁੱਖੇ ਨਾਲ
ਅਕਲ ਟਿਕਾਣੇ ਨਹੀਂ ਸੀ, ਭੰਗ ਪੀ ਕੇ ਬੇਹਾਲ
ਅਣ ਘੜ ਡੰਡਾ ਇਕ ਉਸ, ਫੜ੍ਹਿਆ ਹੋਇਆ ਹੱਥ
ਸੁੱਟਿਆ ਵਿਚ ਦੀਵਾਨ ਦੇ, ਪਾਣ ਲਗ ਪਿਆ ਸੱਥ
ਕਰ ਸੰਬੋਧ ਸ੍ਰੀ ਸਤਿਗੁਰੂ, ਰੌਲਾ ਲਗ ਪਿਆ ਪਾਣ
ਆਖੇ ਮੈਂ ਚੱਲ ਆਇਆ, ਸੋਟਾ ਹਾਂ ਘੜਾਣ
ਖੁੰਘੀਆਂ ਇਸਦੀਆਂ ਲਾਹ ਕੇ, ਵਲ ਵਿੰਗ ਕਰ ਦੂਰ
ਮੱਛਰਿਆ ਜਿਉਂ ਭੂਤਨਾ, ਕੂਏ ਨਾ ਨਾਲ ਸ਼ਹੂਰ
ਕੰਮੀ ਸਾਡਾ ਹੋਇ ਤੂੰ, ਲੱਗਿਆ ਗੁਰੂ ਸਦਾਣ
ਘੜ ਤੱਛ ਇਹ ਸਾਫ਼ ਕਰ, ਤੂੰ ਸਾਡਾ ਤਰਖਾਣ
ਥੁੱਕਾਂ ਡਿੱਗਣ ਮੂੰਹ ਤੋਂ, ਬਕੀ ਜਾਇ ਇਕ ਸਾਹ

ਮਛਰਾਇਆ ਸੀ ਕਿਸੇ ਦਾ, ਬੋਲੇ ਅੰਨ੍ਹੇਵਾਹ
ਵਰ੍ਹਦਾ ਮੂੰਹ ਤੇ ਓਸਦੇ, ਸੀ ਲਾਣਤ ਦਾ ਨੂਰ
ਭੰਗ ਨਾਲ ਸੀ ਰੱਜਿਆ, ਸੁੱਧ ਬੁੱਧ ਸੀ ਦੂਰ
ਕਰ ਸੰਬੋਧਨ ਸਤਿਗੁਰੂ, ਬੋਲੇ ਬੋਲ ਕਬੋਲ
ਅਕਲ ਸ਼ਰਮ ਤੇ ਸੱਭਤਾ, ਪੀਤੀ ਸੀ ਉਸ ਘੋਲ
ਆਖੇ ਘੜ ਕੇ ਸਾਫ਼ ਕਰ, ਖੁੰਘੀ ਰਹੇ ਨਾ ਇੱਕ
ਹੋ ਜੇ ਸਿੱਧਾ ਤੀਰ ਇਹ, ਵੱਜੇ ਕੂਕਿਆਂ ਹਿੱਕ
ਖੁੰਘੀਆਂ ਲਾਹ ਕੇ ਸਾਫ਼ ਕਰ, ਸਿੱਧਾ ਹੋਇ ਸਤੋਰ
ਮੇਰਾ ਕੰਮ ਮੁਕਾਇਕੇ, ਫੇਰ ਕਰੀਂ ਕੁਝ ਹੋਰ
ਸੁਣ ਬਕਵਾਸ ਨਿਹੰਗ ਦਾ, ਸਿੰਘਾਂ ਕੀਤਾ ਰੋਸ
ਬਾਹੋਂ ਫੜ ਕੇ ਕਿਹਾ ਉਸ, “ਪਾਗਲ ! ਹੈ ਕੁਝ ਹੋਸ਼ ?
ਅਸੀ ਦੇਵੀਏ ਹੁਣੇ ਹੀ, ਤੇਰਾ ਕੰਮ ਨਿਬੇੜ
ਫਿਰੇਂ ਨਾ ਕਿਧਰੇ ਭਾਲਦਾ, ਜਾ ਹੋਰਸ ਥਾਂ ਤੇੜ
ਹਟਕ ਕਿਹਾ ਸ੍ਰੀ ਸਤਿਗੁਰੂ, ਹੈ ਇਹ ਝੱਲਾ ਸਾਫ਼
ਕੁਝ ਨਾ ਆਖੋ ਏਸ ਨੂੰ, ਕਰਨ ਦਿਓ ਬਕਵਾਸ
ਸਹਿਣਾਂ ਬੋਲ ਕੁਬੋਲ ਸਭ, ਮੁੱਢੋਂ ਸਾਡੀ ਰੀਤ
ਵੈਰੀ ਨੂੰ ਕਰ ਜਾਣੀਏ, ਅਸੀਂ ਆਪਣਾ ਮੀਤ
ਆਓ ਸਿੰਘ ਨਿਹੰਗ ਜੀ, ਧੰਨ ਅਸਾਡੇ ਭਾਗ
ਲਿਆਓ ਸਲੋਤ੍ਰ ਆਪਣਾ, ਘੜ ਕੇ ਲਾਹਾਂ ਦਾਗ
ਮੈਨੂੰ ਭੇਜਿਆ ਧਰਤਿ ਤੇ, ਇਸੇ ਲਈ ਕਰਤਾਰ
ਵਿੰਗ ਵਲ ਸਭ ਕੱਢਕੇ, ਸਿੱਧਾ ਕਰਾਂ ਸਮਾਰ
ਦੈਤੋਂ ਕਰਕੇ ਦੇਵਤਾ, ਐਬ ਦਿਆਂ ਸਭ ਕੱਢ
ਆਵੇ ਮੇਰੇ ਕੋਲ ਜੋ, ਸਭ ਤੋਂ ਜਾਪੇ ਅੱਡ
ਸੁਣ ਡਿੱਠਾ ਨਿਹੰਗ ਸਿੰਘ, ਸਤਿਗੁਰ ਚਿਹਰੇ ਵਲ
‘ਜੇਹੀ ਮਸਤੀ ਚੜ੍ਹ ਗਈ, ਦੂਰ ਹੋਏ ਵਲ ਛਲ
ਸੁਧ ਬੁਧ ਸਭ ਭੁੱਲ ਗਈ, ਚਰਨੀ ਪਿਆ ਬੇਹਾਲ
ਸਾਥੀ ਆਖਣ ਨਾਲ ਦੇ, ਕੂਕਿਆਂ ਚਾੜ੍ਹਿਆਂ ਹਾਲ
ਉਇ ਦਸਵੇਂ ਗੁਰੂ ਨੂੰ ਯਾਦ ਕਰ, ਉਨ੍ਹਾਂ ਦਾ ਧਰ ਧਿਆਨ
ਕੂਕਿਆਂ ਦੀ ਕਲਾਮ ਦਾ, ਹਟ ਜੇ ਅਸਰ ਤਮਾਮ

ਓਹ ਕਹੇ ਤੁਹਾਨੂੰ ਦਿਸੇ ਨਾ ? ਇਹੀ ਦਸਮ ਅਵਤਾਰ
ਚਰਨੀ ਡਿੱਗੋ ਝਬਦੇ, ਬੇੜਾ ਹੋ ਜਾਇ ਪਾਰ
ਰੋਵੇ ਧਾਹਾਂ ਮਾਰ ਕੇ, ਕਹੇ ਗਿਆ ਮੈਂ ਭੁੱਲ
ਕੋਈ ਦੂਜਾ ਹੋਰ ਨਾ, ਅਜ ਇਨ੍ਹਾਂ ਦੇ ਤੁੱਲ
ਮੇਰੇ ਜੇਹਾ ਹੋਰ ਨਾ, ਪਾਪੀ ਵਿਚ ਜਹਾਨ
ਏਨ੍ਹਾਂ ਜੇਹਾ ਹੋਰ ਨਾ, ਦੂਜਾ ਕੋਈ ਮਹਾਨ
ਜੇਰਾ ਏਨ੍ਹਾਂ ਜਿਹਾ ਨਾ, ਦੂਜੇ ਹੋਰਸ ਕੋਲ
ਨਿੰਦਾ ਕੀਤੀ ਪੁੱਜ ਮੈਂ, ਆਖੇ ਬੋਲ ਕਬੋਲ
ਮੈਂ ਕੀਤਾ ਹੈ ਜਾਣ ਬੁੱਝ, ਬੱਜਰ ਇਹ ਗੁਨਾਹ
ਕੁੱਤਿਆਂ ਤੋਂ ਤੁੜਵਾਣ ਦੀ, ਮੈਨੂੰ ਮਿਲੇ ਸਜ਼ਾ
ਬਖ਼ਸ਼ਿਸ਼ ਦਾ ਦਰ ਆਪ ਦਾ, ਕਰ ਦੇਵੋ ਸਭ ਮਾਫ਼
ਔਗਣ ਬਖ਼ਸ਼ੋ ਦਾਸ ਦੇ, ਰਹਿਮਤ ਦਾ ਧਰ ਹਾਥ
ਸਿੰਘ ਸਜਾਵੋ ਆਪਣਾ, ਕੂਕਾ ਦਿਓ ਬਣਾਇ
ਨਹੀਂ ਤੇ ਏਸ ਨਿਹੰਗ ਦਾ, ਜਨਮ ਅਕਾਰਥ ਜਾਇ
ਕਾਲਿਓਂ ਕਰ ਦਿਓ ਉੱਜਲਾ, ਕਾਂ ਤੋਂ ਕਰ ਕੇ ਹੰਸ
ਭ੍ਰਿੰਗੀ ਵਾਂਗ ਬਣਾ ਲਓ, ਕੀੜਾ ਆਪਣੀ ਵੰਸ
ਮੇਰੇ ਕੰਨ ਵਿਚ ਕਰ ਦਵੋ, ਕੰਨਾ ਮੰਨਾ ਕੁਰਰ
ਚੇਲਾ ਕਰੋ ਨਿਹੰਗ ਨੂੰ, ਹੇ ਜਗਤ ਦੇ ਗੁਰ
ਮੇਰੇ ਜਿਹਾ ਨਾ ਅੱਜ ਕੋਈ, ਦੂਜਾ ਵਿਚ ਜਹਾਨ
ਤੁਹਾਡੇ ਜਿਹਾ ਨਾ ਦੂਸਰਾ, ਕੋਈ ਹੋਰ ਮਹਾਨ
ਸੁਣਕੇ ਸਤਿਗੁਰ ਰਾਮ ਸਿੰਘ, ਇਹ ਉਸਦੀ ਅਰਦਾਸ
ਭਜਨ ਦੱਸ ਕੇ ਕੰਨ ਵਿਚ, ਕੀਤਾ ਆਪਣਾ ਦਾਸ
ਹੋ ਗਿਆ ਅੜਬ ਨਿਹੰਗ ਓਹ, ਪੂਰਾ ਸੂਰਾ ਸੰਤ
ਕਿਰਪਾ ਕਰ ਕੇ ਆਪਣੀ, ਦੇ ਉਸ ਨੂੰ ਗੁਰਮੰਤ
ਮੁੜ ਕੇ ਗਿਆ ਨਾ ਓਹ ਫਿਰ, ਰਲਿਆ ਕੂਕਿਆਂ ਨਾਲ
ਚੇਤ ਸਿੰਘ ਸੀ ਨਾਂ ਜਿਸ, ਬਣਿਆ ਸਿਖ ਕਮਾਲ
ਸ੍ਰੀ ਗਿਆਨੀ ਗਿਆਨ ਸਿੰਘ, ਜੀ ਸੀ ਦੱਸਿਆ ਹਾਲ
ਆਂਹਦੇ ਅਸੀਂ ਸੀ ਵੇਖਿਆ, ਆਪਣੀਆਂ ਅੱਖਾਂ ਨਾਲ
ਮਾਝਾ, ਨੱਕਾ, ਤਾਰਦੇ, ਪੁੱਜੇ ਸਾਂਦਲ ਬਾਰ

ਨਨਕਾਣੇ ਦੇ ਸਤਿਗੁਰੂ ਕੀਤੇ ਜਾ ਦੀਦਾਰ
ਵਿਰਕ ਸਜਾਏ ਸਿੰਘ ਬਹੁ, ਝੱਬਰ, ਵਰਨ, ਮਦਾਰ
ਚੂਹੜਕਾਣਾਂ ਤਾਰਦੇ, ਗਏ ਝਨਾਂ ਉਰਾਰ
[110]ਬੇੜੀ ਚਾੜ੍ਹ ਲੰਘਾਣ ਤੋਂ, ਮੁੱਕਰ ਗਏ ਮਲਾਹ
ਠਿਲ੍ਹ ਪਏ ਧਰਤੀ ਵਾਂਗਰਾਂ, ਨੈਂ ਨੇ ਦਿਤਾ ਰਾਹ
ਮਰਜੀ ਹਜਰੋ ਜਾਣ ਦੀ, ਹੈਸੀ ਸ੍ਰੀ ਗੁਰੂਦੇਵ
ਹਜਰੋ ਵਾਸੀ ਮਿਲ ਪਏ, ਇਸੇ ਥਾਂ ਸੀ ਏਵ
ਓਨ੍ਹਾਂ ਕਿਹਾ ਸਤਿਗੁਰੂ, ਬਾਲਕ ਸਿੰਘ ਗਏ ਚੱਲ
ਮੁੜ ਪਏ ਓਸੇ ਥਾਂ ਤੋਂ, ਭੈਣੀ ਸਾਹਿਬ ਵੱਲ

**********************

[110] ਗੁਰੂ ਬਾਲਕ ਸਿੰਘ ਜੀ 6 ਦਸੰਬਰ 1862 ਨੂੰ ਜੋਤੀ ਜੋਤਿ ਸਮਾਏ ਸਨ, ਅੰਮ੍ਰਿਤਸਰ ਦੀ ਇਸ ਦਿਵਾਲੀ ਤੋਂ ਪੰਜ ਸਾਲ ਪਹਿਲਾਂ।ਸਤਿਗੁਰੂ ਜੀ ਦਾ ਝਨਾਂ ਬੇੜੀ ਤੋਂ ਬਿਨਾ ਪਾਰ ਕਰਨਾ 1858 ਈ. ਦੀ ਘਟਨਾ ਹੈ। ਚੱਕਰਵਰਤੀ ਜੀ ਨੇ ਇਸ ਨੂੰ ਇਕ ਤੋਂ ਵੱਧ ਵਾਰ ਦੁਹਰਾ ਦਿੱਤਾ ਹੈ।

(22)

# ਮੁੜ ਮਾਲਵੇ ਵਿਚ

ਸੰਮਤ ਹੈਸੀ ਬਿਕ੍ਰਮੀ, ਉੱਨੀ ਤੇਈ ਚਵੀਸ
ਸ੍ਰੀ ਸਤਿਗੁਰੂ ਰਾਮਸਿੰਘ, ਦਿਆ ਸਿੰਧ ਜਗਦੀਸ
ਦੌਰਾ ਮਾਲਵੇ ਦੇਸ਼ ਦਾ, ਕੀਤਾ ਕਿਰਪਾ ਧਾਰ
ਗੁਰੂਮਤ ਪ੍ਰਚਾਰ ਹਿਤ, ਦੀਨਾ ਨਾਥ ਦਾਤਾਰ
ਭੈਣੀ ਸਾਹਿਬੋਂ ਰਾਮਪੁਰ, ਗੁੜਥੁੜੀ ਦੇ ਦੀਦਾਰ
ਲੰਢਾ, ਬੁਆਣੀ, ਗਿਦੜੀ, ਖਟੜੇ, ਸੰਗੋਵਾਰ
ਸਿਆੜ੍ਹ ਦੇ ਕੇ ਦਰਸ ਤੇ, ਚੱਕਾਂ ਨੂੰ ਗੁਰੂ ਤਾਰ
ਰਸ਼ੀਨ, ਲਤਾਲੇ ਹੋਇ ਕੇ, ਜੜਤੌਲੀ ਵਿਚ ਪਧਾਰ
ਡੇਹਲੋਂ, ਰਾਇਪੁਰ, ਲੋਹਗੜ੍ਹ, ਦੋਵੇਂ ਨਾਰੰਗਵਾਲ
ਗੁੱਜਰਵਾਲ ਤੋਂ ਨੰਗਲੀਂ, ਨਾਲ ਹੈ ਪੱਖੋਵਾਲ
ਬੁਰਜ, ਬੱਸੀਆਂ, ਕਾਲਸਾਂ, ਬੋਪਾਰਾਇ, ਹਠੂਰ
ਝੋਰੜਾਂ, ਛੀਨੀਵਾਲ ਨੂੰ, ਦਰਸ਼ਨ ਦੇ ਹਜੂਰ
ਰਾਇਸਰ, ਚੰਨਣਵਾਲ ਤੇ, ਪਿੰਡ ਹੈ ਨਾਈਵਾਲ
ਬਰਨਾਲੇ, ਹੰਡਿਆਇਉਂ, ਫਰਵਾਹੀ, ਕਟੂ ਦੇ ਨਾਲ
ਕਰਮਗੜ੍ਹੀਏ ਸਰਦਾਰ ਵੀ, ਆਏ ਸਰਨੀ ਚੱਲ
ਸਤਿਗੁਰੂ ਝੰਡੇ ਹੇਠ ਆ, ਓਨ੍ਹਾਂ ਮਾਰੀ ਮੱਲ
ਮੂੰਮਾਂ, ਗਹਿਲਾਂ, ਟੱਲੇਵਾਲ, ਤਖਤੂਪੁਰ, ਬਲਾਸ
ਡਾਕਟਰ ਸ਼ੇਰ ਸਿੰਘ ਦੇ, ਪਿਤਾ ਪਿਤਾਮਾਂ ਖਾਸ

ਸਤਿਗੁਰੂ ਸ਼ਰਨੀਂ ਆਣ ਉਨ, ਕੀਤੀ ਸੀ ਅਰਦਾਸ
ਸਾਨੂੰ ਸਤਿਗੁਰ ਪਾਤਸ਼ਾਹ, ਕਰੋ ਆਪਣੇ ਦਾਸ
ਲੋਪੋਂ, ਸੈਦੋ, ਬੱਧਣੀ, ਖੋਟੇ, ਨੰਗਲ ਹੋਰ
ਰੂੰਮੀ, ਛੱਜਾਵਾਲ ਤੇ, ਧੂੜਕੋਟ ਲਾ ਦੌਰ
ਭਦੌੜ ਵਿਚੋਂ ਦੀ ਅਗਾਂਹ ਨੂੰ, ਭਗਤਾ, ਗੁਮਟੀ ਸਾਧ
ਕੋਠਾ ਗੁਰੂ ਕਾ, ਬੁਰਜ ਤੇ, ਰੋਡੇ, ਲੰਡੇ ਆਦ

ਢਿੱਲਵਾਂ, ਮੌੜ, ਮਰ੍ਹਾਜ, ਫੂਲ, ਪਿਥੋ, ਮੰਡੀ ਵਿਚ
ਫੀਰੋਜ਼ਪੁਰ ਦੀਦਾਰ ਦੇ, ਵੇਖ ਸੰਗਤ ਦੀ ਖਿਚ
ਏਸ ਦੇਸ ਦਾ ਸਤਿਗੁਰੂ, ਕਰਦੇ ਹੋਇ ਸੁਧਾਰ
ਘਣੀਆਂ ਬਾਜਾ, ਅਬਲੂ, ਮਹਿਮੇ ਦੇ ਵਿਚਕਾਰ
[111]ਮਾਘੀ ਦੇ ਮੇਲੇ ਸਮੇਂ, ਗਏ ਮੁਕਤਸਰ ਪੁੱਜ
ਕੀਰਤਨ ਨਾਮ ਸ਼ਨਾਨ ਦੀ, ਰਹਿੰਦੀ ਡਾਢੀ ਰੁੱਝ
ਪੁੱਜੇ ਗੁਰੂ ਦੁਆਰ ਜਦ, ਲੈ ਭੇਟਾ ਪ੍ਰਸ਼ਾਦ
ਨਿਹੰਗ ਪੁਜਾਰੀ ਸੋਢੀਆਂ, ਕੀਤਾ ਆਨ ਬਿਵਾਦ
ਅਕਾਲ ਬੁੰਗੇ ਪੁਜਾਰੀਆਂ, ਤੋਂ ਲਿਖਵਾ ਅੰਗ੍ਰੇਜ਼
ਤਖਤਾਂ ਗੁਰੂ ਦੁਆਰਿਆਂ, ਸਭ ਨੂੰ ਦਿਤਾ ਭੇਜ
ਕੂਕੇ ਨਾਹੀਂ ਸਿੱਖ ਨੇ, ਇਹ ਹਨ ਮੁਸਲਮਾਨ
ਮੁਸਲਮਾਨਾਂ ਦੀ ਕੋਈ, ਪੜ੍ਹਦੇ ਹੈਨ ਕਲਾਮ

ਗੁਰੂ ਦੁਆਰਿਆਂ ਵਿਚ ਨਾ, ਏਨਾਂ ਦੀ ਅਰਦਾਸ
ਕਰੇ ਨਾ ਕੋਈ ਕਿਤੇ ਵੀ, ਇਨ੍ਹਾਂ ਬਿਠਾਏ ਪਾਸ
ਕਿਹਾ ਪੁਜਾਰੀਆਂ ਸ਼ਰਤ ਮੰਨ, ਲੁਆਵੋ ਜੇ ਤਨਖਾਹ
ਕਰੀਏ ਫਿਰ ਅਰਦਾਸ ਤਾਂ, ਨਹੀਂ ਤੇ ਸਾਡੀ ਨਾਂਹ
ਸੁਣ ਬੋਲੇ ਸ੍ਰੀ ਗੁਰੂ ਜੀ, ਸਾਡਾ ਜੋ ਕਸੂਰ
ਬਖਸ਼ੋ ਭੁੱਲੇ ਜਾਣਕੇ, ਅਰਜ ਕਰੋ ਮਨਜ਼ੂਰ
ਤਾਲ ਪੱਕਾ ਕਰਵਾ ਦਿਓ, ਭੇਟ ਕਰੋ ਪੰਜ ਲੱਖ[112]
ਫੌਜਾਂ ਨੂੰ ਗੱਫੇ ਦਵੋ, ਦੇਗਾਂ ਇਸ ਤੋਂ ਵੱਖ
ਸਿੱਖ ਤੁਹਾਡੇ ਲੌਹਣ ਨਾ, ਸਿਰ ਉਤੋਂ ਦਸਤਾਰ
ਪੌਹਲ ਦਵੋਂ ਨਾਂ ਤੀਵੀਆਂ, ਕੱਛਾਂ ਦੇਣ ਉਤਾਰ

[111] 1924 ਬਿ. ਮੁਤਾਬਿਕ 1868 ਈ. ਦੀ ਮਾਘੀ ਤੇ ਸਤਿਗੁਰੂ ਜੀ ਮਾਲਵੇ ਦਾ ਦੌਰਾ ਕਰਦੇ ਹੋਏ, ਮੁਕਤਸਰ ਦੀ ਮਾਘੀ ਤੇ ਗੁਰ ਤੀਰਥਾਂ ਦੀ ਯਾਤਰਾ ਕਰਦੇ ਹੋਏ ਪੁੱਜਦੇ ਹਨ।-(ਸੰਤ ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ ਭਾਗ ਪਹਿਲਾ, ਸਫਾ 271)

[112] ਬਾਹੋਵਾਲ ਜੀ ਮੁਤਾਬਿਕ ਪੁਜਾਰੀਆਂ ਨੇ ਤਾਲ ਦੀ ਇੱਕ ਬਾਹੀ ਪੱਕੀ ਕਰਵਾਉਣ ਅਤੇ 1100 ਰੁਪੈਯਾ ਤਨਖਾਹ ਲੁਆਉਣ ਲਈ ਕਿਹਾ ਸੀ। ਬਾਅਦ ਵਿਚ ਕਹਿੰਦੇ ਸਨ ਕਿ ਇੱਕੋਤਰ ਸੌ ਰੁਪੈਆ ਦਿਉ। ਸਤਿਗੁਰੂ ਜੀ ਨੇ ਕਿਹਾ ਕਿ ਤਨਖਾਹ ਤਾਂ ਚੋਰਾਂ-ਯਾਰਾਂ ਨੂੰ ਲਾਈਦੀ ਹੈ, ਮੈਂ ਇਸ ਤਰ੍ਹਾਂ ਤਨਖਾਹ ਨਹੀਂ ਲੁਆਵਾਂਗਾ। -(ਸਤਿਗੁਰੂ ਬਿਲਾਸ, ਭਾਗ ਪਹਿਲਾ, ਸਫਾ 271-72)

ਚਿੱਟੇ ਕੱਪੜੇ ਲਾਹ ਕੇ, ਧਾਰੋ ਨੀਲਾ ਵੇਸ
ਰੰਡੀਆਂ ਵਾਂਗਰ ਤੀਵੀਆਂ, ਖੁਲ੍ਹੇ ਰਖਣ ਨਾ ਕੇਸ
ਮਾਰਨ ਹੋਰ ਬੇਥਵ੍ਹੀਆਂ, ਰਲੇ ਨਿਹੰਗ ਵੀ ਨਾਲ
ਐਵੇਂ ਰੌਲਾ ਪਾ ਰਹੇ, ਕਰਨ ਅਕਾਲ ਅਕਾਲ
ਧੀਰਜ ਧਰ ਸੁਣਦੇ ਰਹੇ, ਗੱਲਾਂ ਹੋਇ ਨਾ ਜਿਚ
ਧਰਤੀ ਨਾਲੋਂ ਬਹੁਤਾ, ਜੇਰਾ ਜਿੰਨ੍ਹਾ ਵਿੱਚ
ਸੁਣ ਕੇ ਸੱਭੋ ਨਿੰਮ੍ਰਤਾ ਨਾਲ, ਕਿਹਾ ਮਹਾਰਾਜ
ਮੇਰੀ ਤਾਕਤ ਵਿਚ ਨਾ, ਏਨਾ ਭਰਾਂ ਖਰਾਜ

ਕਿਰਤੀ ਸਾਰੇ ਸਿੰਘ ਨੇ, ਮੈਂ ਹਾਂ ਪੁੱਜ ਗਰੀਬ
ਮੰਗਦੇ ਹੋ ਜੋ ਕੁਝ ਤੁਸੀਂ, ਸਾਡੇ ਨਹੀਂ ਕਰੀਬ
ਪੰਜ ਲੱਖ ਦੇਣਾ ਮੰਨ ਜੇ, ਪੱਕਾ ਕਰੀਏ ਤਾਲ
ਸਾਡੇ ਵਿਚ ਕਸੂਰ ਫਿਰ, ਰਹੇ ਨਾ ਰਤੀ ਰਵਾਲ
ਨਹੀਂ ਕੁਰੈਹਿਤ ਰਹੇਗੀ, ਸਾਡੇ ਵਿਚ ਫਿਰ ਮੂਲ
ਫਿਰ ਤੁਹਾਨੂੰ ਚੁਭੇਗੀ, ਕੋਈ ਨਾ ਬਣਕੇ ਸੂਲ
ਗਿਆਨ ਸਿੰਘ ਜੀ ਲਿਖਿਆ ਹੈ, ਇਹ ਕੁਲ ਹਵਾਲ
'ਪੰਥ ਪ੍ਰਕਾਸ਼' ਗ੍ਰੰਥ ਜੋ, ਉਸ ਵਿਚ ਏਦਾਂ ਨਾਲ
ਰਾਮ ਸਿੰਘ ਜਾਇ ਜਿਤ, ਸਿਖ ਹ੍ਵੈ ਹਜਾਰੋਂ ਤਿਤ,
ਭੇਟ ਦੈਂਹੇ ਪੀਨ ਧਨ, ਦੀਨ ਬੋਲ ਬੈਨ ਹੈਂ
ਦਮਦਮੇ ਸਾਹਿਬ, ਮੁਕਤਸਰ ਮੇਲਯੋ ਮੈਂ,
ਗਯੋ ਜਬ ਥਯੋ ਦਲ, ਤਾਂਹਿ ਸੰਗ ਐਨ ਹੈਂ
ਹੋਰ ਕੇ ਅਰੂਜ ਤੇ ਨਮੂਜ ਤਬ ਤਾਂਹਿ ਬਡ,
ਹਾਕਮ ਪੁਜਾਰੀ ਭਾਰੀ, ਥੀਏ ਬਿਨ ਚੈਨ ਹੈਂ
ਡਿਪਟੀ ਕਮਿਸ਼ਨਰ ਕੋਟ ਵਾਲ ਠਾਣੇਦਾਰ,
ਰੈਹੈਂ ਪੇਸ਼ਵਾਈ ਮਾਂਹਿ ਤਾਂਹਿ ਕੇ ਸ-ਸੈਨ ਹੈਂ

ਅਦਬ ਹਿਫਾਜਤ ਇਨਤਜਾਮ ਰਾਖੈ ਵਾਹਿ,
ਲੋਗ ਨਿਜ ਨਿਜ ਮਨਭਾਇ ਬੋਲਬੋ ਕਰੈਂ
ਰਾਮਸਿੰਘ ਚਾਹਿ ਅਰਦਾਸ ਇਤਫਾਕ ਥਾਇ,

ਬਢਹੈ ਪ੍ਰਤਾਪ ਪੰਥ ਰੀਤ ਏਸ ਸੋਂ ਭਰੈਂ
ਪਰਸਾਦ ਭੇਟ ਲੈ ਕੈ ਗਯੋ ਜਬ ਗੁਰਦਵਾਰੇ,
ਮਿਲਕੈ ਪੁਜਾਰੀਓ ਨੇ ਕਹਿਓ ਐਸੇ ਹੂੰ ਖਰੈਂ
ਤਾਲ ਪਕਾ ਕਰਵਾਇ ਦੇਹੁ ਤਨਖਾਹਿ ਇਹੁ,
ਦਸਤਾਰ ਉਤਰੈ ਨਾ ਹਾਲ ਕਿਸੀ ਕੋ ਚਰੈਂ
(ਪੰਥ ਪ੍ਰਕਾਸ਼ ਗਿਆਨ ਸਿੰਘ ਗਿਆਨੀ)

ਸੁਣ ਬੋਲੇ ਭਗਵਾਨ ਇਹ, ਗੱਲ ਨਾ ਹੈ ਮੈਂ ਵੱਸ
ਫੇਰ ਦਿਆਂ ਦਿਲ ਮੈਂ ਕਿਵੇਂ, ਲੋਕਾਂ ਕਰ ਬੇ ਵੱਸ
ਲਾਣੀ ਕੋਈ ਤਨਖਾਹ ਜੇ, ਸਾਨੂੰ ਬਰ ਜ਼ਰੂਰ
ਯਥਾ ਯੋਗ ਤਦ ਲਾ ਲਓ, ਮੰਨੀਏ ਬਾਝ ਕਸੂਰ
ਤੰਬੂ ਸਾਹਬ ਵਿਚ ਸੀ, ਮੰਗਲ ਸਿੰਘ ਮਹੰਤ
ਨੀਲਾ ਪਟਕਾ ਲਿਆ ਉਨ, ਪਰਖਣ ਦੇ ਹਿਤ ਅੰਤ
ਕਿਹਾ ਚਹੋਂ ਇਤਫਾਕ ਜੇ, ਧਾਰ ਲਵੋ ਸਿਰ ਏਸ
ਚਿੱਟੀ ਪਗੜੀ ਲਾਹ ਕੇ, ਨੀਲਾ ਕਰ ਲਓ ਵੇਸ
ਭਾਵੇਂ ਅੰਮ੍ਰਿਤਸਰ ਗੁਰਾਂ, ਪਰਖੀ ਸੀ ਇਹ ਚਾਲ
ਓਥੇ ਲਿਆ ਵੇਖ ਸਭ, ਓਨਾਂ ਦਾ ਇਹ ਹਾਲ
ਫਿਰ ਵੀ ਫੜ੍ਹ ਉਹ ਪਟਕਾ, ਰੱਖ ਲਿਆ ਗੁਰੁ ਸੀਸ
ਚਾਹੁੰਦੇ ਸਨ ਇਤਫਾਕ ਜੋ, ਹੋਵੇ ਵਿਸਵੇ ਬੀਸ
ਵੇਖ ਰੌਲਾ ਪਾ ਉੱਕਿਆ, ਤਪਾ ਸਿੰਘ ਨਿਹੰਗ
ਭਰੀ ਹੋਈ ਦਿਲ ਓਸਦੇ, ਬਹੁਤੀ ਹੌਮੈਂ ਹੰਗ
ਲਾਣੀ ਹੈ ਤਨਖਾਹ ਅਸਾਂ, ਏਨ੍ਹਾਂ ਤਈਂ ਜ਼ਰੂਰ
ਕਿਹਾ ਓਸ ਇਹ ਗੱਲ ਨਾ, ਹੈ ਸਾਨੂੰ ਮਨਜ਼ੂਰ
ਨੀਲੀ ਟਾਕੀ ਲਾਹ ਗੁਰ, ਕੀਤੀ ਲੀਰੋ ਲੀਰ
ਕਿਹਾ ਨਾ ਨੀਲ ਖਿੰਧੋਲੜਾ, ਸਿੱਖ ਕੋਈ ਪਾਵੇ ਚੀਰ
ਚਾਰ ਕੁਰਹਿਤਾਂ ਬੱਜਰ ਜੋ, ਸਾਡੇ ਵਿਚ ਨਾ ਇਕ
ਫਿਰ ਕਿਉਂ ਐਵੇਂ ਮੰਨੀਏ, ਤੁਹਾਡੇ ਹਥੀਂ ਵਿਕ
ਬਾਣੀ ਪੜ੍ਹੀਏ ਨਾਮ ਜਪ, ਜੇ ਹੈ ਇਹ ਗੁਨਾਹ
ਗੁਰੂ ਮਤ ਪ੍ਰਚਾਰਨੀ, ਸਮਝੋਂ, ਤੁਸੀਂ ਜੇ ਵਾਹ

ਭੁੱਲ ਨਾ ਖਾਂਦੇ ਸਿਖ ਇਹ, ਕਦੀ ਬਗਾਨੀ ਅੰਸ
ਦੁੱਧੋਂ ਪਾਣੀ ਛਾਣਦੇ, ਨਿਰਮਲ ਬਣ ਕੇ ਹੰਸ
ਤਪਾ ਸਿੰਘ ਜੀ ਤੁਸਾਂ ਦਾ, ਖੁੱਲ੍ਹ ਜਾਇਗਾ ਪਾਗ
ਦੁੱਧ ਦਹੀਂ ਹੋ ਜਾਇਗਾ, ਹੈ ਜੋ ਲਾਇਆ ਜਾਗ
ਮਾਂ ਭੈਣ ਕਰ ਜਾਣੀਏ, ਅਸੀਂ ਬਗਾਨੀ ਨਾਰ
ਕਰਦੇ ਅੱਖ ਨਾ ਮੀਚਕੇ, ਮੱਛੀ ਡੱਡ ਅਹਾਰ
ਤਪਾ ਸਿੰਘ ਨਿਹੰਗ ਸੀ, ਵਡਾ ਜੱਥੇਦਾਰ
ਇਕ ਬੀਬੀ ਦੇ ਨਾਲ ਸੀ ਉਸਦਾ ਗੁਪਤ ਪਿਆਰ
ਲੁਕ ਛਿਪਕੇ ਕਰਦਾ ਸਦਾ, ਨਾਲ ਓਸ ਦੇ ਮੌਜ
ਭੇਤ ਨਾ ਦਿੰਦਾ ਲਗਣ ਉਹ, ਵਿਚ ਆਪਣੀ ਫੌਜ
ਭੋਗੇ ਕਰੇ ਵਿਵਾਹ ਬਿਨ, ਓਹ ਬਗਾਨੀ ਨਾਰ
ਸੀ ਬਜਾਤੀ ਕੌਮ ਦੀ, ਪਰ ਉਸ ਨੂੰ ਦਰਕਾਰ
ਥੋੜ੍ਹੇ ਦਿਨਾਂ ਦੇ ਵਿਚ ਹੀ, ਗਰਭ ਗਿਆ ਉਸ ਹੋ
ਖਿੰਡ ਗਈ ਸਿਖ ਸੰਸਾਰ ਵਿਚ, ਸੀ ਓਸਦੀ ਖੁਸ਼ਬੋ
ਦਲ ਨੇ ਦਿਤਾ ਛੇਕ ਉਹ, ਲਾ ਕੇ ਤੇ ਤਨਖਾਹ
ਬਚਨ ਸਤ ਉਹ ਹੋ ਗਿਆ, ਜੋ ਕਿਹਾ ਪਾਤਸ਼ਾਹ
ਸਤਿਗੁਰੂ ਨਹੀਂ ਸਨ ਚਾਂਹਦੇ, ਪੰਥ ’ਚ ਪਏ ਵਿਗਾੜ
ਪੁੱਟ ਵਗਾਣਾ ਸੀ ਉਨ੍ਹਾਂ, ਬੇ-ਇਤਫ਼ਾਕੀ ਝਾੜ
ਸ੍ਰੀ ਗਿਆਨੀ ਗਿਆਨ ਸਿੰਘ ਜੀ ਦੀ, ਹੈ ਇਹ ਰਾਇ
ਲਿਖੀ ‘ਪੰਥ ਪ੍ਰਕਾਸ਼’ ਵਿਚ, ਓਨ੍ਹਾਂ ਇਹ ਤਰਾਇ
ਕਠ ਪੁਤਲੀ ਦੇ ਵਾਂਗ ਸੀ, ਅੰਗ੍ਰੇਜ਼ਾਂ ਹੱਥ ਤਾਰ
ਜਿਵੇਂ ਨਚਾਏ ਤਿਵੇਂ ਸਿੱਖ, ਨੱਚਦੇ ਬਾਂਹ ਉਲਾਰ

ਕਹਿਓ ਰਾਮ ਸਿੰਘ ਉਭੈ ਬਾਤ ਨਾਂਹਿ ਥਾਤ ਮੋ ਤੈ,
ਦੈਹੁੰ ਤਨਖਾਹ ਕਿਛੁ ਜਥਾ ਜੋਗ ਜੇ ਰਰਯੋ
ਹੁਤੋ ਗੁਰਦਵਾਰੇ ਤੰਬੂ ਸਾਹਿਬ ਕਾ ਜੋ ਮਹੰਤ,
ਮੰਗਲ ਮ੍ਰਿਗੇਸ ਤਾਂਹਿ ਪਰਖਬੇ ਕੋ ਯੌ ਫਰਯੋ
ਧਾਰ ਹੈ ਨਾ ਕੂਕਾ ਕੋਊ ਕਬੀ ਨੀਲ ਰੰਗ ਅੰਗ,
ਨੀਲਾ ਸਿਰਪਾਉ ਰਾਮ ਸਿੰਘ ਆਗੇ ਲਿਆ ਧਰਯੋ

ਯਦੀ ਤਾਂਹਿ ਸੋਊ ਨਿਜ ਸੀਸ ਪਰ ਧਾਰ ਲੀਓ,
ਤੌ ਭੀ ਨ ਪੁਜਾਰੀਓਂ ਨੇ ਇਤਫਾਕ ਹੈ ਕਰਯੋ
ਚਾਂਹਦਾ ਨਹੀਂ ਅੰਗ੍ਰੇਜ਼ ਸੀ, ਪੰਥਕ ਵਧੇ ਅਰੂਜ਼
ਉੱਡੇ ਕਿਵੇਂ ਪੰਜਾਬ ਚੋਂ, ਸਿੱਖ ਰਸਮ ਨਮੂਜ਼
ਮੁਕਤਸਰ ਤੋਂ ਸਤਿਗੁਰੂ, ਗਏ ਰੁਪਾਣੇ ਚੱਲ
ਦਰਸ਼ਨ ਦੇਂਦੇ ਤਾਰਦੇ, ਫੂਲੇਵਾਲ ਦੇ ਵੱਲ
ਥਰਾਜ ਵਾਲਿਓਂ 'ਸੋਥੇ ਗਏ, ਗਏ ਕੁਰਾਈਵਾਲ
ਲੱਕੜਵਾਲੀ, ਖੂੰਨਣਾਂ ਆਦਿਕ ਦੂਹੇਵਾਲ
ਜੰਡਵਾਲੀ ਨੂੰ ਤਾਰਦੇ, ਪੁੱਜੇ ਵਿਚ ਸੁਆਗ
ਬੱਲੂਆਣਿਓਂ ਮਲੋਟ ਨੂੰ, ਲਾਏ ਸਤਿਗੁਰ ਭਾਗ
ਗੱਦਾਂਡੋਬ ਦੇ ਵਿਚ ਦੀ, ਦੇਂਦੇ ਦਰਸ ਦੀਦਾਰ
ਸੱਦਾ ਸਿੰਘ ਤੇ ਸੁੰਦਰ ਸਿੰਘ[113], ਇਸ ਪਿੰਡ ਦੇ ਸਰਦਾਰ
ਤਾਰਿਆ ਜਾ ਘਰ ਬੈਠਿਆਂ, ਧੰਨ ਉਨ੍ਹਾਂ ਦੇ ਭਾਗ
ਵੱਡ-ਤੀਰਥ ਦੇ ਤੱਪੇ ਨੂੰ, ਲਾਈ ਸਿੱਖੀ ਜਾਗ
ਦੰਦੀਵਾਲ ਬਰਾਜ ਨੂੰ, ਦਿਤਾ ਜਾ ਸਨੇਹ
ਹੋਰ ਵੀ ਲਗਦੇ ਨਾਲ ਜੋ, ਪਿੰਡ ਤਰੇ ਜਿਹ ਕਿਹ
ਸ਼ਹੀਦੀ ਜੱਥੇ ਦੇ ਸਿੰਘ ਜੋ, ਹੀਰਾ ਸਿੰਘ ਜੀ ਆਗ[114]
ਲਹਿਣਾ ਸਿੰਘ, ਅਨੂਪ ਸਿੰਘ, ਨੰਦ ਸਿੰਘ, ਸਿੰਘ ਭਾਗ

ਇਹ ਮਸਤਾਨੇ ਸਿੰਘ ਸਨ, ਮਸਤ ਭਰੀ ਸੀ ਕਾਰ
ਹੀਰਾ ਸਿੰਘ ਸਨ ਇਨ੍ਹਾਂ ਦੇ ਵੱਡੇ ਜੱਥੇਦਾਰ
ਏਨ੍ਹਾਂ ਪਤਨੀ ਨੂੰ ਕਿਹਾ, ਸਿੰਘਣੀ ਸਜ ਸਿਰ ਖੋਲ੍ਹ
ਕਰ ਸਕੇਸ਼ ਸਨਾਨ ਤੂੰ, ਪੜਦਾ ਲਾਹ ਮਧੋਲ

---

[113] ਸ੍ਰ. ਸੁੰਦਰ ਸਿੰਘ ਸੋਹੂ, ਸਤਿਗੁਰੂ ਜਗਜੀਤ ਸਿੰਘ ਜੀ ਦੇ ਨਾਨਾ ਜੀ ਸਨ।
[114] ਭਾਈ ਹੀਰਾ ਸਿੰਘ, ਲਹਿਣਾ ਸਿੰਘ, ਅਨੂਪ ਸਿੰਘ ਆਦਿ ਸ਼ਹੀਦੀ ਜੱਥਾ ਮਲੇਰਕੋਟਲੇ ਵਾਲੇ ਸਿੰਘ 1869 ਈ. ਵਿਚ ਕੂਕੇ ਬਣਦੇ ਹਨ। ਇਹ ਅਗਲਾ ਪ੍ਰਸੰਗ ਸਿੰਘਣੀ ਦੀ ਗੁੱਤ ਵੱਢਣ ਵਾਲਾ 1871 ਈ. ਦਾ ਹੈ। ਚੱਕਰਵਰਤੀ ਜੀ ਆਪਣੀ ਰਚਨਾ ਵਿਚ ਇਸ ਨੂੰ 1868 ਈ. ਵਿਚ ਲਿਖ ਰਹੇ ਹਨ, ਜੋ ਦਰੁਸਤ ਨਹੀਂ ਹੈ।-(ਸੰਤ ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ ਭਾਗ ਪਹਿਲਾ ਸਫਾ- 378-79)

ਉਸ ਬਚਨ ਨਾ ਮੰਨਿਆ, ਗੁੱਤ ਲਈ ਉਨ ਵੱਢ
ਸੋਟੀ ਉਤੇ ਟੰਗ ਕੇ, ਝੰਡੇ ਵਾਂਗਰ ਗੱਡ
ਆਂਹਦੇ ਪਤਨੀ ਜੇ ਕੋਈ, ਆਖੇ ਪਤੀ ਨਾ ਲੱਗ
ਮੰਨੇ ਬਚਨ ਨਾ ਪਤੀ ਦਾ, ਹੋਊ ਗਲ ਉਸ ਸੱਗ
ਇਹ ਵੀ ਦੌਰੇ ਨਾਲ ਸਨ, ਜੱਥਾ ਸ਼ਹੀਦ ਬਣਾਇ
ਬਾਹਰ ਪਿੰਡੋਂ ਉਤਰਦੇ, ਗੁਣ ਗੁਰੂ ਦੇ ਗਾਇ
ਨਾਮ ਜਪਣ ਬਾਣੀ ਪੜ੍ਹਨ, ਹੋਰ ਮੇਖ ਨਾ ਮੀਨ
ਰਹਿੰਦੇ ਆਪਣੀ ਮੌਜ ਵਿਚ, ਕਿਸੇ ਨਾ ਮੰਨਦੇ ਈਨ
ਸੂਬਿਆਂ ਦੇ ਨਾਲ ਇਨ੍ਹਾਂ ਦਾ, ਰਹਿੰਦਾ ਸੀ ਤਕਰਾਰ
ਓਨ੍ਹਾਂ ਦੇ ਦਿਲ ਨਾ ਲਗੇ, ਮਸਤੀ ਵਾਲੀ ਕਾਰ
ਸੂਬੇ ਹੁੰਦੇ ਤੰਗ ਸਨ, ਸੁਣ ਏਨ੍ਹਾਂ ਦੇ ਵਾਕ
ਕਿਵੇਂ ਇਨ੍ਹਾਂ ਨੂੰ ਸੋਧੀਏ, ਰਹਿੰਦੇ ਸੀ ਵਿਚ ਤਾਕ
ਇਹ ਸੂਬਿਆਂ ਨੂੰ ਆਖਦੇ, ਬਣ ਨਾ ਜਾਇਉ ਮਸੰਦ
ਟੱਕਰਿਓ ਨਾ ਪੰਥ ਨੂੰ, ਬਣਕੇ ਪੂਰੇ ਸੰਦ
ਨਾਮ ਜਪੋ ਬਾਣੀ ਪੜ੍ਹੋ, ਖਾਓ ਨਾ ਚੋਖਾ ਮਾਲ
ਪੂਜਾ ਕਰਦੀ ਭਜਨ ਬਿਨ, ਸਭ ਦਾ ਮੰਦਾ ਹਾਲ

ਸਰਦਾਰ ਖੁਸ਼ਾਲ ਸਿੰਘ ਜੀ, ਦੰਦੀਵਾਲ ਮਸ਼ਹੂਰ
ਵਸਦੇ ਸਨ ਸਤਿਗੁਰੂ ਦੇ, ਚਰਨੀ ਭਰ ਸਰੂਰ
ਕੀਤੀ ਓਨ੍ਹਾਂ ਅਰਜ ਸੀ, ਸਤਿਗੁਰ ਨੂੰ ਹੱਥ ਜੋੜ
ਬ੍ਰਹਮ ਗਿਆਨੀ ਸੰਤ ਦੇ, ਦਰਸ਼ਨ ਦੀ ਹੈ ਲੋੜ
ਇਸ ਸੰਗਤ ਦੇ ਵਿੱਚ ਜੇ, ਕੋਈ ਅਜੇਹਾ ਹੋਇ
ਹਰਖ ਸੋਗ ਤੇ ਰਹਿਤ ਜਿਸ, ਮਾਨ ਅਪਮਾਨ ਨਾ ਕੋਇ
ਕਰਨੇ ਚਾਹਾਂ ਦਰਸ ਮੈਂ, ਪੂਰਨ 'ਜੇਹਾ ਸੰਤ
ਬਾਬਾ ਜਵਾਹਰ ਸਿੰਘ ਨਾਂ, ਜਿਨ੍ਹਾਂ ਦੇ ਦਿਲ ਹੰਤ
ਸੂਖਮ ਜੇਹਾ ਭਾਵ ਸੀ, ਭਰਿਆ ਓਨ੍ਹਾਂ ਵਿਚ
ਹੋਰ ਨਾ ਕੋਈ ਸੱਕਦਾ, ਨਾਲ ਅਸਾਡੇ ਮਿੱਚ
ਕਰਦੇ ਹਨ ਸਤਿਗੁਰੂ ਜੀ, ਸਾਡਾ ਅਦਬ ਅਦਾਬ
ਸਾਨੂੰ ਹੈ ਬਣਾਇਆ, ਸਭ ਸੂਬਿਆਂ ਦੇ ਸਾਹਬ

ਸਾਡੇ ਵਲ ਹੀ ਕਰਨਗੇ, ਹੁਣ ਸਤਿਗੁਰ ਨਿਰਦੇਸ਼
ਖੁਸ਼ਾਲ ਸਿੰਘ ਦੀ ਅਰਜ਼ ਸੁਣ, ਸ੍ਰੀ ਗੁਰੂ ਵਿਗਸ਼ੇਸ਼
ਸੰਗਤ ਦੇ ਵਿਚ ਘਾਟ ਨਾ, ਕਰ ਲੈਣੇ ਦੀਦਾਰ
ਅੱਜ ਕੱਲ੍ਹ ਕਰ ਦਿਆਂਗੇ, ਪਾਣੀ ਦੁੱਧ ਨਿਤਾਰ
ਚੱਲ ਥਰਾਜੋਂ ਪਾਤਸ਼ਾਹ, ਗਏ ਨੰਗਲੇ ਚਲ[115]
ਮਸਤਾਨੇ ਵੀ ਉਠ ਤੁਰੇ, ਓਸੇ ਪਾਸੇ ਵਲ

ਮੰਡੀ ਵਾਲੇ ਗਿਆਨ ਸਿੰਘ, ਸੂਬੇ ਦਾ ਭਰਾ
ਮਾਈਆਂ ਦੇ ਜਥੇ ਨਾਲ ਸੀ, ਤੁਰਦਾ ਰਿਹਾ ਉਹ ਆ
ਟੱਕਰ ਗਿਆ ਮਸਤਾਨਿਆਂ, ਨੂੰ ਸੀ ਰਸਤੇ ਵਿੱਚ
ਤੁਰ ਨਾ ਮਾਈਆਂ ਨਾਲ ਤੂੰ, ਸਾਨੂੰ ਆਵੇ ਹਿੱਚ
ਸੁਣ ਕੇ ਉਲਟਾ ਬੋਲਿਆ, ਮਸਤਾਂ ਨੂੰ ਸੀ ਓਹ
ਤੁਹਾਨੂੰ ਗਈ ਨਾ ਕਮਲਿਓ, ਅਕਲ ਸੱਭਤਾ ਪੋਹ
ਅਬਾ ਤਬਾ ਜਾਂ ਬੋਲਿਆ, ਫੜ੍ਹ ਲਿਆ ਓਨ੍ਹਾ ਝੱਟ
ਫੜ੍ਹ ਕੇ ਸੋਧਿਆ ਓਹ ਸੀ, ਕੱਢ ਦਿਤੇ ਸਭ ਵੱਟ
ਰੋਇਆ ਡੇਰੇ ਆਣ ਉਹ, ਸੂਬੇ ’ਕੱਠੇ ਕਰ
ਰਲ ਓਨ੍ਹਾਂ ਨੇ ਸੋਚਿਆ, ਗਲ ਜਾਇ ਹੁਣ ਸਰ
ਸੂਬੇ ’ਕੱਠੇ ਹੋਇਕੇ, ਕੀਤੀ ਜਾ ਅਰਦਾਸ
ਸਾਨੂੰ ਰੱਖੋ ਕੋਲ ਜਾਂ, ਉਨ੍ਹਾਂ ਬਿਠਾਵੋ ਪਾਸ
ਸਾਡੀ ਏਨਾਂ ਪਾਗਲਾਂ, ਨੱਕ ਜਿੰਦ ਦਈ ਕਰ
ਮਾਰਿਆ ਇਨ੍ਹਾਂ ਹਰਨਾਮ ਸਿੰਘ, ਗੜੇ ਵਾਂਗ ਸੀ ਵਰ੍ਹ
ਉੱਨੀ ਸੌ ਇਕਾਨਵੇਂ, ਮਾਘ ਪੰਝੀ ਦੇ ਅੰਕ
ਬਸੰਤ ਨੰਬਰ ਸਤਿਜੁਗ ਵਿਚ, ਮੈਂ ਲਿਖਿਆ ਵਰਤੰਤ
ਅਗਲੇ ਸਾਲ ਹੀ ‘ਤੀਰ ਜੀ[116]’, ਮੰਨ ਮੇਰੀ ਅਰਦਾਸ

---

[115]ਇਹ ਘਟਨਾ 1871 ਦੇ ਖੋਟਿਆਂ ਦੇ ਹੋਲੇ ਮਹੱਲੇ ਤੋਂ ਅਤੇ ਦਮਦਮਾ ਸਾਹਿਬ ਦੀ ਵਿਸਾਖੀ ਤੋਂ ਵੀ ਬਾਅਦ ਅਪ੍ਰੈਲ 1871 ਈ. ਵਿਚ ਨੰਗਲੇ (ਮਾਨਸਾ) ਦੀ ਢਾਬ ਤੇ ਘਟੀ, ਜਿੱਥੇ ਸਤਿਗੁਰੂ ਜੀ ਨੇ ਮਸਤਾਨਿਆਂ ਨੂੰ ਕੁੱਟਿਆ ਸੀ। ਚੱਕਰਵਰਤੀ ਜੀ ਇਸ ਨੂੰ 1868 ਵਿਚ ਹੋਈ ਲਿਖਦੇ ਹਨ, ਜੋ ਦਰੁਸਤ ਨਹੀਂ ਹੈ।(ਸਤਿਗੁਰੂ ਬਿਲਾਸ, ਭਾਗ-ਪਹਿਲਾ, ਸਫਾ-292)

ਲਿਖਿਆਂ ਇਹ ਪ੍ਰਸੰਗ ਸੀ, ਕਵਿਤਾ ਭਰੀ ਮਿਠਾਸ
ਮੈਂ ਸੀ ਲਿਖੀ ਵਾਰਤਿਕ ਕਵਿਤਾ ਵਿਚ ਸ੍ਰੀ ਤੀਰ
ਭਰਕੇ ਵਿਚ ਸਰੂਰ ਉਨ, ਇਉਂ ਕੀਤੀ ਤਹਿਰੀਰ

"ਧਰਤੀ ਮਾਲਵੇ ਦੀ ਖਾਣ ਬਰਕਤਾਂ ਦੀ,
ਰਾਣੀ ਉਸ ਦੀਆਂ ਕੁਦਰਤਾਂ ਸਾਰੀਆਂ ਦੀ
ਚਰਨ ਰਾਮ ਦੇ ਸਿਦਕ ਵਿਚ ਪਰਸ ਰਹੀ ਸੀ,
ਦਿਲੋਂ ਭਰੀ ਹੋਈ ਤਾਂਘਾਂ ਭਾਰੀਆਂ ਦੀ
ਵਗਦੀ ਪਈ ਸੀ ਸਰਸੇ ਦੇ ਤੱਪੇ ਅੰਦਰ,
ਖੁਲ੍ਹੀ ਨਾਮਧਾਰਾ ਨਾਮਧਾਰੀਆਂ ਦੀ
ਠੰਡ ਪਾਂਉਦੀ ਪਈ ਸੀ ਸੜਦਿਆਂ ਨੂੰ,
ਰੂਹ ਰੱਬ ਦੀ ਸ਼ਕਲ ਸੰਸਾਰੀਆਂ ਦੀ
ਹਰ ਇਕ ਦਿਲ ਅੰਦਰ ਦਰਦ ਦੇਸ਼ ਦਾ ਸੀ,
ਹਰ ਇਕ ਅੱਖ ਅੰਦਰ ਰਾਮ ਵੱਸਦਾ ਸੀ
ਹਰ ਇਕ ਜੀਭ ਤੇ ਰਾਮ ਸੀ ਰਾਜ ਕਰਦਾ,
ਹਰਇਕ ਰੂਪ ਅੰਦਰ ਰਾਮ ਹੱਸਦਾ ਸੀ

ਹੱਥਾਂ ਵਿਚ ਮਾਲਾ, ਮਾਲਾ ਵਿਚ ਬਿਰਤੀ,
ਬਿਰਤੀ ਵਿਚ ਰੱਬੀ ਲਹਿਰ ਵਗ ਰਹੀ ਸੀ
ਪੈਰ ਜਾਪਦੇ ਪਏ ਸੀ ਪੰਧ ਅੰਦਰ,
ਸੁਰਤ ਸਿਦਕ ਰੰਗ ਰੱਤੜੀ ਲਗ ਰਹੀ ਸੀ
ਕਿਲੇ ਪਏ ਵਿਕਾਰਾਂ ਦੇ ਢੱਠਦੇ ਸਨ,
ਨਾਮੀ ਤੋਪ ਸਤਨਾਮ ਦੀ ਦਗ ਰਹੀ ਸੀ।
ਇਰਦ ਗਿਰਦ ਸਨ ਝੁੰਡ ਪਰਵਾਨਿਆਂ ਦੇ ਵਿਚ,
'ਰਾਮ' ਰੂਪੀ ਜੋਤਿ ਜਗ ਰਹੀ ਸੀ
ਪਾਈ ਗੂੰਜ ਚੌਫੇਰ ਸੀ ਭੌਰਿਆਂ ਨੇ,
ਮਹਾਰਾਜ ਲਗਦੇ ਵਾਂਙ ਫੁੱਲਦੇ ਸਨ

[116]ਪ੍ਰਸਿੱਧ ਪੰਜਾਬੀ ਕਵੀ ਵਿਧਾਤਾ ਸਿੰਘ ਤੀਰ (1902-73 ਈ.) ਅਨੇਕ ਕਾਵਿ ਪੁਸਤਕਾਂ ਦੇ ਰਚਨਹਾਰੇ।

ਮਾਲਾ ਵਾਂਗ ਸੁਦਰਸ਼ਨ ਦੇ ਚੱਲ ਰਹੀ ਸੀ,
ਉਸ ’ਚੋਂ ਬੰਦਗੀ ਦੇ ਜੌਹਰ ਖੁੱਲ੍ਹਦੇ ਸਨ

ਰੰਗ ਰੱਤੜੇ ਏਸ ਵਹੀਰ ਅੰਦਰ,
ਝਾਕੀ ਇਕ ਐਸੀ ਨਜ਼ਰ ਆ ਰਹੀ ਸੀ
ਲਗਨ ਲੀਨ ਇਕ ਮਾਈਆਂ ਦੀ ਮੰਡਲੀ ਵੀ,
ਜਨਮ ਮਰਨ ਦਾ ਪੰਧ ਮੁਕਾ ਰਹੀ ਸੀ
ਓਨ੍ਹਾਂ ਨਾਲ ਇਕ ਸਿੱਖ ਵੀ ਜਾ ਰਿਹਾ ਸੀ,
ਜਿਸ ਨੂੰ ਸਾਦਗੀ ਸੀਸ ਨਵਾ ਰਹੀ ਸੀ
ਐਪਰ ਓਸ ਦੀ ਤੋਰ ਮਸਤਾਨਿਆਂ ਨੂੰ,
ਕਿਸੇ ਗੰਧਲੇ ਭਰਮ ਵਿਚ ਪਾ ਰਹੀ ਸੀ
ਓਨ੍ਹਾਂ ਆਖਿਆ ਵੇਖ ਹਰਨਾਮ ਸਿੰਘਾ,
ਸਾਡੀ ਹਿੱਕ ਉਤੇ ਅੱਗ ਬਾਲ ਨਾ ਤੂੰ
ਹੋਕੇ ਵੱਖਰਾ ਆਪਣਾ ਕੱਟ ਪੈਂਡਾ,
ਤੁਰ ਇਸ ਤਰ੍ਹਾਂ ਮਾਈਆਂ ਦੇ ਨਾਲ ਨਾ ਤੂੰ

ਓਹਨੇ ਆਖਿਆ ਕਮਲਿਓ ਰਹੋ ਠੱਪੇ,
ਮੇਰੀ ਰਮਜ਼ ਨੂੰ ਤੁਸੀਂ ਨਾ ਲਖਿਆ ਏ
ਮੇਰੀ ਅੱਖ ਦੇ ਵਿਚ ਨਾਂ ਮੈਲ ਕੋਈ,
ਤੁਸਾਂ ਭਰਮ ਅੰਦਰ ਲੱਖਣ ਲਖਿਆ ਏ
ਜਿਥੋਂ ਤੁਸਾਂ ਹੈ ਆਬਿ ਹਯਾਤ ਪੀਤਾ,
ਮੈਂ ਵੀ ਉਸੇ ਸਰੋਵਰੋਂ ਚੱਖਿਆ ਏ
ਐਵੇਂ ਮੂਰਖੋ ਸਿਰਾਂ ਤੇ ਚੜ੍ਹ ਗਏ ਓ,
ਤੁਸੀਂ ਕਿਸੇ ਦਾ ਅਦਬ ਨਾ ਰੱਖਿਆ ਏ
ਨਿਰਛਲ ਸਿੱਖ ਨੇ ਇਸ ਤਰ੍ਹਾਂ ਰੋਹ ਅੰਦਰ,
ਜਦੋਂ ਇਕ ਦੋ ਚਾਰ ਸੁਣਾਂ ਦਿਤੀਆਂ
ਪਾਰਾ ਚੜ੍ਹ ਗਿਆ ਖੂਬ ਮਸਤਾਨਿਆਂ ਦਾ,
ਉਨ੍ਹਾਂ ਪਕੜ ਕੇ ਖੂਬ ਟਿਕਾ ਦਿਤੀਆਂ

ਬਸ ਫੇਰ ਕੀ ਝੱਟ ਸ਼ਕੈਤ ਹੋ ਗਈ,
ਵੇਲਾ ਤਾੜਿਆ ਖ਼ੂਬ ਬਹਾਨਿਆਂ ਨੇ
ਕਿਹਾ ਸੂਬਿਆਂ ਸ਼ਹਿਨਸ਼ਾਹ ਅੱਤ ਚੁੱਕੀ,
ਇਨ੍ਹਾਂ ਆਪ ਦੇ ਮੋਏ ਮਸਤਾਨਿਆਂ ਨੇ
ਰੱਬੀ ਜੋਤ ਜੀ ਸਾੜਿਆ ਦਿਲ ਸਾਡਾ,
ਇਹਨਾਂ ਆਪਦੇ ਪ੍ਰੇਮ ਪਰਵਾਨਿਆਂ ਨੇ
ਨਹੀਂ ਸਮਝਦੇ ਕਿਸੇ ਦੀ ਮੰਨਦੇ ਨਹੀਂ,
ਲਾਇਆ ਆਪਣਾ ਟਿੱਲ ਹੈ ਦਾਨਿਆਂ ਨੇ
ਗੱਲ ਕੱਲ੍ਹ ਦੀ ਇਨ੍ਹਾਂ ਦਾ ਦਲ ਦੇਖੋ,
ਇਕ ਸਿੱਖ ਇਕੱਲੇ ਤੇ ਟੁੱਟਿਆ ਏ
ਸੱਚੇ ਪਾਤਸ਼ਾਹ ! ਕੁਝ ਵੀ ਗੱਲ ਨਹੀਂ ਸੀ,
ਉਹਨੂੰ ਛੱਲੀਆ ਦੇ ਵਾਂਙ ਕੁੱਟਿਆ ਏ

ਦਰਦ ਪੁੰਜ ਬੋਲੇ "ਅੱਛਾ ਫੇਰ ਕੀ ਏ,
ਅਸੀਂ ਅੱਜੇ ਹੀ ਲੇਖਾ ਮੁਕਾ ਦਿਆਂਗੇ
ਸਾਡੇ ਸਿਖ ਨੂੰ ਜਿੰਨ੍ਹਾਂ ਨੇ ਮਾਰਿਆ ਹੈ,
ਅਸੀਂ ਉਨ੍ਹਾਂ ਨੂੰ ਮਜ਼ਾ ਚਖਾ ਦਿਆਂਗੇ
ਸਾਡੇ ਸੂਬੇ ਤੇ ਵਰ੍ਹੇ ਜੋ ਗੜੇ ਹੋ ਕੇ,
ਅਸੀਂ ਉਨ੍ਹਾਂ ਨੂੰ ਰੰਗ ਵਿਖਾ ਦਿਆਂਗੇ
ਪੱਕੇ ਹੋਏ ਹੰਕਾਰੀਆਂ ਸਿੱਟਿਆ ਤੇ,
ਅਸੀਂ ਡਾਂਗ ਦਾ ਮੀਂਹ ਵਰ੍ਹਾ ਦਿਆਂਗੇ
ਏਨਾਂ ਆਖ ਕੇ ਚੱਲ ਪਏ ਰਮਜ਼ ਅੰਦਰ,
ਕੌਤਕ ਅਜਬ ਸੰਸਾਰ ਤੇ ਕਰਨ ਵਾਲੇ
ਭਰਿਆਂ ਉਛਲਿਆਂ ਨੂੰ ਖ਼ਾਲੀ ਕਰਨ ਵਾਲੇ,
ਅਤੇ ਸੱਖਣਿਆਂ ਨੂੰ ਪਲ ਵਿਚ ਭਰਨ ਵਾਲੇ

ਓਧਰ ਮਸਤਿਆ ਝੁੰਡ ਮਸਤਾਨਿਆਂ ਦਾ,
ਹੈਸੀ ਨੰਗਲੇ ਦੀ ਸੁੰਦਰ ਢਾਬ ਉੱਤੇ
ਜਾਪੇ ਖੁਸ਼ੀ ਅਗੰਮੀ ਦੇ ਵਿੱਚ ਖਿੜਿਆ,

ਭਖਣ ਲਾਲੀਆਂ ਚਿਹਰੇ ਗੁਲਾਬ ਉੱਤੇ
ਕੋਈ ਗਾਂਵਦਾ ਸੀ ਕੋਈ ਝੂਮਦਾ ਸੀ,
ਕੋਈ ਮਸਤ ਸੀ ਤਾਰ ਰਬਾਬ ਉੱਤੇ
ਕੋਈ ਨਾਮ ਅਲੱਖ ਦਾ ਲਿਖ ਰਿਹਾ ਸੀ,
ਅਪਣੇ ਦਿਲ ਦੀ ਪਾਕ ਕਿਤਾਬ ਉੱਤੇ
ਕਿਸੇ ਆਣ ਕੇ ਆਖਿਆ ਸੁਣੋ ਸਿੱਖੋ,
ਜਾਣੀ ਜਾਣ ਨੇ ਆਪ ਵੱਲ ਆਉਣ ਲੱਗੇ
ਬਸ ਫੇਰ ਕੀ ਸੀ ਆ ਕੇ ਰੰਗ ਅੰਦਰ,
ਨੱਚਣ ਡਹਿ ਪਏ ਘੁੰਮਰਾਂ ਪਾਉਣ ਲੱਗੇ

ਏਨੇ ਚਿਰ ਨੂੰ ਚੀਨੀ 'ਸਵਾਰ ਆ ਗਏ,
ਬੋਲੇ "ਉੱਠ ਕੇ ਜਾਓ ਖਲੋ ਸਾਰੇ
ਖ਼ਬਰਦਾਰ ਅੱਗੇ ਪਿੱਛੇ ਹੋਵਣਾ ਨਾ,
ਜਾਓ ਇੱਕੋ ਕਤਾਰ ਵਿਚ ਹੋ ਸਾਰੇ
ਤੋਬਾ ਤੁਸਾਂ ਸਤਾਇਆ ਏ ਬੜਾ ਮੈਨੂੰ,
ਕੰਡੇ ਦਿਤੇ ਜੇ ਮੈਨੂੰ ਚੁਭੋ ਸਾਰੇ
ਹੋ ਕੇ ਏਕਤਾ ਦੇ ਫੁੱਲ ਖਾਲਸਾ ਜੀ,
ਫੇਰ ਰੱਖੋ ਕਿਉਂ ਦੂਈ ਦੀ ਬੋ ਸਾਰੇ
ਝਟ ਪਟ ਬੰਨ੍ਹ ਲਈ ਪਾਲ ਮਸਤਾਨਿਆਂ ਨੇ,
ਜਾਣੀ ਜਾਣ ਜੀ ਡਾਂਗ ਵਰਤਾਉਣ ਲੱਗੇ
ਜਾਣ ਏਧਰੋਂ ਮਾਰਦੇ ਓਸ ਪਾਸੇ,
ਅਤੇ ਓਧਰੋਂ ਏਧਰ ਨੂੰ ਆਉਣ ਲੱਗੇ

ਮਾਰ ਜਿਉਂ ਜਿਉਂ ਪਵੇ ਮਸਤਾਨਿਆ ਨੂੰ,
ਤਿਉਂ ਤਿਉਂ ਕਹਿਣ ਸਾਨੂੰ ਰੰਗਣ ਚਾੜ੍ਹ ਜਾਇਓ
ਖਾ ਕੇ ਇਕ ਪਾਸੇ ਮੁੜਨ ਦੂਏ ਪਾਸੇ,
ਆਖਣ ਇਧਰ ਦੇ ਪਾਪ ਵੀ ਝਾੜ ਜਾਇਓ
ਮੂੰਹ ਨਾਮ ਨਹੀਂ ਜਪਦਾ ਵਰ੍ਹੋ ਇਸ ਤੇ,
ਅੱਜ ਇਹਦਾ ਵੀ ਭੰਨ ਬੁਥਾੜ ਜਾਇਓ

ਹੱਥ ਸੇਵਾ ਦਾ ਕਦੀ ਨਹੀਂ ਨਾਮ ਲੈਂਦੇ,
ਮਾਰ ਗੁੱਟ ਉਤੇ ਕਾੜ ਕਾੜ ਜਾਇਓ
ਨਿਵਦੇ ਸਿਰ ਨਹੀਂ ਭਰੇ ਹੰਕਾਰ ਅੰਦਰ,
ਡਾਂਗ ਮਾਰ ਕੇ ਇਨ੍ਹਾਂ ਨੂੰ ਤੋੜ ਜਾਇਓ
ਸਾਡੇ ਸੀਨਿਆਂ ਵਿਚ ਨਹੀਂ ਦਰਦ ਰਿਹਾ,
ਕੋਈ ਦਰਦ ਵਾਲਾ ਕੰਡਾ ਬੋੜ ਜਾਇਓ

ਲੋਕੀਂ ਵੇਖਦੇ ਸੀ ਜਿਹੜੇ ਇਹ ਕੌਤਕ,
ਪਏ ਮੂੰਹ ਵਿਚ ਉਂਗਲਾਂ ਪਾਂਵਦੇ ਸਨ
ਨਾਲੇ ਸ਼ਹਿਨਸ਼ਾਹ ਕੁਟਣ ਮਸਤਾਨਿਆਂ ਨੂੰ,
ਨਾਲੇ ਦਰਦ ਵਿਚ ਨੈਨ ਵਹਾਂਵਦੇ ਸਨ
ਅਜਬ ਹਾਲ ਸੀ ਇਧਰ ਮਸਤਾਨਿਆਂ ਦਾ,
ਨਾਲੇ ਨੱਚਦੇ ਸਨ ਨਾਲੇ ਗਾਂਵਦੇ ਸਨ
ਚੀਨੀ ਵਾਲੇ ਦੇ ਪਿਆਰ ਦੇ ਹੋ ਭੁੱਖੇ,
ਸ਼ੁਕਰ-ਸ਼ੁਕਰ ਕਰਕੇ ਡਾਂਗਾਂ ਖਾਂਵਦੇ ਸਨ
ਅੰਨ ਜਲ ਨਾ ਦੇਣਾਂ ਮਸਤਾਨਿਆਂ ਨੂੰ,
ਜਾਂਦੀ ਵਾਰ ਫੁਰਮਾ ਕੇ ਚਲੇ ਗਏ
ਲਿਆ ਡਾਂਗ ਪਰਸ਼ਾਦ ਸ਼ਰਧਾਲੂਆਂ ਨੇ,
ਮਹਾਰਾਜ ਵਰਤਾ ਕੇ ਚਲੇ ਗਏ

ਚਾਰ ਦਿਨ ਹੋਏ ਏਸੇ ਹਾਲ ਅੰਦਰ,
ਐਪਰ ਭੁੱਖਿਆਂ ਈ ਸਿਦਕੀ ਰੱਜਦੇ ਰਹੇ
ਬੇ-ਪਰਵਾਹ, ਬੇ-ਖੌਫ, ਬੇ-ਚਿੰਤ ਹੋਕੇ,
ਦਿਲੋਂ ਰਾਮ ਜੀ ! ਰਾਮ ਜੀ ! ਭਜਦੇ ਰਹੇ
ਧੂੜੀ ਵਿਚ ਲੁਡੰਦੜੇ ਸੋਂਹਵਦੇ ਰਹੇ,
ਬਿਨਾ ਸੋਹਜ ਸ਼ਿੰਗਾਰ ਤੋਂ ਸੱਜਦੇ ਰਹੇ
ਉਨ੍ਹਾਂ ਹੱਸਦਿਆਂ ਪ੍ਰੇਮ ਦੀ ਕੈਦ ਕੱਟੀ,
ਕਾਇਮ ਫੈਸਲੇ ਦਿਲਾਂ ਦੇ ਜੱਜ ਦੇ ਰਹੇ
ਓਧਰ ਰੰਗ ਸੀ ਇਹ ਮਸਤਾਨਿਆਂ ਦਾ,

ਪਿਆ ਪੇਟ ਅੰਦਰ ਭੋਰਾ ਅੰਨ ਦਾ ਨਹੀਂ
ਓਧਰ ਕਹੇ ਜੇ ਕੋਈ ਕੁਝ ਛਕੋ ਪ੍ਰਭੂ ਜੀ !
ਆਖਣ ਮਨ ਕੁਝ ਖਾਣ ਨੂੰ ਮੰਨਦਾ ਨਹੀਂ

ਪੁੱਛੇ ਕੋਈ ਤਾਂ ਪਾਤਸ਼ਾਹ ਤੜਫ ਆਖਣ,
ਮੈਨੂੰ ਗੱਲਾਂ ਵੀ ਲਗਦੀਆਂ ਤੱਤੀਆਂ ਨੇ
ਮੈਥੋਂ ਕੁਝ ਨਹੀਂ ਸੱਜਣੋ ! ਗੱਲ ਹੁੰਦੀ,
ਮੇਰੇ ਗਲ ਅੰਦਰ ਪਈਆਂ ਪੱਤੀਆਂ ਨੇ
ਮੇਰੀ ਅੱਖ ਅੰਦਰ ਵੱਸੇ ਦਰਦ ਕੋਈ,
ਇੱਕੇ ਤੁਲ ਦੀਆਂ ਸਿਦਕ ਦੀਆਂ ਰੱਤੀਆਂ ਨੇ
ਓਨ੍ਹਾਂ ਹੱਥ ਹੈ ਸੱਜਣੋਂ ਡੋਰ ਮੇਰੀ,
ਪ੍ਰੇਮ ਪੂਣੀਆਂ ਜਿੰਨ੍ਹਾਂ ਨੇ ਕੱਤੀਆਂ ਨੇ
ਏਸ ਰਮਜ਼ ਤੋਂ ਕਿਸੇ ਨੇ ਸਮਝ ਲੀਤਾ,
ਇਹ ਤਾਂ ਪਲ ਰਹੀ ਪ੍ਰੀਤ ਪਰਵਾਨਿਆਂ ਦੀ
ਤਦ ਤਕ ਭੁੱਖ ਮਹਾਰਾਜ ਨੂੰ ਲੱਗਣੀ ਨਹੀਂ,
ਜਦ ਤਕ ਭੁੱਖ ਨਾ ਮਿਟੇ ਮਸਤਾਨਿਆਂ ਦੀ

ਆਖਰ ਰੋ ਕੇ ਕਿਹਾ ਇਕ ਲਾਡਲੇ ਨੇ,
ਜਾਣੀ ਜਾਣ ਨੇ ਅਰਜ਼ ਮਨਜ਼ੂਰ ਕੀਤੀ
ਕਿਹਾ ਪਹਿਲੇ ਛਕਾਓ, ਮਸਤਾਨਿਆਂ ਨੂੰ,
ਸਿੱਖੀ ਜਿੰਨ੍ਹਾਂ ਨੇ ਹੈ ਨੂਰੋ ਨੂਰ ਕੀਤੀ
ਸਿਦਕੀ ਇਸ ਤਰਾਂ ਸਿਦਕ ਵਿਚ ਵਸਦੇ ਨੇ,
ਉਨ੍ਹਾਂ ਪੰਥ ਵਿਚ ਗੱਲ ਮਸ਼ਹੂਰ ਕੀਤੀ
ਰਹਿ ਕੇ ਭੁੱਖਿਆਂ ਉਨ੍ਹਾਂ ਨੇ ਹੁਕਮ ਅੰਦਰ,
ਮੇਰੀ ਭੁੱਖ ਹੈ ਸੱਜਣੋਂ ਦੂਰ ਕੀਤੀ
'ਤੀਰ' ਇਹ ਹੈ ਪਿਆਰ ਦੀ ਉੱਚ ਝਾਕੀ,
ਲੇਸ ਏਸ ਵਿਚ ਦੁਨੀਆਂ ਦੇ ਰੰਗ ਦੀ ਨਹੀਂ
ਸਿੱਖ ਅੰਨ ਦੇ ਬਿਨਾ ਜੇ ਰਹੇ ਭੁੱਖਾ,
ਬੁਰਕੀ ਸਤਿਗੁਰੂ ਦੇ ਮੂੰਹੋਂ ਲੰਘਦੀ ਨਹੀਂ"

**ਸਿਰਖੰਡੀ:**

ਨੰਗਲਿਓਂ ਚੱਲ ਆਇ, ਅੰਦਰ ਕੋਟਲੀ
ਹਲਕਿਆਂ ਵਾਲੀ ਜਾਇ, ਨੱਗਰ ਤਾਰਿਆ
ਕਸਾਈਵਾੜੇ ਦਾ ਨਾਂ, ਰੱਖ ਕਰਤਾਰ ਗੜ੍ਹ
ਕੀਤਾ ਸੀ ਮਸ਼ਹੂਰ, ਕਿਰਪਾ ਧਾਰ ਕੇ
ਏਥੋਂ ਦੇ ਸਰਦਾਰ, ਗੁਰਦਿਤ ਸਿੰਘ ਜੀ
ਸਾਹਿਬ ਸਿੰਘ ਪਿਆਰੇ ਦੀ, ਸੀ ਵੰਸ਼ ਚੋਂ
ਗੁਰੂ ਸਵਾਰੇ ਪੂਰਨ, ਸਿਦਕੀ ਆਤਮਾਂ
ਕਈ ਪਿੰਡਾਂ ਦੇ ਇਹ, ਵਿਸਵੇਦਾਰ ਸਨ
ਸਿਦਕ ਸਬਰ ਭਰਪੂਰ, ਪੂਰਨ ਸਿੱਖ ਇਹ
ਏਹਨਾਂ ਦੇ ਮੁਜਾਰੇ, ਖੁਸ਼ ਸਨ ਇਨ੍ਹਾਂ ਤੇ
ਕਿਸੇ ਤਰ੍ਹਾਂ ਦਾ ਦੁੱਖ ਨਾ, ਦੇਂਦੇ ਉਨ੍ਹਾਂ ਨੂੰ
ਮੁਫ਼ਤ ਦੀ ਵਗਾਰ, ਨਾਂ ਲੈਂਦੇ ਕਿਸੇ ਤੋਂ
ਪੁੱਤਰਾਂ ਵਾਂਗਰ ਪਰਜਾ, ਆਪਣੀ ਜਾਣ ਕੇ
ਕਰਦੇ ਸਭ ਫ਼ਰਮਾਇਸ਼, ਪੂਰੀ ਉਨ੍ਹਾਂ ਦੀ
ਇਹ ਵੀ ਗੁਰੂ ਹਜ਼ੂਰ, ਆਏ ਚੱਲ ਕੇ
ਰਲ ਗਏ ਕੂਕਿਆਂ ਨਾਲ, ਕੂਕੇ ਹੋ ਗਏ
ਦੇਸ਼ ਸੇਵਾ ਦੇ ਬੇੜੇ, ਚੜ੍ਹ ਗਏ ਭਜਨ ਲੈ
ਕਰੀ ਅਰਜ਼ ਪਰਵਾਨ, ਸਤਿਗੁਰੂ ਪਾਤਸ਼ਾਹ
ਪਿੰਡ ਇਨ੍ਹਾਂ ਦਾ ਦਰਸ਼ਨ, ਦੇ ਨਿਵਾਜਿਆ
ਕਸਾਈ ਵਾੜਾ ਉਹ, ਹੁਣ ਨਾ ਰਿਹਾ ਸੀ
ਕਰਤਾਰਗੜ੍ਹ ਬਣਾ, ਦਿਤਾ ਓਸ ਨੂੰ
ਚਾਰ ਦਿਨਾਂ ਦੇ ਭੁੱਖੇ, ਰੱਜੇ ਨਾਮ ਨਾਲ
ਮਸਤਾਨਿਆਂ ਵੀ ਆਣ, ਡੇਰੇ ਕਰ ਲਏ
ਅੰਨ ਜਲ ਨਾਂ ਮੂੰਹ, ਲੱਗਾ ਜਿਨ੍ਹਾਂ ਦੇ
ਸਬਰ ਸ਼ੁਕਰ ਵਿਚ ਮਸਤ, ਚਿਹਰੇ ਸਿਉ ਜਿਉਂ
ਦਗ਼-ਦਗ਼ ਕਰਦੇ ਆਤਮੇ ਦਾ, ਪ੍ਰਕਾਸ਼ ਸੀ
ਊਂਘ ਨਾ ਨੀਂਦ ਨਾ ਭੁੱਖ, ਪੋਹੇ ਉਨ੍ਹਾਂ ਨੂੰ
ਦੁੱਖ ਸੁਖ ਤੋਂ ਨਿਰਲੇਪ, ਵੈਰੀ ਮਿੱਤਰੋਂ

ਦਾਣਾ ਪਾਣੀ ਬੰਦ, ਕੀਤਾ ਇਨ੍ਹਾਂ ਦਾ
ਆਪ, ਓਸ, ਜੋ ਰਾਜ਼ਕ, ਸਾਰੇ ਵਿਸ਼ਵ ਦਾ
ਪਰ ਕਹਾਣੀ ਕਰਦੇ ਸਨ, ਜਦ ਇਨ੍ਹਾਂ ਦੀ
ਭੁੱਲਦੀ ਕਦੀ ਵੀ ਯਾਦ, ਉਹਨਾਂ ਦੀ ਨਹੀਂ ਸੀ
ਚਾਰ ਦਿਨਾਂ ਤੋਂ ਆਪ ਵੀ, ਖਾਧਾ ਕੁੱਝ ਨਾ
ਕਹਿੰਦੇ ਗਲ ਅਸਾਡੇ, ਪੈ ਗਈਆਂ ਪੱਤੀਆਂ
ਮਸਤਾਨਿਆਂ ਦੇ ਨਾਲ, ਆਪ ਵੀ ਰਲ ਗਏ
ਕੁਝ ਨਾ ਪਾਇਆ ਮੂੰਹ, ਅਨਸ਼ਨ ਧਾਰਿਆ
ਸਾਰੀ ਸੰਗਤ ਗੁਰਬੇ, ਤੇ ਗ਼ਰੀਬ ਜਦ
ਲੰਗਰ ਵਿਚ ਪ੍ਰਸ਼ਾਦ, ਸਭਨਾ ਛਕ ਲਿਆ
ਆਏ ਸਨ ਸਰਦਾਰ, ਸਾਹਿਬ ਚੱਲ ਕੇ
ਲਾਂਗਰੀਆਂ ਨੂੰ ਅਰਜ਼, ਬੇਨਤੀ ਕਰ ਕਿਹਾ
ਕੀ ਸੰਗਤ ਪ੍ਰਸ਼ਾਦ, ਸਾਰੀ ਛਕ ਗਈ
ਖੁਸ਼ਾਲ ਸਿੰਘ ਜੀ ਲੰਗਰ, ਦੇ ਵਿਚ ਖੜ੍ਹੇ ਸੀ
ਸੁਣ ਇਹ ਨੇਤਰ ਭਰ, ਗਏ ਸੀ ਉਨ੍ਹਾਂ ਦੇ
ਸਮਝ ਗਏ ਸਰਦਾਰ, ਜੀ ਗੁਰਦਿੱਤ ਸਿੰਘ
ਕੋਈ ਸਾਂਗ ਅਨੋਖਾ, ਵਰਤਿਆ ਅੱਜ ਹੈ
ਹੱਥ ਜੋੜ ਕੇ ਅਰਜ਼, ਕਰੀ ਸਰਦਾਰ ਨੇ
ਬਖਸ਼ ਦਿਓ ਹੋ ਮਿੱਤਰ, ਤੁਸੀਂ ਲੰਗੋਟੀਏ
ਦੱਸੋ ਕਾਰਨ ਝਭਦੇ, ਏਸ ਵੈਰਾਗ ਦਾ
ਕੀ ਕਰ ਬੈਠਾ ਮੈਂ ਹਾਂ, ਹੋਈ ਭੁੱਲ ਕੀ
ਖੁਸ਼ਾਲ ਸਿੰਘ ਜੀ ਸੁਣ ਕੇ, ਅੱਗੋਂ ਕਿਹਾ ਸੀ
ਕੀਤੀ ਸੇਵਾ ਗੁਰ ਸੰਗਤ ਦੀ ਆਪ ਨੇ
ਕੋਈ ਚੀਜ਼ ਲੁਕਾ ਨਾ, ਰੱਖੀ ਹੋਰ ਥੇ
ਸੇਵਾ ਹਰ ਪ੍ਰਕਾਰ, ਕੀਤੀ ਹੈ ਤੁਸਾਂ
ਕੋਈ ਕਸਰ ਨਾ ਛੱਡੀ, ਬਾਕੀ ਓਸ ਵਿਚ
ਪਰ ਨਾ ਯੱਗ ਸੰਪੂਰਨ, ਹੋਇਆ ਆਪ ਦਾ
ਮੈਨੂੰ ਹੈ ਇਹ ਚਿੰਤਾ, ਵਢ-ਵਢ ਖਾ ਰਹੀ
ਦੱਸੋ ! ਮੈਨੂੰ ਹੁਕਮ ਕਰੋ, ਮੈਂ ਕੀ ਕਰਾਂ ?

ਹੱਥ ਜੋੜ ਇਹ ਅਰਜ਼, ਕਰੀ ਸਰਦਾਰ ਨੇ
ਹੋਵੇ ਜਿਵੇਂ ਸੰਪੂਰਨ, ਇਹ ਮਹੋਤਸਵ
ਕਿਰਪਾ ਕਰਕੇ ਮੈਨੂੰ, ਉਹ ਸਮਝਾ ਦਵੋ
ਸੁਣ ਬੋਲੇ – ਖੁਸ਼ਾਲ ਸਿੰਘ ਜੀ, ਇਉਂ ਕਿਹਾ–
ਕਈ ਦਿਨਾਂ ਤੋਂ ਕੁਝ ਨਾ, ਛਕਿਆ ਪਾਤਸ਼ਾਹ
ਪਾਣੀ ਦੀ ਨਾ ਬੂੰਦ, ਦਾਣਾ ਇੱਕ ਵੀ
ਕੀਤਾ ਅੰਗੀਕਾਰ ਨਾ, ਉਹਨਾਂ ਅੱਜ ਫਿਰ
ਆਂਹਦੇ ਸੰਘੋਂ ਹੇਠ, ਲੰਘਦਾ ਕੁਝ ਨਹੀਂ
ਦੁੱਧ ਵਿਚ ਭਿਉਂ ਬਨਖਸ਼ਾ, ਘਿਓ ਵਿਚ ਤੜਕ ਕੇ
ਗਲੇ ਦੇ ਉਤੇ ਬੰਨ੍ਹੀਂ, ਬੈਠੇ ਅੱਜ ਵੀ
ਮੈਂ ਕੀਤੀ ਸੀ ਅਰਜ਼, ਆਂਹਦੇ ਕੀ ਕਰਾਂ
ਕੋਈ ਚੀਜ਼ ਨਾਂ ਲੰਘਦੀ, ਅੰਦਰ ਗਲੇ ਦੇ
ਨਹੀਂ ਗੱਲ ਅਜੇਹੀ, ਕੋਈ ਵੀਰ ਜੀ
ਇਹ ਨੇ ਸਾਰੇ ਚੋਜ, ਉਨ੍ਹਾਂ ਦੇ ਆਪਣੇ
ਵਿਖਾ ਰਹੇ ਨੇ ਆਪਣੇ, ਸਿਖਾਂ ਸਿਦਕੀਆਂ
ਹੋਇਆ ਕੀ ਜੇ ਖਾਣੋਂ, ਵਰਜਿਆ ਮੈਂ ਤੁਸਾਂ
ਭੰਨਣੀ ਨਹੀਂ ਗਰਾਹੀ, ਮੈਂ ਵੀ ਆਪ ਹੈ
ਤੁਹਾਡਾ ਵਰਤ ਉਪਾਰੇ, ਬਾਝੋਂ ਪੁੱਤਰੋ
ਮੂੰਹ ਨੂੰ ਲਾਵਾਂ ਮੈਂ ਵੀ, ਕੋਈ ਚੀਜ਼ ਨਾਂ
ਭੁੱਖੇ ਭਾਣੇ ਚਾਰ, ਦਿਨਾਂ ਦੇ ਮਸਤ ਹਨ
ਹੀਰਾ ਹਰਿ ਸਿੰਘ ਲਹਿਣਾ, ਜਥੇ ਸਮੇਤ ਸਭ
ਹੈਂ ! ਇਹ ਕੀਹ, ਸੁਣਾਇਆ ਮੈਨੂੰ ਆਪ ਨੇ
ਭੁੱਖੇ ਹਨ ਮਸਤਾਨੇ, ਕਿਹੜੀ ਗੱਲ ਤੋਂ ?
ਲਾਂਗਰੀਆਂ ਪ੍ਰਸ਼ਾਦ, ਦਿੱਤਾ ਕਿਉਂ ਨਾਂ ?
ਖੁਸ਼ਾਲ ਸਿੰਘ ਜੀ, ਦੱਸੀ ਸਾਰੀ ਵਾਰਤਾ
ਨੰਗਲੇ ਦੇ ਵਿਚ ਵਰਤੀ, ਜਿੱਦਾਂ ਉਨ੍ਹਾਂ ਤੇ
ਕਰ ਸਾਰੀ ਸਲਾਹ, ਦੋਵੇਂ ਚੱਲ ਕੇ
ਆਏ ਸਨ ਹਜ਼ੂਰ, ਸ੍ਰੀ ਗੁਰੂ ਦੇਵ ਦੇ
ਗਲ ਵਿਚ ਪੱਲੇ ਪਾ ਕੇ, ਕੀਤੀ ਅਰਜ਼ ਸੀ

ਰਹਿਮ ਕਰੋ ਸਰਕਾਰ, ਅਸੀਂ ਗਰੀਬ ਹਾਂ
ਹੋ ਗਈ ਜੇ ਕੋਈ, ਭੁੱਲ ਬਖਸ਼ੋ ਅਸਾਂ ਨੂੰ
ਰਹਿਮਤ ਦਾ ਦਰਵਾਜ਼ਾ, ਉੱਚਾ ਆਪ ਦਾ
ਬੰਦ ਨਾ ਹੋਵੇ ਇਹ, ਖੁੱਲ੍ਹਾ ਸਦ ਰਹੇ
ਝੱਲਣ ਦੀ ਨਾ ਸ਼ਕਤੀ, ਸਾਡੇ ਵਿਚ ਹੈ
ਸਿੱਖਾਂ ਦੀ ਕਰੋਪੀ, ਸਤਿਗੁਰ ਪਾਤਸ਼ਾਹ
ਯੱਗ ਸੰਪੂਰਨ ਸਾਡਾ, ਕਰ ਦਿਓ ਗੁਰੂ ਜੀ
ਵਿਗਸ ਕਿਹਾ ਭਗਵਾਨ, ਰਹਿ ਗਈ ਕਸਰ ਕੀ
ਸਭ ਗਰੀਬ ਗੁਰਬੇ, ਰੱਜ ਰੱਜ ਖਾ ਰਹੇ
ਘੋੜੇ ਖਾਣ ਨਿਹਾਰੀ, ਸਿੱਧੇ ਮੂੰਹ ਨਾ
ਮੜਕ ਮੜਕ ਕੇ ਵੱਢਣ, ਉਠ ਜੁਗਾਲੀਆਂ
ਹੋਵੇ ਹੋਰ ਸੰਪੂਰਨ, ਦੱਸੋ ਕਿਸ ਤਰ੍ਹਾਂ
ਜਿਵੇਂ ਕਹੋਗੇ ਆਪ, ਮੈਂ ਕਰ ਦਿਆਂਗਾ
ਸੁਣ ਕੇ ਇਹ ਫੁਰਮਾਨ, ਸ੍ਰੀ ਗੁਰੂ ਦੇਵ ਦਾ
ਅਰਜ਼ ਕਹੀ ਹੇ ਦੀਨ, ਵੰਧੂ ਦਾਤਾਰ ਹੇ
ਹੀਰਾ ਸਿੰਘ ਜੀ ਸਾਰੇ, ਜਥੇ ਸਮੇਤ ਹੀ
ਚਾਰ ਦਿਨਾਂ ਦੇ ਭੁੱਖੇ, ਖਾਧਾ ਕੁਝ ਨਹੀਂ
ਤੁਹਾਡੇ ਘਰ ਵਿਚ ਘਾਟ, ਕਿਸੇ ਨਾ ਚੀਜ਼ ਦੀ
ਕਾਂ ਕੁੱਤੇ ਵੀ ਰੱਜ-ਰੱਜ, ਮੌਜਾਂ ਮਾਣਦੇ
ਓਹਨਾਂ ਜੋਗਾ ਰਿਹਾ ਨਾਂ, ਦਾਣਾ ਅੰਨ ਹੈ
ਮਸਤਾਨਿਆਂ ਨੂੰ ਬਖਸ਼ੋ, ਕਿਰਪਾ ਧਾਰ ਕੇ
ਏਥੋਂ ਵੀ ਜੇ ਉਹ, ਇੰਵ ਹੀ ਤੁਰ ਗਏ
ਸਾਡੇ ਪੱਲੇ ਦੱਸੋ, ਬਾਕੀ ਕੀ ਰਿਹਾ
ਦੀਨ ਤੇ ਦੁਨੀਆਂ ਦੋਵੇਂ, ਸਾਡੇ ਵਿਗੜ ਗੇ
ਦੋਹੀਂ ਜਹਾਨੀ ਮੂੰਹ ਤੇ, ਕਾਲਖ ਪੁਤ ਗਈ
ਅਸੀਂ ਹਾਂ ਦੁਨੀਆਂ ਦਾਰ, ਵੱਸੀਏ ਦੁਨੀ ਵਿਚ
ਸੁਣ ਕੇ ਲੋਕੀ ਲਾਹਣਤ, ਸਾਰੇ ਪਾਣਗੇ
ਰੋਟੀ ਨਾਂ ਦੇ ਸੱਕਿਆ, ਇਹ ਕੰਗਾਲ ਹੈ
ਸੱਦੇ ਸਨ ਕਿਉਂ ਸਿੱਖ, ਕਿਹੜੀ ਲੋੜ ਸੀ

ਜੇ ਨਹੀਂ ਸੀ ਦੇਣਾਂ, ਟੁਕਰ ਏਸ ਨੇ
ਭੁੱਖੇ ਦਿਤੇ ਤੋਰ, ਜਿਸ ਨੇ ਸਿੱਖ ਹਨ
ਕੀ ਹੈ ਇਹ ਸਰਦਾਰ, ਜਾਂ ਕੰਗਾਲ ਹੈ ?
ਮੇਰੀ ਸਭ ਬਦਨਾਮੀ, ਲੋਕੀ ਕਰਨਗੇ
ਕਿਵੇਂ ਵਿਖਾਵਾਂ ਫੇਰ, ਮੈਂ ਮੂੰਹ ਆਪਣਾ
ਹੇ ਜਗਤ ਦੇ ਰਾਜ਼ਕ, ਪਾਲਕ ਦੁਨੀ ਦੇ
ਤੇਰੇ ਘਰ ਵਿਚ ਤੋਟ ਨਾ, ਕਿਸੇ ਚੀਜ਼ ਦੀ
ਦਿੱਤਾ ਹੈ ਇਹ ਹੁਕਮ, ਆਪ ਹਜ਼ੂਰ ਨੇ
ਗਊ ਰੱਤ ਦੀ ਭਿੱਜੀ, ਹੱਥ ਵਿਚ ਛੁਰੀ ਫੜ੍ਹ
ਭੁੱਖਾ ਜੇ ਕਸਾਈ, ਆਵੇ ਬਾਰ ਤੇ
ਉਸ ਨੂੰ ਦੇਣੀ ਰੋਟੀ, ਤੁਹਾਡਾ ਫਰਜ਼ ਹੈ
'ਜੇਹੀ ਹੋਰ ਵਿਸ਼ਾਲਤਾ, ਦੱਸੋ ਹੈ ਕਿਤੇ
ਵੈਰੀ ਨੂੰ ਕਰ ਮਿਤ੍ਰ, ਜਾਣੇ ਆਪਣਾ
ਆਇ ਸਵਾਲੀ ਖਾਲੀ, ਦੇਣਾ ਜਾਣ ਨਾ
ਅਰਜ਼ ਕਰੋ ਪ੍ਰਵਾਨ, ਕੂਕਰ ਏਸ ਦੀ
ਮਸਤਾਨੇ ਹਨ ਰੂਪ, ਤੁਸਾਂ ਦਾ ਆਪਣਾ
ਕਿਰਪਾ ਕਰ ਪ੍ਰਸਾਦ, ਛਕਾਵੋ ਉਨ੍ਹਾਂ ਨੂੰ
ਯੱਗ ਸੰਪੂਰਨ ਇੰਵ, ਮੇਰਾ ਹੋਇਗਾ
ਭੁੱਖੇ ਜੇ ਮਸਤਾਨੇ, ਏਥੋਂ ਤੁਰ ਗਏ
ਆਪਣੇ ਨਾਲ ਪ੍ਰਾਣ, ਮੈਂ ਤੋਰਾਂ ਉਨ੍ਹਾਂ ਦੇ
ਆਤਮ ਘਾਤ ਕਰਕੇ, ਨਰਕੀਂ ਜਾ ਪਵਾਂ
ਜਗਤ ਕਸਾਈ ਮੈਨੂੰ, ਮਿਲੇ ਮਰਾਤਬਾ
ਇਹ "ਕਸਾਈ ਵਾੜਾ", ਫਿਰ ਹੋ ਜਾਇਗਾ
ਸਾਧ ਸੰਗਤ ਦੇ ਦਰਸ਼ਨ, ਦਾ ਫਲ ਇਹ ਮਿਲੇ
ਗਲ ਪੱਲਾ ਪਾ ਰੋ ਕਿਹਾ, ਸਰਦਾਰ ਸੀ
ਅਰਜ਼ ਕਰੋ ਪ੍ਰਵਾਨ, ਦਾਸ ਕੰਗਾਲ ਦੀ
ਮਸਤਾਂ ਨੂੰ ਛਕਾਵੋ, ਫਿਰ ਮੈਂ ਖੁਸ਼ੀ ਹਾਂ
ਵਿਗਸੇ ਸਤਿਗੁਰੂ ਦੇਵ, ਬੋਲੇ ਖੁਸ਼ੀ ਹੋ
ਧੰਨ ਭਾਈ ਗੁਰਦਿਤ ਸਿੰਘ, ਤੂੰ ਧੰਨ ਹੈਂ

ਗੁਰੁ ਸਿੱਖੀ ਦੀ ਰਮਜ਼, ਸਮਝੀ ਠੀਕ ਤੈਂ
ਕਰਨੀ ਪਏ ਕੁਰਬਾਨੀ, ਕੋਈ ਜੇ ਕਦੀ
ਕਰਨੀ ਚਾਹੀਏ ਸਿੱਖ ਨੂੰ, ਬਖਸ਼ਾਣ ਦੀ
ਭਾਈ ਲੱਧੇ ਵਾਂਗ, ਪਰ ਉਪਕਾਰ ਨੂੰ
ਗੱਦੋਂ ਹੋ ਸਵਾਰ, ਛਿੱਤਰ ਗਲੇ ਪਾ
ਮੂੰਹ ਸਿਰ ਕਾਲਾ ਕਰ, ਲੁਆ ਕੇ ਫੱਕੜੀ
'ਸੱਤਾ' ਤੇ 'ਬਲਵੰਡ', ਲਏ ਬਖਸ਼ਾ ਸਨ
ਓਹਨਾਂ ਕਰੀ ਸੀ ਨਿੰਦਾ, ਪੰਚਮ ਗੁਰੂ ਦੀ
ਬੇ ਕਸੂਰ ਮਸਤਾਨੇ, ਇਹ ਤੇ ਹਰ ਤਰ੍ਹਾਂ
ਸਜ਼ਾ ਫੇਰ ਵੀ ਮਿਲ ਗਈ, ਸੱਚੇ ਹੋਣ ਦੀ
ਸੱਚੀ ਗਲ ਤੇ ਇਹ ਹੈ, ਸਰਦਾਰ ਜੀ
ਜਿਸ ਦਿਨ ਦੇ ਮਸਤਾਨੇ, ਭੁੱਖੇ ਹੈਨ ਨੇ
ਮੇਰੇ ਗਲ ਚੋਂ ਲੰਘੇ, ਪਾਣੀ ਅੰਨ ਨਾ
ਸੋਟੇ ਹੈਸਨ ਵੱਜਦੇ, ਜਦ ਕਿ ਉਨ੍ਹਾਂ ਨੂੰ
ਲਸ ਲਸ ਪਿੰਡਾ ਹੈ ਸੀ, ਮੇਰਾ ਕਰ ਰਿਹਾ
ਪੀੜ ਅਜੇ ਵੀ ਹੁੰਦੀ, ਸੱਟਾਂ ਉਨ੍ਹਾਂ ਦੀ
ਇਹ ਮਸਤਾਨੇ ਮੇਰੀ, ਦੇਹ ਪ੍ਰਾਨ ਨੇ
ਹਨ ਮਸਤਾਨੇ ਮੇਰੀ, ਤੇ ਜਿੰਦ ਜਾਨ ਇਹ
ਰੱਬ ਵੀ ਕੰਬੇ ਥਰ ਥਰ, ਡਰਦਾ ਇਨ੍ਹਾਂ ਤੋਂ
ਉਸ ਦੀ ਬੱਧੀ ਹੈਨ, ਛੁਡਾ ਇਹ ਸਕਦੇ
ਇਨ੍ਹਾਂ ਦੀ ਬੱਧੀ ਰੱਬ, ਛੁਡਾ ਨਹੀਂ ਸਕਦਾ
ਕਮਲੇ ਰਮਲੇ ਇਹ, ਪਿਆਰੇ ਰੱਬ ਦੇ
ਇਨ੍ਹਾਂ ਦੇ ਟੁੱਟੇ ਛਿੱਤਰ ਤੋਂ, ਸਰਦਾਰ ਜੀ
ਸੈ ਸਿਆਣੇ ਵਾਰਾਂ, ਮੈਂ ਇਸ ਦੁਨੀ ਦੇ
'ਜੇ ਗੁਰ ਝਿੜਕੇ ਮੀਠਾ ਲਾਗੈ', ਜਿਨ੍ਹਾਂ ਨੇ
ਸਤਿਗੁਰੂ ਦਾ ਵਾਕ, ਕੀਤਾ ਸਫ਼ਲ ਹੈ
ਪੂਰਾ ਕਰ ਵਿਖਾਇਆ, ਹੈ ਉਹ ਇਨ੍ਹਾਂ ਨੇ
ਗੁਰਦਿਤ ਸਿੰਘ ਸਰਦਾਰ, ਤੂੰ ਵੀ ਧੰਨ ਹੈਂ
ਜਰੇ ਨਾ ਗਏ ਭਰਾ, ਭੁੱਖੇ ਜਿਸ ਤੋਂ

ਜਾਓ ਉਨ੍ਹਾਂ ਛਕਾਓ, ਜੋ ਕੁਝ ਛਕਣ ਓਹ
ਬ੍ਰਹਮ ਗਿਆਨੀ ਪੂਰਨ ਹਨ, ਓਹ ਸੰਤ ਨੇ
ਖੁਸ਼ੀਆਂ ਲਓ ਪ੍ਰਸੰਨ ਕਰੋ, ਜਾ ਉਨ੍ਹਾਂ ਨੂੰ
ਸੁਣ ਹੁਕਮ ਸਰਦਾਰ, ਤੇ ਖੁਸ਼ਾਲ ਸਿੰਘ
ਭਰ ਖੁਸ਼ੀ ਦੇ ਵਿੱਚ, ਰਸਤਾਂ ਨਾਲ ਲੈ
ਮਸਤਾਨਿਆਂ ਦੇ ਡੇਰੇ, ਜਾ ਕੇ ਰੱਖੀਆਂ
ਕਿਹਾ ਕਰੋ ਸੰਪੂਰਣ, ਯੱਗ ਗਰੀਬ ਦਾ
ਦੇਗਾਂ ਕਰੋ ਤਿਆਰ, ਰਸਤਾਂ ਲੈ ਲਓ
ਸੁਣ ਬੋਲੇ ਸਰਦਾਰ, ਹੀਰਾ ਸਿੰਘ ਜੀ
ਰਾਜ਼ਕ ਕੀਤਾ ਬੰਦ, ਰਿਜ਼ਕ ਅਸਾਡੜਾ
ਜਿੰਨਾਂ ਚਿਰ ਉਹ ਆਣ, ਦੇਵੇ ਆਪ ਨਾਂ
ਖਾਣ ਪੀਣ ਦਾ ਕਿਹੜਾ ਸਾਡਾ ਹੱਜ ਹੈ
ਨਾਲ ਲੈ ਜਾਵੋ ਸਾਡਾ, ਕੋਈ ਆਦਮੀ
ਹੁਕਮ ਕਰਨ ਜੇ ਆਪ, ਉਸ ਨੂੰ ਪਾਤਸ਼ਾਹ
ਨਾਲ ਖੁਸ਼ੀ ਦੇ ਛਕੀਏ, ਜੋ ਕੁਝ ਦੇਣਗੇ
ਇੰਵ ਅਸੀਂ ਕੁਝ ਕਰਨਾ, ਅੰਗੀਕਾਰ ਨਾਂ
ਏਨੇ ਓਥੇ ਆਪ, ਸਤਿਗੁਰੂ ਆ ਗਏ
ਡਿੱਗੇ ਚਰਨੀ ਮਸਤ, ਰੰਗਣ ਚੜ੍ਹ ਗਈ
ਧੰਨ ਅਸਾਡੇ ਭਾਗ, ਕਮਲੇ ਰਮਲਿਆਂ
ਜਿਨ੍ਹਾਂ ਨੂੰ ਦੀਦਾਰ, ਦਿੱਤੇ ਆਪ ਚਲ
ਸਾਡੇ ਅੰਗ ਪਵਿੱਤ੍ਰ, ਅੱਜ ਫਿਰ ਹੋਣਗੇ
ਲਾਈਨ ਬੰਨ੍ਹ ਖਲੋ ਗਏ, ਪਹਿਲਾਂ ਵਾਂਗਰਾਂ
ਦੱਸੋ ਕੀਹ ਹੈ ਹੁਕਮ, ਸੱਚੇ ਪਾਤਸ਼ਾਹ
ਕਿਸ ਗੁਨਾਹੋਂ ਕੁੱਟਿਆ, ਸੀ ਮੈਂ ਤੁਸਾਂ ਨੂੰ
ਦੱਸੋ, ਹੀਰਾਸਿੰਘ ਜੀ, ਕੁਝ ਪਤਾ ਜੇ
ਕੀ ਦੱਸਾਂ ਮੈਂ ਬਾਪੂ, ਮੈਨੂੰ ਕੀ ਪਤਾ
ਇਕ ਗੁਨਾਹ ਜੇ ਹੋਵੇ, ਦੱਸਾਂ ਓਸ ਮੈਂ
ਵੱਗ ਗੁਨਾਹਾਂ ਦੇ ਹਨ, ਸਾਡੇ ਫਿਰ ਰਹੇ
ਕਿਹੜੇ ਹੈਨ ਪਸੰਦ, ਆਏ ਤੁਸਾਂ ਨੂੰ

ਬਖਸ਼ਿਸ਼ ਬਾਝੋਂ ਛੁੱਟ ਨਾ, ਸਕਦੇ ਹਾਂ ਅਸੀਂ
ਬਖਸ਼ੋ ਕਿਰਪਾ ਧਾਰ, ਬਖਸ਼ਣ ਆਇ ਹੋ
ਸੁਣ ਸਤਿਗੁਰੂ ਕਿਹਾ, ਭਾਈ ਧੰਨ ਹੋ
ਧੰਨ ਹੀਰਾ ਸਿੰਘ, ਲਹਿਣਾ ਸਿੰਘ ਜੀ
ਧੰਨ ਸੇਢਾ ਸਿੰਘ, ਤੁਸੀਂ ਰਵਦਾਸੀਏ
ਪੀਰ ਕੋਟੀਆ ਪ੍ਰੇਮ ਸਿੰਘ, ਤੂੰ ਧੰਨ ਹੈਂ
ਇਨ੍ਹਾਂ ਤੋਂ ਮੈਂ ਵਾਰਾਂ, ਬ੍ਰਾਹਮਣ ਛੱਤਰੀ
ਜਾਤਾਂ ਸਭ ਸਨਾਤਾਂ, ਚਾਰੇ ਵਰਨ ਹੀ
ਮੇਰੇ ਤੁਸੀਂ ਪਿਆਰੇ, ਮੈਂ ਹਾਂ ਤੁਸਾਂ ਦਾ
ਮੇਰੀ ਦੇਹ ਪ੍ਰਾਨ, ਤੁਸੀਂ ਜਿੰਦ ਜਾਨ ਹੋ
ਕੀ ਹੁਕਮ ਹੈ ਪਾਤਸ਼ਾਹ, ਜੀ ਆਪ ਦਾ
ਹੀਰਾ ਸਿੰਘ ਨੇ ਅਰਜ਼, ਕਰੀ ਹੱਥ ਜੋੜ ਕੇ
ਦੇਗ ਸਜਾਵੋ ਲੰਗਰ, ਕਰੋ ਤਿਆਰ ਝਬ
ਮੈਂ ਵੀ ਤੇ ਹਾਂ ਭੁੱਖਾ, ਤੁਹਾਡੇ ਨਾਲ ਦਾ
ਛਕਾਂਗਾ ਪ੍ਰਸ਼ਾਦ, ਮੈਂ ਅਜ ਤੁਸਾਂ ਦੇ
ਲੰਗਰ ਵਿਚੋਂ ਨਾਲ, ਪ੍ਰੀਤ ਪਿਆਰ ਦੇ
ਗਿੱਠ ਗਿੱਠ ਚੜ੍ਹ ਗਈ ਲਾਲੀ, ਸੁਣ ਕੇ ਹੁਕਮ ਨੂੰ
ਮਸਤਾਨੇ ਨਾ ਮੇਵਣ, ਜਾਮੇ ਵਿਚ ਅੱਜ
ਸ਼ਬਦ ਅਲਾਵਣ ਛੱਡ, ਜੈਕਾਰੇ ਖੁਸ਼ੀ ਦੇ
ਕੀਤੀ ਦੇਗ ਤਿਆਰ, ਲੰਗਰ ਸਾਜਿਆ
ਘਾਹ ਦੇ ਉਤੇ ਆਸਣ, ਇੱਕ ਵਿਛਾਇ ਕੇ
ਉਸ ਉਤੇ ਬੈਠਾਇ, ਸਤਿਗੁਰੂ ਪਾਤਸ਼ਾਹ
ਸਰਬ ਲੋਹ ਦੇ ਬਾਟਿਆਂ, ਵਿਚ ਪ੍ਰਸ਼ਾਦ ਭਰ
ਬਾਪੂ ਅੱਗੇ ਰੱਖਿਆ, ਪੁੱਤਰ ਲਾਡਲੇ
ਨਾਲੇ ਆਖਣ ਬਾਪੂ ਦੀ, ਮਰਯਾਦ ਜੋ
ਸਖਤੀ ਦੇ ਨਾਲ ਉਸ ਦੀ, ਕਰੀਏ ਪਾਲਣਾ
ਆਪੋ ਆਪਣੇ ਆਸਣ, ਹੇਠ ਵਿਛਾਇ ਕੇ
ਬੈਠ ਗਏ ਮਸਤਾਨੇ, ਪੰਗਤ ਸਜ ਗਈ
ਵਿੱਚ ਵਿਚਾਲੇ ਸਤਿਗੁਰੂ, ਸੋਭਾ ਪਾਂਵਦੇ

ਪੂਰਨਮਾਂ ਦਾ ਚੰਨ, ਤਾਰਿਆਂ ਵਿਚ ਜਿਉਂ
ਬੈਠੇ ਵਿਚ ਭਗਵਾਨ, ਦੁਆਲੇ ਦੇਵ ਗਣ
ਖੁਸ਼ੀ ਨਾਲ ਪ੍ਰਸ਼ਾਦ, ਛਕਿਆ ਪਾਤਸ਼ਾਹ
ਗਲਾ ਨਾ ਦੁਖੇ ਪੱਤੀ, ਸੰਘ 'ਚ ਨਾ ਰਹੀ
ਦੂਰ ਹੋ ਗਏ ਦੁੱਖ, ਪੀੜਾ ਰਹੀ ਨਾ
ਛਕ ਪ੍ਰਸਾਦ ਸੰਬੋਧਨ, ਕਰ ਮਸਤਾਨਿਆਂ
ਖੁਸ਼ੀਆਂ ਵਿਚ ਭਰ ਸਤਿਗੁਰ, ਪੜ੍ਹਿਆ ਵਾਕ ਇਹ
"ਖ਼ਾਲਸਾ ਮੇਰੋ ਰੂਪ ਹੈ ਖਾਸ
ਖ਼ਾਲਸਾ ਮੇਰੋ ਬੰਧਪ ਸਾਕ
ਖ਼ਾਲਸਾ ਮੇਰੋ ਦੇਹ ਪਰਾਨ
ਖ਼ਾਲਸਾ ਮੇਰੋ ਜਾਨ ਕੀ ਜਾਨ
ਮਮ ਮਿਥਿਆ ਰੰਚਕ ਨਹੀਂ ਭਾਖੀ
ਗੁਰੂ ਨਾਨਕ ਗੁਰੂ ਅੰਗਦ ਸਾਖੀ"
ਹੀਰਾ ਸਿੰਘ ਜੀ ਹੋਰ, ਗਹਿਲਾਂ ਪਿੰਡ ਤੋਂ
ਵੀਹ ਸਾਲ ਦੀ ਉਮਰੋਂ, ਭਰ ਜੁਆਨ ਸਨ
ਓਸ ਜਥੇ ਦੇ ਵਿੱਚ, ਇਹ ਵੀ ਨਾਲ ਸੇ
ਦੱਸਿਆ ਸੀ ਪ੍ਰਸੰਗ, ਸਾਰਾ ਉਨ੍ਹਾਂ ਨੇ
ਬੁੱਚੜ ਮਾਰਨ ਵੇਲੇ ਵੀ, ਸਨ ਨਾਲ ਉਹ
ਨਾ ਹੋਏ ਸ਼ਹੀਦ, ਚਲੇ ਉਹ ਗਏ ਸੀ
ਰਲੇ ਸਾਧੂਆਂ ਵਿਚ, ਉਦਾਸੀ ਹੋ ਗਏ
ਉੱਗੀ ਚਿੱਟੀ ਵਿਚ, ਡੇਰਾ ਇਨ੍ਹਾਂ ਦਾ
ਜ਼ਿਲ੍ਹਾ ਜਲੰਧਰ ਵਿੱਚ, ਜੋ ਮਸ਼ਹੂਰ ਹੈ
ਸੰਤ ਹੀਰਾ ਦਾਸ, ਨਾਂ ਪ੍ਰਸਿੱਧ ਸੀ
ਉੱਘੇ ਸਨ ਪ੍ਰਚਾਰਕ, ਇਹ ਦੁਆਬ ਵਿੱਚ
ਚੀਫ ਖਾਲਸਾ, ਸਿੰਘ ਸਭਾ, ਦੀਵਾਨ ਦੇ
ਨਾਲ ਰਲ ਇਹ ਕਰਦੇ, ਰਹੇ ਕੰਮ ਸਨ
ਮੈਂ ਓਹਨਾਂ ਦੇ ਦਰਸ਼ਨ, ਕੀਤੇ ਜਾਇ ਕੇ
ਸਾਰਾ ਇਹ ਪ੍ਰਸੰਗ, ਬੁੱਚੜ ਵਧ ਦਾ
ਉਹਨਾਂ ਆਪ ਸੁਣਾਇਆ, ਅੱਖੀਂ ਵੇਖਿਆ

ਖੁਸ਼ੀ ਨਾਲ ਪ੍ਰਸ਼ਾਦ ਛਕ, ਹੋ ਤਿਆਰ ਬਰ ਤਿਆਰ
ਕਿਹਾ ਭਾਈ ਗੁਰਦਿਤ ਸਿੰਘ ਮੈਂ ਤੈਥੋਂ ਬਲਿਹਾਰ
ਹੀਰਾ ਸਿੰਘ ਦੇ ਜਥੇ ਦੇ, ਧੰਨ ਸਾਰੇ ਸਰਦਾਰ
ਲੱਖਾਂ ਅਕਲਾਂ ਸਿਆਣਪਾਂ, ਦਿਆਂ ਇਨ੍ਹਾਂ ਤੋਂ ਵਾਰ
ਬਾਬਾ ਸ੍ਰੀ ਖੁਸ਼ਾਲ ਸਿੰਘ, ਜੀ ਵੀ ਹੈਸਨ ਕੋਲ
ਉਨ੍ਹਾਂ ਨੂੰ ਕਿਹਾ ਸੰਬੋਧ ਕਰ, ਸ੍ਰੀ ਗੁਰੂ ਜੀ ਬੋਲ
ਵੇਖ ਲਏ ਨੇ ਤੁਸਾਂ ਨੇ, ਬ੍ਰਹਮ ਗਿਆਨੀ ਸੰਤ
ਸੂਰੇ ਪੂਰੇ ਬਚਨ ਦੇ, ਹਰਖ ਨਾ ਸੋਗ ਕਦੰਤ
ਸਾਨੂੰ ਮਾਣ ਹੈ ਇਨ੍ਹਾਂ ਤੇ, ਇਹ ਹਨ ਸਾਡਾ ਮਾਨ
ਏਹਨਾਂ ਜੇਹਾ ਹੋਰ ਨਾ, ਕੋਈ ਵਿੱਚ ਜਹਾਨ
ਸੁਣ ਇਹ ਕਿਹਾ ਖੁਸ਼ਾਲ ਸਿੰਘ, ਧੰਨ ਤੁਸੀਂ ਹੋ ਧੰਨ
ਧੰਨ ਤੁਹਾਡੇ ਸਿੱਖ ਜਿਨ, ਸੱਤ ਬਚਨ ਲਿਆ ਮੰਨ
ਮੇਰਾ ਸ਼ੰਕਾ ਮਿਟ ਗਿਆ, ਇਨ੍ਹਾਂ ਦੇ ਕਰ ਦੀਦਾਰ
ਧੰਨ ਤੁਹਾਡੇ ਮਸਤ ਇਹ, ਧੰਨ ਇਨ੍ਹਾਂ ਦੀ ਕਾਰ
ਮੌੜਾਂ, ਖਾਨਾਂ ਮਾਈਸਰ, ਕਟਾਰ ਵਾਲੇ ਦੇ ਵਿੱਚ
ਦਰਸ਼ਨ ਦੇਂਦੇ ਤਾਰਦੇ, ਵੇਖ ਸਿੰਘਾਂ ਦੀ ਖਿੱਚ
ਛੱਟਾ ਦੇਂਦੇ ਨਾਮ ਦਾ, ਕਰਦੇ ਚੋਜ਼ ਅਪਾਰ
ਮੁੜ ਆਏ ਸ੍ਰੀ ਸਤਿਗੁਰੂ, ਭੈਣੀ ਸਾਹਿਬ ਗੁਰਦੁਆਰ

***********************

(23)
# ਮਾਨਾਂਵਾਲਾ ਹੋਲਾ

ਮਾਨਾਂਵਾਲੀਏ ਮਾਨ ਸੀ, ਹੀਰਾ ਸਿੰਘ ਸਰਦਾਰ
ਬਾਬਾ ਇਨ੍ਹਾਂ ਦੇ ਦਸਮ ਗੁਰ, ਕੀਤਾ ਦਰਸ ਦੀਦਾਰ
ਪੋਥੀ ਬਖਸ਼ੀ ਉਨ੍ਹਾਂ ਨੂੰ, ਸ੍ਰੀ ਦਸਮ ਗੁਰ ਇੱਕ
ਜਿਸ ਵਿਚ ਸਾਰਾ ਹਾਲ ਸੀ, ਗੁਰੂ ਬਾਰ੍ਹਵੇਂ ਤੱਕ
ਲਿਖਿਆ ਗੁਰੂ ਦਸਮੇਸ਼ ਨੇ, ਕਲਮ ਆਪਣੀ ਨਾਲ
'ਚੀਨੀ ਵਾਲੇ ਗੁਰੂ ਦਾ', ਜਿਸ ਵਿਚ ਸਾਰਾ ਹਾਲ
"ਹਮ ਭੀ ਹਿਰਦੈ ਭਾਵਨੀ, ਰਾਖਤ ਹੈਂ ਸੁਧ ਸੋਇ
ਅੰਮ੍ਰਿਤਸਰ ਮੈਂ ਪਹੁੰਚ ਬੇ, ਰਾਮ ਸਰੋਵਰ ਜੋਇ"
ਖੇਤੀ ਬੀਜੀ ਪੰਥ ਇਹ, ਇਸਦੀ ਕਰਨ ਸੰਭਾਰ
ਆਈਏ ਵੇਰ ਗਿਆਰ੍ਹਵੀਂ, ਚੱਲ ਵਿੱਚ ਸੰਸਾਰ
ਇਹ ਪੋਥੀ ਰੱਖ ਸਾਂਭਣੀ, ਲਵਾਂਗਾ ਤੁਹਾਥੋਂ ਆਨ
ਜਾਮਾਂ ਧਰ ਕੇ ਬਾਰ੍ਹਵਾਂ, ਪ੍ਰਗਟ ਵਿਚ ਜਹਾਨ
ਵਿਚ ਮਾਲਵੇ ਦੇਸ਼ ਦੇ, ਤੇ ਸਤਿਲੁਜ ਦੇ ਤੀਰ
ਭੈਣੀ ਦੇ ਵਿਚ ਅਵਤਰਾਂ, ਰਾਮਗੜ੍ਹੀਆਂ ਘਰ ਵੀਰ
ਤਦ ਤੋਂ ਰਿਹਾ ਉਡੀਕਦਾ, 'ਮਾਨਾਂ' ਦਾ ਪਰਵਾਰ
ਕਦੋਂ ਵਿਖਾਲਣ ਦਰਸ ਆ, ਸਤਿਗੁਰੂ ਕਿਰਪਾ ਧਾਰ
ਜਦੋਂ ਸ੍ਰੀ ਗੁਰੂ ਰਾਮ ਸਿੰਘ, ਪ੍ਰਗਟੇ ਵਿਚ ਜਹਾਨ
ਸੋ ਸੁਣ ਕੇ ਲੱਛਣ ਪੜ੍ਹੇ, ਚਰਨੀ ਢੱਠੇ ਆਨ
ਹੋਰ ਵੀ ਜੋ ਪੰਜਾਬ ਦੇ, ਜਗੀਰਦਾਰ ਸਰਦਾਰ
ਕੱਠੇ ਹੋ ਗਏ ਪੰਥ ਵਿਚ, ਰਲੇ ਆ ਛਾਲਾਂ ਮਾਰ
ਵਡਰੁੱਖਿਆਂ ਦੇ ਵਿਚ ਸੀ, ਹੀਰਾ ਸਿੰਘ ਸਰਦਾਰ
ਪਿਛੋਂ ਨਾਭੇ ਆਣ ਇਹ, ਹੋਇਆ ਗੱਦੀ ਦਾਰ
ਖੁਸ਼ਾਲ ਸਿੰਘ ਜੀ ਥਰਾਜ ਜਦ, ਗੁਰੁ ਮੰਤੁ ਸੁਣ ਕੰਨ
ਹੀਰਾ ਸਿੰਘ ਨੂੰ ਕਿਹਾ ਉਨ, ਓਸ ਲਿਆ ਸੀ ਮੰਨ
ਪਰਗਣਾਂ ਸਰਸੇ ਵਿੱਚ ਸੀ, ਖੁਸ਼ਾਲ ਸਿੰਘ ਸਰਦਾਰ

ਹੀਰਾ ਸਿੰਘ ਜੀ ਇਨ੍ਹਾਂ ਦੇ, ਸਨ ਲੰਗੋਟੀਏ ਯਾਰ
ਹੀਰਾ ਸਿੰਘ ਸੰਭਾਲਿਆ, ਜਦ ਨਾਭੇ ਦਾ ਰਾਜ
ਲਿਖਿਆ ਵਿਚ ਰੰਗੂਨ ਤੋਂ, ਗੁਰੂ ਗ੍ਰੀਬ ਨਿਵਾਜ[117]
ਡੁੱਬ ਰਹੀ ਬੇੜੀ ਵਿਚ ਹੈ, 'ਹੀਰੇ' ਧਰਿਆ ਪੈਰ
ਇਹ ਨਹੀਂ ਕੰਢੇ ਲੱਗਣੀ, ਹੁਣ ਨਾ ਸਕਣੀ ਤੈਰ
ਹੋਇਆ ਹੀਰਾ ਸਿੰਘ ਕਿਉਂ, ਏਹਨਾਂ ਵਿਚ ਸ਼ਰੀਕ
ਰਾਜੇ ਪੀਸੇ ਜਾਣ ਸਭ, ਮੈਦੇ ਵਾਂਗ ਬਰੀਕ
ਵਿਪਤਾ ਪਏਗੀ ਇਨ੍ਹਾਂ ਤੇ, ਚਾਰੇ ਪਾਸਿਉਂ ਆਇ
ਐਸਾ ਕੋਈ ਨਹੀਂ ਜੋ, ਏਹਨਾਂ ਲਏ ਬਚਾਇ
ਹੈਜ਼ਾ ਜਾਣ ਰਣਜੀਤ ਨੂੰ, ਹੋਏ ਸਨ ਇਹ ਦੂਰ
ਤਪਦਿਕ ਅੰਗ੍ਰੇਜ਼ ਦੇ, ਆਏ ਚੱਲ ਹਜੂਰ
ਤੀਜੀ ਪੀੜ੍ਹੀ ਇਨ੍ਹਾਂ ਦੀ, ਲੈਣੀ ਤਪਦਿਕ ਮਾਰ
ਐਸਾ ਕੋਈ ਨਹੀਂ, ਜੋ ਏਨਾਂ ਲਏ ਉਬਾਰ

ਆਪ ਗੁਰੂ ਦਸਮੇਸ਼ ਹੈ, ਕੀਤਾ ਇਹ ਬਖਾਨ
ਪ੍ਰਗਟੇ ਸਤਿਗੁਰੂ ਬਾਰ੍ਹਵਾਂ, ਦੂਲੋ ਵਿਚ ਜਹਾਨ
ਉੱਚੀ ਨੀਵੀਂ ਧਰਤਿ ਓਹ, ਕਰ ਦੇਵੇ ਇਕ ਸਾਰ
ਰਾਜੇ ਕੁਲ ਜਹਾਨ ਦੇ, ਹੋ ਜਾਵਣ ਮਿਸਮਾਰ
ਕਰ ਦਏ ਏਸ ਸਮਾਜ ਦੀ, ਇਕ ਰਸ ਸਾਰੀ ਚਾਲ
ਸਰਮਾਏਦਾਰੀ ਮਿਟੇ, ਕੰਮੀ ਹੋਣ ਖੁਸ਼ਾਲ੍ਹ
ਓਹਨਾਂ ਅਗੇ ਖਲੋਣ ਜਾ, ਰਾਜੇ ਜੀਕਣ ਦਾਸ
'ਕਾਮੇ' 'ਕੰਮੀ' ਬਹਿਣ ਪਾ, ਰਾਜਿਆਂ ਦਾ ਲਿਬਾਸ
ਨੱਸ ਜਾਣ ਅੰਗ੍ਰੇਜ਼ ਇਹ, ਹੋਵੇ ਦੇਸ਼ ਆਜ਼ਾਦ
ਜਾਂਦੇ ਜਾਂਦੇ ਦੇਸ ਪਰ, ਕਰ ਦੇਵਣ ਬਰਬਾਦ
ਪੂਰੇ ਹੋਏ ਵਾਕ ਜੋ, ਕਦੀ ਕਹੇ ਮਹਾਰਾਜ
ਕੀ ਇੱਜ਼ਤ ਹੁਣ ਰਾਜਿਆਂ, ਅੰਦਰ ਏਸ ਸਮਾਜ
ਉੱਨੀ ਸੌ ਵੀਹ ਬਿਕ੍ਰਮੀ, ਓਹਨਾਂ ਆਖੇ ਵਾਕ

---

[117] ਹੀਰਾ ਸਿੰਘ ਨਾਭੇ ਦੇ ਰਾਜ-ਤਖ਼ਤ ਤੇ 1871 ਈ. ਵਿਚ ਬੈਠਾ ਸੀ। ਇਸ ਲਈ ਡੁੱਬਦੇ ਬੇੜੇ ਵਾਲਾ ਸਤਿਗੁਰੂ ਜੀ ਦਾ ਬਚਨ ਪਰਦੇਸ ਜਾਣ ਤੋਂ ਪਹਿਲਾਂ ਦਾ ਹੈ, ਰੰਗੂਨ ਦਾ ਨਹੀਂ ਹੈ।

ਰਾਜਿਆਂ ਦਾ ਹੁਣ ਹੋ ਗਿਆ, ਸਭ ਹਿਸਾਬ ਬੇਵਾਕ
ਪੜ੍ਹ ਕੇ ਪੋਥੀ ਵੇਖ ਕੇ, ਲੱਛਣ ਮਿਲਦੇ ਨਾਲ
'ਮਾਨ' ਆ ਗਏ ਸ਼ਰਨ ਵਿਚ, ਕੀਤੇ ਨਦਰ ਨਿਹਾਲ
ਅਰਜ਼ ਕਰੀ ਹਥ ਜੋੜ ਕੇ, ਹੀਰਾਸਿੰਘ ਸਰਦਾਰ
ਹੋਲਾ ਸਾਡੇ ਪਿੰਡ ਚੱਲ, ਖੇਲੋ ਕਿਰਪਾ ਧਾਰ
ਅਰਜ਼ ਕਰੀ ਪ੍ਰਵਾਨ ਗੁਰੁ, ਫੈਲੀ ਵਿਚ ਪੰਜਾਬ
ਕੂਕੇ ਆ ਗਏ ਚਲ ਕੇ, ਪੈਲੀ ਪੱਠਾ ਸਾਂਬ

ਹੋਇਆ ਭਾਰਾ ਕੱਠ ਸੀ, ਸੰਗਤ ਲੱਖਾਂ ਤੀਕ[118]
ਮਾਨਾਂ ਦੀ ਪੂਰੀ ਹੋਈ, ਸਾਰੀ ਅਜ ਉਡੀਕ
ਚੜ੍ਹੇ ਮਹੱਲਾ ਖੇਡਣੇ, ਸਤਿਗੁਰੂ ਕਿਰਪਾ ਧਾਰ
ਹਾਥੀ ਉਤੇ ਪਾਤਸ਼ਾਹ, ਜੀ ਹੋਏ ਅਸਵਾਰ
ਪਿੱਛੇ ਬੈਠ ਹਜੂਰ ਦੇ, ਹਥ ਵਿਚ ਫੜ ਕੇ ਚੌਰ
ਹੀਰਾ ਸਿੰਘ ਸਰਦਾਰ ਦੇ, ਕੰਮ ਗਏ ਸਭ ਸੌਰ
ਸੂਬਿਆਂ ਸੰਤਾਂ ਆਗੂਆਂ, ਘੋੜੇ ਲਏ ਸ਼ਿੰਗਾਰ
ਭਰ ਭਰ ਮੁੱਠ ਗੁਲਾਲ ਦੀ, ਮਾਰਨ ਬਾਂਹ ਉਲਾਰ
ਏਸ ਸਮੇਂ ਸੀ ਪੰਥ ਦਾ, ਸੂਰਜ ਸਿਖ਼ਰ ਅਰੂਜ਼
ਗੋਰੇ ਡਰ ਰਹੇ ਵੇਖ ਕੇ, ਕੋਈ ਨਾ ਪੈਂਦੀ ਸੂਝ
ਆਂਦੀ ਸੀ ਅੰਗ੍ਰੇਜ਼ ਨੇ, ਕਾਫ਼ੀ ਪੁਲਸੀ ਧਾੜ
ਫਿਰਨ ਦੁਲੱਤੇ ਛੱਡਦੇ, ਮਸਤੇ ਠਾਣੇਦਾਰ
ਲੱਭੇ ਕੋਈ ਵਿਰਲ ਜੇ, ਲਈਏ ਕੰਮ ਸਵਾਰ
ਜਿਹਲੀਂ ਫੜ੍ਹ ਕੇ ਡੱਕੀਏ, ਰੁਕ ਜਾਵੇ ਪ੍ਰਚਾਰ
ਮੇਲੇ ਦੀ ਸੀ ਭੀੜ ਤੇ, ਘੋੜੀ ਸੀ ਮੂੰਹ ਜ਼ੋਰ
ਦੁਆਲੇ ਖੜੇ ਤਮਾਸ਼ ਬੀਨ, ਉੱਚੀ ਕਰ ਰਹੇ ਸ਼ੋਰ
ਹੋ ਮੁਤਾਣੀ ਨੱਸ ਪਈ, ਘੋੜੀ ਇਕੇ ਵਾਂਗ[119]
ਸੀ ਵਰਤਾਣਾਂ ਗੁਰੂ ਜੀ, ਕੋਈ ਅਨੋਖਾ ਸਾਂਗ

---

[118] ਮਾਨਾਂ ਵਾਲੇ ਦਾ ਹੋਲਾ ਮਹੱਲਾ 1869 ਈ. ਵਿਚ ਹੋਇਆ।

[119] ਘੋੜੀ ਨਹੀਂ ਇਹ ਸੂਬਾ ਗਿਆਨਾ ਸਿੰਘ ਉਰਫ਼ ਰਤਨ ਸਿੰਘ, ਮੰਡੀ ਕਲਾਂ ਦਾ ਘੋੜਾ ਸੀ, ਜਿਸ ਦੀ ਫੇਟ ਨਾਲ ਬੱਚਾ ਮਰਿਆ ਸੀ। – (ਸਤਿਗੁਰੂ ਬਿਲਾਸ ਭਾਗ ਪਹਿਲਾ, ਸਫਾ–311)

ਬੱਚਾ ਛੋਟੀ ਉਮਰ ਦਾ, ਮੁਸਲਮਾਨ ਘੁਮਿਆਰ
ਫੇਟਾ ਲਗ ਕੇ ਡਿਗ ਪਿਆ, ਮੂਧਾ ਪੈਰ ਪਸਾਰ
ਫ਼ਿਕਰ ਵਿਚ ਸਭ ਭਰ ਗਏ, ਪੀਲੇ ਹੋ ਗਏ ਮੂੰਹ
ਲੱਗੀ ਜਾ ਕੇ ਗੋਰਿਆਂ, ਇਸ ਦੀ ਝਟ ਪਟ ਸੂੰਹ
ਰੰਡੀ ਸੀ ਇਕ ਬੁੱਢੜੀ, ਇੱਕੋ ਇੱਕ ਸੀ ਪੁੱਤ
ਉਡੇ ਹੋਸ਼ ਹਵਾਸ ਉਸ, ਬੈਠੀ ਜੀਕਰ ਬੁੱਤ
ਲਈ ਪੁਲਸੀਆਂ ਘੇਰ ਉਹ, ਮਾਈ ਦੇਹ ਬਿਆਨ
ਫਿਦਵੀ[120] ਕਠੇ ਹੋ ਗਏ, ਰਲ ਕੇ ਮਹਾਂ ਸ਼ੈਤਾਨ
ਆਂਹਦੇ ਕੂਕਿਆਂ ਦੇ ਗੁਰੂ, ਮਾਰਿਆ ਤੇਰਾ ਪੁੱਤ
ਦੇ ਦੇ ਸਾਫ਼ ਬਿਆਨ ਇਹ, ਕਰ ਨਾ ਕੋਈ ਹੁੱਤ
ਘੋੜੀ ਉਤੇ ਗੁਰੂ ਹੈ, ਚੜ੍ਹਿਆ ਬੈਠਾ ਆਪ
ਜਿਸ ਨੇ ਪੁੱਤਰ ਮਾਰਿਆ, ਤੇਰਾ ਦੇ ਸੰਤਾਪ
ਲੈ ਲੈ ਬਦਲਾ ਆਪਣਾ, ਦਈਏ ਫਾਂਸੀ ਲਾ
ਸਾਨੂੰ ਇਹ ਬਿਆਨ ਤੂੰ, ਆਪਣਾ ਠੀਕ ਲਿਖਾ
ਕਿਹਾ ਤੋਬਾ ਬੁਢੜੀ, ਅੱਲਾ ਨੂੰ ਦੇਣੀ ਜਾਨ
ਕੂੜ ਨਾ ਮਾਰਾਂ ਮੈਂ ਕਦੀ, ਸਾਬਤ ਰੱਖ ਈਮਾਨ
ਮੇਰੇ ਪੁੱਤਰ ਨਾਲ ਨਾ, ਕੋਈ ਉਨ੍ਹਾਂ ਦੀ ਜ਼ਿਦ
ਓਹਨਾਂ ਕਾਹਨੂੰ ਮਾਰਿਆ, ਇੰਞ ਏਸ ਨੂੰ ਵਿਦ
ਘੋੜੀ ਤੇ ਓਹ ਨਹੀਂ ਸਨ, ਹਾਥੀ ਤੇ ਅਸਵਾਰ
ਨਾਲ ਉਨ੍ਹਾਂ ਦੇ ਅਸਾਂ ਦੇ, ਹੀਰਾ ਸਿੰਘ ਸਰਦਾਰ

ਪੁੱਤਰਾਂ ਵਾਂਗਰ ਪਾਲਦੇ, ਪਰਜਾ ਆਪਣੀ ਮਾਨ
ਕਰਨ ਮੇਰਾ ਸਰਦਾਰ ਜੀ, ਮਾਤਾ ਜਿਉਂ ਸਨਮਾਨ
ਲੱਗ ਕੇ ਆਖੇ ਤੁਸਾਂ ਦੇ, ਮੈਂ ਨਾ ਮਾਰਾਂ ਕੂੜ
ਲੱਭੋ ਕੋਈ ਹੋਰ ਜਾ, ਬੇ-ਈਮਾਨਾ ਮੂੜ੍ਹ
ਜਦ ਨਾ ਡਿੱਠੀ ਫਿਦਵੀਆਂ, ਏਥੇ ਗਲਦੀ ਦਾਲ
ਲੱਗੇ ਪਾਣ ਬੁਝਾਰਤਾਂ, ਇਹ ਗੱਲ ਦਿਤੀ ਟਾਲ

[120] ਸ਼ਿਕਾਇਤ ਜਾਂ ਅਰਜ਼ ਕਰਨ ਵਾਲਾ।

ਸੁਣੀ ਗੱਲ ਸਰਦਾਰ ਤੇ, ਅਰਜ਼ ਕਰੀ ਮਹਾਰਾਜ
ਕਿਰਪਾ ਕਰਕੇ ਪਾਤਸ਼ਾਹ, ਰੱਖੋ ਮੇਰੀ ਲਾਜ
ਪਰਜਾ ਸਾਰੀ ਮੰਨਦੀ, ਮੈਨੂੰ ਵਾਂਗਰ ਪਿਉ
ਬੱਚਾ ਜੋ ਅੱਜ ਮਰ ਗਿਆ, ਇਸੇ ਥਾਂ ਤੇ ਇਉਂ
ਹੋਵੇ ਬਦਨਾਮੀ ਬੜੀ, ਲੋਕੀਂ ਕਰਨ ਮਖੌਲ
ਯਾਦ ਕਰ ਇਸ ਗੱਲ ਨੂੰ, ਦਿਲ ਵਿਚ ਪੈਂਦਾ ਹੌਲ
ਮਿਹਰ ਕਰੋ ਸਤਿਗੁਰੂ ਜੀ, ਬੱਚਾ ਦਿਓ ਜੀਵਾਇ
ਤਾਂ ਕਿ ਮੇਰੀ ਏਸ ਥਾਂ, ਧੰਨ-ਧੰਨ ਹੋ ਜਾਇ
ਸੁਣ ਕੇ ਕਿਹਾ ਸਤਿਗੁਰੂ, ਸੁਣ ਸਰਦਾਰਾ ਗੱਲ
ਰੱਤੀ ਕਰ ਨਾ ਫਿਕਰ ਤੂੰ, ਬੱਚਾ ਹੈ ਇਹ ਵੱਲ

"ਚਰਨ ਲਾਇਕੇ ਆਖਿਆ ਉਠ ਬੱਚਾ,
ਕਾਹਨੂੰ ਪਿਆ ਹੈਂ ਪੈਰ ਪਸਾਰ ਏਥੇ"
ਬੱਚਾ ਉੱਠ ਬੈਠਾ ਲੋਕਾਂ ਚਰਨ ਪਕੜੇ,
ਆਖਣ ਆਇਆ ਹੈ ਆਪ ਕਰਤਾਰ ਏਥੇ
ਇਹ ਤੇ ਗੁਰੂ ਨਾਨਕ ਚੋਲਾ ਪਲਟ ਆਏ,
ਮੁੜ ਲਿਆ ਦਸਮੇਸ਼ ਅਵਤਾਰ ਏਥੇ
ਇਹ ਤੇ ਜੋਤਿ ਨਿਰੰਕਾਰ ਦੀ ਚੱਲ ਆਈ,
ਅਰਸ਼ੋਂ ਆ ਗਿਆ ਆਪ ਦਤਾਰ ਏਥੇ
ਹੀਰਾ ਸਿੰਘ ਸਰਦਾਰ ਦੀ ਆਸ ਪੁੰਨੀ,
ਲੋਕੀਂ ਦੇਣ ਮੁਬਾਰਕਾਂ ਆ ਰਹੇ ਸਨ
ਧੰਨ ਧੰਨ ਹੋਈ ਮਾਨ ਖ਼ੁਸ਼ੀ ਹੋਏ,
ਰਲ ਕੇ ਜੱਸ ਗੁਰੂਦੇਵ ਦਾ ਗਾ ਰਹੇ ਸਨ

ਹਾਥੀ ਉਤੋਂ ਉਤਰ ਕੇ, ਬੋਲੇ ਗੁਰੂ ਭਗਵਾਨ
ਕੌਣ ਕਹੇ ਇਹ ਮਰ ਗਿਆ, ਹੈ ਬੱਚੇ ਵਿਚ ਜਾਨ
ਇਸ ਤੋਂ ਪਹਿਲੇ ਗੁਰੂ ਜੀ, ਜ਼ਿਲ੍ਹਾ ਗੁਜਰਾਂਵਾਲ[121]

[121] ਉੱਗੂ ਚੱਕ ਗੁਜਰਾਂਵਾਲਾ ਨਹੀਂ ਸਿਆਲਕੋਟ ਜ਼ਿਲ੍ਹੇ ਦਾ ਪਿੰਡ ਸੀ।

ਕਿਰਪਾ ਕਰ ਦੀਦਾਰ ਦੇ, ਸੰਗਤ ਕਰੀ ਨਿਹਾਲ
ਉੱਗੂ ਚੱਕ ਤੋਂ ਗੁਰੂ ਚੱਕ, ਪਿੰਡ ਦਾ ਨਾਮ ਅਲਾਪ
ਹੁੱਕੇ ਦਏ ਛੁਡਾ ਸਭ, ਕੱਟ ਉਨਾਂ ਦੇ ਪਾਪ
ਸ਼ੋਰ ਕੱਲਰ ਸੀ ਧਰਤਿ ਇਹ, ਨਾਗਾਂ ਦੀ ਭਰਮਾਰ
ਮੁੜ ਨਾ ਉਠੇ ਉਹ ਕਦੀ, ਡੰਗਣ ਜਿਸ ਇਕ ਵਾਰ
ਅਰਜ ਕਰੀ ਰਲ ਪਿੰਡ ਦੇ, 'ਕੱਠੇ ਹੋ ਸਰਦਾਰ
ਬਖਸ਼ੋ ਸਤਿਗੁਰੂ ਪਾਤਸ਼ਾਹ, ਕਿਰਪਾ ਅਪਣੀ ਧਾਰ
ਪੈਲੀ ਦਏ ਨਾ ਹੋਣ ਇਹ, ਕੱਲਰ ਸ਼ੋਰ ਮਹਾਨ
ਮੁਸ਼ਕਲ ਦੇ ਨਾਲ ਚੱਲਦੀ, ਹੈ ਸਾਡੀ ਗੁਜਰਾਨ
ਜ਼ਹਿਰੀ ਜੇਹੇ ਸੱਪ ਨੇ, ਕੋਲ ਆਣ ਜੇ ਚੱਲ
ਝੱਟ ਪੱਟ ਕਢਦੇ ਪ੍ਰਾਨ ਨੇ, ਲਗੇ ਨਾ ਕੋਈ ਪੱਲ
ਕਿਹਾ ਸਤਿਗੁਰੂ ਪਾਤਸ਼ਾਹ, ਰੱਖੋ ਰਹਿਤ ਬਬੇਕ
ਸਿੰਘ ਸਜੋ ਸਤਿਗੁਰੂ ਦੇ, ਉਸ ਤੇ ਰੱਖੋ ਟੇਕ
ਐਥੇ ਝੋਨੇ ਹੋਣਗੇ, ਬਾਸਮਤੀ ਦੇ ਚੌਲ
ਪੂਰੇ ਹੋਏ ਗੁਰੂ ਦੇ, ਸਹਿਜ ਸੁਭਾਵਕ ਕੌਲ
ਸੱਪ ਹੋ ਜਾਵਣ ਮੱਛੀਆਂ, ਵਿਹੁ ਦੀ ਰਹੇ ਨਾ ਲੇਸ
ਅੱਵਲ ਸਭ ਤੁਰ ਜਾਣਗੇ, ਛੱਡ ਕੇ ਧਰਤੀ ਏਸ

ਏਥੋਂ ਗਏ ਗਲੋਟੀਆਂ, ਜੰਡੂ ਹੈ ਸੀ ਜੱਟ[122]

---

[122] ਛੋਟੀਆਂ ਗਲੋਟੀਆਂ ਪਿੰਡ ਵਿਖੇ ਸਤਿਗੁਰੂ ਜੀ 1869 ਈ. ਦੇ ਮਾਨਾਂ ਵਾਲੇ ਦੇ ਹੋਲੇ ਤੇ ਇੱਕ ਸਾਲ ਪਹਿਲਾਂ 1868 ਈ. ਵਿਚ ਪੋਹ ਦੇ ਅਖੀਰ ਵਿਚ ਆਏ ਸਨ। ਖੂਹ ਦੀ ਗਾਧੀ ਤੇ ਜੰਡੂ ਜੱਟ ਨਹੀਂ, ਗੁਰਦਿੱਤਾ ਕਾਰੀਗਰ ਬੈਠਾ ਸੀ। ਉਸੇ ਦਾ ਸੰਕਲਪ ਸੀ ਕਿ ਮੈਨੂੰ ਖੂਹ ਹਿੱਕਦੇ ਨੂੰ ਸਤਿਗੁਰੂ ਜੀ ਗਾਧੀ ਤੇ ਬੈਠਿਆਂ ਭਜਨ ਦੇਣ। ਇਹ ਸੰਕਲਪ ਸਤਿਗੁਰੂ ਜੀ ਨੇ ਪੂਰਾ ਕੀਤਾ। ਪੋਹਲੀ ਵਾਲੀ ਅਰਜ਼ ਹੋ ਸਕਦਾ ਹੈ ਕਿ ਜੰਡੂ ਜੱਟ ਦੀ ਹੋਵੇ। -

(ਸਤਿਗੁਰੂ ਬਿਲਾਸ ਭਾਗ ਪਹਿਲਾ ਸਫਾ-302)

ਇਸ ਗੁਰਦਿੱਤੇ ਦਾ ਇੱਕ ਭਰਾ ਬਿਸ਼ਨਾ ਸੀ। ਇਸ ਬਿਸ਼ਨੇ ਦਾ ਪੁੱਤਰ ਬੂਟਾ ਸਿੰਘ ਸੀ। ਬੂਟਾ ਸਿੰਘ ਦਾ ਪੁੱਤਰ ਧਿਆਨ ਸਿੰਘ ਪੱਥਰਾਂ ਵਾਲਾ ਲਾਹੌਰ ਸ਼ਹਿਰ ਵਿਚ ਮਸ਼ਹੂਰ ਹੋਇਆ। ਸਤਿਗੁਰੂ ਰਾਮ ਸਿੰਘ ਜੀ ਦੀ ਯਾਦ ਵਿਚ ਗੁਰਦਿੱਤੇ ਵਾਲੇ ਖੂਹ ਤੇ ਸਤਿਗੁਰੂ ਜੀ ਦੇ ਬੈਠਣ ਵਾਲੇ ਸਥਾਨ ਤੇ ਦਮਦਮਾ ਇਸੇ ਸ੍ਰ. ਧਿਆਨ ਸਿੰਘ ਨੇ ਬਣਾਇਆ ਸੀ।

(ਸੁਵਰਨ ਸਿੰਘ ਵਿਰਕ, ਕੂਕਾ ਲਹਿਰ ਦੇ ਅਮਰ ਨਾਇਕ ਭਾਗ -2,
ਧਿਆਨ ਸਿੰਘ ਪੱਥਰਾਂ ਵਾਲੇ, ਵਾਲਾ ਲੇਖ ਸਫਾ 586-595)

ਗੁਰੂ ਹੋਣਗੇ ਦੇਣਗੇ, ਮੇਰਾ ਲੇਖਾ ਕੱਟ
ਗਾਧੀ ਬੈਠਾ ਹਲਟ ਦੀ, ਹੁੱਕਾ ਹੈਸੀ ਕੋਲ
ਦਿੱਤਾ ਜਾ ਕੇ ਦਰਸ ਉਸ, ਕਿਹਾ ਮੂੰਹੋਂ ਬੋਲ
ਸਿੱਖ ਬਣਾ ਲਓ ਆਪਣਾ, ਦੇਵੋ ਮੈਨੂੰ ਨਾਮ
ਸੌਰ ਜਾਣਗੇ ਜੱਟ ਦੇ, ਵਿਗੜੇ ਕੰਮ ਤਮਾਮ
ਬੈਠੇ ਸਨ ਜਿਸ ਥੜ੍ਹੇ ਤੇ, ਖੂਹ ਤੇ ਬਾਹਰਵਾਰ
ਇਸ ਥਾਂ ਹੋਵੇ 'ਦਮਦਮਾ', ਕੀਤਾ ਬਚਨ ਉਚਾਰ
ਪੋਹਲੀ ਹੁੰਦੀ ਬਹੁਤ ਸੀ, ਪੈਲੀ ਕਰਦੀ ਨਾਸ
ਕੀਤੀ ਜੰਡੂ ਜੱਟ ਨੇ, ਹੱਥ ਜੋੜ ਅਰਦਾਸ

ਹੁਕਮ ਦੇ ਕੇ ਆਖਿਆ, ਏਸ ਹੱਦ ਦੇ ਵਿੱਚ
ਜੰਗਲ ਕੋਈ ਨਾ ਫਿਰੇ, ਭਾਵੇਂ ਹੋਵੇ ਜਿੱਚ
ਏਸ ਪਵਿਤਰ ਧਰਤਿ ਤੋਂ, ਪੋਹਲੀ ਨੱਸੇ ਦੂਰ
ਹੋ ਜਾਵੇਗੀ ਅੱਜ ਤੋਂ, ਉਹ ਸਭ ਚਕਨਾਚੂਰ
ਹੁਕਮ ਮੰਨਕੇ ਗੁਰੂ ਦਾ, ਧਿਆਨ ਸਿੰਘ ਸਰਦਾਰ
ਦਮਦਮਾ ਸਾਹਿਬ ਬਣਾਇਆ, ਸੰਗਮਰਮਰ ਦਰਬਾਰ
ਲੰਗਰ ਲਾ ਬਿਠਾਇਆ, ਗ੍ਰੰਥੀ ਸਿੰਘ ਸੁਜਾਨ
ਸੇਵਾ ਹੁੰਦੀ ਸਭ ਦੀ, ਕੀਤੇ ਬਿਨਾਂ ਪਛਾਣ

***********************


ਸਰਦਾਰ ਧਿਆਨ ਸਿੰਘ ਜੀ

(24)

# ਬਗਾਵਤ ਬਹਾਨੇ ਲੁੱਟ

ਮਲਵਈ ਸਿੰਘ ਸਜ ਕੇ, ਹੋਇ ਤਿਆਰ ਬਰ ਤਿਆਰ
ਨਾਮ ਜਪਣ ਬਾਣੀ ਪੜ੍ਹਨ, ਰਹਿਤ ਮਰਯਾਦਾ ਧਾਰ
ਭੂਰੀਆਂ ਪਾਈਆਂ ਗਲਾਂ ਵਿਚ, ਭੂਰੀ ਦੀ ਦਸਤਾਰ
ਕਰਨ ਬੰਦਗੀ ਰਾਤ ਦਿਨ, ਕਰਨ ਧਰਮ ਦੀ ਕਾਰ
ਸੱਕੇ ਝੀਊਰ ਮੁਸਲਮਾਨ, ਪਾਣੀ ਭਰਦੇ ਓਹ
ਪੀਂਦੇ ਹਿੰਦੂ ਸਿਖ ਸਭ, ਕੋਈ ਨਾ ਮੰਨਦੇ ਛੋਹ
ਸ੍ਰੀ ਸਤਿਗੁਰੂ ਰਾਮ ਸਿੰਘ, ਸਿੰਘ ਪੰਥ ਨਿਰਧਾਰ
ਤੀਸਰ ਸੀ ਚਲਾਇਆ, ਅਪਣੀ ਕਿਰਪਾ ਧਾਰ
ਆਪੇ ਖਿੱਚ ਕੇ ਜਲ ਛਕੋ, ਆਪ ਕਰੋ ਪ੍ਰਸ਼ਾਦ
ਨਿਗੁਰੇ ਹੱਥੋਂ ਖਾਧਿਆਂ, ਵਿੱਸਰੇ ਰੱਬ ਦੀ ਯਾਦ
ਭਾਵੇਂ ਹੈਸੀ ਮਾਲਵੇ, ਪਾਣੀ ਦੀ ਅਤਿ ਥੋੜ
ਸੌ ਛੇ ਵੀਹਾਂ ਹੱਥ ਲੱਜ, ਪੁਜਦੀ ਪਾਣੀ ਤੋੜ
ਕਿਤੇ ਕਿਤੇ ਕੋਈ ਖੂਹ ਸੀ, ਛੱਪੜ ਟੋਭੇ ਆਮ
ਮੀਂਹ ਪੈ ਜਾਏ ਦੱਬ ਕੇ, ਓਹ ਭਰ ਜਾਨ ਤਮਾਮ
ਪਾਣੀ ਦੀ ਸੀ ਘਾਟ ਅਤਿ, ਚੱਲੀ ਨਹੀਂ ਸੀ ਨਹਿਰ
ਮਾਲਵੇ ਅੰਦਰ ਵਰਤਦਾ, ਪਾਣੀ ਦਾ ਸੀ ਕਹਿਰ
ਧੰਨ ਸਿੰਘ ਉਹ ਗੁਰੂ ਦੇ, ਧੰਨ ਉਨ੍ਹਾਂ ਦੀ ਕਾਰ
ਮਾਈਆਂ ਬੀਬੀਆਂ ਧੰਨ ਉਹ, ਓਹਨਾਂ ਤੋਂ ਬਲਿਹਾਰ

ਰਹਿਤ ਮਰਯਾਦਾ ਰੱਖ ਕੇ, ਧਾਰੀ ਸੋਧ ਬਵੇਕ
ਬਿਨਾਂ ਸਤਿਗੁਰੂ ਹੋਰ ਦੀ, ਰਖਦੇ ਕਦੀ ਨਾ ਟੇਕ
ਹਰੇਕ ਪਿੰਡ ਦੇ ਵਿਚ ਨਹੀਂ, ਖੂਹ ਸੀ ਤਦੋਂ ਆਮ
ਪਾਣੀ ਮਿੱਠਾ ਨਾ ਮਿਲੇ, ਖਾਰਾ ਓਹ ਤਮਾਮ
ਪਿੰਡਾਂ ਵਿਚ ਮੀਂਹ ਪੈਣ ਤੇ, ਭਰਦੇ ਟੋਬੇ ਢਾਬ
ਓਹੀ ਸਾਰੇ ਪੀਂਵਦੇ, ਖੁਸ਼ੀਆਂ ਵਿਚ ਭਰ ਆਬ

ਸਭ ਤੋਂ ਪਹਿਲਾਂ ਮਾਲਵੇ, ਧਾਰੀ ਰਹਿਤ ਬਵੇਕ
ਭੂਰੀਆਂ ਸਾਰੇ ਪਹਿਨਦੇ, ਕੂਕੇ ਤਦੋਂ ਹਰੇਕ
ਮਲਵਈਆਂ ਦੀ ਪੰਥ ਵਿਚ, ਸਭ ਤੋਂ ਉੱਚੀ ਕਾਰ
ਨਾਮ ਜਪਣ ਬਾਣੀ ਪੜ੍ਹਨ, ਹਥ ਕਾਰ ਦਿਲ ਯਾਰ
ਥਰਾਜ ਵਾਲਾ[123] ਹੈ ਪਿੰਡ ਇਕ, ਮੁਕਤਸਰ ਦੀ ਤਹਿਸੀਲ
ਸਮੁੰਦ ਸਿੰਘ[124] ਜੀ ਪਿੰਡ ਉਸ, ਸਾਧੂ ਬਹੁਤ ਅਸੀਲ
ਉਸ ਤਪੇ ਵਿਚ ਇਹ ਸਨ, ਉੱਘੇ ਪੂਰਨ ਸਾਧ
ਕਰਨ ਬੰਦਗੀ ਰੱਬ ਨੂੰ, ਹਰ ਦਮ ਰਖਦੇ ਯਾਦ
ਸੌ ਸਾਖੀ ਵਿਚ ਲਿਖਿਆ, 'ਮਾਲਵੇ' ਤੋਂ ਭੈ ਖਾਇ
ਉਸਦੇ ਪਿਛੋਂ ਫੇਰ ਓਹ, ਦੂਜੇ ਦੇਸੀਂ ਜਾਇ
ਨੰਦਣ ਵਿਚੋਂ ਚੱਲਕੇ, ਗੋਰੇ ਇਹ ਮਲੇਛ
ਬੁੱਚੜਖ਼ਾਨੇ ਇਨ੍ਹਾਂ ਆ, ਲਾਏ ਸਾਡੇ ਦੇਸ਼
ਹੁਣ ਵਕਤ ਹੈ ਆ ਗਿਆ, ਦਈਏ ਇਨ੍ਹਾਂ ਨੂੰ ਕੱਢ
ਗਊਆਂ ਦੇ ਸਭ ਵੈਰੀਆਂ, ਫਸਤਾ ਦਈਏ ਵੱਢ
ਪੰਜ ਕੁ ਸੌ ਸਿੰਘ[125] ਆ ਗਿਆ, ਉਨ੍ਹਾਂ ਦੇ ਝੰਡੇ ਹੇਠ
ਸੱਭੋ ਲਿਆਕੇ ਰਖਿਆ, ਸਮੁੰਦ ਸਿੰਘ ਕੋਲ ਉਮੇਠ
ਪਿੰਡ ਰੁਪਾਣੇ ਵਿਚ ਆ, ਭਾਰੀ ਹੋਇਆ ਕੱਠ
ਬਹੁਤ ਸਾਰੇ ਸਿੰਘ ਸਿੰਘਣੀ, ਤੁਰੇ ਘਰਾਂ ਤੋਂ ਨੱਠ

---

[123]ਉਸ ਸਮੇਂ ਥਰਾਜ ਵਾਲਾ ਦਾ ਥਾਣਾ ਮਲੋਟ, ਜ਼ਿਲ੍ਹਾ ਸਿਰਸਾ ਸੀ, ਜੋ ਅੱਜ ਕੱਲ ਇਸ ਦਾ ਜ਼ਿਲ੍ਹਾ ਮੁਕਤਸਰ ਹੈ। – (ਕੂਕਾਜ਼ ਆਫ ਨੋਟ ਇਨ ਦਾ ਪੰਜਾਬ– 1881)

[124]ਸਮੁੰਦ ਸਿੰਘ ਥਰਾਜ ਵਾਲਾ ਦਾ ਮੁੱਢਲਾ ਨਾਉਂ ਸਮੁੰਦ ਸਿੰਘ ਹੈ ਪਰ ਮਸਤਾਨੀ ਬਿਰਤੀ ਵਿਚ ਰਹਿਣ ਕਾਰਨ ਉਹਨਾਂ ਦਾ ਨਾਮ ਮਸਤਾਨ ਸਿੰਘ ਪੈ ਗਿਆ। ਇਸ ਘਟਨਾ ਬਾਰੇ ਸਰਕਾਰੀ ਰੀਕਾਰਡ ਵਿਚ ਨਾਮ ਮਸਤਾਨ ਸਿੰਘ ਹੀ ਲਿਖਿਆ ਗਿਆ ਹੈ। ਇਸ ਘਟਨਾ ਦਾ ਇਕ ਕਾਰਨ ਇਹ ਵੀ ਸੀ ਕਿ 1869 ਈ. ਦਾ ਹੋਲਾ ਮਹੱਲਾ ਸਤਿਗੁਰੂ ਜੀ ਮਾਨਾਂ ਵਾਲਾ ਕਾਲਰ (ਸਿਆਲ ਕੋਟ) ਵਿਚ ਮਨਾ ਰਹੇ ਸਨ। ਮਲਵਈ ਸਿੰਘਾਂ ਦੀ ਯੋਜਨਾ ਬਣੀ ਕਿ ਪਹਿਲਾਂ ਹੋਲੇ ਦਾ ਪੁਰਬ ਥਰਾਜਵਾਲਾ ਵਿਖੇ ਮਨਾਇਆ ਜਾਵੇ। ਉਦੋਂ ਤੱਕ ਸ੍ਰੀ ਸਤਿਗੁਰੂ ਜੀ ਵਾਪਸ ਪੜਾਉ ਪੜਾਈ ਭੈਣੀ ਸਾਹਿਬ ਆ ਜਾਣਗੇ। ਫਿਰ ਉੱਥੇ ਜਾ ਕੇ ਉਹਨਾਂ ਦਾ ਦਰਸ਼ਨ ਮੇਲਾ ਕੀਤਾ ਜਾਵੇ।

[125]ਪੰਜ ਕੁ ਸੌ ਦੀ ਗਿਣਤੀ ਬਾਲ, ਬਿਰਧ, ਮਾਈ, ਭਾਈ ਸਭ ਦੀ ਸੀ। ਇਹ ਜਦੋਂ ਰੁਪਾਣੇ ਇਕੱਠੇ ਹੋਏ ਸਨ ਫਰਵਰੀ 1869 ਦੇ ਆਖਰੀ ਦਿਨਾਂ ਵਿਚ ਉਦੋਂ ਫੀਰੋਜ਼ਪੁਰ ਦੇ ਅਧਿਕਾਰੀਆਂ ਨੂੰ ਇਹਨਾਂ ਬਾਰੇ ਸੂਚਨਾ ਮਿਲੀ ਸੀ ਕਿ ਇਹ ਵਿਦਰੋਹੀ ਤੇਵਰ ਵਿਖਾ ਰਹੇ ਹਨ। 1 ਮਾਰਚ 1869 ਨੂੰ ਇਹ ਥਰਾਜ ਵਾਲੇ ਦੇ ਨੇੜੇ ਤੇੜੇ ਸਨ।

ਬਾਬਾ ਸ੍ਰੀ ਸਮੁੰਦਸਿੰਘ, ਸਭ ਨੂੰ ਕਹਿੰਦੇ ਬੋਲ
ਪਾਵੋ ਲੰਗਰ ਵਿਚ ਸਭ, ਜੋ ਕੁਝ ਜਿਸਦੇ ਕੋਲ
ਦੱਬਿਆ ਲੈਣ ਕਢਾ ਓਹ, ਦੇਂਦੇ ਸਭ ਕੁਝ ਦੱਸ
ਦੱਸੇ ਜੋ ਨਾ ਆਪ ਸੀ, ਹੋ ਜਾਂਦਾ ਬੇਵੱਸ
ਕਈ ਮਣ ਚਾਂਦੀ ਤੇ ਸੁਰਨ, ਕੱਠਾ ਕਰ ਲਿਆ ਓਸ
ਤੁਰ ਪਏ ਭੈਣੀ ਸਾਹਿਬ ਵਲ, ਸੱਭੋ ਕਰ ਕੁੰਜ ਗੋਸ਼
ਸਤਿਗੁਰੂ ਦੇ ਦੀਦਾਰ ਕਰ, ਲੰਗਰ ਦਿਆਂਗੇ ਪਾ
ਹਰ ਇਕ ਦੇ ਦਿਲ ਵਿੱਚ ਸੀ, ਭਰਿਆ ਇਹ ਉਮਾਹ
ਬਿੱਲੇ ਰਹਿਣ ਨਾ ਦੇਵਣੇ, ਅਸੀਂ ਆਪਣੇ ਦੇਸ਼
ਕੱਢਣਾ ਇਨ੍ਹਾਂ ਖਦੇੜ ਜੋ, ਬੈਠੇ ਮਾਰੀ ਘੇਸ
ਝੱਲਿਆ ਸਾਥੋਂ ਜਾਇ ਨਾ, ਗਾਂਈ ਦਾ ਸੰਤਾਪ
ਕਦੀ ਅਜੇਹਾ ਨਾ ਹੋਇਆ, ਸਾਡੇ ਦੇਸ਼ 'ਚ ਪਾਪ
ਕੱਢ ਇਨ੍ਹਾਂ ਨੂੰ ਅਸਾਂ ਨੇ, ਲੈਣਾ ਅਪਣਾ ਰਾਜ
ਹੁਣ ਰਹਿ ਸਕੀਏ ਅਸੀਂ ਨਾ, ਗ਼ੈਰਾਂ ਦੇ ਮੁਹਤਾਜ
ਗੱਲਾਂ ਸੁਣ ਅਜੇਹੀਆਂ, ਜਰ ਨਾ ਸਕੇ ਗ਼ਦਾਰ
ਠਾਣੇ ਖਾਧੀ ਚੁਗਲੀ, ਉਲਟ ਦੇਣ ਸਰਕਾਰ
ਠਾਣੇਦਾਰ ਸੀ ਆਇਆ, ਥਰਾਜ ਵਾਲੇ ਚੱਲ
ਸਿੰਘਾਂ ਦੇ ਕੋਲ ਆਣ ਉਹ, ਮਾਰਨ ਲੱਗਾ ਗੱਲ
ਨਾਲ ਓਸ ਦੇ ਰਲ ਗਏ, ਸੋਢੀ ਤੇ ਸਰਦਾਰ
ਜਿਨ੍ਹਾਂ ਦੇ ਦਿਲ ਵਿਚ ਭਰੀ, ਕੂਕਿਆਂ ਦੇ ਲਈ ਖ਼ਾਰ
ਠਾਣੇਦਾਰ ਨੇ ਕੀਤੀਆਂ, ਗੱਲਾਂ ਜਦ ਵੱਧ ਘੱਟ
ਸੁਣ ਕੇ ਜਰ ਨਾ ਸੱਕਿਆ, ਇਹ ਸਿੰਘਾਂ ਦਾ ਕੱਠ
ਆਂਹਦਾ ਸਿਖ ਨਾ ਹੋ ਤੁਸੀਂ, ਪੱਕੇ ਮੁਸਲਮਾਨ
ਗੁਰੂ ਤੁਹਾਡਾ ਦੱਸਦਾ, ਆਇਤ ਇਕ ਕੁਰਾਨ
ਠਾਣੇਦਾਰ[126] ਸੀ ਤੁਰਕ ਓਹ, ਨੀਚ ਮਹਾਂ ਚੰਡਾਲ
ਗੱਲਾਂ ਸੁਣ ਕੇ ਉਸਦੀਆਂ, ਸਿੰਘ ਹੋਏ ਬੇਹਾਲ
ਘੋੜੀਓਂ ਥੱਲੇ ਲਾਹ ਕੇ, ਕੀਤੀ ਗੁੱਝੀ ਮਾਰ

[126] ਡਿਪਟੀ ਇੰਸਪੈਕਟਰ ਦੀਵਾਨ ਬਖਸ਼।

ਨਾਲੇ ਖੋਹ ਲਈ ਓਸਦੀ, ਗਾਤ੍ਰਿਓਂ ਤਲਵਾਰ
ਭੱਜਾ ਜਾਨ ਬਚਾਇਕੇ, ਲੁਕਿਆ ਅੰਦਰ ਜਾ
ਘੱਗਰੀ ਪਾਕੇ ਨਸਿਆ ਡਰਦਾ ਭੇਸ ਵਟਾ
ਠਾਣੇ ਆ ਕੇ ਓਸ ਨੇ, ਕੀਤੀ ਇਹ ਇਤਲਾਹ
ਬਾਗ਼ੀ ਕੂਕੇ ਹੋ ਗਏ, ਮੰਨਦੇ ਨਹੀਂ ਪਨਾਹ
ਜੇ ਨਾ ਹੁਣ ਸਰਕਾਰ ਨੇ, ਕੀਤਾ ਕੁਝ ਇੰਤਜ਼ਾਮ
ਰਲ ਜਾਣਗੇ ਉਨ੍ਹਾਂ ਨਾਲ, ਬਾਕੀ ਲੋਕ ਤਮਾਮ
ਉਲਟਾ ਦੇਣ ਪੰਜਾਬ ਚੋਂ, ਇਹ ਅੰਗ੍ਰੇਜ਼ੀ ਰਾਜ
ਚੰਗਾ ਹੈ ਜੇ ਅੱਜ ਹੀ, ਇਨ੍ਹਾਂ ਪਾਈਏ ਭਾਜ
ਚੜ੍ਹ ਪਏ ਦੋ ਅੰਗ੍ਰੇਜ਼[127] ਝਬ, ਨਾਲ ਪੁਲਿਸ ਦੀ ਧਾੜ
ਕੱਠੀ ਕਰ ਲਈ ਹੋਰ ਵੀ, ਪਿੰਡਾਂ ਵਿਚੋਂ ਵਾਹਰ
ਅੱਗੇ ਲਾਏ ਓਹ ਸਭ, ਪਿਛੇ ਪੁਲਸੀ ਧਾੜ
ਪਿਛੇ ਸਨ ਅੰਗ੍ਰੇਜ਼ ਜੋ, ਘੋੜ ਚੜ੍ਹੇ ਅਸਵਾਰ
ਸਿੰਘ ਨਿਰੱਥੇ ਸਨ ਓਹ, ਜਪਣ ਗੁਰੂ ਦਾ ਨਾਮ
ਮਾਲਾ ਬਾਝ ਨਾ ਉਨ੍ਹਾਂ ਕੋਲ, ਸੋਟੀ ਸੋਟਾ ਆਮ
ਮਸਤਾਨ ਸਿੰਘ ਸੀ ਉਨ੍ਹਾਂ ਦਾ, ਵੱਡਾ ਜੱਥੇਦਾਰ
ਕਰਦੇ ਸਾਰੇ ਸਿੰਘ ਸੀ, ਓਨ੍ਹਾਂ ਦਾ ਸਤਿਕਾਰ
ਸੋਢੀ ਮਾਨ ਸਿੰਘ ਇਕ, ਏਥੋਂ ਦਾ ਵਸਨੀਕ
ਸਿੰਘਾਂ ਨੂੰ ਪਕੜਾਨ ਦਾ, ਕੰਮ ਕੀਤਾ ਜਿਸ ਠੀਕ
ਹੱਥ ਨਾ ਚੁੱਕਿਆ ਕਿਸੇ ਨੇ, ਹੋ ਗਏ ਸਭ ਗ੍ਰਿਫ਼ਤਾਰ
ਚੁਤਾਲੀ ਲਿਆਂਦੇ ਫੜ੍ਹ ਓਹ, ਪੁਰ ਫੀਰੋਜ਼ ਵਿਚਕਾਰ
ਨਾਟਕ ਖੇਡ ਅਦਾਲਤੀ, ਬਗ਼ਾਵਤ ਦਾ ਇਲਜ਼ਾਮ
ਅੱਠ[128] ਕੁ ਕੀਤੇ ਕੈਦ ਫੜ੍ਹ, ਬਾਕੀ ਛੱਡੇ ਆਮ

---

[127] ਜ਼ਿਲਾ ਫੀਰੋਜ਼ਪੁਰ ਪੁਲਿਸ ਮੁੱਖੀ ਮਿ. ਟਰਟਨ ਸਮਿੱਥ ਅਤੇ ਸਹਾਇਕ ਕਮਿਸ਼ਨਰ ਮਿ. ਵਾਕਫੀਲਡ।

[128] ਫੀਰੋਜ਼ਪੁਰ ਦੇ ਡੀ.ਸੀ. ਨੌਕਸ ਨੇ ਪਕੜੇ ਗਏ 44 ਸਿੰਘਾਂ ਵਿਚੋਂ 38 ਨੂੰ ਤਾੜਨਾ ਕਰਕੇ ਛੱਡ ਦਿੱਤਾ। ਹੇਠਲੇ ਛਿਆਂ ਨੂੰ ਨਿਮਨਲਿਖਿਤ ਸਜ਼ਾਵਾਂ ਸੁਣਾਈਆਂ:-

1 ਬਲੀ ਸਿੰਘ ਪਿੰਡ ਥਰਾਜਵਾਲਾ- ਦਸ ਰੁਪੈ ਜੁਰਮਾਨਾ ਜਾਂ ਨਾ ਭਰਨ ਤੇ ਤਿੰਨ ਮਹੀਨੇ ਦੀ ਕੈਦ।
2 ਸਰਮੁਖ ਸਿੰਘ ਪਿੰਡ ਭੋਏਵਾਲੀ- ਦਸ ਰੁਪੈ ਜੁਰਮਾਨਾ ਜਾਂ ਨਾ ਭਰਨ ਤੇ ਤਿੰਨ ਮਹੀਨੇ ਦੀ ਕੈਦ।
3 ਬਚਿੱਤਰ ਸਿੰਘ ਕੁਰਾਈ ਵਾਲਾ – ਛੇ ਮਹੀਨੇ ਦੀ ਕੈਦ।

ਸਮੁੰਦ ਸਿੰਘ ਅਣੋਖ ਸਿੰਘ, ਬਚਿੱਤ੍ਰ ਸਿੰਘ ਹਰਿਨਾਮ
ਤਿੰਨ ਸੀ ਸਕੇ ਭਰਾ ਓਹ, ਕੁਰਾਈ ਵਾਲੇ ਦੇ ਜਾਨ
ਦੋ ਦੋ ਸਾਲ ਦੀ ਕੈਦ ਕਰ, ਇਹ ਸਭ ਦਿਤੇ ਡੱਕ
ਪੰਜ ਛੇ ਨਾਲ ਹੋਰ ਵੀ, ਕੈਦ ਕਰੇ ਵਿਚ ਸ਼ੱਕ
ਪੰਜ ਮਣ ਚਾਂਦੀ ਪੰਜ ਸੇਰ, ਸੋਨਾ ਪੰਜ ਹਜ਼ਾਰ
ਨਗਦੀ ਕਾਬੂ ਕਰ ਲਈ, ਖੋਹ ਸਾਰੀ ਸਰਕਾਰ
ਕੀਤਾ ਸੋਢੀ ਮਾਨ ਸਿੰਘ, ਆਨਰੇਰੀ ਮਜਿਸਟ੍ਰੇਟ
ਦਿੱਤਾ ਓਸ ਮੁਰਾਤਬਾ, ਸੇਵਾ ਬਦਲੇ ਭੇਟ
ਭਾਵੇਂ ਲਗ ਗਿਆ ਪਤਾ ਸੀ, ਅੰਗ੍ਰੇਜ਼ੀ ਸਰਕਾਰ
ਭੋਰਾ ਨਾ ਇਸ ਕੇਸ ਵਿਚ, ਸਚਿਆਈ ਦੀ ਕਾਰ
ਫਿਰ ਵੀ ਮਾਲ ਜੋ ਲੁੱਟਿਆ, ਨਾ ਦਿਤਾ ਪ੍ਰਤਾਇ
ਖ਼ਜ਼ਾਨੇ ਦੇ ਵਿਚ ਪਾ ਲਿਆ, ਬਗ਼ਾਵਤ ਜ਼ੁੰਮੇਂ ਲਾਇ
ਬਿਕ੍ਰਮ ਸਿੰਘ ਤੇ ਉਤਮ ਸਿੰਘ, ਰੁਪਾਣੇ ਦੇ ਸਰਦਾਰ
ਓਨ੍ਹਾਂ ਦੇ ਸਨ ਪਿਤਾ ਜੀ, ਪਿੰਡ ਦੇ ਨੰਬਰਦਾਰ
ਗੱਡਾ ਭਰ ਸਾਮਾਨ ਦਾ, ਅਗਨੀ ਕੀਤਾ ਭੇਟ
ਆਪ ਭੈਣੀ ਵਿਚ ਆਣਕੇ, ਲਈ ਗੁਰੂ ਦੀ ਟੇਕ
ਇਸ ਗੁਨਾਹ ਵਿਚ ਉਨਾਂ ਦੀ, ਖੁੱਸੀ ਨੰਬਰਦਾਰ
ਨਾਲੇ ਡੱਕੇ ਜੇਹਲ ਵਿਚ, ਫੜ੍ਹਕੇ ਓਹ ਸਰਕਾਰ
ਇੰਞ ਬਗ਼ਾਵਤ ਏਸਦਾ, ਕੀਤਾ ਸੀ ਇਨਸਾਫ਼
ਦੱਸੋ ਫਿਰ ਅੰਗ੍ਰੇਜ਼ ਤੋਂ, ਬਾਕੀ ਕੀ ਸੀ ਆਸ ?

**********************

4 ਹਰਨਾਮ ਸਿੰਘ ਪਿੰਡ ਔਲਖ- ਇਕ ਸਾਲ ਦੀ ਸਖ਼ਤ ਕੈਦ, ਪੱਚੀ ਰੁਪੈ ਜੁਰਮਾਨਾ ਜਾਂ ਤਿੰਨ ਮਹੀਨੇ ਦੀ ਹੋਰ ਕੈਦ।
5 ਮੰਨਾ ਸਿੰਘ ਪਿੰਡ ਚੰਨੂ- ਇੱਕ ਸਾਲ ਦੀ ਸਖ਼ਤ ਕੈਦ ਅਤੇ ਪੱਚੀ ਰੁਪੈ ਜਾਂ ਤਿੰਨ ਮਹੀਨੇ ਦੀ ਹੋਰ ਕੈਦ।
6 ਮਸਤਾਨਾ ਸਿੰਘ ਥਰਾਜਵਾਲਾ (ਸਮੁੰਦ ਸਿੰਘ)- ਡੇਢ ਸਾਲ ਦੀ ਸਖ਼ਤ ਕੈਦ ਅਤੇ ਪੰਜਾਹ ਰੁਪੈ ਜੁਰਮਾਨਾ ਜਾਂ ਛੇ ਮਹੀਨੇ ਦੀ ਹੋਰ ਕੈਦ।
ਕਿਸੇ ਗਹਿਰੀ ਚਾਲ ਹੇਠ ਸਰਕਾਰ ਨੇ ਇਹਨਾਂ ਸਿੰਘਾਂ ਦੇ ਇਸ ਬਗ਼ਾਵਤੀ ਆਚਰਣ ਨੂੰ ਸਧਾਰਨ ਘਟਨਾ ਬਣਾ ਕੇ ਹੀ ਪੇਸ਼ ਕੀਤਾ ਸੀ।

(25)
# ਅੰਮ੍ਰਿਤਸਰ ਬੁੱਚੜ-ਬਧ

ਸਤਿਗੁਰ ਰਾਮਦਾਸ ਦੇ, ਪਾਵਨ ਨਿਜ ਅਸਥਾਨ
ਘੰਟਾ ਘਰ ਦੇ ਕੋਲ ਸੀ, ਅੰਮ੍ਰਿਤਸਰ ਮੈਦਾਨ
ਸਿੰਘਾਂ ਪਾਸੋਂ ਖੋਹ ਕੇ, ਅੰਗ੍ਰੇਜ਼ਾਂ ਨੇ ਰਾਜ
ਕਾਬੂ ਆਪਣੇ ਕਰ ਲਿਆ, ਸਾਰਾ ਸਾਜ ਸਮਾਜ
ਖੋਹ ਕੇ ਸਭ ਹਥਿਆਰ ਤੇ, ਲੋਕ ਕਰੇ ਮਜ਼ਬੂਰ
ਅੱਗੋਂ ਕੁਸਕੇ ਜੇ ਕੁਈ, ਵੱਢਣ ਪੈਂਦੇ ਪੂਰ
ਕਰੇ ਨਿਹੱਥੇ ਗੱਭਰੂ, ਕਾਬੂ ਕਰੀ ਪੰਜਾਬ
ਗ਼ੈਰਤ ਦਿਤੀ ਮੇਟ ਤੇ, ਇੱਜ਼ਤ ਕਰੀ ਖ਼ਰਾਬ
ਭੁੱਲ ਆਜ਼ਾਦੀ ਲੱਗ ਗਏ, ਝੁਕ ਕੇ ਕਰਨ ਸਲਾਮ
ਹੋਏ ਸਭ ਪੰਜਾਬ ਦੇ, ਅਸਲੋਂ ਲੋਕ ਗ਼ੁਲਾਮ
ਹਿੰਦੁਸਤਾਨੀ ਅਣਖ ਨੂੰ, ਗੋਰੇ ਕਰਨ ਚੈਲੰਜ
ਦਸ ਦੇ ਪਏ ਵੰਗਾਰਕੇ, ਰਾਜ ਕਰੀ ਦਾ ਅੰਜ
ਸਤਵੰਜੇ ਦੇ ਗ਼ਦਰ ਤੋਂ, ਪਿਛੋਂ ਕਰ ਕਤਲਾਮ
ਛੱਡਿਆ ਕੋਈ ਨਾ ਸੂਰਮਾ, ਅੱਗੋਂ ਕਰੇ ਕਲਾਮ
ਸਤਿਗੁਰੂ ਸੋਢੀ ਪਾਤਸ਼ਾਹ, ਗੁਰੂ ਗ੍ਰੀਬ ਨਿਵਾਜ
ਰਾਮਦਾਸ ਅਰਜਨ ਗੁਰੂ, ਹਰਿਗੋਬਿੰਦ ਮਹਾਰਾਜ
ਅੰਮ੍ਰਿਤ ਤਾਲ ਖੁਦਾਇਆ, ਭਰਿਆ ਆਬਿਹਯਾਤ
'ਪਾਪ ਕਮਾਤੇ' ਉਤਰਦੇ, ਦਿਲ ਵਿਚ ਪੈਂਦੀ ਸ਼ਾਂਤ
ਹੁੰਦਾ ਸੁੱਧ ਸ੍ਰੀਰ ਹੈ, ਜਲ ਪਵਿੱਤਰ ਨਾਲ
ਬਾਣੀ ਠਾਰੇ ਆਤਮਾ, ਧੋਵੇ ਨਾਮ ਜੰਗਾਲ
ਪਾਤਸ਼ਾਹੀ ਦਾ ਸਾਜਿਆ, ਅਕਾਲ ਬੁੰਗਾ ਦਰਬਾਰ
ਮੁਕਤੀ ਭੁਕਤੀ ਦੀ ਰਚੀ, ਸੱਚੀ ਸੀ ਸਰਕਾਰ
ਦਏ ਤਸੀਹੇ ਸਨ ਗੁਰੂ, ਪੰਚਮ ਨੂੰ ਜਹਾਂਗੀਰ
ਵੇਖ ਜਿਨ੍ਹਾਂ ਡਰ ਕੰਬਿਆ, ਸਾਬਰ ਮੀਆਂ ਮੀਰ
ਜਰਦੇ ਸ਼ਾਂਤੀ ਨਾਲ ਸਨ, ਸੱਭੇ ਸ੍ਰੀ ਗੁਰੂ ਦੇਵ

ਪੁੱਛਿਆ ਹਾਲ ਫ਼ਕੀਰ ਜਦ, ਬੋਲੇ ਅਰਜਨ ਦੇਵ
ਰਾਜੀ ਵਿਚ ਰਜ਼ਾ ਦੇ, ਰਹੀਏ ਮੇਰੇ ਵੀਰ
ਮਿੱਠਾ ਕਰਕੇ ਮੰਨੀਏਂ, ਭਾਣਾ ਮੀਆਂ ਮੀਰ
ਦੁੱਖ ਦੁਨੀ ਦੇ ਕਿਸੇ ਵੀ, ਕਰੇ ਨਾ ਗੁਰ ਅਧੀਰ
ਕੱਚੇ ਚੰਮ ਮੜ੍ਹਾ ਦਿਓ, ਕਿਹਾ ਜਦੋਂ ਜਹਾਂਗੀਰ
ਤਿਆਗੇ ਸ੍ਰੀ ਗੁਰੂ ਦੇਵ ਨੇ, ਕੂੰਜ ਦੇ ਵਾਂਗ ਪ੍ਰਾਨ
ਸਿਰ ਦਿੱਤਾ ਸੀ ਨਾ ਕਰੀ, ਪਰ ਨਾ ਛੱਡੀ ਆਨ
ਗਊ ਗ੍ਰੀਬ ਦੀ ਰੱਖਿਆ, ਲਈ ਗੁਰੂ ਕਰਤਾਰ
ਮਾਣਸ ਮੂਰਤ ਧਾਰ ਕੇ, ਆਏ ਵਿਚ ਸੰਸਾਰ
ਸਤਿਗੁਰੂ ਦਸਵੇਂ ਪਾਤਸ਼ਾਹ, ਗੋਬਿੰਦ ਸਿੰਘ ਮਹਾਰਾਜ
ਆਪਣੀ ਬਾਣੀ ਵਿਚ ਹੈ, ਕਰੀ ਬੁਲੰਦ ਆਵਾਜ਼
ਓਨ੍ਹਾਂ ਦੇ ਦਰਬਾਰ ਕੋਲ, ਵਿਚ ਮੈਦਾਨ ਦੇ ਹਾਇ !
ਗ਼ੈਰਤ ਮੇਟਣ ਕੌਮ ਦੀ, ਬੁੱਚੜਖ਼ਾਨੇ ਲਾਇ
ਸੌਹੇਂ ਸ੍ਰੀ ਦਰਬਾਰ ਦੇ, ਘੰਟਾ ਘਰ ਦੇ ਪਾਸ
ਹੱਟੀ ਲਾਈ ਗੋਰਿਆਂ, ਵੇਚਣ ਮੋਟਾ ਮਾਸ
ਹਿੰਦੂ ਸਿੱਖਾਂ ਰਲ ਮਿਲ, ਕੀਤੀ ਕੂਕ ਪੁਕਾਰ
ਪਰ ਸੁਣੀ ਨਾ ਗ਼ੌਰ ਕਰ, ਅੰਗ੍ਰੇਜ਼ੀ ਸਰਕਾਰ
ਕੀਤੇ ਕਈ ਮੁਕੱਦਮੇ, ਰਲਕੇ ਹਿੰਦੂ ਸਿਖ
ਗੋਰਿਆਂ ਕਰੀ ਪ੍ਰਵਾਹ ਨਾ, ਖਾਰਜ ਕੀਤੇ ਲਿਖ
ਕਈ ਬਹਾਨੇ ਲਾ ਕੇ, ਅੰਗ੍ਰੇਜ਼ੀ ਸਰਕਾਰ
ਗਊ ਘਾਤੀ ਜਿਤਾ ਦਏ, ਹੋਰ ਬਹਾਏ ਹਾਰ
ਬੋਟੀਆਂ ਛਿਛਰੇ ਮਾਸ ਦੇ, ਕਾਂ ਇੱਲਾਂ ਚੁਕ-ਚੁਕ
ਸੁਟਦੇ ਵਿਚ ਦਰਬਾਰ ਦੇ, ਹੂੰਝਣ ਸਿਖ ਭਰ ਬੁਕ
ਪਰ ਨਾ ਕਰਕੇ ਹੌਂਸਲਾ, ਕਹੇ ਕੋਈ ਸਰਦਾਰ
ਏਥੇ ਲਾਓ ਦੁਕਾਨ ਨਾ, ਸੁਣ ਗੋਰੀ ਸਰਕਾਰ
ਵੱਡਾ ਪਿੰਡ ਪੰਜਾਬ ਦਾ, ਕਸਬਾ ਕੀ ਤੇ ਸ਼ਹਿਰ
ਰਿਹਾ ਨਾ ਬੁੱਚੜਖਾਨਿਓਂ, ਹੋਇ ਨਾ ਜਿਥੇ ਕਹਿਰ
ਹਲ ਚਲਾਣ ਦੇ ਵਾਸਤੇ, ਮਿਲਣੋਂ ਰਹਿ ਗਏ ਬੈਲ
ਝੋਟੇ ਜੋੜਨ ਦੇ ਲਈ, ਜੱਟ ਹੋ ਗਏ ਕੈਲ

ਅਜ ਤਕ ਸੰਢੇ ਚਲ ਰਹੇ, ਮਾਝੇ ਦੇ ਵਿਚਕਾਰ
ਗਊਆਂ ਮਾਰਨ ਦਾ ਜਦੋਂ, ਹੋਇਆ ਤੇਜ ਵਾਪਾਰ
ਸੀ ਬੁੱਚੜਾਂ ਦਾ ਹੌਂਸਲਾ, ਵਧਿਆ ਬਹੁਤ ਬਲੰਦ
ਛਾਬੜੀਆਂ ਭਰ ਸ਼ਹਿਰ ਵਿਚ, ਵੇਚਣ ਲਗੇ ਗੰਦ
ਵਿਚ ਮਹੱਲੇ ਹਿੰਦੂਆਂ, ਹੋਕੇ ਦੇ ਦੇ ਖਾਸ
ਉੱਚੀ ਉੱਚੀ ਭੌਂਕਦੇ, ਲੈ ਲਓ ਮੋਟਾ ਮਾਸ
ਪਰਕ੍ਰਮਾ ਵਿਚ ਗਊ ਹੱਡ, ਸੁੱਟਿਆ ਇੱਲਾਂ ਕਾਂ
ਇਕ ਸਿੱਖ ਨੇ ਰਖਿਆ, ਵਿਚ ਦਰਬਾਰੇ ਜਾ
ਰੋਇਆ ਕਲਪਿਆ ਪੁੱਜ ਓਹ, ਕੀਤੀ ਕੂਕ ਪੁਕਾਰ
ਚੁਗਲਾਂ ਦਿਤੀ ਖਬਰ ਜਾ, ਇਹ ਗੋਰੀ ਸਰਕਾਰ
ਦੱਸਕੇ ਪਤਾ ਗਰੀਬ ਦਾ, ਸਜ਼ਾ ਦਈ ਕਰਵਾ
ਸਰਦਾਰਾਂ ਇਹ ਧਰਮ ਦੀ, ਕੀਮਤ ਦਈ ਪਵਾ
ਸੱਤ ਸਾਲ[129] ਵਿਚ ਠੋਕਿਆ, ਸਖ਼ਤ ਕੈਦ ਕਰ ਓਸ
ਲੋਕਾਂ ਨੂੰ ਭੜਕਾਣ ਦਾ, ਜ਼ੁੰਮੇ ਲਾਕੇ ਦੋਸ਼
ਚਾੜ੍ਹੇ ਸਿਰ ਅੰਗ੍ਰੇਜ਼ ਇਉਂ, ਫਿਟੇ ਹੋਏ ਕੂਰ
ਗ਼ੈਰਤ ਹਿੰਦੂ ਸਿਖ ਦੀ, ਰੋਲੀ ਫੜ੍ਹ ਵਿਚ ਧੂਰ
ਵੇਚਣ ਵਿਚ ਮਹੱਲਿਆਂ, ਛਾਬੇ ਭਰ ਗਾਂ ਮਾਸ
ਗੋਰਿਆਂ ਦੇ ਇਨਸਾਫ ਦੀ, ਦੂਰ ਹੋਈ ਸਭ ਆਸ
ਮੁਸਲਮਾਨਾਂ ਦੇ ਪੱਖ ਵਿਚ, ਅੰਗ੍ਰੇਜ਼ੀ ਸਰਕਾਰ
ਦਿਨੋ ਦਿਨ ਸੀ ਵਧ ਰਿਹਾ, ਅੰਮ੍ਰਿਤਸਰ ਤਕਰਾਰ
ਚੱਲੀ ਪੇਸ਼ ਨਾ ਹੋਰ ਜਦ, ਮੁਸਲਮਾਨ ਦਏ ਛੇਕ
ਲੈਣ ਦੇਣ ਸਭ ਛੱਡਿਆ, ਤਦ ਲਗਾ ਸੀ ਸੇਕ
ਸੱਦ ਲਏ ਸੀ ਗੋਰਿਆਂ, ਹਿੰਦੂ ਸਿਖ ਸਰਦਾਰ
ਕਹਿੰਦੇ ਕੀਤਾ ਕੀ ਤੁਸੀਂ, ਸਮਝੇਗੀ ਸਰਕਾਰ
ਧਮਕੀ ਸੁਣਕੇ ਬਹਿ ਗਏ, ਜਿਉਂ ਪਾਣੀ ਦੀ ਝੱਗ

[129]ਉਹ ਸੱਜਣ ਭਾਈ ਦੇਵਾ ਸਿੰਘ ਬਾਬਾ ਵੀਰ ਸਿੰਘ ਨੌਰੰਗਾਬਦੀਏ ਦਾ ਚੇਲਾ ਸੀ। ਦਰਬਾਰ ਸਾਹਿਬ ਦੇ ਤਦੋਕੇ ਸਰਬਰਾਹ ਸ੍ਰ. ਮੰਗਲ ਸਿੰਘ ਰਾਮਗੜੀਆ ਦੀ ਸ਼ਕਾਇਤ ਤੇ ਦੇਵਾ ਸਿੰਘ ਨੂੰ 15 ਮਈ 1871 ਨੂੰ ਤਿੰਨ ਸਾਲ ਸਖ਼ਤ ਕੈਦ ਅਤੇ ਇਕ ਮਹੀਨਾ ਕੋਠੀ ਬੰਦ ਕੈਦ ਸੁਣਾਈ ਗਈ ਸੀ। (ਨਾਮਧਾਰੀ ਇਤਿਹਾਸ, ਨਾਹਰ ਸਿੰਘ ਐਮ.ਏ., ਛਾਪ ਦੂਜੀ, ਸਫਾ 143)

ਮੰਨ ਲਿਆ ਜੋ ਆਖਿਆ, ਗੋਰਿਆਂ ਨੇ ਲਗ ਪਗ
ਬੁੱਚੜ ਮਾਰਨ ਲੱਗ ਗਏ, ਗਾਂਈ ਸਰੇ ਬਾਜ਼ਾਰ
ਲੋਕੀ ਹੋ ਬੇ-ਹੌਂਸਲਾ, ਬੈਠ ਗਏ ਚੁੱਪ ਧਾਰ
ਚਾਰਾ ਕੋਈ ਨਾ ਚੱਲਿਆ, ਕੋਈ ਨਾ ਚੱਲੀ ਪੇਸ਼
ਉੱਤਰੇ ਵਿਚ ਮੈਦਾਨ ਦੇ, ਨਾਮਧਾਰੀ ਦਰਵੇਸ਼
ਭਗਵਾਨ ਸਿੰਘ ਮਰ੍ਹਾਣਿਓਂ, ਅੜਬੰਗੀ ਸੀ ਅੱਲ
ਸੂਰਾ ਪੂਰਾ ਬਚਨ ਦਾ, ਵਾਧੂ ਕਰੇ ਨਾ ਗੱਲ
ਅੰਮ੍ਰਿਤਸਰ ਦੇ ਵਿੱਚ ਸੀ, ਲਹਿਣਾ ਸਿੰਘ ਸਰਦਾਰ
ਰਾਮਗੜ੍ਹੀਆਂ ਦੀ ਕੁਲ ਵਿਚ, ਉੱਘਾ ਜਿਵੇਂ ਮੀਨਾਰ
ਬਾਹਰੋਂ ਕੂਕੇ ਆਣ ਕੇ, ਇਸ ਦੇ ਘਰ ਵਿਚਕਾਰ
ਰਹਿੰਦੇ ਅਪਣੇ ਘਰ ਜਿਵੇਂ, ਦੂਈ ਦਿਲੋਂ ਵਿਸਾਰ
ਲਹਿਣਾ ਸਿੰਘ ਤੇ ਮਿਹਰ ਸਿੰਘ, ਪ੍ਰੀਤ ਨਗਰ ਕੋਲ
'ਲੋਪੋਕੀ' ਪੈਦਾ ਕਰੇ, 'ਆਲਿਮ' ਜਿਸ ਅਮੋਲ
ਬੀਹਲਾ ਸਿੰਘ ਜੀ ਨਾਰਲੀ, ਹਾਕਮ ਸਿੰਘ ਪਟਵਾਰ
ਵੱਸੇ ਮੌੜਿਆਂ ਵਿਚ ਓਹ, ਕਰੇ ਧਰਮ ਦੀ ਕਾਰ
ਠੱਟਾ ਪਿੰਡ ਪ੍ਰਸਿੱਧ ਹੈ, ਜਿਥੋਂ ਲਹਿਣਾ ਸਿੰਘ[130]
ਜਿਸ ਨੇ ਫੜ ਕਸਾਈਆਂ, ਦੇ ਕੱਢੇ ਵਲ ਵਿੰਗ
ਲਛਮਣ ਸਿੰਘ ਜੀ ਆ ਗਏ, ਪਿੰਡ ਜਿਨ੍ਹਾਂ ਦਾ ਚਾਹਲ
ਜਿਨ੍ਹਾਂ ਦੇ ਦਿਲ ਵਿਚ ਸੀ, ਮਰਨ ਮਾਰਣ ਦੀ ਕਾਹਲ
ਸਾਰੇ ਕੱਠੇ ਆ ਹੋਏ, ਲਹਿਣਾ ਸਿੰਘ ਜੀ ਪਾਸ

[130]ਲਹਿਣਾ ਸਿੰਘ ਪਿੰਡ ਠੱਟਾ ਜ਼ਿਲ੍ਹਾ ਅੰਮ੍ਰਿਤਸਰ ਦਾ ਨਹੀਂ, ਇਸ ਪਿੰਡ ਦਾ ਬੁੱਚੜ ਵੱਧ ਵਿਚ ਸ਼ਾਮਲ ਸਿੰਘ ਝੰਡਾ ਸਿੰਘ ਸੀ। ਇਸ ਸਾਕੇ ਵਿਚ ਤਿੰਨ ਲਹਿਣਾ ਸਿੰਘ ਸ਼ਮਲ ਸਨ। ਲੋਪੋਕਿਆਂ ਦਾ ਲਹਿਣਾ ਸਿੰਘ ਜ਼ਿੰਮੀਂਦਾਰ ਸੀ। ਅੰਮ੍ਰਿਤਸਰ ਸ਼ਹਿਰ ਦੇ ਵੀ ਦੋ ਲਹਿਣਾ ਸਿੰਘ, ਇਹ ਦੋਵੇਂ ਕਾਰੀਗਰ ਸਨ। ਇੱਕ ਲਹਿਣਾ ਸਿੰਘ ਪੁੱਤਰ ਮੁਸੱਦਾ ਸਿੰਘ ਅਤੇ ਦੂਸਰਾ ਲਹਿਣਾ ਸਿੰਘ ਪੁੱਤਰ ਬੁਲਾਕਾ ਸਿੰਘ। ਅੰਮ੍ਰਿਤਸਰ ਦੀ ਨਾਮਧਾਰੀ ਸੰਗਤ ਦਾ ਮੁੱਖੀ ਲਹਿਣਾ ਸਿੰਘ ਮਗਰਲਾ ਸੀ। ਲਛਮਣ ਸਿੰਘ ਦਾ ਪਿੰਡ ਚਾਹਲ ਅਤੇ (ਬਾਕੀ ਅਗਲੇ ਸਫੇ ਤੇ) (ਪਿੱਛੇ ਤੋਂ ਅਗੇ) ਸਿਪਾਹੀ ਲਾਲ ਸਿੰਘ ਭਾਲੋਵਾਲ ਦੋਵੇਂ ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਸਨ। ਮੇਹਰ ਸਿੰਘ ਲੋਪੋਕੀ, ਬੀਹਲਾ ਸਿੰਘ ਨਾਰਲੀ, ਹਾਕਮ ਸਿੰਘ ਪਟਵਾਰੀ ਮੌੜੇ, ਭਗਵਾਨ ਸਿੰਘ ਅੜਬੰਗੀ ਮਰਹਾਣਾ ਅਤੇ ਫਤੇਹ ਸਿੰਘ ਭਾਟੜਾ ਜਾਂ ਭਾਟੀਆ ਦੁਕਾਨਦਾਰ, ਸ਼ਹਿਰ ਅੰਮ੍ਰਿਤਸਰ ਇਹ ਸਾਰੇ ਸਿੰਘ ਇਸ ਸਾਕੇ ਵਿਚ ਸ਼ਾਮਲ ਸਨ।

ਲੱਗੇ ਸੋਧਣ ਗੁਰਮਤਾ, ਜੀਵਣ ਦੀ ਛੱਡ ਆਸ
ਅੰਮ੍ਰਿਤ ਵੇਲੇ ਅੰਮ੍ਰਿਤਸਰ, ਕਰ ਸਕੇਸ਼ 'ਸ਼ਨਾਨ
ਦਰਸ਼ਨ ਕਰ ਦਰਬਾਰ ਦੇ, ਚਰਨ ਗੁਰੂ ਧਰ ਧਿਆਨ
ਉੱਨੀ ਸੱਤ ਇੱਕ ਬਿਕ੍ਰਮੀ, ਪੂਰਨਮਾਂ ਸੰਗ੍ਰਾਂਦ[131]
ਹਾੜ ਮਹੀਨਾ ਆਇਆ, ਸਦਾ ਰਹਿਣ ਲਈ ਯਾਦ
ਪੁਲਿਸ ਲੈਨ ਦੇ ਵਿਚ ਸਨ, ਲਾਲ ਸਿੰਘ ਸਰਦਾਰ
ਓਹ ਤਲਵਾਰਾਂ ਲੈ ਆਏ, ਚੋਰੀ ਕਰ ਸਰਕਾਰ
ਜ਼ਫਰਨਾਮਹ ਵਿਚ ਲਿਖਿਆ, ਸਤਿਗੁਰੂ ਸ੍ਰੀ ਦਸਮੇਸ਼
ਕੀਤੀ ਓਨ੍ਹਾਂ ਪਾਲਣਾਂ, ਗੁਰੂ ਵਾਕ ਦੀ ਏਸ
"ਚੂੰਕਾਰ ਅਜ਼ ਹਮਹ ਹੀਲਤੇ ਦਰ ਗੁਜ਼ੱਸ਼ਤ
ਹਲਾਲਸਤ ਬੁਰਦਨ ਬ-ਸ਼ਮਸ਼ੀਰ ਦਸਤ"
ਹੀਲਾ ਬਣੇ ਨਾ ਹੋਰ ਜਦ, ਚੱਲੇ ਨਾ ਕੋਈ ਚਾਰ
ਤਦੋਂ ਮੁਨਾਸਬ ਪਕੜਨੀ, ਹੱਥ ਦੇ ਵਿਚ ਤਲਵਾਰ
ਸਿੰਘਾਂ ਦੇ ਦਿਲ ਵਿੱਚ ਸੀ, ਕਾਫੀ ਭਰਿਆ ਰੋਸ
ਹੋਈ ਅੱਧੀ ਰਾਤ ਜਾਂ, ਲੋਕ ਹੋਏ ਮਦਹੋਸ਼
ਬੁੱਚੜਖ਼ਾਨੇ ਦੀ ਕੰਧ ਟੱਪ, ਵੜੇ ਛੜੱਪੇ ਮਾਰ
ਜਾ ਖਲੋਤੇ ਸਿੰਘ ਸਭ, ਵਿਹੜੇ ਦੇ ਵਿਚਕਾਰ
ਹੱਲਾ ਕਰਕੇ ਪੈ ਗਏ, ਅੱਲਾ ਨਾ ਸਕੇ ਆਖ
ਗਾਂਈ ਨਾਲ ਰਲਾ ਧਰੇ, ਮੂੰਹੋਂ ਸਕੇ ਨਾ ਭਾਖ
ਕਰ ਸਫ਼ਾਈ ਕਸਾਈਆਂ, ਗਾਈਆਂ ਰੱਸੇ ਖੋਲ੍ਹ
ਦਏ ਜਹੱਨਮ ਭੇਜ ਓਹ, ਕਰੇ ਬਿਸਤਰੇ ਗੋਲ
ਪਤਾ ਨਾ ਕਿਸੇ ਲੱਗਿਆ, ਲੱਗੀ ਕੋਈ ਨਾ ਸੂਹ
ਨਿਕਲ ਗਏ ਸਿੰਘ ਬਚ ਕੇ, ਅੰਮ੍ਰਿਤਸਰ ਦੀ ਜੂਹ
ਫਿਦਵੀ ਕਮਤ੍ਰੀਨ ਸਭ, ਦਿਨ ਚੜ੍ਹੇ ਆਏ ਚੱਲ
ਕੱਠੇ ਦੇਸ਼ ਗ਼ਦਾਰ ਹੋ, ਮਾਰਨ ਅੱਲ ਪਟੱਲ
ਕਈ ਸ਼ੱਕ ਵਿਚ ਫੜ ਲਏ, ਬੇ-ਦੋਸ਼ੇ ਸਰਕਾਰ

[131] ਉੱਨੀ ਸੌ ਅਠਾਈ ਬਿਕ੍ਰਮੀਂ 2 ਹਾੜ ਮੁਤਾਬਿਕ 14-15 ਜੂਨ 1871 ਦੀ ਅੱਧੀ ਰਾਤ ਤੋਂ ਬਾਅਦ ਸਿੰਘਾਂ ਨੇ ਬੁੱਚੜ ਬੱਧ ਦਾ ਕਾਰਾ ਕੀਤਾ ਸੀ। ਇਹ ਪੁੰਨਿਆਂ ਦੀ ਰਾਤ ਨਹੀਂ, ਹਨੇਰੇ ਪੱਖ ਦੀ ਰਾਤ ਸੀ।

ਅੰਦਰੋਂ ਸਨ ਜੋ ਸੱਖਣੇ, ਗੱਲਾਂ ਕਰਨ ਹਜ਼ਾਰ
ਅੰਮ੍ਰਿਤਸਰ ਦੇ ਸ਼ਹਿਰੀਏ, ਜੋ ਬੰਦੇ ਮਸ਼ਹੂਰ
ਫੜ ਕੁਟਾਪਾ ਚਾੜ੍ਹਿਆ, ਜੋ ਪੁਲਸੀ ਦਸਤੂਰ
ਕਈ ਇਕ ਸੇਠ ਅਮੀਰ ਜੋ, ਕਈ ਹੈਸਨ ਸਰਦਾਰ
ਕਈ ਕੁ ਵਿਚ ਦਸ ਨੰਬਰੀਏ, ਜੋ ਪੁਲਸ ਦੇ ਯਾਰ
ਭਰ ਕੇ ਗੰਦਗੀ ਤੋਬਰੇ, ਮੂੰਹ ਤੇ ਦਿਤੇ ਬੰਨ੍ਹ
ਝੱਲ ਕੁਟਾਪਾ ਨਾ ਸਕੇ, ਲਿਆ ਕਿਹਾ ਜੋ ਮੰਨ
ਵਾਹਦਾ ਮਾਫ਼ ਗਵਾਹ ਕਈ, ਮੁਜਰਿਮ ਤੇ ਕਈ ਕੁਛ
ਜੋ ਪੁਲੀਸ ਸੀ ਚਾਂਹਦੀ, ਮੰਨ ਗਏ ਬੇ ਪੁੱਛ
ਪੱਕੇ ਸਭ ਸਬੂਤ ਕਰ, ਮੁਜ਼ਰਿਮ ਲਏ ਬਣਾ
ਝੂਠੋ ਝੂਠ ਚੁਤਾਲ ਸੌ, ਸਭ ਕੁਝ ਲਿਖ ਸੁਣਾ
ਪਰ ਨਾ ਇਸ ਵਿਚ ਸੱਚ ਦੀ, ਭੋਰਾ ਕੋਈ ਲੇਸ
ਪਰ ਸੀ ਖ਼ੁਸ਼ ਸਰਕਾਰ ਕਿ, ਕੱਢ ਲਿਆ ਹੈ ਕੇਸ
ਮੁੰਤਕਿਲ ਕਰ ਤਕਮੀਲ ਸਭ, ਗੁਆਹਾਂ ਦੇ ਲੈ ਬਿਆਨ
ਸ਼ਿਸ਼ਨ ਜੱਜ ਨੇ ਹੇਠ ਤੋਂ, ਕਰ ਦਿਤਾ ਚਾਲਾਨ
ਨਾਟਕ ਰਚਕੇ ਓਸ ਵੀ, ਦਿਤਾ ਹੁਕਮ ਸੁਣਾ
ਝੱਟ ਪੱਟ ਬਾਰਾਂ ਆਦਮੀ[132], ਫਾਂਸੀ ਦੇਵੋ ਲਾ
ਕਾਲੇ ਪਾਣੀ ਭੇਜਣ ਦਾ, ਕਈਆਂ ਲਈ ਪ੍ਰਬੰਧ
ਕਰ ਦਿਤਾ ਸੀ ਸ਼ਿਸ਼ਨ ਨੇ, ਉਮਰ ਕੈਦ ਕਰ ਬੰਦ
ਤੋੜ ਦਿਤੀ ਅੰਗ੍ਰੇਜ਼ ਨੇ, ਜ਼ੁਲਮ ਕਰਨ ਦੀ ਹੱਦ
ਕਰ ਵਿਖਾਇਆ ਝੂਠ ਨੂੰ, ਸੱਚ ਦੇ ਨਾਲੋਂ ਵੱਧ

---

[132] ਸ਼ੈਸ਼ਨ ਜੱਜ ਨੇ ਇਹਨਾਂ 12 ਕਥਿਤ ਦੋਸ਼ੀਆਂ ਨੂੰ ਫਾਂਸੀ ਦੀ ਸਜ਼ਾ ਅਜੇ ਸੁਣਾਈ ਨਹੀਂ ਸੀ। ਉਸ ਦੇ ਪਾਸ ਕੇਸ ਦੀ ਫਾਈਲ ਮੈਜਿਸਟਰੇਟ ਨੇ ਹੇਠੋਂ ਭੇਜ ਦਿੱਤੀ ਸੀ। ਸੁਣਵਾਈ ਸ਼ੈਸ਼ਨ ਸ਼ੁਰੂ ਕਰਨ ਵਾਲਾ ਸੀ, ਜਦੋਂ ਸਤਿਗੁਰੂ ਜੀ ਦੇ ਹੁਕਮ ਤੇ ਬੀਹਲਾ ਸਿੰਘ ਨਾਰਲੀ ਤੇ ਹੋਰ ਸਿੰਘ ਅਦਾਲਤ ਵਿਚ ਪੇਸ਼ ਹੋ ਕੇ ਆਪਣੇ ਜ਼ੁਰਮ ਦਾ ਇਕਬਾਲ ਕਰਦੇ ਹਨ। ਫਿਰ ਉਹ 12 ਬੇਦੋਸ਼ੇ, ਜੋ ਫਾਂਸੀ ਦੀ ਸਜ਼ਾ ਸੁਣਨ ਵਾਲੇ ਸਨ, ਰਿਹਾ ਕਰ ਦਿੱਤੇ ਗਏ। ਇਹਨਾਂ ਦੇ ਨਾਮ ਸਨ- ਸੰਤ ਰਾਮ, ਰਾਮ ਕਿਸ਼ਨ, ਮੰਨਾ ਸਿੰਘ ਨਿਹੰਗ, ਜੁਆਲਾ ਸਿੰਘ, ਪੰਨਾ ਜੀ, ਮੂਲਾ, ਨਿਹਾਲ ਸਿੰਘ, ਮੱਯਾ, ਸੁੰਦਰ ਸਿੰਘ, ਭੂਪ ਸਿੰਘ, ਟੇਕਾ ਅਤੇ ਸੋਭਾ। ਇਹਨਾਂ ਤੋਂ ਬਿਨਾਂ ਹੀਰਾ ਭਾਟੜਾ, ਅਹੀਆ ਤੇ ਸੇਠ ਜੈ ਰਾਮ ਵਾਅਦਾ ਮੁਆਫ਼ ਅਗਵਾਹ ਬਣਾਏ ਸਨ। ਸਾਰੇ ਨਿਵਾਸੀ ਸ਼ਹਿਰ ਅੰਮ੍ਰਿਤਸਰ ਦੇ ਸਨ। - ਨਾਹਰ ਸਿੰਘ, ਨਾ. ਇ., ਛਾਪ ਦੂਜੀ, 149-50

ਬੇ-ਦੋਸਿਆਂ ਘਰ ਪਿੱਟਣੇ, ਪਾਏ ਇਸ ਫ਼ਰਮਾਨ
ਮਚ ਗਿਆ ਹਾ ਹਾ ਕਾਰ ਤੇ, ਰੋਂਦੇ ਲੋਕ ਤਮਾਮ
ਮੁਸਲਮਾਨ ਸਨ ਖ਼ੁਸ਼, ਤੇ ਬੁੱਚੜ ਸਨ ਖੁਸ਼ਹਾਲ
ਸਫਲ ਹੋਈ ਅੰਗ੍ਰੇਜ਼ ਦੀ, ਫੁੱਟ ਪਾਣ ਦੀ ਚਾਲ
ਅਡੋ ਫਾਟੀ ਕਰ ਦਏ, ਹਿੰਦੂ ਮੁਸਲਮਾਨ
ਅੰਗ੍ਰੇਜ਼ਾਂ ਜਿਹਾ ਹੋਰ ਨਾ, ਦੂਜਾ ਕੋਈ ਸ਼ੈਤਾਨ
ਫ਼ਾਂਸੀ ਦਾ ਸੁਣ ਫੈਸਲਾ, ਬੈਠ ਗਏ ਚੁੱਪ ਧਾਰ
ਪੂੰਝੇ ਕਿਸੇ ਨਾ ਅੱਥਰੂ, ਹਾਅ ਦਾ ਨਾਹਰਾ ਮਾਰ
ਹਿੰਦੂ ਸਿੱਖ ਚੁੱਪ ਕਰ ਗਏ, ਵੇਖ ਗੋਰਿਆਂ ਹਾਲ
ਓਨ੍ਹਾਂ ਨੂੰ ਕੁਝ ਕਿਹਾ ਨਾ, ਆਪ ਵੀ ਰਲ ਗਏ ਨਾਲ
ਰਾਜੇ ਜੋ ਪੰਜਾਬ ਦੇ, ਜਗੀਰਦਾਰ ਸਰਦਾਰ
ਸੰਧਾਵਾਲ ਮਜੀਠੀਏ, ਸਭ ਗੋਰਿਆ ਦੇ ਯਾਰ
ਰਹਿਮ ਲਈ ਨਾ ਆਖਿਆ, ਡੈਪੂਟੇਸ਼ਨ ਭੇਜ
ਨਾਟਕ ਵੇਖ ਅਦਾਲਤੀ, ਰਚਿਆ ਜੋ ਅੰਗ੍ਰੇਜ਼
ਝੂਠੀਆਂ ਘੜ ਕਹਾਣੀਆਂ, ਸੱਚੋ ਸੱਚ ਬਣਾ
ਹੁਕਮ ਸੁਣਾਇਆ ਮੁਜ਼ਰਿਮਾਂ, ਫ਼ਾਂਸੀ ਦੇਵੋ ਲਾ
ਵੇਖ ਜ਼ੁਲਮ ਪਿਆ ਕੰਬਦਾ, ਕੁਦਰਤ ਦਾ ਨਿਜ਼ਾਮ
ਧੌਲ ਧਰਮ ਸੀ ਕੰਬਦਾ, ਕੰਬੇ ਜ਼ਿਮੀਂ 'ਸਮਾਨ
ਅਕਾਲ ਪੁਰਖ ਦੀ ਜੋਤ ਵੀ, ਕੰਬੀ ਭੈਣੀ ਵਿੱਚ
ਦੇਸ਼ ਪਿਆਰ ਦੀ ਜਿਨ੍ਹਾਂ ਨੂੰ, ਹਰਦਮ ਰਹਿੰਦੀ ਖਿੱਚ
ਓਹ ਸਾਰੀ ਸਨ ਜਾਣਦੇ, ਅੰਮ੍ਰਿਤਸਰ ਦੀ ਕਾਰ
ਵਿੰਹਦੇ ਨਾਲ ਧਿਆਨ ਦੇ, ਕੀ ਕਰਦੀ ਸਰਕਾਰ
ਅੰਮ੍ਰਿਤਸਰ ਤੋਂ ਲਹਿੰਦੇ, ਪੰਦਰਾਂ ਸੋਲਾਂ ਕੋਸ
ਭਾਈ ਬੀਹਲਾ ਸਿੰਘ ਜੀ, ਵਸਦੇ ਸੀ ਪਿੰਡ ਓਸ
ਮਾਝੇ ਵਿਚ ਪ੍ਰਸਿਧ ਹੈ, 'ਨਾਰਲੀ ਪਿੰਡ ਸ਼ੁਮਾਰ
ਵੱਸਦੇ ਸੰਧੂ ਏਸ ਵਿਚ, ਜ਼ਿਮੀਂਦਾਰ ਸਰਦਾਰ
ਬੀਹਲਾ ਸਿੰਘ ਤੋਂ ਪੁੱਛਿਆ, ਅੰਮ੍ਰਿਤਸਰ ਦਾ ਹਾਲ
ਆਏ ਦਰਸ਼ਨ ਕਰਨ ਤੇ, ਦੱਸਿਆ ਕੁੱਲ ਹਵਾਲ
ਕੀਤਾ ਕਾਰਾ ਹੈ ਜਿਨ੍ਹਾਂ, ਓਹ ਹਜ਼ੂਰ ਦੇ ਦਾਸ

ਓਨ੍ਹਾਂ ਵਿਚੋਂ ਇੱਕ ਇਹ, ਬੈਠਾ ਤੁਹਾਡੇ ਪਾਸ
ਬੇ-ਦੋਸ਼ੇ ਮਰ ਜਾਣਗੇ, ਕੀਤੇ ਬਿਨਾਂ ਕਸੂਰ
ਫ਼ਾਂਸੀ ਉਨ੍ਹਾਂ ਨੂੰ ਲਾਣਗੇ, ਅੱਜ ਕੱਲ੍ਹ ਵਿਚ ਜ਼ਰੂਰ
ਸੁਣਕੇ ਸਾਰੀ ਵਾਰਤਾ, ਭਰ ਕੇ ਵਿੱਚ ਸਰੂਰ
ਬੀਹਲਾ ਸਿੰਘ ਸੰਬੋਧ ਕਰ, ਬੋਲੇ ਸ੍ਰੀ ਹਜ਼ੂਰ
ਭਾਈ ਬੀਹਲਾ ਸਿੰਘ ਜੀ ਕੀ ਇਹ ਚੰਗੀ ਗੱਲ
ਪੈਲੀ ਬੀਜੀ ਕਿਸੇ ਦੀ, ਹੋਰ ਲਏ ਕੋਈ ਮੱਲ
ਮੁੜ ਕੇ ਲਏ ਨਾ ਸਾਰ ਜੋ, ਖੇਤੀ ਬੀਜ ਕਿਸਾਨ
ਉਸਦੇ ਜਿਹਾ ਜੱਗ ਤੇ, ਲੱਭੇ ਨਹੀਂ ਅੰਜਾਨ
ਜਿਨ੍ਹਾਂ ਬੀਜੀ ਸੀ ਓਹ, ਕਿਉਂ ਨਹੀਂ ਲੈਂਦੇ ਵੱਢ
ਖੜੇ ਤਮਾਸ਼ਾ ਵੇਖਦੇ, ਹੁਣ ਕਿਉਂ ਬੈਠੇ ਅੱਡ
ਪਹਿਲਾਂ ਰਸਤੇ ਏਸ ਤੇ, ਤੁਰਨਾ ਨਹੀਂ ਸੀ ਮੂਲ
ਜੇ ਖਤਰਾ ਸੀ ਚੁਭਣ ਨਾ, ਪੈਰਾਂ ਦੇ ਵਿਚ ਸੂਲ
ਬੇ-ਦੋਸ਼ੇ ਹੋ ਜਾਣਗੇ, ਧਰਮ ਹੇਤ ਕੁਰਬਾਨ
ਕਾਇਰ ਖਲੋਤੇ ਮੌਤ ਨੂੰ, ਵੇਖ ਵੇਖ ਘਬਰਾਨ
ਓਨ੍ਹਾਂ ਪੱਲੇ ਕੀ ਰਿਹਾ, ਦੁਨੀਆਂ ਰਹੀ ਨਾ ਦੀਨ

ਖੇਤੀ ਬੀਜੀ ਜਿਨ੍ਹਾਂ ਦੀ, ਦੂਜੇ ਲੈ ਗਏ ਬੀਨ
ਕੀਤਾ ਕਾਰਾ ਆਪਣਾ, ਜਾ ਕੇ ਕਰੋ ਕਬੂਲ
ਹੱਸ-ਹੱਸ ਲਓ ਸ਼ਹੀਦੀਆਂ, ਜਾਣ ਸੂਲੀ ਨੂੰ ਸੂਲ
ਮਜ਼ਲੂਮਾਂ ਬੇ-ਦੋਸ਼ਿਆਂ, ਨੂੰ ਦੇਵੋ ਛੁਡਵਾ
ਨਹੀਂ ਤੇ ਜ਼ਾਲਮ ਦੇਣਗੇ, ਉਨ੍ਹਾਂ ਨੂੰ ਫਾਂਸੀ ਲਾ
ਨਸ਼ਰ ਕਰੋ ਸੰਸਾਰ ਵਿਚ, ਗੋਰਿਆਂ ਦੀ ਅਨੀਤ
ਏਨ੍ਹਾਂ ਦੇ ਇਨਸਾਫ਼ ਦੀ, ਮਿੱਟੀ ਕਰੋ ਪਲੀਤ
ਕਹਿਣ ਜੀ ਆਇਆਂ ਤੁਸਾਂ ਨੂੰ, ਸ਼ਹੀਦ ਵਿਚ ਸਚਖੰਡ
ਬੰਨ੍ਹ ਲੈ ਜਾਵੋ ਧਰਮ ਦੀ, ਸਿਰ ਤੇ ਭਾਰੀ ਪੰਡ
'ਕੱਠੇ ਕਰ ਲਓ ਓਹ ਵੀ, ਜੋ ਹਨ ਤੁਹਾਡੇ ਯਾਰ
ਕਰ ਲਓ ਸੱਭੇ ਰਲ ਕੇ, ਚੰਗੀ ਤਰ੍ਹਾਂ ਵਿਚਾਰ
ਮੇਰੇ ਪੁੱਤਰ ਹੋਣ ਜੋ, ਧਰਮ ਲਈ ਬਲੀਦਾਨ

ਹੈਨ ਸੁਭਾਗੇ ਓਹ ਮੈਂ, ਓਨ੍ਹਾਂ ਤੋਂ ਕੁਰਬਾਨ
ਅਮਰ ਰਹੇਗਾ ਉਨ੍ਹਾਂ ਦਾ, ਨਾਵਾਂ ਵਿਚ ਸੰਸਾਰ
ਜਦ ਤਕ ਸੂਰਜ ਚੰਨ ਹੈ, ਤਾਰੇ ਧਰਤ ਅੰਬਾਰ
ਤੁੱਲ ਨਾ ਸਕੇ ਦੂਸਰਾ, ਓਨ੍ਹਾਂ ਦੇ ਸਰੀਖ਼
ਲਿਖੀ ਜਾਇਗੀ ਉਨ੍ਹਾਂ ਦੀ, ਸੋਨੇ ਨਾਲ ਤਾਰੀਖ਼
ਜੇ ਹੈਸੀ ਡਰ ਮੌਤ ਦਾ, ਪੈਂਦੇ ਰਾਹ ਨਾ ਏਸ
ਕਰਦੇ 'ਜੇਹਾ ਕੰਮ ਨਾ, ਰਹਿੰਦੇ ਹੋ ਦਰਵੇਸ਼
ਮਾਰੀ ਹੈ ਜੇ ਬੜ੍ਹਕ ਤਾਂ, ਹੁਣ ਨਾ ਮਾਰੋ ਮੋਕ
ਉਘੜੇਗਾ ਜਦ ਪਾਜ ਤੇ, ਕੀ ਆਖਣਗੇ ਲੋਕ ?
ਆਖੋ ਜਾ ਅੰਗ੍ਰੇਜ਼ ਨੂੰ, ਸੁਣ ਗੋਰੀ ਸਰਕਾਰ
ਇਹ ਗ਼ੀਬ ਬੇਦੋਸ਼ ਹਨ, ਇਨ੍ਹਾਂ ਨੂੰ ਨਾ ਮਾਰ
ਓਹ ਵੀ ਗਾਈਆਂ ਵਾਂਗ ਨੇ, ਜੋ ਮਰ ਰਹੇ ਬੇਦੋਸ਼
ਸਿਰ ਤੁਹਾਡੇ ਚੜ੍ਹੇਗਾ, ਦੋਂਹ ਪਾਪਾਂ ਦਾ ਦੋਸ਼
ਮੰਨੇ ਜਾਣ ਸ਼ਹੀਦ ਉਹ, ਦੇਣ ਧਰਮ ਲਈ ਸਿਰ
ਕੈਰਾਂ ਵਾਂਗੂੰ ਧਰਤ ਤੇ, ਤੁਸੀਂ ਰਹੋਗੇ ਫਿਰ
ਪਾਂਦੀ ਰਹੂ ਜ਼ਮੀਰ ਫਿਰ, ਤੁਹਾਨੂੰ ਸਦ ਫਿਟਕਾਰ
ਕੀ ਹੋਇਆ ਜੇ ਮਰਨ ਤੋਂ, ਬਚ ਜਾਵੋ ਇਸ ਵਾਰ
ਇਹ ਮੌਤ ਨਾ ਮੌਤ ਹੈ, ਇਹ ਸਦ ਜੀਵਨ ਮੌਤ
ਸੂਰਜ ਜਿਉਂ ਸੰਸਾਰ ਤੇ, ਚਮਕੇ ਨਾਮ ਉਦੋਤ
ਅਮਰ ਹੋਣ ਦਾ ਵਕਤ ਇਹ, ਮਿਲੇ ਸ਼ਹੀਦੀ ਦਾਤ
ਮਰੇ ਜੇ ਆਈ ਆਪਣੀ, ਕਿਸੇ ਨਾ ਪੁੱਛਣੀ ਬਾਤ
ਜਦ ਤਕ ਸੂਰਜ ਚੰਦ ਹੈ, ਤਾਰੇ ਧਰਤ ਆਕਾਸ਼
ਨਾਉਂ ਤੁਹਾਡਾ ਕਰੇਗਾ, ਦੁਨੀਆਂ ਵਿਚ ਪ੍ਰਕਾਸ਼
ਕੀਤੀ ਹੈ ਜੇ ਸੱਚ ਮੁੱਚ, ਤੁਸੀਂ ਧਰਮ ਦੀ ਕਾਰ
ਫਿਰ ਨਾ ਲੁਕਦੇ ਫਿਰੋ ਹੁਣ, ਦੱਸੋ ਜਾ ਸਰਕਾਰ
ਗੀਦੀਆਂ ਵਾਂਗ ਨਾ ਡਰੋ ਇਉਂ, ਮਰੋ ਸੂਰਮਿਆਂ ਵਾਂਗ
ਤੁਸੀਂ ਧਾਰਿਆ ਹੈ ਇਹ, ਸ਼ੇਰਾਂ ਵਾਲਾ ਸਾਂਗ
ਬਿੱਲਿਆਂ ਦੇ ਕਾਨੂੰਨ ਦਾ, ਜਾਇ ਕਰੋ ਇੰਕਸ਼ਾਫ਼
ਨਸ਼ਰ ਕਰੋ ਵਿਚ ਜੱਗ ਦੇ, ਏਨਾਂ ਦਾ ਇਨਸਾਫ਼

ਰੱਸੇ ਲੈ ਕੇ ਰੇਸ਼ਮੀ, ਹੱਥੀਂ ਗਲ ਵਿਚ ਪਾਇ
ਪੀਂਘ ਚੜ੍ਹਾਵੋ ਧਰਮ ਦੀ, ਵੜ੍ਹੋ ਬੈਕੁੰਠੇ ਜਾਇ
ਕਰੋ ਨਾ ਮਨ ਵਿਚ ਮਰਨ ਦਾ, ਹੁਣ ਰਤਾ ਵੀ ਸ਼ੋਕ
ਧੰਨ ਧੰਨ ਹੋਊ ਧਰਤ ਤੇ, ਜੈ ਜੈ ਜੈ ਸੁਰ ਲੋਕ
ਹੋ ਜਾਵੇ ਸੰਸਾਰ ਤੇ, ਪੰਥ ਦੀ ਜੈ ਜੈ ਕਾਰ
ਲੋਕੀ ਆਖਣ ਧੰਨ ਸਿੱਖ, ਧੰਨ ਸਿੱਖੀ ਦੀ ਕਾਰ
ਝਟ ਪਟ ਜਾ ਕੇ ਆਪਣਾ, ਕਰੋ ਕਬੂਲ ਕਸੂਰ
ਬੇੜੇ ਚੜ੍ਹਕੇ ਧਰਮ ਦੇ ਲੰਘੋ ਪਹਿਲੇ ਪੂਰ
ਸੁਣਕੇ ਬੀਹਲਾ ਸਿੰਘ ਜੀ, ਅਰਜ਼ ਕਰੀ ਹੱਥ ਜੋੜ
ਹੁਕਮ ਲੈਣ ਮੈਂ ਆਇਆ, ਹੇ ਗੁਰੂ ਗਈ ਬਹੋੜ
ਲੈਣਾ ਹੁਕਮ ਜ਼ਰੂਰ ਜੇ, ਪਹਿਲਾਂ ਪੁਛਦੇ ਆਪ
ਹੁਣ ਨਾ ਮਰਨ ਗ਼ਰੀਬ ਉਹ, ਦੇਵਣ ਨਾ ਸੰਤਾਪ
ਬੋਲੇ ਬੀਹਲਾ ਸਿੰਘ, ਹੇ ਸਤਿਗੁਰੂ ਦੀਨ ਦਿਆਲ
ਬਖਸ਼ੋ ਭੁੱਲੇ ਜਾਣਕੇ, ਲਾਵੋ ਚਰਨਾਂ ਨਾਲ
ਆਗਿਆ ਲੈ ਹਜ਼ੂਰ ਦੀ, ਜਾਵਾਂ ਅੰਮ੍ਰਿਤਸਰ
ਮੰਨੀਏ ਕੀਤਾ ਆਪਣਾ, ਸਾਨੂੰ ਰਿਹਾ ਨਾ ਡਰ
ਮੇਹਰ ਸਿੰਘ ਜੀ ਤੁਰ ਗਏ, ਕਾਬਲ ਵੱਲ ਤਤਕਾਲ
ਅੜਬੰਗੀ ਦਾ ਵੀ ਨਹੀਂ, ਕੋਈ ਪਤਾ ਰਵਾਲ
ਏਨ੍ਹਾਂ ਦੋਹਾਂ ਤੋਂ ਬਿਨਾਂ, ਹੋਰ ਅਸੀਂ ਹਾਂ ਤਿਆਰ
ਹੁਕਮ ਲੈਣ ਦੀਦਾਰ ਕਰ, ਆਇਆ ਅੰਤੀ ਵਾਰ
ਅੰਗ ਸੰਗ ਰਹਿਣਾ ਅਸਾਂ ਦੇ, ਹੇ ਗੁਰੂ ਦੀਨ ਦਿਆਲ
ਡਰਦੇ ਸਿਦਕ ਨਾ ਛੱਡੀਏ, ਵੇਖ ਸਾਹਮਣੇ ਕਾਲ
ਹੋ ਚਲਿਆ ਸੀ ਸੱਚ ਮੁੱਚ, ਇਹ ਅਚਿੰਤਾ ਪਾਪ
ਬੇਦੋਸ਼ਾਂ ਦਾ ਮਾਰਦਾ, ਸਾਨੂੰ ਸਦ ਸੰਤਾਪ
ਕੀਤਾ ਸੀ ਕੰਮ ਅਸੀਂ ਜੋ, ਸਮਝ ਧਰਮ ਦੀ ਕਾਰ
ਜਾਂਦਾ ਬੱਜਰ ਪਾਪ ਬਣ, ਤੇ ਖਾਂਦਾ ਫਿਟਕਾਰ
ਬੀਲ੍ਹਾ ਸਿੰਘ ਜੀ ਰੱਖਿਆ, ਚਰਨਾਂ ਤੇ ਸਿਰ ਧਾਰ
ਵਾਹੋਦਾਹੀ ਆ ਗਏ, ਅੰਮ੍ਰਿਤਸਰ ਵਿਚਕਾਰ
ਦੱਸਿਆ ਸਾਰਾ ਸਾਥੀਆਂ, ਸਤਿਗੁਰ ਦਾ ਫ਼ੁਰਮਾਨ

ਪਾਵੋ ਜਾ ਸ਼ਹੀਦੀਆਂ, ਜੋ ਸਿੱਖੀ ਦੀ ਆਨ
ਸਾਰੇ ’ਕੱਠੇ ਹੋਇਕੇ, ਕਰ ’ਸ਼ਨਾਨ ਧਿਆਨ
ਦਰਸ਼ਨ ਕਰ ਦਰਬਾਰ ਦੇ, ਵੜੇ ਕਚੈਹਰੀ ਆਨ
ਸ਼ਿਸ਼ਨ ਜੱਜ ਨੂੰ ਜਾ ਕਿਹਾ, ਇਹ ਤੁਹਾਡਾ ਦਸਤੂਰ
ਮੁਜ਼ਰਿਮ ਓਹ ਬਣਾ ਧਰੇ, ਅਸਲੋਂ ਬਿਨਾਂ ਕਸੂਰ
ਲਾਈ ਹੈ ਗਊ ਮਾਸ ਦੀ, ਸਰੋਵਰ ਕੋਲ ਦੁਕਾਨ
ਚੁੱਕ-ਚੁੱਕ ਹੱਡੀਆਂ ਸਿੱਟਦੇ, ਇੱਲਾਂ ਕਾਂ ਵਿਚ ਆਨ
ਕੀਤੇ ਕਈ ਮੁਕੱਦਮੇ, ਕੀਤੀ ਕੂਕ ਪੁਕਾਰ
ਹਟੀ ਨਾ ਗਊਆਂ ਮਾਰਨੋਂ, ਇਹ ਭੈੜੀ ਸਰਕਾਰ
ਗੁਰੂ ਨਗਰੀ ਦਰਬਾਰ ਇਹ, ਅਤੀ ਪਵਿਤ੍ਰ ਧਾਮ
ਇਸ ਨੂੰ ਮੰਨਦੇ ਪੂਜਦੇ, ਹਿੰਦੂ ਸਿੱਖ ਤਮਾਮ
ਇਸ ਥਾਂ ਲਾ ਦੁਕਾਨ ਇਹ, ਕੀਤਾ ਬੱਜਰ ਪਾਪ
ਮਾਰ ਲਏਗਾ ਗੋਰਿਆਂ, ਗਾਂਈਂ ਦਾ ਸੰਤਾਪ
ਜੋ ਵੀ ਏਸ ਜ਼ਮੀਨ ਤੇ, ਫਿਰਦਾ ਲੈ ਕੇ ਜਾਨ
ਕੀੜੀ ਹਾਥੀ ਜਾਨਵਰ, ਮਾਨਵ ਜਾਂ ਹੈਵਾਨ
ਤਿੱਤਰ ਮੁਰਗ ਬਟੇਰ ਉਹ, ਗਊ ਹੈਨ ਜਾਂ ਸੂਰ
ਸਭ ਦੀ ਕਰਨੀ ਰੱਖਿਆ, ਸਾਡਾ ਇਹ ਦਸਤੂਰ
ਖਾਵੇ ਮਾਰ ਜੋ ਇਨ੍ਹਾਂ ਨੂੰ, ਉਹ ਹੈ ਨਹੀਂ ਇਨਸਾਨ
ਸਾਡੇ ਲਈ ਤੇ ਇਹ ਨੇ, ਸਾਰੇ ਇਕ ਸਾਮਾਨ
ਭਰਨੇ ਅਸੀਂ ਨਾ ਚਾਂਹਦੇ, ਹੱਥ ਖ਼ੂਨ ਦੇ ਨਾਲ
ਅੰਤ ਹੋਏ ਮਜ਼ਬੂਰ ਜਦ, ਗਲੀ ਨਾ ਕੋਈ ਦਾਲ
ਹੀਲਾ ਬਣੇ ਨਾ ਹੋਰ ਜਦ, ਥੱਕ ਜਾਇ ਇਨਸਾਨ
ਹੱਥ ਵਿਚ ਫੜ੍ਹ ਤਲਵਾਰ, ਫਿਰ, ਗੱਜੇ ਵਿਚ ਮੈਦਾਨ
ਜਾਂ ਮਰ ਜਾਵੇ ਆਪ ਥਾਂ, ਜਾਂ ਨਾ ਰਹੇ ਰਕੀਬ
ਇਸ ਤੋਂ ਬਾਝ ਨਾ ਦੂਸਰੀ, ਹੈ ਕੋਈ ਤਰਕੀਬ
ਪੂਰਨਮਾਂ[133] ਦੀ ਰਾਤ ਨੂੰ, ਹੱਲਾ ਦਿਤਾ ਬੋਲ
ਮਾਰ ਕਸਾਈਆਂ ਗਾਈਆਂ, ਰੱਸੇ ਦਿਤੇ ਖੋਲ੍ਹ

[133] ਇਹ ਪੂਰਨਮਾਂ ਦੀ ਰਾਤ ਨਹੀਂ ਸੀ ਹਨੇਰਾ ਪੱਖ ਲਗ ਗਿਆ ਸੀ ਹਾੜ ਵਦੀ ਦਵਾਦਸ਼ੀ ਦੀ ਰਾਤ ਸੀ। ਹਾੜ ਦੀ ਸੰਗਰਾਂਦ, 13 ਜੂਨ 1871 ਨੂੰ ਸੀ।

ਹਰਨ ਹੋ ਗਿਆ ਖਾਲਸਾ, ਕਰਕੇ ਕੰਮ ਤਮਾਮ
ਤਦ ਤੋਂ ਸੀ ਅੰਗ੍ਰੇਜ਼ ਦੀ, ਹੋਈ ਨੀਂਦ ਹਰਾਮ
ਬੁੱਚੜ ਮਾਰੇ ਹਨ ਅਸੀਂ, ਫੜ੍ਹ ਲਏ ਹੋਰ ਬੇਦੋਸ਼
ਤਸ਼ੱਦਦ ਕਰ ਮਨਾ ਲਏ, ਫੜ ਬੱਕਰੇ ਜਿਉਂ ਕੋਸ
ਪਹਿਲਾਂ ਫੂਕ ਦੁਕਾਨ ਨੂੰ, ਬੁੱਚੜ ਵੱਢੇ ਫੇਰ
ਜਰਿਆ ਗਿਆ ਨਾ ਅਸਾਂ ਤੋਂ, ਹੁੰਦਾ ਇਹ ਅਨ੍ਹੇਰ
ਕਾਰਾ ਭਾਰਾ ਇਹ ਕਰ, ਅਸੀਂ ਗਏ ਸਾਂ ਦੌੜ
ਫੜ੍ਹ ਲਏ ਤੁਸੀਂ ਗ੍ਰੀਬ ਇਹ, ਮਾਂ ਦੇ ਚਾਨਣ ਚੌੜ
ਅਸਲੀ ਦੋਸ਼ੀ ਅਸੀਂ ਹਾਂ, ਮਰਨਾ ਸਾਡਾ ਹੱਕ
ਮਾਰੇ ਹਨ ਬੁੱਚੜ ਅਸੀਂ, ਇਸ ਵਿਚ ਕਰੋ ਨਾ ਸ਼ੱਕ
ਓਨ੍ਹਾਂ ਨੂੰ ਹੁਣ ਛੱਡ ਦਿਓ, ਅਸੀਂ ਮਰਨ ਲਈ ਤਿਆਰ
ਸਾਡਾ ਕੋਈ ਨਾ ਰਿਹਾ, ਨਾਲ ਜ਼ਿੰਦਗੀ ਪਿਆਰ
ਸੁਣਕੇ ਗੱਲਾਂ ਸ਼ਿਸ਼ਨ ਜੱਜ, ਹੋਇਆ ਬਹੁਤ ਹੈਰਾਨ
ਇਹ ਹਨ ਕੋਈ ਫ਼ਰਿਸ਼ਤੇ, ਜਾਪਣ ਨਾ ਇਨਸਾਨ
ਗੱਲ ਇਨ੍ਹਾਂ ਦੀ ਹੁਣ ਕਿਵੇਂ, ਮੰਨੀਏ ਕਰ ਇਤਬਾਰ
ਮਿਸਲ ਮੁਕੰਮਲ ਕਰ ਲਈ, ਕੇਸ ਹੋ ਗਿਆ ਤਿਆਰ
ਵਾਹਦਾ ਮਾਫ਼ ਸ਼ਹਾਦਤੀ, ਮੌਕੇ ਦੇ ਅਗਵਾਹ
ਮੰਨੇ ਸਨ ਜਦ ਆਪ ਓਹ, ਤਾਂ ਲਾਉਣੇ ਸੀ ਫਾਹ
ਸਾਰੇ ਬੁੱਚੜ ਕੇਸ ਦਾ, ਮਸਲਾ ਹੋ ਗਿਆ ਹੱਲ
ਮੰਨੇਗੀ ਸਰਕਾਰ ਹੁਣ, ਕਿਵੇਂ ਇਨ੍ਹਾਂ ਦੀ ਗੱਲ
ਕੇਸ ਟ੍ਰਾਈਲ ਕੀਆ ਹੈ, ਮੈਂ ਉਨਕਾ ਕਈ ਵੀਕ
ਮੌਕੇ ਦਿਆਂ ਸ਼ਹਾਦਤੀ, ਸਭ ਕੀਤੀ ਤਸਦੀਕ
ਨਿੰਦਾ ਹੋਊ ਕੌਮ ਦੀ, ਭੰਡਣਗੇ ਸਭ ਲੋਕ
ਬੇਦੋਸ਼ੇ ਅੰਗ੍ਰੇਜ਼ ਫੜ੍ਹ, ਕੋਠੀ ਲਾਏ ਠੋਕ
ਅੱਗੋਂ ਨੂੰ ਸਰਕਾਰ ਦਾ, ਦੂਰ ਹੋਊ ਇਤਬਾਰ
ਝੂਠੋਂ ਸੱਚ ਬਣਾ ਲਿਆ, ਕਰਕੇ ਕੇਸ ਤਿਆਰ
ਮੈਂ ਸਨ ਬਾਰਾਂ ਆਦਮੀ, ਕੋਠੀ ਦਿਤੇ ਡੱਕ
ਇਉਂ ਬ੍ਰਿਟਿਸ਼ ਕਾਨੂੰਨ ਦਾ, ਵੱਢਿਆ ਜਾਊ ਨੱਕ
ਖਬਰ ਕਰ ਪੁਲੀਸ ਨੂੰ, ਲਵਾਂ ਐਸ. ਪੀ. ਸੱਦ

ਰੋਹਬ ਪਾ ਕੇ ਇਨ੍ਹਾਂ ਦੇ, ਕੱਢੇ ਆ ਕੇ ਪੱਦ
ਇਨਚਾਰਜ ਸੀ. ਆਈ. ਡੀ. ਦਾ, ਕ੍ਰਿਸਟੀ ਸੀ ਅੰਗ੍ਰੇਜ਼
ਸੱਦ ਬੁਲਾਇਆ ਓਸ ਨੂੰ, ਬੰਦਾ ਆਪਣਾ ਭੇਜ
ਹਮਕੀ ਤੁਮਕੀ ਕਰਦਾ, ਆਇਆ ਰੋਹਬ ਨਾਲ
ਸਿੰਘ ਨਾ ਝਾਕੇ ਓਸ ਵੱਲ, ਹੋਵੇ ਕੌਣ ਕੰਗਾਲ
ਉਸ ਨੂੰ ਦੱਸੀ ਗੱਲ ਸਭ, ਸ਼ਿਸ਼ਨ ਜੱਜ ਇਕਾਂਤ
ਹੋਈ ਜੋ ਸੀ ਓਸ ਦੀ, ਨਾਲ ਸਿੰਘਾਂ ਗਲ ਬਾਤ
ਇਸ ਦੇ ਉੱਤੇ ਕਰ ਲਓ, ਚੰਗੀ ਤਰ੍ਹਾਂ ਵਿਚਾਰ
ਕੌਣ ਕਰੂ ਸਰਕਾਰ ਦਾ, ਅੱਗੋਂ ਨੂੰ ਇਤਬਾਰ
ਹੁੰਦੇ 'ਜੇਹੇ ਜੇ ਕਦੀ, ਯੂਰਪ ਵਿਚ ਇਨਸਾਨ
ਲੋਕੀਂ ਪੀਂਦੇ ਪੈਰ ਧੋ, ਹੋ ਜਾਂਦੇ ਕੁਰਬਾਨ
ਮਿਸਲ ਕ੍ਰਿਸਟੀ ਇਹ ਤੁਸੀਂ, ਝੂਠ ਬਣਾ ਕੇ ਕੇਸ
ਅੰਗ੍ਰੇਜ਼ੀ ਇਨਸਾਫ਼ ਦੀ, ਪੱਟੀ ਦਿਤੀ ਮੇਸ
ਸੁਣ ਇਹ ਗੱਲਾਂ ਕ੍ਰਿਸਟੀ, ਦੀ ਮਾਰੀ ਗਈ ਹੋਸ਼
ਬੇ-ਗੁਨਾਹਿਆਂ ਸਿਰ ਜਿਸ, ਸਾਰਾ ਮੜ੍ਹਿਆ ਦੋਸ਼
ਖ਼ੌਰੂ ਪਾਵੇ ਫਰਸ਼ ਤੇ, ਬੂਟਾਂ ਦੀ ਖੜਕਾਰ
ਕਿਵੇਂ ਤੁਹਾਨੂੰ ਮੰਨ ਲਏ, ਹੁਣ ਸੱਚੇ ਸਰਕਾਰ
ਓਨ੍ਹਾਂ ਦਿਤੀ ਸਜ਼ਾ ਤਾਂ, ਮੰਨਿਆਂ ਜਦੋਂ ਕਸੂਰ
ਓਨ੍ਹਾਂ ਛੱਡ ਕੇ ਫੜ੍ਹ ਲਈਏ, ਤੁਹਾਨੂੰ ਕਿਸ ਦਸਤੂਰ
ਜਾਓ ਆਪਣਾ ਕੰਮ ਕਰੋ, ਟਾਇਮ ਨਾ ਕਰੋ ਖਰਾਬ
ਸੱਚੇ ਹੋਂ ਕੀ ਏਸ ਦਾ, ਤੁਹਾਡੇ ਕੋਲ ਜਵਾਬ
ਵਾਹ ਤੁਹਾਡੇ ਇਨਸਾਫ਼ ਦੀ, ਕੀ ਹੈ ਬਿੱਲਿਆ ਗੱਲ
ਫੜ੍ਹ ਗ੍ਰੀਬ ਬੇਦੋਸ਼ਿਆਂ, ਦੀ ਲਾਹ ਛੱਡੀ ਖੱਲ
ਗੰਦਗੀ ਭਰ ਕੇ ਤੋਬਰੇ, ਮੂੰਹ ਤੇ ਦਿਤੇ ਬੰਨ੍ਹ
ਰੋਜ ਰੋਜ ਦੀ ਮਾਰ ਤੋਂ, ਓਹ ਡਰਦੇ ਗਏ ਮੰਨ
ਇਸ ਤੋਂ ਚੰਗਾ ਸਮਝ ਇਹ, ਮਰ ਜਾਈਏ ਇੱਕ ਵਾਰ
ਨਹੀਂ ਤੇ ਧਰਮ ਵਿਗਾੜ ਕੇ, ਮਾਰੇ ਇਹ ਸਰਕਾਰ
ਜੇ ਤੁਹਾਡਾ ਇਨਸਾਫ਼ ਇਹ, ਬੇ-ਇਨਸਾਫ਼ੀ ਹੋਰ
ਓਹ ਕਰੋਗੇ ਹੋਰ ਕੀ, ਅੰਨ੍ਹੇ ਵਾਹ ਲਾ ਜ਼ੋਰ ?

ਲਾਂਨ੍ਹਤ ਏਸ ਕਾਨੂੰਨ ਦੇ, ਫਿੱਟੇ ਮੂੰਹ ਸਰਕਾਰ
ਜਿਸ ਚਲਾਇਆ ਜ਼ੁਲਮ ਦਾ, ਏਥੇ ਆਣ ਵਾਪਾਰ
ਸਾਡੇ ਸੱਚੇ ਹੋਣ ਦਾ, ਸੁਣ ਸਬੂਤ ਧਰ ਕੰਨ
ਅਸੀਂ ਝੂਠ ਨਾ ਬੋਲੀਏ, ਬਚਨ ਗੁਰੂ ਦਾ ਮੰਨ
ਬੁੱਚੜ ਮਾਰੇ ਜਿਨ੍ਹਾਂ ਨਾਲ, ਤੁਹਾਡੀਆਂ ਓਹ ਤਲਵਾਰ
ਪੁਲਿਸ ਲੈਣ ਤੋਂ ਆਂਦੀਆਂ, ਦੱਬੀਆਂ ਬਾਹਰ ਵਾਰ
ਪਤਾ ਨਿਸ਼ਾਨੀ ਇਹ ਹੈ, ਪੁੱਟੋ ਓਥੋਂ ਜਾਇ
ਬੰਦਾ ਭੇਜੋ ਆਪਣਾ, ਦਈਏ ਅਸੀਂ ਕਢਾਇ
ਇਸ ਤੋਂ ਚੰਗਾ ਹੋਰ ਕੀ, ਲੈਣਾ ਚਹੋਂ ਸਬੂਤ
ਕਦਰ ਸਚਾਈ ਦੀ ਤੁਸੀਂ, ਕੀ ਕਰ ਸੱਕੋ ਊਤ
ਦਿੱਤਾ ਪਤਾ ਕ੍ਰਿਸਟੀ, ਬੇਲੀ ਜਨਰਲ ਪੁਲਿਸ
ਸੁਣ ਇਹ ਸਾਰੀ ਗੱਲ ਉਹ, ਗੁੱਸੇ ਵਿਚ ਗਿਆ ਝੁਲਿਸ
ਏਸ ਗੱਲੋਂ ਵਧ ਜਾਇਗਾ, ਕੂਕਿਆਂ ਦਾ ਵੱਕਾਰ
ਅੱਗੋਂ ਤੋਂ ਵੀ ਇਨ੍ਹਾਂ ਦਾ, ਹੋਊ ਬਹੁਤ ਸਤਿਕਾਰ
ਉੱਨੀ ਸਾਵਣ ਤਾਰ ਵਿਚ, ਬੇਲੀ ਆਖੀ ਬਾਤ
ਗੱਲ ਨਾ ਦੱਸੋ ਕਿਸੇ ਨੂੰ, ਆਪੇ ਹੋ ਜਾਊ ਸ਼ਾਂਤ
ਜਾਂਦਾ ਹੈ ਫਲ ਏਸਦਾ, ਕੂਕਿਆਂ ਸਿੱਧਾ ਇਹੁ
ਜੋ ਵਖਾਈ ਦੇ ਰਹੇ, ਬਣਕੇ ਸਾਨੂੰ ਵਿਹੁ
ਦੋ ਹਾੜ ਤੋਂ ਲਾਇਕੇ, ਉੱਨੀ ਸਾਵਣ ਤੀਕ
ਗਿਣ ਲਓ ਨਾਲ ਹਿਸਾਬ ਦੇ, ਕਿੰਨੇ ਬਣਦੇ ਵੀਕ
ਪਤਾ ਨਾ ਲੱਗਾ ਗੋਰਿਆਂ, ਸੱਚੀ ਗਲ ਦਾ ਮੂਲ
ਜਦ ਕੂਕਿਆਂ ਜਾ ਦੱਸਿਆ, ਉੱਠ ਖਲੋਤਾ ਸੂਲ
ਬੀਲ੍ਹਾ ਸਿੰਘ ਦੇ ਬਿਆਨ ਨੇ, ਛੰਡੀ ਫੜ ਸਰਕਾਰ
ਹੋ ਗਈ ਵਿੱਚ ਪੰਜਾਬ ਦੇ, ਕੂਕਿਆਂ ਦੀ ਜੈਕਾਰ
ਕਰਦੇ ਸਾਰੇ ਲੋਕ ਸਨ, ਓਨ੍ਹਾਂ ਦੀ ਤਾਰੀਫ਼
ਕੂਕਿਆਂ ਜੇਹਾ ਅੱਜ ਨਾ, ਦੂਜਾ ਹੋਰ ਸ਼ਰੀਫ਼
ਹੋ ਗਏ ਸਾਰੇ ਦੇਸ਼ ਵਿਚ, ਗੋਰੇ ਸੀ ਬਦਨਾਮ
ਕੂਕਿਆਂ ਦੀ ਰੱਜ ਰੱਜ ਕੇ, ਕਰੇ ਤਾਰੀਫ਼ ਜਹਾਨ
ਬੇਲੀ ਲੁਦੇਹਾਣਿਓਂ, ਆਇਆ ਸਿੰਘਾਂ ਕੋਲ

ਅੱਤ ਚੁੱਕੀ ਕਿਉਂ ਕੂਕਿਓ ? ਦਸੋ ਆਂਹਦਾ ਬੋਲ
ਸਿੰਘਾਂ ਕਿਹਾ ਅਸੀਂ ਕੀ, ਲੋਕ ਕਹਿਣ ਸਰਕਾਰ
ਝੂਠੀ ਬੇਈਮਾਨ ਇਹ, ਭੈੜੀ ਬਹੁਤ ਮੱਕਾਰ
ਬੁੱਚੜ ਮਾਰੇ ਸਨ ਜਿਨ੍ਹਾਂ, ਪਤਾ ਨਾ ਇਸਦੇ ਬਾਪ
ਜਿਨ੍ਹਾਂ ਨੇ ਝਟਕਾਏ ਓਹ, ਹਾਜਰ ਹੋਏ ਆਪ
ਪੈਲੀ ਬੀਜ ਕੇ ਦੱਸਿਆ, ਮਾਲਕ ਨੂੰ ਜਾਂ ਹਾਲ
ਉਸਨੇ ਕਿਹਾ ਜਾਇਕੇ, ਜਲਦੀ ਕਰੋ ਸੰਭਾਲ
ਬੇਲੀ ਸੁਣ ਕਿਹਾ ਸਿਖੜਿਓ, ਮਰੋ ਹੋਰਥੇ ਜਾਇ
ਸਾਡੇ ਗਲ ਕਿਉਂ ਚੰਬੜੇ, ਬਣਕੇ ਤੁਸੀਂ ਬਲਾਇ ?
ਬੇਲੀ ਆਖੀ ਸ਼ਿਸ਼ਨ ਜੱਜ, ਤੇ ਕ੍ਰਿਸਟੀ ਨੂੰ ਗੱਲ
ਰਲ ਕੇ ਮਤਾ ਪਕਾਈਏ, ਮਸਲਾ ਕਰੀਏ ਹੱਲ
ਸ਼ਿਸ਼ਨ ਜੱਜ ਪਿਆ ਆਖਦਾ, ਮੈਨੂੰ ਯਸੂ ਸਮਾਨ
ਇਹ ਸਿੱਖ ਨੇ ਲਗਦੇ, ਬੰਦੇ ਕੋਈ ਨਾ ਆਨ
ਮੇਰੇ ਦਿਲ ਸਤਿਕਾਰ ਜੋ, ਏਨ੍ਹਾਂ ਦਾ ਅਖ਼ਲਾਕ
ਹੋਰ ਨਾ ਕਿਧਰੇ ਦਿਸਦਾ, ਵੇਖਾਂ ਸਾਰੇ ਝਾਕ
ਹੁੰਦੇ ਯੂਰਪ ਵਿੱਚ ਜੇ, ਇਹੋ ਜਿਹੇ ਇਨਸਾਨ
ਵਾਂਗ ਫ਼ਰਿਸ਼ਤਿਆਂ ਪੂਜਦੇ, ਲੋਕੀਂ ਕਰ ਸਨਮਾਨ
ਮੇਰੀ ਲਓ ਸਲਾਹ ਜੇ, ਦਵੋ ਇਨ੍ਹਾਂ ਨੂੰ ਛੱਡ
ਪਹਿਲਾਂ ਪਕੜੇ ਜੋ ਗਏ, ਫ਼ਸਤਾ ਦੇਵੋ ਵੱਢ
ਆਖੇ ਸ਼ਿਸ਼ਨ ਜੱਜ ਪਿਆ, ਮੈਨੂੰ ਤੇ ਸਰਕਾਰ
ਲਗਦੇ ਜੇ ਇਹ ਸਿੱਖ ਨੇ, ਈਸਾ ਦੇ ਅਵਤਾਰ
ਬੇਲੀ ਵੀ ਸੀ ਚਾਂਹੁੰਦਾ, ਟਲਜੇ ਇਹ ਬਲਾ
ਆ ਕੇ ਸਿੰਘਾਂ ਕੋਲ ਉਸ, ਗੱਲ ਦੱਸੀ ਸੀ ਆਹ
ਹਮਕੀ ਤੁਮਕੀ ਬਕਦਾ, ਬਹੁਤੇ ਰੋਹਬ ਨਾਲ
ਆਖੇ ਤੁਹਾਨੂੰ ਸਿਖੜਿਓ, ਚੁੱਕੀ ਫਿਰਦਾ ਕਾਲ
ਜਾਓ ਜਾਕੇ ਕੰਮ ਕਰੋ, ਬੈਠੋ ਘਰ ਦੇ ਵਿੱਚ
ਕਰੋ ਫ਼ਜੂਲ ਨਾ ਆਣ ਇਉਂ, ਗੌਰਮੈਂਟ ਨੂੰ ਜਿੱਚ
ਮੌਤ ਲਿਆਈ ਚੱਕ ਤੁਸਾਂ, ਪਰ ਮੈਂ ਪਾਈ ਮਾਤ
ਕਰਦੇ ਫਿਰਨਾ ਫੇਰ ਨਾ, ਸੱਚ ਝੂਠ ਦੀ ਬਾਤ

ਸੁਣ ਕੇ ਸਿੰਘਾਂ ਆਖਿਆ, ਕੰਮ ਹੈ ਸਾਡਾ ਪੱਕ
ਸਾਡੇ ਬਦਲੇ ਮਰਨ ਕਿਉਂ, ਹੋਰ ਗ਼ਰੀਬ ਨਹੱਕ
ਤੁਰ ਜਾਣਾ ਇਸ ਜੱਗ ਤੋਂ, ਇਕ ਦਿਨ ਜਦੋਂ ਜ਼ਰੂਰ
ਬੇ-ਦੋਸ਼ਿਆਂ ਮਰਵਾਈਏ, ਦੱਸੋ ਕਿਸ ਦਸਤੂਰ ?
ਉਘੜੇਗਾ ਜਦ ਪਾਜ ਇਹ, ਫਿਟਕਾਂ ਦਏ ਜਹਾਨ
ਸਾਨੂੰ ਦੱਸੋ ਕਹੇਗਾ, ਕੌਣ ਫੇਰ ਇਨਸਾਨ
ਮਰੇ ਬੀਮਾਰੀ ਨਾਲ ਜਦ, ਲੋਕ ਜਾਣਗੇ ਭੁੱਲ
ਕੁੱਤੇ ਮੂਤ੍ਰਨ ਮੜ੍ਹੀ ਤੇ, ਮਿੱਟੀ ਜਾਈਏ ਰੁੱਲ
ਹੋ ਜਾਵੀਏ ਕੌਮ ਤੋਂ, ਇੰਵ ਅਸੀਂ ਕੁਰਬਾਨ
ਅਮਰ ਰਹਾਂਗੇ ਜੱਗ ਤੇ, ਉਸਤਤ ਕਰੇ ਜਹਾਨ
ਸਾਡੇ ਥਾਂ ਗ਼ਰੀਬ ਉਹ, ਕਰੇ ਮੁਫ਼ਤ ਹੈਰਾਨ
ਹੁੰਦਾ ਸੱਚ ਮੁੱਚ ਜੇ ਕੁਈ, ਤੁਹਾਡੇ ਥਾਂ ਇਨਸਾਨ
ਅੱਖ ਨਾ ਉੱਚੀ ਚੁਕਦਾ, ਹੁੰਦਾ ਉਹ ਪਸ਼ੇਮਾਨ
ਪਰ ਤੁਹਾਡੇ ਕੰਨ ਤੇ, ਜੂੰ ਨਾ ਸਰਕੇ ਆਨ
ਸੁਣ ਇਹ ਬੇਲੀ ਹੋ ਗਿਆ, ਗੁੱਸੇ ਦੇ ਵਿਚ ਲਾਲ
ਸਿੰਘਾਂ ਬੇੜੀ ਹਥਕੜੀ, ਝਟ ਪਟ ਦਿਤੀ ਡਾਲ
ਇਹ ਮੁਕੱਦਮਾ ਕਰਨ ਦੀ, ਨਹੀਂ ਕੋਈ ਸੀ ਲੋੜ
ਜਦ ਕਿ ਸਿੰਘਾਂ ਆਪ ਸਭ, ਪੂਰੀ ਕੀਤੀ ਥੋੜ
ਹੋ ਇਕਬਾਲੀ ਮੁਜ਼ਰਿਮ, ਆਪੇ ਹੋ ਗਏ ਪੇਸ਼
ਬਾਕੀ ਰਹਿ ਗਈ ਕਸਰ ਕੀ, ਸੀ ਚਲਾਣ ਦੀ ਕੇਸ ?
ਝੂਠੇ ਗਵਾਹ ਸ਼ਹਾਦਤੀ, ਲੱਗੇ ਫਿਰ ਭੁਗਤਾਨ
ਇਕ ਸਤਵਾਰਾ ਫੇਰ ਇਹ, ਨਾਟਕ ਖੇਡਿਆ ਆਨ
ਬੈਠ ਤਮਾਸ਼ਾ ਵੇਖਦੇ, ਸਿੰਘ ਗ਼ੈਰਾਂ ਦੇ ਵਾਂਗ
ਕੀੜੀ ਉਤੇ ਕਟਕ ਦੀ, ਗੋਰਿਆਂ ਚਾੜ੍ਹੀ ਕਾਂਗ
ਸ਼ਿਸ਼ਨ ਜੱਜ ਤੋਂ ਲੈ ਕੇ, ਹਾਈਕੋਰਟ ਤੱਕ
ਝੂਠਾ ਖੇਲ ਰਚਾਇਆ, ਇਹ ਸਾਰਾ ਨਾਹੱਕ
ਦਿੱਤਾ ਹੁਕਮ ਸੁਣਾ ਇਹ, ਫ਼ਾਂਸੀ ਲਾਵੋ ਚਾਰ
ਦੋ ਭਗੌੜੇ ਕਰ ਮਿਥੇ ਦੋ ਭੇਜੇ ਸੀ ਬਾਹਰ
ਬੀਲ੍ਹਾ ਸਿੰਘ ਜੀ ਨਾਰਲੀ, ਮੌੜਿਓਂ ਹਾਕਮ ਸਿੰਘ

ਫਤਹ ਸਿੰਘ ਜੀ ਭਾਟੀਆ, ਚੌਥੇ ਲਹਿਣਾ ਸਿੰਘ[134]
ਏਨ੍ਹਾਂ ਚੌਹਾਂ ਨੂੰ ਕਿਹਾ, ਫਾਂਸੀ ਦੇਵੋ ਲਾਇ
ਲਹਿਣਾ[135] ਸਿੰਘ ਤੇ ਲਾਲ ਸਿੰਘ, ਕਾਲੇ ਪਾਣੀ ਜਾਇ
ਝੰਡਾ[136] ਸਿੰਘ ਜੀ ਠੱਟਿਓਂ, ਲਛਮਣਸਿੰਘ ਜੀ ਚਾਹਲ
ਲੋਪੋਕਿਆਂ[137] ਤੋਂ ਮਿਹਰ ਸਿੰਘ, ਕਰੇ ਭਗੌੜੇ ਭਾਲ

ਕਬਿਤ- ਫਾਂਸੀ ਦਾ ਹੁਕਮ ਸੁਣ ਸਿੰਘ ਹਾਸੀ ਕਰ ਉਠੇ,
ਛੱਡਿਆ ਜੈਕਾਰਾ ਭਾਰਾ ਸਤਿ ਸ੍ਰੀ ਅਕਾਲ ਦਾ
ਜੰਮਣ ਮਰਨ ਸਭ ਭਾਣੇਂ ਵਿਚ ਰੱਬ ਜੀ ਦੇ,
ਜੀਨੂੰ ਚਾਹੇ ਮਾਰੇ ਮਰੇ ਹੋਏ ਨੂੰ ਜੀਵਾਲਦਾ।
ਨੌਂ ਮਹੀਨੇ ਦੀ ਹੈ ਦੇਰ ਜਨਮ ਲਵਾਂਗੇ ਫੇਰ,
ਇੰਝ ਕੁਝ ਵਕਫ਼ਾ ਪੈ ਜਾਉ ਥੋੜ੍ਹੇ ਸਾਲ ਦਾ
ਕਰੀਏ ਆਬਾਦ ਤੇ ਅਜ਼ਾਦ ਬਰਬਾਦ ਦੇਸ,
ਲੱਗੇ ਨਾ ਕੋਈ ਡਰ ਸਾਨੂੰ ਮੌਤ ਫ਼ੌਤ ਕਾਲ ਦਾ ।

---

[134] ਫ਼ਾਂਸੀ ਦੀ ਸਜ਼ਾ ਪਾਉਣ ਵਾਲਾ ਲਹਿਣਾ ਸਿੰਘ (ਪੰਨਵ) ਪੁੱਤਰ ਮਸੱਦਾ ਸਿੰਘ ਹੀ ਸੀ, ਜੋ ਇਸ ਸਮੇਂ ਅੰਮ੍ਰਿਤਸਰ ਸ਼ਹਿਰ ਵਿਚ ਹੀ ਰਹਿੰਦਾ ਸੀ।

[135] ਲਹਿਣਾ ਸਿੰਘ ਪੁੱਤਰ ਬੁਲਾਕਾ ਸਿੰਘ ਅਤੇ ਸਿਪਾਹੀ ਲਾਲ ਸਿੰਘ ਭਾਲੋਵਾਲੀ (ਗੁਰਦਾਸਪੁਰ) ਦੋਵੇਂ ਕਾਲੇ ਪਾਣੀ ਭੇਜੇ ਗਏ, ਉਮਰ ਕੈਦ ਕਰਕੇ। ਵਾਪਿਸ ਨਹੀਂ ਆਏ, ਉੱਥੇ ਹੀ ਸ਼ਹੀਦ ਹੋ ਗਏ।

[136] ਝੰਡਾ ਸਿੰਘ ਠੱਟਾ 30 ਜੂਨ 1873 ਨੂੰ ਪਕੜਿਆ ਗਿਆ ਮੁਕਦਮਾ ਚੱਲਿਆ ਅਤੇ 11 ਅਗਸਤ 1873 ਨੂੰ ਅੰਮ੍ਰਿਤਸਰ ਜੇਲ੍ਹ ਵਿਚ ਫ਼ਾਂਸੀ ਲਾ ਕੇ ਸ਼ਹੀਦ ਕੀਤਾ।

[137] ਲਛਮਣ ਸਿੰਘ ਚਾਹਲ ਦੇ ਨਾਲ ਜਿਸ ਮਿਹਰ ਸਿੰਘ ਲੋਪੋਕੀ ਨੂੰ ਭਗੌੜਾ ਘੋਸ਼ਿਤ ਕੀਤਾ ਸੀ, ਉਹ ਪਹਿਲਾਂ ਤਾਂ ਕਾਬਲ ਵੱਲ ਚਲਾ ਗਿਆ ਸੀ। ਕਈ ਸਾਲ ਬਾਅਦ ਜਦੋਂ ਇਹ ਗੱਲ ਰਤਾ ਪੁਰਾਣੀ ਪੈ ਗਈ ਸੀ, ਆਪਣਾ ਨਾਮ ਸੰਤਾ ਸਿੰਘ ਰੱਖ ਕੇ ਗੁਰਦੁਆਰਾ ਭੈਣੀ ਸਾਹਿਬ ਵਿਚ ਰਹਿਣ ਲੱਗ ਪਿਆ, ਜਿੱਥੇ ਅਪ੍ਰੈਲ 1913 ਈ. ਵਿਚ ਉਹ ਚਲਾਣਾ ਕਰ ਗਿਆ ਸੀ। ਭਗਵਾਨ ਸਿੰਘ ਅੜਬੰਗੀ, ਜੋ ਸਾਕੇ ਵਿਚ ਸ਼ਾਮਲ ਸੀ, ਉਹ ਵੀ ਉਮਰ ਭਰ ਮਫਰੂਰ ਰਿਹਾ। 1883 ਈ. ਦੇ ਸਿਪਾਹੀ ਗੇਂਦਾ ਕਤਲ ਕੇਸ ਵਿਚ ਉਹ ਇਹ ਮੰਨਦਾ ਹੀ ਨਹੀਂ ਸੀ ਕਿ ਉਹ ਮਰਹਾਣੇ ਵਾਲਾ ਭਗਵਾਨ ਸਿੰਘ ਹੈ।ਬਰੀ ਹੋ ਗਿਆ।ਬਾਅਦ ਵਿਚ ਗੁਰਦੁਆਰਾ ਸ੍ਰੀ ਭੈਣੀ ਸਾਹਿਬ ਰਹਿੰਦਾ ਰਿਹਾ, ਜਿੱਥੇ ਅਪਰੈਲ 1912 ਵਿਚ ਚੜ੍ਹਾਈ ਕੀਤੀ। ਰਿਕਾਰਡ ਵਿਚ ਉਸਦਾ ਜ਼ਿਕਰ ਤਾਂ ਆਉਂਦਾ ਹੈ, ਪਰ ਪਤਾ ਨਹੀਂ ਕਿਉਂ ਇਸ ਸਾਕੇ ਵਿਚ ਉਸ ਨੂੰ ਭਗੋੜਾ ਘੋਸ਼ਿਤ ਕਿਉਂ ਨਹੀਂ ਕੀਤਾ ਗਿਆ। ਲੋਪੋਕੀ ਦਾ ਲਹਿਣਾ ਸਿੰਘ ਜੱਟ ਵੀ ਇਸ ਸਾਕੇ ਵਿਚ ਸ਼ਾਮਲ ਸੀ। ਉਸ ਨੂੰ ਪਤਾ ਨਹੀਂ ਕਦੋਂ ਕਿਵੇਂ ਤੇ ਕਿਸ ਸਟੇਜ ਤੇ ਛੱਡ ਦਿਤਾ।

ਅੱਜ ਭਾਵੇਂ ਸਾਰਾ ਦੇਸ਼ ਮਸਤ ਗ਼ੁਲਾਮੀ ਭੇਸ,
ਕੂਕਿਆਂ ਦੇ ਵੇਸ ਬਿਨਾਂ ਨਹੀਂ ਸਾਡੇ ਨਾਲ ਦਾ।
ਥੋੜ੍ਹੇ ਦਿਨ ਬਾਕੀ ਝਾਕੀ ਆਕੀ ਹੋ ਕੇ ਨਿਕਲੇਗੀ,
ਸਾਥੀ ਦੀ ਤਲਾਸ਼ ਲਾਸ਼ ਗੋਰਾ ਫਿਰੇ ਭਾਲਦਾ ।
ਜਾਗੇ ਸਾਰਾ ਦੇਸ਼ ਏਸ ਨੀਂਦਰ ਵਰੇਸ ਵਿਚੋਂ,
ਉਘੜੇਗਾ ਪਾਜ ਤਾਜ ਮਲਕਾਂ ਦੇ ਹਾਲ ਦਾ ।
ਰਾਖਾ ਬਿੱਲਾ ਦੁੱਧ ਦਾ, ਹੈ ਬੈਠਾ ਸੁੱਧ ਬੁੱਧ ਭੁੱਲ,
ਕਰਨਾ ਸਫ਼ਾਇਆ ਜਿਸ ਸਾਰੇ ਤਰ ਮਾਲ ਦਾ।
ਚੜ੍ਹ ਆਏ ਲੰਦਣੋਂ ਮਲੇਛ ਨੇ ਏ ਸਾਡੇ ਦੇਸ਼,
ਲਾ ਬੁੱਚੜਖ਼ਾਨੇ ਕੀਤੀ ਗੱਲ ਨਾ ਏ ਭਲੀ ਹੈ
ਲੁੱਟ ਰਹੇ ਫ਼ਰੇਬ ਨਾ ਦਰੇਗ ਦਿਲ ਏਨ੍ਹਾਂ ਵਿਚ,
ਪਲਟੇਗਾ ਪਾਸਾ ਖਾਸਾ ਖੁਲ੍ਹ ਜਾਣੀ ਕਲੀ ਹੈ ।
ਚੱਲੇਗੀ ਨਾ ਚਾਲ ਕਾਲ ਲਿਆ ਰਿਹਾ ਭੂਚਾਲ,
ਨਾਲ ਤੁਰੇ ਜਿਸ ਪਾਸੇ ਏ ਖਤਰਨਾਕ ਗਲੀ ਹੈ ।
ਰਾਮ ਨਾ ਇਨ੍ਹਾਂ ਨੂੰ ਮਾਰੇ ਰਾਮ ਦੀ ਬਲਾ ਮਾਰੇ,
ਏਨ੍ਹਾਂ ਦਾ ਹੀ ਪਾਪ ਮਾਰੇ ਬਣ ਮਹਾਂਬਲੀ ਹੈ ।
ਕਰ ਲੈ ਫ਼ਰੰਗੀਆ ਦੁਰੰਗੀ ਚਾਲ ਚੰਗੀ ਮੰਦੀ,
ਤੰਗੀ ਸਹਿ ਰੋਕਣਾ ਨਾ ਕਿਸੇ ਬੰਦੇ ਏਸ ਨੇ।
ਕੱਲ੍ਹ ਦੀਆਂ ਗੱਲਾਂ ਮੱਲਾ ਰਾਜੇ ਏਸ ਦੇਸ ਦੇ ਜੋ,
ਕਾਜੇ ਸਰਦਾਰ ਬਾਜੇ ਮਾਰੀ ਬੈਠੇ ਘੇਸ ਨੇ ।
ਘਰ ਚਿ ਕਲੇਸ਼ ਪਾ ਮਲੇਛ ਨੂੰ ਫੜਾਏ ਕੇਸ਼,
ਬੈਰਾੜ ਸੰਧਾਵਾਲੀਏ ਮਜੀਠੀਏ ਪਟਲੇਸ[138] ਨੇ ।
ਡੁਬ ਰਹੇ ਬੇੜੇ ਤੇ ਸਵਾਰ ਛਾਲ ਮਾਰ ਹੋਏ,
ਡੁੱਬਣਗੇ ਇਹ ਜਾਂ ਅਜ਼ਾਦ ਹੋਣਾ ਦੇਸ ਨੇ ।
ਗੋਰੇ ਕਿਹਾ ਗੱਲ ਅੱਲ ਪੱਲ ਕਰ ਤਥੱਲ ਪਾਓ,
ਦੱਸ ਦਿਓ ਇੱਛਾ ਜੇ ਕੋਈ ਹੈ ਜੇ ਅੰਤੀ ਵਾਰ ਦੀ
ਮੌਜ ਲਵੋ ਮਾਣ ਚਾਰ ਰੋਜ ਹੋ ਜਹਾਨ ਉੱਤੇ,

[138] ਪਟਲੇਸ, ਪਟਿਆਲੇ ਵਾਲੇ ਮਹਾਰਾਜੇ।

ਲੱਡੂ ਪੇੜਾ ਸਿਉ ਕੇਲਾ ਅੰਬ ਤੇ ਅਨਾਰ ਦੀ।
ਖਾਣ ਪੀਣ ਲਈ ਸਾਨੂੰ ਜੀਣ ਦੀ ਨਾ ਈਨ ਕੋਈ,
ਲੋੜ ਇਕੇ ਬੱਸ ਦੱਸ ਜਾਈਏ ਗਲੀ ਯਾਰ ਦੀ ।
ਅੰਮ੍ਰਿਤਸਰ ਚਿ ਸ਼ਨਾਨ ਕਰ ਪਵਿਤ੍ਰ ਹੋਈਏ,
ਕਰੀਏ ਚਾ ਦੀਦ ਈਦ ਚੰਨ ਦਰਬਾਰ ਦੀ ।

ਆਲੇ ਦੁਆਲੇ ਪੁਲਿਸ ਵਿਚਾਲੇ ਸਿੰਘ ਚੰਦ ਸੂਰ,
ਲਾਇਆ ਹੈ ਗ੍ਰੈਹਣ ਜਿਵੇਂ ਆਣ ਰਾਹੂ ਕੇਤੂਆਂ ।
ਸ਼ਬਦ ਉਚਾਰਦੇ ਬਜ਼ਾਰ ਨੂੰ ਦੀਦਾਰ ਦੇਂਦੇ,
ਅੱਥਰੂ ਉਤਾਰ ਵਰਸਾਏ ਫੁੱਲ ਹੇਤੂਆਂ ।
ਕਰਕੇ 'ਸ਼ਨਾਨ ਦਰਬਾਰ ਸਿਰ ਨਿਵਾਣ ਲੱਗੇ,
ਤੁਕ ਗੁਰਬਾਣੀ ਗਾਈ ਰਾਗੀਆਂ ਸਚੇਤੂਆਂ ।
ਜੰਮਣ ਮਰਨ ਬਿਨ ਪਰਉਪਕਾਰੀ ਆਏ,
ਮੌਤ ਦਾ ਨਾ ਡਰ ਏਨ੍ਹਾਂ ਘਰ ਦਿਆਂ ਭੇਤੂਆਂ ।

ਲਾ ਸਰੋਵਰ ਤਾਰੀਆਂ, ਮਾਇਆ ਕੀਤੀ ਭੇਟ
ਦਰਸ਼ਨ ਕਰ ਦਰਬਾਰ ਦੇ, ਭੋਗ ਪਾ ਕੇ ਮੱਥਾ ਟੇਕ
ਵਸਤਰ ਚਿੱਟੇ ਦੁੱਧ ਜਿਉਂ, ਹੰਸਾਂ ਜੇਹਾ ਵੇਸ
ਖੁਸ਼ੀਆਂ ਵਿਚ ਭਰ ਮੁੜ ਪਏ, ਡਰ ਭੈ ਫ਼ਿਕਰ ਨਾ ਲੇਸ
ਕੀਰਤਨ ਕਰਦੇ ਆ ਰਹੇ, ਵਿਚ ਦੀ ਹਾਲ ਬਾਜ਼ਾਰ
ਲੋਕੀਂ ਦਰਸ਼ਨ ਵੇਖ ਕੇ, ਜਾਂਦੇ ਸੱਦ ਬਲਿਹਾਰ
ਧੰਨ ਇਨ੍ਹਾਂ ਦਾ ਸਤਿਗੁਰੂ, ਧੰਨ ਇਨਕੇ ਮਾਂ-ਬਾਪ
ਧੰਨ ਜਿਸ ਕੁਲ ਪੈਦਾ ਕਰੇ, ਧੰਨ ਹੈਨ ਇਹ ਆਪ
ਡਰ ਨਹੀਂ ਜਿਨ੍ਹਾਂ ਮੌਤ ਦਾ, ਜੀਵਨ ਦੀ ਨਹੀਂ ਲੋੜ
ਧਰਮ ਪਿਆਰਾ ਕਰ ਜਿਨ੍ਹਾਂ, ਸਿਰ ਦੇ ਚਾੜ੍ਹਿਆ ਤੋੜ
ਗਊ ਗਰੀਬਾਂ ਦੇ ਲਈ, ਹੋਣ ਲੱਗੇ ਕੁਰਬਾਨ
ਅਣਖ ਨਾ ਛੱਡੀ ਜਿਨ੍ਹਾਂ ਨੇ, ਦਿਤੇ ਛੱਡ ਪਰਾਨ
ਹਾਜਰ ਹੋਏ ਆਪ ਚੱਲ, ਦਏ ਛੁਡਾ ਬੇਦੋਸ਼
ਜੋ ਮਨਾਏ ਅੰਗ੍ਰੇਜ ਨੇ, ਫੜ੍ਹ ਬੱਕਰੇ ਜਿਉਂ ਕੋਸ

ਸਿੰਘਾਂ ਦਾ ਆਚਰਨ ਵੇਖ, ਗੋਰੇ ਵੀ ਸਨ ਦੰਗ
ਆਂਹਦੇ ਦੱਸੋ ਹੋਰ ਜੇ, ਕੋਈ ਤੁਹਾਡੀ ਮੰਗ
ਹੋ ਜਾਇ ਪੂਰੀ ਓਹ ਵੀ, ਕਰੀਏ ਅਸੀਂ 'ਕਰਾਰ
ਸੁਣਕੇ ਅੱਗੋਂ ਬੋਲਿਆ, ਬੀਲ੍ਹਾ ਸਿੰਘ ਸਰਦਾਰ
ਅਸੀਂ ਗੋਲੇ ਉਸ ਗੁਰਦੇਵ ਦੇ, ਜੀਹਦੀ ਅਰਸ਼ੀ ਕੁਰਸ਼ੀ ਚਾਲ
ਓਹ ਆਇਆ ਚੱਲ ਬੈਕੁੰਠ ਤੋਂ, ਬਣ ਸਤਿਗੁਰੂ ਆਪ ਅਕਾਲ
ਉਸ ਬਗਲੇ ਕਾਲੇ ਕਾਉਂ ਜੋ, ਸਭ ਦਿੱਤੇ ਹੰਸ ਬਣਾ
ਉਸ ਦੈਤੋਂ ਕੀਤੇ ਦੇਵਤੇ, ਝੱਟ ਕੰਨ ਵਿਚ ਨਾਮ ਸੁਣਾ
ਅਸੀਂ ਚੋਰ ਉਚੱਕੇ ਧਾੜਵੀ, ਚੋਰੀ ਯਾਰੀ ਨਾਲ ਪਿਆਰ
ਸਾਨੂੰ ਭਲੇ ਬੁਰੇ ਦੀ ਅਸਲੋਂ, ਨਾ ਉੱਕਾ ਕੋਈ ਸੀ ਸਾਰ
ਅਸੀਂ ਮਾਸ ਖਾਵੀਏ ਰੱਜ-ਰੱਜ, ਪੀਏ ਛੰਨੇ ਭਰ ਸ਼ਰਾਬ
ਸਾਨੂੰ ਸਬਜ਼ੀ ਦਾਲ ਨਾ ਰੁਚਦੀ, ਖਾਈਏ ਸੀਖੀਂ ਭੁੰਨ ਕਬਾਬ
ਪਰ ਪਤਾ ਨਹੀਂ ਕੀ ਉਨ੍ਹਾਂ ਦੇ, ਹੈ ਦਰਸ਼ਨ ਵਿਚ ਤਾਸੀਰ
ਓਨ੍ਹਾਂ ਨਦਰ ਮਿਹਰ ਕਰ ਤੱਕਿਆ, ਸਾਡਾ ਕੰਬਿਆ ਸਗਲ ਸਰੀਰ
ਕੋਈ ਅੰਦਰੋਂ ਉਠੀ ਝੁਣਝੁਣੀ, ਜਿਸ ਕੀਤਾ ਸੀ ਪਸ਼ੇਮਾਨ
ਇੰਵ ਜਾਪੇ ਅਸੀਂ ਮਨੁੱਖ ਨਹੀਂ, ਹਾਂ ਨੀਚ ਮਹਾਂ ਸ਼ੈਤਾਨ
ਅਸੀਂ ਸ਼ਰਨ ਡਿਗੇ ਘਿਘਿਆ ਕੇ, ਲਏ ਚਰਨ ਉਨ੍ਹਾਂ ਦੇ ਫੜ੍ਹ
ਓਨ੍ਹਾਂ ਕੰਨ ਵਿਚ ਦਿਤਾ ਭਜਨ ਜਦ, ਸਾਡਾ ਅੰਦਰਲਾ ਗਿਆ ਠਰ
ਓਨ੍ਹਾਂ ਹਿੰਸਾ ਕਰਨੋਂ ਰੋਕਿਆ, ਉਹ ਗਊ ਹੋਵੇ ਜਾਂ ਸੂਰ
ਓਨ੍ਹਾਂ ਕਿਹਾ ਸਮਝਣੀ ਧੀ ਭੈਣ, ਓਹ ਬੇਸ਼ਕ ਹੋਵੇ ਹੂਰ
ਸਾਡਾ ਹਿੰਦੂ ਸੱਕਾ ਵੀਰ ਹੈ, ਨਹੀਂ ਵੈਰੀ ਮੁਸਲਮਾਨ
ਅਸੀਂ ਗ਼ੈਰ ਕਿਸੇ ਨਾ ਜਾਣੀਏਂ, ਸਾਨੂੰ ਸੱਭੇ ਇਕ ਸਮਾਨ
ਇਹ ਹੁਕਮ ਜਗਤ ਦੇ ਗੁਰੂ ਦਾ, ਉਹ ਆਇਆ ਧਰ ਅਵਤਾਰ
ਓਹ ਜੋਤ ਹੈ ਨਾਨਕ ਗੁਰੂ ਦੀ, ਜੋ ਆਈ ਹੈ ਬਾਰ੍ਹਵੀਂ ਵਾਰ
ਓਹ ਧਰਮ ਨਾਲ ਨਹੀਂ ਚਾਂਹਦਾ, ਕੋਈ ਕਰੀਏ ਅਸੀਂ ਉਪਾਧ
ਅਸੀਂ ਅਰਜ਼ੀਆਂ ਪਾ ਪਾ ਥੱਕ ਗਏ, ਸਾਡੀ ਕਿਸੇ ਨਾ ਸੁਣੀ ਫ਼ਰਿਆਦ
ਅਸੀਂ ਗਾਂ ਨੂੰ ਮਾਂ ਜਿਉਂ ਜਾਣੀਏ, ਕਿਉਂਕਿ ਪੀਵੀਏ ਇਸਦਾ ਸੀਰ
ਤੁਸੀਂ ਨਾਲ ਬੇਦਰਦੀ ਮਾਰਦੇ, ਉਸ ਕੀਤੀ ਕੀ ਤਕਸੀਰ
ਚੁੱਕ ਵਿਚ ਸ੍ਰੋਵਰ ਸਿੱਟਦੇ, ਉਹਦੀਆਂ ਹਡੀਆਂ ਇੱਲਾਂ ਕਾਂ

ਅਸੀਂ ਬੁੱਚੜ ਮਾਰੇ ਏਸ ਲਈ, ਉਹ ਮਾਰਨ ਸਾਡੀ ਮਾਂ
ਸਾਡੀ ਅਣਖ ਨੂੰ ਤੁਸੀਂ ਵੰਗਾਰਿਆ, ਕੀ ਹੋਇਆ ਜੇ ਹੋਏ ਗ਼ੁਲਾਮ
ਅਸੀਂ ਸਿੰਘ ਹਾਂ ਗੁਰੂ ਦਸਮੇਸ਼ ਦੇ, ਕੋਈ ਬੰਦੇ ਨਹੀਂ ਜੇ ਆਮ
ਜਿਸ ਮੁਗ਼ਲ ਰਾਜ ਦੀ ਹਿੰਦ ਚੋਂ, ਜੜ੍ਹ ਦਿਤੀ ਮੁੱਢੋਂ ਪੁੱਟ
ਜਿਸ ਅਮਰ ਕੀਤਾ ਇਨਸਾਨ ਨੂੰ, ਦੇ ਅੰਮ੍ਰਿਤ ਦਾ ਇੱਕ ਘੁੱਟ
ਤੁਸੀਂ ਹੱਟੀ ਗਊ ਦੇ ਮਾਸ ਦੀ, ਲਿਆ ਪਾਈ ਸ੍ਰੋਵਰ ਨਾਲ
ਅਸੀਂ ਅਰਜ਼ੀਆਂ ਦੇ ਦੇ ਥੱਕ ਗਏ, ਅੱਜ ਹੋ ਗਏ ਚੌਦਾਂ ਸਾਲ
ਹੈ ਅਜੇ ਵੀ ਮੁੜ ਨਾ ਲਾਉਣੀ, ਤੁਸੀਂ ਉਸ ਥਾਂ ਓਹ ਦੁਕਾਨ
ਨਹੀਂ ਤੇ ਯਾਦ ਰਖੋ ਹੋ ਜਾਇਗਾ, ਕੋਈ ਬਹੁਤ ਵੱਡਾ ਨੁਕਸਾਨ
ਹੈ ਅੰਤ ਸਮੇਂ ਦੀ ਇਹ ਇੱਕ, ਜੇ ਪੂਰੀ ਕਰ ਦਿਓ ਮੰਗ
ਜੇ ਅਜੇ ਨਾ ਕੀਤੀ ਅਕਲ ਕੁਝ, ਫਿਰ ਉਠੇ ਭਾਰੀ ਕੰਗ
ਹੈ ਕਾਇਮ ਸਿਰ ਤੇ ਗਊ ਦੇ, ਇਹ ਸਾਰਾ ਸਾਜ ਸਮਾਜ
ਜੇ ਢੱਗੇ ਮਿਲੇ ਨਾ ਜੱਟ ਨੂੰ, ਕਿਥੋਂ ਪੈਦਾ ਕਰੂ ਅਨਾਜ
ਕਿਵੇਂ ਦਊ ਤੁਹਾਨੂੰ ਮਾਮਲੇ, ਕਿਵੇਂ ਕਰੂ ਪੂਰੀ ਫ਼ਰਮੈਸ਼
ਜਦ ਜਨਤਾ ਭੁੱਖੀ ਮਰੇਗੀ, ਤੁਹਾਨੂੰ ਕੌਣ ਕਰਾਊ ਐਸ਼
ਜੇ ਕਰਨਾ ਰਾਜ ਪੰਜਾਬ ਵਿਚ, ਸਾਡੀ ਗੱਲ ਰਖੋ ਇਹ ਯਾਦ
ਤੁਸੀਂ ਬੁੱਚੜਖਾਨੇ ਤੋਰ ਕੇ, ਨਾ ਛੇੜੋ ਇਹ ਉਪਾਧ
ਅਸੀਂ ਬੁੱਚੜ ਮਾਰੇ ਇਸ ਲਈ, ਤੁਸੀਂ ਫੜ੍ਹੇ ਬੇਦੋਸ਼ੇ ਹੋਰ
ਤੁਸੀਂ ਲਏ ਗਰੀਬ ਮਨਾ ਉਹ, ਲਾ ਅਪਣਾ ਸਾਰਾ ਜੋਰ
ਜੇ ਅਸੀਂ ਨਾ ਆਂਦੇ ਚੱਲਕੇ, ਤੁਸੀਂ ਓਹ ਦੇਣੇ ਸੀ ਮਾਰ
ਅਸੀਂ ਆਏ ਆਪਣੇ ਆਪ ਨਾ, ਸਾਨੂੰ ਭੇਜਿਆ ਗੁਰ ਕਰਤਾਰ
ਸਾਡਾ ਅੰਗ ਅੰਗ ਕਰ ਦਿਓ ਵੱਖਰਾ, ਦੇਵੋ ਬੋਟੀ ਬੋਟੀ ਕੱਟ
ਸਾਨੂੰ ਮਾਰੋ ਸੂਲੀ ਚਾੜ੍ਹ ਕੇ, ਅਸੀਂ 'ਈਸੇ' ਤੋਂ ਨਹੀਂ ਜੇ ਘੱਟ
ਪਰ ਡਰ ਨਾ ਮੌਤੋਂ ਆਖੀਏ, ਸਾਨੂੰ ਪਿਆਲਾ ਦਵੋ ਸ਼ਰਾਬ
ਅਸੀਂ ਪੀਤਾ ਗੁਰੂ ਦਸਮੇਸ਼ ਤੋਂ, ਹੈ ਬਾਟਾ ਆਬਿ-ਹਯਾਤ
ਸਾਨੂੰ ਅਮਲ ਚੜ੍ਹਾ ਕੇ ਨਾਮ ਦਾ, ਕਰ ਦਿਤਾ ਸਤਿਗੁਰ ਗੁੱਟ
ਅਸੀਂ ਮੌਤੋਂ ਡਰ ਨਾ ਮੰਗੀਏ, ਇਕ ਦਓ ਸ਼ਰਾਬ ਦਾ ਘੁੱਟ
ਬਸ ਗੱਲਾਂ ਹੋਰ ਬਣਾਇਕੇ, ਨਾ ਲਾਵੋ ਬਹੁਤੀ ਦੇਰ
ਅਸੀਂ ਪੀਂਘ ਸੂਲੀ ਦੀ ਝੂਟਣੀ, ਸਾਨੂੰ ਕਰੋ ਨਾ ਇੰਞ ਅਵੇਰ

ਅਨਲਹੱਕ ਆਜ਼ਾਦੀ ਦੇਸ ਦੀ, ਅਸੀਂ ਇਸਦੇ ਅਲਮ ਬਰਦਾਰ
ਬਿਨਾਂ ਦੇਸ਼ ਸੁਤੰਤ੍ਰ ਕੀਤਿਆਂ, ਸਾਨੂੰ ਕੋਈ ਨਾ ਸਕਦਾ ਮਾਰ
ਇਕ ਰੱਸਾ ਲਿਆਵੋ ਰੇਸ਼ਮੀ, ਅਸੀਂ ਗਲ ਵਿਚ ਪਾਈਏ ਆਪ
ਅਸੀਂ ਹੱਸ ਸ਼ਹੀਦੀ ਵਰਾਂਗੇ, ਸਾਨੂੰ ਸਤਿਗੁਰ ਦਿੱਤਾ ਥਾਪ
ਸਾਨੂੰ 'ਜੀ ਆਇਆਂ ਨੂੰ' ਕਹਿਣ ਲਈ, ਕਾਹਲੇ ਪੈਣ ਸ਼ਹੀਦ
ਜੋ ਪਿਆਰੇ ਤੇ ਸਚਿਆਰੜੇ, ਪੀਰਾਂ ਦੇ ਪਾਕ ਮੁਰੀਦ
ਸਾਡੇ ਦਿਲ ਨਾ ਸੱਧਰ ਹੋਰ ਹੈ, ਕਰ ਲਏ ਜੇ ਦਰਸ ਦਰਬਾਰ
ਅਸੀਂ ਮਰਨ ਲਈ ਹੀ ਆਇ ਜੇ, ਬੱਸ ਹੋ ਤਿਆਰ ਬਰ ਤਿਆਰ
ਅਸੀਂ ਕਰੀਏ ਮਜ਼ਾਖਾਂ ਮੌਤ ਨੂੰ, ਸਾਨੂੰ ਮਾਰ ਨਾ ਸਕਦਾ ਕਾਲ
ਸਾਡੇ ਸਿਰ ਤੇ ਸਤਿਗੁਰੂ ਰਾਮ ਸਿੰਘ, ਸਾਡਾ ਰਾਖਾ ਪੁਰਖ ਅਕਾਲ
ਸਾਡੀਆਂ ਇੱਛਾਂ ਸਭੇ ਪੁੰਨੀਆਂ, ਸਾਡੇ ਲੱਗਣ ਧਰਮ ਲਈ ਸੀਸ
ਸਾਨੂੰ ਲੈਣ ਆਏ ਨੇ ਦੇਵਗਣ, ਜੋ ਭੇਜੇ ਨੇ ਜਗਦੀਸ਼
ਔਹ ! ਪਰੀਆਂ ਲਈ ਖਲੋਤੀਆਂ, ਸਾਡੇ ਬੈਠਣ ਲਈ ਬਿਬਾਣ
ਸਾਨੂੰ ਬਹੁਤੀ ਲਾਵੋ ਦੇਰ ਨਾ, ਹੁਣ ਦੇਵੋ ਜਲਦੀ ਜਾਣ
ਔਹ ! ਤੇਗ ਬਹਾਦਰ ਪਾਤਸ਼ਾਹ, ਔਹ ! ਸਤਿਗੁਰੂ ਅਰਜਨ ਦੇਵ
ਔਹ ! ਸਾਹਿਬਜ਼ਾਦੇ ਨਾਲ ਜੇ, ਹਨ ਖੜੇ ਦਸਮ ਗੁਰੂ ਦੇਵ
ਐਵੇਂ ਗੱਲੀਂ ਵਕਤ ਗੁਜ਼ਾਰਕੇ, ਨਾ ਪਾਓ ਹੋਰ ਖਲਿਹਾਰ
ਬੱਸ ਸੂਲੀ ਚਾੜ੍ਹੋ ਝਬਦੇ, ਸਾਡੀ ਬੇੜੀ ਲੱਗ ਜੇ ਪਾਰ
ਅਸੀਂ ਛੇਤੀ ਏਥੋਂ ਜਾਵੀਏ, ਲੈ ਦਿਲ ਵਿਚ ਇਹ ਉਮੰਗ
ਅਸੀਂ ਮੰਗਦੇ ਗੁਰੂ ਅਕਾਲ ਤੋਂ, ਇਹ ਅੰਤ ਸਮੇਂ ਦੀ ਮੰਗ
ਅਸੀਂ ਆਵੀਏ ਮੁੜਕੇ ਝਬਦੇ, ਤੇ ਕਰੀਏ ਕੌਮ ਆਜ਼ਾਦ
ਅਸੀਂ ਵੇਖ ਨਾ ਸਕਦੇ ਇਸ ਤਰ੍ਹਾਂ, ਇਹ ਦੇਸ਼ ਹੁੰਦਾ ਬਰਬਾਦ
ਜੇ ਕਰਨੀ ਚਾਹੋ ਸੱਚ ਮੁਚ, ਪੂਰੀ ਮਰਨ ਸਮੇਂ ਦੀ ਮੰਗ
ਸਾਨੂੰ ਲਾਵੇ ਹੱਥ ਜਲਾਦ ਨਾ, ਅਸੀਂ ਗਲੇ ਨਾ ਪਾਣੀ ਤੰਦ
ਸਾਨੂੰ ਰੱਸਾ ਲਿਆ ਦਓ ਰੇਸ਼ਮੀ, ਅਸੀਂ ਝੂਟੀਏ ਪੀਂਘ ਚੜ੍ਹਾ
ਹੱਥੀਂ ਆਪਣੀ ਪਾਈਏ ਗਲੇ ਵਿਚ, ਤੇ ਵੜੀਏ ਵੈਕੁੰਠੇ ਜਾ
ਸਾਨੂੰ ਲਾਵੇ ਬੇਗੁਰਾ ਹੱਥ ਨਾ, ਸਾਡੀ ਲੋਥ ਵੀ ਛੇੜੇ ਨਾ
ਅਸੀਂ ਅੱਗੇ ਗ਼ੁਲਾਮੀਓਂ ਜਿੱਚ ਹਾਂ, ਸਾਨੂੰ ਹੋਰ ਕੋਈ ਫੇੜੇ ਨਾ
ਅਸੀਂ ਕਰੀਏ ਮਜ਼ਾਖ਼ਾਂ ਮੌਤ ਨੂੰ, ਸਾਨੂੰ ਲੋਕੀ ਵੇਖਣ ਔਣ

ਓਹ ਪੁੱਛਣ ਗਲ ਜੇ ਤੁਸਾਂ ਨੂੰ, ਇਹ ਮਰੇ ਪਏ ਜੇ ਕੌਣ
ਤੁਸੀਂ ਦੱਸਣਾ ਬਾਗ਼ੀ ਸਨ ਇਹ, ਜਿਨ੍ਹਾਂ ਮੰਨੀ ਨਾ ਸਾਡੀ ਈਨ
ਇਹ ਹੈਸਨ ਪਾਗਲ ਸੱਚ ਮੁੱਚ, ਜਿਨ੍ਹਾਂ ਛੱਡਿਆ ਨਾ ਅਪਣਾ ਦੀਨ
'ਆਲਰਾਈਟ' ਆਖਕੇ ਤੁਰ ਗਿਆ, ਗੋਰੇ ਕਰ ਦਿਤਾ ਪਰਬੰਧ
ਇਕ ਰੱਸਾ ਵਟ ਕੇ ਰੇਸ਼ਮੀ, ਨਾਲ ਬੋਹੜ ਦਿਤਾ ਜੇ ਬੰਧ
ਰਾਮ ਬਾਗ ਦੇ ਬਾਹਰ ਦਰਵਾਜਿਓਂ, ਇਕ ਬੋਹੜ ਦਾ ਰੁੱਖ ਤਾੜ
ਪਾ ਰੱਸਾ ਉਸ ਵਿਚ ਰੇਸ਼ਮੀ, ਕਰ ਦਿਤਾ ਫੰਦਾ ਤਿਆਰ
ਪੈਰਾਂ ਹੇਠ ਟੋਆ ਇਕ ਪੁੱਟ ਕੇ, ਉਤੇ ਤਖ਼ਤਾ ਦਿਤਾ ਟਿਕਾ
ਵਿਚ ਸੁਰਖ਼ ਫਰਾਹੀ ਗੰਢ ਪਾ, ਸਿੰਘ ਕੋਲ ਖਲ੍ਹਾਰੇ ਲਿਆ
ਰੱਸਾ ਚੁੰਮਿਆਂ ਵਿਚ ਉਤਸ਼ਾਹ ਭਰ, ਚਾਰੇ ਹੋ ਤਿਆਰ ਬਰ ਤਿਆਰ
ਗਲ ਪਾ ਪੱਲਾ ਹੱਥ ਜੋੜ ਕੇ, ਮੂੰਹ ਕਰ ਵਲ ਸ੍ਰੀ ਦਰਬਾਰ
ਕੀਤੀ ਅੰਤ ਸਮੇਂ ਹੋ 'ਕੱਠਿਆਂ, ਰਲ ਚੌਹਾਂ ਨੇ ਅਰਦਾਸ
ਸਾਨੂੰ ਗੁਰੂ ਗਰੀਬ ਨਿਵਾਜ ਜੀ, ਦੇਣਾ ਚਰਨਾਂ ਵਿਚ ਨਿਵਾਸ
ਸਾਡੇ ਗੁਣ ਅਵਗੁਣ ਨਾ ਵੇਖਣੇ, ਸਾਡੇ ਸਿਰ ਤੇ ਰਖਣਾ ਹੱਥ
ਅਸੀਂ ਅਲਕ ਢੱਗੇ ਸਾਂ ਮਾਰ ਖੋਰ, ਤੁਸਾਂ ਪਾਈ ਨਾਮ ਦੀ ਨੱਥ
ਅਸੀਂ ਘੱਲੇ ਤੁਹਾਡੇ ਆਇ ਸਾਂ, ਜਦ ਚਾਹਿਆ ਲਏ ਬੁਲਾ
ਸਾਡੀ ਮੰਗ ਇਹ ਹੈ ਸਤਿਗੁਰੂ ਜੀ, ਅਸੀਂ ਜਾਵੀਏ ਛੇਤੀ ਆ
ਜਿੰਨਾ ਚਿਰ ਨਾ ਗਊ ਗਰੀਬ ਦੇ, ਗਲੋਂ ਛੁਰੀ ਹੋ ਜਾਵੇ ਦੂਰ
ਤੁਸੀਂ ਇੰਞ ਹੀ ਬੇੜੇ ਚਾੜ੍ਹਕੇ, ਸਾਡੇ ਭਰ-ਭਰ ਤੋਰਨੇ ਪੂਰ
ਜੇ ਧਰਮ ਅਧਰਮ ਵੀ ਛੱਡ ਦਈਏ, ਹੈ ਇਹ ਆਰਥਕ ਮਸਲਾ ਸਾਰ
ਕਿਵੇਂ ਹੋਊ ਉਪਜ ਅਨਾਜ ਦੀ, ਕਿਵੇਂ ਤੁਰੂ ਵਾਹੀ ਦੀ ਕਾਰ
ਬਿਨਾਂ ਅੰਨ ਦੇ ਭੁੱਖੀ ਮਰੇਗੀ, ਸੋਨੇ ਦੀ ਚਿੜੀ ਪੰਜਾਬ
ਲਾ ਬੁੱਚੜਖਾਨੇ ਥਾਂ ਥਾਂ, ਕਰ ਦਿਤੀ ਜੋ ਬਰਬਾਦ
ਚਾਰੇ ਚਰਨੀ ਨਿਵੇਂ ਇਕ ਦੂਏ ਦੀ, ਪਾ ਜੱਫੀਆਂ ਕੀਤਾ ਪਿਆਰ
ਆਪੋ ਆਪਣੇ ਰੱਸੇ ਗਲੇ ਪਾ, ਲਏ ਖੁਸ਼ੀ ਨਾ ਪੈਰ ਉਲਾਰ
ਕਈ ਝੂਟੇ ਲਏ ਲਹਿਣਾ ਸਿੰਘ ਨੇ, ਪਰ ਨਿਕਲੇ ਨਹੀਂ ਪਰਾਨ
ਗੰਡਾ ਸਿੰਘ ਖਲੋਤਾ ਕੋਲ ਜੋ, ਸੀ ਸਕਾ ਭਰਾ ਜੁਆਨ
ਉਸ ਪੁੱਛਿਆ ਕਿ ਭਰਾ ਜੀ, ਕਿਉਂ ਨਹੀਂ ਰਹੇ ਜੇ ਮਰ ?
ਕਿਹਾ ਝੂਟਾ ਮੈਨੂੰ ਆਇ ਜਦ, ਗਾਂਈਂ ਸਿੰਗ ਦੇਣ ਹੇਠ ਕਰ

ਮੇਰੇ ਪੈਰਾਂ ਹੇਠ ਨੇ ਗਾਂਈਆਂ, ਦੇ ਰਹੀਆਂ ਖਲੋਤੀਆਂ ਸਿੰਗ
ਓਹ ਨਿਕਲਣ ਦੇਣ ਪ੍ਰਾਨ ਨਾ, ਨਾਲ ਪਿਆਰ ਦੇ ਰਹੀਆਂ ਰਿੰਗ
ਤੁਸੀਂ ਸਤਿਗੁਰੂ ਅਗੇ ਹੱਥ ਜੋੜ, ਹੁਣ ਫੇਰ ਕਰੋ ਅਰਦਾਸ
ਹੇ ਸਤਿਗੁਰੂ ਰੋਕੋ ਇਨ੍ਹਾਂ ਨੂੰ, ਕੰਮ ਹੋਣ ਦੇਣ ਇਹ ਰਾਸ
ਸੁਣ ਗੰਡਾ ਸਿੰਘ ਭਰਾ ਨੇ, ਫਿਰ ਅਰਜ਼ ਕਰੀ ਹੱਥ ਜੋੜ
ਹੇ ਸਤਿਗੁਰੂ ! ਲਹਿਣਾ ਸਿੰਘ ਦਾ, ਹੁਣ ਸਿਦਕ ਨਿਭਾਵੋ ਤੋੜ
ਓਨ੍ਹਾਂ ਝੂਟਾ ਲਿਆ ਅਖ਼ੀਰਲਾ, ਜਾ ਪੁੱਜ ਗਏ ਗੁਰੂ ਦੁਆਰ
ਰਲ ਫੁੱਲ ਵਰਸਾਏ ਦਿਉਤਿਆਂ, ਨਾਲੇ ਕਰ ਰਹੇ ਜੈ ਜੈ ਕਾਰ
ਇਹ ਭਾਰਤ ਮਾਂ ਦੇ ਲਾਲ ਸਨ, ਗਏ ਓਸ ਤੋਂ ਹੋ ਬਲਿਹਾਰ
ਬੂਹਾ ਖੋਲ੍ਹ ਅਜ਼ਾਦੀ ਦਾ ਗਏ, ਕੀਤੇ ਚੌਪਟ ਬੰਦ ਦੁਆਰ
ਪਿਛੇ ਖਾਲੀ ਪਿੰਜਰਾ ਰਹਿ ਗਿਆ, ਗਿਆ ਪੰਖ ਉਡਾਰੀ ਮਾਰ
ਲੋਕੀਂ ਵੇਖਣ ਵਾਲੇ ਰੋ ਰਹੇ, ਗਏ ਸੂਰਮੇ ਸੁਰਗ ਸੁਧਾਰ
ਉਤੋਂ ਫ਼ਾਂਸੀ ਲਾਹ ਸਰਬੰਧੀਆਂ, ਕੀਤੀ ਅੰਤ ਸਮੇਂ ਦੀ ਕਾਰ
ਹੋਈਆਂ ਖ਼ਬਰਾਂ ਸਾਰੇ ਦੇਸ਼ ਵਿਚ, ਅਤੇ ਮਚ ਗਈ ਹਾਹਾ ਕਾਰ
ਕੀਤਾ ਜ਼ੁਲਮ ਹੈ ਗੋਰਿਆਂ ਪੁੱਜ ਇਹ, ਗਈ ਉਨ੍ਹਾਂ ਦੀ ਮਾਰੀ ਮੱਤ
ਬੇੜਾ ਡੁੱਬੇਗਾ ਭਰ ਅੰਗ੍ਰੇਜ਼ ਦਾ, ਇਸ ਚੁਕੀ ਹੈ ਡਾਢੀ ਅੱਤ
ਮਾਈ ਹਾਕਮ ਸਿੰਘ ਦੀ, ਸੁਣਕੇ ਸਾਰਾ ਹਾਲ
ਗੱਡਾ ਭਰ ਕੇ ਲੱਕੜਾਂ, ਮੌੜਿਆਂ ਤੋਂ ਲਿਆ ਨਾਲ
ਕੀਰਤਨ ਕਰਦੀ ਤੁਰ ਪਈ, ਅੰਮ੍ਰਿਤਸਰ ਦੇ ਵੱਲ
ਲੋਕੀ ਪੁਛਦੇ ਦੱਸਦੀ, ਨਾਲ ਠਰ੍ਹੰਮੇ ਗੱਲ
ਤੈਨੂੰ ਕੀਕਰ ਸੁੱਝਦਾ, ਗਾਣਾ ਮਾਈ ਦੱਸ ?
ਪੁੱਤਰ ਤੇਰਾ ਮਰ ਗਿਆ, ਪੈ ਅੰਗ੍ਰੇਜ਼ਾਂ ਵੱਸ
ਮਰਿਆ ਮੇਰਾ ਪੁੱਤ ਨਹੀਂ, ਸੁਣ ਲਓ ਲੋਕ ਅੰਜਾਣ
ਦਿਤੇ ਉਸ ਨੇ ਦੇਸ਼ ਹਿੱਤ, ਵਾਰ ਆਪਣੇ ਪ੍ਰਾਣ
ਮੈਂ ਸਪੁੱਤੀ ਹੋ ਗਈ, ਮੇਰਾ ਹਾਕਮ ਸ਼ੇਰ
ਤੁਰ ਗਿਆ ਖ਼ਾਤਰ ਧਰਮ ਦੀ, ਜਲਦੀ ਆਵੇ ਫੇਰ
ਚੀਨੀ ਵਾਲੇ ਦੇ ਲਾਲ ਨੂੰ, ਮਾਰ ਨਾ ਸੱਕੇ ਕਾਲ
ਰਾਖਾ ਦਸਵਾਂ ਪਾਤਸ਼ਾਹ, ਤੇ ਵਾਲੀ ਪੁਰਖ ਅਕਾਲ
ਜਿੰਨਾ ਚਿਰ ਛੱਡ ਜਾਣ ਨਾ, ਗੋਰੇ ਸਾਡਾ ਦੇਸ਼

ਤਦ ਤੀਕ ਮੇਰੇ ਲਾਲ ਇਹ, ਰਹਿਣ ਬਦਲਦੇ ਵੇਸ
ਬਾਲੀ ਏਨ੍ਹਾਂ ਅਗ ਅੱਜ, ਮੱਚੇ ਲਾਟਾਂ ਛੱਡ
ਇਕ ਦਿਨ ਇਹ ਅੰਗ੍ਰੇਜ਼ ਨੂੰ, ਸਾੜੇ ਭਾਂਬੜ ਕੱਢ
ਸ਼ਹੀਦਾਂ ਦੇ ਜੋ ਹੋਰ ਵੀ, ਹੈਸਨ ਰਿਸ਼ਤੇਦਾਰ
ਕੀਤਾ ਕੀਰਤਨ ਕਰਦਿਆਂ, ਅੰਮ੍ਰਿਤਸਰ ਸਸਕਾਰ।

************************

(26)
# ਰਾਇਕੋਟ ਦਾ ਸਾਕਾ

ਕਬਿਤ - ਮਾਲਵੇ ਦੇ ਸਿੰਘ ਪਿਥੋ ਮੰਡੀ ਛੀਨੀਵਾਲ ਵਾਲੇ,
ਅਟਕੇ ਅਰਾਮ ਲਈ ਟਾਲ੍ਹੀ ਸਾਹਿਬ ਆਣ ਕੇ ।
ਰਾਇਕੋਟ ਵਿਚ ਦਸਮ ਗੁਰੂ ਦਰਬਾਰ ਇਹ,
ਰਾਇਕੱਲ੍ਹਾ ਫੜ੍ਹਿਆ ਸੀ ਪੱਲਾ ਅੱਲਾ ਜਾਣ ਕੇ ।
ਇਸੇ ਥਾਂ ਹੀ ਮਾਹੀ ਸਾਹਿਬਜਾਦਿਆਂ ਤੇ ਮਾਈ ਜੀ ਦੀ,
ਦੱਸੀ ਸੀ ਖ਼ਬਰ ਸਰਹਿੰਦ ਤੋਂ ਲਿਆਣ ਕੇ।
ਗੁਰੂ ਦੁਆਰ ਵਾਸੀਆਂ ਤੇ ਛਾਈਆਂ ਉਦਾਸੀਆਂ ਕਿਉਂ ?
ਪੁੱਛਿਆ ਸੀ ਖਾਲਸੇ ਪੁਜਾਰੀਆਂ ਪਛਾਣ ਕੇ ।
ਦੱਸੋ ! ਸਿੰਘ ਸਾਹਿਬ ਕੀ ਝੇਰਾ ਜੇਰਾ ਕਰੋ ਕੁਝ,
ਚਿਹਰੇ ਉਤੇ ਖੇੜਾ ਨਹੀਂ ਦਿਸਦੇ ਉਦਾਸ ਹੋ ?
ਲਭਦੇ ਭੰਡਾਰ ਆਟਾ ਦਾਲ ਘਿਉ ਖੰਡ ਭਰੇ,
ਘਾਟਾ ਕਿਸੇ ਸ਼ੈ ਦਾ ਨਾ ਫੇਰ ਕਿਉਂ ਨਿਰਾਸ ਹੋ ?
ਦੁਖੜਾ ਵੰਡਾਈਏ ਅਸੀਂ ਦੱਸੋ ਸਾਨੂੰ ਜੋ ਤੁਸੀਂ,
ਕਿਉਂਕਿ ਤੁਸੀਂ ਗੁਰੂ ਦਸਮੇਸ਼ ਜੀ ਦੇ ਦਾਸ ਹੋ !
ਸਾਨੂੰ ਸਤਕਾਰ ਹੈ ਪਿਆਰ ਪਰਵਾਰ ਵਾਂਗ,
ਸੇਵਾਦਾਰ ਤੁਸੀਂ ਦਰਬਾਰ ਏਸ ਖ਼ਾਸ ਹੋ !
ਕੋਈ ਨਹੀਂ ਭੁੱਖ ਦੁੱਖ ਹੈਨ ਸਾਨੂੰ ਸਾਰੇ ਸੁਖ,
ਦੱਸੀਏ ਵੀ ਕੀ ਕੋਈ ਸਕਦਾ ਨਿਵਾਰ ਨਾ ?
ਗਏ ਕਈ ਪੁੱਛ ਪਰ ਕਾਰੀ ਨਹੀਂ ਕੀਤੀ ਕੁਛ,
ਮਿਲਕੇ ਓਹ ਗਏ ਸਗੋਂ ਸਾਨੂੰ ਜਾਂਦੀ ਵਾਰ ਨਾ ?

ਇਹੋ ਜੇਹੀ ਗੱਲ ਨਹੀਂ ਪੰਥ ਵਿਚ ਅੱਜ ਕੱਲ੍ਹ,
ਰਹਿੰਦੀ ਜੇ ਫੇਰ ਇਸੇ ਸਕਦਾ ਕੋਈ ਮਾਰ ਨਾ !
ਕਰੇ ਦੁੱਖ ਦੂਰ ਜੇੜ੍ਹਾ ਖਾ ਰਿਹਾ ਹੈ ਸਾਨੂੰ ਘੂਰ,
ਦਈਏ ਸਰਵੰਸ ਓਨ੍ਹਾਂ ਚਰਨਾਂ ਤੋਂ ਵਾਰ ਨਾ ?

ਸਿੰਘਾਂ ਕਿਹਾ ਖੋਲ੍ਹ ਦੱਸੋ ਬੋਲ ਸਾਡੇ ਕੌਲ ਸਭ,
ਕਰੀਏ ਕਰਾਰ ਦਰਬਾਰ ਨੂੰ ਸਿੰਜਾਣ ਕੇ ।
ਲਾਈਏ ਪੂਰਾ ਟਿੱਲ ਢਿੱਲ ਕਰੀਏ ਨਾ ਦਿਲ ਲਾ ਕੇ,
ਦੁੱਖੜਾ ਵੰਡਾਈਏ ਵੀਰ ਆਪਣੇ ਪਛਾਣ ਕੇ ।
ਚੜ੍ਹ ਜਾਈਏ ਫਾਸੀ ਲੋਕੀ ਕਰਨ ਬੇਸ਼ੱਕ ਹਾਸੀ,
ਸੁਖਾਂ ਵਾਲੀ ਰਾਸੀ ਦਈਏ ਤੁਸਾਂ ਨੂੰ ਲਿਆਣ ਕੇ ।
ਕਿਹਾ ਓਨ੍ਹਾਂ ਗੋਰੇ ਨੇ ਮਲੇਛ ਸਾਡੇ ਦੇਸ਼ ਆਏ,
ਲਾਏ ਨੇ ਬੁਚੜਖਾਨੇ ਓਨ੍ਹਾਂ ਏਥੇ ਆਣਕੇ ।

ਇੱਲਾਂ ਕਾਂ ਹੱਡ ਚੁੱਕ ਸੁਟਦੇ ਨੇ ਥੁੱਕ ਥੁੱਕ,
ਹੂੰਜਦੇ ਹਾਂ ਬੁੱਕ ਬੁੱਕ ਵਿਚੋਂ ਦਰਬਾਰ ਦੇ ।
ਚੱਲਦਾ ਨਾ ਚਾਰਾ ਤੇ ਸਹਾਰਾ ਭਾਰਾ ਲੱਭਦਾ ਨਾ,
ਰੋਏ ਪਿਟੇ ਕਈ ਵਾਰ ਅੱਗੇ ਸਰਕਾਰ ਦੇ ।

ਰਾਇਕੱਲੇ[139] ਦੀ ਹੈ ਔਲਾਦ ਦਾ ਫ਼ਸਾਦ ਇਹ,
ਫੜ੍ਹੇ ਸੀ ਚਰਨ ਜਿਸ ਦਸਵੇਂ ਅਵਤਾਰ ਦੇ ।
ਲਾ ਕੇ ਸਾਰਾ ਜੋਰ ਓਨ੍ਹਾਂ ਤੋਰਤਾ ਬੁੱਚੜਖਾਨਾ,
ਹੋਇ ਹਾਂ ਹੈਰਾਨ ਰੰਗ ਵੇਖ ਕਰਤਾਰ ਦੇ ।

ਇਹੋ ਵੱਡਾ ਦੁੱਖ ਹੱਡ ਖਾਵੇ ਸਾਡੇ ਵੱਢ ਵੱਢ,
ਹੋਰ ਕਿਸੇ ਗੱਲੋਂ ਸਿੰਘੋ ਅਸੀਂ ਮਜ਼ਬੂਰ ਨਾ ।
ਦਿਸਦੇ ਨਰਾਸ ਹਾਂ ਉਦਾਸ ਪਈ ਫਾਸ ਦਾਸ,
ਕਰੋ ਜੇ ਖਲਾਸ ਹੈ ਵਲਾਸ ਇਹ ਕੂਰ ਨਾ ।

---

[139] ਰਾਇ ਕੱਲੇ ਦੀ ਉਲਾਦ ਜੇ ਬੁੱਚੜਖਾਨਾ ਖੁਲ੍ਹਾਉਣ ਵਾਲੀ ਹੁੰਦੀ ਤਾਂ ਉਹ ਦਸਵੇਂ ਪਾਤਸ਼ਾਹ ਦੀ ਬਖਸ਼ੀ ਹੋਈ ਸ਼ਸ਼ਤਰ ਰੂਪੀ ਨਿਸ਼ਾਨੀ (ਤਲਵਾਰ) ਸਤਿਗੁਰੂ ਰਾਮ ਸਿੰਘ ਜੀ ਨੂੰ ਦੇਣ ਵਾਸਤੇ ਕਿਉਂ ਆਉਂਦੇ, ਜੋ ਉਹਨਾਂ ਕਿਹਾ ਸੀ, ਸਾਹਿਬਾਂ ਦੇ ਹੋਰ ਸ਼ਸਤਰਾਂ ਵਾਲੀ ਜਗ੍ਹਾ ਸ੍ਰੀ ਆਨੰਦ ਪੁਰ ਸਾਹਿਬ ਪੁਚਾ ਦਿਉ। ਬੁੱਚੜਖਾਨੇ ਖੁਲ੍ਹਾਉਣ ਦੀ ਕਾਰਵਾਈ ਨਿਰੋਲ ਰੂਪ ਵਿਚ ਅੰਗ੍ਰੇਜ਼ ਸਰਕਾਰ ਦੀ ਵੰਡ ਪਾਉਣ ਤੇ ਰਾਜ ਕਰਨ ਦੀ ਨੀਤੀ ਦਾ ਹਿੱਸਾ ਸੀ।

ਕਸਮ ਖਾ ਆਖਦੇ ਹਾਂ ਦਸਮ ਗੁਰੂ ਦੀ ਅਸੀਂ,
ਖਸਮ ਦੇ ਬਾਝ ਮੁਹਿਤਾਜ ਹੋ ਕੇ ਝੂਰਨਾ ।
ਜਿੰਨਾ ਚਿਰ ਵੇਖ ਨਾ ਕਰਾਰੇ ਇਹ ਤਰਾਰੇ ਲੈਣ,
ਫੋਕੀਆਂ ਗੱਲਾਂ ਦੇ ਨਾਲ ਬਾਜ ਆਣ ਸੂਰ ਨਾ ।

ਇਹੋ ਇਕ ਦੁੱਖ ਹੋਰ ਸਾਰੇ ਸੁਖ, ਨਹੀਂ ਭੁੱਖ,
ਕਰ ਦਿਓ ਦੂਰ ਜੇ ਤੁਹਾਡੇ ਵਿਚ ਜਾਨ ਹੈ
ਹੋਰ ਬਣੇ ਦਾਸ ਨੇ ਮਲੇਛ ਦੇ ਵਿਸ਼ੇਸ਼ ਸਭ,

ਭਰੀ ਦਿਲ ਕੂਟ ਜੂਠ ਝੂਠ ਇਸ ਸ਼ੈਤਾਨ ਹੈ
ਕਰਦੇ ਹੜੱਪ ਅੰਗ੍ਰੇਜ਼ ਦੀ ਝੜੱਪ ਨਾਲ,
ਰਿਹਾ ਕਿਸੇ ਬੰਦੇ ਦਾ ਨਾ ਸਾਬਤ ਈਮਾਨ ਹੈ
ਲੱਗੇ ਨੇ ਅਭੱਖ ਭੱਖ ਖਾਣ ਸਾਰੇ ਮਾਣ ਕਰ,
ਰਹੀ ਕਿਸੇ ਚੀਜ਼ ਦੀ ਨਾ ਕਿਸੇ ਨੂੰ ਵੀ ਆਨ ਹੈ

ਧੀਰ ਧਰੋ ਸਿੰਘ ਜੀ ਇਹ ਪੰਥ ਗੁਰੂ ਦਸਮ ਦਾ ਹੈ,
ਖਸਮ ਹੈਂ ਓਹ ਜੀਹਦੀ ਰਸਮ ਮਹਾਨ ਹੈ ।
ਦੋਖ ਗਊ ਘਾਤ ਦਾ ਮਿਟਾਨ ਸਨ ਆਪ ਆਏ,
ਆਖਦਾ ਹੈ ਬਾਤ ਭਾਂਤ ਸਾਰਾ ਹੀ ਜਹਾਨ ਹੈ ।
ਪੰਥ ਦਾ ਓਹ ਵਾਲੀ ਮਾਲੀ ਪਾਲੀ ਦੋ ਜਹਾਨ ਦਾ ਹੈ,
ਸਭ ਤੋਂ ਨਿਰਾਲੀ ਆਲੀ ਓਸ ਵਾਲੀ ਸ਼ਾਨ ਹੈ
ਆਇਆ ਇਸ ਵਾਰ ਭੈਣੀ ਵਿਚ ਅਵਤਾਰ ਧਾਰ,
ਪਾਈ ਜਿਸ ਮਰੀ ਹੋਈ ਕੌਮ ਵਿਚ ਜਾਨ ਹੈ ।

ਦਰਸ ਦੀਦਾਰ ਠਾਰ ਅਖੀਆਂ ਨਿਹਾਰ ਸਾਰ,
ਕਰਾਂਗੇ ਸਹਾਰ ਨਹੀਂ ਕਾਰ ਭਾਰ ਕਰਾਂਗੇ ।
ਬੁੱਚੜਾਂ ਨੂੰ ਮਾਰਾਂਗੇ ਸਹਾਰਾਂਗੇ ਬੇਗ਼ੈਰਤੀ ਨਾ,
ਗਊ ਘਾਤ ਹਰਾਂਗੇ ਜਾਂ ਆ ਕੇ ਮਾਰ ਮਰਾਂਗੇ ।
ਪਾਵਾਂਗੇ ਸ਼ਹੀਦੀਆਂ ਤਕੀਦੀਆਂ ਦਿਆਂਗੇ ਕਰ,

ਗੀਦੀਆਂ ਦੇ ਵਾਂਗ ਨਾ ਗ਼ੁਲਾਮੀ ਹੋਰ ਜਰਾਂਗੇ ।
ਕਰਾਂਗੇ ਆਜ਼ਾਦ ਦੇਸ਼ ਵੇਸ ਲਾਹ ਗ਼ੁਲਾਮੀ ਭੇਸ,
ਵੱਢ ਸਿਰ ਤਲੀ ਗਲੀ ਏਸ ਵਾਲੀ ਧਰਾਂਗੇ ।

ਤੁਰ ਗਏ ਤਾਜਪੁਰ ਵਿਚੀਂ ਗੁਜਰਵਾਲ ਵੱਲ,
ਪੁਜ ਗਏ ਭੈਣੀ ਸਾਹਿਬ ਵਿਚ ਦਰਬਾਰ ਜਾ
ਕੀਤੇ ਜਾ ਦੀਦਾਰ ਚੀਨੀ ਵਾਲੀ ਸਰਕਾਰ ਦੇ ਸੀ,
ਸੀਨੇ ਪਾਈ ਠੰਡ ਲਈਆਂ ਅੱਖੀਆਂ ਸੀ ਠਾਰ ਜਾ
ਹਾਲ ਰਾਇਕੋਟ ਦਾ ਬਹਾਲ ਕੇ ਸ਼ਹੀਦੀ ਜਥਾ,
ਦੱਸਿਆ ਸੀ ਖੋਲ੍ਹ ਕੋਲ ਸਾਰਾ ਜਥੇਦਾਰ ਜਾ ।
ਓਨ੍ਹਾਂ ਕਿਹਾ ਭਾਈ ਜਾ ਸਫ਼ਾਈ ਕਰੋ ਬੁੱਚੜਾਂ ਦੀ,
ਵੱਗ ਰਾਮ ਗਊਆਂ ਦਾ ਬਚਾਓ ਜਾਂਦੀ ਵਾਰ ਜਾ ।

ਕਰਕੇ ਦੀਦਾਰਾ ਤੇ ਵਿਚਾਰਾ ਲੈ ਸਹਾਰਾ ਇੱਕ,
ਲਿਆ ਅੜਬੰਗੀ ਭਗਵਾਨ ਸਿੰਘ ਨਾਲ ਹੈ ।
ਮਾਝੇ ਦਾ ਸੀ ਸੂਰਮਾ ਮਰ੍ਹਾਣੇ ਪਿੰਡ ਜੰਮਿਆ ਸੀ,
ਡਰ ਭੈ ਨਾ ਰਤੀ ਅਤੀ ਹੌਸਲਾ ਕਮਾਲ ਹੈ ।
ਰਾਤ ਜੇ ਹਨੇਰੀ ਹੋਵੇ ਮੰਜੇ ਤੇ ਹੋ ਵੈਰੀ ਸੁਤਾ,
ਬਾਹੀ ਉਤੇ ਲੱਗ ਤੇਗ ਟੁੱਟੇ ਹੋ ਦੁਫ਼ਾਲ ਹੈ ।
ਖੜਕੇ ਸਰ੍ਹਾਣੇ ਵਾਰ ਕਰੇ ਜਿਉਂ ਮੁਹਾਣੇ ਵਾਂਗ
ਕਰੇ ਬੇੜਾ ਪਾਰ ਤੇ ਲੈ ਜਾਵੇ ਨਾਲ ਕਾਲ ਹੈ ।

ਕਰ ਉਪਦੇਸ਼ ਨਿਰਦੇਸ਼ ਇਹ ਵਿਸ਼ੇਸ਼ ਗੁਰਾਂ,
ਕਿਹਾ ਇਕ ਵਾਰ ਹੈਸੀ ਵਿਚ ਗੁਫ਼ਤਾਰ ਦੇ ।
ਜਾਣਦੇ ਸੀ ਵਾਰ ਤਲਵਾਰ ਕਿਵੇਂ ਕਰੀਦਾ ਹੈ,
ਹੱਥ ਸੀ ਭਲੱਥ ਵਾਲੇ ਪੂਰੇ ਸਰਕਾਰ ਦੇ ।
ਪੱਲੇ ਲਈ ਬੰਨ੍ਹ ਸਿੰਘਾਂ ਸੁਣ ਇਹ ਗੱਲ ਮੰਨ,
ਰਾਇ ਕੋਟ ਵਲ ਤੁਰੇ ਕਦਮ ਉਲਾਰਦੇ ।
ਮੰਗਲ ਸਿੰਘ ਗੁਰਮੁਖ-ਸਿੰਘ-ਮਸਤਾਨ ਨਾਲ,

ਕਾਨ੍ਹਾਂ ਤੇ ਦਲੇਲੂ ਜੇਹੇ ਪਾਮਰ ਗਦਾਰ ਦੇ ।

ਕਿਹਾ ਅੜਬੰਗੀ ਹੈ ਫ਼ਰੰਗੀ ਦੀ ਦੁਰੰਗੀ ਚਾਲ,
ਚੰਗੀ ਨਹੀਂ ਚਾਲ ਮੈਨੂੰ ਏਨ੍ਹਾਂ ਵਾਲੀ ਜਾਪਦੀ ।
ਪਾਪੀ ਹੈ ਏਹ ਕਾਨ੍ਹਾਂ ਪਾਮਰ ਪਲੀਤ ਅਤੀ,
ਪਤਿਤ ਦਲੇਲੂ ਨੀਤ ਰੱਖਦੇ ਨੇ ਪਾਪ ਦੀ ।
ਏਨ੍ਹਾਂ ਨੂੰ ਨਾ ਲਓ ਨਾਲ ਗਲ ਨਾ ਦੱਸੋ ਰਵਾਲ,
ਏਨ੍ਹਾਂ ਦੀ ਦਲੀਲ ਕੁਝ ਓਪਰੀ ਜਿਹੀ ਭਾਪਦੀ ।
ਇਹੋ ਜਿਹਾ ਕੰਮ ਕੋਈ ਕਰਨਾ ਜ਼ਰੂਰੀ ਹੋਵੇ,
ਲਈਏ ਮਨਜ਼ੂਰੀ ਨਹੀਂ ਸਕੇ ਭਾਈ ਬਾਪ ਦੀ ।

ਚਲੇ ਜਾਣ ਨਾਲ ਤਾਂ ਵਗਾੜ ਸਾਡਾ ਲੈਣ ਕੀ ਏ,
ਦਿੱਤਾ ਸੀ ਜਵਾਬ ਅਗੋਂ ਓਨ੍ਹਾਂ ਅੜਬੰਗੀ ਨੂੰ ।
ਡਰ ਇਸੇ ਗਲ ਦਾ ਨਾ ਕਰਨ ਖਰਾਬੀ ਕੋਈ,
ਦੱਸ ਦੇਣ ਜਾ ਕੇ ਸਾਰੀ ਗੱਲ ਇਹ ਫ਼ਰੰਗੀ ਨੂੰ ।
ਦੇਣ ਜੋ ਫੜਾ ਗੋਰੇ ਦੇਣ ਫਾਹੇ ਲਾ ਸਾਨੂੰ,
ਬਣ ਜੇ ਬਹਾਨਾਂ ਸਾਡੀ ਕਿਸਮਤ ਚੰਗੀ ਨੂੰ ।
ਹੋਇ ਨਾ ਅਵੇਰ ਨੌਂ ਮਹੀਨੇ ਦੀ ਹੈ ਦੇਰ ਫੇਰ,
ਕੌਣ ਮਾਰ ਸਕੇ ਚੀਨੀ ਵਾਲੇ ਦੇ ਭੁਜੰਗੀ ਨੂੰ ।

ਕੀਤੀ ਸੀ ਸਲਾਹ ਸਿੰਘਾਂ ਗਿਆਨੀ ਸਿੰਘ ਜੀ ਦੇ ਨਾਲ,
ਅੱਠ ਤਲਵਾਰਾਂ ਓਨ੍ਹਾਂ ਕੀਤੀਆਂ ਸੀ 'ਕੱਠੀਆਂ ।
ਰਤਨ ਸਿੰਘ ਨਾਈ ਵਾਲੇ ਪਿੰਡੋਂ ਸਰਦਾਰ ਹੈਸੀ,
ਗਿਆਨੀ ਦਾ ਵਜ਼ੀਰ ਗੱਲਾਂ ਕਰੇ ਢਿੱਲ ਮੱਠੀਆਂ ।
ਗਏ ਨਾ ਇਹ ਨਾਲ ਕੰਮ ਕੀਤਾ ਨਾਂ ਰਤੀ ਰਵਾਲ,
ਸਾਰੀਆਂ ਸਲਾਹਾਂ ਸੀ ਸ਼ਹੀਦਾਂ ਆਪ ਸੱਠੀਆਂ ।
ਮਾਲਵੇ ਦੇ ਸੂਬੇ ਧਰਮਾਤਮਾ ਮਹਾਤਮਾ ਇਹ,
ਜਥੇਬੰਦੀ ਕਰ ਸੱਭੇ ਸੰਗਤਾਂ ਸੀ ਗੱਠੀਆਂ ।

ਚੜ੍ਹੇ ਰਾਤੋ ਰਾਤ ਅੜੇ ਖੜ੍ਹੇ ਨਹੀਂ ਕਿਤੇ ਬੜੇ,
ਤਾਜ ਪੁਰੋਂ ਛਕ ਪ੍ਰਸ਼ਾਦ ਸਾਧ ਡੇਰੇ ਤੋਂ।
[140]ਉੱਨੀ ਸੌ ਸਤਾਈ ਸੌਣ ਕੱਤੀ ਤਿਬ ਸੁਦੀ ਨੌਂ ਸੀ,
ਪੁੱਜੇ ਰਾਇ ਕੋਟ ਖ਼ੂਬ ਹੋ ਗਏ ਅੰਨ੍ਹੇਰੇ ਤੋਂ ।
ਬੁੱਚੜ ਖਾਨਾ ਬੰਦ ਕਰ ਬੁਚੜ ਸੁਤੇ ਨਿਡਰ,
ਡਰ ਭੈ ਖੌਫ਼ ਕੋਈ ਨਹੀਂ ਸੀ ਚੁਫੇਰੇ ਤੋਂ ।
ਊਠਾਂ ਵਾਲੇ ਅਸੀਂ ਬਾਰ ਖੋਲ੍ਹ ਦੋ ਨਿਸੰਗ ਤੁਸੀਂ,
ਹੁੱਕੇ ਅੱਗ ਧਰੀਏ, ਨਹੀਂ ਮਿਲਣੀ ਅਗੇਰੇ ਤੋਂ ।
ਬੂਹਾ ਦਿਤਾ ਖੋਲ੍ਹ ਸਿੰਘ ਪਏ ਹੱਲਾ ਬੋਲ ਫੋਲ,
ਫੜ੍ਹ ਛੱਡੇ ਰੋਲ ਮੋਲ ਤਾਰਿਆ ਕਰਾਰਾ ਸੀ।
ਅਲੀ-ਅਲੀ ਕਰਦੇ ਮੁਸੱਲੀ ਭਲੀ ਭਾਂਤ ਨੱਸੇ
ਆ ਗਿਆ ਜੋ ਅੱਗੇ ਫੜ੍ਹ ਉਸੇ ਥਾਂ ਤੇ ਮਾਰਾ ਸੀ ।
ਬੁੱਚੜਾਂ ਨੂੰ ਮਾਰਿਆ ਉਬਾਰਿਆ ਸੀ ਗਾਈਆਂ ਨੂੰ,
ਰੱਸੇ ਦਿੱਤੇ ਵੱਢ ਕੱਢ ਦਿਤਾ ਵੱਗ ਸਾਰਾ ਸੀ ।
ਝੱਟ-ਪੱਟ ਕੱਟ-ਵੱਢ ਕਰ ਊਠ ਕੱਸ ਤੁਰੇ,
ਸਤਿ ਸ੍ਰੀ ਅਕਾਲ ਦਾ ਗਜਾਇਕੇ ਜੈਕਾਰਾ ਸੀ ।

ਦਿਨ ਚੜ੍ਹੇ ਕਾਰਾ ਵੇਖ ਤਾਰਾਂ ਖੜਕਾਰਾ ਪਾਇਆ,
ਭਾਰਾ ਸੀ ਸਹਾਰਾ ਜੋ ਗੁਲਾਮਾਂ ਦੀਆਂ ਟੋਲੀਆਂ ।
ਕਮਤ੍ਰੀਨ ਫਿਦਵੀ, ਪੁਲਸੀ ਜਮਦੂਤਾਂ ਆਣ,
ਕਾਗਜ਼ਾਂ ਦੇ ਗੋਲੇ ਸੀ ਚਲਾਏ ਭਰ ਝੋਲੀਆਂ ।
ਨਾਭੇ ਪਟਿਆਲੇ ਦੇ ਸੀ ਸੱਕੇ ਪੁੱਤ ਮੋਏ ਜਿਵੇਂ,
ਦੁੱਖਾਂ ਦੀਆਂ ਗੱਲਾਂ ਨਾਲ ਗੋਰਿਆਂ ਫਰੋਲੀਆਂ।
ਦੇਵੀਏ ਹਜਾਰ, ਨਾ ਕਸੂਰ ਵਾਰ ਕਰੀਏ ਉਹਨੂੰ,
ਦਸੇ ਫਸੇ ਆਪ ਤੇ ਫਸਾਏ ਹਮਜੋਲੀਆਂ।

[140] ਇਹ ਤਾਰੀਖ ਸਾਉਣ ਦੀ ਸੰਗਰਾਂਦ, ਸਾਵਣ ਵਦੀ ਚੌਦਸ, 1928 ਬਿਕ੍ਰਮੀਂ, ਮੁਤਾਬਿਕ ਦਿਨ ਸ਼ਨੀਵਾਰ 15 ਜੁਲਾਈ 1871 ਈ. ਦੀ ਗਿਆਰਾਂ ਵਜੇ ਰਾਤ ਦੀ ਘਟਨਾ ਹੈ।- (ਭਾਈ ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ ਭਾਗ -1, ਸਫਾ 439)

ਸੰਧੀ ਅੰਗ੍ਰੇਜ਼ ਨਾਲ ਕੀਤੀ ਸਿਖ ਰਾਜ ਛੱਡ,
ਡੋਬਣ ਦਾ ਪੰਜਾਬ ਨੂੰ ਖਰਾਬ ਮੁੱਢ ਤੋਰਿਆ
ਹੀਰਾ ਸਿੰਘ[141] ਨਾਭਾ ਬੇੜੇ ਡੁੱਬਦੇ ਸਵਾਰ ਹੋਇਆ,
ਸਿੰਘਾਂ ਨੂੰ ਫੜਾਣ ਲਈ ਕਰੇ ਹਾਲ ਪੋਹਰਿਆ ।
ਰਾਜਾ ਪਟਿਆਲੇ ਦਾ ਮਹਿੰਦਰ ਸਿੰਘ ਸੀ ਤਦੋਂ,
ਆਲੇ ਦੀ ਔਲਾਦ ਸੀ ਗੁਲਾਮ ਹੋਈ ਗੋਰਿਆਂ ।
ਸੀਰੀ ਅੰਗੇਜ਼ ਦਾ ਖ਼ਲੀਫ਼ਾ ਸੀ ਵਜ਼ੀਰ ਵੱਡਾ,
ਬੇੜਾ ਸੀ ਅਜ਼ਾਦੀ ਵਾਲਾ ਭਰ ਜਿਸ ਬੋਰਿਆ ।

ਅੰਮ੍ਰਿਤਸਰ ਦੇ ਕੇਸ ਤੋਂ, ਇੱਕ ਮਹੀਨਾ ਛੱਡ
ਰਾਇਕੋਟ ਦੇ ਵਿਚ ਵੀ, ਬੁੱਚੜ ਹੋਏ ਵੱਢ
ਭੋਲੇ ਭਾਲੇ ਸਿੰਘ ਸਨ, ਗੱਲ ਨਾ ਸਕੇ ਲੁਕੋ
ਪਿੱਥੋ ਦੇ ਵਿਚ ਉੱਡ ਗਈ, ਕਾਫੀ ਕੁਝ ਖੁਸ਼ ਬੋ
ਕਾਹਨਾ ਸੀ ਅੰਗ੍ਰੇਜ਼ ਦਾ, ਪੱਕਾ ਝੋਲੀ ਚੱਕ
ਪਤਾ ਲਗ ਗਿਆ ਏਸ ਦਾ, ਸਭਨਾ ਨੂੰ ਸੀ ਪੱਕ
ਦੱਲੂ ਵੀ ਸੰਗ ਰਲ ਗਿਆ, ਇਸ ਦਾ ਭਾਈ ਵਾਲ
ਲਏ ਰਲਾ ਇਹ ਗੋਰਿਆਂ, ਦੋਵੇਂ ਆਪਣੇ ਨਾਲ
ਸਤਿਗੁਰੂ ਨੇ ਪੰਥ ਚੋਂ, ਇਹ ਸਭ ਦਿਤੇ ਕੱਢ
ਫਿਰਦੇ ਸਨ ਬਘਿਆੜ ਜਿਉਂ, ਚੌੜੀ ਬਾਚੀ ਟੱਡ
ਕੋਈ ਗੱਲ ਵੀ ਲੱਭ ਜੇ. ਇਹ ਰਹਿੰਦੇ ਵਿਚ ਤਾਕ
ਬੇਈਮਾਨ ਗੱਦਾਰ ਇਹ, ਪੱਕੇ ਮਹਾਂ ਚਲਾਕ

[141] ਹੀਰਾ ਸਿੰਘ ਦਾ ਪਿੰਡ ਬਡਰੁੱਖਾਂ ਸੀ। ਨਾਭੇ ਵਾਲੇ ਰਾਜੇ ਭਗਵਾਨ ਸਿੰਘ ਦੇ ਬੇ-ਉਲਾਦ ਮਰਨ ਕਾਰਨ ਸੱਕਿਆਂ ਵਿਚੋਂ ਹੋਣ ਸਦਕਾ ਇਸ ਨੂੰ 11 ਅਗਸਤ 1871 ਈ. ਵਿੱਚ ਨਾਭੇ ਦੀ ਰਾਜਗੱਦੀ ਮਿਲੀ ਸੀ। ਹੀਰਾ ਸਿੰਘ ਨੇ ਪਹਿਲਾਂ ਗੁਰੂ ਰਾਮ ਸਿੰਘ ਤੋਂ ਭਜਨ ਪੁੱਛਿਆ ਸੀ। ਹੁਣ ਉਸਦਾ ਰਾਜਾ ਬਣਨਾ ਸੁਣ ਕੇ ਸਤਿਗੁਰੂ ਜੀ ਨੇ ਬਚਨ ਕੀਤਾ, "ਹੀਰਾ ਸਿੰਘ ਨੇ ਵੀ ਡੁੱਬਦੇ ਬੇੜੇ ਵਿਚ ਲੱਤ ਧਰ ਦਿੱਤੀ ਹੈ"। ਇਸ ਬਚਨ ਦਾ ਅਰਥ ਸੀ ਕਿ ਨਾਂ ਇੱਥੇ ਅੰਗ੍ਰੇਜ਼ ਸਰਕਾਰ ਰਹੇਗੀ ਤੇ ਉਹਨਾਂ ਦੇ ਇਸ਼ਾਰੇ ਤੇ ਚੱਲਣ ਵਾਲੇ ਰਾਜੇ ਰਜਵਾੜੇ। ਬਾਹੋਵਾਲ ਜੀ ਮੁਤਾਬਿਕ ਮਹਾਰਾਜਾ ਹੀਰਾ ਸਿੰਘ ਗੁਰੂ ਹਰੀ ਸਿੰਘ ਜੀ ਦੇ ਦਰਸ਼ਨ ਮੁਕਤਸਰ ਮਾਘੀ ਮੇਲੇ ਤੇ ਕਰਿਆ ਕਰਦਾ ਸੀ। ਉਸਦੇ ਪੁੱਤਰ ਰਿਪੁਦਮਨ ਸਿੰਘ ਜੋ 1911 ਈ. ਵਿਚ ਰਾਜਾ ਬਣਿਆ ਦੇ ਸਬੰਧ ਵੀ ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਬੜੇ ਡੂੰਘੇ ਸਨ।

ਤੀਵੀਂ ਕਾਨ੍ਹੇ ਦੀ ਸੀ, ਹਰ ਜਾਈ ਬਦਕਾਰ
ਭੈਣ ਵਿਆਹੀ ਏਸ ਦੀ, ਪਿੱਥੋ ਪਿੰਡ ਵਿਚਕਾਰ :-

"ਦੇ ਦਿਤੀ ਸੂਹ ਮੂੰਹ ਕਾਲੇ ਕੀਤੇ ਮੁਖ਼ਬਰਾਂ ਨੇ,
ਦੱਲੂ ਕਾਨ੍ਹੇ ਕੋੜ੍ਹੀ ਤੇ ਗਦਾਰ ਬੇਈਮਾਨ ਨੇ ।
ਮੰਗਲ ਸਿੰਘ ਗੁਰਮੁਖ ਸਿੰਘ ਮਸਤਾਨ ਸਿੰਘ,
ਪਿੱਥੋ ਪਿੰਡ ਪੈਦਾ ਕੀਤੇ ਢਿੱਲੋਂ ਖ਼ਾਨਦਾਨ ਨੇ ।
ਪੈਦਾ ਹੋਏ ਜਿਥੇ ਭਗਵਾਨ ਸਿੰਘ[142] ਜਿਹੇ ਰੱਬ,
ਭਾਈ ਕਾਨ੍ਹ ਸਿੰਘ ਜੇਹੇ ਮਹਾਂ ਵਿਦਵਾਨ ਨੇ ।
ਤੇਜਾ ਸਿੰਘ ਢਿੱਲਵਾਂ ਤੋਂ ਦੱਸੀ ਆ ਖ਼ਬਰ ਸਾਰੀ,
ਭੱਜ ਜਾਓ ਸਿੰਘੋ ਜੇ ਬਚਾਵਣੇ ਪਰਾਨ ਨੇ

ਨਾਭੇ ਪਟਿਆਲੇ ਦਾ ਰਸਾਲਾ ਜੇਠੂ ਵਾਲ ਵਿਚ,
ਆਇਆ ਦੂਲਾ ਸਿੰਘ[143] ਕਿਹਾ ਨੱਸੋ ਛਾਲਾਂ ਮਾਰ ਕੇ।
ਲੱਗੇਗਾ ਨ ਪਤਾ ਜਦ ਤੁਸਾਂ ਦਾ ਕਿਸੇ ਨੂੰ ਕੋਈ,
ਖਾਲੀ ਮੁੜ ਜਾਣਗੇ ਤਲੰਗੇ ਝੱਖ ਮਾਰ ਕੇ ।
ਕਿਹਾ ਮਸਤਾਨ ਸਿੰਘ ਅਸੀਂ ਨੱਸ ਜਾਵੀਏ ਜੇ,
ਫੜਨ ਬੇਦੋਸ਼ਿਆਂ ਨੂੰ ਐਵੇਂ ਹਲਕਾਰ ਕੇ ।
ਹੋਈਏ ਸ਼ਹੀਦ ਤੇ ਤਕੀਦ ਜਾਈਏ ਇਹ ਕਰ,
ਬਿੱਲਿਆਂ ਨੂੰ ਕੱਢਣਾ ਹੈ ਦੇਸੋਂ ਲਲਕਾਰ ਕੇ ।

ਆ ਗਿਆ ਰਸਾਲਾ ਦਿਨ ਚੜ੍ਹਦੇ ਨੂੰ ਪਿੱਥੋ ਵਿਚ,
'ਕੱਠੇ ਲਏ ਕਰ ਸਭ ਕੂਕੇ ਏਸ ਪਿੰਡ ਦੇ ।

---

[142] ਪਿੱਥੋ ਦਾ ਭਾਈ ਭਗਵਾਨ ਸਿੰਘ ਆਪਣੇ ਪਿੰਡ ਵਿਚ 1865 ਈ. ਵਿਚ ਭਾਈ ਧਿਆਨੇ ਦੀ ਸਮਾਧ ਢਾਹੁਣ ਕਰਕੇ ਚਰਚਾ ਵਿਚ ਆਇਆ। ਗੁਰੂ ਹਰੀ ਸਿੰਘ ਜੀ ਦਾ ਵੀ ਪ੍ਰੇਮੀ ਸਿੱਖ ਸੀ। ਉਹ ਇਸ ਦੇ ਸਿਰ ਤੇ ਸੋਟੀ ਰੱਖ ਕੇ ਲਾਡ ਨਾਲ ਕਿਹਾ ਕਰਦੇ ਸਨ- ਭਗਵਾਨ ਸਿੰਘ ਜਿੱਥੇਂ ਜਾਏਂਗਾ ਨਾਲ ਲੈ ਜਾਵੀਂ। (ਅਵਤਾਰ ਸਿੰਘ ਅਜ਼ਾਦ ਦਾ ਲੇਖ, ਸਤਿਜੁਗ ਦਾ ਬਸੰਤ ਅੰਕ 12 ਮਾਘ 1995 ਬਿ., ਸਫਾ 75)

[143] ਬਾਹੋਵਾਲ ਜੀ ਮੁਤਾਬਿਕ ਇਹ ਦੂਲਾ ਸਿੰਘ ਨਹੀਂ ਤੇਜਾ ਸਿੰਘ ਢਿੱਲਵਾਂ ਵਾਲਾ ਸੀ। (ਸਤਿਗੁਰੂ ਬਿਲਾਸ ਭਾਗ-1 ਸਫਾ 440)

ਭਖਦੀਆਂ ਲਾਲੀਆਂ ਖੁਸ਼ਾਲੀਆਂ ਸੀ ਮੂੰਹਾਂ ਉਤੇ,
ਡਰਦੇ ਨਾ ਮੂਲ ਪੱਕੇ ਆਪਣੀ ਜੋ ਹਿੰਡ ਦੇ ।
ਨੱਸ ਸਨ ਸਕਦੇ ਇਹ ਅੱਖੀਂ ਖੇਹ ਭੱਸ ਪਾ ਕੇ,
ਜਾ ਕੇ ਦਸੌਰ ਤੇ ਪਸ਼ੌਰ ਵਲ ਖਿੰਡਦੇ ।
ਪੱਕੇ ਜੋ ਇਰਾਦਿਆਂ ਤਕਾਦਿਆਂ ਦੇ ਸਿਰੜੀ ਜੋ,
ਓਹ ਰੁੜ ਸਕਦੇ ਕਦੀ ਨਾ ਵਾਂਗੂੰ ਟਿੰਡ ਦੇ ।
ਦੱਲੂ ਦੀ ਸੀ ਤੀਵੀਂ ਕਮਜਾਤ ਬਦਮਾਸ਼ ਦੱਲੀ,
ਲੁੱਚੀ ਬੁੱਚੀ ਕੰਜਰੀ ਕਮੀਨੀ ਚਾਲਬਾਜ ਸੀ ।
ਪੱਕੀ ਸੀ ਉਚੱਕੀ ਥੱਕੀ ਕਦੀ ਨਾ ਇਹ ਵਿਸ਼ੇ ਨਾਲ,
ਚੱਕਵਾਂ ਸੀ ਚੁੱਲ੍ਹਾ ਮੁੱਲਾਂ ਮੁੰਡਿਆਂ ਦਾ ਸਾਜ਼ ਸੀ ।
ਓਹੀ ਗੱਲ ਹੋਈ ਜਿਹੜੀ ਕਹੀ ਭਗਵਾਨਸਿੰਘ,
ਓਹ ਨਾ ਲੁਕਾ ਸੱਕੀ ਖਾਲਸੇ ਦਾ ਰਾਜ਼ ਸੀ
ਸਿੰਘ ਨਹੀਂ ਸੀ ਜਾਂਦੇ ਫੇਰਾ ਪਾਂਦੇ ਕਦੀ ਇਹਦੇ ਘਰ,
ਡੇਰੇ ਨੱਸੀ ਔਂਦੀ ਬਿਨਾ ਕਿਸੇ ਕੰਮ ਕਾਜ ਸੀ ।

ਦਿਤੇ ਸੀ ਫੜਾ ਇੰਨ ਬਿੰਨ ਓਹੀ ਤਿੰਨ ਸਿੰਘ,
ਚੌਥਾ ਸੀ ਅਤਰ ਸਿੰਘ ਦਸ ਬਾਰਾਂ ਸਾਲ ਦਾ ।
ਆਖੇ ਵੱਡਿਆਂ ਨਾਲ ਮੈਂ ਵੀ ਜਾਲਸਾਂ ਮੁਸੀਬਤਾਂ ਨੂੰ,
ਸਿੰਘ ਦਾ ਮੈਂ ਬੱਚਾ ਪਤਾ ਸ਼ੇਰਾਂ ਵਾਲੀ ਚਾਲ ਦਾ ।
ਮਾਰਾਂ ਮੈਂ ਬੁੱਚੜ ਫੜ ਕੜਾ ਕੜ ਧੜਾ ਧੜ,
ਕੱਢ ਦੇਵਾਂ ਸੜ ਮੈਨੂੰ ਪਤਾ ਸਾਰੇ ਹਾਲ ਦਾ
ਲੁਕੇ ਮੇਰੀ ਚਾਲ ਨਾ ਮੈਂ ਵੱਡਿਆਂ ਦੇ ਨਾਲ ਦਾ ਮੈਂ,
ਕਰ ਕੇ ਵਿਖਾਵਾਂ ਕੰਮ ਹੁਣ ਵੀ ਕਮਾਲ ਦਾ ।

ਪੈਰੀਂ ਬੇੜੀ ਪਾ ਹੱਥ ਕੜੀਆਂ ਹੱਥਾਂ ਦੇ ਵਿਚ,
ਬੱਸੀਏਂ ਲਿਆਂਦੇ ਸਾਰੇ ਸੂਰਮੇ ਦਾਤਾਰ ਸੀ ।
ਜੱਗ ਤੋਂ ਮਿਟਾਨ ਲਈ ਪਾਪ ਗਊ ਘਾਤ ਵਾਲਾ,
ਦਿਤਾ ਸੀ ਹੁਕਮ ਆਪ ਦਸਵੇਂ 'ਵਤਾਰ ਸੀ ।
ਬੁੱਚੜਾਂ ਨੂੰ ਮਾਰ ਜਿਨ੍ਹਾਂ ਗਾਈਆਂ ਬਚਾਈਆਂ ਸੀ,

ਛਡੇ ਜਾਣ ਕੂੜੇ ਹੋਰ ਜਗਤ ਪਿਆਰ ਸੀ ।
ਸੱਤਾਂ ਦਿਨਾਂ ਵਿਚ ਗਿਣ ਮਿਣ ਤਾਣਾ ਬਾਣਾਂ ਤਿਣ,
ਫਾਂਸੀ ਦਾ ਹੁਕਮ ਦਿਤਾ ਗੋਰੀ ਸਰਕਾਰ ਸੀ ।

ਦਿਤਾ ਸਾਰਾ ਜੋਰ ਝੂਠੇ ਬਣੇ ਜੋ ਗਵਾਹ ਹੋਰ,
ਬੁੱਚੜਾਂ ਨੂੰ ਮਾਰੋ ਕਿਹਾ ਬਾਰ੍ਹਵੇਂ ਔਤਾਰ ਨੇ ।
ਸ਼ੁਤਰ ਸਵਾਰ ਬੇ-ਮੁਹਾਰ ਭੈਣੀ ਸਾਹਿਬ ਆਇਆ,
ਚੀਨੀ ਵਾਲਾ ਸਤਿਗੁਰੂ ਬੁਲਾਇਆ ਸਰਕਾਰ ਨੇ ।
ਪਾਠ ਗੁਰੂ ਗ੍ਰੰਥ ਦਾ ਅਖੰਡ ਸੀ ਅਰੰਭ ਚੱਲੇ,
ਲੱਖਾ ਸਿੰਘ ਸਾਹਿਬ ਸਿੰਘ ਨਾਲ ਸੂਬੇਦਾਰ ਨੇ ।
ਗੁਜਰਵਾਲ ਵਿਚ ਜਦੋਂ ਪੁਛਿਆ ਸੀ ਸੰਗਤਾਂ ਨੇ,
ਹੱਸ ਫੁਰਮਾਇਆ ਤਦੋਂ ਚੀਨੀ ਅਸਵਾਰ ਨੇ ।

ਆਪਣਾ ਵੀ ਆਪਾ ਵਾਰ ਧਰਮ ਬਚਾਣ ਲਈ,
ਗਊ ਘਾਤ ਮੇਟਣ ਨੂੰ ਹੀਰੇ ਲਾਲ ਵਾਰਾਂ ਮੈਂ ।

ਬਣ ਆਵੇ ਸਿਰ ਝੱਲਾਂ ਹੱਸ ਕੇ ਮੁਸੀਬਤਾਂ ਮੈਂ,
ਤਾਕਤ ਦੇ ਨਾਲ ਨਹੀਂ ਕਿਸੇ ਕੋਲੋਂ ਹਾਰਾਂ ਮੈਂ ।
ਜਾਵਾਂ ਦੇਸ਼ ਛੱਡ ਪਰਦੇਸ ਵਿਚ ਰੁਲਾਂ ਜਾ ਕੇ,
ਦੁਨੀਆਂ ਦੇ ਦੁੱਖ ਹੱਸ-ਹੱਸ ਕੇ ਸਹਾਰਾਂ ਮੈਂ।
ਕਰਾਂਗਾ ਆਜ਼ਾਦ ਤੇ ਆਬਾਦ ਬਰਬਾਦ ਦੇਸ਼,
ਸੱਤ ਤੇ ਅਹਿੰਸਾ ਵਾਲੇ ਗੋਲੇ ਵੱਟ ਮਾਰਾਂ ਮੈਂ ।

ਪੁੱਛਿਆ ਸੀ ਸਿੰਘ ਤੁਸੀਂ ਬੁੱਚੜ ਵੱਢਣ ਭੇਜੇ,
ਸੱਚੇ ਸਤਿਗੁਰੂ ਜੀ ਨੇ ਸੁਣ ਫੁਰਮਾਇਆ ਸੀ ।
ਸੂਰਮੇ ਜੋ ਆਹਲਾ ਸਾਰੇ ਦੇਸ ਦੇ ਨੇ ਮੇਰੇ ਕੋਲ,
ਜਿਨ੍ਹਾਂ ਨੂੰ ਮੈਂ ਫੜ੍ਹ ਚੋਰੀ ਯਾਰੀਓਂ ਹਟਾਇਆ ਸੀ ।
ਚਾਹਵਾਂ ਇਕੇ ਰਾਤ 'ਚ ਮੁਕਾਵਾਂ ਬੀ ਜ਼ਾਲਮਾਂ ਦਾ,
ਗਊ ਘਾਤੀ ਦੋਖੀਆਂ ਦਾ ਕਰ ਦਿਆਂ ਸਫਾਇਆ ਸੀ ।



ਸ੍ਰੀ ਸਤਿਗੁਰੂ ਰਾਮ ਸਿੰਘ ਜੀ, ਬਾਬਾ ਸਾਹਿਬ ਸਿੰਘ ਤੇ ਬਾਬਾ ਲਖਾ ਸਿੰਘ ਜੀ ਤੇ
ਮਾਲੇਰ ਕੋਟਲਾ ਦੇ ਸ਼ਹੀਦ, ਬਾਬਾ ਹੀਰਾ ਸਿੰਘ ਜੀ, ਲਹਿਣਾ ਸਿੰਘ ਜੀ ਆਦਿ

ਸ਼ਿਸ਼ਨ ਅੰਬਾਲਾ ਦੇ ਕਾਨੂੰਨ ਦਾ ਦਵਾਲਾ ਕੱਢਣ,
ਸੱਚ ਦਾ ਪੁਜਾਰੀ[144] ਚੱਲ ਬੱਸੀਆਂ 'ਚ ਆਇਆ ਸੀ ।

ਨੌਂ ਦਿਨ ਵਿਚ ਰਚ ਨਾਟਕ ਅਦਾਲਤਾਂ ਦਾ,

ਲਾ ਦਿੱਤੇ ਫਾਹੇ ਇਕੋ ਸਾਹੇ ਤਿੰਨੇ ਸ਼ੇਰ ਸੀ ।
ਗੋਰਾ ਹੀ ਅਦਾਲਤੀ ਤੇ ਗੋਰਾ ਹੀ ਸ਼ਹਾਦਤੀ ਸੀ,
ਬਿੱਲਾ ਬੈਠਾ ਕਰ ਰਿਹਾ ਸ਼ੇਰ ਉਤੇ ਮੇਰ ਸੀ ।
ਦਹੀਂ ਨਾਲ ਕਰ ਇਸ਼ਨਾਨ ਪਾ ਸਪੈਦ ਬਾਣਾ,
ਹੱਥੀਂ ਆਪੇ ਪਾਏ ਰੱਸੇ ਗਲੀਂ ਬਿਨਾ ਦੇਰ ਸੀ ।
ਪਾਈਆਂ ਸ਼ਹੀਦੀਆਂ ਨਾ ਗੀਦੀਆਂ ਦੇ ਵਾਂਗ ਮਰੇ,
ਚੜ੍ਹ ਕੇ ਬਬਾਣ ਗਏ ਸਚਖੰਡ ਫੇਰ ਸੀ ।

ਪਾਪ ਪਏ ਮਾਰਦੇ ਜੋ ਆਪ ਕੀਤੇ ਗੋਰਿਆਂ ਨੇ,
ਗਿਆਨੀ ਤੇ ਰਤਨ ਸਿੰਘ ਬੰਨ੍ਹ ਤੇ ਬੇਦੋਸੇ ਸੀ ।
ਕੋਈ ਅਪ੍ਰਾਧ ਕੀਤਾ ਸਾਬਤ ਨਾ ਕਰ ਸਕੇ,
ਬੇਗੁਨਾਹੇ ਜਾਲਮਾਂ ਕਸਾਈਆਂ ਨੇ ਕੋਸੇ ਸੀ ।
ਫਾਂਸੀ ਦਾ ਹੁਕਮ ਦਿਤਾ ਦੋਹਾਂ ਦੇਸ਼ ਭਗਤਾਂ ਨੂੰ,
ਹੱਸ ਗਏ ਅੰਤ ਓਹ ਵੀ ਆਪਣੇ ਰਾਹ ਓਸੇ ਸੀ ।
ਦੇਸ ਸੀ ਗੁਲਾਮ ਕਿਸੇ ਹਾਹ ਦਾ ਨਾਹਰਾ ਮਾਰਿਆ ਨਾ,
ਦੇਖ ਰਹੇ ਬੈਠ ਕੇ ਤਮਾਸ਼ਾ ਸਭੇ ਗੋਸੇ ਸੀ ।

ਕਿਹਾ ਗਿਆਨੀ ਸਿੰਘ ਚੜ੍ਹ ਫਾਂਸੀ ਦੇ ਤਖ਼ਤ ਉਤੇ,
ਬਿੱਲਿਆ ਓਇ ਸਾਨੂੰ ਤੂੰ ਸਕਦਾਂ ਹੈਂ ਮਾਰ ਨਾ
ਕਰ-ਕਰ ਪਾਪ ਬੇੜਾ ਭਰ ਲੈ ਸਰਾਪ ਨਾਲ,

---

[144] ਸਤਿਗੁਰੂ ਜੀ 28 ਜੁਲਾਈ 1871 ਨੂੰ ਕਮਿਸ਼ਨਰ ਮੈਕਨਾਬ ਪਾਸ ਬੱਸੀਆਂ ਆਏ ਸਨ ਅਤੇ ਵਾਅਦਾ ਮੁਆਫ ਗੁਲਾਬ ਸਿੰਘ ਦੇ ਝੂਠ ਦਾ ਪਾਜ ਉਘਾੜਿਆ ਸੀ। ਇਸ ਸਮੇਂ ਆਪ ਦੇ ਨਾਲ 10 ਘੋੜ ਸਵਾਰ, ਜਿਹਨਾਂ ਵਿਚ ਸਾਰੇ ਮੁੱਖੀ ਸੂਬੇ ਅਤੇ 25 ਪੈਦਲ ਸਿੰਘ ਸਨ।
(ਨਾਹਰ ਸਿੰਘ ਐਮ.ਏ., ਨਾਮਧਾਰੀ ਇਤਿਹਾਸ, ਦੂਜੀ ਛਾਪ, ਸਫਾ 163)

ਹਉਕਿਆਂ ਬੇਦੋਸਿਆਂ ਦਾ ਖਾਲੀ ਜਾਣਾਂ ਵਾਰ ਨਾ
ਰਾਮ ਤੈਨੂੰ ਕਿਉਂ ਮਾਰੇ ਰਾਮ ਦੀ ਬਲਾ ਮਾਰੇ,
ਤੇਰੇ ਕੀਤੇ ਪਾਪ ਤੈਨੂੰ ਫੜ ਪਟਕਾਰਨਾ
ਪਿਛੇ ਪਾਣੀ ਅੱਗ ਅਗੇ ਫਸੇ ਜਾਂਇ ਵਿਚ ਗੱਭੇ,
ਆ ਰਿਹਾ ਵਕਤ ਨੇੜੇ ਐਵੇਂ ਹੰਕਾਰ ਨਾ

ਤਿੰਨਾਂ ਪਿੱਥੋ ਵਾਲਿਆਂ ਬਿਆਨ ਵਿਚ ਕਿਹਾ ਸੀ ਏ,
ਗਿਆਨੀ ਸਿੰਘ ਦਾ ਨਾਂ ਕੋਈ ਸਾਡੇ ਨਾਲ ਵਾਸਤਾ
ਇਹ ਪੂਰੇ ਸਾਧ ਨਾ ਉਪਾਧ ਕਰ ਸਕਦੇ ਨੇ,
ਲੋਕਾਂ ਨੂੰ ਦੱਸਣ ਸੱਚ ਧਰਮ ਦਾ ਰਾਸਤਾ ।
ਇਹੋ ਜਿਹੇ ਬੇਦੋਸਿਆਂ ਨੂੰ ਦੋਸ਼ੀ ਕਰ ਮਾਰ ਦੇਵੋ,
ਆਪਣੀ ਵੀ ਛੱਡ ਛੱਡੋ ਜ਼ਿੰਦਗੀ ਦੀ ਆਸਤਾ ।
ਕਰੋਗੇ ਜ਼ੁਲਮ ਅੱਤ ਚੁੱਕੋਗੇ ਬੇਹੱਦ ਜਦ,
ਆਇਗਾ ਅਜ਼ਾਦੀ ਵਾਲਾ ਕੰਮ ਤਦ ਰਾਸ ਤਾਂ।

[145]ਉੱਨੀ ਸੌ ਸਤਾਈ ਚੌਦੇ ਨੇਰੀ ਸੌਣ ਇੱਕੀ ਤਦੋਂ,
ਤਿੰਨੇ ਸੀ ਸ਼ਹੀਦ ਕੀਤੇ ਬੱਸੀਆਂ ਲਿਆਣ ਕੇ ।
ਗੱਡੇ ਉਤੇ ਧਰ ਦੇਹਾਂ ਲੈ ਗਏ ਸਰਬੰਧੀ ਓਥੇ,
ਕੀਤਾ ਸਸਕਾਰ ਪਿੱਥੋ ਪਿੰਡ ਵਿਚ ਆਣ ਕੇ ।
ਓਸੇ ਸਾਲ ਸੋਮਵਾਰ ਮੱਘਰ ਦੀ ਬਾਰ੍ਹਵੀਂ ਨੂੰ,
ਗਿਆਨੀ ਜੀ ਰਤਨ ਸਿੰਘ[146] ਲੁਧਿਆਣੇ ਜਾਣਕੇ ।
ਹੋ ਗਏ ਸ਼ਹੀਦ ਤੇ ਤਕੀਦ ਨਾਲ ਆਖ ਗਏ,
ਕਰਾਂਗੇ ਆਜ਼ਾਦ ਦੇਸ਼, ਫੇਰ ਮੌਜ ਮਾਣ ਕੇ ।

---

145 ਇਹ ਤਿੰਨੇ ਸਿੰਘ 1928 ਬਿਕਰਮੀ ਵਿਚ ਸ਼ਹੀਦ ਕੀਤੇ ਹਨ। ਸਹੀ ਤਾਰੀਖ 5 ਅਗਸਤ 1871 ਈ. ਹੈ। ਤਿੰਨਾਂ ਨੂੰ ਫਾਂਸੀ ਸੂਰਜ ਚੜ੍ਹਦੇ ਨਾਲ ਰਾਇਕੋਟ ਦੇ ਬੁੱਚੜ ਖਾਨੇ ਦੇ ਪਾਸ ਫਾਂਸੀਆਂ ਗੱਡ ਕੇ ਦਿੱਤੀ ਗਈ। ਬੱਸੀਆਂ ਕੋਠੀ ਸਿਰਫ ਮੁਕਦਮਾ ਚੱਲਿਆ ਹੈ। –
(ਨਾਹਰ ਸਿੰਘ ਐਮ.ਏ. ਨਾਮਧਾਰੀ ਇਤਿਹਾਸ, ਸਫਾ 165)

146 ਗਿਆਨੀ ਰਤਨ ਸਿੰਘ ਮੰਡੀ ਕਲਾਂ ਅਤੇ ਰਤਨ ਸਿੰਘ ਨਾਈਵਾਲਾ ਦੀ ਸ਼ਹੀਦੀਆਂ ਦੀ ਤਰੀਖ 26 ਨਵੰਬਰ 1871 ਹੈ।

# (27)
# ਮਲੇਰ ਕੋਟਲੇ ਦਾ ਸਾਕਾ

ਚੜ੍ਹਿਆ ਸੰਮਤ ਬਿਕ੍ਰਮੀ, ਉਨੀ ਸੌ ਵੀਹ ਅੱਠ
ਭੈਣੀ ਸਾਹਿਬ ਦਰਬਾਰ ਵਿਚ, ਭਾਰੀ ਹੋਇਆ 'ਕੱਠ
ਮਾਤਾ ਜਸਾਂ ਕੌਰ[147] ਨੇ, ਗੁਰਪੁਰੀ ਕੀਆ ਪਿਆਨ
ਯਾਦਗਾਰ ਵਿਚ ਉਨ੍ਹਾਂ ਦੀ, ਉਤਸਵ ਕੀਆ ਮਹਾਨ
ਲਿਖ ਭੇਜੀ ਸਭ ਪੰਥ ਨੂੰ, ਸਾਹਿਬ ਸਿੰਘ ਅਰਦਾਸ
ਆਵੋ ਭੈਣੀ ਸਾਹਿਬ ਵਿਚ, ਮਾਘੀ ਦਾ ਦਿਨ ਖ਼ਾਸ
ਆਇਆ ਸਾਰਾ ਪੰਥ ਚੱਲ, ਸਤਿਗੁਰ ਦਰਸਨ ਕਾਜ
ਤਾਰਿਆਂ ਦੇ ਵਿਚ ਚੰਨ ਜਿਉਂ, ਸੰਗਤ ਵਿਚ ਮਹਾਰਾਜ
ਦੇਵ ਮੰਡਲ ਵਿਚ ਸਜ ਰਹੇ, ਜਿਉਂ ਵਿਸ਼ਨੂੰ ਭਗਵਾਨ
ਦਰਸ਼ਨ ਕਰਕੇ ਹੋ ਰਹੀ, ਸਾਧ ਸੰਗਤ ਕੁਰਬਾਨ
ਬਾਬਾ ਰਾਘੋ ਸਿੰਘ[148] ਜੀ, ਲੰਗਰ ਦੇ ਸੀ ਮਹੰਤ
ਮੈਨੂੰ ਦੱਸਿਆ ਉਨ੍ਹਾਂ ਨੇ, ਇਹ ਸਾਰਾ ਵਰਤੰਤ

---

[147] ਸਤਿਗੁਰੂ ਜੀ ਦੇ ਮਹਿਲ ਮਾਤਾ ਜੱਸਾਂ ਜੀ, ਦੀਵਾਲੀ (12 ਨਵੰਬਰ 1871) ਤੋਂ ਅੱਠ ਦਸ ਕੁ ਦਿਨ ਪਹਿਲਾਂ ਚਲਾਣਾ ਕਰ ਗਏ ਸਨ। ਸਤਿਗੁਰੂ ਜੀ ਉਦੋਂ ਅੰਮ੍ਰਿਤਸਰ ਨੂੰ ਜਾ ਰਹੇ ਸਨ।ਆਪ ਮੁਠੱਡਿਆਂ ਤੋਂ ਇਹ ਖਬਰ ਸੁਣ ਕੇ ਬਿਨਾਂ ਸੰਗਤ ਦੇ ਭੈਣੀ ਸਾਹਿਬ ਆ ਕੇ ਫਿਰ ਵਾਪਸ ਦੌਰੇ ਤੇ ਚਲੇ ਗਏ ਜਦੋਂ ਕਿ ਜਿਹੇ ਆਪ ਦੀਵਾਲੀ ਤੋਂ ਪੜਾਉ ਪੜਾਈ ਮਾਝੇ ਦੇ ਸਰਹਾਲੀ ਆਦਿ ਦੇ ਨਗਰਾਂ ਵਿਚ ਰੁਕਦੇ ਹੋਏ ਭੈਣੀ ਸਾਹਿਬ ਪੁੱਜੇ ਤਾਂ 26 ਨਵੰਬਰ 1871 ਨੂੰ ਸੂਬਾ ਗਿਆਨੀ ਰਤਨ ਸਿੰਘ ਅਤੇ ਨਾਇਬ ਸੂਬਾ ਰਤਨ ਸਿੰਘ ਨਾਈਵਾਲਾ ਲੁਧਿਆਣੇ ਵਿਖੇ ਫਾਂਸੀ ਦੇ ਕੇ ਸ਼ਹੀਦ ਕਰ ਦਿੱਤੇ ਗਏ। ਦਸੰਬਰ ਵਿਚ ਕਈ ਦਿਨ ਸਰਕਾਰੀ ਅਧਿਕਾਰੀ ਸ੍ਰੀ ਭੈਣੀ ਸਾਹਿਬ ਵਿਚ ਸਤਿਗੁਰੂ ਜੀ ਨੂੰ ਫਿਰ ਜੂਹਬੰਦ ਕਰਨ ਲਈ ਆਉਂਦੇ ਜਾਂਦੇ ਰਹੇ। ਮਾਘੀ ਦੇ ਲਾਗੇ ਚਾਗੇ ਜਨਵਰੀ 72 ਵਿਚ ਮਾਤਾ ਸਦਾ ਕੌਰ ਜੀ(ਗੁਰੂ-ਮਾਤਾ) ਵੀ ਸਰੀਰ ਛੱਡ ਗਏ।ਇਹਨਾ ਕਾਰਨਾ ਕਰਕੇ ਅੰਮ੍ਰਿਤਸਰ, ਰਾਇਕੋਟ, ਲੁਧਿਆਣੇ ਵਾਲੇ ਕੂਕੇ ਸ਼ਹੀਦ ਅਤੇ ਮਾਤਾ ਜੱਸਾਂ ਜੀ ਨਮਿੱਤ ਪਾਠਾਂ ਦੇ ਭੋਗ 12 ਜਨਵਰੀ 1872 ਮਾਘੀ ਵਾਲੇ ਦਿਨ ਹੀ ਪਾਉਣੇ ਮਿੱਥੇ ਗਏ।

[148] ਰਾਘੋ ਸਿੰਘ ਬਦਨ ਸਿੰਘ ਦਾ ਪੁੱਤਰ ਅਤੇ 1850 ਈ. ਦੇ ਆਸ ਪਾਸ ਦਾ ਜਨਮ ਸੀ। ਉਹ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਮੇਂ ਗੁਰੂ ਕੇ ਲੰਗਰ ਦੀ ਸੇਵਾ ਤੇ ਆ ਗਏ ਸਨ।ਸਾਰੀ ਉਮਰ ਇਥੇ ਬਿਤਾਈ ਗੁਰੂ ਹਰੀ ਸਿੰਘ ਜੀ ਦੇ ਸਮੇਂ ਡੇਰੇ ਵਿਚ ਗੁਪਤ ਪਾਠ ਕਰਨ ਵਾਲੇ ਸਿੰਘਾਂ ਦੇ ਲੰਗਰ ਦਾ ਪ੍ਰਬੰਧ ਉਹੀ ਕਰਦੇ ਸਨ। - (ਕੂਕਾਜ਼ ਆਫ ਦਾ ਨੋਟ ਇਨ ਦਾ ਪੰਜਾਬ 1881 , ਸਫਾ 24)

ਪੰਜ ਸੌ ਮਣ ਪਕਾਇਆ, ਆਟਾ ਲੰਗਰ ਦਾਲ
ਸੱਤ ਦਿਨ ਇਹ ਵਰਤਿਆ, ਇਉਂ ਹੀ ਸਾਰਾ ਹਾਲ
ਜਿੰਨੇ ਸਨ ਪੰਜਾਬ ਦੇ, ਜਗੀਰਦਾਰ ਸਰਦਾਰ
ਆਏ ਸੱਭੇ ਪੰਥ ਵਿਚ, ਬਿਨਾਂ ਕਿਸੇ ਤਕਰਾਰ
ਦਿਨੋ ਦਿਨ ਸੀ ਵਧ ਰਿਹਾ, ਪੰਥਕ ਤੇਜ ਅਰੂਜ਼
ਪਰ ਗੋਰੇ ਸਨ ਚਾਂਹਦੇ, ਮਿਟ ਜਾਇ ਨਾਮ ਨਮੂਜ
ਹੀਰਾ ਸਿੰਘ ਜੀ ਆਦ ਲੌ, ਲਹਿਣਾ ਸਿੰਘ ਸਰਦਾਰ
ਜਥੇ ਸ਼ਹੀਦੀ ਦੇ ਇਹ, ਦੋਵੇਂ ਜੱਥੇਦਾਰ
ਗਿਆਨੀ ਸਿੰਘ ਦੀ ਮੌਤ ਦਾ, ਸਭ ਦਿਲ ਭਰਿਆ ਰੋਸ
ਬੇ ਗੁਨਾਹ ਮਹਾਤਮਾ, ਐਵੇਂ ਮਾਰਿਆ ਕੋਸ
ਕਰਦਾ ਸਾਰਾ ਪੰਥ ਸੀ, ਗਿਆਨੀ ਦਾ ਸਤਿਕਾਰ
ਝੂਠੀਆਂ ਘੜ ਕਹਾਣੀਆਂ, ਓਹਨੂੰ ਦਿੱਤਾ ਮਾਰ
ਜਿਸ ਨੇ ਕੀਤਾ ਕਦੀ ਨਾ, ਅਸਲੋਂ ਕੋਈ ਕਸੂਰ
ਕਦੀ ਨਾ ਡਿੱਠਾ ਜਿਸ ਨੇ, ਵੱਲ ਕਿਸੇ ਦੇ ਘੂਰ
ਮਾਤਮ ਹੋਇਆ ਪੰਥ ਵਿਚ, ਕੀਤਾ ਡਾਢਾ ਸ਼ੋਕ
ਕੋਈ ਕਹੇ ਕਿਉਂ ਮਾਰਿਆ, ਉਹ ਸੀ ਸਾਧੂ ਲੋਕ
ਜੰਞ ਗਿਆਨੀ ਸਿੰਘ[149] ਦੀ, ਚੜ੍ਹੀਏ ਅਸੀਂ ਜ਼ਰੂਰ
ਚੜ੍ਹਕੇ ਧਰਮ ਜਹਾਜ਼ ਤੇ, ਲਹੀਏ ਪਹਿਲੇ ਪੂਰ
ਵਰਨੀ ਜਿਸ ਸੁਤੰਤ੍ਰਤਾ, ਓਹ, ਅਲਬੇਲੀ ਨਾਰ
ਆਵੇ ਸਿਹਰੇ ਬੰਨ੍ਹ ਕੇ, ਚੜ੍ਹਨੀ ਜੰਞ ਅਪਾਰ
ਜਿਸ ਦੇ ਲਈ ਹੈ ਤੋਰਨਾ, 'ਸਾਂਨੇ ਧਰਮ ਜਹਾਜ਼
ਬਿੱਲੇ ਕੱਢ ਕੇ ਦੇਸ਼ ਚੋਂ, ਅਪਣਾ ਲੈਣਾਂ ਰਾਜ
ਜਾਂ ਹੁਣ ਗੋਰੇ ਰਹਿਣਗੇ, ਜਾਂ ਵੱਸਾਂਗੇ ਆਪ
ਹੋਰ ਨਾ ਜਰਿਆ ਜਾਂਵਦਾ, ਗਾਂਈਂ ਦਾ ਸੰਤਾਪ
ਰੌਂਤ ਪਠਾਣ ਨੇ ਕੋਟਲੇ, ਦੇ ਅੰਦਰ ਮਸ਼ਹੂਰ

[149] ਕਿਉਂਕਿ ਸੂਬਾ ਗਿਆਨੀ ਰਤਨ ਸਿੰਘ ਜੀ ਅਵਿਵਾਹਤ ਹੀ ਸ਼ਹੀਦ ਹੋਏ ਸਨ । ਉਹਨਾਂ ਦੀ ਸ਼ਹਾਦਤ ਦਾ ਬਦਲਾ ਲੈਣ ਨੂੰ ਮਸਤਾਨੇ ਸਿੰਘ ਗਿਆਨੀ ਜੀ ਦੀ ਜੰਞ ਚੜ੍ਹਨ ਨਾਲ ਤਸ਼ਬੀਹ ਦਿੰਦੇ ਸਨ। "ਸਿੰਘ ਕਰਦੇ ਜ਼ੋਰ ਧਿੰਗਾਣਾ, ਕਹਿੰਦੇ ਮਲੇਰਕੋਟਲੇ ਧਾਣਾ, ਬਦਲਾ ਲੈਣ ਪਾਸ ਪਠਾਣਾ, ਜੰਞੇਂ ਗਿਆਨੀ ਸਿੰਘ ਦੀ ਜਾਣਾ" – (ਬਾਰਾਂ ਮਾਂਹ, ਭਾਈ ਚੰਦਾ ਸਿੰਘ ਜੀ ਝੱਬਰਾਂ ਵਾਲਾ)

ਰਾਮ ਗਊਆਂ ਫੜ੍ਹ ਮਾਰਦੇ, ਫਿੱਟ ਗਏ ਨੇ ਸੂਰ
ਵਰਜਿਆ ਸਿੱਖਾਂ ਹਿੰਦੂਆਂ, ਓਹ ਨਾ ਸੁਣਦੇ ਗੱਲ
ਲਾ ਥੱਕੇ ਸੀ ਜ਼ੋਰ ਸਭ, ਓਹ ਪੰਚੈਤਾਂ ਘੱਲ
ਗੁਰਮੁਖ ਸਿੰਘ[150] ਫਰਵਾਹੀਓ, ਸੀ ਇਕ ਨੰਬਰਦਾਰ
ਦੱਸੀ ਉਸ ਨੇ ਵਿਥਿਆ, ਹਾਜ਼ਰ ਹੋ ਦਰਬਾਰ
ਮੈਂ ਸੀ ਦੇਣਾ ਮਾਮਲਾ, ਗਿਆ ਕੋਟਲੇ ਚੱਲ
ਓਥੇ ਮੇਰੇ ਨਾਲ ਇਕ, ਭੈੜੀ ਹੋਈ ਗੱਲ
ਮਿਲਿਆ ਇਕ ਕਰੂੰਜੜਾ, ਸਬਜ਼ੀ ਬੈਲ ਤੇ ਲੱਦ
ਲਿੱਸਾ ਢੱਗਾ ਮਾੜਚੂ, ਭਾਰ ਸ਼ਕਤੀਓਂ ਵੱਧ
ਬੋਝ ਨਾਲ ਬੇਹਾਲ ਹੋ, ਕੱਢੇ ਬਾਹਰ ਜੀਭ
ਪਤਾ ਨਹੀਂ ਕਰੂੰਜੜੇ, ਕੀ ਸੁੱਝੀ ਤਰਕੀਬ
ਚੜ੍ਹ ਗਿਆ ਉਤੇ ਬੈਲ ਦੇ, ਝੱਟ ਟਪੂਸੀ ਮਾਰ
ਵੇਖ ਕਿਹਾ ਮੈਂ ਚੌਧਰੀ, ਅਗੇ ਹੀ ਬਹੁਤਾ ਭਾਰ
ਜੇ ਤੂੰ ਉੱਤਰ ਤੁਰ ਪਏਂ, ਹੋਇ ਸੁਖੱਲਾ ਬੈਲ
ਮੈਂ ਵੀ ਜਾਣਾ ਸ਼ਹਿਰ ਹੈ, ਚੱਲੀਏ ਗੈਲੇ ਗੈਲ
ਸੁਣ ਕੇ ਮੇਰੀ ਗੱਲ ਓਹ, ਹੋਇਆ ਬਹੁਤ ਮਲਾਲ
ਆਖੇ ਚੁੱਪ ਕਰ ਸਿਖੜਿਆ, ਕੰਮ ਕੀ ਮੇਰੇ ਨਾਲ
ਪੰਜ ਸੱਤ ਗਾਲ੍ਹਾਂ ਓਸ ਨੇ, ਦਿਤੀਆਂ ਹੋਰ ਟਿਕਾ
ਬੋਲ ਨਾ ਬਹੁਤਾ ਸਿਖੜਿਆ, ਪੈ ਜਾ ਆਪਣੇ ਰਾਹ
ਮੈਂ ਸੁਣ ਆਖਿਆ ਚੌਧਰੀ, ਇਹ ਮਾਮੂਲੀ ਵਾਕ
ਅੱਖਾਂ ਕੱਢ ਡਰੌਣੀਆਂ, ਮੇਰੇ ਵੱਲ ਨਾ ਝਾਕ
ਵੇਖ ਬੈਲ ਦਾ ਹਾਲ ਮੈਂ, ਕਹੀ ਤਰਸ ਨਾਲ ਗੱਲ
ਸੌਖਾ ਹੋਇ ਗਰੀਬ ਜੇ, ਤੂੰ ਉੱਤਰ ਕੇ ਚੱਲ
ਮੈਂ ਨਰਮੀ ਨਾਲ ਗੱਲ ਕਰਾਂ, ਪਰ ਉਹ ਹੋਵੇ ਤੇਜ
ਜੀ ਚਾਹੇ ਬੱਸ ਏਸ ਨੂੰ, ਹੁਣੇ ਦਿਆਂ ਪਰ ਸੇਜ
ਰੌਲਾ ਸੁਣ ਕਈ ਆ ਗਏ, ਹੋਰ ਵੀ ਮੁਸਲਮਾਨ

[150] ਗੁਰਮੁਖ ਸਿੰਘ ਪੁੱਤਰ ਖਜ਼ਾਨ ਸਿੰਘ ਪਿੰਡ ਫਰਵਾਹੀ ਇਲਾਕਾ ਮਲੇਰਕੋਟਲਾ। – ਪਟਿਆਲਾ ਦਸਤਵੇਜ਼, ਨਾਮਧਾਰੀ ਇਤਿਹਾਸ, (ਸੰਪਾ. ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ) ਵਿਚੋਂ ਉਦਰਿਤ, ਸਫਾ–233

ਮੇਰੀ ਕੋਈ ਪੇਸ਼ ਨਾ, ਉਨ੍ਹਾਂ ਨੇ ਦਿੱਤੀ ਜਾਨ
ਤੂੰ ਆਖੇਂ ਇਸ ਬੈਲ ਤੇ, ਕਿਉਂ ਲੱਦਿਆ ਹੈ ਭਾਰ
ਤੇਰੇ ਸਾਂਹਵੇਂ ਹੁਣੇ ਹੀ, ਇਸ ਨੂੰ ਦਈਏ ਮਾਰ
ਦੀਨ ਦਾਰ ਹਾਂ ਅਸੀਂ, ਤੇ ਇਹ ਇਸਲਾਮੀ ਰਾਜ
ਹੈ ਸਵਾਬ ਕਬਾਬ ਇਹ, ਗਾਂਈਂ ਸਾਡਾ ਖਾਜ
ਮੈਂ ਕਿਹਾ ਮੈਂ ਤਰਸ ਨਾਲ ਕਹੀ ਮਾਮੂਲੀ ਬਾਤ
ਹਰ ਬਸ਼ਰ ਦਾ ਫਰਜ਼ ਉਹ, ਅਸ਼ਫੂਲ ਮਖ਼ਲੂਕਾਤ
ਮਾਲਕ ਹਾਂ ਅਸੀਂ ਏਸ ਦੇ, ਇਹ ਹੈ ਸਾਡਾ ਬੈਲ
ਅਸੀਂ ਕਰਾਣੀ ਏਸ ਨੂੰ, ਹੁਣੇ ਜਹੰਨਮ ਸੈਲ
ਲੜਦੇ ਭਿੜਦੇ ਆ ਵੜੇ, ਅਸੀਂ ਕੋਟਲੇ ਸ਼ਹਿਰ
ਓਹਨਾ ਕੀਤਾ ਆਣ ਕੇ, ਸਗੋਂ ਓਥੇ ਕਹਿਰ
ਕੁਤਵਾਲੀ ਵਿਚ ਜਾ ਵੜੇ, ਮੈਨੂੰ ਲੈ ਕੇ ਨਾਲ
ਦੱਸਿਆ ਜਾ ਕੁਤਵਾਲ ਨੂੰ, ਦੋਹਾਂ ਸਾਰਾ ਹਾਲ
ਕੀਤਾ ਉਸ ਇਨਸਾਫ਼ ਇਹ, ਬੁਚੜ ਨੂੰ ਲਿਆ ਸੱਦ
ਮੇਰੇ ਸਾਹਵੇਂ ਬੈਲ ਓਹ, ਕੀਤਾ ਓਥੇ ਬੱਧ
ਨਾਜ਼ਮ ਨੇ ਵੀ ਆ ਕਿਹਾ, ਇਹ ਗੱਲ ਹੈ ਠੀਕ
ਏਸ ਗੱਲ ਦੀ ਓਸ ਵੀ, ਕਰ ਦਿਤੀ ਤਸਦੀਕ
ਇੰਞ ਕੋਟਲੇ ਮੁਸਲਮਾਨ, ਆਏ ਮੇਰੇ ਪੇਸ਼
ਅਸੀਂ ਨਾ ਡਰਦੇ ਕੁਸਕਦੇ, ਬੈਠੇ ਮਾਰੀ ਘੇਸ
ਰਾਮ ਗਊਆਂ ਦੇ ਵੱਗ ਸਭ, ਫੜ ਕੇ ਦਿੱਤੇ ਮਾਰ
ਸੁਣਦੀ ਕੋਈ ਪੁਕਾਰ ਨਾ, ਇਹ ਸਾਡੀ ਸਰਕਾਰ

ਜਾਂ ਮਰੀਏ ਜਾ ਮਾਰੀਏ, ਇੱਕੋ ਇੱਕ ਉਪਾ
ਹੋਰ ਬਥੇਰਾ ਅਸੀਂ ਸਭ, ਹਾਰੇ ਜੋਰ ਹਾਂ ਲਾ
ਸ਼ਾਹਦੀ ਓਨਾਂ ਦੀ ਪਿਆ, ਭਰਦਾ ਹੈ ਅੰਗ੍ਰੇਜ਼
ਗਊਆਂ ਮਾਰਨ ਦਾ ਉਨ੍ਹਾਂ, ਕੰਮ ਕਰ ਦਿਤਾ ਤੇਜ
ਕੀ ਭਰੋਸਾ ਜਿੰਦ ਦਾ, ਖ਼ਬਰੇ ਦੋ ਦਿਨ ਚਾਰ
ਰਹਿਣਾਂ ਕਿਸੇ ਨਾ ਇਸ ਤਰ੍ਹਾਂ, ਏਥੇ ਪੈਰ ਪਸਾਰ
ਜਿੰਨਾਂ ਚਿਰ ਨਾ ਮੁੜ ਅਸੀਂ, ਅਪਣਾਂ ਲਈਏ ਰਾਜ

ਕਰੀਏ ਦੇਸ ਅਜ਼ਾਦ ਜਦ, ਤਦ ਸੌਰਨਗੇ ਕਾਜ
ਰੱਖਿਆ ਹੋਇ ਨਾ ਗਊ ਦੀ, ਦੇਸ਼ ਨਾ ਹੋਇ ਖੁਸ਼ਹਾਲ
ਜਨਤਾ ਭੁੱਖੀ ਮਰੇਗੀ, ਅੰਨ ਨਾ ਲੱਭੇ ਡਾਲ
ਦੇਵੀਏ ਆਪਣੇ ਦੇਸ਼ ਚੋਂ, ਅੰਗ੍ਰੇਜ਼ਾਂ ਨੂੰ ਕੱਢ
ਫੇਰ ਨਾ ਸਕੇਗਾ ਕੋਈ, ਗਊਆਂ ਏਥੇ ਵੱਢ
ਜੰਵ ਗਿਆਨੀ ਸਿੰਘ ਦੀ, ਚੜ੍ਹੀਏ ਨਾਲ ਉਮੰਗ
ਮੰਗੀਏ ਦੋ ਹੱਥ ਜੋੜ ਕੇ, ਸਤਿਗੁਰ ਤੋਂ ਇਹ ਮੰਗ
ਸਿਰੜ ਨਾ ਛਡੀਏ ਸਿਰ ਦਈਏ, ਧਰਮ ਨਿਭਾਹੀਏ ਤੋੜ
ਕੋਈ ਸ਼ਕਤੀ ਧਰਮ ਤੋਂ, ਸਾਨੂੰ ਸਕੇ ਨਾ ਹੋੜ
ਗੁਰਮੁਖ ਸਿੰਘ ਦੀ ਵਿਥਿਆ, ਸੁਣ ਕੇ ਜਥੇਦਾਰ
ਜਥਾ ਸ਼ਹੀਦੀ ਜੋੜ ਕੇ, ਲੱਗੇ ਕਰਨ ਵਿਚਾਰ
ਕੋਈ ਬਹਾਨਾ ਲੱਭ ਜੇ, ਇਹ ਚਾਂਹਦੇ ਸਨ ਸਿੰਘ
ਫੇਰ ਵਧਾਈਏ ਅਗਾਂਹ ਹੋ, ਵਿਚ ਪੰਜਾਬੇ ਡਿੰਘ

ਮਲੌਦ ਦੇ ਵਿਚ ਰਾਈਸ ਸੀ, ਬਦਨ ਸਿੰਘ[151] ਸਰਦਾਰ
ਹੀਰਾ ਸਿੰਘ ਜੀ ਓਸ ਦੇ, ਲੱਗਣ ਰਿਸ਼ਤੇਦਾਰ
ਸਿੰਘ ਆ ਸਜਿਆ ਓਹ ਵੀ, ਲੈ ਸਤਿਗੁਰ ਤੋਂ ਨਾਮ
ਹੀਰਾ ਸਿੰਘ ਨੂੰ ਆਖਿਆ, ਦੱਸਣਾ ਕੋਈ ਕਾਮ
ਜਥੇਦਾਰ ਉਸ ਨਾਲ ਰਲ, ਕਰੀ ਯੋਜਨਾ ਤਿਆਰ
ਕਾਬੂ ਕਰੀਏ ਕੋਟਲਾ, ਕਰ ਛਿੱਤਰਾਂ ਦੀ ਮਾਰ
ਫਿਰ ਨਾਭੇ ਨੂੰ ਸੋਧ ਕੇ, ਚੱਲ ਵੜੀਏ ਸੰਗਰੂਰ
ਬੱਸ ਪਟਿਆਲਾ ਫੇਰ ਨਾ, ਓਥੋਂ ਕੋਈ ਦੂਰ
ਪਟਿਆਲੇ ਵਿਚ ਬੈਠ ਕੇ, ਲਈਏ ਮਾਰ ਪੰਜਾਬ

---

[151] ਸ੍ਰ. ਬਦਨ ਸਿੰਘ ਪੁੱਤਰ ਸ੍ਰ. ਮਿੱਤ ਸਿੰਘ ਹੀਰਾ ਸਿੰਘ ਹੋਰਾਂ ਦਾ ਰਿਸ਼ਤੇਦਾਰ ਤਾਂ ਨਹੀਂ ਸੀ। ਪਟਿਆਲਾ ਰਾਜ ਦੇ ਬਾਨੀ ਬਾਬਾ ਆਲਾ ਸਿੰਘ ਸੀ, ਉਸ ਦਾ ਭਰਾ ਬਖਤਾ ਮਲੌਦ ਅਤੇ ਬੇਰ ਦੇ ਸਰਦਾਰਾਂ ਦਾ ਵਡੇਰਾ ਸੀ। ਅੰਗ੍ਰੇਜ਼ ਸਰਕਾਰ ਸਮਝਦੀ ਸੀ ਕਿ ਰਾਇਕੋਟ ਦੇ ਸਾਕੇ ਵਿਚ ਕੂਕਿਆਂ ਦੀਆਂ ਗ੍ਰਿਫਤਾਰੀਆਂ ਵਿਚ ਪਟਿਆਲਾ ਰਾਜ ਦੀ ਫੌਜ ਦਾ ਵੀ ਹੱਥ ਸੀ ਇਸ ਲਈ ਪਟਿਆਲੇ ਦੇ ਸ਼ਰੀਕੇ ਭਾਈਚਾਰੇ ਵਾਲੇ ਮਲੌਦੀਏ ਸਰਦਾਰ, ਕੂਕਿਆਂ ਦੇ ਹਮਲੇ ਦਾ ਨਿਸ਼ਾਨਾ ਬਣੇ।

ਗੋਰੇ ਕੱਢੀਏ ਦੇਸ ਚੋਂ, ਕੌਮ 'ਚ ਆਵੇ ਆਬ
ਬਦਨ ਸਿੰਘ ਦੇ ਨਾਲ ਉਸ, ਕੀਤੀ ਸੋਚ ਵਿਚਾਰ
ਓਸ ਅਜ਼ਾਦ ਪੰਜਾਬ ਦਾ, ਤੂੰ ਬਣਨਾ ਸਰਦਾਰ
ਪਾਣੀ ਭਰਿਆ ਮੂੰਹ ਵਿਚ, ਲਾਲਚ ਦੇ ਘਮਸਾਨ
ਨਾਲ ਖੁਸ਼ੀ ਦੇ ਬਦਨ ਸਿੰਘ, ਇਉਂ ਲੱਗਾ ਫੁਰਮਾਨ
ਮੰਨ ਲਈ ਸੀ ਬਦਨ ਸਿੰਘ, ਜਥੇਦਾਰ ਦੀ ਗੱਲ
ਕਰ ਲਿਆ ਰਲ ਕੇ ਦੋਹਾਂ ਨੇ, ਮਸਲਾ ਸਾਰਾ ਹੱਲ

ਲੋੜ ਪੈਣ ਤੇ ਦਿਆਂਗਾ, ਮੈਂ ਤੁਹਾਨੂੰ ਹਥਿਆਰ
ਜਿੰਨ੍ਹਾਂ ਦੇ ਨਾਲ ਆਪਣਾ, ਲੈਣਾਂ ਕੰਮ ਸਵਾਰ
ਫੇਰ ਕੋਟਲਿਓ ਹੋਰ ਸਭ, ਅਸਲਾ ਆਵੇ ਹੱਥ
ਛਿੱਤਰ ਦੇ ਨਾਲ ਕੁੱਟੀਏ, ਸੈਹਾ ਜਾਵੇ ਫੱਸ
ਦੋਹਾਂ ਸੋਚ ਵਿਚਾਰ ਇਹ, ਪੱਕੀ ਕਰੀ ਤਿਆਰ
ਮੈਂ ਤੁਹਾਨੂੰ ਦੇਵਸਾਂ, ਲੋੜ ਜੋਗੇ ਹਥਿਆਰ
ਗੁਰਮੁਖ ਸਿੰਘ ਦੀ ਗੱਲ ਤੋਂ, ਗਿਆ ਬਹਾਨਾ ਬਣ
ਮਾਰੀਏ ਪਹਿਲਾਂ ਕੋਟਲਾ, ਪੱਕੀ ਲਈ ਸੀ ਠਣ
ਨੰਦ ਸਿੰਘ ਦੇ ਘਰ ਤੋਂ, ਮਾਈ ਸੀ ਇੰਦ ਕੌਰ[152]
ਪਤੀ ਪਤਨੀ ਦੋਹਾਂ ਦਾ, ਮਸਤੀ ਭਰਿਆ ਤੌਰ
ਖੇਮ ਕੌਰ[153] ਤੇ ਇੰਦ ਕੌਰ ਹੱਥ ਦੇ ਵਿਚ ਨਿਸ਼ਾਨ
ਕਰਦੀਆਂ ਦੋਏ ਗੱਜ ਵੱਜ, ਉਹ ਏਦਾਂ ਵਖਿਆਨ
ਜਥਾ ਸ਼ਹੀਦੀ ਤੋਰਨਾ, ਭਰ ਕੇ ਧਰਮ ਜਹਾਜ
ਸਿਰ ਦਾ ਮੁੱਲ ਚੁਕਾ ਮੁੜ, ਲੈਣਾ ਅਪਣਾ ਰਾਜ
ਦੇਸ਼ ਧਰਮ ਲਈ ਹੋਵਣਾ, ਆਵੋ ਜਿਸ ਸ਼ਹੀਦ
ਜਿਸ ਲਈ ਦਸਵੇਂ ਸਤਿਗੁਰੂ, ਕਰਕੇ ਗਏ ਤਕੀਦ
ਮਰਨਾ ਇਕ ਦਿਨ ਉਂਝ ਵੀ, ਤਾਪ ਬੀਮਾਰੀ ਨਾਲ

[152] ਇੰਦ ਕੌਰ ਪਤਨੀ ਨੰਦ ਸਿੰਘ ਪਿੰਡ ਹੰਡਿਆਇਆ, ਥਾਣਾ ਵ ਤਹਿਸੀਲ ਅਨਾਹਦਗੜ੍ਹ (ਬਰਨਾਲਾ) (ਨਾਮਧਾਰੀ ਇਤਿਹਾਸ ਸਫਾ 233)

[153] ਖੇਮ ਕੌਰ ਪਤਨੀ ਗੁਰਸਾ ਸਿੰਘ, ਪਿੰਡ ਦਿੱਤੂ ਪੁਰਾ ਥਾਣਾ ਚਨਾਰਥੱਲ। – (ਨਾਮਧਾਰੀ ਇਤਿਹਾਸ ਸਫਾ 235)

ਬਾਜ ਅਚਿੰਤੇ ਪੈਣਗੇ, ਜਿਉਂ ਮੱਛੀ ਨੂੰ ਜਾਲ :-
"ਵੀਰੋ ਸ਼ੇਰ ਪੰਜਾਬੀਓ, ਤੁਸੀਂ ਭੈਣਾਂ ਦਾ ਹੋ ਮਾਨ
ਤੁਸੀਂ ਅਣਖ ਤੋਂ ਮਰਨਾਂ ਜਾਣਦੇ, ਤੁਹਾਡੀ ਸਭ ਤੋਂ ਉੱਚੀ ਸ਼ਾਨ
ਤੁਸੀਂ ਮਰਦ ਮੈਦਾਨੀ ਸੂਰਮੇਂ, ਤੁਸੀਂ ਸ਼ੀਹਾਂ ਤੋਂ ਬਲਵਾਨ
ਤੁਹਾਨੂੰ ਭੁੱਲ ਕੇ ਜਿਸ ਵੰਗਾਰਿਆ, ਓਹ ਸੁਕਾ ਨਾ ਦਿਤਾ ਜਾਨ
ਤੁਸੀਂ ਦੇਸ ਦੀ ਇੱਜ਼ਤ ਵਾਸਤੇ, ਸਦਾ ਰਹੇ ਵਾਰਦੇ ਪ੍ਰਾਨ
ਤੁਸੀਂ ਖ਼ਾਤਰ ਗਊ ਗਰੀਬ ਦੀ, ਕਦੀ ਨਹੀਂ ਪਿਆਰੀ ਜਾਨ
ਅਜ ਇੱਜ਼ਤ ਆਣ ਵਦੇਸ਼ੀਆਂ, ਤੁਹਾਡੀ ਰੋਲੀ ਹੈ ਸਰੇ ਬਾਜਾਰ
ਤੁਹਾਡੀ ਭੈਣਾਂ ਦੀ ਅਸਮਤ ਲੁਟ ਰਹੀ, ਪਏ ਵੇਖਦੇ ਅੱਖਾਂ ਪਾੜ
ਤੁਹਾਡੀਆਂ ਮਾਂਵਾਂ ਪਾਂਦੀਆਂ ਵੈਣ ਨੇ, ਪਈਆਂ ਰੋਂਦੀਆਂ ਨੇ ਜ਼ਾਰੋ ਜ਼ਾਰ
ਤੁਹਾਡੇ ਬੋਲੇ ਹੋ ਗਏ ਕੰਨ ਕਿਉਂ, ਕੀ ਸੁਣਦੀ ਨਹੀਂ ਪੁਕਾਰ ?
ਤੁਹਾਡਾ ਜੰਮ ਗਿਆ ਹੈ ਖ਼ੂਨ ਕਿਉਂ , ਕੀ ਵਗ ਗਈ ਰੱਬ ਦੀ ਮਾਰ ?
ਓਇ ਭੋਲਿਓ ਇਸ ਸੰਸਾਰ ਤੇ, ਤੁਸੀਂ ਦੋ ਦਿਨ ਖ਼ਬਰੇ ਚਾਰ

ਆਓ ਗਊ ਗਰੀਬਾਂ ਦੇ ਵਾਸਤੇ, ਤੁਸੀਂ ਨਿਕਲੋਂ ਵਿਚ ਮੈਦਾਨ
ਤੁਸੀਂ ਚੰਦ੍ਰ ਗੁਪਤ ਦੀ ਵੰਸ਼ ਹੋ, ਤੁਸੀਂ ਮੌਰਯ ਹੋ ਬਲਵਾਨ
ਤੁਸੀਂ ਵਾਰਸ ਸ਼ੇਰੇ ਪੰਜਾਬ ਦੇ, ਤੁਸੀਂ ਪੋਰਸ ਦੀ ਸੰਤਾਨ
ਤੁਸੀਂ ਨਲੂਏ ਦੀ ਔਲਾਦ ਹੋ, ਤੁਹਾਥੇ ਫੂਲਾ ਸਿੰਘ ਨੂੰ ਮਾਨ
ਤੁਸੀਂ ਉਨ੍ਹਾਂ ਦੇ ਪੁੱਤਰ ਪੋਤਰੇ, ਸਿਰ ਵੱਢ ਜੋ ਤਲੀ ਟਿਕਾਨ
ਜਿਨਾਂ ਮੁਗ਼ਲਾਂ ਦੇ ਝੰਡੇ ਪੁੱਟਕੇ, ਦਿੱਤੇ ਆਪਣੇ ਗੱਡ ਨਿਸ਼ਾਨ

ਜਿਨ੍ਹਾਂ ਬੂਹੇ ਤੇ ਸਵਾਲੀ ਆਇਆ, ਕਦੀ ਦਿਤਾ ਨ ਖਾਲੀ ਜਾਨ
ਤੁਸੀਂ ਜੂਠੇ ਟੁੱਕਰ ਵਾਸਤੇ, ਲਗੇ ਗ਼ੈਰ ਦੇ ਤਰਲੇ ਪਾਨ
ਅਜ ਸ਼ੇਰ ਦੇ ਘੁਰਨੇ 'ਚ ਬੈਠ ਕੇ, ਬਿਲੇ ਅੱਖੀਆਂ ਕੱਢ ਡਰਾਨ
ਜਿਨ੍ਹਾਂ ਮਾਰਿਆ ਗਿਆਨੀ ਸਿੰਘ ਨੂੰ, ਓਹ ਸੰਤ ਸਰੂਪ ਮਹਾਨ
ਤੁਹਾਨੂੰ ਅੰਮ੍ਰਿਤਸਰੀਏ ਭੁੱਲ ਗਏ, ਰਾਇਕੋਟ ਦਾ ਨਹੀਂ ਧਿਆਨ
ਓਨ੍ਹਾਂ ਰੱਸੇ ਚੁੰਮ-ਚੁੰਮ ਗਲੀਂ ਪਾ, ਦਿਤੇ ਦੇਸ਼ ਤੋਂ ਵਾਰ ਪਰਾਨ

ਸਿੰਘ ਬਿੱਲੇ[154] ਦਾ ਹੋਇ ਗ਼ੁਲਾਮ ਜੇ, ਇਹ ਹੈ ਅਣਹੋਣੀ ਗੱਲ
ਇਹ ਆਏ ਗੋਰੇ ਨੰਦਣੋਂ, ਏਥੇ ਬੈਠੇ ਜੇ ਸੱਥਰ ਮੱਲ
ਆ ਕੇ ਕਾਬੂ ਕਰ ਲਿਆ ਦੇਸ ਨੂੰ, ਬਣ ਬੈਠੇ ਜੇ ਹੁਣ ਭੜਮੱਲ
ਏਥੇ ਬੁਚੜਖਾਨੇ ਖੋਲ੍ਹ ਕੇ, ਪਾਈ ਦੇਸ ਦੇ ਵਿਚ ਤਰਥੱਲ
ਲੋਕੀਂ ਵਿਟਰ-ਵਿਟਰ ਸਭ ਤੱਕਦੇ, ਪਰ ਕੋਈ ਨਾ ਲੱਭਦੇ ਹੱਲ
ਜਦ ਢੱਗੇ ਮਿਲਣੋਂ ਰਹਿ ਗਏ, ਤਦ ਨਿਕਲੇਗਾ ਇਸਦਾ ਫੱਲ

ਬਿਨਾਂ ਬੈਲਾਂ ਤੋਂ ਪੈ ਜਾਇਗਾ, ਸਾਡੇ ਦੇਸ਼ ਦੇ ਅੰਦਰ ਕਾਲ
ਸਾਡੀਆਂ ਅੱਖਾਂ ਅੱਗੇ ਮਰਨਗੇ, ਸਾਡੇ ਭੁੱਖੇ ਨੌਂ ਨਿਹਾਲ
ਕਿਸੇ ਪੁੱਛਣੀ ਆ ਕੇ ਬਾਤ ਨਾ, ਨਹੀਂ ਪੁੱਛਣਾ ਸਾਡਾ ਹਾਲ
ਸਭ ਮਸਤ ਗ਼ੁਲਾਮੀ ਨਸ਼ੇ ਵਿਚ, ਨਹੀਂ ਕੋਈ ਸਮਝਦੇ ਚਾਲ

ਤੁਸੀਂ ਡਰਦੇ ਕੇਹੜੀ ਗਲ ਤੋਂ, ਤੁਹਾਡਾ ਹੋਇ ਨਾ ਵਿੰਗਾ ਵਾਲ
ਤੁਹਾਡੇ ਅੰਗ-ਸੰਗ ਗੁਰੂ ਗੋਬਿੰਦ ਸਿੰਘ, ਤੁਹਾਡੇ ਵਾਲੀ ਪੁਰਖ ਅਕਾਲ

ਆਓ ਨਿਕਲੋ ਵਿਚ ਮੈਦਾਨ ਦੇ, ਚੱਲ ਲਈਏ ਕੋਟਲਾ ਮਾਰ
ਫਿਰ ਉੱਠ ਕੇ ਨਾਭਾ ਸੋਧੀਏ, ਸੰਗਰੂਰ ਨੂੰ ਕਰੀਏ ਪਾਰ
ਫਿਰ ਚੱਲ ਪਟਿਆਲੇ ਜਾ ਵੜ੍ਹੋ, ਲਓ ਇਕ ਹੰਭਲਾ ਮਾਰ
ਏਨ੍ਹਾਂ ਅੱਤ ਚੱਕੀ ਰਜਵਾੜਿਆਂ, ਪਏ ਕਰਦੇ ਜ਼ੁਲਮ ਅਪਾਰ
ਏਨ੍ਹਾਂ ਗੋਰੇ ਆਂਦੇ ਸੱਦ ਕੇ, ਸਿੰਘ ਦਿਤੇ ਜੇ ਦੁਤਕਾਰ
ਚਲ ਪੁੱਛੀਏ ਪਹਾੜਾ ਸਿੰਘ[155] ਨੂੰ, ਜੋ ਹੈ ਬਿੱਲਿਆਂ ਦਾ ਯਾਰ"।

ਇੰਦ ਕੌਰ ਤੇ ਖੇਮ ਕੌਰ, ਰਣ ਚੰਡੀ ਸਾਖਯਾਤ

---

[154] ਸਿੰਘ- ਬੋਲਿਆਂ ਵਿੱਚ ਅੰਗ੍ਰੇਜ਼ਾਂ ਨੂੰ ਬਿੱਲੇ ਕਿਹਾ ਜਾਂਦਾ ਸੀ। ਸਤਿਗੁਰੂ ਰਾਮ ਸਿੰਘ ਜੀ ਵੀ ਇਹਨਾਂ ਲਈ ਇਹ ਲਫਜ਼ ਵਰਤਦੇ ਸਨ। "ਗਾਈਂ ਤਾਂ ਬਿੱਲੇ ਖਾਇ ਜਾਣਗੇ" -(ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ, ਸਫਾ 230 ਪਹਿਲੀ ਛਾਪ)

[155] ਪਹਾੜਾ ਸਿੰਘ ਫਰੀਦਕੋਟ ਦਾ ਰਾਜਾ, ਜਿਸ ਮੁੱਦਕੀ ਦੀ ਜੰਗ ਸਮੇਂ (ਦਸੰਬਰ 1845) ਭੱਜੇ ਜਾਂਦੇ ਅੰਗ੍ਰੇਜ਼ਾਂ ਨੂੰ ਘੋੜਾ ਭੱਜਾ ਕੇ ਕਿਹਾ ਸੀ ਕਿ ਖਾਲਸਾ ਫੋਜ ਨੂੰ ਵੀ ਭਾਜ ਪੈ ਗਈ ਹੈ, ਤੁਸੀਂ ਵਾਪਸ ਮੁੜੋ। ਇਉਂ ਉਹਨਾਂ ਨੂੰ ਖਾਲੀ ਜੰਗ ਮੈਦਾਨ ਤੇ ਕਾਬਜ਼ ਕਰਾ ਦਿੱਤਾ-"ਪਹਾੜਾ ਸਿੰਘ ਸੀ ਯਾਰ ਫਿਰੰਗੀਆਂ ਦਾ, ਸਿੰਘਾਂ ਨਾਲ ਸੀ ਉਸਦੀ ਗ਼ੈਰ ਸਾਲੀ"ਸ਼ਾਹ ਮੁਹੰਮਦ।

ਵੱਸਦੀ ਹਰ ਇਕ ਦਿਲ ਵਿਚ, ਓਨ੍ਹਾਂ ਦੀ ਸੀ ਬਾਤ
ਆਂਹਦੇ ਲੋਕੀਂ ਭੈਣ ਜੀ ! ਕੀ ਤੁਹਾਡਾ ਫੁਰਮਾਨ
ਦੋ ਕੁ ਸੌ ਸਿੰਘ ਆ ਗਿਆ, ਉਨ੍ਹਾਂ ਦੇ ਹੇਠ ਨਿਸ਼ਾਨ
ਜਿਨ੍ਹਾਂ ਦੇ ਦਿਲ ਵਿੱਚ ਸੀ, ਗਊ ਗ਼ਰੀਬ ਦਾ ਪਿਆਰ
ਹੋਵੇ ਦੇਸ਼ ਆਜ਼ਾਦ ਜੇ, ਓਹ ਮਰਨ ਲਈ ਤਿਆਰ
ਜੋ ਨਹੀਂ ਸਨ, ਜਾਣਦੇ, ਵਲ ਛਲ ਝੂਠ ਫਰੇਬ
ਆਂਹਦੇ ਰਹਾਂਗੇ ਜਾਂ ਅਸੀਂ, ਜਾਂ ਰਹਿਣ ਅੰਗ੍ਰੇਜ਼
ਖਿਨ ਭੰਗਰ ਹੈ ਜ਼ਿੰਦਗੀ, ਕੀ ਇਸਦਾ ਇਤਬਾਰ
ਕੀ ਭਰਵਾਸਾ ਏਸਦਾ, ਦੋ ਦਿਨ ਖ਼ਬਰੇ ਚਾਰ
ਨਾਲ ਜੱਥੇ ਦੇ ਜਾਈਏ, ਅਸੀਂ ਖੁਸ਼ੀ ਦੇ ਨਾਲ
ਜਰਿਆ ਜਾਂਦਾ ਹੋਰ ਨਾ, ਸੁਣ ਗਊਆਂ ਦਾ ਹਾਲ
ਹੀਰਾ ਸਿੰਘ ਜੀ ਪੰਥ ਦੇ, ਵੱਡੇ ਨੇ ਜੱਥੇਦਾਰ
ਮੰਨਦੇ ਸਾਰੇ ਸਿੰਘ ਨੇ, ਓਨ੍ਹਾਂ ਨੂੰ ਸਰਦਾਰ
ਲਈ ਫ਼ਕੀਰੀ ਜਿਨ੍ਹਾਂ ਨੇ, ਰਾਜ ਹਕੂਮਤ ਤਿਆਗ
ਆਏ ਸ਼ਰਨੀ ਪੰਥ ਦੀ, ਧੰਨ ਸਮਝ ਕੇ ਭਾਗ
ਸਿਰ ਵਾਰਾਂਗੇ ਖੁਸ਼ੀ ਨਾਲ, ਅਸੀਂ ਧਰਮ ਦੇ ਹੇਤ
ਹੋਵੇਗੀ ਅਵੱਸ਼ ਓਹ, ਜੋ ਹੈ ਰੱਬ ਦੀ ਨੇਤ
ਜਥੇ ਸ਼ਹੀਦੀ ਲਾਇਆ, ਡੇਰਾ ਬਾਹਰ ਵਾਰ
ਅਕਾਲ ਬੁੰਗਾ ਅਸਬਾਨ ਜੋ, ਦੱਖਣ ਵਲ ਸ਼ੁਮਾਰ
ਹੀਰਾ ਸਿੰਘ ਤੇ ਲਹਿਣਾ ਸਿੰਘ, ਜਥੇ ਸ਼ਹੀਦੀ ਨਾਲ
ਬੋਲੇ ਕੱਢ ਅਜਗ਼ੈਬ ਦੇ, ਕਰਨ ਅਕਾਲ ਅਕਾਲ
ਗੁਰਮੁਖ ਸਿੰਘ ਤੋਂ ਹਾਲ ਸੁਣ, ਵਧਿਆ ਪੰਥ 'ਚ ਜੋਸ਼
ਜ਼ੁਲਮ ਹੋਇ ਵਿਚ ਕੋਟਲੇ, ਸਿੰਘ ਕਰਨ ਸੁਣ ਰੋਸ
ਰੀਠੜਿਆਂ ਨੂੰ ਘੋਟ ਕੇ, ਕੀਤੀ ਦੇਗ਼ ਤਿਆਰ
ਪਰਖੇ ਓਹ ਜੋ ਦੇਣਗੇ, ਸੀਸ ਧਰਮ ਤੋਂ ਵਾਰ
ਪੰਥ ਇਕੱਠਾ ਇਸ ਸਮੇਂ, ਹੋਇਆ ਕਈ ਹਜ਼ਾਰ
ਆਇਆ ਵਿਚ ਉਮਾਹ ਭਰ, ਸਤਿਗੁਰ ਕਰਨ ਦੀਦਾਰ
ਬੀੜਾਂ ਗੁਰੂ ਗ੍ਰੰਥ ਦੀਆਂ, ਪੰਝੀ ਕਰ ਪ੍ਰਕਾਸ਼
ਇੱਕ ਸੌ ਇਕ ਅਖੰਡ ਪਾਠ, ਭੋਗ ਪਾਏ ਕਰ ਖਾਸ

ਮਾਘੀ ਦੇ ਦਿਨ ਪੈ ਗਿਆ, ਇਸ ਉਤਸਵ ਦਾ ਭੋਗ
ਸੰਗਤ ਬੇਸ਼ੁਮਾਰ ਸੀ, ਬੇਸ਼ੁਮਾਰ ਸਨ ਲੋਗ
ਦਰਸ਼ਨ ਕਰਕੇ ਖੁਸ਼ੀ ਲੈ, ਸੰਗਤ ਗਈ ਪਧਾਰ
ਜਥਾ ਸ਼ਹੀਦੀ ਰਹਿ ਗਿਆ, ਗਏ ਨਾ ਜੱਥੇਦਾਰ
ਦੋ ਤਿੰਨ ਸੌ ਸਿੰਘ ਸਨ, ਜਥੇ ਸ਼ਹੀਦੀ ਨਾਲ
ਛੱਡ ਜੈਕਾਰੇ ਮਸਤ ਹੋ, ਸਤਿ ਸ੍ਰੀ ਅਕਾਲ
ਦੇਗ਼ ਛਕਾ ਕੇ ਰੀਠਿਆਂ, ਜਿਨ੍ਹਾਂ ਦੀ ਕੀਤੀ ਸੋਧ
ਹੀਰਾ ਸਿੰਘ ਜੀ ਉਨ੍ਹਾਂ ਨੂੰ, ਕਿਹਾ ਕਰ ਸੰਬੋਧ :-
"ਸ਼ੇਰ ਪੰਜਾਬੀ ਗੱਭਰੂਆ, ਮੈਨੂੰ ਤੇਰੇ ਤੇ ਅਫ਼ਸੋਸ
ਤੈਨੂੰ ਲੁੱਟੀ ਬਦੇਸ਼ੀ ਜਾ ਰਹੇ, ਤੈਨੂੰ ਅਜੇ ਨਾ ਆਵੇ ਹੋਸ਼
ਤੇਰੀ ਮਾਂ ਦੀ ਹੁੰਦੀ ਬੇਇਜ਼ਤੀ, ਤੈਨੂੰ ਵੇਖ ਨਾ ਆਵੇ ਰੋਸ
ਓਹ ਮਾਰਨ ਗਊ ਗ਼ਰੀਬ ਨੂੰ, ਜ਼ੁਲਮ ਕਰਨ ਫੜ ਕੋਸ
ਓਹ ਲੈ ਗਏ ਆਪਣੇ ਦੇਸ਼ ਨੂੰ, ਤੇਰਾ ਸਭ ਕੁਝ ਤੈਥੋਂ ਖੋਸ
ਜੇ ਜ਼ਰਾ ਕੁ ਕੋਈ ਕੁਸਕਦਾ, ਇਹ ਕੱਢ ਵਿਖਾਲਣ ਠੋਸ
ਤੇਰੀ ਕਿਧਰ ਗਈ ਅਣਖ ਓਹ, ਤੂੰ ਹੋ ਬੈਠਾ ਮਦਹੋਸ਼
ਤੂੰ ਚੁੱਪ ਕਰੀਤਾ ਵੇਖਦਾ, ਪਿਆ ਬੈਠ ਤਮਾਸ਼ਾ ਗੋਸ
ਤੇਰਾ ਵੇਖ ਖ਼ੂਨ ਨਾ ਖੌਲਦਾ, ਤੈਨੂੰ ਕਿਉਂ ਨਹੀਂ ਔਂਦਾ ਰੋਸ
ਉਠ ਸਿੰਘਾ ਆਲਸ ਛਡ ਦੇ, ਜ਼ਰਾ ਵੇਖ ਨਾ ਅੱਖ ਉਘਾੜ
ਤੇਰੇ ਹਰੇ ਭਰੇ ਦੇਸ਼ ਪੰਜਾਬ ਨੂੰ, ਇਨ੍ਹਾਂ ਗੋਰਿਆਂ ਦਿੱਤਾ ਸਾੜ।"

ਆਏ ਨੇ ਚੱਲ ਲੰਦਣੋਂ, ਏਥੇ ਇਹ ਮਲੇਛ
ਦਿਨ ਦੀਵੀਂ ਹੈ ਲੁੱਟਿਆ, ਏਨ੍ਹਾਂ ਸਾਰਾ ਦੇਸ਼
ਥਾਂ ਥਾਂ ਦਿਤੇ ਇਨ੍ਹਾਂ ਹਨ, ਬੁੱਚੜਖਾਨੇ ਖੋਲ੍ਹ
ਗ਼ੈਰਤ ਅਣਖ਼ ਪੰਜਾਬ ਦੀ, ਦਿੱਤੀ ਮਿੱਟੀ ਰੋਲ
ਕੋਈ ਨਾ ਅੱਗੋਂ ਵਰਜਦਾ, ਕੀ ਕਰਦੀ ਸਰਕਾਰ
ਪੱਤ ਉਤਾਰੀ ਇਨ੍ਹਾਂ ਨੇ, ਸਾਡੀ ਸਰੇ ਬਾਜ਼ਾਰ
ਭਾਵੇਂ ਹੈ ਇਹ ਕੋਟਲਾ, ਮੁਸਲਮਾਨੀ ਰਾਜ
ਰੱਯਤ ਹਿੰਦੂ ਸਿੱਖ ਜੋ, ਦੇਂਦੇ ਏਸ ਖ਼ਿਰਾਜ
ਥੋੜ੍ਹੇ ਜਿਹੇ ਮੁਸਲਮਾਨ, ਗਿਣਤੀ ਕੋਈ ਨਾ ਆਮ

ਵੱਸਦੇ ਅੰਦਰ ਕੋਟਲੇ, ਹਿੰਦੂ ਸਿੱਖ ਤਮਾਮ
ਰਾਮ ਗਊਆਂ ਦੇ ਵੱਗ ਸਭ, ਓਨ੍ਹਾਂ ਦਿੱਤੇ ਮਾਰ
ਵਰਜੇ ਹਟ ਨਹੀਂ ਸੱਕਦੇ, ਸ਼ਹਿ ਦੇਂਦੀ ਸਰਕਾਰ
ਕੋਟਲੇ ਦਾ ਨਵਾਬ ਜੋ, ਪਾਗਲ ਕਰ ਬੈਠਾਲ
ਲਿਆ ਹੈ ਓਸ ਗਰੀਬ ਦਾ, ਗੋਰਿਆਂ ਰਾਜ ਸੰਭਾਲ
ਲੁਦੇਹਾਣਾ ਜ਼ਿਲ੍ਹੇ ਦਾ, ਡਿਪਟੀ ਕਮਿਸ਼ਨਾਰੀਸ਼
ਐਸ ਸਮੇਂ ਹੈ ਕੋਟਲੇ, ਦਾ ਉਹ ਆਪ ਰਾਈਸ
ਰਾਜ ਕਾਜ ਦਾ ਕਰ ਰਹੀ, ਕੌਂਸਲ ਹੈ ਪ੍ਰਬੰਧ
ਜੋ ਸ਼ਰੀਕ ਨਵਾਬ ਦੇ, ਪਾਇਆ ਓਨ੍ਹਾਂ ਗੰਦ
ਕੋਈ ਨਾ ਡਰਦਾ ਕੁਸਕਦਾ, ਹੋ ਕੇ ਕਹੇ ਦਲੇਰ
ਕੌਂਸਲ ਕਰ ਰਹੀ ਕੋਟਲੇ, ਅੰਦਰ ਖੂਬ ਅਨ੍ਹੇਰ
ਮਾਰਨ ਗਊਆਂ ਨਾ ਦਵੋ, ਕਰੋ ਨਾ ਏਡਾ ਪਾਪ
ਸਾਥੋਂ ਜਰ ਨਹੀਂ ਹੋਂਵਦਾਂ, ਏਨ੍ਹਾਂ ਦਾ ਸੰਤਾਪ
ਭਾਈ ਗੁਰਮੁਖ ਸਿੰਘ ਜੀ, ਉਨ੍ਹਾਂ ਦੇ ਨੰਬਰਦਾਰ
ਭਰਨ ਮਾਮਲਾ ਗਏ ਸੀ, ਕੰਮ ਕਾਰ ਸਰਕਾਰ
ਓਥੇ ਕੀਤਾ ਉਨ੍ਹਾਂ ਨੇ, ਭੈੜਾ ਬਹੁਤ ਸਲੂਕ
ਸੋਧੀਏ ਓਨ੍ਹਾਂ ਚਲ ਕੇ, ਰੌਂਤ ਪਠਾਨ ਮਲੂਕ
ਗੁਰਮੁਖ ਸਿੰਘ ਦੇ ਨਾਲ ਉਨ, ਕਰਕੇ ਤੇ ਤਕਰਾਰ
ਕੋਹ ਕੇ ਸੌਹੇਂ ਬੈਲ ਨੂੰ, ਕੀਤਾ ਅੱਤਿਆਚਾਰ
ਪਹਿਲਾਂ ਸੋਧੋ ਕੋਟਲਾ, ਫਿਰ ਨਾ ਨਾਭਾ ਦੂਰ
ਕਾਬੂ ਕਰ ਕੇ ਏਸ ਨੂੰ, ਚੱਲ ਵੜੀਏ ਸੰਗਰੂਰ
ਫਿਰ ਪਟਿਆਲੇ ਵਿੱਚ ਜਾ, ਉਸ ਨੂੰ ਲਓ ਸੰਭਾਲ
ਅੰਗ੍ਰੇਜ਼ਾਂ ਨੂੰ ਕੱਢ ਕੇ, ਕਰੀਏ ਦੇਸ਼ ਬਹਾਲ
ਫ਼ਰੀਦਕੋਟ ਦੇ ਵਿਚ ਹੈ, ਪਹਾੜਾ ਸਿੰਘ ਬੈਰਾੜ
ਉਹ ਹੈ ਦੁਸ਼ਮਨ ਕੌਮ ਦਾ, ਅੰਗ੍ਰੇਜ਼ਾਂ ਦਾ ਯਾਰ
ਮੁੜ ਕਰੀਏ ਪੰਜਾਬ ਵਿਚ, ਕੈਮ ‘ਖਾਲਸਾ ਰਾਜ’
ਹੱਲਾ ਬੋਲ ਕੇ ਪਾਈਏ, ਇਉਂ ਬਿੱਲਿਆਂ ਨੂੰ ਭਾਜ
ਕੀਤਾ ਏਨ੍ਹਾਂ ਦੇਸ਼ ਨੂੰ, ਪੁੱਜ ਕੇ ਹੈ ਬਰਬਾਦ
ਕੱਢੀਏ ਇਨ੍ਹਾਂ ਪੰਜਾਬ ਚੋਂ, ਕਰੀਏ ਦੇਸ਼ ਆਜ਼ਾਦ

ਤੇਗ਼ ਬਹਾਦਰ ਸਤਿਗੁਰੂ, ਦੇ ਕੇ ਕਹਿਣ ਦੀਦਾਰ
ਧਰਮ ਹੇਤ ਸਿਰ ਲਾਣ ਦੀ, ਹੁਣ ਹੈ ਤੁਹਾਡੀ ਵਾਰ
ਗਊਆਂ ਇਹ ਮੁਕਾ ਦੇਣ, ਮਾਰ ਕੇ ਸਭ ਮਲੇਛ
ਖੇਤੀ ਹੋਵੇਗੀ ਕਿਵੇਂ, ਕੀ ਖਾਵੇਗਾ ਦੇਸ਼ ?
ਢੱਗੇ ਮਿਲਣ ਨਾ ਜੱਟ ਨੂੰ, ਪੈਦਾ ਹੋਇ ਨਾ ਅੰਨ
ਕਿਥੋਂ ਲੋਕੀਂ ਖਾਣਗੇ, ਫੇਰ ਪਕਾ ਕੇ ਮੰਨ
ਬੱਸ ਏਸਦਾ ਹੈ ਹੁਣ, ਇੱਕੋ ਇਹ ਇਲਾਜ
ਬਿੱਲਿਆਂ ਨੂੰ ਖਦੇੜੀਏ, ਪਾ ਕੇ ਏਥੋਂ ਭਾਜ
ਮਰ ਜਾਈਏ ਜੇ ਇਉਂ ਅਸੀਂ, ਜਾਈਏ ਗਿਣੇ ਸ਼ਹੀਦ
ਇਸਦੀ ਨੌਵੇਂ ਪਾਤਸ਼ਾਹ, ਕਰਕੇ ਕਹਿਣ ਤਕੀਦ
ਮਾਰ ਲਈਏ ਜੇ ਵੈਰੀਆਂ, ਲਈਏ ਰਾਜ ਸੰਭਾਲ
ਦੋਹੀਂ ਹੱਥੀਂ ਲੱਡੂਆਂ, ਸਾਡੇ ਭਰੀ ਹੈ ਡਾਲ
ਮਰਨਾ ਇਕ ਦਿਨ ਉਂਞ ਵੀ, ਡਰੀਏ ਨਾ ਪੈਰ ਪਸਾਰ
ਦੇਸ਼ ਧਰਮ ਤੋਂ ਮਰਨ ਦੀ, ਸਭ ਤੋਂ ਉੱਚੀ ਕਾਰ
ਨਿੱਤਰੋ ਵਿਚ ਮੈਦਾਨ ਦੇ, ਜਿਸ ਹੈ ਦੇਣਾ ਸਿਰ
ਐਵੇਂ ਗਿਆ ਮੈਂ ਮਾਰਿਆ, ਕੋਈ ਨਾ ਆਖੇ ਫਿਰ
ਅਸੀਂ ਤੇ ਖੱਫਣ ਆਪਣੇ, ਬੰਨ੍ਹ ਲਿਆ ਹੈ ਸੀਸ
ਤੇਗ਼ ਬਹਾਦਰ ਸਤਿਗੁਰੂ, ਦੀ ਹੈ ਜੋ ਬਖ਼ਸ਼ੀਸ਼
ਪਾਂਹੀਆਂ[੧] ਵਾਂਗ ਨਾ ਵੱਸਣ ਦੀ, ਇਜ਼ਤ ਆਪਣੇ ਦੇਸ
ਜਾਂ ਅਸੀਂ ਏਥੇ ਰਹਾਂਗੇ, ਜਾਂ ਇਹ ਰਹਿਣ ਮਲੇਛ

"ਓਇ ਸਿੰਘਾ ਆਲਸ ਛੱਡ ਕੇ, ਜ਼ਰਾ ਸੋਹਣਿਆਂ ਅੱਖਾਂ ਖੋਲ੍ਹ
ਤੇਰੇ ਘਰ ਨੂੰ ਚੋਰਾਂ ਲੁੱਟ ਕੇ, ਦਿੱਤਾ ਮਿੱਟੀ ਦੇ ਵਿਚ ਰੋਲ
ਤੇਰਾ ਸਭ ਕੁਝ ਖੋਹ ਕੇ ਲੈ ਗਏ, ਬਿਨ ਤਾਰਿਆਂ ਕੌਡੀ ਮੋਲ
ਏਨ੍ਹਾਂ ਜੜਿਆ ਮਲਕਾਂ ਤਾਜ ਸਿਰ, ਤੇਰਾ ਕੋਹਨੂਰ ਅਨਮੋਲ
ਓਹ ਅਮਾਨਤ ਗੁਰੂ ਰਾਮਦਾਸ ਦੀ, ਸੀ ਪਈ ਦਲੀਪ ਦੇ ਕੋਲ
ਇਹ ਲੈ ਗਏ ਪਕੜ ਦਲੀਪ ਨੂੰ, ਹੁਣ ਰਹੇ ਵਦੇਸ਼ੀਂ ਰੋਲ

੧ ਲੋਕਾਂ ਦੇ ਆਸਰੇ ਰਹਿਣ ਵਾਲਾ, ਮੁਸਾਫਿਰ।

ਉਸਦੇ ਪੱਲੇ ਛੱਡਿਆ ਕੱਖ ਨਾ, ਓਹਦੇ ਕਰੇ ਬਿਸਤਰੇ ਗੋਲ

ਓਹਦਾ ਧਰਮ ਵੀ ਖੋਹਿਆ ਵੈਰੀਆਂ, ਕੱਟ ਦਿੱਤੇ ਕੇਸ ਅਭੋਲ
ਓਹ ਕੱਲਾ ਸੀ ਪਰਦੇਸ ਵਿਚ, ਕੁਝ ਮੂੰਹੋਂ ਨਾ ਸੱਕਿਆ ਬੋਲ
ਓਹ ਤੜਫ਼ੇ ਵੇਖਣ ਦੇਸ ਨੂੰ, ਓਹਨੂੰ ਫੜਕਣ ਦੇਣ ਨਾ ਕੋਲ
ਏਨ੍ਹਾਂ ਮਿੱਤਰ ਬਣਾ ਰਣਜੀਤ ਨੂੰ, ਇਹ ਤਾਰਿਆ ਉਸਦਾ ਮੋਲ
ਇਹ ਘੱਟ ਨਾ ਕਰਦੇ ਕਿਸੇ ਨਾਲ, ਸਭ ਤੋਲਣ ਇੱਕੇ ਤੋਲ
ਇਹ ਦਿਨ ਦਿਹਾੜੇ ਲੁੱਟ ਰਹੇ, ਲਾ ਡੱਗਾ ਉਪਰ ਢੋਲ
ਤੂੰ ਭਰ ਅੰਗੜਾਈ ਉੱਠ ਕੇ, ਨਹੀਂ ਏਡਾ ਹੋਈਦਾ ਸੋਹਲ
ਇਹ ਨੱਸਣ ਜਿਉਂ ਮਿਰਗਾਵਲੀ, ਜ਼ਰਾ ਵੇਖ ਮਾਰ ਕੇ ਬੋਹੜ
ਇਹ ਚਿੱਟੀ ਚਮੜੀ ਚੰਬੜੀ, ਤੈਨੂੰ ਬਣ ਕੇ ਭੈੜਾ ਕੋਹੜ
ਤੈਨੂੰ ਚੜ੍ਹੀ ਖੁਮਾਰੀ ਗਜ਼ਬ ਦੀ, ਤੇ ਆਲਸ ਆਂਹਢੀ ਲੋਹੜ
ਓਇ ਸ਼ੇਰਾ ਘੁਰਨੇ ਆਪਣੇ ਵੱਲ, ਕਦੀ ਤੇ ਵਾਗਾਂ ਮੋੜ
ਫਿਰ ਪੱਛੋਤਾਇਆਂ ਕੀ ਬਣੇ, ਜਦ ਚਿੜੀਆਂ ਚੁਗ ਲਿਆ ਖੇਤ
ਓਇ ਰਾਖਿਆ ਦੇਸ਼ ਪੰਜਾਬ ਦਿਆ, ਜ਼ਰਾ ਹੋ ਖਾਂ ਕਦੀ ਸੁਚੇਤ

'ਤਿੰਨ ਦਿਨ ਤੋਂ ਮਸਤਾਨਿਆਂ, ਛਕਿਆ ਨਾ ਪ੍ਰਸ਼ਾਦ
ਬਾਬਾ ਲੱਖਾ ਸਿੰਘ ਜੀ, ਭੇਜੇ ਕਰ ਗੁਰੂ ਯਾਦ
ਕੀਤੀ ਨਾ ਮਸਤਾਨਿਆਂ, ਨਾਲ ਉਨ੍ਹਾਂ ਦੇ ਗੱਲ
ਮੁੜ ਆਏ ਓਹ ਉਂਵ ਹੀ, ਸ੍ਰੀ ਸਤਿਗੁਰੂ ਵੱਲ
ਆਪੇ ਹੀ ਸਮਝਾ ਲਓ, ਮਤੇ ਜਾਣ ਓਹ ਸ਼ਾਂਤ
ਮੰਨਦੇ ਸੁਣਦੇ ਨਹੀਂ ਓਹ, ਹੋਰ ਕਿਸੇ ਦੀ ਬਾਤ

ਆਏ ਸੀ ਸ੍ਰੀ ਸਤਿਗੁਰੂ, ਚੱਲ ਮਸਤਾਨਿਆਂ ਪਾਸ
ਨਮਸਕਾਰ ਕਰ ਉਨ੍ਹਾਂ ਇਓਂ, ਕੀਤੀ ਸੀ ਅਰਦਾਸ
ਕੀ ਹੁਕਮ ਹੈ ਅਸਾਂ ਨੂੰ, ਗੁਰੂ ਗਰੀਬ ਨਿਵਾਜ ?
ਕਿਸ ਲਈ ਸਰਕਾਰ ਸੀ, ਸਾਨੂੰ ਕੀਤਾ ਯਾਦ ?

ਬੋਲੇ ਕਢੋ ਜੋ ਤੁਸੀਂ, ਚੁਭਣ ਦਿਲ ਅੰਗ੍ਰੇਜ਼
ਜਿਸਦੇ ਦਿਲ ਵਿਚ ਕੁਈ ਨਾ, ਜ਼ੁਲਮ ਲਈ ਪ੍ਰਹੇਜ
ਭਾਈ ਅਜੇ ਨਾ ਸਮਾਂ ਹੈ, ਸਮੇਂ-ਸਮੇਂ ਦੇ ਨਾਲ

ਆਪੇ ਠੀਕ ਹੋ ਜਾਇਗਾ, ਕੋਈ ਨਾ ਸੱਕੇ ਟਾਲ
ਪੌਧ ਛੁਟੇਰੀ ਹੈ ਅਜੇ, ਹੋਈ ਨਹੀਂ ਤਿਆਰ
ਡਰ ਹੈ ਮਤੇ ਨ ਲੂ ਇਹ, ਇਸ ਨੂੰ ਦੇਵੇ ਸਾੜ
ਕਰਨਾ ਚਾਹੋ ਜੋ ਤੁਸੀਂ, ਕੰਮ ਨਾਲ ਤਲਵਾਰ
ਮਾਲਾ ਨਾਲ ਹੋ ਜਾਇਗਾ, ਧੀਰਜ ਕਰੋ ਵਿਚਾਰ
ਮਸਤ ਗੁਲਾਮੀ ਨਸ਼ੇ ਵਿਚ, ਹਨ ਸੱਭੇ ਗਲਤਾਨ
ਦੇਸ ਉਜੜਦਾ ਵੇਖ ਵੀ, ਕੋਈ ਦਏ ਨਾ ਧਿਆਨ
ਦੁਸ਼ਮਣ 'ਕੂਕਾ' ਪੰਥ ਦਾ, ਹਰ ਪੱਤਾ ਹਰ ਝਾੜ
ਪਤਾ ਨਹੀਂ ਕੀ ਕਿਸੇ ਦਾ, ਕੀਤਾ ਏਸ ਵਿਗਾੜ
ਸ਼ਾਰਤ ਭਰੀ ਅੰਗ੍ਰੇਜ਼ ਦੀ, ਹੈ ਸਾਰੀ ਇਹ ਚਾਲ
ਓਹ ਨਹੀਂ ਚਾਂਹਦਾ ਜਨਤਾ, ਰਲੇ ਅਸਾਡੇ ਨਾਲ
ਕਿਉਂਕਿ ਡਰ ਹੈ ਏਸ ਨੂੰ, ਖੋਹ ਨਾ ਲੈਣ ਇਹ ਰਾਜ
ਸਿੰਘਾਂ ਤੋਂ ਇਸ ਖੋਹਿਆ, ਕਰਕੇ ਜਾਹਲਸਾਜ

ਮੰਨ ਲਵੋ ਤਾਂ ਦੇਵੀਏ, ਤੁਹਾਨੂੰ ਅਸੀ ਸਲਾਹ
ਸਮੇਂ ਨਾਲ ਹੋ ਜਾਇ ਇਹ, ਆਪੇ ਦੂਰ ਬਲਾ
ਮਾਲਾ ਫੇਰੋ ਨਾਮ ਜਪੋ, ਕਰੋ ਇਹ ਅਰਦਾਸ
ਹੇ ਸਤਿਗੁਰੂ ਜੀ ਕੰਮ ਸਭ, ਸਾਡੇ ਕਰ ਦਿਓ ਰਾਸ
ਸੱਭੇ ਕੰਮ ਸੰਸਾਰ ਦੇ, ਕੁਦਰਤ ਦੇ ਅਧੀਨ
ਜਾਓ ਬੈਠੋ ਚੁੱਪ ਕਰ, ਦਿਲ ਵਿਚ ਧਾਰ ਯਕੀਨ
ਹੁਕਮ ਸੁਣ ਗੁਰੂਦੇਵ ਦਾ, ਬੋਲੇ ਜਥੇਦਾਰ
ਸਭ ਕੁਝ ਤੁਹਾਡੇ ਵੱਸ ਹੈ, ਲਉ ਬਾਲੀ[156] ਸਰਕਾਰ
ਮਰਨਾ ਚਾਹੇ ਕੋਈ ਨਾ, ਜੋ ਆਇਆ ਸੰਸਾਰ
ਸੁਣ ਮੌਤ ਦਾ ਨਾਂ ਸਭ, ਰੋਵਣ ਧਾਹੀਂ ਮਾਰ
ਓਨ੍ਹਾਂ ਵਿਚੋਂ ਆਪ ਦੇ, ਅਸੀ ਨਾਚੀਜ਼ ਗੁਲਾਮ
ਸੁਣ ਕੇ ਨਾਂ ਜੋ ਮੌਤ ਦਾ, ਦੂਰੋਂ ਕਰਨ ਸਲਾਮ
ਪਰ ! ਕੀ ਕਰੀਏ ਪਾਤਸ਼ਾਹ, ਗਾਂਈਂ ਦਾ ਸੰਤਾਪ

[156] ਲਉ ਬਾਲੀ ਦਾ ਅਰਥ – ਨਿਰਭੈ ਜਾਂ ਬੇਪ੍ਰਵਾਹ ਹੈ।

ਝੱਲ ਨਾ ਹੋਵੇ ਅਸਾਂ ਤੋਂ, ਏਵਡ ਭਾਰੀ ਪਾਪ
ਤਾਕਤ ਜੋ ਅੰਗ੍ਰੇਜ਼ ਦੀ, ਸਾਡੇ ਵਿਚ ਧਿਆਨ
ਹਰ ਗੱਲ ਦਾ ਗੁਰੂ ਜੀ, ਪੂਰਾ ਸਾਨੂੰ ਗਿਆਨ
ਅੱਜ ਤੀਕ ਦੀ ਉਮਰ ਹੈ, ਗੁਜਰੀ ਰਾਜਿਆਂ ਨਾਲ
ਸਾਨੂੰ ਸਾਰੀ ਗੱਲ ਦੀ, ਚੰਗੀ ਤਰ੍ਹਾਂ ਸੰਭਾਲ
ਪੈਂਦੀ ਸਾਡੇ ਕੰਨ ਜਦੋਂ, ਗਾਂਈਂ ਦੀ ਪੁਕਾਰ
ਹੋਵੇ ਬਰਦਾਸ਼ਤ ਨਹੀਂ, ਸਾਡੇ ਤੋਂ ਸਰਕਾਰ

ਹੋ ਜਾਈਏ ਕੁਰਬਾਨ ਜੇ, ਅਸੀਂ ਧਰਮ ਦੇ ਹੇਤ
ਸ਼ਾਇਦ ਲੋਕ ਪੰਜਾਬ ਦੇ, ਫਿਰ ਹੋ ਜਾਣ ਸੁਚੇਤ
ਤੇਗ ਬਹਾਦਰ ਸਤਿਗੁਰੂ, ਦੇ ਕੇ ਕਹਿਣ ਦੀਦਾਰ
ਮਰੋ ਧਰਮ ਲਈ ਜੇ ਤੁਸੀਂ, ਬੇੜਾ ਹੋਵੇ ਪਾਰ
ਕੀ ਹੈ ਮਸਲਤ ਏਸ ਵਿਚ, ਇਹ ਉਹ ਜਾਨਣ ਭੇਵ
ਟਿਕ ਕੇ ਬੈਠਣ ਦੇਣ ਨਾ, ਸਾਨੂੰ ਸ੍ਰੀ ਗੁਰੂ ਦੇਵ
ਆਂਹਦੇ ਸਿਰ ਇਹ ਆਪਣੇ, ਕੋਟਲੇ ਦਿਓ ਉਤਾਰ
ਸੁਣੀ ਜਾਇ ਦਰਗਾਹ ਵਿਚ, ਗਾਂਈਂ ਦੀ ਪੁਕਾਰ
ਸਾਨੂੰ ਰੋਜ ਦੀਦਾਰ ਦੇ, ਕਰਦੇ ਹੈਨ ਤਕੀਦ
ਹੋਵੋ ਮੇਰੇ ਹੁਕਮ ਨਾਲ, ਜਾ ਕੇ ਤੁਸੀਂ ਸ਼ਹੀਦ
ਬਿਨ ਕੁਰਬਾਨੀ ਹੋਇ ਨਾ, ਕਦੀ ਜ਼ੁਲਮ ਦਾ ਨਾਸ
ਬੰਨ੍ਹੀਂ ਬੈਠੇ ਸਿਰਾਂ ਤੇ, ਖੱਫਣ ਤਾਂ ਇਹ ਦਾਸ
ਸੁਣ ਕਿਹਾ ਸ੍ਰੀ ਗੁਰੂ ਜੀ, ਸਹਿਜੇ ਸ਼ਾਂਤੀ ਨਾਲ
ਨਾਵੇਂ ਗੁਰੂ ਦੇ ਹੁਕਮ ਨੂੰ, ਅਸੀਂ ਨਾ ਸੱਕੀਏ ਟਾਲ
ਏਧਰ ਡਾਢੇ ਹੋ ਤੁਸੀਂ, ਓਧਰ ਨੇ ਅੰਗ੍ਰੇਜ਼
ਫਸਿਆ ਵਿਚ ਗ਼ਰੀਬ ਮੈਂ, ਕਿਵੇਂ ਕਰਾਂ ਪਰਹੇਜ
ਨਾਂਵੇਂ ਗੁਰੂ ਦੇ ਹੁਕਮ ਤੋਂ, ਤੁਸੀਂ ਨਾ ਮੋੜੋ ਮੁੱਖ
ਝੱਲ ਲਵਾਂ ਸਿਰ ਆਪਣੇ, ਮੈਂ ਅੰਗ੍ਰੇਜ਼ੀ ਦੁੱਖ
ਓਨ੍ਹਾਂ ਦਾ ਜੋ ਹੁਕਮ ਓਹ, ਮੈਂ ਨਾ ਸੱਕਾਂ ਮੋੜ
ਮੇਰੀ ਤਾਕਤ ਵਿਚ ਨਾ, ਮੈਂ ਦੇਵਾਂ ਉਹ ਹੋੜ

ਵਰਤੇ ਮੇਰੇ ਨਾਲ ਓਹ, ਮੈਂ ਝੱਲਾਂਗਾ ਸੀਸ
ਅਕਾਲ ਪੁਰਖ ਦੀ ਸਮਝ ਕੇ, ਸਾਰੀ ਇਹ ਬਖ਼ਸ਼ੀਸ਼
ਤੁਸੀਂ ਨਾ ਤਿੰਨਾਂ ਦਿਨਾਂ ਤੋਂ, ਛੱਕਿਆ ਹੈ ਪ੍ਰਸ਼ਾਦ
ਮਸਤਾਨਿਆਂ ਹੱਥ ਬੰਨ੍ਹ ਕਿਹਾ, ਸਾਨੂੰ ਕੀ ਇਰਸ਼ਾਦ
ਭੁੱਖਿਆਂ ਨੂੰ ਮੈਂ ਤੁਸਾਂ ਨੂੰ, ਦਿਆਂ ਕਿਸ ਤਰ੍ਹਾਂ ਤੋਰ
ਪਹਿਲਾਂ ਛੱਕ ਪ੍ਰਸ਼ਾਦ ਫਿਰ, ਗੱਲ ਕਰੋ ਕੋਈ ਹੋਰ
ਆਪ ਛੱਕਾਓ ਜੋ ਤੁਸੀਂ, ਛੱਕੀਏ ਅਸੀਂ ਨਿਸ਼ੰਗ
ਸਾਡੇ ਦਿਲ ਦੀ ਰੀਝ ਇਹ, ਅੰਤ ਸਮੇਂ ਦੀ ਮੰਗ
ਮਾਰ ਕਸਾਈ ਗਊ ਨੂੰ, ਛੁਰੀ ਭਿਜੀ ਲੈ ਰੱਤ
ਰੋਟੀ ਮੰਗੇ ਆਇ ਜੋ, ਜਾਇ ਨਾ ਖਾਲੀ ਹੱਥ
ਸਾਡੇ ਲਈ ਨਾ ਕੁਝ ਰਿਹਾ, ਉਸ ਲੰਗਰ ਦੇ ਵਿੱਚ
ਜਾਂ ਹੈ ਹੁਣ ਕੁਝ ਆਪ ਨੂੰ ਕਿਸੇ ਤਰ੍ਹਾਂ ਦੀ ਹਿੱਚ
ਆਪ ਛਕਾ ਪ੍ਰਸ਼ਾਦ ਤੇ, ਦਿਓ ਖ਼ੁਸ਼ੀ ਨਾਲ ਤੋਰ
ਦਾਣਾ ਪਾਣੀ ਮੁੱਕਿਆ, ਸਾਡਾ ਜੱਗੋਂ ਹੋਰ
ਚੱਕੀਏ ਜਦ ਆਸਣ ਅਸੀਂ, ਕੰਬੇ ਜ਼ਿਮੀਂ ’ਸਮਾਨ
ਕੰਬਣ ਚੌਦਾਂ ਤਬਕ ਤੇ, ਕੰਬੇ ਜੱਗ ਜਹਾਨ
ਬਿੱਲਾ[157] ਹੁਣੇ ਹੀ ਕੰਬ ਰਿਹਾ, ਸੁਣ ਕੇ ਸਾਡੇ ਵਾਕ
ਸਾਨੂੰ ਡੰਗੇ ਸੱਪ ਬਣ, ਬੈਠਾ ਹੈ ਵਿਚ ਤਾਕ
ਸਾਨੂੰ ਨਹੀਂ ਡਰ ਕਿਸੇ ਦਾ, ਨਹੀਂ ਮੌਤ ਤੋਂ ਸੰਗ
ਮੰਗਦੇ ਹਾਂ ਇਕ ਆਪ ਤੋਂ, ਅੰਤ ਸਮੇਂ ਦੀ ਮੰਗ

ਛੇਤੀ ਦੇਣਾ ਅਸਾਂ ਨੂੰ, ਮੁੜ ਭਾਰਤ ਵਿਚ ਮੋੜ
ਬਾਕੀ ਬਚਦਾ ਕੰਮ ਜੋ, ਅਸੀਂ ਚਾੜ੍ਹੀਏ ਤੋੜ
ਨੌਂ ਮਹੀਨੇ ਦਾ ਸਮਾਂ, ਪਰਲੋ ਜਿਹੀ ਅਵੇਰ
ਪਰ ਨਾ ਕਰਨੀ ਏਸ ਤੋਂ, ਵੱਧ ਅਸਾਂ ਨੂੰ ਦੇਰ
ਨਿਕਲੇ ਸਾਡੇ ਵੱਲ ਜੇ, ਕੋਈ ਹੋਰ ਹਿਸਾਬ
ਧਰਮ ਰਾਜ ਨੂੰ ਆਖਣਾ, ਓਹ ਨਾ ਛੇੜੇ ਬਾਬ

[157] ਅੰਗ੍ਰੇਜ਼ ਸਰਕਾਰ।

ਕਰ ਕੇ ਦੇਸ਼ ਆਜ਼ਾਦ ਜਾਂ, ਜਾਈਏ ਦੂਜੀ ਵਾਰ
ਬਾਕੀ ਲਏ ਨਿਬੇੜ ਤਦ, ਬਿਨਾਂ ਕਿਸੇ ਤਕਰਾਰ
ਬੇਸ਼ਕ ਸੁਟ ਦਏ ਨਰਕ ਫਿਰ, ਲਏ ਨਾ ਭਾਵੇਂ ਸਾਰ
ਰਹੀਏ ਅਸੀਂ ਨਚਿੰਤ ਹੋ, ਓਥੇ ਪੈਰ ਪਾਸਾਰ
ਸਾਰਾ ਧਰਮ ਰਾਜ ਫਿਰ, ਲਏ ਹਸਾਬ ਚੁਕਾ
ਬੈਠੇ ਵਹੀਆਂ ਖੋਲ੍ਹ ਹੁਣ, ਦੇਰ ਨਾ ਦੇਵੇ ਲਾ
ਆਵੋ ਤੁਸੀਂ ਤਿਆਰ ਹੋ, ਸੁਣ ਬੋਲੇ ਭਗਵਾਨ
ਲੰਗਰ ਵਿਚ ਪ੍ਰਸ਼ਾਦ ਛਕ, ਜਾਵੋ ਅਮਨ ਅਮਾਨ
ਹੀਰਾ ਸਿੰਘ ਜੀ ਆਪਣੇ, ਡੇਰੇ ਦੇ ਵਿਚਕਾਰ
ਤੇਰਾਂ ਸਾਥੀ[158] ਨਾਲ ਲੈ, ਹੋ ਤਿਆਰ ਬਰ ਤਿਆਰ
ਲੰਗਰ ਦੇ ਵਿਚ ਜਾਇ ਕੇ, ਆਸਣ ਲਏ ਵਿਛਾਇ
ਤੇਰਾਂ ਥਾਲ ਲਗਾਇ ਕੇ, ਅੱਗੇ ਦਏ ਟਿਕਾਇ
ਛਕ ਲਓ ਮੇਰੇ ਪੁੱਤਰੋ, ਕਹਿਰਾਂ ਦਾ ਪ੍ਰਸ਼ਾਦ
ਮੈਨੂੰ ਭੁੱਲੇ ਨਾ ਏਸ ਦੀ, ਪਰਲੋਂ ਤੀਕਰ ਯਾਦ
ਮਸਤਾਨਿਆਂ ਪ੍ਰਸ਼ਾਦ ਛਕ, ਹੋ ਤਿਆਰ ਬਰ ਤਿਆਰ
ਕਿਹਾ ਸਾਨੂੰ ਆਗਿਆ ਬਖ਼ਸ਼ੋ ਕਿਰਪਾ ਧਾਰ
ਬਈ ਮੇਰੀ ਲਓ ਸਲਾਹ ਜੇ, ਏਡਾ ਕਰੋ ਨਾ ਹੱਠ
ਤੁਰ ਜਾਵੋ ਘਰ ਆਪਣੇ, ਹੋਰ ਕਰੋ ਨਾ 'ਕੱਠ

---

[158] ਸਤਿਗੁਰੁ ਜੀ ਨੇ ਸੂਬਾ ਲੱਖਾ ਸਿੰਘ ਮਲੌਦ ਹੱਥ ਲੁਧਿਆਣਾ ਜ਼ਿਲ੍ਹਾ ਪਰਸ਼ਾਸ਼ਨ ਨੂੰ ਹੀਰਾ ਸਿੰਘ, ਲਹਿਣਾ ਸਿੰਘ ਦੋਹਾਂ ਜੱਥੇਦਾਰਾਂ ਤੋਂ ਇਲਾਵਾ ਗਿਆਰਾਂ ਹੋਰ ਸਿੰਘਾਂ ਦੇ ਨਾਮ ਲਿਖ ਕੇ ਭੇਜੇ ਸਨ ਕਿ ਇਹ ਸਾਡੇ ਕਹਿਣੇ ਵਿਚ ਨਹੀਂ। ਮਕਸਦ ਇਹ ਸੀ ਕਿ ਸਰਕਾਰ ਮਸਤਾਨਾ ਦਲ ਦੇ ਇਹਨਾਂ ਮੁੱਖੀ ਸਿੰਘਾਂ ਵਿਰੁੱਧ ਕੋਈ ਛੋਟੀ ਮੋਟੀ ਹਿਫਾਜ਼ਤੀ ਕਾਰਵਾਈ ਕਰ ਲਵੇ ਤਾਂ ਜੁ ਵੱਡਾ ਸਾਕਾ ਵਾਪਰਨ ਤੋਂ ਹਾਲ ਦੀ ਘੜੀ ਰੋਕਿਆ ਜਾਵੇ। ਪਰ ਸਰਕਾਰ ਤਾਂ ਸਗੋਂ ਚਾਹੁੰਦੀ ਸੀ ਕਿ ਇਹ ਕੁਝ ਵਾਪਰੇ ਤਾਂ ਉਹ ਸਤਿਗੁਰੂ ਜੀ ਅਤੇ ਸੂਬਿਆਂ ਵਿਰੁੱਧ ਸਖਤ ਕਾਰਵਾਈ ਕਰ ਸਕੇ। ਇਸ ਲਈ ਲੱਖਾ ਸਿੰਘ ਨੂੰ ਜਾਂਦਿਆਂ ਹੀ ਹਿਰਾਸਤ ਵਿਚ ਲੈ ਲਿਆ, ਹੋਰ ਕੁਝ ਜੋ ਕਰਨਾ ਸੀ ਨਹੀਂ ਕੀਤਾ। ਤੇਰਾਂ ਸਿੰਘ ਇਹ ਸਨ – ਲਹਿਣਾ ਸਿੰਘ, ਹੀਰਾ ਸਿੰਘ, ਅਨੂਪ ਸਿੰਘ, ਊਧਮ ਸਿੰਘ (ਇਹ ਚਾਰੇ ਸਰਕੌਦੀ), ਨੰਦ ਸਿੰਘ ਹੰਡਿਆਇਆ, ਜੋਗਾ ਸਿੰਘ, ਵਰਿਆਮ ਸਿੰਘ, ਭਾਗ ਸਿੰਘ (ਇਹ ਤਿੰਨੇ ਮਹਿਰਾਜ ਦੇ) ਨਰਾਇਣ ਸਿੰਘ ਰੜ੍ਹ ਦਾ, ਸਾਹਿਬ ਸਿੰਘ, ਗਿਆਨ ਸਿੰਘ, ਸੁਜਾਨ ਸਿੰਘ ਅਤੇ ਕਾਹਨ ਸਿੰਘ (ਇਹ ਚਾਰੇ ਬੁਲਹਾੜੀ ਦੇ ਸਨ)।ਬਾਹੋਵਾਲ ਸਤਿਗੁਰੂ ਬਿਲਾਸ ਭਾਗ–1 (ਸੰਪਾ. ਜਸਵਿੰਦਰ ਸਿੰਘ) – ਫੁੱਟ ਨੋਟ 1, ਸਫਾ– 462

ਮੇਰਾ ਕਿਹਾ ਮੰਨ ਜੇ, ਕਰ ਲਵੋ ਇੰਤਜ਼ਾਰ
ਰੀਝ ਤੁਹਾਡੀ ਕਰ ਦਏ, ਪੂਰੀ ਸਭ ਕਰਤਾਰ
ਵੈਰੀ ਬਹੁਤ ਚਲਾਕ ਹੈ, ਕਰ ਲਓ ਇਹ ਖ਼ਿਆਲ
ਮੱਥਾ ਲਾਣਾਂ ਚਾਹੁੰਦੇ, ਤੁਸੀਂ ਹਿਮਾਲੇ ਨਾਲ
ਕਾਬੂ ਕੀਤਾ ਆਣ ਜਿਸ, ਸਾਰਾ ਹਿੰਦੁਸਤਾਨ
ਕਿਸੇ ਉਘਾੜੀ ਅੱਖ ਨਾ, ਸੁੱਤੇ ਲੰਮੀਆਂ ਤਾਨ
-ਮਰਹੱਟੇ ਰਜਪੂਤ ਸਿਖ, ਬੰਗਾਲੀ ਅਤੇ ਨਰੇਸ਼
ਸੱਯਦ ਮੁਗਲ ਪਠਾਣ ਸ਼ੇਖ, ਮਾਰੀ ਬੈਠੇ ਘੇਸ
ਕਰਨਾ ਚਾਂਹਦੇ ਕੰਮ ਜੋ, ਤੁਸੀਂ ਨਾਲ ਤਲਵਾਰ
ਮਾਲਾ ਨਾਲ ਹੋ ਜਾਇਗਾ, ਬਿਨਾਂ ਕਿਸੇ ਤਕਰਾਰ
ਨਾਮ ਜਪੋ ਬਾਣੀ ਪੜ੍ਹੋ, ਕਰੋ ਸ਼ਨਾਨ ਧਿਆਨ
ਇੱਛਾ ਪੂਰੀ ਕਰ ਦਏ, ਆਪੇ ਸਭ ਭਗਵਾਨ
ਅਜੇ ਪਨੀਰੀ ਪੂੰਗਰੀ, ਫੈਲੇ ਨਾਹੀਂ ਡਾਹਣ
ਵੈਰੀ ਦਏ ਉਜਾੜ ਨਾ, ਖੇਤ 'ਚ ਪਾਕੇ ਗਾਹਣ
ਸੁਣ ਇਹ ਹੀਰਾ ਸਿੰਘ ਮੁੜ, ਦੋਹਰਾਈ ਅਰਦਾਸ
ਬਿਨ ਕੁਰਬਾਨੀ ਹੋਇ ਨਾ, ਏਡਾ ਕਾਰਜ ਰਾਸ
ਬੈਠਣ ਦੇਂਦੇ ਨਹੀਂ, ਗੁਰੂ ਤੇਗ ਬਹਾਦਰ ਧੀਰ
ਦੇਸ ਲਈ ਕੁਰਬਾਨ ਹੋ, ਜਾਓ ਬਣ ਕੇ ਵੀਰ
ਮਰੋ ਕੋਟਲੇ ਵਿਚ ਜਾ, ਵਾਰੋ ਆਪਣੇ ਸੀਸ
ਹੱਥੀਂ ਧਰੋ ਉਤਾਰ ਸਿਰ, ਵੱਟੋ ਜੇਹੀ ਕਸੀਸ
ਬਿਨ ਕੁਰਬਾਨੀ ਹੋਇ ਨਾ, ਦੇਸ਼ ਗੁਲਾਮ ਅਜ਼ਾਦ
ਆਣ ਬਿੱਲਿਆਂ ਜਿਸ ਨੂੰ, ਕਰ ਦਿਤਾ ਬਰਬਾਦ
ਹੈਣ ਲਕੋਈ ਫਿਰ ਰਹੇ, ਸੱਭੇ ਆਪਣੀ ਜਾਨ
ਤੁਹਾਡੇ ਬਿਨਾਂ ਨਾ ਦੇਸ਼ ਹਿਤ, ਵਾਰੇ ਕੋਈ ਪਰਾਨ
ਤੁਸੀਂ ਵੀ ਵਾਂਗ ਨੁਪੁੰਸਕਾਂ, ਜੇ ਬੈਠੋ ਚੁੱਪ ਧਾਰ
ਬੇੜੀ ਦੇਸ਼ ਗੁਲਾਮ ਦੀ, ਡੁਬੇਗੀ ਮੰਝਧਾਰ
ਜੇ ਸੀ ਵਾਂਗ ਨਕਾਰਿਆਂ, ਤੁਸੀਂ ਵੀ ਕਰਨੀ ਮੌਜ
ਭਰਤੀ ਨਹੀਂ ਸੀ ਹੋਵਣਾਂ, ਵਿਚ ਗੁਰੂ ਕੀ ਫੌਜ
ਨਾਲ ਰਾਜਿਆਂ ਤੁਸੀਂ ਵੀ, ਰਹਿੰਦੇ ਬਣ ਸਰਦਾਰ

ਬੇੜੀ ਡੋਬੀ ਕੌਮ ਦੀ, ਬਿੱਲਿਆਂ ਦੇ ਬਣ ਯਾਰ
ਮਰਨਾ ਜਦੋਂ ਜ਼ਰੂਰ ਹੈ, ਰਹਿਣਾ ਨਹੀਂ ਜਹਾਨ
ਕਿਸ ਲਈ ਫੇਰ ਗੁਆਈਏ, ਆਪਣਾ ਦੀਨ ਇਮਾਨ
ਦੱਸੋ ਕਰ ਸਕੀਏ ਕਿਵੇਂ, ਅਸੀਂ ਹੋਰ ਇੰਤਜ਼ਾਰ
ਦੇਵੋ ਸਾਨੂੰ ਆਗਿਆ, ਨਾ ਪਾਵੋ ਖਲਿਹਾਰ
ਤੇਗ਼ ਬਹਾਦਰ ਸਤਿਗੁਰੂ, ਆਖੀ ਗੱਲ ਅਖੀਰ
ਕੌਮ ਲਈ ਜੋ ਨਾ ਮਰੇ, ਓਹ ਕਾਫ਼ਰ ਬੇ-ਪੀਰ
ਹੀਰਾ ਸਿੰਘ ਦੀ ਅਰਜ਼ ਸੁਣ, ਬੋਲੇ ਗੁਰ ਭਗਵਾਨ
ਨਾਵੇਂ ਗੁਰ ਦਾ ਹੁਕਮ ਜੋ, ਸਾਨੂੰ ਵੀ ਪਰਵਾਨ
ਝੱਲਾਂ ਸਭ ਸਿਰ ਆਪਣੇ, ਜੋ ਵਰਤੇ ਮੈਂ ਨਾਲ
ਮੇਰੀ ਤਾਕਤ ਵਿਚ ਨਾ, ਉਸ ਨੂੰ ਦੇਵਾਂ ਟਾਲ
ਰੁਕਦੇ ਨਾਹੀਂ ਜੇ ਤੁਸੀਂ, ਦਿਲ ਦੇ ਵਿਚ ਹੈ ਹੱਠ
ਦੇਸ਼ ਅਜ਼ਾਦ ਕਰਾਣ ਨੂੰ, ਚੱਲੇ ਕਰ ਕੇ ਕੱਠ
ਹਰ ਮੈਦਾਨ ਪਾਵੋ ਫ਼ਤਹ, ਕਦੇ ਨਾ ਆਵੇ ਹਾਰ
ਜਾਵੋ ਗਊ ਗਰੀਬ ਲਈ, ਦੇਵੋ ਸੀਸ ਉਤਾਰ
ਭੱਜਣਾ ਨਹੀਂ ਮੈਦਾਨ ਚੋਂ, ਨਹੀਂ ਵਿਖਾਣੀ ਪਿੱਠ
ਮਰਨਾ ਵੈਰੀ ਸਾਹਮਣੇ, ਪੈਰ ਜਮਾਣੇ ਨਿੱਠ
ਮੇਰੀ ਹੈ ਅਸੀਸ ਇਹ, ਵਿੰਗਾ ਹੋਇ ਨਾ ਵਾਲ
ਤੇਗ਼ ਬਹਾਦਰ ਸਤਿਗੁਰੂ, ਰਾਖਾ ਆਪ ਅਕਾਲ
ਜਾਈਏ ਛੇਤੀ ਅਸੀਂ ਵੀ, ਛੱਡ ਆਪਣਾ ਦੇਸ਼
ਸਾਧ ਸੰਗਤ ਤੋਂ ਵਿਛੜ ਕੇ, ਰੁਲੀਏ ਵਿਚ ਵਦੇਸ਼
ਤੁਹਾਡੇ ਤੁਰਿਆਂ ਆਏਗੀ, ਝਟ ਅਸਾਡੀ ਵਾਰ
ਪੂਰੇ ਹੋ ਕੇ ਰਹਿਣਗੇ, ਵਾਕ ਗੁਰੂ ਕਰਤਾਰ
ਬਾਬਾ ਸੁੰਦਰ ਸਿੰਘ ਜੀ, ਗਊਆਂ ਦੇ ਸਰਦਾਰ
ਹੀਰਾ ਸਿੰਘ ਸ਼ਹੀਦ ਦੇ, ਜੋ ਸਨ ਪੱਕੇ ਯਾਰ
ਇਹ ਖਲੋਤੇ ਹੋਏ ਸਨ, ਓਦੋਂ ਵਿਚ ਬਹੀਰ
ਸੁਣੇ ਬਚਨ ਸਭ ਉਨ੍ਹਾਂ ਨੇ, ਸਤਿਗੁਰੂ ਕਰੇ ਅਖ਼ੀਰ
ਦੱਸੀ ਓਹਨਾਂ ਵਾਰਤਾ, ਮੈਨੂੰ ਪਾਸ ਬਿਠਾਲ
ਭੈਣੀ ਸਾਹਿਬ ਚਾਰਦੇ, ਇਹ ਸੁਨ ਗਾਂਈਂ ਮਾਲ

ਕਿਹਾ ਸਤਿਗੁਰੂ ਜੇ ਤੁਸੀਂ, ਗੱਲ ਨਾ ਕਰਨੀ ਹੋਰ
ਫਿਰ ਚੱਲੋ ਮੈਂ ਆਪ ਹੀ, ਦਿਆਂ ਤੁਹਾਨੂੰ ਤੋਰ
ਬੂਹਾ ਨਿਕਲਣ ਲੱਗਿਆਂ, ਮਿਲਿਆ ਠਾਣੇਦਾਰ
ਕਿਹਾ ਤੇਰਾਂ ਸਿੰਘ ਇਹ, ਸਾਥੋਂ ਹੋਏ ਬਾਹਰ
ਸਾਨੂੰ ਪਤਾ ਨਾ ਇਨ੍ਹਾਂ ਦਾ, ਕੀ ਚਾੜ੍ਹਨਗੇ ਚੰਦ
ਚੰਗਾ ਹੈ ਜੇ ਇਨ੍ਹਾਂ ਨੂੰ, ਹੁਣੇ ਕਰ ਲਓ ਬੰਦ
ਸਾਨੂੰ ਕਹਿਣਾਂ ਫੇਰ ਨਾ, ਦਿੱਤੀ ਹੈ ਇਤਲਾਹ
ਜੋ ਲਗਦੀ ਹੈ ਲਾ ਲਓ, ਤੁਸੀਂ ਆਪਣੀ ਵਾਹ
ਏਹਨਾਂ ਕਰਨਾ ਕੁਝ ਨਾ, ਕਿਹਾ ਠਾਣੇਦਾਰ
ਭੰਗ ਪੀ ਮਦ ਮਸਤ ਇਹ, ਜੂਹ ਤੋਂ ਕਰ ਦਿਓ ਬਾਹਰ
ਬਾਬਾ ਜਵਾਹਰ ਸਿੰਘ ਕਿਹਾ, ਪਾਗਲ ਨੇ ਇਹ ਖਾਸ
ਨੰਗੇ ਧੜ ਹੀ ਲੜਨਗੇ, ਕੋਈ ਨਾ ਸ਼ਸਤ੍ਰ ਪਾਸ
ਕੱਚਾ ਧਾਗਾ ਹੈ ਅਜੇ, ਇਨ੍ਹਾਂ ਚਾੜ੍ਹਨਾ ਵੱਟ
ਅਜੇ ਨਾ ਪੌਦ ਤਿਆਰ ਹੈ, ਇਹ ਸੁੱਟਣਗੇ ਪੱਟ
ਅਕਾਲ ਬੁੰਗੇ ਦਰਵਾਜਿਉਂ, ਨਿਕਲ ਬਾਹਰ ਵਾਰ
ਕਰਦ ਨਾਲ ਲਕੀਰ ਖਿੱਚ, ਕਿਹਾ ਸੀ ਸਰਦਾਰ
ਭੁੱਲ ਭੁਲੇਖੇ ਵਿਚ ਫਸ, ਕਰ ਨਾ ਬੈਠੇ ਰੀਸ
ਟੱਪੇ ਓਹ ਲਕੀਰ ਜਿਸ, ਨਹੀਂ ਪਿਆਰਾ ਸੀਸ
ਹੋਇਆ ਧਰਮ ਜਹਾਜ ਹੈ, ਇਹ ਸਤਿਗੁਰ ਦਾ ਤਿਆਰ
ਸਿਰ ਦਾ ਭਾੜਾ ਦੇਇ ਜੋ, ਇਸ ਤੇ ਹੋਇ ਸਵਾਰ
ਕਈ ਸੌ ਸਿੰਘ[159] ਲਕੀਰ ਟੱਪ, ਨਿਕਲੇ ਵਿਚ ਮੈਦਾਨ
ਧਰਮ ਪਿਆਰਾ ਜਿਨ੍ਹਾਂ ਨੂੰ, ਨਹੀਂ ਪਿਆਰੀ ਜਾਨ
ਹੀਰਾ ਸਿੰਘ ਨੂੰ ਗੁਰੂ ਜੀ, ਕੀਤਾ ਸੀ ਨਿਰਦੇਸ
ਨਾਲ ਸਿਆਣਪ ਕੰਮ ਕਰ, ਪੈੜ ਦੇਵਣੀ ਮੇਸ
ਹੀਰਾ ਸਿੰਘ ਜੀ ਸਤਿਗੁਰੂ, ਅਗੇ ਕਰ ਅਰਦਾਸ

[159]ਇਸ ਸਮੇਂ ਸੱਤ ਵੀਹਾਂ ਜਾਂ ਇਕ ਸੌ ਚਾਲੀ ਸਿੰਘ ਇਹ ਲੀਕ ਟੱਪ ਗਏ ਸਨ।– "ਬਿੰਸਤ ਸਾਤ ਸੁ ਲੀਕ ਟੱਪੈ, ਔਰ ਹਟੇ ਛਤੀਆਂ ਧਰਕਾਇ" ਸੱਤ ਵੀਹਾਂ, ਬਾਕੀ ਜਿਹਨਾਂ ਦੀਆਂ ਛਾਤੀਆਂ ਧੜਕੀਆਂ ਉਹ ਮੁੜ ਗਏ। (ਸੰਤ ਧਿਆਨ ਸਿੰਘ ਕਾਦਰਾਬਾਦੀ– ਸਤਿਗੁਰੂ ਬਿਲਾਸ ਪਾ: 12ਵੀਂ)

ਪੁੱਛਿਆ ਏਥੋਂ ਚੱਲ ਕੇ, ਕਿਥੇ ਕਰੀਏ ਵਾਸ
ਆਦਿ ਜੁਗਾਦੀ ਰੱਬ ਹੈ, ਹੈ ਭੀ ਹੋਸੀ ਰੱਬ
ਦੇਵੇ ਆਪ ਬਣਾ ਓਹ, ਚੰਗਾ ਕੋਈ ਸਬੱਬ
ਕਰ ਅਰਦਾਸਾ ਤੁਰ ਪਏ, ਚਰਨ ਨਿਵਾ ਕੇ ਭਾਲ
ਪੈਜ ਰੱਖਣੀ ਨਾਮ ਦੀ, ਸਤਿਗੁਰ ਦੀਨ ਦਿਆਲ
ਰੱਖਿਆ ਕਰਨੀ ਵਾਟ ਘਾਟ, ਹਰ ਥਾਂ ਹਰ ਮੈਦਾਨ
ਫ਼ਤਹ ਬਖਸ਼ਣੀ ਖਾਲਸੇ, ਅੰਦਰ ਦੋਹੀਂ ਜਹਾਨ

ਆਖੀ ਹੀਰਾ ਸਿੰਘ ਦੇ, ਕੰਨ ਵਿਚ ਗੁਰ ਬਾਤ
ਸੁਣੀ ਨਾ ਕਿਸੇ ਹੋਰ ਨੇ, ਬਿਨਾਂ ਓਸ ਦੀ ਜਾਤ
ਸੋਭਾ ਸਿੰਘ[160] ਜੀ ਆਦਿ ਸਨ, 'ਰੱਬੋਂ' ਦੇ ਸਿੰਘ ਨਾਲ
ਰੱਬੋਂ ਕਰੋ ਨਿਵਾਸ ਜਾ, ਕਹਿਆ ਦੀਨ ਦਿਆਲ
ਹੈ ਭੀ ਹੋਸੀ ਰੱਬ ਇਹ, ਸਤਿਗੁਰੂ ਦਾ ਨਿਰਦੇਸ਼
ਆਗਿਆ 'ਰੱਬੋਂ' ਰਹਿਣ ਦੀ, ਕੀਤੀ ਉਨ੍ਹਾਂ ਵਿਸ਼ੇਸ਼
ਰਾਮਪੁਰ ਤੇ ਗੁੜਥੜੀ, ਪਿੰਡਾਂ ਨੂੰ ਸੰਬੋਧ
ਰਾਤੀਂ ਰੱਬੋਂ ਰਹਿਣ ਦਾ, ਲਿਆ ਗੁਰਮਤਾ ਸੋਧ
ਆਵੇ ਗਊ ਗਰੀਬ ਲਈ, ਹੋਣਾ ਜੇ ਕੁਰਬਾਨ
ਅਸਾਂ ਸੋਧਣਾ ਗੋਰਿਆਂ, ਦਈਏ ਨਾ ਸੁੱਕੇ ਜਾਨ
ਆਏ ਬਿੱਲੇ ਚੱਲ ਕੇ, ਸੱਤ ਸਮੁੰਦਰੋਂ ਪਾਰ
ਬੁੱਚੜ ਖਾਨੇ ਖੋਲ੍ਹ ਆ, ਕੀਤਾ ਦੇਸ਼ ਖੁਆਰ

ਚੰਗਾ ਏਹਨਾਂ ਲਈ ਇਹ, ਤੁਰ ਜਾਣ ਆਪਣੇ ਆਪ

---

[160] ਸੋਭਾ ਸਿੰਘ, ਭਾਈ ਮਹਿਰਾਜ ਸਿੰਘ ਜੀ ਰੱਬੋਂ ਵਾਲਿਆ ਦਾ ਭਤੀਜਾ ਲੱਗਦਾ ਸੀ। ਭਾਈ ਮਹਿਰਾਜ ਸਿੰਘ ਨੂੰ ਬਗ਼ਾਵਤ ਦੇ ਦੋਸ਼ ਹੇਠ ਦਸੰਬਰ 1849 ਵਿਚ ਆਦਮਪੁਰ ਦੁਆਬੇ ਤੋਂ ਗ੍ਰਿਫਤਾਰ ਕਰਕੇ ਅੰਗ੍ਰੇਜ਼ ਸਰਕਾਰ ਨੇ ਸਿੰਘਾ ਪੁਰ ਜੇਹਲ ਵਿਚ ਕੈਦ ਕਰ ਦਿੱਤਾ। ਇੱਥੇ ਉਹ 1856 ਈ. ਵਿਚ ਜੇਹਲ ਦੀਆਂ ਸਖਤੀਆਂ ਕਾਰਨ ਸ਼ਹੀਦ ਹੋ ਗਏ ਸਨ। ਸ਼ਹੀਦੀ ਜੱਥੇ ਵਿਚ ਮਲੇਰ ਕੋਟਲੇ ਸ਼ਹੀਦ ਹੋਣ ਵਾਲੇ ਸੋਭਾ ਸਿੰਘ ਸਪੁੱਤਰ ਦਇਆ ਸਿੰਘ, ਸੇਢਾ ਸਿੰਘ ਸਪੁੱਤਰ ਦਇਆ ਸਿੰਘ, ਵਜ਼ੀਰ ਸਿੰਘ ਸਪੁੱਤਰ ਬਾਰਾ ਸਿੰਘ, ਸੁਜਾਨ ਸਿੰਘ ਸਪੁੱਤਰ ਸੁੱਚਾ ਸਿੰਘ ਇਹ ਚਾਰੇ ਕਿਸਾਨ ਅਤੇ ਪੰਜਵਾਂ ਬੇਲਾ ਸਿੰਘ ਸਪੁੱਤਰ ਰਾਮ ਸਿੰਘ ਮਜਦੂਰ ਰੱਬੋਂ ਦੇ ਸਨ। ਬਾਹੋਵਾਲ ਜੀ ਨੇ ਰੱਬੋਂ ਦੇ ਭਾਈ ਵਜ਼ੀਰ ਸਿੰਘ ਦਾ ਨਾਮ ਵੀ ਸ਼ਹੀਦਾਂ ਵਿਚ ਲਿਖਿਆ ਹੈ।

ਖ਼ੂਨ ਨਾਲ ਹੱਥ ਭਰਨ ਨਾ, ਕਰਨਾ ਪਏ ਨਾ ਪਾਪ
ਕਰਨਾ ਦੇਸ਼ ਅਜ਼ਾਦ ਹੈ, ਲੈਣਾਂ ਅਪਣਾ ਰਾਜ
ਰਹਿ ਨਹੀਂ ਸਕਦੇ ਅਸੀਂ ਹੋ, ਏਹਨਾਂ ਦੇ ਮੁਹਤਾਜ
ਰਸਤੇ ਦੇ ਵਿਚ ਆ ਗਿਆ, ਅੱਗੇ ਪਿੰਡ ਧਮੋਟ
ਜਾ ਰਹੇ ਵਿਚ ਦੀ ਓਸ ਦੇ, ਲੈ ਸਤਿਗੁਰ ਦੀ ਓਟ
ਕੰਮ ਕਰਦਾ ਸੀ ਖੇਤ ਵਿਚ, ਓਥੇ ਇਕ ਕਿਸਾਨ
'ਠਾਰਾਂ ਉੱਨੀ ਸਾਲ ਦੀ, ਉਮਰੋਂ ਭਰ ਜੁਆਨ
ਅੱਤ ਸੁਨੱਖਾ ਪੁਜ ਕੇ, ਅੱਲ੍ਹੜ ਬੇ ਪ੍ਰਵਾਹ
ਬਦਨ ਗਠੀਲਾ ਘਣ ਜਿਉਂ, ਉੱਚੀ ਲਏ ਨਾ ਸਾਹ
ਲੱਥੀ ਚੜ੍ਹੀ ਦੀ ਜਿਸ ਨੂੰ, ਅਜੇ ਨਾ ਕੋਈ ਸਾਰ
ਮੁਗਦਰ ਵਾਂਗ ਉਲਾਰਦਾ, ਚੌਂਹ ਜਣਿਆਂ ਦਾ ਭਾਰ
ਬਾਂਹਵਾਂ ਵੇਲਣ ਵੇਲੀਆਂ, ਡੌਲੇ ਸਖਤ ਵਿਸ਼ਾਲ
ਮੂੰਗਲੀਆਂ ਜਿਉਂ ਪੱਟ ਉਸ, ਹਾਥੀ ਜੇਹੀ ਚਾਲ
ਤੁਰਦਾ ਨੀਵੀਂ ਨਜ਼ਰ ਕਰ, ਵੇਖੇ ਕਿਸੇ ਨਾ ਘੂਰ
ਮੂੰਹ ਵਿਚ ਜਾਣੀ ਬੋਲ ਨਾ, ਡਾਢਾ ਸ਼ਰਮ ਹਜੂਰ
ਮਸ ਭਿੰਨੇ ਦੀਆਂ ਅੱਖੀਆਂ, ਕੰਨਾਂ ਤੀਕਰ ਦੌੜ
ਹਸੂੰ-ਹਸੂੰ ਕਰਦੇ ਲਾਲ ਬੁਲ੍ਹ, ਬੋਲੇ ਕਦੀ ਨਾ ਕੌੜ
ਮੂੰਹ ਚੋਂ ਕਿਰਦੇ ਫੁੱਲ ਸਨ, ਜਦੋਂ ਕਰੇ ਗੱਲ ਬਾਤ
ਸਾਥੀ ਤਰਸਣ ਹਾਣ ਦੇ, ਕਦ ਇਹ ਪਾਵੇ ਝਾਤ
ਲੰਘੇ ਜਦ ਗਲੀ ਵਿਚ ਦੀ, ਉਠ ਉਠ ਵੇਖਣ ਲੋਕ
ਜਿਧਰ ਵੇਖੇ ਅੱਖ ਪੱਟ, ਦੂਰ ਹੋ ਜਾਂਦੇ ਸੋਕ

ਰੀਝ ਉਚੇਚੀ ਸਭਸ ਦੀ, ਸਾਡਾ ਹੋਵੇ ਯਾਰ
ਮੁੰਡੇ ਕੁੜੀਆਂ ਹਾਣ ਦੇ, ਸਭਨਾਂ ਨਾਲ ਪਿਆਰ
ਤੁਰਦੇ ਜਾ ਰਹੇ ਸਿੰਘ ਸਨ, ਡਿਠੇ ਇਸ 'ਹਰਿਨਾਮ'
ਉਠਿਆ ਵਿਚੇ ਛੱਡ ਕੇ, ਧੰਦਾ ਕੰਮ ਤਮਾਮ
ਹੱਥ ਵਿਚ ਰੰਬਾ ਓਸ ਦੇ, ਖੋਤ ਰਿਹਾ ਸੀ ਕੱਖ
ਜਥੇਦਾਰ ਦੇ ਕੋਲ ਆ, ਚਰਨਾਂ ਤੇ ਸਿਰ ਰੱਖ
ਕੀਤੀ ਉਸ ਨੇ ਆਣ ਇਉਂ, ਹੱਥ ਜੋੜ ਅਰਦਾਸ

ਮੈਨੂੰ ਵੀ ਸਿੰਘ ਸਾਹਿਬ ਜੀ, ਅਪਣਾ ਜਾਣੋ ਦਾਸ
ਜਿਧਰ ਜਾ ਰਹੇ ਹੋ ਤੁਸੀਂ, ਮੈਂ ਵੀ ਚਲਾਂ ਸੱਗ
ਮੇਰੀ ਦਿਲਚਸਪੀ ਨਹੀਂ, ਰਹੀ ਨਾਲ ਇਸ ਜੱਗ
ਅਸੀਂ ਤੇ ਚੱਲੇ ਕੋਟਲੇ, ਦੇਣ ਆਪਣੇ ਸੀਸ
ਤੈਨੂੰ ਕੀ ਹੈ ਲੋੜ ਤੂੰ, ਕਰੇਂ ਅਸਾਡੀ ਰੀਸ
ਕੰਮ ਕਰ ਘਰ ਆਪਣੇ, ਬੈਠ ਮੌਜ ਦੇ ਨਾਲ
ਸਾਨੂੰ ਤੇ ਲਈ ਜਾ ਰਿਹਾ, ਚੱਕੀ ਸਾਡਾ ਕਾਲ
ਤੈਂ ਨਹੀਂ ਡਿੱਠਾ ਜੱਗ ਦਾ, ਅਜੇ ਕੋਈ ਸਿਰ ਮੂੰਹ
ਪਿੰਡੋਂ ਆਪਣੇ ਗਿਆ ਨਾ, ਤੂੰ ਪ੍ਰਾਈ ਜੂਹ
ਸਾਥੋਂ ਮੰਨੀ ਜਾਇ ਨਾ, ਇਹ ਤੇਰੀ ਫ਼ਰਮੈਸ਼
ਡਿੱਠਾ ਕੋਈ ਨਾ ਰੰਗ ਤੈਂ, ਕੋਈ ਨਾ ਕੀਤੀ ਐਸ਼
ਕੋਟਲੇ ਅੰਦਰ ਹੋ ਰਿਹਾ, ਅਸੀਂ ਵੇਖ ਕੇ ਪਾਪ
ਝੱਲਿਆ ਸਾਥੋਂ ਜਾਇ ਨਾ, ਗਾਂਈਂ ਦਾ ਸੰਤਾਪ

ਅਸੀਂ ਥੱਕੇ ਸਮਝਾ ਹਾਂ, ਤੁਰਕਾਂ[161] ਨੂੰ ਕਈ ਵਾਰ
ਸਾਡੀ ਸੁਣੀ ਨਾ ਗੱਲ ਉਨ, ਸ਼ਹਿ ਗੋਰੀ ਸਰਕਾਰ
ਗੁਰਮੁਖ ਸਿੰਘ ਦੇ ਸਾਹਮਣੇ, ਕੋਹਿਆ ਓਹਨਾਂ ਬੈਲ
ਕੱਲਾ ਸੀ ਗਰੀਬ ਇਹ, ਕਰ ਬਠਾਇਆ ਕੈਲ
ਬਦਲਾ ਲੈਣਾਂ ਓਹ ਅਸੀਂ, ਚੱਲੇ ਹਾਂ ਇਸ ਕੰਮ
ਸਾਡੇ ਨਾਲ ਲਹਾ ਨਾ, ਤੂੰ ਇਉਂ ਆਪਣਾ ਚੰਮ
ਸਿਰ ਤੇ ਖੱਫਣ ਬੰਨ੍ਹ ਕੇ, ਨਿਕਲੇ ਵਿਚ ਮੈਦਾਨ
ਧਰਮ ਪਿਆਰਾ ਸਮਝ ਕੇ, ਨਹੀਂ ਪਿਆਰੀ ਜਾਨ
ਜੀਉਂਦੇ ਓਥੋਂ ਮੁੜਨ ਦੀ, ਸਾਨੂੰ ਨਹੀਂ ਉਮੈਦ
ਸਾਨੂੰ ਫਾਹੇ ਲਾਣ ਜਾਂ, ਕਰਨ ਉਮਰ ਦੀ ਕੈਦ
ਬੋਟੀ ਬੋਟੀ ਕੱਟ ਕੇ, ਜੁਦਾ ਕਰਨ ਅੰਗ ਅੰਗ
ਨਹੀਂ ਤੇ ਮਾਰਨ ਉਂਵ ਹੀ, ਕਿਸੇ ਰੁਖ ਨਾਲ ਟੰਗ

[161] ਤੁਰਕ ਦਾ ਭਾਵ ਇੱਥੇ ਆਮ ਮੁਸਲਮਾਨ ਨਹੀਂ। ਮੱਧ ਕਾਲ ਦੇ ਸਿੱਖ ਸਾਹਿਤ ਵਿਚ ਅੱਤਿਆਚਾਰੀ ਹਾਕਮ ਜਾਂ ਵਿਅਕਤੀ ਨੂੰ ਸੰਬੋਧਿਤ ਕਰਨ ਲਈ ਤੁਰਕ ਸ਼ਬਦ ਵਰਤਿਆ ਗਿਆ ਹੈ।

ਕੋਹਣ ਵਾਂਗੂੰ ਬੱਕਰੇ, ਲਾਹਣ ਪੁੱਠੀ ਖੱਲ
ਕਹੀਂ ਨਾ ਭੁਲ ਕੇ ਕਮਲਿਆ, ਫੇਰ ਅਜੇਹੀ ਗੱਲ
ਸੇਵਾ ਤੇਰੀ ਹੋ ਗਈ, ਜਾਹ ਸਾਨੂੰ ਪਰਵਾਨ
ਹੋਰ ਨਾ ਪਾ ਖਲਿਹਾਰ ਇਉਂ, ਸੁਣ ਕਾਕਾ ਹਰਿਨਾਮ
ਸਮਝ ਅਸੀਂ ਨਹੀਂ ਜਾ ਰਹੇ, ਖਾਵਣ ਕਿਤੇ ਕੜਾਹ
ਲੋਕੀਂ ਸਾਨੂੰ ਵੇਖ ਕੇ, ਪਏ ਕਰਨ ਵਾਹ ਵਾਹ
ਸਾਨੂੰ ਦੇਣਾ ਵੜਨ ਨਾ, ਕਿਸੇ ਭੁੱਲ ਕੇ ਗਰਾਮ
ਦੂਰੋਂ ਦੂਰੋਂ ਕਰਨਗੇ, ਲੋਕੀਂ ਵੇਖ ਸਲਾਮ
ਗੋਰੇ ਸਾਨੂੰ ਪਕੜ ਕੇ, ਮਾਰਨ ਕਿਹੜੀ ਮੌਤ
ਵਾਰਾਂ ਚਲਣ ਜੱਗ ਵਿਚ, ਲੋਕੀ ਕਰਨ ਕਹੌਤ
ਅਜ ਨਾ ਕਾਕਾ ਰਲ ਤੂੰ, ਸਾਡੇ ਵਿਚ ਪਰਵਾਰ
ਅੰਮ੍ਰਿਤ ਨਹੀਂ ਤੈਂ ਛਕਿਆ, ਧਾਰੇ ਨਹੀਂ ਕਕਾਰ
ਸੋਚੇ ਸਮਝੇ ਬਿਨਾਂ ਕੁਝ, ਜਾਣਾ ਚਾਹੇਂ ਨਾਲ
ਅਸੀਂ ਤੇ ਜਿਵੇਂ ਹਾਂ ਜਾ ਰਹੇ, ਮਾਰਨ ਦੇ ਲਈ ਮਾਲ
ਮਰਨ ਜਾ ਰਹੇ ਹਾਂ ਅਸੀਂ, ਤੈਨੂੰ ਕਿਧਰੋਂ ਚਾ
ਕੰਮ ਕਰ ਜਾਹ ਆਪਣਾ, ਸਾਨੂੰ ਨਾ ਅਟਕਾ
ਮੰਨੋਂ ਮੇਰੀ ਅਰਜ਼ ਘਰ, ਛਕੋ ਚੱਲ ਪ੍ਰਸ਼ਾਦ
ਮੈਨੂੰ ਸਿੰਘ ਸਜਾ ਲਓ, ਜਿਉਂ ਤੁਹਾਡੀ ਮਰਯਾਦ
ਕੱਛ ਪਾਣ ਤੋਂ ਡਰਾਂ ਨਾ, ਸਿਰ ਤੇ ਸਾਬਤ ਕੇਸ
ਮੇਰੇ ਦਿਲ ਵਿਚ ਚਾ, ਮੈਂ ਧਾਰਾਂ ਸਿੱਖੀ ਵੇਸ
ਜੋ ਕਰਨਾ ਜੇ ਕਰ ਲਓ, ਪਰ ਲੈ ਚੱਲੋ ਨਾਲ
ਮੇਰੀ ਵੀ ਇਹ ਰੀਝ ਹੈ, ਮਰਾਂ ਤੁਹਾਡੇ ਨਾਲ
ਹੋਵੇ ਦੇਸ਼ ਗ਼ੁਲਾਮ ਜੇ, ਜੀਵਨ ਦਾ ਕੀ ਹੱਜ
ਮੁਰਦਿਆਂ ਵਾਂਗ ਕੀ ਜ਼ਿੰਦਗੀ, ਮਰੀਏ ਲਾ ਕੇ ਪੱਜ
ਮੋਢੇ ਉਤੇ ਡਾਂਗ ਧਰ, ਭੋਥਾ ਬੰਨ੍ਹ ਕੇ ਲੱਕ
ਕਮਰ ਬੰਨ੍ਹ ਕੇ ਤੁਰ ਪਿਆ, ਲੈਣ ਸ਼ਹੀਦੀ ਪੱਕ
ਦੇ ਗੁਰੂ ਮੰਤ੍ਰ ਜੱਥੇਦਾਰ, ਬੇੜੇ ਦਿਤਾ ਚਾੜ੍ਹ
ਦਿਲ ਵਿਚ ਠੰਡਕ ਪੈ ਗਈ, ਮਿਟਿਆ ਕੀਨਾ ਸਾੜ
ਘਾਟੇ ਪੂਰੇ ਹੋ ਗਏ, ਮਿਟ ਗਈ ਸਾਰੀ ਥੋੜ

ਜਪ ਤਪ ਸੰਜਮ ਰਹਿਤ ਬਹਿਤ, ਦੀ ਨਾ ਬਾਕੀ ਲੋੜ
ਨਾਲ ਸ਼ਹੀਦਾਂ ਤੁਰ ਪਿਆ, ਕਰਦਾ ਕੂਕ ਪੁਕਾਰ
"ਮੁਹਿ ਮਰਨੇ ਕਾ ਚਾਉ ਹੈ, ਮਰਉ ਤ ਹਰਿ ਕੈ ਦੁਆਰ"
ਸੌਂਹੇਂ ਜਾਕੇ ਤੋਪ ਦੇ, ਖੜਾ ਸੀ ਛਾਤੀ ਤਾਣ
ਦੇਸ ਕੌਮ ਤੇ ਧਰਮ ਤੋਂ, ਵਾਰੇ ਹੱਸ ਪੁਰਾਣ
ਕਿਸ਼ਨ ਸਿੰਘ ਜੀ ਛੂਤੀਏ, ਤੋਂ ਸੀ ਸੁਣਿਆ ਹਾਲ
ਹੀਰਾ ਦਾਸ ਜੀ ਚਿਟੀਓਂ, ਜਾ ਕੀਤੀ ਪੜਤਾਲ
ਮਾਤਾ ਜੀਵਨ ਕੌਰ ਜੀ, ਗੱਲ ਦੱਸੀ ਇਹ ਖੋਲ
ਬਾਬਾ ਕਾਹਲਾ ਸਿੰਘ ਜੀ, ਵੀ ਸਨ ਓਦੋਂ ਕੋਲ
ਹਰਨਾਮ ਸਿੰਘ ਇਸ ਨਾਲ ਲੈ, 'ਰੱਬੋਂ' ਦੇ ਵਿਚਕਾਰ
ਡੇਰਾ ਕੀਤਾ ਖੂਹ ਤੇ, ਪਿੰਡੋਂ ਬਾਹਰ ਵਾਰ
ਰਾਤੀਂ ਕੀਤਾ ਗੱਜ ਵੱਜ, ਗੁਰ ਬਾਣੀ ਪ੍ਰਚਾਰ
ਲੰਗਰ ਖੂਬ ਸਜਾਇਆ, ਦੇਗਾਂ ਕਰਕੇ ਤਿਆਰ
ਏਸ ਪਿੰਡ ਦੇ ਸਿੰਘ ਸਨ, ਜਥੇ ਵਿਚ ਤ੍ਰੈ ਚਾਰ[162]
ਜ਼ਿਮੀਂਦਾਰ ਰਵਦਾਸੀਏ, ਜੋ ਹਮਜੋਲੀ ਯਾਰ
ਲੰਗਰ ਵਿਚੋਂ ਛਕਿਆ, ਪਿੰਡ ਸਾਰੇ ਪ੍ਰਸ਼ਾਦ
ਵਰਤਾਇਆ ਲਾ ਪੰਗਤਾਂ, ਜਿਉਂ ਸਿਖੀ ਮਰਯਾਦ
ਦੋ ਮਾਘ ਨੂੰ ਜਾ ਰਹੇ, ਰੱਬੋਂ ਪਿੰਡ ਵਿਚਕਾਰ
ਸਾਰਾ ਦਿਨ ਕਰਦੇ ਰਹੇ, ਗੁਰੂਮਤ ਦਾ ਪ੍ਰਚਾਰ
ਪਿੰਡ ਦੇ ਲੋਕਾਂ ਸਾਰਿਆਂ, ਸੇਵਾ ਕੀਤੀ ਰੱਜ
ਚੰਨ ਚੜ੍ਹ ਗਿਆ ਤੀਜ ਦਾ, ਓਨ੍ਹਾਂ ਭਾ ਦਾ ਅੱਜ
ਦਿਨ ਢਲਦੇ ਤ੍ਰੈ ਮਾਘ[163] ਨੂੰ, ਗਏ ਮਲੌਦ 'ਚ ਪੁੱਜ
ਕਿਲ੍ਹੇ ਵਿਚ ਜਾ ਵੜੇ ਸੀ, ਕਿਸੇ ਨਾ ਕਿਹਾ ਕੁਝ
ਬਦਨ ਸਿੰਘ ਨੂੰ ਜਾ ਮਿਲੇ, ਹੀਰਾ ਸਿੰਘ ਸਰਦਾਰ

[162]ਜਥੇ ਵਿਚ ਰੱਬੋਂ ਦੇ ਘੱਟੋ ਘੱਟ ਸੱਤ ਸਿੰਘ ਸਨ। ਬਾਹੋਵਾਲ ਜੀ ਰੱਬੋਂ ਦੇ ਇਕ ਨੱਥਾ ਸਿੰਘ ਜੀ ਦਾ ਨਾਂ ਵੀ ਸ਼ਹੀਦੀ ਸੂਚੀ ਵਿਚ ਲਿਖਦੇ ਹਨ। ਸੋ ਇਸ ਜੱਥੇ ਦੇ ਇਕ ਦੋ ਸਿੰਘ ਮਲੇਰ ਕੋਟਲੇ ਤੋਂ ਬਆਦ ਰੂਪੋਸ਼ ਹੋ ਗਏ ਹੋਣਗੇ। ਰੜ੍ਹ ਦੇ ਖੂਹ ਤੋਂ ਜਿੱਥੇ ਹੀਰਾ ਸਿੰਘ ਜੀ ਕਿਹਾ ਸੀ ਕਿ ਸਿਰ ਦੇਣ ਵਾਲੇ ਰਹਿ ਜਾਣ, ਬਾਕੀ ਜਾ ਸਕਦੇ ਹਨ।
[163]14 ਜਨਵਰੀ, 1872 ਈ. ।

ਯਾਦ ਕਰਾਇਆ ਓਸ ਨੂੰ, ਕੀਤਾ ਕੌਲ ਕਰਾਰ
ਸਾਡਾ ਰਿਸ਼ਤੇਦਾਰ ਤੂੰ, ਸਾਨੂੰ ਹੈ ਹੁਣ ਲੋੜ
ਦੇ ਦੇ ਸ਼ਸਤ੍ਰ ਜੋ ਕਹੇ, ਖਾਲੀ ਹੱਥ ਨਾ ਮੋੜ
ਰਲ ਕੇ ਤੇਰੇ ਨਾਲ ਜੋ, ਕਰੀ ਯੋਜਨਾ ਤਿਆਰ
ਉਸ ਨੂੰ ਸਿਰੇ ਚੜ੍ਹਾਈਏ, ਇਕ ਹੰਭਲਾ ਮਾਰ
ਚੜ੍ਹਕੇ ਉੱਪਰ ਕੋਟਲੇ, ਲਈਏ ਉਸ ਨੂੰ ਸੋਧ
ਲੜੇ ਨਾ ਕੋਈ ਨਿੱਠ ਕੇ, ਨਵਾਬ ਹੈ ਬਾਲ ਅਬੋਧ
ਮਾਰ ਕੋਟਲਾ ਜਾਈਏ, ਨਾਭੇ ਦੇ ਵਿਚਕਾਰ
ਅੜਨਾ ਅਗੋਂ ਕੀ ਕਿਸੇ, ਮੌਜੀ ਸਭ ਸਰਦਾਰ
ਫੇਰ ਮਹਿੰਦ੍ਰ ਸਿੰਘ ਨੂੰ, ਪੁੱਛੀਏ ਚਲ ਕੇ ਹਾਲ
ਚੰਗਾ ਕਰੇ ਜੇ ਆਪ ਹੀ, ਰਲੇ ਖ਼ਾਲਸੇ ਨਾਲ
ਸੰਗਰੂਰਾਂ ਨੂੰ ਸੋਧ ਕੇ, ਫ਼ਰੀਦ ਕੋਟ ਨਾ ਦੂਰ
ਉਡਣਾਂ ਏਨ੍ਹਾਂ ਹੈ ਇਵੇਂ, ਜਿਉਂ ਪਾਣੀ ਤੇ ਬੂਰ
ਉਠ ਕੇ ਹੋ ਜਾ ਤਿਆਰ ਝੱਟ, ਜੇ ਹੈ ਜੀ ਵਿਚ ਜਾਨ
ਤੈਨੂੰ ਦੇਸ ਪੰਜਾਬ ਦਾ, ਮਿਥ ਦਈਏ ਪਰਧਾਨ
ਇਹ ਸਭ ਰਾਜ ਹਕੂਮਤਾਂ, ਸਾਨੂੰ ਨਾ ਮਨਜ਼ੂਰ
ਗਊ ਗ਼ੀਬ ਦੇ ਗਲੇ ਤੋਂ, ਛੁਰੀ ਕਰਾਣੀ ਦੂਰ
ਕਾਬੂ ਕਰ ਪੰਜਾਬ ਨੂੰ, ਭੋਗੀਂ ਪਿਆ ਅਨੰਦ
ਤੈਨੂੰ ਸਭ ਸੰਭਾਲੀਏ, ਏਨਾ ਦਾ ਪਰਬੰਧ
ਸਾਨੂੰ ਦੇ ਹਥਿਆਰ ਜੇ, ਜਾ ਨਹੀਂ ਸਕਦਾ ਨਾਲ
ਤੈਨੂੰ ਏਥੇ ਬੈਠਿਆ, ਦਈਏ ਰਾਜ ਸੰਭਾਲ
ਹਾਮੀ ਜੋ ਤੈਂ ਭਰੀ ਸੀ, ਆਏ ਤੇਰੇ ਕੋਲ
ਦੱਸ ਦੇ ਦਿਲ ਤੂੰ ਆਪਣਾ, ਕੁਝ ਤੇ ਮੂੰਹੋਂ ਬੋਲ
ਗੱਲਾਂ ਸੁਣ ਕੇ ਸਿੰਘ ਦੀਆਂ, ਕੰਬਦਾ ਸੀ ਸਰਦਾਰ
ਰੰਗ ਫੱਕ ਉਸ ਹੋ ਗਿਆ, ਵਗੀ ਆਣ ਕੇ ਮਾਰ
ਪੱਛੋਤਾਵਾ ਕਰ ਰਿਹਾ, ਦਿਲ ਦੇ ਵਿਚ ਮਸੋਸ
ਭੈਣੀ ਸਾਹਿਬ ਕਿਉਂ ਗਿਆ, ਇਹ ਕੀ ਕੀਤਾ ਓਸ
ਜਿਉਂ ਜਿਉਂ ਸਿੰਘ ਗੱਲਾਂ ਕਰੇ, ਰੰਗ ਹੋਇ ਉਸ ਫੱਕ
ਓਹ ਜਾਣੇ ਇਸ ਆਪਣਾਂ, ਓਹ ਨਾ ਮਿਲਾਏ ਅੱਖ

ਆਖਣ ਨੂੰ ਇਹ ਸਿੰਘ ਸੀ, ਸਿੱਧੂ ਖ਼ਾਨਦਾਨ[164]
ਘਰ ਦੇ ਨੌਕਰ ਏਸ ਦੇ, ਸਭੇ ਮੁਸਲਮਾਨ
ਕਸ਼ਮੀਰੀਆਂ ਦੇ ਹੱਥ ਵਿਚ, ਘਰ ਦਾ ਜੋ ਪਰਬੰਧ
ਸੌਂਪ ਛੱਡਿਆ ਆਪ ਜਿਸ, ਚਾਲ ਚਲਨ ਸੀ ਮੰਦ
ਜੋ ਕਰਨ ਸੋ ਕਰਨ ਓਹ, ਇਹ ਨਾ ਸੱਕੇ ਬੋਲ
ਡਰ ਸੀ ਮਤੇ ਘਰ ਦਾ, ਭੇਤ ਦੇਣ ਨਾ ਖੋਲ੍ਹ
ਬਦਨ ਸਿੰਘ ਸਭ ਮੁਕਰਿਆ, ਧਰ ਕੇ ਕੰਨ ਤੇ ਹੱਥ
ਮੇਰੇ ਕੋਲ ਹਥਿਆਰ ਨਾ, ਖਾ ਕੇ ਕਹਾਂ ਸ਼ਪੱਥ
ਹੀਰਾ ਸਿੰਘ ਨੂੰ ਆਖਦਾ, ਜਾਹ ਬੈਠ ਘਰ ਵਿਚ
ਤੂੰ ਨਹੀਂ ਕਮਲਿਆ ਸੱਕਦਾ, ਅੰਗ੍ਰੇਜ਼ਾਂ ਨੂੰ ਮਿਚ
ਫਰਿਸ਼ਤੇ ਨੇ ਅੰਗ੍ਰੇਜ਼ ਇਹ, ਨਹੀਂ ਹੈਨ ਇਨਸਾਨ
ਏਹੋ ਜੇਹਾ ਰਾਜ ਨਾ, ਵੇਖਿਆ ਹਿੰਦੁਸਤਾਨ
ਏਨ੍ਹਾਂ ਦੇ ਖ਼ਿਲਾਫ਼ ਤੂੰ, ਕਰਨਾਂ ਚਾਹੇਂ ਜੰਗ
ਤੇਰੀ ਅਕਲ ਨਾ ਕੈਮ ਹੈ, ਤੂੰ ਪੀਤੀ ਹੈ ਭੰਗ
ਅਸੀਂ ਤੇ ਕਰੀਏ ਰੱਬ ਅਗੇ, ਹੱਥ ਜੋੜ ਅਰਦਾਸ
ਕਿਆਮਤ ਤੀਕ ਅੰਗ੍ਰੇਜ਼ ਏ, ਰਹਿਣ ਅਸਾਡੇ ਪਾਸ
ਅੜੀ ਅਜਾਦੀ ਦੀ ਨਹੀਂ, ਸਾਨੂੰ ਕੋਈ ਲੋੜ
ਕਰ ਦਿਤੀ ਅੰਗ੍ਰੇਜ਼ ਨੇ, ਸਾਡੀ ਪੂਰੀ ਥੋੜ
ਸਾਡਾ ਦੁਸ਼ਮਨ ਓਹ ਜੋ, ਏਨ੍ਹਾਂ ਦੇ ਖ਼ਿਲਾਫ
ਨਿਕਲ ਜਾਓ ਕਿਲ੍ਹੇ ਚੋਂ, ਸੁਣਾਂ ਨਾ ਮੈਂ ਬਕਵਾਸ
ਤੇਗ਼ ਬਹਾਦਰ ਗੁਰੂ ਦੇ, ਇਹ ਹੁਕਮ ਦੇ ਨਾਲ
ਆਏ ਹਿੰਦੁਸਤਾਨ ਵਿਚ, ਕੀਤੀ ਆਣ ਸੰਭਾਲ
ਟੋਪੀ ਵਾਲਾ ਸਿੱਖ ਇਹ, ਗੁਰੂ ਲਿਆਂਦਾ ਆਪ
ਅਸੀਂ ਤੇ ਕਰਦੇ ਹਾਂ ਸਭੇ, ਰਲ ਹੁਣ ਏਦਾਂ ਜਾਪ
ਸੋਧ ਗੁਰਮਤਾ ਸਭਨਾਂ, ਇਹ ਕੀਤਾ ਇਕਰਾਰ
ਰਲ ਕੇ ਅੰਮ੍ਰਿਤਸਰ ਵਿਚ, 'ਕੱਠੇ ਹੋ ਸਰਦਾਰ

---

[164] ਬਦਨ ਸਿੰਘ, ਸ੍ਰ. ਮਿੱਤ ਸਿੰਘ ਦਾ ਪੁੱਤਰ ਸੀ।

ਗਾਵਿਆ ਕਰੋ ਰਹਿਰਾਸ ਪੜ੍ਹ, ਸਾਰੇ ਇਹ ਸਲੋਕ
ਰਾਜ ਕਰਨ ਸਦ ਅਸਾਂ ਤੇ, ਇਹ ਅੰਗ੍ਰੇਜ਼ੀ ਲੋਕ
ਓਨ੍ਹਾਂ ਦੇ ਖਿਲਾਫ਼ ਮੈਂ, ਕਿਸੇ ਦੀ ਸੁਣਾ ਨਾ ਗੱਲ
ਭਾਵੇਂ ਹੋਵੇ ਓਹ ਕੋਈ, ਬਹੁਤ ਵਡਾ ਭੜਮੱਲ
ਮੈਂ ਦਿਆਂ ਨਾ ਤੁਸਾਂ ਨੂੰ, ਲੋਹੇ ਦਾ ਇੱਕ ਕਿੱਲ
ਨਿਕਲ ਜਾਵੋ ਕਿਲ੍ਹੇ ਚੋਂ, ਨਾਲ ਸ਼ਤਾਬੀ ਹਿੱਲ
ਅਬਾ ਤਬਾ ਬੋਲੀ ਜਾਏ, ਕੋਈ ਸੁਣੇ ਨਾ ਗੱਲ
ਟਕੂਆ ਮਾਰਿਆ ਇੰਦਕੌਰ, ਲਹੀ ਮੱਥੇ ਦੀ ਖੱਲ
ਤੈਨੂੰ ਜਣਿਆਂ ਕੰਜਰੀ, ਸਿੱਖ ਦਾ ਨਾ ਤੂੰ ਪੁੱਤ
ਅੰਦਰੋਂ ਮਹਾਂ ਮਲੇਛ ਤੂੰ, ਬਾਹਰੋਂ ਸਿੱਖੀ ਬੁੱਤ
ਲੁਕਿਆ ਵਿਚ ਜਨਾਨੀਆਂ, ਅੰਦਰੋਂ ਕੁੰਡਾ ਮਾਰ
ਰੌਲਾ ਪਾ ਕਸ਼ਮੀਰੀਆਂ, ਕੀਤੀ ਪਾਹਰਿਆ ਪਾਹਰ

ਰਲੇ ਨਾਲ ਹਟਵਾਣੀਏ, ਸਾਰੇ ਮੁਸਲਮਾਨ
ਸਿੰਘਾਂ ਨਾਲ ਮੁਕਾਬਲਾ, ਲਗ ਪਏ ਕਰਨ ਤਮਾਮ
ਕੋਠਿਆਂ ਉਪਰ ਚੜ੍ਹ ਲਗੇ, ਕਰਨ ਇੱਟਾਂ ਦੀ ਮਾਰ
ਨਾਲ ਦੇ ਪਿੰਡੋਂ[165] ਸਦ ਲਈ, 'ਕੱਠੀ ਕਰਕੇ ਵਾਹਰ
ਇਕ ਧਿਰ ਸਿਰ ਲੱਥ ਸੂਰਮੇ, ਦੂਜੇ ਮੰਗਵੀਂ ਧਾੜ
ਲੜ ਨਾ ਸੱਕੇ ਨਿੱਠ ਕੇ, ਭੱਜੇ ਟੱਪ-ਟੱਪ ਵਾੜ
ਨਬੀ ਬਖ਼ਸ਼ ਖਾਂ ਮਰ ਗਿਆ, ਬੂਟਾ ਤੇਲੀ ਨਾਲ
ਨਿਹਾਲਾ, ਕਾਬਲ ਮਰਗ ਜਿਸ, ਲੋਕਾਂ ਲਿਆ ਸੰਭਾਲ
ਪੰਦਰਾਂ, ਵੀਹ ਮਰੇ ਹੋਰ ਵੀ, ਪਰ ਓਹ ਲਏ ਲੁਕੋ
ਝਿੜਕਾਂ ਦਏ ਅੰਗ੍ਰੇਜ਼ ਨਾ, ਬਦਨਾਮੀ ਨਾ ਹੋ
ਮਾਈ ਇੰਦ ਕੌਰ ਦਾ ਪਤੀ, ਨੰਦ ਸਿੰਘ ਸਰਦਾਰ
ਅਤਰ ਸਿੰਘ ਦੇ ਨਾਲ ਓਹ, ਗੁਰਪੁਰ ਗਏ ਪਧਾਰ
ਐਵੇਂ ਲੋਕੋ ਕਿਉਂ ਮਰੋ ? ਕਿਹਾ ਜੱਥੇਦਾਰ
ਸਾਡੇ ਦੁਸ਼ਮਣ ਨਾ ਤੁਸੀਂ, ਅੰਗ੍ਰੇਜ਼ੀ ਸਰਕਾਰ

[165] ਪਿੰਡ ਦਾ ਨਾਮ ਖੇੜੀ ਸੀ।

ਬੰਦੂਕਾਂ ਤੇ ਸ੍ਰੀ ਸਾਹਿਬ, ਦਾਰੂ ਸਿੱਕਾ ਨਾਲ
ਕਾਬੂ ਅਸਲਾ ਕਰ ਲਿਆ, ਬਹੁਤਾ ਸਾਰਾ ਭਾਲ
ਘੋੜੇ ਵੀ ਤਬੇਲਿਓਂ, ਲਏ ਸ਼ਹੀਦਾਂ ਖੋਲ੍ਹ
ਨੌਕਰ ਰਹਿ ਗਏ ਵੇਖਦੇ, ਮੂੰਹੋਂ ਸਕੇ ਨਾ ਬੋਲ
ਜੀਨਾਂ ਪਾ ਕੇ ਕੱਸੀਆਂ, ਉਪਰ ਹੋਇ ਸਵਾਰ
ਹੀਰਾ ਸਿੰਘ ਤੇ ਲਹਿਣਾ ਸਿੰਘ, ਦੋਵੇਂ ਜੱਥੇਦਾਰ
ਸਿੰਘ ਪੁੱਜੇ ਜਾ ਕੋਟਲੇ, ਸੱਤ ਕੋਹ ਸਾਰੀ ਬਾਟ
ਲੋਕੀਂ ਸੁੱਤੇ ਨਾ ਉਠੇ, ਛੱਡੀ ਕਿਸੇ ਨਾ ਖਾਟ
ਕੋਟਲੇ ਵਿਚ ਸਰਕਾਰ ਨੇ, ਰਾਤੀਂ ਕਰ ਪ੍ਰਬੰਧ
ਦਰਵਾਜੇ ਸਭ ਸ਼ਹਿਰ ਦੇ, ਪੱਕੇ ਕੀਤੇ ਬੰਦ
ਥਾਂ ਥਾਂ ਫੌਜ ਪੁਲੀਸ ਦੇ, ਪਹਿਰੇ ਦਿਤੇ ਲਾ
ਤਕੜਾਈ ਕਰ ਬਾਹਰੋਂ, ਕੋਈ ਨਾ ਅੰਦਰ ਆ
ਅੰਮ੍ਰਿਤ ਵੇਲੇ ਤੜਕੇ[166] ਸਿੰਘ ਸ਼ਹਿਰ ਦੇ ਕੋਲ
ਪੁੱਜ ਗਏ ਬੇ-ਫਿਕਰ ਹੋ, ਹਟਕੇ ਕਿਸੇ ਨਾ ਬੋਲ
ਢਾਬੀ ਦਰਵਾਜੇ ਵੱਲੋਂ, ਢੱਠੀ ਪਈ ਸੀ ਕੰਧ
ਓਥੇ ਪਹਿਰਾ ਨਹੀਂ ਸੀ, ਕੋਈ ਨਹੀਂ ਸੀ ਫੰਧ
ਮਾਰ ਪਲਾਕੀ ਸਿੰਘ ਇਕ, ਕੰਧ ਤੇ ਹੋ ਅਸਵਾਰ
ਛਾਲ ਮਾਰ ਜਾ ਖੋਲ੍ਹਿਆ, ਬੂਹਾ ਬਿਨ ਅਟਕਾਰ
ਫ਼ੌਜ ਸ਼ਹੀਦੀ ਆ ਗਈ, ਸਾਰੀ ਅੰਦਰ ਚੱਲ
ਭਗਦੜ ਮੱਚੀ ਵੇਖ ਕੇ, ਪਈ ਖੂਬ ਤਰਥੱਲ
ਕੂਚਾ ਸੀ ਜੋ ਸ਼ਹਿਰ ਦਾ, ਚੋਰ ਮਾਰਾਂ ਮਸ਼ਹੂਰ
ਬੁੱਚੜ ਵਸਦੇ ਓਸ ਵਿਚ, ਰੌਂਤ ਬੜੇ ਮਗ਼ਰੂਰ
ਏਸ ਇਲਾਕੇ ਵਿਚ ਸੀ, ਰਾਮ ਗਊਆਂ ਦਾ ਵੱਗ
ਹਰਨ ਰੋਝ ਤੇ ਜਾਨਵਰ, ਸੈਂਕੜਿਆਂ ਦੇ ਸੱਗ
ਕਾਨ੍ਹ ਸਿੰਘ ਨਿਹੰਗ ਜੋ, ਮੇਜਰ ਸੂਬੇਦਾਰ
ਚੱਕ ਪਿੰਡ ਹੈ ਉਨ੍ਹਾਂ ਦਾ, ਇਸੇ ਰਾਜ ਵਿਚਕਾਰ
ਰਾਮ ਗਾਂਈਂ ਦੀ ਅੱਜ ਵੀ, ਓਥੇ ਨਾਹੀਂ ਘਾਟ

[166]ਸਿੰਘ 14-15 ਜਨਵਰੀ 1872 ਦੀ ਅੱਧੀ ਰਾਤ ਨੂੰ ਮਲੇਰ ਕੋਟਲੇ ਦੇ ਬਾਹਰ ਇਕ ਬਾਗ ਵਿਚ ਪੁੱਜੇ। ਇੱਥੇ ਉਹਨਾਂ ਨੇ ਪਹੁ-ਪਾਟਣ ਤੱਕ ਪੜਾਅ ਕੀਤਾ।

ਫਿਰਨ ਭਰਦੀਆਂ ਚੌਕੜੀ, ਖ਼ੂਬ ਬਣਾ ਕੇ ਠਾਟ
ਬੀੜ ਨਾ ਬਾਹੇ ਗਏ ਸੀ, ਪੱਠੇ ਸਨ ਬੇ ਮਾਹ
ਪੰਜ ਪੰਜ ਸੌ ਦੇ ਵੱਗ ਸਨ, ਚਰਦੇ ਫਿਰਦੇ ਘਾਹ
ਓਨ੍ਹਾਂ ਬੇ-ਜ਼ੁਬਾਨਿਆਂ, ਰੌਤ ਲੈਂਦੇ ਸੀ ਮਾਰ
ਮਾਸ ਖਾ ਜਾਂਦੇ ਵੰਡ ਕੇ, ਖੱਲ ਦਾ ਕਰਨ ਵਪਾਰ
ਕਈ ਵਾਰ ਸਮਝਾ ਥੱਕੇ, ਸੀ ਭਰਾਵਾਂ ਵਾਂਗ
ਕੀੜੀ ਉਤੇ ਕਟਕ ਦੀ, ਇਉਂ ਨਾ ਚਾੜ੍ਹੋ ਕਾਂਗ
ਥੱਕ ਗਏ ਸਰਕਾਰ ਨੂੰ, ਸਾਰੇ ਸੀ ਲਿੱਖ ਲਿੱਖ
ਹਟਕ ਥੱਕੇ ਕਈ ਵਾਰ ਸੀ, ਰਲਕੇ ਹਿੰਦੂ ਸਿੱਖ
ਪਰ ਨਾ ਆਏ ਬਾਜ ਓਹ, ਚੱਕਦੀ ਹੈ ਸਰਕਾਰ
ਦਿਨੋਂ ਦਿਨ ਸੀ ਕਰ ਰਹੇ, ਸਗੋਂ ਤੇਜ਼ ਵਾਪਾਰ
ਲੱਭਦੇ ਸੀ ਸਿੰਘ ਉਨ੍ਹਾਂ ਨੂੰ, ਆਗੂ ਕੰਮ ਦੇ ਏਸ
ਡਰਦੇ ਬੇ-ਗੁਨਾਹ ਕੁਈ, ਮਰ ਨਾ ਜਾਇ ਦਰਵੇਸ਼
ਮੋਹਰੀ ਜੋ ਕੰਮ ਏਸ ਦੇ, ਰੌਂਤ ਬੁੱਚੜ ਸਜ਼ਵਾਰ
ਕੇਵਲ ਓਨ੍ਹਾਂ ਸੋਧਣਾ, ਸਿੰਘਾਂ ਨੂੰ ਦਰਕਾਰ
ਬੈਲ ਕੋਹਣ ਦਾ ਫ਼ਤਵਾ, ਦਿਤਾ ਕਾਜੀ ਜਿਸ
ਨਾਜ਼ਮ ਦਿੱਤਾ ਹੁਕਮ ਲਿਖ, ਕੱਢਣ ਦੇ ਲਈ ਕਿਸ
ਗੁਰਮੁਖ ਸਿੰਘ ਤੇ ਕੂੰਜੜੇ, ਦਾ ਸੁਣਕੇ ਜਿਸ ਹਾਲ
ਮਜ਼ਾ ਚਖਾਣਾ ਚਾਂਹਦੇ, ਸੀ ਓਸ ਕੁਟਵਾਲ
ਕਰੀ ਬੇ-ਅਦਬੀ ਪੈਂਚ ਦੀ, ਸੀ ਓਹ ਇੱਜ਼ਤਦਾਰ
ਤੱਪੇ ਦਾ ਜੋ ਚੌਧਰੀ, ਪਿੰਡ ਦਾ ਨੰਬਰਦਾਰ
ਕੋਹਿਆ ਸੌਹੇਂ ਬੈਲ ਉਸ, ਕੀਤੀ ਨਾ ਪ੍ਰਵਾਹ
ਧੱਕੇ ਮਾਰ ਕੇ ਓਸਦੀ, ਇੱਜ਼ਤ ਛੱਡੀ ਲਾਹ
ਸਿੰਘਾਂ ਸੋਧੇ ਲੱਭ ਸਭ, ਦਏ ਜਹੰਨਮ ਭੇਜ
ਅੜਿਆ ਅੱਗੇ ਕੋਈ ਨਾ, ਵੇਖ ਖ਼ਾਲਸੇ ਤੇਜ
ਰੋਂਦੀਆਂ ਫਿਰਨ ਪਠਾਣੀਆਂ, ਗਲ ਵਿਚ ਪਾਏ ਵਾਲ
ਪਿਟਦੀਆਂ ਮਾਰ ਦੁਹੱਥੜਾਂ, ਹਾਲੋਂ ਹੋ ਬੇ-ਹਾਲ
ਫ਼ੌਜ ਪਠਾਣੀ ਪੁਲਿਸ ਜੋ, ਹੋਰ ਮਾਂਗਵੀ ਧਾੜ
ਅੰਦਰ ਵੜ ਕੇ ਲੁਕ ਗ਼ਈ, ਬੱਕਰੀ ਜਿਉਂ ਬਘਿਆੜ

ਜਿਉਂਦਾ ਕੋਈ ਨਾ ਬਚਿਆ, ਓਨ੍ਹਾਂ ਵਿਚੋਂ ਇੱਕ
ਜੋ ਮੋਹਰੀ ਇਸ ਕੰਮ ਦੇ, ਰੜਕ ਰਹੇ ਵਿਚ ਹਿੱਕ
ਕਰਨਾ ਚਾਂਹਦੇ ਸਿੰਘ ਜੇ, ਕੋਟਲੇ ਤੇ ਅਧਿਕਾਰ
ਅੜਕੇ ਅੱਗੇ ਨਾ ਕੁਈ, ਪਾ ਸਕਦਾ ਖਲਿਹਾਰ
ਬਦਨ ਸਿੰਘ ਦੀ ਗੱਲ ਤੋਂ, ਰਲ ਕੇ ਜੱਥੇਦਾਰ
ਇਹ ਅੰਦਾਜਾ ਲਾਇਆ, ਕੀਤੀ ਸੋਚ ਵਿਚਾਰ
ਲੋਕੀਂ ਰਹਿ ਕੇ ਖ਼ੁਸ਼ ਨੇ, ਗੋਰਿਆਂ ਦੇ ਮੁਹਤਾਜ
ਅਜੇ ਨਹੀਂ ਓਹ ਵਕਤ ਹੈ, ਕਾਇਮ ਹੋਵੇ ਰਾਜ
ਜੋ ਸਤਿਗੁਰ ਜੀ ਆਖਿਆ, ਸੋਲਾਂ ਆਨੇ ਪੱਕ
ਕਾਹਲੀ ਕੀਤੀ ਅਸਾਂ ਹੈ, ਏਸ ਵਿੱਚ ਨਹੀਂ ਸ਼ੱਕ
ਛੱਡੀ ਸਾਰੀ ਯੋਜਨਾ, ਜੋ ਸੀ ਕੀਤੀ ਤਿਆਰ
ਹੋਈਏ ਆਪ ਸ਼ਹੀਦ ਹੁਣ, ਹੈ ਏਹੋ ਦੁਰਕਾਰ
ਬਿਨ ਕੁਰਬਾਨੀ ਦਿੱਤਿਆਂ, ਹੋਇ ਨਾ ਦੇਸ਼ ਆਜ਼ਾਦ
ਜਾਗਣ ਸੁੱਤੇ ਲੋਕ ਤੇ, ਸੰਵਰੇ ਕੋਈ ਨਾ ਕਾਜ
ਜਿੱਦਾਂ ਭਗਤ ਸਿੰਘ ਨੇ, ਮਾਰ ਅਸੈਂਬਲੀ ਬੰਬ
ਗੋਰੇ ਸਨ ਯਰਕਾ ਦਏ, ਇਕ ਦਮ ਉਠੇ ਕੰਬ
ਆਪ ਹੋ ਗਏ ਸ਼ਹੀਦ ਸਨ, ਦੱਤ[167] ਗੁਰੂ ਸਰਦਾਰ
ਹੋਰ ਨਾ ਓਦੋਂ ਕੰਮ ਓਹ, ਸੱਕੇ ਕੋਈ ਸਵਾਰ
ਤਿਵੇਂ ਸ਼ਹੀਦਾਂ ਲਿਆ ਸੀ, ਏਹੀ ਨਿਸ਼ਾਨਾ ਠਾਨ
ਸੁੱਤਾ ਦੇਸ਼ ਜਗਾਈਏ, ਆਪ ਹੋਇ ਬਲੀਦਾਨ
ਕੀਤੀ ਅੰਦਰ ਕੋਟਲੇ, ਦੋ ਘੰਟੇ ਕਤਲਾਮ
ਹੋ ਗਏ ਸੱਤ ਸ਼ਹੀਦ ਸਿੰਘ, ਜੇਹੀ ਲਗੀ ਲਾਮ
ਕੋਠੇ ਚੜ੍ਹ ਕੇ ਲੋਕ ਸਭ, ਮਾਰਨ ਵੱਟੇ ਇੱਟ
ਏਸ ਨਾਲ ਕੁੱਝ ਸਿੰਘ ਉਨ, ਲਏ ਥਾਂ ਤੇ ਸਿੱਟ
ਸਿੰਘਾਂ ਮਾਰੇ ਲੱਭ ਲੱਭ, ਜ਼ਾਲਮ ਜੋ ਮਸ਼ਹੂਰ
ਜਿਉਂਦਾ ਕੋਈ ਨਾ ਛੱਡਿਆ, ਕੀਤੇ ਚਕਨਾ ਚੂਰ
ਸਤਿ ਸ੍ਰੀ ਅਕਾਲ ਕਹਿ, ਜਿਧਰ ਹੱਲਾ ਬੋਲ

[167]ਭਗਤ ਸਿੰਘ ਦੇ ਨਾਲ ਸੁਖਦੇਵ ਅਤੇ ਰਾਜਗੁਰੂ ਫਾਂਸੀਆਂ ਤੇ ਲਟਕ ਕੇ ਸ਼ਹੀਦ ਹੋਏ ਸਨ। ਬਟੂਕੇਸ਼ਵਰ ਦੱਤ ਨੇ ਅਸੈਂਬਲੀ ਬੰਬ ਕਾਂਡ ਵਿਚ ਉਮਰ ਕੈਦ ਭੁਗਤੀ ਸੀ।

ਧਾੜ ਮਾਂਗਵੀ ਨੱਸਦੀ, ਹੁੰਦੀ ਘੋਲ ਮਥੋਲ
ਦੁਸ਼ਮਨ ਦੇ ਸਨ ਮਰ ਗਏ, ਬਹੁਤ ਚੰਗੇਰੇ ਲੋਕ
ਪਾਈ ਠੱਲ੍ਹ ਨਾ ਕਿਸੇ ਨੇ, ਕੋਈ ਨਾ ਸੱਕਿਆ ਰੋਕ
ਡਰਦੇ ਸਨ ਅੰਗ੍ਰੇਜ਼ ਤੋਂ, ਮੁਰਦੇ ਗਏ ਛੁਪਾ
ਪੁੱਛੂ ਭੜਵਿਓ ਤੁਸੀਂ ਕੀ, ਕੰਮ ਕੀਤਾ ਹੈ ਆਹ
ਚੰਗੇ ਚੰਗੇ ਜੋ ਮਰੇ, ਓਹ ਕਰ ਦਿਤੇ ਪੇਸ਼
ਬਾਕੀ ਲਏ ਦਬਾ ਸਨ, ਵੱਟ ਗਏ ਸੀ ਘੇਸ
ਕੋਟਲੇ ਦੇ ਵਿਚ ਨਾਲ ਸਨ, ਹੀਰਾ ਦਾਸ ਮਹੰਤ
ਉੱਗੀ ਚਿੱਟੀ ਰਹੇ ਜੋ, ਬਣੇ ਉਦਾਸੀ ਸੰਤ
ਸਿੰਘਾਂ ਨੇ ਜੋ ਕੋਟਲੇ, ਕੀਤੀ ਵੈਰੀਆਂ ਨਾਲ
ਓਨ੍ਹਾਂ ਨੇ ਸੀ ਦੱਸਿਆ, ਮੈਨੂੰ ਸਾਰਾ ਹਾਲ
ਜਿੱਧਰ ਪੈਂਦੇ ਸਿੰਘ ਸਨ, ਲੈ ਸਤਿਗੁਰ ਦਾ ਨਾਮ
ਧਾੜ ਮਾਂਗਵੀ ਭਜਦੀ, ਵਿਚੇ ਛਡ ਮੈਦਾਨ
ਸ਼ਹਿਰੋਂ ਬਾਹਰ ਹੋ ਗਏ, ਛੱਡਦੇ ਸਿੰਘ ਜੈ-ਕਾਰ
ਅੜਿਆ ਅਗੇ ਨਾ ਕੁਈ, ਪਾਈ ਨਾ ਖਲ੍ਹਿਆਰ
ਰੜ੍ਹ ਪਿੰਡ ਦੇ ਸਿੰਘ ਸਨ, ਏਸ ਜੱਥੇ ਵਿਚ ਚਾਰ[168]
ਨਿਕਲ ਸ਼ਹਿਰੋਂ ਕਰ ਲਈ, ਚੰਗੀ ਤਰ੍ਹਾਂ ਵਿਚਾਰ
ਰੜ੍ਹ ਦੇ ਵਿਚ ਅਜ ਚੱਲ ਕੇ, ਕਰ ਲਈਏ ਵਿਸ਼ਰਾਮ
ਓਥੇ ਛੱਕ ਪ੍ਰਸ਼ਾਦ ਸਭ, ਜ਼ਖ਼ਮੀ ਕਰਨ ਆਰਾਮ
ਫ਼ੌਜ ਰਸਾਲਾ ਕੋਟਲੇ ਦਾ, ਪਿਛੇ ਗਿਆ ਲੱਗ
ਪਰ ਨੇੜੇ ਕੋਈ ਆਇ ਨਾ, ਜਿਉਂ ਪਾਣੀ ਤੋਂ ਅੱਗ
ਹਲਕੇ ਕੁਤੇ ਵਾਕਰਾਂ, ਝਈਆਂ ਲੈ ਲੈ ਪੈਣ
ਮੁੜਦੇ ਮੂੰਹ ਭਨਾ ਕੇ, ਮੂੰਹੋਂ ਨਾ ਨਿਕਲੇ ਬੈਣ
ਭੂਦਨ ਪਿੰਡ ਦੇ ਥੇਹ ਤੇ, ਫੇਰ ਹੋ ਗਿਆ 'ਕੱਠ
ਡਟ ਗਏ ਸਿੰਘ ਮੈਦਾਨ ਵਿਚ, ਲਿਆ ਮੋਰਚਾ ਸੱਠ
ਪਿੱਛੇ ਲਗਿਆ ਆ ਰਿਹਾ, ਫੌਜ ਰਸਾਲਾ ਢੇਰ

[168] ਰੜ੍ਹ ਪਿੰਡ ਵਿਚੋਂ ਸ਼ਹੀਦ ਹੋਣ ਵਾਲੇ ਸਿੰਘਾਂ ਦੇ ਨਾਮ ਹਨ:-ਨਰਾਇਣ ਸਿੰਘ, ਹੀਰਾ ਸਿੰਘ, ਹਰਨਾਮ ਸਿੰਘ, ਗੁਰਦਿੱਤ ਸਿੰਘ, ਸੱਦਾ ਸਿੰਘ ਅਤੇ ਬਿਸ਼ਨ ਸਿੰਘ ਛੇਵੇਂ ਨੂੰ ਤਲਵਾਰ ਨਾਲ ਸ਼ਹੀਦ ਕੀਤਾ ਗਿਆ ਸੀ।

ਮੋਢੀ[169] ਓਸ ਸਮੁੰਦ ਖਾਂ, ਅਜ਼ਲ ਲਿਆਂਦਾ ਘੇਰ
ਦੇ ਲਲਕਾਰਾ ਗਰਜਿਆ, ਸੁਣੋ ਸਿੱਖੜਿਓ ਗੱਲ
ਹੁਣ ਨੱਸੇ ਹੋ ਜਾ ਰਹੇ, ਕਿਹੜੇ ਪਾਸੇ ਵੱਲ
ਆਓ ਕਰੋ ਮੁਕਾਬਲਾ, ਹੈ ਜੇ ਕਿਸੇ ਵਿਚ ਜਾਨ
ਫੇਰ ਨਾ ਕਹਿਣਾਂ ਮਰ ਗਏ, ਐਵੇਂ ਬੇ-ਧਿਆਨ
ਲਲਕਾਰਾ ਸੁਣ ਬੋਲਿਆ, ਹੀਰਾ ਸਿੰਘ ਸਰਦਾਰ
ਮੁੜ ਜਾ ਪਿਛੇ ਕਮਲਿਆ, ਹੋਵੇਂ ਨਹੀਂ ਖੁਆਰ
ਦੋ ਦੋ ਕਾਫ਼ਰ ਗਿੱਚੀਓਂ, ਫੜ ਭਿੜਾਵਾਂ ਮਾਰ
ਅਜ਼ਰਾਈਲ ਵੀ ਮੰਨਦਾ, ਮੇਰੇ ਕੋਲੋਂ ਹਾਰ
ਇਹ ਸੁਣ ਘੋੜਾ ਮੋੜ ਸਿੰਘ, ਜਾ ਖਲੋਤਾ ਕੋਲ
ਦੱਸ ਦੇ ਮਰਜ਼ੀ ਆਪਣੀ, ਖ਼ਾਨਾ ਮੂੰਹੋਂ ਬੋਲ
ਕਰ ਮਗ਼ਰੂਰ ਗ਼ਰੂਰ ਨਾ, ਅੱਲ੍ਹਾ ਨੂੰ ਚਿਤਾਰ
ਸਾਡਾ ਰਖਵਾਲਾ ਸਦਾ, ਆਪ ਗੁਰੂ ਕਰਤਾਰ
ਤੁਹਾਡੀ ਹੁੰਦੇ ਪਿੱਠ ਤੇ, ਬਿੱਲੇ ਨਾ ਸ਼ੈਤਾਨ
ਫੇਰ ਤੁਹਾਨੂੰ ਦੱਸਦੇ, ਕਰਕੇ ਤੇ ਘਮਸਾਨ
ਕਰ ਰਹੇ ਨੇ ਦੇਸ ਦਾ, ਗੋਰੇ ਸੱਤਿਆਨਾਸ
ਲੋਕੀਂ ਕਰਦੇ ਇਨ੍ਹਾਂ ਤੇ, ਰੱਬ ਵਾਂਗੂੰ ਵਿਸ਼ਵਾਸ
ਇਕ ਵੀ ਮੇਰੇ ਦੇਸ ਦਾ, ਬੰਦਾ ਨਹੀਂ ਜੇ ਨਾਲ
ਹੁੰਦਾ ਮੇਰੇ ਨਾਲ ਜੇ, ਦੱਸਦਾ ਕਰ ਕਮਾਲ
ਇਸ ਦਿਨ ਨੂੰ ਪਛਤਾਣਗੇ, ਵੇਲਾ ਕਰਕੇ ਯਾਦ
ਬਿੱਲੇ ਜਦ ਕਰ ਦੇਣਗੇ, ਦੇਸ ਏਸ ਬਰਬਾਦ
ਫਾਕਾ ਮਸਤੀ ਅਸਾਂ ਦੀ, ਰੰਗ ਲਿਆਊ ਫੇਰ
ਹੋ ਸਕਦੀ ਹੈ ਦੇਰ ਪਰ, ਹੋਵੇ ਨਹੀਂ ਅੰਧੇਰ
ਕਿਹਾ ਹੀਰਾ ਸਿੰਘ ਜੀ, ਹੌਸਲੇ ਦੇ ਵਿਚ ਭਰ
ਪਹਿਲਾਂ ਕਰ ਲੈ ਵਾਰ ਤੂੰ, ਮੈਨੂੰ ਨਾ ਕੋਈ ਡਰ
ਹੱਥੋ ਹੱਥੀ ਹੋਈਏ, ਨਿਕਲ ਵਿੱਚ ਮੈਦਾਨ

[169]ਸਰਕਾਰੀ ਰੀਕਾਰਡ ਵਿਚ ਸਿੰਘਾਂ ਨਾਲ ਲੜ ਕੇ ਮਾਰੇ ਜਾਣ ਵਾਲੇ ਅਹਿਮਦ ਖਾਨ ਕੋਤਵਾਲ ਦਾ ਜ਼ਿਕਰ ਤਾਂ ਆਉਂਦਾ ਹੈ, ਸਮੁੰਦ ਖਾਨ ਦਾ ਨਹੀਂ। ਸ਼ਾਇਦ ਉਸ ਨੂੰ ਸਮੁੰਦ ਖਾਨ ਵੀ ਕਹਿੰਦੇ ਹੋਣ। - ਗੁਰੂ ਰਾਮ ਸਿੰਘ ਐਂਡ ਕੂਕਾ ਸਿਖਜ਼-2, ਨਾਹਰ ਸਿੰਘ ਐਮ,ਏ, ਸਫਾ-59

ਤੈਨੂੰ ਮਾਰਾਂ ਰੋਲਕੇ, ਕਰਾਂ ਕਾਗਸੇ ਜਾਨ
ਪੈਂਤੜਾ ਬਦਲ ਸਮੁੰਦ ਖਾਂ, ਪਹਿਲਾਂ ਕੀਤਾ ਵਾਰ
ਕੜੇ ਤੇ ਝੱਲ ਸਰਦਾਰ ਨੇ, ਕਰ ਦਿਤਾ ਨਾਕਾਰ
ਬੀਣੀਂ[170] ਤੇ ਸਰਦਾਰ ਦੀ, ਕਾਫ਼ੀ ਲੱਗਾ ਫੁੱਟ
ਗਹਿਰਾ ਜ਼ਖ਼ਮ ਸੀ ਹੋ ਗਿਆ, ਹੱਡੀ ਗਈ ਸੀ ਕੱਟ
ਫਿਰ ਕਿਹਾ ਸਰਦਾਰ ਨੇ, ਹੁਣ ਹੈ ਮੇਰੀ ਵਾਰ
ਸਾਵਧਾਨ ਹੋ ਜਾਹ ਤੂੰ, ਚੰਗੀ ਤਰ੍ਹਾਂ ਤਿਆਰ
ਬਦਲ ਸ਼ੇਰ ਜਦ ਪੈਂਤੜਾ, ਹੱਥ ਕੀਤਾ ਭਰਪੂਰ
ਧੜ ਇਕ ਪਾਸੇ ਧੜਕਦਾ, ਸਿਰ ਜਾ ਡਿੱਗਾ ਦੂਰ
ਮੂੰਹੋਂ ਨਿਕਲੀ ਗੱਲ ਨਾ, ਅੱਲ੍ਹਾ ਨਾ ਸੱਕਿਆ ਆਖ
ਮਾਰ ਵਾਰ ਤਲਵਾਰ ਦਾ, ਕਰ ਦਿਤਾ ਦੋ ਫਾਕ
ਲੁੱਛਦਾ ਵੇਖ ਪਠਾਨ ਨੂੰ, ਸਿੰਘ ਕਰੇ ਅਫ਼ਸੋਸ
ਇਸਦੇ ਇਉਂ ਮਰ ਜਾਣ ਦਾ, ਮੈਨੂੰ ਬਹੁਤ ਮਸੋਸ
ਇਸ ਦੇ ਜਿਹਾ ਨਾ ਸੂਰਮਾ, ਅੰਦਰ ਫੌਜ ਪਠਾਨ
ਦੂਜਾ ਕੋਈ ਨਹੀਂ ਇਸ, ਮੁਫ਼ਤ ਗਵਾਈ ਜਾਨ
ਅਸੀਂ ਤਾਂ ਬੁੱਚੜ ਮਾਰਨੇ, ਜਾਂ ਮਾਰਨੇ ਰੌਂਤ
ਸਾਡੀ ਮਰਜ਼ੀ ਨਹੀਂ ਸੀ, ਇਹ ਹੋ ਜਾਵੇ ਫ਼ੌਤ
ਇਸ ਦੇ ਜੋਹੇ ਸੂਰਮੇ ਫ਼ੌਜ ਵਿਚ ਦੋ ਚਾਰ
ਹੁੰਦੇ ਕੋਈ ਨਾ ਸੱਕਦਾ, ਏਨ੍ਹਾਂ ਨੂੰ ਸੀ ਮਾਰ
ਨਾਲ ਏਸਦੇ ਲੜਨ ਦਾ, ਸਾਨੂੰ ਆਇਆ ਸੁਆਦ
ਹੋਈ ਹੋਰ ਕੋਈ ਗੱਲ ਨਾ, ਰੱਖਣ ਵਾਲੀ ਯਾਦ
ਵੇਖ ਖਾਨ ਨੂੰ ਮਰ ਗਿਆ, ਸਾਥੀ ਨੱਠੇ ਤਰਾਹ
ਬੇਪ੍ਰਵਾਹ ਹੋ ਪੈ ਗਏ, ਸਿੰਘ ਵੀ ਆਪਣੇ ਰਾਹ

ਨਾਰਾਇਣ ਸਿੰਘ[171] ਲੜਦਿਆਂ, ਹੱਥ ਨਾਲੋਂ ਗਿਆ ਕੱਟ

---

170 ਹੀਰਾ ਸਿੰਘ ਦਾ ਗੁੱਟ ਪਾਸੋਂ ਹੱਥ ਵੱਢਿਆ ਗਿਆ ਸੀ।
– (ਭਾਈ ਬਾਹੋਵਾਲ ਜੀ, ਸਤਿਗੁਰੂ ਬਿਲਾਸ ਭਾਗ–1, ਸਫਾ–469)

171 ਨਰਾਇਣ ਸਿੰਘ ਪਿੰਡ ਰੜ ਜਥੇਦਾਰ ਹੀਰਾ ਸਿੰਘ ਦੇ ਮਾਮੇ ਮਹਿਤਾਬ ਸਿੰਘ ਦਾ ਪੁੱਤਰ ਸੀ।
– (ਨਾਮਧਾਰੀ ਇਤਿਹਾਸ ਨਾਹਰ ਸਿੰਘ ਐਮ.ਏ. ਸਫਾ–233)

ਲੇਬੂ ਪੇਬੂ ਖੂਨ ਨਾਲ, ਪਰ ਉਠ ਤੁਰਿਆ ਝੱਟ
ਬੰਨ੍ਹ ਕੇ ਸ਼ਿਸਤ ਸਿਪਾਹੜੇ, ਕਰੀ ਬੰਦੂਕ ਦੀ ਸੇਧ
ਛੱਡੀ ਹੀਰਾ ਸਿੰਘ ਤੇ, ਘੋੜੇ ਨੂੰ ਗਈ ਬੇਧ
ਘੋੜਾ ਢੇਰੀ ਹੋ ਪਿਆ, ਸਿੰਘ ਛੜੱਪਾ ਮਾਰ
ਸੰਭਲ ਉਠ ਖਲੋ ਗਿਆ, ਰੱਖ ਲਿਆ ਕਰਤਾਰ
ਭਾਵੇਂ ਜ਼ਖ਼ਮੀ ਹੋ ਗਈ, ਹੀਰਾ ਸਿੰਘ ਦੀ ਬਾਂਹ
ਨਾਲ ਹੌਸਲੇ ਸਿੰਘ ਨੇ, ਮੂੰਹੋਂ ਭਰੀ ਨਾ ਆਹ
ਰਾਮ ਜੰਗਾ ਫੜ੍ਹ ਸ਼ਿਸਤ ਲਾ, ਘੋੜਾ ਦਿਤਾ ਨੱਪ
ਰਾਕੀ ਜਿਸ ਸੀ ਮਾਰਿਆ, ਸਿਰ ਦਿਤਾ ਉਸ ਕੱਪ
ਲਹਿਣਾ ਸਿੰਘ ਜੀ ਆਪਣਾ, ਘੋੜਾ ਕੀਤਾ ਪੇਸ਼
ਚੜ੍ਹੋ ਭਰਾ ਜੀ ਆਪ ਹੁਣ, ਤੁਰਾਂ ਨਾਲ ਮੈਂ ਏਸ
ਕੱਟੀ ਗਈ ਜਿਸ ਸਿੰਘ ਦੀ, ਬਾਂਹ ਨਾਲ ਤਲਵਾਰ
ਹੀਰਾ ਸਿੰਘ ਕਰਾਇਆ, ਉਸ ਨੂੰ ਫੜ ਅਸਵਾਰ
ਜਥੇਦਾਰ ਦੋਏ ਤੁਰ ਪਏ, ਪੈਦਲ ਜੱਥੇ ਨਾਲ
ਰੜ੍ਹ ਦੇ ਖੂਹ ਤੇ ਜਾ ਕੇ, ਸਾਥੀ ਲਏ ਸੰਭਾਲ
ਹੀਰਾ ਸਿੰਘ ਜੀ ਆਪਣੇ, ਸਿਰੋਂ ਪਾੜ ਦਸਤਾਰ
ਬੱਧੀ ਸਿੰਘ ਦੇ ਟੁੰਡ ਤੇ, ਫਿਰ ਬੱਧੀ ਸਰਦਾਰ

ਜਥੇਦਾਰ ਤਲਵਾਰ ਨਾਲ, ਕੱਢ ਕੇ ਕਿਹਾ ਲਕੀਰ
ਜਿਸ ਨੇ ਸਿਰ ਹੈ ਵਾਰਨਾ, ਏਧਰ ਆਵੇ ਵੀਰ
'ਬਾਪੂ' ਜੀ ਦਾ ਹੁਕਮ ਇਹ, ਸਾਨੂੰ ਹੈ ਦਰਕਾਰ
ਜਾਨ ਪਿਆਰੀ ਜਿਸ ਨੂੰ, ਘਰ ਨੂੰ ਜਾਇ ਪਧਾਰ
ਹੀਰਾ ਦਾਸ ਜੀ ਗੱਭਰੂ, ਹੈਸਨ ਭਰ ਜੁਆਨ
ਮੂੰਮਾਂ[172] ਗਹਿਲਾਂ ਪਿੰਡ ਤੇ, ਹੀਰਾ ਸਿੰਘ ਸੀ ਨਾਮ
ਇਹ ਓਦੋਂ ਸਨ ਮੁੜ ਪਏ, ਪਰ ਨਾ ਪੁੱਜੇ ਪਿੰਡ
ਨਾਲ ਸਾਧੂਆਂ ਜਾ ਰਲੇ, ਵਿਚ ਦੁਆਬੇ ਖਿੰਡ
ਅੜਬੰਗੀ[173] ਜਿਹੇ ਹੋਰ ਵੀ, ਨਿਕਲ ਹੋ ਗਏ ਸਾਧ

[172] ਅੱਜ ਕੱਲ੍ਹ ਇਹ ਪਿੰਡ ਬਰਨਾਲਾ ਜ਼ਿਲ੍ਹੇ ਵਿਚ ਹੈ ।

[173] ਭਗਵਾਨ ਸਿੰਘ ਅੜਬੰਗੀ ਮਰਹਾਣਾ (ਤਰਨ ਤਾਰਨ) ਦਾ ਖਾੜਕੂ ਕੂਕਾ ਸੀ। ਜਨਵਰੀ 1883

ਚੱਲੇ ਜਾਨ ਬਚਾ ਓਹ, ਗਲ ਵਿਚ ਪਈ ਨ ਫਾਧ
ਕੂਕੇ ਰਹਿ ਕੇ ਬਚਣਾਂ, ਮੁਸ਼ਕਲ ਸੀ ਇਸ ਦੇਸ਼
ਬਿੱਲੇ ਫੜ੍ਹ ਫੜ੍ਹ ਮਾਰਦੇ, ਇਹ ਸਾਧੂ ਦਰਵੇਸ਼
ਧੰਨ ਓਹ ਪਰ ਫੇਰ ਵੀ, ਬਣੇ ਰਹੇ ਜੋ ਸਿੱਖ
ਮੈਂ ਹਾਂ ਕੂਕਾ ਨਹੀਂ ਜੇ, ਇਹ ਨਾ ਦਿਤਾ ਲਿਖ
'ਜੇਹਾ ਝਰਲੂ ਫੇਰਿਆ, ਲੋਕਾਂ ਤੇ ਅੰਗ੍ਰੇਜ਼
ਕਰਨ ਸਲਾਮਾਂ ਝੁਕ-ਝੁਕ ਡਾਢਾ ਜਾਣੀ ਹੇਜ
ਸਾਰੇ ਲੋਕੀ ਹੋ ਗਏ, ਗੋਰਿਆਂ ਦੇ ਅਧੀਨ
ਇੱਜ਼ਤ ਰੋਲੀ ਦੇਸ ਦੀ, ਅਪਣਾ ਖੋਇਆ ਦੀਨ
ਰੜ੍ਹ ਤੋਂ ਸਨ ਜੋ ਤੁਰ ਗਏ, ਓਦੋਂ ਬਾਹਰ ਵਾਰ
ਓਨ੍ਹਾਂ ਵਿਚੋਂ ਮੈਂ ਕਰੇ, ਕਈਆਂ ਦੇ ਦੀਦਾਰ
ਜਦ ਮੈਂ ਪੁੱਛਦਾ ਉਨ੍ਹਾਂ ਨੂੰ, ਓਸ ਸਮੇਂ ਦੀ ਗੱਲ
ਅੰਦਰ ਜਾਣੋ ਮੱਚਦੀ, ਓਹਨਾਂ ਦੇ ਤਰਥੱਲ
ਯਾਦ ਕਰ ਉਸ ਸਮੇਂ ਨੂੰ, ਰੋਂਦੇ ਧਾਹੀਂ ਮਾਰ
ਆਂਹਦੇ ਹੁੰਦੀ ਗੱਲ ਨਾ, ਸੰਘੋਂ ਸਾਡਿਓਂ ਬਾਹਰ
ਉਨ੍ਹਾਂ ਦਿਨਾਂ ਵਿਚ ਜੋ, ਅਸੀਂ ਮਾਣਿਆ ਸੁਆਦ
ਭੁੱਲ ਸਕੇ ਕਈ ਜਨਮ ਨਾ, ਸਾਨੂੰ ਉਸ ਦੀ ਯਾਦ
ਕਿਉਂ ਨਾ ਮਰ ਗਏ ਸਾਂ ਅਸੀਂ, ਤਦੋਂ ਸ਼ਹੀਦਾਂ ਨਾਲ
ਕੀ ਖੱਟਿਆ ਹੁਣ ਬਚ ਰਹੇ, ਹੱਡ ਲਏ ਨੇ ਗਾਲ
ਜਿਉਂਦੇ ਰਹਿੰਦੇ ਅਸੀਂ ਸਦ, ਹੁੰਦੇ ਨਾਲ ਸ਼ਹੀਦ
ਵੱਸਦੇ ਜਾਂ ਗੁਰੂ ਪੁਰੀ ਵਿਚ, ਸਦਾ ਮਨਾਂਦੇ ਈਦ
ਥੇਹ ਤੋਂ ਅੱਗੇ ਲੰਘ ਕੇ, ਡੇਰਾ ਖੂਹ ਤੇ ਲਾ
ਰਸਤ ਆ ਗਈ ਪਿੰਡ ਤੋਂ, ਲੰਗਰ ਲਿਆ ਸਜਾ
ਖੀਰ ਬਣਾਈ ਦੁੱਧ ਦੀ, ਤੇ ਕੜਾਹ ਪ੍ਰਸ਼ਾਦ
ਪੰਗਤ ਵਰਤੀ ਇਕ ਰਸ, ਜੋ ਗੁਰ ਕੀ ਮਰਯਾਦ
ਟੁੰਡ ਨਰੈਣ ਸਿੰਘ ਦਾ, ਤੇਲ 'ਚ ਦਿਤਾ ਤੱਲ
ਜ਼ਖ਼ਮ ਧੋ ਸਰਦਾਰ ਨੇ, ਅਪਣਾ ਕੀਤਾ ਵੱਲ

---

ਵਿਚ ਉਸ ਭੈਣੀ ਸਾਹਿਬ ਪੁਲੀਸ ਚੌਂਕੀ ਦੇ ਇਕ ਜ਼ਾਲਮ ਸਿਪਾਹੀ ਗੇਂਦਾ ਖਾਨ ਨੂੰ ਸੋਧਿਆ ਸੀ। ਅੰਮ੍ਰਿਤਸਰ ਤੇ ਰਾਇਕੋਟ ਬੁੱਚੜ ਬੱਧ ਸਾਕਿਆਂ ਵਿਚ ਵੀ ਉਸ ਦਾ ਨਾਮ ਬੋਲਦਾ ਸੀ।

ਕਰ ਤਲਵਾਰਾਂ 'ਕੱਠੀਆਂ ਛੌਰੀ ਦਿਤੀ ਲਾ
ਕਿਹਾ ਹੀਰਾ ਸਿੰਘ ਜੀ, ਸਭ ਨੂੰ ਇਹ ਅਲਾ
ਅਜੇ ਨਹੀਂ ਕੁਝ ਵਿਗੜਿਆ, ਜਾਵੋ ਅਪਣੇ ਬਾਰ
ਫੇਰ ਨਾ ਕਿਹੋ ਨਾਹੱਕ ਹੀ, ਸਾਨੂੰ ਦਿੱਤਾ ਮਾਰ
'ਬਾਪੂ' ਜੀ ਦਾ ਹੁਕਮ ਜੋ, ਪੂਰਾ ਦਿੱਤਾ ਕਰ
ਅਸੀਂ ਤੇ ਹਾਂ ਹੁਣ ਚਾਂਹਦੇ, ਛੇਤੀ ਜਾਈਏ ਮਰ
ਨੌਂ ਮਹੀਨੇ ਵਿਚ ਨੇ, ਆਵਾਂਗੇ ਚੱਲ ਫੇਰ
ਦੇਸ਼ ਅਜ਼ਾਦ ਕਰਾਣ ਨੂੰ, ਹੁਣ ਨੀ ਲਾਣੀ ਦੇਰ
ਕਈ ਕੁ ਸੁਣ ਕੇ ਤੁਰ ਗਏ, ਬੈਠ ਰਹੇ ਚੁਪ ਧਾਰ
ਸੌਣ ਸਿੰਘ ਨੂੰ ਆਖਿਆ, ਗਿਣ ਕੈ ਗਏ ਪਧਾਰ
ਗਿਣ ਕੇ ਉਸ ਨੇ ਆਖਿਆ, ਸੱਤਰ ਹਾਂ ਹੁਣ ਬੱਸ
ਸੱਤ ਅੱਠ ਕੋਟਲੇ ਰਹਿ ਗਏ, ਬਾਕੀ ਗਏ ਨੇ ਨੱਸ
ਬਹੱਤ੍ਰ ਹੋਣੇ ਚਾਹੀਏ, ਏਸ ਸਮੇਂ ਵਿਚ ਨਾਲ
ਕਰਨ ਮਜ਼ਾਖਾਂ ਵੇਖ ਜੋ, ਕੋਲ ਖਲੋਤਾ ਕਾਲ
ਕੀਰਤਨ ਕਰਦੇ ਸਿੰਘ ਰਹੇ, ਸਾਰੀ ਰਾਤ ਦੀਵਾਨ[174]
ਪਿੱਛਲ ਰਾਤੀਂ ਸਭ ਨੇ, ਖੂਹ ਤੋਂ ਕਰ ਇਸ਼ਨਾਨ
ਸੂਰਜ ਪੰਜਵੇਂ ਮਾਘ ਦਾ, ਚੜ੍ਹਿਆ ਵਿਚ 'ਸਮਾਨ
ਦਿਨ ਚੜ੍ਹਦੇ ਨੂੰ ਵਾਰ ਪੜ੍ਹ, ਸਤਿਗੁਰੂ ਚਰਨ ਧਿਆਨ
ਸੁਖ ਨਿਧਾਨ ਦੀ ਦੇਗ ਛਕ, ਹੋ ਤਿਆਰ ਬਰ ਤਿਆਰ
ਕੀ ਹੁਣ ਅਗੋਂ ਹੋਇਗਾ, ਕੀਤੀ ਸੋਚ ਵਿਚਾਰ

ਵਾਸੀ ਸੀ ਰੜ੍ਹ ਪਿੰਡ ਦਾ, ਇਕ ਜੈਮਲ ਸੈਂ ਜੱਟ
ਜੰਮਿਆਂ ਮਾਂ ਨੇ ਲਾਲ ਸੀ, ਅਸਲੋਂ ਚੌੜ ਚਪੱਟ
ਸਿੰਘਾਂ ਦੇ ਕੋਲ ਆਣ ਕੇ, ਉਸ ਕੀਤੀ ਅਰਦਾਸ
ਮੈਨੂੰ ਵੀ ਸਿੰਘ ਸਾਹਿਬ ਜੀ, ਜਾਣੋਂ ਅਪਣਾ ਦਾਸ
ਚਰਨ ਪਾਓ ਘਰ ਦਾਸ ਦੇ, ਕੁਟੀਆ ਕਰੋ ਪਵਿੱਤ

[174]ਸਰਕਾਰੀ ਰੀਕਾਰਡ ਮੁਤਾਬਿਕ ਰੜ੍ਹ ਪਿੰਡ ਦੇ ਬਾਹਰੋਂ ਸਿੰਘਾਂ ਨੇ 15 ਜਨਵਰੀ 1872 ਦੀ ਸ਼ਾਮ ਤੱਕ ਆਪਣੇ ਆਪ ਨੂੰ ਰਿਆਸਤ ਪਟਿਆਲਾ ਦੇ ਸ਼ੇਰ ਪੁਰ ਦੇ ਥਾਣੇਦਾਰ ਉੱਤਮ ਸਿੰਘ ਦੇ ਹਵਾਲੇ ਕਰ ਦਿੱਤਾ ਸੀ। ਸੋ ਰੜ੍ਹ ਵਿਖੇ ਸਿੰਘਾਂ ਦਾ ਰਾਤ ਕੱਟਣਾ ਠੀਕ ਨਹੀਂ।

ਲੰਗਰ ਚੱਲ ਸਜਾ ਲਓ, ਜਾਣ ਆਪਣਾ ਮਿੱਤ
ਜਥੇਦਾਰ ਜੀ ਸੁਣ ਕਿਹਾ, ਸਾਨੂੰ ਨਾਹੀ ਲੋੜ
ਅਸੀਂ ਚਲਾਕੀ ਜਾਣੀਏ, ਤੇਰੇ ਦਿਲ ਵਿਚ ਕੋੜ੍ਹ
ਬੇਈਮਾਨ ਜਦ ਹੋ ਗਿਆ, ਬਦਨਸਿੰਘ ਸਰਦਾਰ
ਸਾਨੂੰ ਨਾ ਹੁਣ ਰਹਿ ਗਿਆ, ਕਿਸੇ ਦਾ ਹੈ ਇਤਬਾਰ
ਗੁਰੂ ਦਸਮ ਦੀ ਕਸਮ ਖਾਂ, ਜਾਮਨ ਗੁਰੂ ਗ੍ਰੰਥ
ਧੋਖਾ ਕੋਈ ਨਾ ਕਰਾਂ, ਜਾਣ ਗੁਰੂ ਕਾ ਪੰਥ
ਬੇਈਮਾਨੀ ਜੇ ਕਰਾਂ, ਨਾਲ ਆਪਣੇ ਵੀਰ
ਕੋਹੜੀ ਹੋਕੇ ਮਰਾਂ ਮੈਂ, ਕੀੜੇ ਪੈਣ ਸਰੀਰ
ਚਰਨ ਪਾਓ ਘਰ ਦਾਸ ਦੇ, ਦੇਵੋ ਸਿੰਘ ਸਜਾ
ਪਾਮਰ ਜੈਮਲ ਜੱਟ ਦਾ, ਜਨਮ ਨਾ ਐਵੇਂ ਜਾ
ਹੀਰਾ ਸਿੰਘ ਜੁਆਨੀਓਂ, ਰਾਜਿਆਂ ਦੇ ਰਣਵਾਸ
ਰਹੇ ਉਨ੍ਹਾਂ ਰਾਜਨੀਤ ਦਾ, ਚੰਗੀ ਤਰਾਂ ਕਿਆਸ
ਜੈਮਲ ਸਿੰਘ ਦੀ ਸਮਝਦੇ, ਸੀ ਓਹ ਸਾਰੀ ਚਾਲ
ਚੋਗਾ ਪਾ ਫਸਾ ਰਿਹਾ, ਧੋਖੇ ਦਾ ਲਾ ਜਾਲ
ਅਸੀਂ ਤੇ ਲਿਆ ਮੁਕਾ ਹੈ, ਸਾਰਾ ਅਪਣਾ ਕੰਮ
ਮੱਥੇ ਕਿਸੇ ਦੇ ਮਾਰੀਏ, ਇਹ ਹੱਡ ਤੇ ਚੰਮ
ਹੁਕਮ ਦਿਤਾ ਘਰ ਏਸ ਦੇ, ਲੰਗਰ ਲਓ ਸਜਾ
'ਬਾਪੂ' ਜੀ ਦੀ ਕੋਈ ਵੀ, ਮੇਟ ਨਾ ਸਕੇ ਰਜ਼ਾ
ਲੰਗਰ ਸਜਣ ਲਗ ਪਿਆ, ਹੋਈ ਦੇਗ ਤਿਆਰ
ਜੈਮਲ ਠਾਣੇ ਭੇਜਿਆ, ਸ਼ੇਰ ਪੁਰੇ ਅਸਵਾਰ
ਕੂਕੇ ਕਾਬੂ ਕਰ ਲਏ, ਮੈਂ ਚਲਾਕੀ ਨਾਲ
ਠਾਣੇਦਾਰਾ ਸਾਂਭ ਲੈ, ਛੇਤੀ ਅਪਣਾ ਮਾਲ
ਵੱਗੋ ਤੱਗੀ ਆ ਗਿਆ, ਰੜ੍ਹ ਨੂੰ ਠਾਣੇਦਾਰ
ਸ਼ੇਰ ਪੁਰਾ ਹੈ ਰੜ੍ਹ ਤੋਂ, ਕੇਵਲ ਕੋਹਾਂ ਚਾਰ
ਪਰ ਸੀ ਡਰਦਾ ਜਾਣ ਤੋਂ, ਓਹ ਸਿੰਘਾਂ ਦੇ ਕੋਲ
ਪੈ ਜਾਇ ਮਤੇ ਨਾ ਤਾਰਨਾ, ਅਪਣੇ ਸਿਰ ਦਾ ਮੋਲ
ਜੈਮਲ ਦਿਤਾ ਦੱਸ ਸੀ, ਉਸ ਨੂੰ ਸਾਰਾ ਹਾਲ
ਕਰਨਾ ਕਿਸੇ ਦਾ ਇਨ੍ਹਾਂ ਨੇ, ਹੁਣ ਨਹੀਂ ਵਿੰਗਾ ਵਾਲ

ਆਂਹਦੇ ਬੈਠੇ ਹਾਂ ਅਸੀਂ, ਅਪਣਾ ਕੰਮ ਨਿਬੇੜ
ਡਰ ਨਾ ਬੇਸ਼ਕ ਹੁਣ ਤੂੰ, ਜਾਣੋ ਏਨ੍ਹਾਂ ਨੇੜ
ਡਰਦਾ ਡਰਦਾ ਫੇਰ ਵੀ, ਉੱਤਮ ਆਇਆ ਕੋਲ
ਚਰਨੀ ਲਾ ਕੇ ਹੱਥ ਉਸ, ਮੂੰਹੋਂ ਕਿਹਾ ਸੀ ਬੋਲ
ਜ਼ਹਿਰੀ ਖੰਡ ਗਲੇਫੀਆਂ, ਗੱਲਾਂ ਕਰ ਭਰਮਾਣ
ਹੁੰਦੇ ਅੱਗੇ ਨੇ ਜਿਵੇਂ, ਅਸਲੋਂ ਬਾਲ ਇੰਞਾਣ
ਸਿੰਘ ਸਾਹਿਬ ਤੁਸੀਂ ਧੰਨ ਹੋ, ਧੰਨ ਤੁਹਾਡੀ ਕਾਰ
ਦਿਲ ਕਰਦਾ ਹੈ ਤੁਸਾਂ ਤੋਂ, ਸਰਵੰਸ ਦੇਵਾਂ ਵਾਰ
ਪਰ ਹਾਂ ਦੁਨੀਆਂ ਦਾਰ ਮੈਂ, ਦਿਲ ਦਾ ਹਾਂ ਕਮਜ਼ੋਰ
ਡਰਦਾ ਥਰ ਥਰ ਕੰਬਦਾ, ਜ਼ਰਾ ਕੁ ਸੁਣ ਕੇ ਸ਼ੋਰ
ਰੱਬ ਤੁਸਾਂ ਦਾ ਨਾ ਕਰੇ, ਇਕ ਵੀ ਵਿੰਗਾ ਵਾਲ
ਦਿਲ ਦੀ ਮੇਰੀ ਰੀਝ ਬੱਸ, ਮਰਾਂ ਤੁਸਾਂ ਦੇ ਨਾਲ
ਸਿੰਘਾਂ ਦੀ ਹੋਵੇ ਫ਼ਤਹ, ਹਰ ਥਾਂ ਹਰ ਮੈਦਾਨ
ਵੈਰੀ ਚੜ੍ਹ ਕੇ ਆਇ ਜੇ, ਜਾਇ ਗੁਆ ਕੇ ਜਾਨ
ਅਰਜ਼ ਕਰਾਂ ਹੱਥ ਜੋੜ ਮੈਂ, ਅਤੀ ਨਿੰਮ੍ਰਤਾ ਨਾਲ
ਮੇਰੀ ਹੋਵੇ ਮੰਗ ਇਹ, ਪੂਰੀ ਗੁਰੂ ਅਕਾਲ
ਸ਼ੇਰਪੁਰੇ ਦੇ ਠਾਣਿਓਂ, ਮੈਂ ਹਾਂ ਠਾਣੇਦਾਰ
ਮੈਨੂੰ ਸਮਝੋ ਆਪਣਾ, ਸਿੰਘੋ ਸੇਵਾਦਾਰ
ਚਰਨਾਂ ਵਿਚ ਮੈਂ ਪੰਥ ਦੇ, ਅਰਜ਼ ਕਰਾਂ ਹਥ ਜੋੜ
ਕਿਰਪਾ ਕਰਨੀ ਦਾਸ ਤੇ, ਖਾਲੀ ਦਿਓ ਨਾ ਮੋੜ
ਸ਼ੇਰ ਪੁਰੇ ਦੇ ਵਿਚ ਸਭ, ਚੱਲੋ ਮੇਰੇ ਨਾਲ
ਮਲ੍ਹਮ ਪੱਟੀ ਫੱਟੜਾਂ, ਦੀ ਮੈਂ ਕਰਾਂ ਸੰਭਾਲ
ਮਿਲਿਆ ਸੇਵਾ ਦਾ ਸਮਾਂ, ਧੰਨ ਅਸਾਡੇ ਭਾਗ
ਮਿਲ ਜਾਂ ਹੰਸਾਂ ਵਿਚ ਹੀ, ਮੈਂ ਵੀ ਕਾਲਾ ਕਾਗ
ਵਲ ਛਲ ਮੇਰੇ ਵਿਚ ਨਾ, ਖਾਵਾਂ ਕਸਮ ਅਕਾਲ
ਜਾਮਨ ਗੁਰੂ ਗੋਬਿੰਦ ਸਿੰਘ, ਗੁਰੂ ਗ੍ਰੰਥ ਵੀ ਨਾਲ
ਕਰਕੇ ਮੋਮੋ ਠੱਗਣੀਆਂ, ਇਉਂ ਲੱਗਾ ਭਰਮਾਨ
ਜਿਵੇਂ ਓਸ ਦੇ ਦਿਲ ਨੂੰ, ਕੋਈ ਨਾ ਸਕਦੈ ਜਾਨ
ਜਿੰਨੇ ਚਾਹੇ ਲੈ ਲਵੋ, ਸ਼ਸਤ੍ਰ ਮੇਰੇ ਕੋਲ

ਕਰ ਦੇਵੋ ਅੰਗ੍ਰੇਜ਼ ਦਾ, ਹੁਣੇ ਬਿਸਤ੍ਰਾ ਗੋਲ
ਕਬਜ਼ਾ ਕਰ ਲਓ ਕਿਲ੍ਹੇ ਤੇ, ਚੱਲੋ ਮੇਰੇ ਨਾਲ
ਕਾਬੂ ਕਰੋ ਹਥਿਆਰ ਸਭ, ਨਾਲੇ ਸਾਂਭੋ ਮਾਲ
ਸੁਣਕੇ ਹੀਰਾ ਸਿੰਘ ਕਿਹਾ, ਠਾਣੇਦਾਰਾ ਬਾਤ
ਗੱਲਾਂ ਨਾਲ ਤੂੰ ਪਾ ਰਿਹਾ, ਦੇਸ਼ ਭਗਤ ਵੀ ਮਾਤ
ਸਾਨੂੰ ਸਾਰਾ ਪਤਾ ਹੈ, ਜੋ ਤੂੰ ਕਰਨੀ ਚਾਲ
ਸਮਝੇਂ ਸਾਨੂੰ ਇੰਵ ਤੂੰ, ਜਿਵੇਂ ਅੰਞਾਣੇ ਬਾਲ
ਜੀ ਚਾਹੇ ਤੇਰਾ ਹੁਣੇ, ਫਸਤਾ ਦੇਈਏ ਵੱਢ
ਜਾਂਦੇ ਜਾਂਦੇ ਇਹ ਵੀ, ਕੰਡਾ ਦੇਈਏ ਕੱਢ
ਸਾਨੂੰ ਫੜਨ ਤੂੰ ਆਇਆ, ਨਾਲ ਪੁਲਿਸ ਦੀ ਧਾੜ
ਕਰ ਲੈ ਤੇਰੇ ਦਿਲ ਜੋ, ਗੱਲਾਂ ਹੋਰ ਨਾ ਸਾੜ
ਸਾਨੂੰ ਉਸਦਾ ਸਭ ਪਤਾ, ਜੋ ਹੈ ਤੇਰਾ ਹਾਲ
ਕਰ ਨਾ ਸਕੇਂ ਜ਼ੁਲਮ ਨੂੰ, ਫਿਰ ਨਿਰਦੋਸ਼ਾਂ ਨਾਲ
ਪਰ ਨਹੀਂ ਕਰ ਸੱਕਦੇ, ਅਸੀਂ ਅਜੇਹੀ ਕਾਰ
ਭਾਈ ਅਪਣੇ ਤੇ ਅਸੀਂ, ਕਰ ਨਹੀਂ ਸੱਕਦੇ ਵਾਰ
ਸਫਾਜੰਗ ਫੜ੍ਹ ਇੰਦ ਕੌਰ, ਸਿਰ ਤੇ ਗਈ ਖਲੋ
ਇਕੋ ਫੂਕ ਬੁਝਾ ਦਿਆਂ, ਇਸ ਦੀਵੇ ਦੀ ਲੋ
ਫਿੱਟੇ ਤੇਰੀ ਜ਼ਿੰਦਗੀ, ਭੈੜੀ ਹੈ ਤੇਰੀ ਕਾਰ
ਰਾਖਾ ਤੇਰਾ ਕੌਣ ਦੱਸ, ਕਰ ਦਿਆਂ ਬੇੜਾ ਪਾਰ
ਤ੍ਰੇਲੀ ਮੱਥੇ ਆ ਗਈ, ਮੁੜ੍ਹਕੇ ਨਾਲ ਗਿਆ ਭਿੱਜ
ਕਾਂਬਾ ਜੇਹਾ ਚੜ੍ਹ ਗਿਆ, ਪਈ ਸਮਝ ਕੇ ਬਿੱਜ
ਡਰਦਾ ਡਰਦਾ ਬੋਲਿਆ, ਮੈਂ ਹਾਂ ਤੇਰਾ ਵੀਰ
ਭਾਵੇਂ ਮਾਰ ਮੁਕਾ ਦੇ, ਭਾਵੇਂ ਫੜ੍ਹ ਕੇ ਚੀਰ
ਬੀਬਾ ! ਵੈਰੀ ਅਸਾਂ ਦੇ, ਬੁੱਚੜ ਜਾਂ ਅੰਗ੍ਰੇਜ਼
ਤੇਰੇ ਦਿਲ ਵਿਚ ਜਿਨ੍ਹਾਂ ਲਈ, ਭਾਰੀ ਭਰਿਆ ਹੇਜ
ਜੇ ਨਾਹੀਂ ਗੁਰ ਦਸਮ ਦੀ, ਕਸਮ ਉਤੇ ਇਤਬਾਰ
ਮੰਨਦੇ ਗੁਰੂ ਗ੍ਰੰਥ ਨਾ, ਬੇਸ਼ਕ ਦੇਵੋ ਮਾਰ
ਠਾਣੇਦਾਰ ਦੀ ਗੱਲ ਸੁਣ, ਕਿਹਾ ਜੱਥੇਦਾਰ
ਅਸਾਂ ਨੇ ਤੇਰੀ ਗੱਲ ਲਈ, ਚੰਗੀ ਤਰ੍ਹਾਂ ਵਿਚਾਰ

ਅਸੀਂ ਤੇ ਚੱਲੇ ਹੋਣ ਸਾਂ, ਅਪਣੇ ਆਪ ਹੀ ਪੇਸ਼
ਤੇਰੀ ਪਰਖ ਹੋ ਜਾਇਗੀ, ਚਲੋ ਬਹਾਨੇ ਏਸ
ਸਾਡੀ ਤੇ ਇਹ ਰੀਝ ਹੈ, ਮਰੀਏ ਜਲਦੀ ਨਾਲ
ਲੈ ਚਲ ਜਿਥੇ ਚੱਲਣਾ, ਚੱਲੀਏ ਤੇਰੇ ਨਾਲ
ਗੱਡੇ ਜੋੜ ਬੈਠਾ ਲਏ, ਉੱਪਰ ਸਾਰੇ ਸ਼ੇਰ
ਕੀਰਤਨ ਕਰਦੇ ਜਾ ਰਹੇ, ਨਿਰਭੈ ਹੋਇ ਦਲੇਰ
ਵਿਦਿਆ ਕੀਤੇ ਪਿੰਡ ਨੇ, ਭਰੀਆਂ ਅੱਖਾਂ ਨਾਲ
ਫਤਹਿ ਬੁਲਾਈ ਸਭ ਨੇ, ਚਰਨੀਂ ਧਰ ਕੇ ਭਾਲ
ਕਈਆਂ ਕਿਹਾ ਚੱਲੀਏ, ਅਸੀਂ ਤੁਹਾਡੇ ਸੰਗ
ਅਸੀਂ ਵੀ ਰੰਗੇ ਜਾਈਏ, ਵਿਚ ਸ਼ਹੀਦੀ ਰੰਗ
ਧੀਰਜ ਦੇ ਕੇ ਖਾਲਸੇ, ਸਭ ਦਿਤੇ ਹਟਕਾਰ
ਕਿਹਾ ਬੈਠੋ ਘਰ ਤੁਸੀਂ, ਕਰੋ ਆਪਣੀ ਕਾਰ
ਅਸੀਂ ਤੇ ਚੱਲੇ ਹੋਣ ਹਾਂ, ਕੋਟਲੇ ਵਿਚ ਸ਼ਹੀਦ
ਗੁਰੂਪੁਰੀ ਵਿਚ ਜਾਇਕੇ, ਸਦਾ ਮਨਾਈਏ ਈਦ
ਭਾਂਡਾ ਦੇਣਾ ਭੰਨ ਇਹ, ਅਸੀਂ ਮਲੇਛਾਂ ਬਾਰ
ਸਾਨੂੰ ਦੇਣਾ ਬਿੱਲਿਆਂ, ਅਜ ਕਲ੍ਹ ਦੇ ਵਿਚ ਮਾਰ
ਅੱਖੀਓਂ ਨੀਰ ਵਹਾ ਰਹੇ, ਲੋਕ ਤੁਰਦਿਆਂ ਵੇਖ
ਫੁੱਟੀ ਜੈਮਲ ਦੁਸ਼ਟ ਦੀ, ਕਹਿਣ ਮੱਥੇ ਦੀ ਰੇਖ
ਜੈਮਲ ਉੱਤਮ ਰਲੇ ਦੋ, ਪੱਕੇ ਬੇਈਮਾਨ
ਆਖਣ ਲੋਕੀਂ ਵੇਚਿਆ, ਏਨ੍ਹਾਂ ਧਰਮ ਈਮਾਨ
ਗੱਡੇ ਤੁਰਦੇ ਜਾ ਰਹੇ, ਉੱਠ ਉੱਠ ਵੇਖਣ ਜੱਟ
ਬੇਈਮਾਨਾਂ ਨੇ ਲਈ, ਜੜ੍ਹ ਆਪਣੀ ਪੱਟ
ਰੰਬੇ ਹੱਥਾਂ ਵਿਚ ਫੜੇ, ਕੰਮ ਕਰਨ ਵਿਚ ਖੇਤ
ਘੱਟੇ ਮਿੱਟੀ ਲਿੱਬੜੇ, ਲੱਥ ਪੱਥ ਹੋਏ ਰੇਤ
ਝੱਟ ਪੱਟ ਉਠ ਕਿਸਾਨ ਦੋ, ਚੜ੍ਹ ਗਏ ਗੱਡੇ ਵਿਚ
ਦਿਲ ਵਿਚ ਉਨ੍ਹਾਂ ਦੇ ਪਈ, ਕੋਈ ਅਜੇਹੀ ਖਿਚ
ਆਂਹਦੇ ਅਸੀਂ ਵੀ ਚੱਲਣਾ, ਸਿੰਘੋ ਤੁਹਾਡੇ ਨਾਲ
ਗੁਰੂ ਵਾਸਤੇ ਦਿਓ ਨਾ, ਐਵੇਂ ਸਾਨੂੰ ਟਾਲ
ਹੀਰਾ ਸਿੰਘ ਨੇ ਆਖਿਆ, ਦਿਲ ਵਿਚ ਲਵੋ ਵਿਚਾਰ

ਤੁਹਾਨੂੰ ਇਸ ਸਰਕਾਰ ਨੇ, ਫੜ੍ਹ ਕੇ ਦੇਣਾ ਮਾਰ
ਅਸੀਂ ਨਹੀਂ ਹਾਂ ਜਾ ਰਹੇ, ਖਾਣ ਦੇ ਲਈ ਕੜਾਹ
ਗੋਲੀ ਦੇ ਨਾਲ ਉਡਾਂਗੇ, ਜਾਂ ਲਾਵਣਗੇ ਫਾਹ
ਸੋਚ ਸਮਝ ਹੈ ਲਿਆ ਸਭ, ਡਰ ਨਾ ਸਾਨੂੰ ਮੂਲ
ਸਮਝਾਂਗੇ ਸੂਲੀ ਅਸੀਂ, ਜਿਉਂ ਬੇਰੀ ਦੀ ਸੂਲ
ਹੀਰਾ ਸਿੰਘ ਜੀ ਭਜਨ ਦੱਸ, ਕੰਨ 'ਚ ਮਾਰੀ ਫੂਕ
ਉਠੇ ਝਟ ਪਟ ਉਹ ਦੋਏ, ਕੂਕਿਆਂ ਵਾਂਗੂੰ ਕੂਕ
"ਮੁਹਿ ਮਰਨੇ ਕਾ ਚਾਉ ਹੈ, ਮਰਉ ਤ ਹਰਿ ਕੈ ਦੁਆਰ
ਮਤ ਹਰਿ ਪੂਛੇ ਕਉਨੁ ਹੈ, ਪਰਾ ਹਮਾਰੈ ਬਾਰ"
ਸੌਣ ਸਿੰਘ ਨੇ ਆਖਿਆ, ਜਥੇਦਾਰ ਮਹਾਰਾਜ
ਪੂਰੇ ਕੀਤੇ ਗੁਰੂ ਜੀ, ਤੁਹਾਡੇ ਸਾਰੇ ਕਾਜ
ਹੁਣ ਬਹੱਤਰ ਹੋ ਗਏ, ਸਿੰਘ ਤੁਹਾਡੇ ਨਾਲ
ਵਾਕ ਆਪਦਾ ਹੋ ਗਿਆ, ਸਫਲ ਇੰਵ ਤਤਕਾਲ
ਬਹੱਤਰ ਪੂਰੇ ਸਿੰਘ ਨੇ, ਦੋ ਭੈਣਾਂ ਦੋ ਬਾਲ
ਬਿਸ਼ਨ ਸਿੰਘ ਹਰਨਾਮ ਸਿੰਘ, ਬਾਰਾਂ ਤੇਰਾਂ ਸਾਲ
ਕੀਰਤਨ ਕਰਦੇ ਜਾ ਰਹੇ, ਸ਼ੇਰਪੁਰੇ ਦੇ ਵੱਲ
ਵੇਖ ਸਿੰਘਾਂ ਨੂੰ ਪੈ ਗਈ, ਪਿੰਡਾਂ ਵਿਚ ਤਰਥੱਲ
ਪੁੱਜੇ ਠਾਣੇ ਜਾਇ ਕੇ, ਸੂਰਜ ਅਥਵੇ ਨਾਲ
ਆਂਹਦੇ ਹੋ ਗਈ ਉੱਤਮਾਂ, ਤੇਰੀ ਪੂਰੀ ਚਾਲ
ਡੱਕੇ ਅੰਦਰ ਕਿਲ੍ਹੇ ਦੇ, ਬਾਹਰੋਂ ਤਾਲੇ ਮਾਰ
ਪੰਜ ਮਾਘ ਦੀ ਰਾਤ ਇਉਂ, ਓਥੇ ਦਈ ਗੁਜ਼ਾਰ
ਕਿਲ੍ਹੇ ਦੇ ਵਿਚਲੇ ਖੂਹ ਤੋਂ, ਸਿੰਘਾਂ ਕਰ ਇਸ਼ਨਾਨ
ਲਾਇਆ ਆਸਾਵਾਰ ਦਾ, ਅੰਤੀ ਵਾਰ ਦੀਵਾਨ
ਫ਼ੌਜ ਰਸਾਲਾ ਆ ਗਿਆ, ਸ਼ੇਰਪੁਰੇ ਪਟਲੇਸ
ਵੱਡੀ ਕੋਈ ਮੁਹਿੰਮ ਜਿਉਂ, ਸਰ ਕਰਨੀ ਸੀ ਏਸ
ਫੜ੍ਹ ਕੇ ਤੋਰੇ ਕੋਟਲੇ, ਸਿੰਘ ਗੁਰੂ ਕੇ ਲਾਲ
ਮਸਤੀ ਦੇ ਵਿਚ ਮਸਤ ਓਹ, ਬੇਪ੍ਰਵਾਹ ਕਮਾਲ
ਸਿੰਘਾਂ ਠਾਣੇਦਾਰ ਨੂੰ ਪੁਛਿਆ, ਜਾਮਨ ਦੱਸ
ਕਿਥੇ ਗੁਰੂ ਗੋਬਿੰਦ ਸਿੰਘ, ਗੁਰੂ ਗ੍ਰੰਥ ਵੀ ਬੱਸ

ਕੀਤਾ ਸੀ ਪਰਖਨ ਲਈ, ਤੇਰੇ ਤੇ ਇਤਬਾਰ
ਅਸੀਂ ਤੇ ਆ ਰਹੇ ਆਪ ਸਾਂ, ਹੋਣ ਲਈ ਗ੍ਰਿਫ਼ਤਾਰ
ਤੁਸੀਂ ਗ਼ਦਾਰੋ ਲਈਆਂ ਨੇ, ਜੜ੍ਹਾਂ ਆਪਣੀਆਂ ਕੱਟ
ਝੂਠੀਆਂ ਕਸਮਾਂ ਖਾ ਕੇ, ਆਪੇ ਲਈਆਂ ਪੱਟ
ਜਿਸ ਪਿੰਡੋਂ ਸਿੰਘ ਲੰਘਦੇ, ਮਚਦੀ ਹਾ-ਹਾ ਕਾਰ
ਲੋਕੀ ਆਖਣੋਂ ਨਾ ਰਹੇ, ਭੈੜੀ ਇਹ ਸਰਕਾਰ
ਸਿੰਘ ਨਾ ਆਏ ਕੋਟਲੇ, ਡਾਕਾ ਮਾਰਨ ਹੇਤ
ਨਾਲ ਲਿਔਂਦੇ ਬਾਲ ਕਿਉਂ, ਮਾਈਆਂ ਦੇਂਦੇ ਭੇਤ
ਵੇਖ ਨਾ ਸੱਕੇ ਸਨ ਇਹ, ਰਾਮ ਗਊਆਂ ਦਾ ਪਾਪ
ਓਨ੍ਹਾਂ ਦੀ ਰੱਖਿਆ ਲਈ, ਮਰਨ ਚੱਲੇ ਨੇ ਆਪ
ਤੋਪ ਬੰਦੂਕਾਂ ਰਹਿਕਲੇ, ਨਾਲ ਰਸਾਲੇ ਫ਼ੌਜ
ਸਿੰਘਾਂ ਨੂੰ ਪ੍ਰਵਾਹ ਨਾ, ਮਸਤ ਆਪਣੀ ਮੌਜ
ਅੰਤ ਪੁੱਜੇ ਜਾ ਕੋਟਲੇ, ਜਿਥੇ ਸੀ ਰਣ ਖੇਤ
ਫ਼ੋਜ ਰਸਾਲੇ ਪਲਟਨਾਂ, ਹੋਏ ਖੜੇ ਸੁਚੇਤ
ਭੁੱਖੇ ਧਿਆਏ ਸਫ਼ਰ ਵਿਚ, ਗੁਰੂ ਦੇ ਨੌ ਨਿਹਾਲ
ਦੁੱਖ ਕਿਸੇ ਨਾ ਪੁੱਛਿਆ, ਕਿਸੇ ਨਾ ਪੁੱਛਿਆ ਹਾਲ
ਤੋਪਾਂ ਰੱਖੀਆਂ ਤਿਆਰ ਸੀ, ਜਮਾਲਪੁਰੇ ਦੇ ਕੋਲ
ਫੂਲਕੀਆਂ ਦੀ ਮਿਸਲ ਦੇ, ਸਿੰਘਾਂ ਦੇ ਸਰਦਾਰ
ਤੋਪਾਂ[175] ਇਹ ਸਨ ਭੇਜੀਆਂ, ਹੁਕਮ ਨਾਲ ਸਰਕਾਰ
ਆਪਣੇ ਭਰਾ ਨਿਹੱਥਿਆਂ, ਨੂੰ ਮਾਰਨ ਦੇ ਹਿੱਤ
ਫੂਲਕਿਆਂ ਦੀ ਵੰਸ ਨੇ, ਇਹ ਜਿੱਤੀ ਸੀ ਜਿੱਤ
ਭੂਖੇ ਪਿਆਸੇ ਸਿੰਘ ਸਭ, ਰੱਕੜ ਵਿਚ ਖਲਿਹਾਰ
ਘੇਰਾ ਪਾਇਆ ਦੁਆਲਿਓਂ, ਫ਼ੌਜਾਂ ਬੇਸ਼ੁਮਾਰ
ਬੰਨ੍ਹ ਬਿਠਾਏ ਜ਼ਾਲਮਾਂ, ਜਿਉਂ ਗੂੰਗੇ ਹੈਵਾਨ
ਕਿਸੇ ਨਾ ਪੁੱਛੀ ਗੱਲ ਸੀ, ਕਿਸੇ ਨਾ ਲਏ ਬਿਆਨ
ਸਿੰਘਾਂ ਲਾਲੀ ਚੜ੍ਹ ਗਈ, ਵੇਖ ਸਾਹਮਣੇ ਕਾਲ

[175]ਇਹ ਤੋਪਾਂ ਅਤੇ ਫੋਜੀ ਰਸਾਲੇ, ਪੈਦਲ ਆਦਿ ਕੋਈ 750 ਸੈਨਿਕ ਨਾਭਾ, ਪਟਿਆਲਾ, ਜੀਂਦ ਅਤੇ ਮਲੇਰਕੋਟਲਾ ਰਿਅਸਤਾਂ ਨੇ ਅੰਗ੍ਰੇਜ਼ ਸਰਕਾਰ ਨੂੰ ਕੂਕਿਆਂ ਦੀ ਬਗਾਵਤ ਦਬਾਉਣ ਵਿਚ ਹਿੱਸਾ ਪਾਉਣ ਲਈ ਭੇਜੇ ਸਨ।

ਰਲ ਜੈਕਾਰਾ ਛੱਡਿਆ, ਸਤਿ ਸ੍ਰੀ ਅਕਾਲ
ਕੰਬੇ ਸੁਣ ਕੇ ਏਸ਼ੀਆ, ਕੰਬਿਆ ਇੰਗਲਸਤਾਨ
ਜੈਕਾਰਾ ਸੁਣ ਕੰਬ ਗਏ, ਸਾਰੇ ਬੇਈਮਾਨ
ਬੈਠੇ ਕੁਰਸੀ ਡਾਹ ਸੀ, ਕਾਵਨ ਉਸਦੀ ਮੇਮ
ਜਿੰਨ੍ਹਾਂ ਖੌਫ਼ ਨਾ ਰੱਬ ਦਾ, ਦਿਲ ਵਿਚ ਨਾ ਤ੍ਰਸੇਮ
ਹੱਥ ਪਿਛਾਹਾਂ ਬੰਨ੍ਹ ਕੇ, ਤੋਪ ਅਗੇ ਖਲਿਹਾਰ
ਪਿੱਠ ਮੂੰਹ ਨਾਲ ਬੰਨ੍ਹ ਕੇ, ਗੋਲਾ ਦੇਵੋ ਮਾਰ
ਬਿੱਲੇ ਦੀ ਇਹ ਗੱਲ ਸੁਣ, ਬੋਲਿਆ ਜੱਥੇਦਾਰ
ਆਵਾਂਗੇ ਅਸੀਂ ਆਪ ਹੀ, ਆਪੋ ਆਪਣੀ ਵਾਰ
ਖ਼ਬਰਦਾਰ ਜੇ ਕਿਸੇ ਆ, ਸਾਨੂੰ ਲਾਇਆ ਹੱਥ
ਅਸੀਂ ਜਾਣੀਏਂ ਮੌਤ ਨੂੰ, ਜ਼ਿੰਦਗੀਓਂ ਚੰਗੀ ਵੱਥ
ਪਿੱਠ ਨਾ ਕਰੀਏ ਤੋਪ ਵਲ, ਡਰੀਏ ਵੇਖ ਨਾ ਕਾਲ
ਹਰ ਗੋਲੇ ਨਾਲ ਬੋਲੀਏ, ਸਤਿ ਸ੍ਰੀ ਅਕਾਲ
ਸੱਧਰ ਪੂਰੀ ਹੋਣ ਨੂੰ, ਸਾਡੀ ਆ ਰਹੀ ਵਰ
ਕਿੱਦਾਂ ਦੱਸੋ ਓਸ ਵੱਲ, ਪਿੱਠ ਖਲੋਈਏ ਕਰ
ਹੱਸ ਕੇ ਲਾਈਏ ਮੌਤ ਗਲ, ਹੈ ਇਹ ਸਾਡੀ ਰੀਤ
ਸਾਡੀ ਤੇ ਇਸ ਨਾਲ ਹੈ, ਵਾਂਗ ਮਸ਼ੂਕ ਪ੍ਰੀਤ
ਜੀ ਆਇਆਂ ਨੂੰ ਆਖੀਏ, ਇਸਨੂੰ ਆਇਆ ਵੇਖ
ਏਸ ਮਿਟਾਣੀ ਕੌਮ ਦੇ, ਮੱਥਿਓਂ ਕਾਲੀ ਰੇਖ
ਡਰ ਏਸਦਾ ਉਨ੍ਹਾਂ ਜੋ, ਪਹਿਲਾਂ ਹੀ ਮਰੇ ਹੋਣ
ਜਿਹੜੇ ਹੈਨ ਅਮਰ ਫਿਰ, ਓਹ ਭਲਾ ਕਿਉਂ ਰੋਣ
ਕਾਵਨ ਜੱਥੇਦਾਰ ਦਾ, ਸੁਣਕੇ ਇਹ ਬਿਆਨ
ਕਹਿੰਦਾ ਮਾਰੋ ਸਭ ਨੂੰ, ਸੁੱਕਾ ਦਿਓ ਨਾ ਜਾਨ
ਤੋਪ ਦੇ ਨਾਲ ਉਡਾ ਧਰੋ, ਫੜ੍ਹ ਕੇ ਬਾਗ਼ੀ ਕੁੱਲ
ਹਿੰਦੀਆਂ ਦਾ ਅਸੀਂ ਪਾਈਏ, ਘੱਟ ਕੁੱਤੇ ਤੋਂ ਮੁੱਲ
ਸਾਡੇ ਅੱਗੇ ਫਿਰ ਕੋਈ, ਅੜੇ ਨਾ ਵਿਚ ਪੰਜਾਬ
ਮੇਟ ਦੇਣਗੇ ਇੰਞ ਤੇ, ਇਹ ਸਭ ਸਾਡੀ ਆਬ
ਇਹ ਖੋਹਣਾ ਸੀ ਚਾਂਹਦੇ, ਸਾਡੇ ਕੋਲੋਂ ਰਾਜ
ਰਹਿ ਸਕੀਏ ਨਾ ਅਸੀਂ ਇਉਂ, ਹੋ ਕੇ ਤੇ ਮੁਹਤਾਜ

ਮਾਫ਼ੀ ਜਿਹੜਾ ਮੰਗ ਲਏ, ਉਸ ਨੂੰ ਦਿਆਂਗੇ ਛੱਡ
ਬਾਕੀ ਸਭ ਦਾ ਅੱਜ ਹੀ, ਫਸਤਾ ਦੇਈਏ ਵੱਢ
ਲਏ ਨਾ ਕੋਈ ਭੁੱਲ ਕੇ, ਨਾਂ ਲੈਣ ਦਾ ਰਾਜ
ਹੋਕੇ ਰਹਿਣ ਗ਼ੁਲਾਮ ਸਭ, ਕਰਨ ਸਲਾਮੀ ਤਾਜ
ਅਸੀਂ ਹੋਣ ਨਾ ਦਿਆਂਗੇ, ਏਨ੍ਹਾਂ ਨੂੰ ਇੱਕ ਮੁੱਠ
ਇੰਵ ਤੇ ਸਾਡਾ ਜਾਇਗਾ, ਰੋਹਬ ਸਾਰਾ ਉੱਠ
ਦੇਣੀ ਸਜ਼ਾ ਹੈ ਉਹ ਇਨ੍ਹਾਂ, ਦਏ ਰੀਕਾਰਡ ਤੋੜ
ਕਰੇ ਬਗਾਵਤ ਨਾ ਕੋਈ, ਸਭਨਾਂ ਦੇਈਏ ਹੋੜ
ਇਹ ਬ੍ਰਿਟਿਸ਼ ਕਾਨੂੰਨ ਨੂੰ, ਕੀ ਰੱਖਣਗੇ ਯਾਦ
ਹੁੱਬਲ-ਵਤਨੀ ਦਾ ਇਨ੍ਹਾਂ, ਦਿਆਂ ਚਖਾ ਸਵਾਦ
ਕਰਨਾ ਨਹੀਂ ਮੁਕੱਦਮਾ, ਕਰਨੀ ਨਹੀਂ ਤਫ਼ਤੀਸ
ਚੰਗੇਜ਼, ਹਲਾਕੂ ਖਾਨ ਦੀ, ਮੈਂ ਹੈ ਕਰਨੀ ਰੀਸ
ਲਏ ਬਗਾਵਤ ਦਾ ਕੋਈ, ਫੇਰ ਨਾ ਭੁੱਲ ਕੇ ਨਾਂ
ਇਸ ਰੱਕੜ ਵਿਚ ਖ਼ੂੰਨ ਦੀ, ਦੇਣੀ ਨਦੀ ਬਹਾ
ਪਵਾਂ ਨਾ ਝਗੜੇ ਏਸ ਵਿਚ, ਬੇ-ਕਾਨੂੰਨ ਇਨਸਾਫ
ਮੇਰਾ ਹੁਕਮ ਕਨੂੰਨ ਹੈ, ਇਹ ਕਰ ਦੇਵਾਂ ਸਾਫ
ਮੇਰੇ ਪਿੱਛੇ ਹੈ ਖੜੀ, ਆਲ ਬ੍ਰਿਟਿਸ਼ ਐਮਪੈਰ
ਫੇਰ ਗੁਜਾਰਾਂ ਮੈਂ ਭਲਾ, ਦੱਸੋ ਕਿੱਦਾਂ ਖੈਰ ?
ਮੈਂ ਕੋਈ ਰਾਜਾ ਹਾਂ ਨਹੀਂ, ਮੈਂ ਹਾਂ ਸ਼ਾਹਿਨਸ਼ਾਹ
ਮੇਰੇ ਵਿਚ ਮੁਕਾਬਲੇ, ਕੋਈ ਨਾ ਬਾਦਸ਼ਾਹ
ਏਸ ਦੇਸ ਦਾ ਮੈਂ ਹਾਂ, ਸਭ ਕੁਝ ਆਲਨ-ਆਲ
ਰਾਜਾ ਕਰਾਂ ਕੰਗਾਲ ਨੂੰ, ਰਾਜਿਓਂ ਕਰਾਂ ਕੰਗਾਲ
ਇਸ ਕੱਲਰ ਨੂੰ ਅੱਜ ਮੈਂ, ਖ਼ੂੰਨ ਨਾਲ ਦਿਆਂ ਸਿੰਜ
ਪਾਣੀ ਥਾਂ ਬਹਾ ਦਿਆਂ, ਨਦੀ ਬਾਗੀਆਂ ਮਿੰਜ
ਤੋਪ ਬੰਦੂਕਾਂ ਪਲਟਨਾਂ, ਪੈਦਲ ਤੇ ਅਸਵਾਰ
ਸਿੰਘਾਂ ਦੇ ਦੁਆਲੇ ਕਰੇ, 'ਕੱਠੇ ਦੇਸ਼ ਗਦਾਰ
ਵੇਖ ਇਸ਼ਾਰਾ ਅੱਖ ਦਾ, ਰਾਜਿਆਂ ਦੇ ਗੁਲਾਮ
ਕਾਵਨ ਨੂੰ ਗੱਲ-ਗੱਲ ਵਿਚ, ਨਿਉਂ ਨਿਉਂ ਕਰਨ ਸਲਾਮ
ਸੂਰਤ ਸ਼ਕਲੋਂ ਜਿਨ੍ਹਾਂ ਦੀ, ਸਿੱਖਾਂ ਵਾਲੀ ਢਾਲ

ਪਰ ਨਹੀਂ ਸਿੱਖੀ ਚਲਨ ਦਾ, ਦਿਲ ਵਿਚ ਜ਼ਰਾ ਖ਼ਿਆਲ
ਕਾਵਨ ਦਿਤਾ ਹੁਕਮ ਸੀ, ਸਭ ਕੁਝ ਕਰੋ ਤਿਆਰ
ਦਾਰੂ ਸਿੱਕਾ ਪਾਇਕੇ, ਲਾਵੋ ਸ਼ਿਸਤ ਵਿਚਾਰ
ਪਿੱਠ ਪਿਛਾੜੀ ਖੜ੍ਹੇ ਕਰ, ਬੰਨ੍ਹੋ ਤੋਪਾਂ ਨਾਲ
ਉਡਦੇ ਵਿਚ ਅਕਾਸ਼ ਦੇ, ਵੇਖਾਂ ਅੱਖਾਂ ਨਾਲ
ਬੰਨ੍ਹ-ਬੰਨ੍ਹ ਤੋਪਾਂ ਨਾਲ ਇਉਂ, ਸਭ ਨੂੰ ਦਿਓ ਉਡਾ
ਬੋਟੀ-ਬੋਟੀ ਜੁਦਾ ਕਰ, ਦੇਵੋ ਧਰਤਿ ਖਿੰਡਾ
ਸਿੰਘ ਮਸਤੀ ਵਿਚ ਗਾ ਰਹੇ, ਅਪਣੇ ਵਤਨ ਦੇ ਗੀਤ
ਕੀ ਹੋਵੇ ਕੀ ਹੋ ਰਿਹਾ, ਜਿਨ੍ਹਾਂ ਦੇ ਚਿੱਤ ਨਾ ਚੀਤ
ਸਿੱਖ ਗੁਲਾਮਾਂ ਸੁਣ ਕਿਹਾ, "ਹੇ ਸਾਹਿਬ ਮਹਾਰਾਜ"
ਆਲ ਰਾਈਟ ਤਿਆਰ ਕਰ, ਅਸੀਂ ਲਿਆਏ ਸਾਜ
ਬੱਸ ਆਪ ਦੇ ਹੁਕਮ ਦੀ, ਹੈ ਕੇਵਲ ਹੁਣ ਦੇਰ
ਦਾਗ਼ ਪਲੀਤਾ ਦੇਵੀਏ, ਹੁਕਮ ਕਰੋ ਇੱਕ ਵੇਰ
ਕਾਵਨ ਦੀ ਤੇ ਉਨ੍ਹਾਂ ਦੀ, ਗੱਲ ਸੁਣੀ ਸਰਦਾਰ
ਅੱਗੋਂ ਓਨ੍ਹਾਂ ਆਖਿਆ, ਸਭਨਾਂ ਨੂੰ ਲਲਕਾਰ
"ਅਸੀਂ ਕੱਫਣ ਬੰਨ੍ਹ ਕੇ ਸਿਰਾਂ ਤੇ, ਫਿਰ ਆਏ ਹਾਂ ਵਿਚ ਮੈਦਾਨ
ਸਮਝੀਏ ਨਾ ਅਸੀਂ ਧਰਮ ਤੋਂ, ਇਹ ਪਿਆਰੀ ਜਾਨ
ਅਸੀਂ ਸਿਰ ਦਈਏ ਪਰ ਸਿਰੜ ਨੂੰ, ਕਦੀ ਨਾ ਦਈਏ ਜਾਣ
ਅਸੀਂ ਗਊ ਗਰੀਬਾਂ ਦੇ ਲਈ, ਚੱਲ ਹੋਣ ਆਏ ਕੁਰਬਾਨ
ਅਸੀਂ ਦੇਸ ਦੀ ਇੱਜ਼ਤ ਵਾਸਤੇ, ਏਥੇ ਆਏ ਸਾਂ ਮਰਨ ਮਰਾਨ
ਤੁਸੀਂ ਮਾਰਨ ਲਈ ਨਿਹੱਥਿਆਂ, ਚੜ੍ਹ ਆਏ ਲੈ ਸਾਜ ਸਾਮਾਨ
ਤੁਸੀਂ ਤੋਪਾਂ ਇਸ ਲਈ ਆਂਦੀਆਂ, ਲੋਕੀਂ ਵੇਖ ਇਨ੍ਹਾਂ ਡਰ ਜਾਨ
ਅਸੀਂ ਛਾਤੀ ਤਾਣ ਖਲੋਵੀਏ, ਤੁਸੀਂ ਮਾਰੋ ਬੰਨ੍ਹ ਨਿਸ਼ਾਨ
ਅਸੀਂ ਮੌਤ ਨਾਲ ਗਲਵੱਕੜੀ, ਹਾਂ ਏਥੇ ਆਏ ਪਾਨ
ਤੁਹਾਨੂੰ ਪਾਪ ਤੁਹਾਡੇ ਮਾਰਨਾ, ਸਾਡੇ ਦਿਲ ਨਾ ਸ਼ਾਨ ਗੁਮਾਨ
ਅਸੀਂ ਮਰੀਏ ਖ਼ਾਤਰ ਕੌਮ ਦੀ, ਇਹ ਸਾਡਾ ਧਰਮ ਈਮਾਨ
ਅਸੀਂ ਪਿੱਠ ਨਾ ਕਰਨੀ ਮੌਤ ਵਲ, ਸਾਡੀ ਸਭ ਤੋਂ ਉੱਚੀ ਸ਼ਾਨ
ਅਸੀਂ ਗੋਰੇ ਕੱਢਣੇ ਦੇਸ਼ ਚੋਂ, ਬਣ ਬੈਠੇ ਜੋ ਪਰਧਾਨ
ਅੱਗ ਲੈਣ ਆਈ ਘਰ ਸਾਂਭਿਆ, ਢੁਕੇ ਜਿੰਨ੍ਹਾਂ ਤੇ ਇਹ ਅਖਾਣ

ਅਸੀਂ ਆਪਣਾ ਘਰ ਸੰਭਾਲਣਾ, ਨਹੀਂ ਹੋਣ ਦੇਣਾ ਵੀਰਾਨ
ਚੰਗਾ ਕਰੋ ਜੇ ਤੁਰ ਜਾਓ ਆਪ ਹੀ, ਨਹੀਂ ਤੇ ਫੇਰ ਹੋਵੋ ਪਸ਼ੇਮਾਨ
ਓਇ ! ਬਿੱਲਿਆ ! ਸਾਡੇ ਦੇਸ਼ ਦੀ, ਤੁਸੀਂ ਮਾਰੀ ਹੈ ਸਾਰੀ ਸ਼ਾਨ
ਜਿੰਨ੍ਹਾਂ ਆਸਰੇ ਜੀਉਂਦਾ ਦੇਸ਼ ਹੈ, ਲੱਗੇ ਗਾਈਆਂ ਮਾਰ ਮੁਕਾਨ
ਜੇ ਢੱਗੇ ਨਾ ਮਿਲਣ ਕਿਸਾਨ ਨੂੰ, ਓਦ੍ਹੀ ਕਿਵੇਂ ਤੁਰੂ ਗੁਜਰਾਨ
ਕਿੱਥੋਂ ਤਾਰੂ ਤੁਹਾਡੇ ਮਾਮਲੇ, ਕਿਵੇਂ ਤੁਹਾਡੀ ਦੇਊ ਮਕਾਣ
ਅਸੀਂ ਅਰਜ਼ੀਆਂ ਪਾ-ਪਾ ਥੱਕ ਗਏ, ਤੁਸੀਂ ਕੀਤਾ ਨਾ ਜ਼ਰਾ ਧਿਆਨ
ਇਕ ਵਾਰ ਵੀ ਬੁੱਚੜ ਤਲਬ ਨਾ, ਤੁਸੀਂ ਲਏ ਸੀ ਉਨ੍ਹਾਂ ਦੇ ਬਿਆਨ
ਤੁਹਾਡੀ ਭਿਆਲੀ ਨਾਲ ਹੈ ਉਨ੍ਹਾਂ ਦੇ, ਸਾਨੂੰ ਇਹ ਹੋ ਗਿਆ ਹੈ ਗਿਆਨ
ਇਹ ਗੁਲਾਮੀ ਲਾਹਨਤ ਕੱਢਣੀ, ਅਸੀਂ ਕੀਤਾ ਹੈ ਪ੍ਰਣ ਮਹਾਨ
ਅਸੀਂ ਮਰਨੋਂ ਡਰਦੇ ਨਹੀਂ ਹਾਂ, ਸਾਡੇ ਦਿਲ ਵਿਚ ਭਰਿਆ ਚਾ
ਹੈ ਨੌਂ ਮਹੀਨੇ ਦੇਰ ਫੇਰ ਝਬ, ਮੁੜ ਕੇ ਜਾਈਏ ਆ
ਅਸੀਂ ਨਾਅਰਾ ਜੇਹਾ ਮਾਰੀਏ, ਜੋ ਦਏਗਾ ਵਲੈਤ ਕੰਬਾ
ਕੀ ਆਖੇਂ ਅਸੀਂ ਖਲੋਵੀਏ, ਅੱਗੇ ਤੋਪ ਦੇ ਕੰਡ ਭੁਆ
ਕਿਉਂਕਿ ਗੋਲਾ ਲੱਗਣ ਤੋਂ ਡਰਦਿਆਂ, ਸੱਜੇ ਖੱਬੇ ਨਾ ਹੋਈਏ ਜਾ
ਤਹਾਡਾ ਵਾਰ ਨਾ ਖਾਲੀ ਜਾਇਗਾ, ਇਹ ਵੀ ਵੇਖ ਲਓ ਪਰਤਾ
ਓਇ ਗੀਦੀਓ ! ਤੁਸੀਂ ਨਾ ਜਾਣਦੇ, ਸਾਡੀ ਸਧਰ ਰਹੀ ਵਰ ਆ
ਅਸੀਂ ਕਰੀਏ ਸੁਆਗਤ ਕਾਲ ਦਾ, ਕਹੀਏ 'ਜੀ ਆਇਆਂ' ਆ-ਆ
ਅਸੀਂ ਛਾਤੀ ਤਾਣ ਖਲੋਵੀਏ, ਤੁਸੀਂ ਦੇਣੀ ਜੇ ਤੋਪ ਚਲਾ
ਸਾਡੀ ਬੋਟੀ-ਬੋਟੀ ਕੱਟ ਕੇ, ਦੇਣੀ ਕੱਲਰ ਏਸ ਖਿੰਡਾ
ਸਾਡੇ ਖੂਨ ਚੋਂ ਪੈਦਾ ਹੋਣ ਓਹ, ਤੁਹਾਡਾ ਤਖਤਾ ਜੋ ਦੇਣ ਉਲਟਾ
ਲੋਕੀ ਆਂਹਦੇ ਨੇ ਕੱਲਰ ਨਾ ਜੰਮਦੇ, ਅਸੀਂ ਦੇਣੇ ਨੇ ਕੌਲ ਉਗਾ
ਤੁਸੀਂ ਨਵਾਂ ਤਜਰਬਾ ਕਰਕੇ ਇਹ ਵੀ, ਲਾਹ ਲਓ ਦਿਲ ਦਾ ਚਾ
ਸਾਡੀ ਕਰਨੀ ਨਾ ਭੰਗ ਪਵਿਤ੍ਰਤਾ, ਹੁਣ ਅੰਤ ਸਮੇਂ ਵਿਚ ਆ
ਸਾਡੇ ਨੇੜੇ ਕੋਈ ਨਾ ਲੱਗੇ ਭਾਵੇਂ, ਸਿੱਖ ਹਿੰਦੂ ਮੁਸਲਮਾਂ
ਸਾਡੀ ਕਰਨੀ ਨਾ ਕੋਈ ਅੰਤੇਸ਼ਟੀ, ਖਾਣ ਕੁੱਤੇ ਭਾਵੇਂ ਕਾਂ
ਕੋਈ ਪੁੱਛੇ ਇਹ ਸਨ ਕੌਣ ਜੋ, ਗਏ ਏਥੇ ਨੀ ਮਰ ਮਰਾ
ਕਹਿਣਾ ਸਾਡੇ ਬਾਗ਼ੀ ਇਹ ਸਨ, ਇਨ੍ਹਾਂ ਮੰਨਿਆ ਗੁਰੂ ਖੁਦਾ
ਏਨ੍ਹਾਂ ਮੰਨੀ ਨਾ ਈਨ ਅੰਗ੍ਰੇਜ਼ ਦੀ, ਇਹ ਹੈਸਨ ਬੇ ਪਰਵਾਹ

ਏਨ੍ਹਾਂ ਕਿਹਾ ਨਾ ਸਾਡਾ ਮੰਨਿਆ, ਇਹ ਤੁਰਦੇ ਸੀ ਅਪਣੇ ਰਾਹ
ਇਸ ਗੱਲੋਂ ਉਡੇ ਇਹ ਤੋਪ ਨਾਲ, ਅਸੀਂ ਦਿੱਤਾ ਏ ਮਜ਼ਾ ਚਖਾ
ਜੇ ਆਏ ਬਾਜ ਨਾ ਅਜੇ ਵੀ, ਦਈਏ ਹੋਰ ਸੁਆਦ ਵਿਖਾ
ਸਾਨੂੰ ਡਰ ਨਹੀਂ ਮੌਤ ਦਾ, ਨਹੀਂ ਪਿਆਰੀ ਜਾਨ
ਕਰੋ ਇਸ਼ਾਰਾ ਜਦ ਤੁਸੀਂ, ਆਈਏ ਛਾਤੀ ਤਾਨ
ਅਸੀਂ ਖਲੋ ਨਾ ਸੱਕੀਏ, ਤੋਪ ਵੱਲ ਕਰ ਪਿੱਠ
ਸਿੱਧੇ ਮੱਥੇ ਮਰਾਂਗੇ, ਮਰਦਾਂ ਵਾਂਗਰ ਨਿੱਠ
ਓਹ ਹੁੰਦੇ ਕੋਈ ਹੋਰ ਜੋ, ਮੌਤ ਵੇਖ ਡਰ ਜਾਨ
ਮਰੀਏ ਹੱਸਦੇ ਹੱਸਦੇ, ਸਾਬਤ ਰੱਖ ਈਮਾਨ
ਸਾਡੇ ਦਿਲ ਵਿਚ ਰੜਕਦਾ, ਇਹ ਵਿਦੇਸ਼ੀ ਰਾਜ
ਪੈਰਾਂ ਹੇਠ ਲਤਾੜੀਏ, ਮਲਕਾਂ ਸਿਰ ਦਾ ਤਾਜ
ਕੋਈ ਵਿਦੇਸ਼ੀ ਮੰਨਣਾਂ, ਅਸੀਂ ਨਾ ਹੁਕਮਰਾਨ
ਦੇਸ ਅਜ਼ਾਦ ਕਰਾਣ ਨੂੰ, ਦੇਣੇ ਵਾਰ ਪ੍ਰਾਨ
ਸਾਡੇ ਵੱਲੋਂ ਬੇਫ਼ਿਕਰ ਹੋ, ਤੋਪਾਂ ਕਰੋ ਤਿਆਰ
ਅੱਗੇ ਆਣ ਖਲੋਵੀਏ, ਆਪੋ ਅਪਣੀ ਵਾਰ
ਹੋਣਾਂ ਨਹੀਂ ਨਿਸ਼ਾਨਿਓਂ, ਅਸੀਂ ਨਾ ਲਾਂਭੇ ਮੂਲ
ਦੇਸ ਅਜ਼ਾਦੀ ਵਾਸਤੇ, ਜਾਨ ਦੇਵਣੀ ਹੂਲ
ਅੰਗ ਸੰਗ ਸਾਡੇ ਸਤਿਗੁਰੂ, ਗੁਰੂ ਗ੍ਰੀਬ ਨਿਵਾਜ
ਦਰਸ਼ਨ ਸਾਨੂੰ ਦੇ ਰਹੇ, ਸਿੱਖੀ ਦੇ ਸਿਰਤਾਜ
ਬਾਰਾਂ ਸਤਿਗੁਰੂ ਆਏ ਨੇ, ਲੱਗਾ ਹੋਇਆ ਦੀਵਾਨ
ਦੂਜੀ ਕੋਈ ਅੱਖ ਨਾ, ਸੱਕੇ ਵੇਖ ਪਛਾਨ
ਮਾਈ ਸ੍ਰੀ ਇੰਦ ਕੌਰ ਨੇ, ਦੱਸੀ ਸੀ ਇਹ ਬਾਤ
ਬਾਬਾ ਕਾਹਲਾ ਸਿੰਘ ਨੇ, ਇਉਂ ਕੀਤੀ ਬਖਿਆਤ

"ਸਤਿਗੁਰਾਂ ਆਣ ਸ਼ਹੀਦਾਂ ਨੂੰ ਦਰਸ ਦਿਤਾ,
ਮੰਗ ਸਿੰਘਾਂ ਦੀ ਪੂਰੀ ਕਰਾ ਦਿਤੀ
ਆਣ ਲਾਇਆ ਦੀਵਾਨ ਮੈਦਾਨ ਅੰਦਰ,
ਗੂੰਜ ਸਤਿਗੁਰਾਂ ਸ਼ਬਦ ਦੀ ਪਾ ਦਿਤੀ
ਆਣ ਖਾਲਸੇ ਨੂੰ ਉਪਦੇਸ਼ ਦਿਤਾ, ਥੋਡੀ ਮੰਗ ਅਕਾਲ ਪੁਜਾ ਦਿਤੀ

ਦੁੱਖ ਪੀੜ ਭੈ ਮੌਤ ਤੋਂ ਬਰੀ ਹੋਏ, ਬਖਸ਼ ਸਿਦਕ ਅਡੋਲਤਾ ਪਾ ਦਿਤੀ
ਸਾਡੇ ਵਿਚ ਛੇਤੀ ਮਿਲੋ ਆਣ ਸਿੰਘੋ, ਲਵੋ ਤੋਪ ਦਾ ਰ ਰ ਰ ਸੁਣਾ ਦਿਤੀ
ਸਿੰਘ ਗੱਜ ਜੈਕਾਰੇ ਗਜੌਣ ਲੱਗੇ, ਚੌਦਾਂ ਤਬਕ ਜ਼ਿਮੀਨ ਹਲਾ ਦਿਤੀ
ਭਾਰਾ ਦੇਖ ਪ੍ਰੇਮ ਪ੍ਰੇਮੀਆਂ ਦਾ, ਗੁਰਾਂ ਆਪਣੀ ਹਾਜ਼ਰੀ ਪਾ ਦਿਤੀ
ਮਾਈ ਇੰਦ ਕੌਰ ਦੱਸਿਆ ਹਾਲ ਸਾਰਾ,
ਕਾਹਲਾ ਸਿੰਘ ਮੈਂ ਕਥਾ ਸੁਣਾ ਦਿਤੀ। ”

(ਪੰਥ ਪ੍ਰਕਾਸ਼ ਕਾਹਲਾ ਸਿੰਘ)



ਕਾਵਨ ਸੁਣ ਕੇ ਆਖਿਆ, ਤੋਪਾਂ ਹੈਨ ਤਿਆਰ
ਅੱਗੇ ਆਣ ਖੜੋ ਜਾਓ, ਆਪੋ ਆਪਣੀ ਵਾਰ
ਸਿੰਘਾਂ ਅੰਤਮ ਸਮੇਂ ਰਲ, ਫਿਰ ਕੀਤੀ ਅਰਦਾਸ
ਸਤਿਗੁਰੂ ਸਾਨੂੰ ਬਖਸ਼ਣਾ, ਚਰਨਾਂ ਵਿਚ ਨਿਵਾਸ
ਅੰਗ ਸੰਗ ਰਹਿਣਾਂ ਹਰ ਸਮੇਂ, ਸਤਿਗੁਰ ਦੀਨ ਦਿਆਲ
ਰੱਖਿਆ ਕਰਨੀ ਪੰਥ ਦੀ, ਹਰ ਥਾਂ ਸ੍ਰੀ ਅਕਾਲ
ਜਲਦੀ ਮੁੜਕੇ ਭੇਜਣਾ, ਗੁਰੂ ਗ਼ਰੀਬ ਨਿਵਾਜ
ਲਈਏ ਆਣ ਨਿਬੇੜ ਜੋ, ਬਾਕੀ ਬਚਿਆ ਕਾਜ
ਨਿਰਭੈ ਹੋ ਗਊਆਂ ਫਿਰਨ, ਹੋਣ ਗ਼ਰੀਬ ਖੁਸ਼ਹਾਲ
ਘਾਟਾ ਰਹੇ ਨ ਅੰਨ ਦਾ, ਕਦੀ ਨਾ ਆਵੇ ਕਾਲ
ਗੋਰੇ ਕਢ ਕੇ ਦੇਸ਼ 'ਚੋਂ, ਆਪਣਾ ਲਈਏ ਰਾਜ
ਆਪਣੇ ਦੇਸ ਨਾ ਵੱਸੀਏ, ਹੋ ਗ਼ੈਰਾਂ ਮੁਹਤਾਜ
ਗੱਭਰੂ ਸਾਡੇ ਦੇਸ ਦੇ, ਫਿਰਨ ਛਾਤੀਆਂ ਤਾਣ
ਇਹ ਵੀ ਕਰ ਸੱਕਣ ਕਦੀ, ਦੇਸ਼ ਕੌਮ ਤੇ ਮਾਣ
ਜੋ ਰਹੇ ਅੱਜ ਵਿਦੇਸ਼ੀਆਂ, ਦੇ ਪੈਰਾਂ ਵਿਚ ਰੁੱਲ
ਪਾਂਦੇ ਗੋਰੇ ਇਨ੍ਹਾਂ ਦਾ, ਘੱਟ ਕੁੱਤੇ ਤੋਂ ਮੁੱਲ
ਸੁਣਿਆ, ਲਿਖਿਆ ਗੋਰਿਆਂ, ਕਈ ਥਾਂਈਂ ਏ ਖ਼ਾਸ
ਹਿੰਦੁਸਤਾਨੀ ਤੇ ਕੁੱਤਾ, ਆਇ ਨਾ ਏਸ ਅਵਾਸ
ਜਰੇ ਨਾ ਸਾਥੋਂ ਜਾਂਵਦੇ, ਗੋਰਿਆਂ ਦੇ ਇਹ ਕੌਲ
ਗੱਲਾਂ ਸੁਣ ਅਜੇਹੀਆਂ, ਉਠਦਾ ਖ਼ੂਨ ਹੈ ਖੌਲ
ਤੁਸੀਂ ਕਿਹਾ ਪਟਲੇਸ ਨੂੰ, ਤੇਰਾ ਮੇਰਾ ਘਰ[176]
ਪਤਾ ਤੇ ਲਓ ਓਹ ਘਰ ਅੱਜ, ਕੀ ਰਿਹਾ ਹੈ ਕਰ
ਭਾਈਆਂ ਤੋਂ ਮੂੰਹ ਮੋੜ ਕੇ, ਮੰਨੀ ਗ਼ੈਰਾਂ ਈਨ
ਤੁਹਾਡਾ ਘਰ ਮਲੇਛ ਦੇ, ਹੋਇਆ ਅੱਜ ਅਧੀਨ
ਆਪਣੇ ਘਰ ਦੀ ਕੀ ਤੁਸੀਂ, ਨਹੀਂ ਲਓਗੇ ਸਾਰ

[176] ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮਹਾਰਾਜਾ ਆਲਾ ਸਿੰਘ ਪਟਿਆਲਾ ਰਿਆਸਤ ਦੇ ਬਾਨੀ ਦੇ ਪਿਤਾ ਭਾਈ ਰਾਮ ਸਿੰਘ ਅਤੇ ਉਸਦੇ ਭਾਈ ਤ੍ਰਿਲੋਕ ਸਿੰਘ ਨੂੰ, 2 ਭਾਦਰੋਂ 1753 ਬਿ. ਨੂੰ ਜੋ ਹੁਕਮਨਾਮਾ ਬਖਸ਼ਿਆ ਸੀ, ਉਸ ਵਿਚ ਲਿਖਿਆ ਸੀ, "ਤੇਰਾ ਘਰੁ ਮੇਰਾ ਅਸੈ" - (ਮਹਾਨ ਕੋਸ਼-ਭਾਈ ਕਾਹਨ ਸਿੰਘ- ਛਾਪ 5ਵੀਂ 1990 ਈ., ਸਫਾ- 592)

ਵੇਖੋ ਨਾ ਜ਼ਰਾ ਆਣ ਕੇ, ਵਗੀ ਜੋ ਰੱਬ ਦੀ ਮਾਰ
ਜਾਂ ਗੋਰੇ ਜਾਂ ਅਨਮਤੀ, ਉਸ ਘਰ ਨੇ ਪਰਧਾਨ
ਸਮਝਣ ਇਸ ਨੂੰ ਆਪਣੀ, ਇਹ ਉਚੇਰੀ ਸ਼ਾਨ
ਗੁਰੂ ਬਾਣੀ ਗੁਰੂ ਸ਼ਬਦ ਦਾ, ਜਿੱਥੇ ਸਦਾ ਨਿਵਾਸ
ਉਸੇ ਘਰ ਦੇ ਵਿੱਚ ਅੱਜ, ਕੰਜਰਾਂ ਦਾ ਹੈ ਵਾਸ
ਤੋਪ ਰਸਾਲੇ ਪਲਟਨਾਂ, ਲੈ ਸਾਡੇ ਤੇ ਚੜ੍ਹ
ਮਾਰਨ ਆਏ ਇਹ ਅਸਾਂ, ਨਾਲ ਧੋਖੇ ਦੇ ਫੜ੍ਹ
ਪੁੱਛੋ ਆ ਕੇ ਇਨ੍ਹਾਂ ਦਾ, ਹੋਇਆ ਕੀ ਵਿਗਾੜ
ਕੀੜੀ ਉਤੇ ਕਟਕ ਕਿਉਂ, ਇਨ੍ਹਾਂ ਲਿਆਂਦਾ ਚਾੜ੍ਹ
ਰੱਖਿਆ ਗਊ ਗ਼ਰੀਬ ਦੀ, ਕੀ ਇਹ ਭੈੜਾ ਕੰਮ
ਏਸ ਗੱਲੋਂ ਇਹ ਆਏ ਨੇ, ਸਾਡਾ ਚੇੜਨ ਚੰਮ
ਜਾਂ ਸਮਝਾਓ ਇਨ੍ਹਾਂ ਨੂੰ, ਨਹੀਂ ਲਓ ਵਾਪਸ ਵਰ
ਆ ਕੇ ਤੇ ਵੇਖੋ ਜ਼ਰਾ, ਇਹ ਕੀ ਰਹੇ ਨੇ ਕਰ

ਰਹਿਤ ਬਹਿਤ ਮਰਯਾਦ ਜੋ, ਏਹਨਾਂ ਛੱਡੀ ਤਿਆਗ
ਨਕਲ ਕਰਨ ਅੰਗਰੇਜ਼ ਦੀ, ਧੰਨ ਸਮਝ ਕੇ ਭਾਗ
ਹੁਣ ਵੀ ਜੇ ਨਾ ਆਣ ਕੇ, ਲਓ ਇਨ੍ਹਾਂ ਦੀ ਸਾਰ
ਗੁਰਮਤ ਨੂੰ ਇਹ ਦੇਣਗੇ, ਕਰ ਸਮੁੰਦਰੋਂ ਪਾਰ
ਇਹਨਾਂ ਕਰਨਾ ਆਪਣਾ, ਕ੍ਰਿਸਤਾਨੀਆਂ ਜਿਉਂ ਵੇਸ
ਸਿਰ ਤੇ ਰਹਿਣ ਨਾ ਇਨ੍ਹਾਂ ਦੇ, ਇਹ ਪਵਿੱਤ੍ਰ ਕੇਸ
ਸਿੱਖ ਬਾਦਸ਼ਾਹਤ ਛੱਡ ਇਹ, ਹੋਏ ਗ਼ੁਲਾਮ ਅੰਗਰੇਜ਼
ਪੁੱਛੋ ਏਹਨਾਂ ਨੂੰ ਭਲਾ, ਕਿਧਰੋਂ ਚੜ੍ਹਿਆ ਹੇਜ
ਦੂਹਰੇ ਪੱਗੜ ਬੰਨ੍ਹ ਇਹ, ਕਰਨ ਅਸਾਂ ਤੇ ਵਾਰ
ਤੋਪਾਂ ਲਿਆਏ ਇਹ ਨੇ, ਸਾਨੂੰ ਦੇਣ ਜੋ ਮਾਰ
ਜਿਸ ਕਰ ਕੇ ਇਹ ਲਿਆਏ ਨੇ, ਤੋਪਾਂ ਮਾਰਨ ਹੇਤ
ਓਸ ਗੱਲੇ ਅਜ ਇਨ੍ਹਾਂ ਨੂੰ, ਦੇਈਏ ਕਰ ਸੁਚੇਤ
ਇਹ ਨਹੀਂ ਕਰ ਸੱਕਣਗੇ, ਏਥੇ ਏਕਣ ਰਾਜ
ਲੋਕਾਂ ਪਾ ਦੇਣੀ ਇਨ੍ਹਾਂ, ਇਕ ਦਿਨ ਏਥੋਂ ਭਾਜ
ਆਇਆ ਸਤਿਗੁਰ ਰਾਮ ਸਿੰਘ, ਦੂਲਾ ਧਰ ਅਵਤਾਰ

ਮੂਲ ਉਖਾੜੇ ਰਾਜਿਆਂ, ਸੁਣ ਲਓ ਨਿਸਚਾ ਧਾਰ
ਸਤਿਗੁਰ ਜੀ ਕਰ ਦੇਣਗੇ, ਇਕ ਦਿਨ ਦੇਸ ਆਜ਼ਾਦ
ਇਹ ਖੁੱਲ੍ਹੇ ਅਸਮਾਨ ਵਿਚ, ਕਰ ਸੱਕੇ ਪਰਵਾਜ਼
ਅੰਤ ਸਮੇਂ ਦੀ ਸਤਿਗੁਰੋ, ਸਾਡੀ ਹੈ ਇਹ ਮੰਗ
ਕੌਮ ਦੇ ਸਿਰੋਂ ਉਤਾਰਨਾ, ਇਹ ਗ਼ੁਲਾਮੀ ਰੰਗ
ਮੰਗ ਅਜ਼ਾਦੀ ਮੰਗ ਕੇ, ਸਮਾਪਤ ਕਰ ਅਰਦਾਸ
ਛੱਡ ਜੈਕਾਰਾ ਆ ਗਏ, ਸਿੱਧੇ ਤੋਪਾਂ ਪਾਸ
ਛਾਤੀ ਤਾਣ ਖਲੋ ਗਏ ਦੋਏ ਜਥੇਦਾਰ
ਭਾਰਤ ਮਾਂ ਦੇ ਲਾਡਲੇ, ਦੇਸ਼ ਭਗਤ ਸਰਦਾਰ
ਸਤਿ ਸ੍ਰੀ ਅਕਾਲ ਦਾ, ਛੱਡ ਜੈਕਾਰਾ ਜੋਰ
ਤੋਪਾਂ ਅਗੇ ਆ ਗਏ, ਦੂਜੇ ਸਿੰਘ ਵੀ ਹੋਰ
ਪਹਿਲਾਂ ਹੀਰਾ ਸਿੰਘ ਤੇ, ਲਾਇਆ ਨਿਸ਼ਾਨਾ ਸੇਧ
ਗੋਲਾ ਚੱਲ ਨਾ ਸੱਕਿਆ, ਗਈ ਪਲੀਤਾ ਵੇਧ
ਤ੍ਰੈ ਵਾਰੀ ਹੀ ਤੋਪ ਇੰਞ, ਗਈ ਪਲੀਤਾ ਚੱਟ
ਹੋਇਆ ਬਹੁਤ ਹੈਰਾਨ ਸੀ, ਵੇਖਣ ਵਾਲਾ 'ਕੱਠ
ਗਰਜ ਕਿਹਾ ਸਰਦਾਰ ਨੇ, ਬੱਸ! ਲਾ ਲਿਆ ਜੋਰ ?
ਤੁਹਾਨੂੰ ਹੁਣ ਇਨਸਾਫ਼ ਨਾ, ਦਏ ਇਜਾਜ਼ਤ ਹੋਰ
ਤ੍ਰੈ ਵਾਰੀ ਚੱਟ ਜਾਇ ਜੇ, ਤੋਪ ਪਲੀਤਾ ਸਾਫ਼
ਤੋਪ ਚਲਾਂਦੇ ਨਹੀਂ ਫਿਰ, ਇਹ ਹੈਗਾ ਇਨਸਾਫ਼
ਏਨ੍ਹਾਂ ਦੇ ਇਖ਼ਲਾਕ ਦਾ, ਅਸੀਂ ਦਿਵਾਲਾ ਕੱਢ
ਦੇਣਾਂ ਸਣੇ ਕਾਨੂੰਨ ਦੇ, ਵਿਚ ਜ਼ਮੀਨ ਦੇ ਗੱਡ
ਚੌਥੀ ਵਾਰ ਚਲਾ ਲਓ, ਤੋਪ ਕਿਹਾ ਸਰਦਾਰ
ਹੁਣ ਚੱਲੇ ਜ਼ਰੂਰ ਇਹ, ਹੁਕਮ ਗੁਰੂ ਕਰਤਾਰ
ਗੋਰੇ ਕਰਨ ਨਾ ਜਾਣਦੇ, ਈਮਾਨੀ ਇਨਸਾਫ
ਬੇਕਨੂੰਨੀ ਬੇਈਮਾਨਗੀ, ਸਭ ਏਨ੍ਹਾਂ ਨੂੰ ਮਾਫ਼
ਗੋਲਾ ਮਾਰ ਉਡਾਇਆ, ਸਿੰਘਾਂ ਦਾ ਅੰਗ-ਅੰਗ
ਜਲ ਗਏ ਧਰਮ ਦੀ ਸ਼ਮ੍ਹਾਂ ਤੇ, ਨਿਰਭੈ ਵਾਂਗ ਪਤੰਗ
ਆਇ ਅਵਾਜ ਅਕਾਸ਼ ਤੋਂ, ਸਤਿ ਸ੍ਰੀ ਅਕਾਲ
ਸੀਸ ਬੁੜ੍ਹਕ ਤਿੰਨ ਵਾਰ ਮੁੜ, ਲੱਗਾ ਧਰਤੀ ਨਾਲ

ਸਾਥੀ ਸਾਰੇ ਨਾਲ ਦੇ, ਪੁੱਜ ਗਏ ਸੱਚ ਖੰਡ
ਸਿੱਧੇ ਮੱਥੇ ਮਰੇ ਸਭ, ਕਿਸੇ ਨਾ ਫੇਰੀ ਕੰਡ
ਤੋਪਾਂ ਚੱਲਦੀਆਂ ਸਨ ਇਵੇਂ, ਵਾਰੋ ਵਾਰੀ ਨਾਲ
ਸਿੰਘ ਜੈਕਾਰੇ ਛੱਡ ਰਹੇ, ਬੋਲੇ ਸੋ ਨਿਹਾਲ
ਆਇਆ ਅੱਗੇ ਤੋਪ ਦੇ, ਜਦ ਹਰਿਨਾਮ ਧਮੋਟ
ਹੋਏ ਚਾਰ ਕੂ ਦਿਨ ਜਿਸ, ਲਈ ਗੁਰੂ ਦੀ ਓਟ
ਅੰਮ੍ਰਿਤ ਛਕਿਆ ਨਹੀਂ ਸੀ, ਧਾਰੇ ਨਹੀਂ ਕਕਾਰ
ਲਟਪਟੀ ਜੇਹੀ ਓਸ ਨੇ ਬੱਧੀ ਸਿਰ ਦਸਤਾਰ
ਆਮ ਜੱਟਾਂ ਦੇ ਵਾਂਗਰਾਂ, ਭੋਥਾ ਬੱਧਾ ਲੱਕ
ਮਸ ਭਿੰਨਾ ਗਭਰੀਟ ਸੀ, ਉਮਰੋਂ ਵੀ ਕੱਚ ਪੱਕ
ਚਮਕੇ ਸੂਰਜ ਚੰਨ ਜਿਉਂ, ਚਿਹਰੇ ਦੀ ਨੁਹਾਰ
ਸਾਗਰ ਵਾਂਗ ਗੰਭੀਰ ਦਿਲ, ਸ਼ਾਂਤ ਅਡੋਲ ਅਪਾਰ
ਬਾਹਾਂ ਬੇਲਣ ਬੇਲੀਆਂ, ਮੁੰਗਲੀਆਂ ਜਿਹੇ ਪੱਟ
ਮਝਾਂ ਚਾਰ ਖਲ੍ਹਾਰ ਮਾਰ, ਜਾਇ ਛੜੱਪਾ ਟੱਪ
ਪਿੰਜਣੀ ਤੇ ਭਰੀ ਜਾਇ ਨਾ, ਚੂੰਡੀ ਸੰਨ੍ਹੀ ਨਾਲ
ਹੱਥ ਵਿਚ ਫੜ੍ਹ ਰੁਪੱਯਾ, ਅੱਖਰ ਦੇਵੇ ਟਾਲ
ਜੀਕਰ ਜੰਵੇਂ ਚੜ੍ਹਨਾ, ਭਰਿਆ ਵਿਚ ਉਮਾਹ
ਆਣ ਖਲੋਤਾ ਤੋਪ ਦੇ, ਅੱਗੇ ਬੇ ਪਰਵਾਹ
ਪਰ ਫੇਰ ਵੀ ਤੋਪ ਓਹ, ਗਈ ਪਲੀਤਾ ਚੱਟ
ਤਿੰਨੇ ਵਾਰੀ ਹੋ ਗਈ, ਭੈੜੀ ਚੌੜ ਚਪੱਟ
ਚੌਥੀ ਵਾਰੀ ਉਸ ਕਿਹਾ, ਸਤਿਗੁਰ ਦਾ ਫ਼ੁਰਮਾਨ
ਹੁਣ ਚਲਾਓ ਚੱਲੇਗੀ, ਹੁਕਮ ਵਿਚ ਕੁਰਬਾਨ
ਤੋਪ ਚੱਲੀ ਤੇ ਲੈ ਗਈ, ਜੁਦਾ ਜੁਦਾ ਕਰ ਅੰਗ
ਰਣ ਵਿਚ ਜੂਝ ਕੇ ਮਰਨ ਦੀ, ਪੂਰੀ ਹੋਈ ਮੰਗ
ਬਿਸ਼ਨ ਸਿੰਘ[177] ਰੜ੍ਹ ਪਿੰਡ ਤੋਂ, ਬੱਚਾ ਸੀ ਅੰਜਾਣ

[177]ਚੱਕਰਵਰਤੀ ਜੀ ਤੋਂ ਬਿਨਾਂ ਹੋਰ ਵੀ ਕਈ ਲੇਖਕਾਂ ਨੂੰ ਭੁਜੰਗੀ ਬਿਸ਼ਨ ਸਿੰਘ ਦੇ ਸ਼ਹੀਦੀ ਜੱਥੇ ਦੀ ਵੀਰਾਂਗਣਾਂ ਮਾਈ ਖੇਮ ਕੌਰ ਦਾ ਪੁੱਤਰ ਹੋਣ ਦਾ ਟਪਲਾ ਲੱਗਿਆ ਹੈ, ਇਹ ਦਰੁਸਤ ਨਹੀਂ। ਭਾਈ ਕਾਹਲਾ ਸਿੰਘ ਨੰਗਲ ਪਾਸ ਮਾਤਾ ਇੰਦ ਕੌਰ ਸ਼ਹੀਦੀ ਜੱਥੇ ਵਾਲੇ ਅਕਸਰ ਆਉਂਦੇ ਜਾਂਦੇ ਸਨ ਤੇ ਸਾਕਾ ਮਲੇਰਕੋਟਲਾ ਦੇ ਸਮਾਚਾਰ ਉਹਨਾਂ ਪਾਸੋਂ ਅਤੇ ਹੋਰ ਪ੍ਰਤੱਖ ਦਰਸ਼ੀਆਂ ਤੋਂ ਸੁਣਦੇ ਰਹੇ। ਆਪ

ਖੇਮੋ ਮਾਈ ਦਾ ਸੀ ਓਹ, ਇੱਕੋ ਇਕ ਨਿਸ਼ਾਨ
ਝੱਈਆਂ ਲੈ ਲੈ ਪਏ ਓਹ, ਅਗੇ ਤੋਪ ਖਲੋਨ
ਪਰ ਵੱਡੇ ਨਾ ਓਸ ਨੂੰ, ਮੂਹਰੇ ਦੇਵਣ ਹੋਨ
ਬਾਂਹਵਾਂ ਮਾਂ ਦੇ ਗਲ ਪਾ, ਆਂਹਦਾ ਮਾਏ ਦੱਸ
ਮੇਰੀ ਵਾਰੀ ਆਣ ਤੇ, ਇਹ ਕਰ ਦੇਣ ਨਾ ਬੱਸ
ਵੇਖੀ ਅੰਮਾਂ ਮੇਰੀਏ, ਮੈਨੂੰ ਦੇਣ ਨਾ ਛੱਡ
ਏਸ ਸ਼ਹੀਦੀ ਡਾਰ 'ਚੋਂ, ਕਰ ਦੇਵਣ ਨਾ ਅੱਡ
ਸੁਣ ਲੈ ਮਾਏ ਕੰਨ ਕਰ, ਤੈਨੂੰ ਦੇਵਾਂ ਦੱਸ
ਝੂਠੇ ਮੋਹ ਦੇ ਵਿਚ ਮਤੇ, ਤੂੰ ਜਾਏਂ ਨਾ ਫੱਸ
ਗੋਰੇ ਨੂੰ ਨਾ ਕਹਿ ਦਏਂ, ਮੇਰਾ ਪੁੱਤ ਨਾ ਮਾਰ
ਏਸ ਖੇਲ ਵਿਚ ਭੋਲੀਏ, ਬਾਜੀ ਦਈਂ ਨਾ ਹਾਰ
ਨਹੀਂ ਤੇ ਮੈਂ ਕਹਿ ਦਿਆਂਗਾ, ਇਹ ਨਹੀਂ ਮੇਰੀ ਮਾਂ
ਜਿਧਰ ਚਾਹੇ ਤੂੰ ਫਿਰੀਂ, ਮੈਂ ਫਿਰ ਕਿਧਰੇ ਜਾਂ
ਵੇਖ ਨਾ ਸਕੇਂਗੀ ਕਦੀ, ਤੂੰ ਫਿਰ ਮੇਰਾ ਮੂੰਹ
ਹੁਣ ਤੇ 'ਕੱਠੇ ਰਹਾਂਗੇ, ਸਾਰੇ ਮੈਂ ਤੇ ਤੂੰਹ
ਇਹ ਵੀ ਕਿਸੇ ਦੇ ਪੁੱਤ ਨੇ, ਮਰ ਰਹੇ ਜੋ ਹੱਸ-ਹੱਸ
ਬਚ ਸਕਦੇ ਸਨ ਇਹ ਵੀ, ਰੜ੍ਹ ਤੋਂ ਜਾਂਦੇ ਨੱਸ
ਭੈਣੀ ਸਾਹਬੋਂ ਤੁਰੇ ਜਦ, ਕਿੰਨੇ ਹੈਸਨ ਨਾਲ
ਕਈ ਚਲੇ ਗਏ ਨਿਕਲ ਕੇ, ਜਿਉਂ ਮੱਖਣ 'ਚੋਂ ਵਾਲ
ਕੀ ਪਈ ਹਰਿਨਾਮ ਨੂੰ, ਸੀ ਮਰਨ ਦੀ ਲੋੜ
ਘਰ ਤੁਰ ਜਾਂਦਾ ਆਪਣੇ, ਰੜ੍ਹ ਤੋਂ ਤੋੜ ਵਿਛੋੜ
ਚਾਰ ਦਿਨਾਂ ਤੋਂ ਰਲਿਆ, ਸਾਡੇ ਵਿਚ ਸੀ ਆਣ
ਕੋਈ ਓਸ ਨਾ ਸੱਕਦਾ, ਦੂਜਾ ਹੋਰ ਪਛਾਣ
ਹੋਇਆ ਆਪ ਸ਼ਹੀਦ ਓਹ, ਭਰ ਕੇ ਵਿਚ ਉਮਾਹ
ਵੇਖਣ ਵਾਲੇ ਕਰ ਰਹੇ, ਅਜੇ ਤੀਕ ਵਾਹ ਵਾਹ

---

ਵੀ ਠਠਿਆਰਾਂ ਦਾ ਕੰਮ ਕਰਦੇ, ਸ਼ਹੀਦਾਂ ਦੇ ਪਿੰਡਾਂ ਵਿਚ ਜਾਂਦੇ ਰਹਿੰਦੇ ਸਨ। ਉਹਨਾਂ ਦੀ ਖੋਜ ਨੂੰ ਉਹਨਾਂ ਦੇ ਸਪੁੱਤਰ ਬਿਸ਼ਨ ਸਿੰਘ ਹਿਸਟੋਰੀਅਨ ਨੇ ਅੱਗੇ ਤੋਰਿਆ। ਹਿਸਟੋਰੀਅਨ ਜੀ ਮੁਤਾਬਿਕ ਬਿਸ਼ਨ ਸਿੰਘ ਦਾ ਪਿਤਾ ਚੜ੍ਹਤ ਸਿੰਘ ਰਾਮਗੜ੍ਹੀਆ ਅਤੇ ਮਾਤਾ ਰਾਇ ਕੌਰ ਪਿੰਡ ਰੜ੍ਹ ਰਿਆਸਤ ਪਟਿਆਲਾ ਸੀ। - (ਅਣਖੀ ਮਸਤਾਨੇ, ਸ਼ਹੀਦੀ ਸਾਕਾ ਮਲੇਰਕੋਟਲਾ, ਸਫਾ-170)

ਉਸ ਨੂੰ ਜੱਫੀ ਵਿਚ ਤੱਕ, ਲਈ ਖੜੇ ਦਸਮੇਸ਼
ਦਿਤੇ ਸਤਿਗੁਰੂ ਪਾਤਸ਼ਾਹ, ਉਸ ਦੇ ਕੱਟ ਕਲੇਸ਼
ਪਏ ਸ਼ਹੀਦ ਵਰਸਾਂਵਦੇ, ਉਸਦੇ ਉਤੇ ਫੁੱਲ
ਬੈਠਾ ਵਿਚ ਬਿਵਾਣ ਦੇ, ਚੌਰ ਰਹੇ ਨੇ ਝੁੱਲ
ਔਹ ਖੜੋਤੇ ਫਤਹ ਸਿੰਘ, ਜੁਝਾਰ ਸਿੰਘ ਜੀ ਨਾਲ
ਕਰ ਇਸ਼ਾਰੇ ਸੱਦ ਰਹੇ, ਮੈਨੂੰ ਜਲਦੀ ਨਾਲ
ਏਸ ਸਾਥ ਤੋਂ ਅੰਮੀਏ, ਮੈਨੂੰ ਦੇਣ ਵਿਛੋੜ
ਜੋ ਮੁਰਾਤਬਾ ਮਿਲ ਰਿਹਾ, ਉਸ ਤੋਂ ਦੇਣ ਨਾ ਹੋੜ
ਛੇਤੀ ਕਹਿ ਦੇ ਅੰਮੀਏ, ਮੈਨੂੰ ਦੇਵਣ ਮਾਰ
ਦੇਵਣ ਕਿਤੇ ਵਿਛੋੜ ਨਾ, ਵੈਰੀ ਵਿੱਚੋਂ ਡਾਰ
ਆਪੇ ਹੀ ਤੂੰ ਆਖਦੀ, ਮਰਨ ਜੀਉਣ ਰੱਬ ਹੱਥ
ਪਾਈ ਮੌਤ ਦੀ ਓਸਨੇ, ਬੰਦੇ ਦੇ ਨੱਕ ਨੱਥ
ਪੁੱਛ ਨ ਪੈਂਦੇ ਮਾਮਲੇ, ਪੁੱਛ ਨਾ ਪੈਂਦੇ ਪਿਆਰ
ਓਹੀ ਹੁੰਦਾ ਅੰਮੀਏ, ਜੋ ਮਰਜੀ ਕਰਤਾਰ
ਮਾਏ ਨੀ ਬਾਪੂ ਮਰ ਗਿਆ, ਨਾਲ ਓਸਦੇ ਵੀਰ
ਮੌਤ ਆਂਵਦੀ ਲੰਘ ਕੇ, ਸੈ ਦਰਿਆਵਾਂ ਚੀਰ
ਮਾਂ ਨੇ ਭਰ ਗਲਵੱਕੜੀ, ਲਾਇਆ ਛਾਤੀ ਨਾਲ
ਹੈ ਸੁਭਾਗੀ ਮਾਂ ਜਿਸ, ਜਣਿਆਂ ’ਜੇਹਾ ਬਾਲ
ਮੈਨੂੰ ਮੇਰੇ ਲਾਲ ਤੋਂ, ਏਹੋ ਹੈ ਉਮੀਦ
ਸ਼ੁਕਰ ਗੁਰੂ ਦਾ ਮੈਂ ਕਰਾਂ, ਤੂੰ ਹੋ ਜਾਂਇ ਸ਼ਹੀਦ
ਬੈਠ ਤਮਾਸ਼ਾ ਵੇਖਦੀ, ਕਾਵਨ ਦੀ ਸੀ ਮੇਮ
ਬਿਸ਼ਨ ਸਿੰਘ ਵਲ ਵੇਖ ਉਸ, ਕੀਤਾ ਦਿਲ ਤਰਸੇਮ :

“ਮੇਮ ਆਖਿਆ ਸਾਹਿਬ ਨਾ ਮਾਰ ਇਸ ਨੂੰ,
ਤਰਸ ਕਰ ਕੁਝ ਏਸ ਨਾਦਾਨ ਉਤੇ
ਫਸਿਆ ਇਹ ਅਨਜਾਣ ਅਨਭੋਲ ਐਵੇਂ,
ਡਿੱਠਾ ਕੁਝ ਨਹੀਂ ਏਸ ਜਹਾਨ ਉਤੇ



ਸ਼ਹੀਦ ਬਿਸ਼ਨ ਸਿੰਘ ਤੇ ਮਲੇਰ ਕੋਟਲੇ ਵਾਲੇ ਸ਼ਹੀਦ

ਸ਼ਕਲ ਵੇਖ ਇਸਦੀ ਅਕਲ ਗੁੰਮ ਹੋਵੇ,
ਕਿਵੇਂ ਬੱਧਾ ਸੁ ਲੱਕ ਮਰ ਜਾਣ ਉਤੇ
ਕਰੇ ਜੀ ਜਾਣੀ ਯੂਰਪ ਵਾਰ ਘੱਤਾਂ
ਏਸ ਸੋਹਣਿਆਂ ਦੇ ਮਿਹਰਬਾਨ ਉਤੇ

ਇਹ ਕਹੇ ਮੈਂ ਸਿੱਖ ਨਹੀਂ (ਗੁਰੂ) ਰਾਮ ਸਿੰਘ ਦਾ
ਇਸ ਨੂੰ ਮਰਨ ਤੋਂ ਫੇਰ ਬਚਾ ਦਿਆਂਗਾ
ਸਿੱਖੀ ਛੱਡ ਬਣੇ ਵਫ਼ਾਦਾਰ ਪਰਜਾ,
ਜਿੱਥੇ ਕਹੇ ਮੈਂ ਘਰ ਪੁਚਾ ਦਿਆਂਗਾ
ਰੱਖੇ ਐਂਠ ਕੂਕਿਆਂ ਵਾਲੀ ਜੇ ਇਹ ਵੀ
ਅੱਗੇ ਤੋਪ ਦੇ ਧਰ ਉਡਾ ਦਿਆਂਗਾ
ਲੋਕੀ ਜਾਨਣਗੇ ਕੀ ਅੰਗ੍ਰੇਜ਼ ਤਾਈਂ,
ਮੈਂ ਵੀ ਆਪਣਾ ਜ਼ੋਰ ਵਿਖਾ ਦਿਆਂਗਾ

ਕਹਿ ਦੇ ਮੇਰਾ ਗੁਰੂ ਨਾ, ਰਾਮ ਸਿੰਘ ਤਰਖਾਨ
ਫੇਰ ਨਾ ਤੈਨੂੰ ਮਾਰੀਏ, ਸੁੱਕਾ ਦਈਏ ਜਾਨ
ਮੇਮ ਆਖਿਆ ਬੱਚਿਆ, ਕਹਿ ਦੇ ਮੈਂ ਨਹੀਂ ਸਿੱਖ
ਐਵੇਂ ਜਾਨ ਗੁਆ ਨਾ, ਆਪਣਾ ਸੋਚ ਭਵਿੱਖ
ਤੇਰੇ ਜੇਹੇ ਬਾਲ ਨੂੰ, ਇਨ੍ਹਾਂ ਗੱਲਾਂ ਦੇ ਨਾਲ
ਕੀ ਲੱਗੇ ਕੁਝ ਸੋਚ ਲੈ, ਕਰ ਦਿਲ ਵਿਚ ਖ਼ਿਆਲ
ਸੁਣ ਇਹ ਬਿਸ਼ਨ ਸਿੰਘ ਦੀ, ਅੱਖੀਂ ਆਇਆ ਨੀਰ
ਕੰਬਣ ਲੱਗਾ ਓਸਦਾ, ਥਰ-ਥਰ ਸਗਲ ਸਰੀਰ
ਮਾਤਾ ਉਸ ਦੀ ਪੁੱਛਿਆ, ਕੀ ਡਰ ਗਿਆ ਹੈਂ ਪੁੱਤ
ਸਿੱਧੇ ਮੱਥੇ ਚੱਲ ਹੁਣ, ਕਰ ਨਾ ਬੈਠੀਂ ਹੁੱਤ
ਕੁਟਣੀ ਦਾ ਕਿਹਾ ਮੰਨ ਕੇ, ਮਤੇ ਨਿਸ਼ਾਨਿਓਂ ਡਿੱਗ
ਜਾਨ ਪਿਆਰੀ ਸਮਝ ਕੇ, ਢਾਹ ਨਾ ਬੈਠੀ ਢਿੱਗ
ਇਹ ਨਹੀਂ ਮਾਏ ਗੱਲ ਹੈ, ਮੈਨੂੰ ਆਇਆ ਰੋਣ
ਨਿੰਦਾ ਸੁਣ ਕੇ ਦਿਲ ਨੂੰ, ਲੱਗਾ ਕੁਝ-ਕੁਝ ਹੋਣ
ਸਤਿਗੁਰੂ ਸਚਾ ਪਾਤਸ਼ਾਹ, ਜਗਤ ਗੁਰੂ ਪਰਧਾਨ

ਮੇਮ ਕਰੇ ਨਾ ਸ਼ਰਮ ਕੁਝ, ਉਨ੍ਹਾਂ ਨੂੰ ਕਹੇ ਤਿਖਾਨ
ਨਿੰਦਾ ਸੁਣ ਸਤਿਗੁਰੂ ਦੀ, ਮੈਨੂੰ ਆਇਆ ਰੋਣ
ਪਰ ਹੁਣ ਮਾਏ ਗੱਲ ਹੈ, ਲੱਗੀ ਪੂਰੀ ਹੋਣ
ਫੇਰ ਆਖਿਆ ਮੇਮ ਨੇ, ਕੀ ਰਿਹਾ ਹੈਂ ਸੋਚ
ਕੀ ਤੇਰੇ ਦਿਲ ਵਿਚ ਨਾ, ਜੀਵਨ ਦੀ ਕੋਈ ਲੋਚ
ਸੁਣ ਕੇ ਕਿਹਾ ਬਿਸ਼ਨ ਸਿੰਘ, ਗਲ ਲਈ ਮੈਂ ਮੰਨ
ਆਖ ਦਿਆਂ ਮੈਂ ਸਭੋ ਕੁਝ, ਸਾਹਿਬ ਦੇ ਵਿਚ ਕੰਨ
ਭੇਤ ਵਾਲੀਆਂ ਦੱਸਾਂਗਾ, ਗੱਲਾਂ ਵੀ ਕਈ ਹੋਰ
ਛੇਤੀ ਫਿਰ ਇਸ ਥਾਂ ਤੋਂ, ਦੇਣਾ ਮੈਨੂੰ ਤੋਰ
ਸੁਣ ਕੇ ਕਾਵਨ ਖੁਸ਼ੀ ਨਾਲ, ਝੁਕਿਆ ਕਰ ਕੇ ਕੰਨ
ਆਂਹਦਾ ਬਾਗ਼ੀ ਗਿਆ ਇਕ, "ਬਾਤ ਹਮਾਰੀ ਮੰਨ"
ਲੰਮੀ ਦਾਹੜੀ ਓਸਦੀ, ਓਹ ਹੈ ਸੀ ਕ੍ਰਿਸਤਾਨ
ਗੱਲ ਸੁਣਨ ਲਈ ਝੁਕਿਆ, ਕਰੀ ਕਾਗਸੇ ਜਾਨ :-
"ਲੰਮੀ ਦਾੜ੍ਹੀ ਨੂੰ ਪਾਇਕੇ ਹੱਥ ਦੋਵੇਂ,
ਝਟਕਾ ਮਾਰ ਕੇ ਖੂਬ ਹਿਲਾ ਦਿਤੀ

ਫੇਰ ਕਹੇਂਗਾ ਮੈਨੂੰ ਮੈਂ ਸਿੱਖ ਨਾਹੀਂ,
ਗਰਜ ਸ਼ੇਰ ਨੇ ਜਾਨ ਸੁਕਾ ਦਿਤੀ
ਨਾਭੇ ਵਾਲੇ ਦਾ ਖੜਾ ਸਿਪਾਹੀ ਜਿਸ ਨੇ,
ਹਾਲ ਵੇਖ ਤਲਵਾਰ ਚਲਾ ਦਿਤੀ
ਛੱਡੇ ਹੱਥ ਪਿੱਛੋਂ ਪਹਿਲਾਂ ਬਿਸ਼ਨ ਸਿੰਘ ਨੇ,
ਸੋਹਣੀ ਜਿੰਦੜੀ ਘੋਲ ਘੁਮਾ ਦਿਤੀ"।

ਡੱਕਰੇ ਕਰ ਕੇ ਜ਼ਾਲਮਾਂ, ਪਾਏ ਮਾਂ ਦੀ ਝੋਲ
ਕੂਕਣੇ ਸਾਂਭ ਸੁਗਾਤ ਇਹ, ਹੋਰ ਦੱਸ ਕੁਝ ਬੋਲ
ਟੁਕੜੇ ਪੁੱਤ ਦੇ ਮਾਂ ਨੇ, ਲਾਏ ਛਾਤੀ ਨਾਲ
ਸਬਰ ਸ਼ੁਕਰ ਵਿਚ ਭਰ ਕੇ, ਬੋਲੀ ਗੁਰੂ ਅਕਾਲ
ਪੁੱਤ ਇਮਾਨਤ ਆਪ ਦੀ, ਸੀ ਓਹ ਮੇਰੇ ਕੋਲ
ਤੁਸਾਂ ਨੇ ਲਈ ਸੰਭਾਲ ਓਹ, ਮੈਂ ਦਿੱਤੀ ਦਿਲ ਖੋਲ੍ਹ

ਲਗਦੇ ਹੱਥ ਹੀ ਕਰ ਦਿਓ ਦੂਜੀ ਪੂਰੀ ਮੰਗ
ਮੈਨੂੰ ਦਿਓ ਰਲਾ ਹੁਣ, ਬਿਸ਼ਨ ਸਿੰਘ ਦੇ ਸੰਗ

ਪਤੀ ਗਏ ਪੁੱਤ੍ਰ ਗਏ, ਕੱਲੀ ਰਹੀ ਮੈਂ ਡੈਣ
[178]ਮੈਨੂੰ ਕਿਸੇ ਨਾ ਆਖਣਾ, ਆ ਜਾ ਬੀਬੀ ਭੈਣ
ਢਲੀ ਜੁਆਨੀ ਨਹੀਂ ਅਜੇ, ਚੰਗਾ ਨਹੀਂ ਰਵਾਜ਼
ਬਿਸ਼ਨ ਸਿੰਘ ਦੇ ਨਾਲ ਹੀ, ਲੈ ਚੱਲੋ ਮਹਾਰਾਜ
ਫੂਲ ਮਰ੍ਹਾਝ ਦੇ ਪਿੰਡ ਦਾ, ਸਿੱਧੂ ਖਾਨਦਾਨ
ਏਸ ਸ਼ਹੀਦੀ ਜਥੇ ਵਿਚ, ਸੀ ਉਹ ਰਲਿਆ ਆਨ
ਪਟਿਆਲੇ ਵਿਚ ਆਣ ਕੇ, ਕੁੜਮ ਕਬੀਲਾ ਓਸ
ਪਿੱਟੇ ਰਾਜੇ ਕੋਲ ਆ, ਫੜ ਲਿਆ ਹੈ ਨਿਰਦੋਸ਼
ਅਰਜ਼ ਮੰਨ ਕੇ ਓਸ ਨੂੰ, ਛੱਡ ਦਿਓ ਇਸ ਵਾਰ
ਮੁੜ ਕੇ ਜਾਵੇ ਫੇਰ ਨਾ, ਕੂਕਿਆਂ ਦੇ ਦਰਬਾਰ
ਤੁਸੀਂ ਹੋ ਸਾਡੇ ਆਪਣੇ, ਸਾਨੂੰ ਸਮਝੋ ਦਾਸ
ਹੁਣ ਬਚਾ ਲਓ ਫੇਰ ਓਹ, ਰਹੇ ਅਸਾਡੇ ਪਾਸ

ਦਿੱਤਾ ਹੈ ਵਰਿਆਮ ਸਿੰਘ, ਸਾਨੂੰ ਅਤੀ ਕਲੇਸ਼
ਹੈ ਉਸ ਜਦ ਦਾ ਧਾਰਿਆ, ਕੂਕਿਆਂ ਵਾਲਾ ਵੇਸ਼
ਰਾਜੇ ਸੁਣ ਕੇ ਅਰਜ਼ ਇਹ, ਬੰਦਾ ਭੇਜਿਆ ਖ਼ਾਸ
ਵਰਿਆਮ ਸਿੰਘ ਨੂੰ ਛੱਡ ਕੇ, ਭੇਜੋ ਸਾਡੇ ਪਾਸ

---

[178]ਇਥੇ ਵੀ ਕਵੀ ਨੂੰ ਟਪਲਾ ਲੱਗਾ ਹੈ। ਭਾਈ ਚੜ੍ਹਤ ਸਿੰਘ ਜੀ ਸ਼ਹੀਦ ਨਹੀਂ ਹੋਏ, ਉਹਨਾਂ ਦੇ ਸਪੁੱਤਰ ਬਿਸ਼ਨ ਸਿੰਘ ਹੀ ਸ਼ਹੀਦ ਹੋਏ ਹਨ। ਪਟਿਆਲਾ ਰਿਆਸਤ ਦੀ ਮਲੇਰ ਕੋਟਲਾ ਦੇ ਕੂਕੇ ਸ਼ਹੀਦਾਂ ਦੀ ਸੂਚੀ ਵਿਚ ਵੀ ਇਕ ਟਪਲਾ ਭਾਈ ਬਿਸ਼ਨ ਸਿੰਘ ਦੇ ਪਿਤਾ ਦੇ ਨਾਮ ਦਾ ਲੱਗਦਾ ਹੈ। ਉੱਥੇ ਬਿਸ਼ਨ ਸਿੰਘ ਨੂੰ ਰੜ੍ਹ ਪਿੰਡ ਦੇ ਮਹਿਤਾਬ ਸਿੰਘ ਜ਼ਿਮੀਂਦਾਰ ਦਾ ਪੁੱਤਰ ਲਿਖਿਆ ਹੈ ਅਤੇ ਇਕ ਹਰਨਾਮ ਸਿੰਘ ਨੂੰ ਇਸੇ ਪਿੰਡ ਦੇ ਚੜ੍ਹਤ ਸਿੰਘ ਰਾਮਗੜ੍ਹੀਏ ਦਾ ਪੁੱਤਰ ਲਿਖਿਆ ਹੈ। ਬਿਸ਼ਨ ਸਿੰਘ ਅਤੇ ਹਰਨਾਮ ਸਿੰਘ 12-14 ਸਾਲਾਂ ਦੇ ਹਮ-ਉਮਰ ਅਤੇ ਇਕੱਠੇ ਖੇਡਣ ਵਾਲੇ ਮਿੱਤਰ ਸਨ, ਇੱਕੋ ਪਿੰਡ ਦੇ। ਪਰ ਸਾਰੇ ਪੁਰਾਤਨ ਸਰੋਤ ਬਿਸ਼ਨ ਸਿੰਘ ਨੂੰ ਰਾਮਗੜ੍ਹੀਆ ਲਿਖਦੇ ਹਨ। ਉਸ ਦੇ ਪਰਿਵਾਰਿਕ ਸਰੋਤਾਂ ਤੋਂ ਵੀ ਇਹੋ ਪੁਸ਼ਟੀ ਹੁੰਦੀ ਹੈ। ਹਰਨਾਮ ਸਿੰਘ ਅਤੇ ਇਸ ਦੇ ਦੋ ਹੋਰ ਭਾਈ ਹੀਰਾ ਸਿੰਘ ਅਤੇ ਨਰਾਇਣ ਸਿੰਘ ਵੀ ਮਲੇਰਕੋਟਲੇ ਸ਼ਹੀਦ ਹੋਏ ਸਨ। ਇਹਨਾਂ ਦਾ ਪਿਤਾ ਮਹਿਤਾਬ ਸਿੰਘ ਜੱਥੇ ਦੇ ਆਗੂ ਸ੍ਰ. ਹੀਰਾ ਸਿੰਘ ਗਰੇਵਾਲ ਦਾ ਸਕਾ ਮਾਮਾ ਸੀ।

ਬੰਦਾ ਲਿਆਇਆ ਕੋਟਲੇ, ਕਾਵਨ ਕੋਲ ਸੰਦੇਸ਼
ਵਰਿਆਮ ਸਿੰਘ[179] ਮਰਾਝ ਤੋਂ, ਇਕ ਟੋਲੇ ਵਿਚ ਏਸ
ਮਾਫੀ ਮੰਗ ਲਈ ਓਸ ਦੇ, ਟੱਬਰ ਸਾਥੋਂ ਆਨ
ਬਖਸ਼ ਦਿੱਤੀ ਹੈ ਅਸਾਂ ਨੇ, ਉਸ ਦੀ ਉਸ ਨੂੰ ਜਾਨ
ਆਣ ਖਲੋਤਾ ਤੋਪ ਦੇ, ਅੱਗੇ ਵਾਰੀ ਨਾਲ
ਕਾਵਨ ਨੇ ਸੀ ਤੋਪਚੀ, ਨੂੰ ਸਮਝਾਈ ਚਾਲ
ਅੱਗੋਂ ਕਿਹਾ ਤੋਪਚੀ, ਹਟ ਜਾ ਨਾਲ ਉਚੇਚ
ਮਧਰਾ ਤੇਰਾ ਕੱਦ ਹੈ, ਸ਼ਿਸਤ ਨਾ ਲੱਗੇ ਮੇਚ
ਨਾਲੇ ਹੈ ਮਹਾਰਾਜ ਨੇ, ਤੈਨੂੰ ਕੀਤਾ ਮਾਫ਼
ਭਾਈਚਾਰਾ ਉਨ੍ਹਾਂ ਦਾ, ਤੂੰ ਹੈਂ ਬੰਦਾ ਖਾਸ

ਤੇਰੇ ਘਰਦਿਆਂ ਜਾ ਕਿਹਾ, ਬਖਸ਼ ਦਿਓ ਇਸ ਵਾਰ
ਫੇਰ ਕਰੇ ਨਾ ਭੁੱਲ ਇਹ, ਕਦੇ ਅਜੇਹੀ ਕਾਰ
ਇਹ ਗੱਲ ਸੁਣ ਕੇ ਭਰ ਗਿਆ, ਗੁੱਸੇ ਵਿਚ ਵਰਿਆਮ
ਰਾਜਾ ਮੇਰਾ ਕੀ ਲੱਗੇ, ਮੈਂ ਹਾਂ ਬੰਦਾ ਆਮ
ਕੂਕਾ ਮੈਂ ਨਹੀਂ, ਆਖਦਾ, ਕਿਹੜਾ ਬੇਈਮਾਨ ?
ਮੇਰਾ ਸਤਿਗੁਰੂ ਰਾਮ ਸਿੰਘ, ਪੁਰਖ ਗੁਰੂ ਪਰਧਾਨ
ਸਾਡਾ ਕੋਈ ਨਾ ਵਾਸਤਾ, ਹੈ ਪਟਿਆਲੇ ਨਾਲ
ਗੋਰਿਆਂ ਦੇ ਗ਼ੁਲਾਮ ਦੀ, ਫਸਾਂ ਨਾ ਮੈਂ ਵਿਚ ਚਾਲ
ਕਰਨਾ ਅਸੀਂ ਅਜ਼ਾਦ ਹੈ, ਇਨ੍ਹਾਂ ਤੋਂ ਅਪਣਾ ਦੇਸ
ਏਥੇ ਦੇਣੇ ਰਹਿਣ ਨਾ, ਗੋਰੇ ਮਹਾਂ ਮਲੇਛ
ਤੋਪ ਦੇ ਨੇੜੇ ਪਿਆ ਸੀ, ਇੱਟਾਂ ਦਾ ਇਕ ਢੇਰ
ਥੜੀ ਬਣਾ ਕੇ ਉਨ੍ਹਾਂ ਤੇ, ਖੜ੍ਹ ਗਿਆ ਪੱਬ ਉਲੇਰ

[179]ਵਰਿਆਮ ਸਿੰਘ ਪੁੱਤਰ ਅਮਰੀਕ ਸਿੰਘ ਸਿੱਧੂ ਜ਼ਿਮੀਂਦਾਰ ਪਿੰਡ ਮਹਿਰਾਜ ਥਾਣਾ ਨਥਾਣਾ ਤਸੀਲ ਮੋਗਾ, ਜ਼ਿਲ੍ਹਾ ਫੀਰੋਜ਼ਪੁਰ ਸੀ। ਅੱਜ ਕੱਲ੍ਹ ਜ਼ਿਲ੍ਹਾ ਬਠਿੰਡਾ ਹੈ। ਭਾਈ ਵਰਿਆਮ ਸਿੰਘ ਦੂਸਰੇ ਦਿਨ 18 ਜਨਵਰੀ 1872 ਨੂੰ ਸੰਖੇਪ ਅਦਾਲਤੀ ਕਾਰਵਾਈ ਬਾਅਦ ਕਮਿਸ਼ਨਰ ਫੌਰਸਿੱਥ ਦੇ ਹੁਕਮ ਨਾਲ 16 ਸ਼ਹੀਦ ਹੋਣ ਵਾਲੇ ਸਿੰਘਾਂ ਵਿਚੋਂ ਇੱਕ ਸੀ। ਮਹਿਰਾਜ ਪਿੰਡ ਦੇ ਅੱਤਰ ਸਿੰਘ ਵਲਦ ਭਾਗ ਸਿੰਘ ਅਤੇ ਮੋਗਾ ਸਿੰਘ ਉਰਫ ਮਾਘਾ ਸਿੰਘ ਪੁੱਤਰ ਸਾਹਿਬ ਸਿੰਘ ਦੋਵੇਂ ਜ਼ਿਮੀਂਦਾਰ ਵੀ ਸਾਕੇ ਦੇ ਸ਼ਹੀਦ ਸਨ। ਬਾਹੋਵਾਲ ਜੀ ਦੀ ਸੂਚੀ ਵਿਚ ਜੋਧ ਸਿੰਘ ਦਾ ਨਾਮ ਵੀ ਦਰਜ ਹੈ।

ਮੈਂ ਹੁਣ ਨਾਂਹੀਂ ਮਧਰਾ, ਲਾਵੋ ਸ਼ਿਸਤ ਨਿਸੰਗ
ਮੇਰੀ ਪੂਰੀ ਕਰ ਦਵੋ, ਅੰਤ ਸਮੇਂ ਦੀ ਮੰਗ
ਕਾਵਨ ਸੁਣ ਕੇ ਜਲ ਗਿਆ, ਗੱਲਾਂ ਉਸ ਦੀਆਂ ਸਾਫ਼
ਅਸੀਂ ਨਹੀਂ ਕਰ ਸਕਦੇ, ਇਸ ਬਾਗੀ ਨੂੰ ਮਾਫ਼
ਵੱਜਾ ਗੋਲਾ ਲੈ ਗਿਆ, ਅੰਗ-ਅੰਗ ਸਾਰਾ ਨਾਲ
ਆਈ ਵਾਜ ਅਕਾਸ਼ ਤੋਂ, ਸਤਿ ਸ੍ਰੀ ਅਕਾਲ ।
ਪੀਰ ਕੋਟੀਆ ਪ੍ਰੇਮ ਸਿੰਘ[180], ਮਜ਼੍ਹਬੀ ਸਿੰਘ ਜੁਆਨ
ਸੂਰਤ ਸੋਹਣੀ ਵੇਖ ਕੇ, ਲੋਕ ਹੋਣ ਕੁਰਬਾਨ
ਅਤੀ ਸੁਨੱਖਾ ਗੱਭਰੂ, ਛੇ ਫੁੱਟ ਉੱਚਾ ਕੱਦ
ਲੋਹੜੇ ਦਾ ਹੁਸੀਨ ਓਹ, ਜੇਰੇ ਦੀ ਸੀ ਹੱਦ
ਛੰਨਾਂ ਤੋਂ ਹਰਨਾਮ ਸਿੰਘ, ਮਾਨਸ਼ਾਹੀਆ ਸਰਦਾਰ
ਨਾਲ ਫ਼ੌਜ ਦੇ ਆਇਆ, ਸੀ ਓਹ ਸੂਬੇਦਾਰ
ਰਿਸ਼ਤੇਦਾਰੀ ਓਸਦੀ, ਪੀਰਕੋਟ ਦੇ ਵਿੱਚ
ਪ੍ਰੇਮ ਸਿੰਘ ਨੂੰ ਵੇਖ ਉਸ, ਦਿਲ ਵਿਚ ਆਈ ਖਿੱਚ
ਕਾਵਨ ਕੋਲ ਲੈ ਜਾ ਕਿਹਾ, ਸਾਹਿਬ ਏਸ ਨਾ ਮਾਰ
ਸੀਰੀ ਮੇਰੇ ਸਾਕ ਦਾ, ਪੀਰਕੋਟ ਘਰਬਾਰ
ਭੁੱਲ ਭੁਲੇਖੇ ਆ ਗਿਆ, ਇਹ ਕੂਕਿਆਂ ਦੇ ਨਾਲ
ਇਹ ਨਹੀਂ ਕੂਕਾ ਸਿੱਖ ਹੈ, ਇਸ ਨੂੰ ਕਰੋ ਬਹਾਲ
ਸੁਣ ਕੇ ਕਾਵਨ ਨੇ ਕਿਹਾ, ਇਸ ਨੂੰ ਕਰ ਦਿਆਂ ਮਾਫ਼
ਮੇਰੇ ਕੋਲ ਜੇ ਇੱਕ ਗੱਲ, ਇਹ ਕਹਿ ਦੇਵੇ ਸਾਫ਼
ਕੂਕਾ ਨਹੀਂ ਮਜ਼ੂਰ ਹਾਂ, ਮੇਰਾ ਕਰੋ ਯਕੀਨ
ਬਦੋ ਬਦੀ ਫੜ੍ਹ ਕਰ ਲਿਆ, ਮੈਨੂੰ ਇਨ੍ਹਾਂ ਅਧੀਨ

[180]ਪੀਰ ਕੋਟ ਦਾ ਇਕ ਹੀ ਸਿੰਘ ਸਾਕੇ ਵਿਚ ਸ਼ਹੀਦ ਹੋਇਆ। ਉਹ ਦਲਿਤ ਸਿੱਖ ਸੀ, ਮਿਹਨਤ ਮਜ਼ਦੂਰੀ ਕਰਨ ਵਾਲਾ। ਪਟਿਆਲਾ ਸੂਚੀ ਵਿਚ ਉਸ ਦਾ ਨਾਮ ਖਜ਼ਾਨ ਸਿੰਘ ਪੁੱਤਰ ਸ੍ਰ. ਭਗਵਾਨ ਸਿੰਘ ਪਿੰਡ ਪੀਰ ਕੋਟ ਤਸੀਲ ਰਾਇਸਰ ਲੁਧਿਆਣਾ ਦਰਜ ਹੈ। ਭਾਈ ਕਾਲ੍ਹਾ ਸਿੰਘ ਨੰਗਲ, ਸੰਤੋਖ ਸਿੰਘ ਬਾਹੋਵਾਲ, ਬਿਸ਼ਨ ਸਿੰਘ ਹਿਸਟੋਰੀਅਨ ਆਦਿ ਇਸ ਦਾ ਨਾਮ ਪ੍ਰੇਮ ਸਿੰਘ ਹੀ ਲਿਖਦੇ ਹਨ। ਕਈ ਵੇਰ ਇਕ ਸਖਸ਼ ਦੇ ਦੋ ਨਾਂ ਵੀ ਹੁੰਦੇ ਹਨ। ਸੋ ਇਹ ਪ੍ਰੇਮ ਸਿੰਘ ਉਰਫ ਖਜ਼ਾਨ ਸਿੰਘ ਇਕੋ ਵਿਅਕਤੀ ਮਾਲੂਮ ਹੁੰਦਾ ਹੈ।

ਮੇਤੋਂ ਮਾਫੀ ਮੰਗ ਕੇ, ਜਾਵੇ ਆਪਣੇ ਬਾਰ
ਫੇਰ ਨਾ ਆਵੇ ਭੁੱਲ ਕੇ, ਕੂਕਿਆਂ ਦੇ ਦਰਬਾਰ
ਛੱਡ ਦਿਆਂ ਮੈਂ ਏਸ ਨੂੰ, ਲੇਵੇ ਜਾਨ ਬਚਾਇ
ਪ੍ਰੇਮ ਸਿੰਘ ਨੂੰ ਆਖਿਆ, ਕਾਵਨ ਇਹ ਸੁਣਾਇ
ਅੱਗੋਂ ਕਿਹਾ ਪ੍ਰੇਮ ਸਿੰਘ, ਸਾਹਿਬ ਸੂਬੇਦਾਰ
ਮੈਂ ਨਹੀਂ ਤੁਹਾਨੂੰ ਜਾਣਦਾ, ਕੌਣ ਤੁਸੀਂ ਸਰਦਾਰ ?
ਪਿੰਡ ਨਾ ਮੇਰਾ ਪੀਰਕੋਟ, ਨਾ ਮਜ਼੍ਹਬੀ ਹੈ ਜਾਤ
ਰਾਮ ਸਿੰਘ ਸਤਿਗੁਰੂ ਦਾ, ਮੈਂ ਪੁੱਤਰ ਵਿਖਿਆਤ
ਉਹ ਹੈ ਵਾਲੀ ਅਰਸ਼ ਦਾ, ਬੰਦਾ ਨਾ ਕੋਈ ਆਮ
ਤੇਰੇ ਜਹੇ ਸਰਦਾਰੜੇ, ਜਿਸਦੇ ਲਾਖ ਗੁਲਾਮ
ਮੈਨੂੰ ਦਿਓ ਉਡਾ ਝੱਭ, ਲਾਓ ਨਾ ਬਹੁਤੀ ਦੇਰ
ਸਾਥੀ ਵਿੱਛੜ ਜਾਣਗੇ, ਕਰੋ ਨਾ ਇੰਝ ਅਵੇਰ
ਕਾਵਨ ਸੀ ਸੜ ਬਲ ਗਿਆ, ਸੁਣ ਕੇ ਇਹ ਜਵਾਬ
ਮਾਰੋ ਇਸ ਨੂੰ ਝੱਭਦੇ, ਬੰਦਾ ਇਹ ਖਰਾਬ
ਅੰਬਰ ਦਾ ਰੰਗ ਹੋ ਗਿਆ, ਲੋਹੂ ਨਾਲੋਂ ਲਾਲ
ਜਾਪੇ ਬਹੁਤਾ ਭਰ ਗਿਆ, ਗੁੱਸੇ ਦੇ ਵਿਚ ਕਾਲ
ਨਿਰਦੋਸ਼ਿਆਂ ਦੇ ਖ਼ੂੰਨ ਨੇ, ਰੰਗੇ ਧਰਤਿ ਅਕਾਸ਼
ਜਿਸ ਨੂੰ ਵੇਖ ਕੇ ਭਰ ਗਿਆ, ਲੋਕਾਂ ਦਿਲ ਤਰਾਸ
ਸੂਰਜ ਸ਼ਰਮ ਦਾ ਮਾਰਿਆ, ਲੁਕਿਆ ਵਿਚ 'ਸਮਾਨ
ਨ੍ਹੇਰਾ ਕਾਲਾ ਪਸਰਿਆ, ਹੋ ਗਈ ਸੁੰਨ ਮਸਾਨ
ਕਿਣ ਮਿਣ ਕਾਣੀ ਲੱਗ ਗਈ, ਅੰਬਰ ਉਠਿਆ ਰੋ
ਪੱਛੋਂ ਚਲਦੀ ਰੁਮਕਵੀਂ, ਨਿਕਲੇ ਵਿਚ ਦੀ ਹੋ

ਕਿਧਰੇ ਕੱਟੀ ਲੱਤ ਪਈ, ਕਿਧਰੇ ਪਏ ਸੀ ਹੱਥ
ਕਿਧਰੇ ਸਿਰ ਸੀ ਰੁਲ ਰਹੇ, ਧੜ ਤੋਂ ਹੋਏ ਵੱਖ
ਚਾਮ ਚੜਿੱਕਾਂ ਇੱਲ ਗਿੱਧ, ਫਿਰਦੇ ਬੰਨ੍ਹੀ ਡਾਰ
ਲੂੰਬੜ, ਬਿੱਜੂ ਤੇ ਫੌਹੀਂ, ਮਾਸ ਖਾਣੇ ਬਘਿਆੜ
ਗਿੱਦੜ ਫਿਰਨ ਹਵਾਂਕਦੇ, ਉੱਲੂ ਉਠੇ ਚੀਕ
ਕੁੱਤਿਆਂ ਲੇਰਾਂ ਮਾਰੀਆਂ, ਦਹਿਲਾਏ ਜੋ ਭੀਕ

ਰਾਤੀਂ ਕਾਂ ਕਾਂ ਕਰ ਰਹੇ, ਕਰਨ ਅਰਾਮ ਨਾ ਕਾਗ
ਆਂਹਦੇ ਫੁੱਟ ਗਏ ਮੱਥਿਓਂ, ਹਿੰਦੀਆਂ ਦੇ ਨੇ ਭਾਗ
ਭਰ ਭਰ ਖੱਪਰ ਪੀ ਰਹੀ, ਕਾਲੀ ਮਾਈ ਖ਼ੂਨ
ਰੱਜਿਆ ਸ਼ੇਰ ਦਹਾੜਦਾ, ਬਾਕੀ ਰਹੀ ਨਾ ਊਨ
ਪਰਤੇ ਕੰਡ ਨਾ ਸੂਰਮਾ, ਹਾਇ ਨਾ ਆਖੇ ਮੂਲ
ਮੁੱਛ ਉਤੋਂ ਦੀ ਰੱਤ ਦੇ, ਕਤਰੇ ਗਿਰਨ ਅਮੂਲ
ਕਾਲੀ ਮਾਈ ਚੁਲੀ ਭਰ, ਪੀ ਓਹਨਾਂ ਜਾਏ ਰੱਜ
ਉਸ ਦੀ ਬਾਰਾਂ ਸਾਲ ਦੀ, ਭੁੱਖ ਉਹ ਦੇਂਦੇ ਕੱਜ
ਕਾਇਰ ਬੇਈਮਾਨ ਦੀ, ਨਦੀ ਵਗੇ ਭਰ ਰੱਤ
ਖੱਪਰ ਉਸ ਵਿਚ ਆਪਣਾ, ਕਾਲੀ ਸਕੇ ਨਾ ਘੱਤ
ਮਿਲ ਗਿਆ ਰੱਜਵਾਂ ਓਸ ਨੂੰ, ਅੱਜ ਸੀ ਖ਼ੂਬ ਅਹਾਰ
ਉਹ ਤੇ ਬਾਹਨ ਸ਼ੇਰ ਉਸ, ਰੱਜ-ਰੱਜ ਲੈਣ ਡਕਾਰ
ਪੰਜਾਹ ਕੂ ਗਏ ਸ਼ਹੀਦ ਹੋ, ਸੂਰਜ ਛਿਪਦੇ ਨਾਲ
ਡੇਰੀਂ ਲੁਕੇ ਗਦਾਰ ਜਾ, ਬਚਦੇ ਛੱਡ ਉਸ ਹਾਲ
ਵੀਹ[181] ਕੂ ਸਿੰਘ ਸਨ ਬਚ ਰਹੇ, ਕਰੇ ਨਾ ਗਏ ਸ਼ਹੀਦ
ਜ਼ੁਲਮ ਵੇਖ ਨਾ ਸੱਕਿਆ, ਲੁਕਿਆ ਭਜ ਖੁਰਸ਼ੀਦ
ਅੰਦਰੀਂ ਜ਼ਾਲਮ ਜਾ ਵੜੇ, ਸਿੰਘ ਤੇ ਪਹਿਰੂ ਛੱਡ
ਆਂਹਦੇ ਹੋਣ ਸਵੇਰ ਤੇ, ਫਸਤਾ ਦਿਆਂਗੇ ਵੱਢ
ਸਿੰਘ ਆਖਦੇ ਜ਼ਾਲਮੋਂ, ਐਵੇਂ ਦੀਆ ਛੋੜ
ਏਸ ਸੁਹਾਵੇ ਸਾਥ ਤੋਂ, ਕਾਹਨੂੰ ਤੁਰੇ ਵਿਛੋੜ
ਬੇ-ਪ੍ਰਵਾਹ ਉਹ ਮਸਤ ਸਨ, ਜਿਨ੍ਹਾਂ ਨੂੰ ਡਰ ਨਾ ਕਾਲ
ਕੀਰਤਨ ਕਰਦੇ ਗਾ ਰਹੇ, ਬਾਣੀ ਗੁਰੂ ਅਕਾਲ
ਪਾਲਾ ਦੁਖ ਨਾ ਭੈ ਉਨ੍ਹਾਂ, ਦੁਖ ਸੁਖ ਤੋਂ ਨਿਰਲੇਪ
ਹਰਖੋਂ ਸੋਗੋਂ ਬਾਹਰੇ, ਜਲ ਵਿਚ ਕੰਵਲ ਅਲੇਪ

[181] ਜੱਥੇ ਵਿਚੋਂ 16 ਸਿੰਘ ਅਤੇ 2 ਮਾਈਆਂ ਇੰਦ ਕੌਰ, ਖੇਮ ਕੋਰ ਹੀ ਬਚੀਆਂ ਸਨ। ਪਹਿਲੇ ਦਿਨ ਲੁਧਿਆਣੇ ਦਾ ਡਿਪਟੀ ਕਮਿਸ਼ਨਰ ਕਾਵਨ ਹੀ ਬਿਨਾਂ ਮੁਕਦਮਾ ਚਲਾਏ ਤੱਤ ਫੱਟ ਪੰਜਾਹ ਸਿੰਘ ਸ਼ਹੀਦ ਕਰ ਗਿਆ। ਹਾਲਾਂਕਿ ਫੋਰਸਿੱਥ ਕਮਿਸ਼ਨਰ ਅੰਬਾਲਾ ਨੇ ਉਸ ਨੂੰ ਪੱਤਰ ਭੇਜਿਆ ਸੀ ਕਿ ਕਾਹਲ ਨਾ ਕਰੀਂ, ਮੈਂ ਆ ਰਿਹਾ ਹਾਂ, ਮੈਨੂੰ ਉਡੀਕ ਲਵੀਂ, ਪਰ ਕਾਵਨ ਦੇ ਸਿਰ ਤੇ ਖ਼ੂਨ ਸਵਾਰ ਸੀ। ਉਹਨੇ ਚਿੱਠੀ ਜੇਬ ਵਿਚ ਪਾਈ ਤੇ ਆਪਣਾ ਕੰਮ ਜਾਰੀ ਰੱਖਿਆ।

ਡਰਦੇ ਪਹਿਰੇਦਾਰ ਨਾ, ਓਥੇ ਸੱਕੇ ਠਹਿਰ
ਵੇਖ ਵੇਖ ਦਿਲ ਕੰਬਦਾ, ਜੋ ਸੀ ਵਰਤਿਆ ਕਹਿਰ
ਚਿੱਠੀ ਕਾਵਨ ਮਿਲ ਗਈ, ਆ ਕੇ ਮੌਕੇ ਸਾਰ
ਕਮਿਸ਼ਨਰ ਨੇ ਲਿਖ ਭੇਜਿਆ, ਇਨਾਂ ਨੂੰ ਦਈਂ ਨਾ ਮਾਰ
ਨਾਟਕ ਰਚ ਅਦਾਲਤੀ, ਕਰਨਾ ਕੰਮ ਮਹਾਨ
ਕਰੋ ਮੁਕੱਦਮਾ ਇਨ੍ਹਾਂ ਦਾ, ਪਹਿਲੇ ਕਰੋ ਚਲਾਨ
ਕਾਵਨ ਚਿੱਠੀ ਬਿਨ ਪੜ੍ਹੇ, ਲਈ ਜੇਬ ਵਿਚ ਪਾ
ਹੱਦ ਤੋੜ ਕੇ ਜ਼ੁਲਮ ਦੀ, ਦਿਤੇ ਸਿੰਘ ਉਡਾ
ਦਿਨ ਚੜ੍ਹਿਆ ਸੱਤ ਮਾਘ ਦਾ, ਕਰਦਾ ਮਾਰੋ ਮਾਰ
ਛੇ ਮਾਘ ਦੇ ਦਿਨ ਵਿਚ, ਸੀ ਵਰਤੀ ਇਹ ਕਾਰ
ਚੱਲ ਕੋਟਲੇ ਆਇਆ, ਕਮਿਸ਼ਨਰ ਸੀ ਫਾਰਸਿੱਥ
ਕਾਵਨ ਨੂੰ ਉਸ ਆਖਿਆ, ਕਿਉਂ ਮਾਰੇ ਨੀਂ ਸਿੱਖ ?
ਕਾਵਨ ਉਸ ਨੂੰ ਦਸਿਆ, ਜੋ ਹਵਾਲ ਸੀ ਕੁੱਲ
ਰਖਵਾਲੀ ਲਈ ਤਾਜ ਦੀ, ਮੈਂ ਕਰ ਬੈਠਾ ਭੁੱਲ
ਹੁਣ ਤੁਹਾਡੇ ਵੱਸ ਹਾਂ, ਰੱਖੋ ਜਾਂ ਦਓ ਮਾਰ
ਮੈਂ ਬ੍ਰਿਟਿਸ਼ ਸਰਕਾਰ ਦਾ, ਰੱਖਿਆ ਇੰਜ ਵਕਾਰ
ਨਹੀਂ ਅੰਗਰੇਜ਼ੀ ਰਾਜ ਇਹ, ਜਾਂਦਾ ਮਿਟੀ ਰੁੱਲ
ਜੇ ਮੈਂ ਨਾ ਕਰ ਸੱਕਦਾ, ਇਹ ਥੋੜੀ ਜਹੀ ਭੁੱਲ
ਕੀਤਾ ਓਥੇ ਅਦਲ ਆ, ਕਮਿਸ਼ਨਰ ਫਾਰਸਿੱਥ
ਬਾਕੀ ਬਚ ਸੀ ਜੋ ਰਹੇ, ਮਾਰ ਦਿਤੇ ਇਸ ਸਿੱਖ
ਘੱਲੂ ਘਾਰੇ[182] ਏਸ ਵਿਚ, ਚੁਰਾਸੀ ਕੂ ਹੋਇ ਸ਼ਹੀਦ
ਜਾ ਕੇ ਗੁਰੂ ਦਰਬਾਰ ਵਿਚ, ਜਿਨ੍ਹਾਂ ਮਨਾਈ ਈਦ
ਭਾਈ ਪਰਮਾ ਨੰਦ ਜੀ, ਹਿੰਦ ਦੇ ਵਿਚ ਇਤਿਹਾਸ
ਖੋਜ ਨਾਲ ਹੈ ਲਿਖਿਆ, ਐਵੇਂ ਨਹੀਂ ਮਿਥਿਆਸ

[182]ਤੋਪ ਨਾਲ 17-18 ਜਨਵਰੀ ਨੂੰ ਉਡਾਏ 65, ਪਹਿਲੇ ਦਿਨ ਤਲਵਾਰ ਨਾਲ ਸ਼ਹੀਦ 1, 14 ਜਨਵਰੀ ਨੂੰ ਮਲੌਦ ਲੜਾਈ ਵਿਚ ਸ਼ਹੀਦ 2, 15 ਜਨਵਰੀ ਨੂੰ ਮਲੇਰਕੋਟਲੇ ਦੀ ਟੱਕਰ ਵਿਚ ਮੌਕੇ ਤੇ ਚੜ੍ਹ ਗਏ 7+1 ਫੱਟੜ ਸਿੰਘ (ਬਾਅਦ ਵਿਚ ਗੁਜ਼ਰ ਗਿਆ), ਮਲੌਦ ਦੇ ਪਕੜੇ ਗਏ ਕਾਲੇ ਪਾਣੀ ਵਿਚ ਜਾ ਕੇ ਉਮਰ ਕੈਦ ਕੱਟਦੇ ਹੋਏ ਸ਼ਹੀਦ 4 ਕੁੱਲ ਜੋੜ 80, ਇਸ ਲਈ ਮਲੇਰਕੋਟਲੇ ਸਾਕੇ ਦੇ ਸ਼ਹੀਦਾਂ ਦੀ ਸਹੀ ਗਿਣਤੀ 80 ਹੀ ਹੈ।

ਸਾਕਾ ਜੋ ਇਹ ਵੇਖਦਾ, ਸੀ ਇਕ ਯੌਰਪੀਨ[183]
ਸਿੰਘਾਂ ਦੀ ਬਹਾਦਰੀ, ਵੇਖ ਸਿਦਕ ਯਕੀਨ
ਸਾਰਾ ਯੂਰਪ ਕਰ ਰਿਹਾ, ਇਕ ਈਸਾ ਤੇ ਨਾਜ਼
ਡਿੱਠੇ ਕਈ ਯਸੂਹ ਮੈਂ, ਕਰ ਰਹੇ ਸੀ ਪਰਵਾਜ਼
ਕਿਸੇ ਨਾ ਕਿਹਾ ਉਨ੍ਹਾਂ ਚੋਂ, ਵੇਖ ਲਗੇ ਡਰ ਮੌਤ
ਮਰੇ ਮਜ਼ਾਖਾਂ ਮਾਰਦੇ, ਹੋਏ ਖੁਸ਼ੀ ਨਾਲ ਫ਼ੌਤ
ਨਾਟਕ ਪੂਰਾ ਹੋ ਗਿਆ, ਜੋ ਹੈ ਅਤੀ ਦੁਖਾਂਤ
ਅਗੇ ਵਰਤਿਆ ਏਸ ਤੋਂ, ਵੀ ਭੈੜਾ ਵਰਤਾਂਤ ।

************************

[183]ਇਸ ਦਾ ਨਾਮ ਸਰ. ਹੈਨਰੀ ਕਾਟਨ ਸੀ।

# (28)
# ਦੇਸ਼ ਨਿਕਾਲਾ

ਉੱਨੀ ਸਉ ਅਠਾਈਆ, ਅਤੇ ਮਹੀਨਾ ਮਾਘ
ਜਿਸਨੇ ਮੁੜ ਪੰਜਾਬ ਦੇ, ਮੰਦੇ ਕੀਤੇ ਭਾਗ
ਪੰਜ ਮਾਘ[184] ਨੂੰ ਖਾਲਸੇ, ਕੋਟਲੇ ਤੇ ਕਰ ਵਾਰ
ਕਾਤਲ ਗਊ ਗ਼ਰੀਬ ਦੇ, ਭੇਜੇ ਪਰਲੇ ਪਾਰ
ਦੇਸ਼ ਕੌਮ ਤੇ ਧਰਮ ਤੋਂ, ਹੋਣ ਲਈ ਕੁਰਬਾਨ
ਤੋਪਾਂ ਅਗੇ ਨਿੱਠ ਕੇ, ਹੱਸ ਹੱਸ ਵਾਰੇ ਪ੍ਰਾਨ
ਕਾਵਨ ਲੁਧਿਆਣਿਓਂ, ਗਿਆ ਮਲੌਦ ਦੇ ਵਿਚ
ਬਦਨ ਸਿੰਘ ਸਰਦਾਰ ਨੂੰ, ਪੁੱਛਿਆ ਵਰਤੀ ਕਿਚ ?
ਲੂਣ ਮਰਚ ਲਾ ਬਦਨ ਸਿੰਘ, ਦੱਸੀ ਗੱਲ ਸੁਆਰ
ਸਾਥੋਂ ਖਾਧੀ ਕੂਕਿਆਂ, ਬਹੁਤ ਕਰਾਰੀ ਹਾਰ
ਆਪਣੀ ਗੱਲ ਲੁਕਾ ਲਈ, ਮਾਰੀ 'ਜੇਹੀ ਘੇਸ
ਸਾਡੇ ਦੱਸਿਆ ਤਿੰਨ ਮਰੇ, ਬਾਕੀ ਕਰੇ ਨਾ ਪੇਸ਼
ਡਰਦਾ ਸੀ ਸਰਦਾਰ ਮੱਤ, ਗੁੱਸੇ ਹੋ ਅੰਗ੍ਰੇਜ਼
ਮੈਨੂੰ ਵੀ ਨਾ ਫੜ੍ਹ ਕਿਤੇ, ਦਏ ਜ਼ਹੰਨਮ ਭੇਜ
ਪਰਗਟ ਦਿੱਤੀ ਹੋਣ ਨਾ, ਆਪਣੀ ਗੱਲ ਕਦੰਤ
ਭੈਣੀ ਸਾਹਿਬ ਵਿਚ ਜੋ, ਹੋਇਆ ਸੀ ਵਰਤੰਤ
ਓਥੇ ਕਹਿਆ ਏਸ ਸੀ, ਮੈਂ ਦੇਵਾਂ ਹਥਿਆਰ
ਜਿਨ੍ਹਾਂ ਦੇ ਨਾਲ ਕੋਟਲਾ, ਤੁਸੀਂ ਲਵੋਗੇ ਮਾਰ
ਵੇਲਾ ਲਿਆ ਸੰਭਾਲ ਇਸ, ਕਰ ਕੇ ਤੇ ਪ੍ਰਹੇਜ਼
ਲੱਗ ਨਾ ਸੱਕਾ ਪਤਾ ਕੁਝ, ਇਸ ਗੱਲ ਦਾ ਅੰਗ੍ਰੇਜ਼
ਇਹ ਕਹਾਣ ਪੰਜਾਬ ਦਾ, ਕੇਡਾ ਹੈ ਮਜ਼ਬੂਤ
ਸੌ ਸਵਾਰ ਤੋਂ ਵੱਧ ਡਰ, "ਆਪਣੀ ਜੋ ਕਰਤੂਤ"
ਅਸਲ ਗੱਲ ਸਰਦਾਰ ਨੇ, ਦਈ ਨਾ ਪ੍ਰਗਟ ਹੋਣ

[184] ਕੋਟਲੇ ਤੇ ਹਮਲਾ 15 ਜਨਵਰੀ ਮੁਤਾਬਿਕ 4 ਮਾਘ ਸੰਬਤ 1928 ਬਿ. ਨੂੰ ਹੋਇਆ ਹੈ।

ਡਰ ਸੀ ਮਤੇ ਅੰਗ੍ਰੇਜ਼ ਫੜ੍ਹ, ਉਸ ਨੂੰ ਵੀ ਨਾ ਕੋਹਣ
ਗੱਲਾਂ ਵਿਚ ਭੁਚਲਾਇ ਕੇ, ਕੌਮ ਘਾਤਕ ਗੱਦਾਰ
ਗੱਪਾਂ ਮਾਰੇ ਕਸਮ ਖਾ, ਔਣ ਨਾ ਦੇਵੇ ਵਾਰ
ਕਾਵਨ ਬੰਦਾ ਭੇਜਿਆ, ਸਤਿਗੁਰ ਜੀ ਦੇ ਪਾਸ
ਆਵੋ ਚਲ ਮਲੌਦ ਵਿਚ, ਗੱਲਾਂ ਕਰੀਏ ਖ਼ਾਸ
ਭੈਣੀ ਸਾਹਿਥੋਂ ਤੁਰ ਪਏ, ਪੰਜ ਸਿੰਘ[185] ਲੈ ਨਾਲ
ਸੁਰਖੀ ਘੋੜੀ ਤੇ ਚੜ੍ਹੇ, ਸਤਿਗੁਰ ਦੀਨ ਦਿਆਲ
ਇਕ 'ਸੁਖਪਾਲ' ਵੀ ਚੱਲ ਰਹੀ, ਸੀ ਹੋਰ ਵੀ ਸਾਥ
ਬੈਲ ਨਗੌਰੀ ਜੁੜੇ ਜੋ, ਧਰਨ ਨਾਂ ਦਿੰਦੇ ਹਾਥ
ਘੋੜੀਓਂ ਉਤਰ ਹੋ ਗਏ, ਗੱਡੀ ਤੇ ਅਸਵਾਰ
ਪੁੱਜੇ ਜਾ ਮਲੌਦ ਵਿਚ, ਕਾਵਨ ਕਿਹਾ ਉਚਾਰ
ਕੀਤਾ ਸਿੱਖਾਂ ਤੁਹਾਡਿਆਂ, ਏਥੇ ਆਣ ਫਸਾਦ
ਸਜ਼ਾ ਅਜੇਹੀ ਦਿਆਂ ਮੈਂ, ਲੋਕ ਰੱਖਣਗੇ ਯਾਦ !
ਖੋਹਣਾਂ ਚਾਂਹਦੇ ਜੇ ਤੁਸੀਂ, ਸਾਡੇ ਕੋਲੋਂ ਰਾਜ
ਪਰ ਸੁਣ ਲਓ ਚੰਗੀ ਤਰ੍ਹਾਂ, ਦੱਸਾਂ ਮੈਂ ਮਹਾਰਾਜ
ਪੈਸਾ ਡਬਲ ਜਦੋਂ ਤਕ, ਗੱਭਰੂ ਬੰਦਾ ਇੱਕ
ਅਸੀਂ ਨਾ ਜਾਣਾ ਛੱਡ ਕੇ, ਦੇਸ ਏਸ ਤਦ ਤਿਕ
ਤੁਰ ਪਈਏ ਇੰਗਲੈਂਡ ਤੋਂ, ਬਰਮਾ ਚੀਨ ਮਚੀਨ
ਸਾਡੇ ਅੰਦਰ ਹੁਕਮ ਦੇ, ਸਭੇ ਦੇਸ ਆਧੀਨ
ਫ਼੍ਰੰਟੀਯਰ ਤੋਂ ਚੱਲ ਕੇ, ਕਿਥੇ ਪਿਆ ਆਸਾਮ
ਬੱਝੇ ਸਾਰੇ ਹੁਕਮ ਦੇ, ਝੁਕ ਝੁਕ ਕਰਨ ਸਲਾਮ
ਸਾਡੇ ਨਾਲ ਮੁਕਾਬਲਾ, ਕਰਦੇ ਕੂਕੇ ਸਿਖ
ਏਨ੍ਹਾਂ ਨੇ ਨਾਂ ਸੋਚਿਆ, ਅਪਣਾਂ ਕੋਈ ਭਵਿੱਖ
ਸਿਖਾਂ ਦੀ ਜੋ ਕੌਮ ਓਹ, ਸਾਰੀ ਸਾਡੇ ਨਾਲ
ਅੜੇ ਜੋ ਅੱਗੇ ਅਸਾਂ ਦੇ, ਕਿਸੇ ਦੀ ਨਹੀਂ ਮਜਾਲ
ਕਰ ਸੱਕਦੇ ਰਾਜੇ ਨਹੀਂ, ਮਨ ਅਪਣੇ ਦੀ ਮੌਜ

[185]ਇਹ ਪੰਜ ਸਿੰਘ ਸਨ:- ਜਵਾਹਰ ਸਿੰਘ, ਕਾਹਨ ਸਿੰਘ, ਸਾਹਿਬ ਸਿੰਘ, ਖਜ਼ਾਨ ਸਿੰਘ ਲਧਾਣਾ, ਚਾਰੇ ਸੂਬੇ ਅਤੇ ਨਾਇਬ ਸੂਬਾ ਜੋਗਾ ਸਿੰਘ ਧੂੜਕੋਟ। - (ਬਾਹੋਵਾਲ ਭਾਗ-1, ਸਫਾ-471)

ਮਿੱਟੀ ਵਿਚ ਮਿਲਾ ਦਈਏ, ਭੇਜ ਆਪਣੀ ਫ਼ੌਜ
ਵਿਰਕੇ ਅੱਗੋਂ ਜੇ ਕੋਈ, ਕੱਢ ਦੇਵੀਏ ਵੱਟ
ਗਾਜਰ ਮੂਲੀ ਦੀ ਤਰ੍ਹਾਂ, ਟੁਕੜੇ ਕਰੀਏ ਕੱਟ
ਸਾਨੂੰ ਪਤਾ ਨਾ ਧਰਮ ਦਾ, ਕੇਹੀ ਨੀਤਿ ਅਨੀਤ
ਸਾਡੀ ਤੇ ਬਸ ਇਕ ਹੈ, ਪੈਸੇ ਨਾਲ ਪ੍ਰੀਤ
ਸੜਿਆ ਪਿਆ ਹੰਕਾਰ ਵਿਚ, ਬੋਲੇ ਇੱਕੇ ਸਾਹ
ਉਸਦਾ ਸੁਣ ਬਕਵਾਸ ਇਹ, ਕਿਹਾ ਬੇ-ਪ੍ਰਵਾਹ
ਏਡਾ ਨਾ ਹੰਕਾਰ ਕਰ, ਕਿੱਥੇ ਹੈ ਨਮਰੂਦ
ਲੱਭੇ ਨਹੀਂ ਫਰਯੌਨ ਦਾ, ਬਾਕੀ ਨਾਮ ਨਮੂਦ
ਅੱਜ ਸਕੰਦਰ ਹੈ ਕਿਤੇ ? ਜੋ ਸੀ ਬਹੁਤ ਮਹਾਨ
ਗਲਤ ਹਰਫ਼ ਜਿਉਂ ਮਿਟ ਗਏ, ਰਿਹਾ ਨਾ ਕੋਈ ਨਿਸ਼ਾਨ
ਉਡ ਗਏ ਵਾਂਗ ਕਾਫ਼ੂਰ ਦੇ, ਕਰ ਕੇ ਵੇਖ ਕਿਆਸ
ਦਿਸਦੇ ਨਾਹੀਂ ਉਹ ਕਿਤੇ, ਤੁਹਾਡੀ ਕੇਹੀ ਆਸ ?
ਕੰਬਦੇ ਜਿਸਦੀ ਗਰਜ ਸੁਣ, ਕਾਬਲ ਤੇ ਕੰਧਾਰ
ਕਿੱਥੇ ਸ਼ੇਰ ਪੰਜਾਬ ਅੱਜ, ਹਰੀ ਸਿੰਘ ਸਰਦਾਰ
ਕਿੱਥੇ ਮੁਗਲ ਪਠਾਨ ਜੋ, ਕੌਮਾਂ ਦੇ ਸਰਤਾਜ
ਸਾਰੇ ਹਿੰਦੁਸਤਾਨ ਤੇ, ਕਦੇ ਜਿਨ੍ਹਾਂ ਦਾ ਰਾਜ
ਅੱਤ ਚੁਕੀ ਜਦ ਕੋਟਲੇ, ਰੌਂਤ ਬੁੱਚੜ ਮੂੰਹ ਜੋਰ
ਗਾਈਆਂ ਨੂੰ ਫੜ੍ਹ ਮਾਰਦੇ, ਹਿੰਦੂ ਪਾਂਦੇ ਸ਼ੋਰ
ਅਰਜ਼ੀਆਂ ਦੇ-ਦੇ ਥੱਕ ਗਏ, ਕਿਸੇ ਨਾ ਲੀਤੀ ਸਾਰ
ਸੁਣੀ ਨਾ ਅਸਲੋਂ ਗੱਲ ਇਸ, ਬੋਲੀ ਹੈ ਸਰਕਾਰ
ਗੁਰਮੁਖ ਸਿੰਘ ਨਾਲ ਝਗੜ ਕੇ, ਜਿਨ੍ਹਾਂ ਕੋਹਿਆ ਬੈਲ
ਕਿਸੇ ਨਾ ਪੁੱਛਿਆ ਉਨ੍ਹਾਂ ਨੂੰ, ਕਿਸੇ ਨਾ ਕੀਤਾ ਕੈਲ
ਜੇ ਹੁਣ ਓਹ ਸੋਧੇ ਗਏ, ਕੀ ਤੁਹਾਨੂੰ ਦੁੱਖ ?
ਕਿਉਂ ਕਰੇ ਸਰਕਾਰ ਇਉਂ, ਇਕਸ ਪਾਸੇ ਰੁੱਖ ?
ਇਉਂ ਸਰਕਾਰਾਂ ਦੇ ਨਹੀਂ, ਡਿੱਠੇ ਸੁਣੇ ਖ਼ਿਆਲ
ਬਿਨਾਂ ਖੋਜ ਪੜਤਾਲ ਦੇ, ਰਲਣ ਇਕਸ ਦੇ ਨਾਲ
ਇਕ ਵਾਗੇ ਅੰਗ੍ਰੇਜ ਹੋ, ਕਰ ਰਹੇ ਹੈਨ ਕਸੂਰ
ਸਾਨੂੰ ਨਾ ਪ੍ਰਵਾਹ ਕੁਝ, ਅਸੀਂ ਨਾ ਮੰਨੀਏ ਘੂਰ

ਹੀਰਾ ਸਿੰਘ ਤੇ ਬਦਨ ਸਿੰਘ, ਦੋਵੇਂ ਰਿਸ਼ਤੇਦਾਰ
ਦੋਹਾਂ ਰਲ ਸਲਾਹ ਕਰ, ਕਰੀ ਯੋਜਨਾ ਤਿਆਰ
ਉਕਸਾ ਕੇ ਇਸ ਬਦਨ ਸਿੰਘ, ਪਾਇਆ ਹੈ ਇਹ ਜੱਭ
ਇਸਦੀ ਨਾਲ ਸਲਾਹ ਦੇ, ਕੰਮ ਹੋਇਆ ਹੈ ਸੱਭ
ਸ਼ਸਤ੍ਰ ਲਵੋ ਮਲੌਦ ਤੋਂ, ਲਓ ਕੋਟਲਾ ਮਾਰ
ਮੈਂ ਬਣਾਂਗਾ ਫੇਰ ਮੁੜ, ਦੋਹਾਂ ਦਾ ਸਰਦਾਰ
ਕਰ ਕਰਾ ਫਿਰ ਮੁੱਕਰਿਆ, ਬਦਨ ਸਿੰਘ ਸ਼ੈਤਾਨ
ਇਸ ਤੋਂ ਚੰਗੇ ਹੈਨ ਜੋ, ਜੰਗਲੀ ਪਸ਼ੂ ਹੈਵਾਨ
ਉਹ ਤੇ ਪਾਗਲ ਹਨ ਭਲਾ, ਇਹ ਤੇ ਝੱਲਾ ਨਾਂਹ
ਓਨ੍ਹਾਂ ਦੀ ਸਲਾਹ ਮੰਨ, ਇਸ ਕਿਉਂ ਕੀਤੀ ਹਾਂਹ
ਕੀ ਸਾਨੂੰ ਸੀ ਦੱਸਿਆ, ਪੁੱਛੋ ਇਸ ਸਰਦਾਰ
ਮਰਜ਼ੀ ਸੀ ਕੋਈ ਇਨ੍ਹਾਂ ਦੀ, ਨਵੀਂ ਬਣੇ ਸਰਕਾਰ
ਤੁਹਾਡੇ ਜੇ ਕਾਨੂੰਨ ਵਿਚ, ਸਿੰਘਾਂ ਦਾ ਇਹ ਦੋਸ਼
ਦੱਸੋ ਬਦਨ ਸਿੰਘ ਫਿਰ, ਕਿਧਰੋਂ ਹੈ ਨਿਰਦੋਸ਼
ਮੰਨ ਲਈਏ ਤੁਹਾਡੇ ਕਹੇ, ਸਿੰਘ ਹੈਨ ਸਜ਼ਾਵਾਰ
ਬਰੀ ਨਹੀਂ ਹੋ ਸਕਦਾ, ਇਹ ਵੀ ਫਿਰ ਸਰਦਾਰ
ਜਿਸ ਉਕਸਾਹਟ ਦੇ ਕੇ, ਕਰਵਾਇਆ ਹੈ ਕੰਮ
ਆਪਣੀ ਇਸ ਕਰਤੂਤ ਤੇ, ਇਹ ਨਹੀਂ ਖਾਂਦਾ ਗੰਮ
ਸੁਣਕੇ ਕੰਬੇ ਬਦਨ ਸਿੰਘ, ਮੂੰਹੋਂ ਨਾ ਨਿਕਲੇ ਗੱਲ
ਭਿਜ ਗਈ ਮੁੜ੍ਹਕੇ ਨਾਲ ਉਸ, ਮਾਘ ਮਹੀਨੇ ਖੱਲ
ਕਾਵਨ ਕਰ ਹੰਕਾਰ ਨਾ, ਕਿਹਾ ਦੀਨ ਦਿਆਲ
ਅੰਤ ਤੁਹਾਡਾ ਹੋਵਸੀ, ਇਕ ਦਿਨ ਮੰਦਾ ਹਾਲ
ਤੂੜੀ ਦੀ ਪੰਡ ਸਿਰ ਤੇ, ਚੁੱਕੀ ਜਾਇ ਕਿਸਾਨ
ਗੰਢ ਲੜਾਂ ਦੀ ਖੁਲ੍ਹ ਜੇ, ਖਿੰਡੇ ਵਿਚ ਮੈਦਾਨ
ਇਕ ਵੀ ਫੰਡਾ ਓਸਦੇ, ਆਵੇ ਨਾਹੀਂ ਹੱਥ
ਬਿਖਰੇ ਵਿਚ ਮੈਦਾਨ ਦੇ, ਢੇਰੀ ਹੋਵੇ ਵੱਥ
ਆਣ ਪਏ ਅੰਗ੍ਰੇਜ਼ ਤੇ, ਤਿਵੇਂ ਚੁਪਾਸਿਓਂ ਮਾਰ
ਆਵੇਗਾ ਨਾ ਰਾਸ ਫਿਰ, ਕੋਈ ਵੀ ਹਥਿਆਰ
ਦੇਸ਼ ਅਜਾਦੀ ਦੀ ਜੋ, ਮੈਂ ਇਹ ਬਾਲੀ ਅੱਗ

ਬੁਝ ਨ ਸਕੇ ਇਹ ਸਗੋਂ, ਮੱਚਣ ਭਾਂਬੜ ਮੱਘ
ਕਾਲੇ ਪਾਣੀ ਫ਼ਾਂਸੀਆਂ, ਤੇ ਤੋਪਾਂ ਦੀ ਮਾਰ
ਸੱਕੇ ਨਹੀਂ ਬੁਝਾ ਇਸ, ਕਰ ਲਓ ਜ਼ੁਲਮ ਅਪਾਰ
ਦਈ ਹਕੂਮਤ ਜਿਸ ਇਹ, ਲੈਣੀ ਓਸ ਸੰਭਾਲ
ਰੱਬ ਕਰੇਗਾ ਅੰਤ ਨੂੰ, ਤੁਹਾਡਾ ਮੰਦਾ ਹਾਲ
ਹੋਇ ਸੁਤੰਤ੍ਰ ਇੱਕ ਦਿਨ, ਮੇਰਾ ਦੇਸ਼ ਖ਼ੁਸ਼ਹਾਲ
ਬੁਝੇਗੀ ਨਾ ਅੱਗ ਇਹ, ਮੈਂ ਜੋ ਦਿਤੀ ਬਾਲ
ਸਿਰ ਦੇ ਉਪਰ ਪੈਰ ਰੱਖ, ਨੱਸੋਂ ਛੱਡ ਮੈਦਾਨ
ਜਾਵੋਂ ਆਪਣੇ ਦੇਸ ਨੂੰ, ਸਾਡਾ ਕਰ ਨੁਕਸਾਨ
ਇਕ ਛੱਡੋਂ ਇਕਨਾ ਫੜ੍ਹੋਂ, ਇਹ ਤੁਹਾਡਾ ਦਸਤੂਰ
ਜਦੋਂ ਕੇ ਹੋਵੇ ਦੋਹਾਂ ਦਾ, ਇੱਕੋ ਜਿਹਾ ਕਸੂਰ
ਲੱਗ ਗਿਆ ਪਤਾ ਅੰਗ੍ਰੇਜ਼ ਨੂੰ, ਅਸਲ ਗੱਲ ਦਾ ਸਾਫ਼
ਪਰ ਫਿਰ ਵੀ ਸਰਦਾਰ ਨੂੰ, ਕਰ ਦਿਤਾ ਉਸ ਮਾਫ਼
ਬਿਨਾਂ ਮਿਥੀ ਦੇ ਸਿੰਘ ਨਾ, ਗਏ ਏਸ ਦੇ ਕੋਲ
ਕੀਤਾ ਪੜਦਾ ਫਾਸ਼ ਸੀ, ਸਤਿਗੁਰ ਜੀ ਨੇ ਬੋਲ
ਲੱਗਾ ਮੱਥੇ ਏਸ ਦੇ, ਸਦਾ ਗੁਲਾਮੀ ਦਾਗ
ਸਿੰਘਾਂ ਨਾਲ ਧਰੋਹ ਕਰ, ਖੋਏ ਜਿਸ ਨੇ ਭਾਗ
ਹੁੰਦਾ ਨਾ ਜੇ ਕਦੀ ਕੁਝ, ਪਹਿਲਾਂ ਹੀ ਸਾਜ ਬਾਜ
ਸਿੰਘ ਕਿਉਂ ਜਾਂਦੇ ਏਸ ਵੱਲ, ਐਵੇਂ ਕਿਵੇਂ ਅਕਾਜ
ਨੇੜੇ-ਨੇੜੇ ਇਸ ਜਿਹੇ, ਹੋਰ ਵੀ ਸਨ ਸਰਦਾਰ
'ਰਾਮਪੁਰਾ' ਤੇ 'ਬੇਰ' ਜੋ, ਆਦਕ ਕਈ ਵਿਚਾਰ
ਇੰਝ ਅਚਾਣਕ ਜਾਣਦੀ, ਏਸ ਸਮੇਂ ਨਾ ਲੋੜ
ਜਦ ਕਿ ਕਰਨੀ ਨਹੀਂ ਸੀ, ਕਿਸੇ ਵੀ ਪੂਰੀ ਥੋੜ
ਪਹਿਲਾਂ ਕਰ ਕੇ ਹਾਂ ਇਸ, ਦਿਤਾ ਫੇਰ ਜਵਾਬ
ਬਣੀ ਬਣਾਈ ਯੋਜਨਾ, ਕੀਤੀ ਸਭ ਖ਼ਰਾਬ
ਦਿੱਤੇ ਜਦ ਅੰਗ੍ਰੇਜ਼ ਨੇ, ਗਦਾਰਾਂ ਨੂੰ ਇਨਾਮ
ਬਦਨ ਸਿੰਘ ਦਾ ਉਨ੍ਹਾਂ ਵਿਚ, ਆਇਆ ਕੋਈ ਨਾ ਨਾਮ
ਮੱਥੇ ਉਤੇ ਏਸ ਦੇ, ਲਾਇਆ ਗੁਲਾਮੀ ਦਾਗ
ਮਾਰਿਆ ਟਕੂਆ ਇੰਦ ਕੌਰ, ਖੋਏ ਇਸਦੇ ਭਾਗ

ਸਤਿਗੁਰ[186] ਗਏ ਸਿਆੜ ਪਿੰਡ, ਨਿਰਭੈ ਬਚਨ ਉਚਾਰ
ਛੇ ਮਾਘ ਦੀ ਖ਼ਬਰ ਦੀ, ਕਰ ਰਹੇ ਸੀ ਇੰਤਜ਼ਾਰ
ਸਿੰਘ ਸਿਆੜੋਂ ਭੇਜਿਆ, ਜਿਵੇਂ ਕੋਟਲੇ ਹਾਲ
ਵਰਤੀ ਸਿੰਘਾਂ ਨਾਲ ਜੋ, ਖ਼ਬਰ ਲਿਆ ਤਤਕਾਲ
ਦੱਸੀ ਆ ਕੇ ਸਿੰਘ ਨੇ, ਕੋਟਲੇ ਦੀ ਸਭ ਸਾਰ
ਜ਼ਾਲਿਮ ਬਿੱਲਿਆਂ ਪਕੜ ਕੇ, ਸਿੰਘ ਨੇ ਦਿੱਤੇ ਮਾਰ
ਤੋਪਾਂ ਚਲਦੀਆਂ ਸੁਣਦੀਆਂ, ਸਿਆੜ੍ਹ ਦੇ ਵਿਚਕਾਰ
ਬੋਲੇ ਸੁਣ ਸ੍ਰੀ ਸਤਿਗੁਰੂ, ਧੰਨ ਸਿੰਘਾਂ ਦੀ ਕਾਰ
ਗਊ ਗਰੀਬਾਂ ਵਾਸਤੇ, ਜੋ ਹੋਏ ਕੁਰਬਾਨ
ਦੇਵੇ ਜੁਗ ਪਲਟਾ ਇਹ, ਸਿੰਘਾਂ ਦਾ ਬਲੀਦਾਨ
ਭੈਣੀ ਸਾਹਬ ਆ ਗਏ, ਸ੍ਰੀ ਗੁਰੂ ਜੀ ਚੱਲ
ਅਜੇ ਵੀ ਬੈਠੇ ਸਿੰਘ ਜੋ, ਗਏ ਨਾ ਘਰ ਦੇ ਵੱਲ
ਲਈ ਉਨ੍ਹਾਂ ਦੀ ਆਣ ਕੇ, ਸਤਿਗੁਰ ਜੀ ਨੇ ਸਾਰ
ਕਿਹਾ ਓਨ੍ਹਾਂ ਨੂੰ ਸਭ ਨੂੰ, ਜਾਵੋ ਘਰੀਂ ਪਧਾਰ
ਸਖ਼ਤੀ ਕਰਨੀ ਬਿੱਲਿਆਂ, ਜਲਦੀ ਏਥੇ ਆਣ
ਫਿਰ ਕਿਸੇ ਨੂੰ ਸ਼ਾਇਦ ਹੀ, ਓਹ ਦੇਵਣ ਘਰ ਜਾਣ
ਬਚਨ ਮੰਨ ਕੁਝ ਤੁਰ ਗਏ, ਆਪੋ ਆਪਣੇ ਬਾਰ
ਬੇਲੀ[187] ਸੀ ਜਰਨੈਲ ਪੁਲਸ, ਆਇਆ ਵਿਚ ਦਰਬਾਰ
ਆਂਹਦਾ ਮੈਂ ਹਾਂ ਆਇਆ, ਤੁਸਾਂ ਕਰਨ ਗ੍ਰਿਫ਼ਤਾਰ
ਐਸੇ ਵੇਲੇ ਤੁਰ ਪਓ, ਹੁਕਮ ਨਾਲ ਸਰਕਾਰ
ਸੁਣ ਕਿਹਾ ਸ੍ਰੀ ਗੁਰੂ ਜੀ, ਸਾਡੀ ਕੋਈ ਨਾ ਦੇਰ
ਅਸੀਂ ਤਿਆਰ ਬਰ ਤਿਆਰ ਹਾਂ, ਕਰਦੇ ਨਹੀਂ ਅਵੇਰ
ਬਸਤਰਾਂ ਦੇ ਰਖਵਾਰ ਨੇ, ਅਰਜ਼ ਕਰੀ ਮਹਾਰਾਜ

---

[186] 16 ਜਨਵਰੀ ਮੁਤਾਬਿਕ 5 ਮਾਘ ਨੂੰ ਸਤਿਗੁਰੂ ਜੀ ਪਹਿਲਾਂ ਡੀ.ਸੀ. ਕਾਵਨ ਦੇ ਸੱਦੇ ਤੇ ਮਲੌਦ ਅਤੇ ਫਿਰ ਉਸ ਦਿਨ ਬਾਅਦ ਦੁਪਹਿਰ ਪਿੰਡ ਸਿਆੜ੍ਹ ਪੁੱਜ ਗਏ ਸਨ। ਇੱਥੇ ਇਸ ਦਿਨ ਦੀ ਰਾਤ ਆਪ ਨੇ ਭਾਈ ਬੇਲਾ ਸਿੰਘ ਵਲਦ ਕਉਲਾ ਸਿੰਘ ਦੇ ਘਰ ਬਿਤਾਈ ਸੀ। ਮਲੇਰ ਕੋਟਲੇ ਸਾਕੇ ਦੀ ਖ਼ਬਰ ਲੈਣ ਆਪ ਨੇ ਭਾਈ ਲਾਲ ਸਿੰਘ ਨੂੰ ਸਿਆੜ੍ਹ ਤੋਂ ਭੇਜਿਆ ਸੀ।

[187] ਡੀ.ਆਈ.ਜੀ. ਪੰਜਾਬ ਪੁਲਿਸ ਬੇਲੀ ਸਾਹਨੇਵਾਲ ਥਾਣੇ ਵਿਚ ਬੈਠ ਕੇ 17 ਜਨਵਰੀ ਨੂੰ ਸਤਿਗੁਰੂ ਜੀ ਦੀ ਹੋਣ ਵਾਲੀ ਗ੍ਰਿਫ਼ਤਾਰੀ ਦੀ ਨਿਗਰਾਨੀ ਕਰਦਾ ਰਿਹਾ। ਉਸ ਨੇ ਆਪ ਜਾਣ ਦੀ ਬਜਾਏ ਭੈਣੀ ਸਾਹਿਬ ਇੰਸਪੈਕਟਰ ਗੁਲਾਬ ਸਿੰਘ ਅਤੇ ਸ਼ਾਹ ਵਲੀ ਥਾਣੇਦਾਰ ਨੂੰ ਭੇਜਿਆ ਸੀ।

ਕੀ ਪੁਸ਼ਾਕਾ ਪਹਿਨਣਾ, ਕੀ ਸਜਾਣਾ ਸਾਜ਼ ?
ਕਰਮੋਂ ਕਾਲੀ ਕੰਬਲੀ, ਲਿਆਈ ਸੀ ਕਰ ਤਿਆਰ
ਬੀਬੀ ਗੁਜਰਵਾਲ ਤੋਂ, ਗਰੇਵਾਲ ਸਰਦਾਰ
ਵੇਖ ਕੰਬਲੀ ਕਿਹਾ ਸੀ, ਹੱਸ ਗੁਰੂ ਭਗਵਾਨ
ਦੇਸ਼ ਨਿਕਾਲੇ ਦਾ ਕੁੜੇ, ਲਿਆਈ ਬਣਾ ਸਮਾਨ ?
ਕੀਨਾਂ ਖਾਫ਼ਾਂ ਅਤਲਸਾਂ, ਮਖ਼ਮਲ ਦੀ ਨਾ ਥੋੜ
ਪਹਿਨਾਂਗੇ ਓਹ ਕੰਬਲੀ, ਹੈ ਅੱਜ ਉਸਦੀ ਲੋੜ
ਚੀਨੀ, ਚੰਬੀ, ਸੁਰਖੀ, ਕੁੱਲੀ ਕਰੋ ਨ ਤਿਆਰ
ਅੱਜ ਚੱਲਾਂਗੇ ਹੋਇਕੇ, ਗੱਡੇ ਤੇ ਅਸਵਾਰ
ਗੱਡਾ ਆਂਦਾ ਤਿਆਰ ਕਰ, ਗੁਰਦਿਤ ਸਿੰਘ ਮਹੰਤ
ਉਸ ਤੇ ਗਏ ਸਵਾਰ ਹੋ, ਸਤਿਗੁਰੂ ਸ੍ਰੀ ਭਗਵੰਤ
ਇਕ ਪਾਸੇ ਰੋਵੇ ਪਿਤਾ, ਦੂਜੇ ਰੋਵੇ ਧੀ
ਪਤਾ ਨਹੀਂ ਕੀ ਬੀਤਦੀ, ਭਾਈ ਦੇ ਵਿਚ ਜੀ
ਗੁੰਮ ਸੁੰਮ ਹੋਏ ਖੜੇ ਸਨ, ਹਰੀ ਸਿੰਘ ਮਹਾਰਾਜ
ਇਹ ਕੀ ਭਾਣਾਂ ਵਰਤਿਆ, ਸਮਝ ਨਾ ਆਵੇ ਰਾਜ਼
ਰੋ ਰਹੇ ਵਿਚ ਵੈਰਾਗ ਭਰ, ਉੱਚੀ ਧਾਹਾਂ ਮਾਰ
ਸਾਨੂੰ ਕਿਸਦੇ ਆਸਰੇ, ਛੱਡ ਤੁਰੇ ਸਰਕਾਰ ?
ਦੁਸ਼ਮਣ ਸਾਡਾ ਦੇਸ ਦਾ, ਪੱਤ-ਪੱਤਾ ਝਾੜ
ਰਲ ਕੇ ਬਿਲਿਆਂ ਨਾਲ ਇਹ, ਸਾਨੂੰ ਦੇਣ ਲਿਤਾੜ :-
"ਮਾਹੀ ! ਨਾ ਇਉਂ ਛਡ ਕੇ ਜਾਈਂ, ਸੁਣ ਸਾਡੀਆਂ ਅਰਜੋਈਆਂ
ਚੰਨਾਂ ਮਾਫ਼ ਕਰੀਂ ਤਕਸੀਰਾਂ, ਜੋ ਅਨਜਾਣੇ ਹੋਈਆਂ
ਮਿਹਰ ਕਰੀਂ ਓ ਮਿਹਰਾਂ ਵਾਲੇ, ਰੱਖੀਂ ਨਦਰ ਸਵੱਲੀ
ਏਸ ਫਿਰਾਕ ਅੱਗੇ ਲੱਖ ਜਿੰਦਾਂ, ਵਾਂਗ ਕਸਾਈ ਕੋਹੀਆਂ

ਇਉਂ ਕਰਨਾ ਸੀ ਤਾਂ ਪਹਿਲੋਂ ਹੀ, ਪਿਆਰ ਨਹੀਂ ਸੀ ਪਾਣਾ
ਕਾਹਨੂੰ ਲਾਡ ਲਡਾਣੇ ਸਨ ਜੇ, ਇਉਂ ਛੱਡ ਸੀ ਤੁਰ ਜਾਣਾ
ਕਹਿਰ ਵਿਛੋੜਾ ਝੱਲ ਨਾ ਹੋਵੇ, ਮਰੀਏ ਭਰਦੇ ਹਾਵੇ
ਮੰਨ ਸਕੇਗਾ ਕੌਣ ਅਜੇਹਾ, ਮਿੱਠਾ ਕਰਕੇ ਭਾਣਾ

ਇਕ ਪਾਸੇ ਪਈ ਸੰਗਤ ਰੋਵੇ, ਪਿਉ ਰੋਵੇ ਇਕ ਪਾਸੇ
ਇਕ ਪਾਸੇ ਧੀ ਮਾਰੇ ਆਹੀਂ, ਛੱਡ ਤੁਰੇ ਜਿਸ ਮਾਪੇ
ਗੁੰਮ ਸੁੰਮ ਹੋਇਆ ਵੀਰ ਖਲੋਤਾ, ਨਾ ਬੋਲੇ ਨਾ ਚੱਲੇ
ਆਂਹਦੇ ਸਾਨੂੰ ਛੱਡ ਤੁਰੇ ਹੋ, ਪ੍ਰੀਤਮ ! ਕਿਸ ਭਰਵਾਸੇ ?
'ਲਖੇ'[188] ਦੇ ਗੁਜ਼ਰੇ ਜੋ ਦਿਲ ਵਿਚ, ਦੂਜਾ ਕੋਈ ਨਾ ਜਾਣੇ
ਪੱਥਰ ਵਾਂਗ ਅਹਿੱਲ ਖਲੋਤਾ, ਵੇਖ ਰੱਬ ਦੇ ਭਾਣੇ
ਜਿਸ ਦੇ ਜਿਹਾ ਸੁਭਾਗਾ ਨਹੀਂ ਸੀ, ਦੁਨੀਆਂ ਤੇ ਕੋਈ ਦੂਜਾ
ਵਿਗੜੀ ਖੇਡ ਅਚਾਣਕ ਆ ਕੇ, ਦਾ ਪਿਆ ਤਿੰਨ ਕਾਣੇ
ਚੀਨੀ, ਚੰਬੀ, ਸੁਰਖੀ, ਕੁੱਲੀ, ਪਈਆਂ ਸਭ ਅਧ ਮੋਈਆਂ
ਦਾਣੇ ਪੱਠੇ ਵੱਲ ਨਾ ਤੱਕਣ, ਅੱਖਾਂ ਭਰ ਭਰ ਰੋਈਆਂ
ਕੌਣ ਪਿਆਰ ਕਰੂ ਹੁਣ ਸਾਨੂੰ – 'ਜੀਓ!' ਕਹਿ ਪੁਚਕਾਰੇ
ਜਿਸਦੀ ਆਸ ਨਾ ਕਦੀ ਕਿਸੇ ਨੂੰ, ਓਹ ਅਨਹੋਣੀਆਂ ਹੋਈਆਂ
ਗਊਆਂ ਰੋਂਦੀਆਂ ਜ਼ਾਰੋ ਜ਼ਾਰੀ, ਮੋਹਨ ਜੀ ਉਠ ਚੱਲੇ
ਸਾਨੂੰ ਨਾਲ ਲੈ ਚੱਲੋ ਪ੍ਰੀਤਮ, ਅਸੀਂ ਨਾ ਰਹਿਣਾ ਕੱਲੇ
ਸਾਡੇ ਬਦਲੇ ਦੇਸ ਬਦੇਸੀਂ, ਉਠ ਤੁਰੇ ਬਣ ਜੋਗੀ
ਦੱਸ ਤੇ ਜਾਓ । ਕਿਹੜੀ ਗੱਲੇ, ਇਉਂ ਰੁਸ ਕੇ ਤੁਰ ਚੱਲੇ ?
ਕੌਣ ਕਰੇ ਰਖਵਾਲੀ ਸਾਡੀ, ਕੌਣ ਬੁੱਚੜਾਂ ਮੋੜੇ
ਕਿਸੇ ਨਾ ਤਰਸ ਅਸਾਡਾ ਕਰਨਾ, ਕੋਈ ਨਾ ਮਰਨੋਂ ਹੋੜੇ
ਥਾਂ ਥਾਂ ਬੁੱਚੜ ਖਾਨੇ ਖੁੱਲ੍ਹਣ, ਕੋਹ-ਕੋਹ ਖੱਲ ਉਤਾਰਨ
ਆਪ ਦੁਖਾਂ ਵਿਚ ਫ਼ਸਕੇ ਕਿਹੜਾ, ਸਾਨੂੰ ਜੀਉਂਦਿਆਂ ਲੋੜੇ
ਲੋਕੋ ਵੇ ਕੋਈ ਸੁਣੋ ਬਾਹੁੜੀ, ਪ੍ਰੀਤਮ ਜੀ ਨੂੰ ਮੋੜੋ
ਤਰਸ ਕਰੋ ਦੁਖੀਆਂ ਦੇ ਉਤੇ, ਰਹਿਮ ਨਾ ਹੱਥੋਂ ਛੋੜੋ
ਕਹਿਰ-ਵਿਛੋੜਾ ਕੋਹ-ਕੋਹ ਮਾਰੇ, ਲਾਹੇ ਖੱਲ ਅਪੁੱਠੀ
ਸਾਡੇ ਚੰਮ ਦੀਆਂ ਜੁੱਤੀਆਂ ਸੀਵੋਂ, ਹਾੜਾ ! ਜਾਂਦਿਆਂ ਹੋੜੋ

ਚੀਨੀਏ ! ਤੂੰ ਨਾ ਅੱਖੋਂ ਓਹਲੇ, ਹੁੰਦੀ ਸੈਂ ਕਿਸੇ ਵੇਲੇ
ਕਮਲੀਏ ਤੁਰ ਚਲੇ ਨੀਂ ਪ੍ਰੀਤਮ, ਤੈਨੂੰ ਬੰਨ੍ਹ ਤਬੇਲੇ

---

[188]ਬਾਬਾ ਜੱਸਾ ਸਿੰਘ, ਸਤਿਗੁਰੂ ਜੀ ਦੇ ਪਿਤਾ ਜੀ ਨੂੰ ਪਿੰਡ ਵਿਚ 'ਲੱਖਾ' ਵੀ ਕਹਿੰਦੇ ਸਨ।

ਫਿਰ ਪਛਤਾਇਆਂ ਕੁਝ ਨਹੀਂ ਬਣਨਾ, ਹੁਣ ਕਰ ਲੈ ਜੋ ਕਰਨਾ
ਅੱਜ ਦੇ ਵਿਛੜੇ ਪਤਾ ਨਹੀਂ, ਕਦ ਹੋਣ ਸਬੱਬੀ ਮੇਲੇ

ਗਊਓ ! ਤੁਹਾਡੇ ਬਦਲੇ ਹੈ, ਇਹ ਸਾਰਾ ਪਿਆ ਪੁਆੜਾ
ਵੱਸਦੇ ਰਸਦੇ ਖ਼ੁਸ਼ੀਆਂ ਦੇ ਵਿਚ, ਪਾਇਆ ਤੁਸੀਂ ਉਜਾੜਾ
ਸਭ ਤੋਂ ਬਾਹਲਾ ਮੋਹਨ ਜੀ ਸਨ, ਤੁਹਾਨੂੰ ਲਾਡ ਲਡਾਂਦੇ
ਪੁੱਛ ਦੇਵੋ ਮੁੜ ਕੇ ਕਦ ਆਸਨ, ਮੰਨ ਅਸਾਡਾ ਹਾੜਾ

ਅੱਗੇ ਭਾਰਤ ਦੀ ਬਰਬਾਦੀ, ਬਦਲੇ ਹੋਈ ਤੁਹਾਡੇ
ਮੁਹੰਮਦ ਗੌਰੀ ਪਾਨੀਪਤ ਵਿਚ, ਕਰਿਆ ਅੱਗੇ ਸਾਡੇ
ਤੁਹਾਨੂੰ ਮਾਰ ਨਾ ਸੱਕੇ ਸਾਂ ਪਰ, ਆਪ ਮਰੇ ਸਾਂ ਓਥੇ
ਪੇਸ਼ ਪਈ ਅਜ ਫੇਰ ਦੁਬਾਰਾ, ਓਹੀ ਮੁੜ ਅਸਾਡੇ
ਆਂਹਦੇ ਭਾਈ ਬੁੱਧ ਸਿੰਘ, ਗੁਰੂ ਗ੍ਰੀਬ ਨਿਵਾਜ !
ਸੁਣੋ ਬੇਨਤੀ ਦਾਸ ਦੀ, ਅਰਜ਼ ਕਰਾਂ ਮਹਾਰਾਜ
ਤੁਸੀਂ ਤੇ ਬੈਠੋ ਘਰ ਵਿੱਚ, ਵੱਸੋ ਆਪਣੇ ਦੇਸ਼
ਤੁਹਾਡੇ ਬਦਲੇ ਮੈਂ ਚੱਲ, ਜਾਵਾਂਗਾ ਪਰਦੇਸ਼
ਆਖਾਂਗਾ ਅੰਗ੍ਰੇਜ ਨੂੰ, ਹਨ ਬੁੱਚੜ ਮਾਰੇ ਮੈਂ
ਇਸ ਤੋਂ ਬਿਨਾਂ ਵੀ ਹੋਰ ਕੰਮ, ਕਈ ਬਗਾੜੇ ਮੈਂ
ਮੈਂ ਹੀ ਭੇਜੇ ਸਿੰਘ ਸਨ, ਕਰਨ ਕੋਟਲੇ ਵਾਰ
ਅੰਮ੍ਰਿਤਸਰ ਦੇ ਵਿਚ ਵੀ, ਮੈਂ ਵਰਤਾਈ ਕਾਰ
ਰਾਇਕੋਟ ਵਿਚ ਜਾਣ ਦੀ, ਦਿੱਤੀ ਮੈਂ ਸਲਾਹ
ਬੁੱਚੜ ਸੋਧਣ ਵਾਸਤੇ, ਮੈਂ ਸਭ ਲਾਈ ਵਾਹ
ਪਤਾ ਨਾ ਕਿਸੇ ਗੱਲ ਦਾ, ਸ੍ਰੀ ਗੁਰੂ ਮਹਾਰਾਜ
ਮੈਂ ਨਹੀਂ ਸੀ ਦੱਸਿਆ ਕਦੀ, ਕੋਈ ਆਪਣਾ ਰਾਜ਼
ਸਭ ਪੁਆੜੇ ਏਸ ਦੀ, ਮੈਂ ਹਾਂ ਕੱਲੀ ਜੜ੍ਹ
ਸਤਿਗੁਰੂ ਜੀ ਨੂੰ ਛੱਡ ਕੇ, ਮੈਨੂੰ ਲੈ ਜਾਓ ਫੜ੍ਹ
ਜੇ ਮੈਂ ਏਥੇ ਰਹਿ ਗਿਆ, ਪਾਵਾਂ ਫੇਰ ਫ਼ਸਾਦ
ਸਤਿਗੁਰ ਕੁਝ ਨਹੀਂ ਜਾਣਦੇ, ਇਹ ਨੇ ਉੱਕਾ ਸਾਧ
ਸੁਣ ਕੇ ਗੱਲਾਂ ਸਭ ਦੀਆਂ, ਦੇਂਦੇ ਹੋਏ ਧੀਰ

ਰੋਂਦਿਆਂ ਛੱਡ ਕੇ ਤੁਰ ਪਏ, ਕੀ ਹੋਈ ਤਕਸੀਰ ?
ਜਿੰਨਾਂ ਚਿਰ ਨਾ ਛੱਡ ਕੇ, ਮੈਂ ਜਾਵਾਂ ਇਹ ਦੇਸ
ਧਰਮ ਨਾ ਤੁਰਨਾ ਤਦੋਂ ਤਕ, ਸੰਵਰੇ ਕੰਮ ਨਾ ਲੇਸ
ਗੱਲਾਂ ਸੁਣ ਕੇ ਸਭ ਦੀਆਂ, ਸਭਨਾਂ ਦਿਤੀ ਧੀਰ
ਤੁਰ ਪਏ ਰੋਂਦਿਆਂ ਛੱਡ ਕੇ, ਬਿਨਾਂ ਕਿਸੇ ਤਕਸੀਰ
ਮੇਰੇ ਬੋਹੜੋ ਪਿੱਪਲੋ, ਮੇਰੀ ਰੱਖਣੀ ਯਾਦ
ਮੁੱਢੋਂ ਤੁਰਦੀ ਆ ਰਹੀ, ਸਾਡੀ ਇਹ ਮਰਯਾਦ
ਚੀਨੀਏ ਰੋ ਨਾ ਕਮਲੀਏ, ਤੇਰਾ ਮਿਰਾ ਸੰਜੋਗ
ਕੋਈ ਨਹੀਂ ਪਾ ਸਕਦਾ, ਸਾਡਾ ਕਦੀ ਵਿਯੋਗ
ਨਾਉਂ ਸੁਭਾਗਾ ਅਮਰ ਹੈ, ਤੇਰਾ ਵਿਚ ਸੰਸਾਰ
ਚੀਨੀ ਵਾਲਾ ਆਖ ਕੇ, ਮੇਰੀ ਹੋਊ ਪੁਕਾਰ
ਟੁੰਡ ਮੁੰਡ ਬੋਹੜੋ ਪਿਪਲੋ, ਤਕ ਤੁਹਾਡੀ ਸੱਧ
ਟੋਹ ਲਵਾਂਗਾ ਮੈਂ ਕਦੀ, ਇਹ ਭੈਣੀ ਦੀ ਹੱਦ
ਗਊਓ ਤੁਹਾਡੇ ਗਲੋਂ ਨਾ, ਛੁਰੀ ਲਹੇ ਜਦ ਤੀਕ
ਤਦ ਤਕ ਮੇਰੀ ਵੀ ਤੁਸੀਂ, ਛੱਡਣੀ ਨਹੀਂ ਉਡੀਕ
ਜ਼ਾਲਮ ਫੜ ਕੇ ਮਾਰਦੇ, ਬਿਨਾਂ ਕਿਸੇ ਤਕਸੀਰ
ਗਊਆਂ ਨੂੰ ਪਿਆਰ ਕੇ, ਓਨ੍ਹਾਂ ਦਿੱਤੀ ਧੀਰ
ਜਾਨਵਰਾਂ ਨੂੰ ਪਿਆਰ ਦੇ, ਸਭਨਾਂ ਦਿੱਤੀ ਧੀਰ
ਮਾਰੇ ਜਾ ਰਹੇ ਹੋ ਤੁਸੀਂ, ਬਿਨਾਂ ਕਿਸੇ ਤਕਸੀਰ
ਚਲਣ ਨਾ ਦੇਣਾ ਮੈਂ ਇਹ, ਬੇਰਹਿਮੀ ਵਾਪਾਰ
ਛੁਰੀ ਨਾ ਦੇਣੀ ਰਹਿਣ ਇਕ, ਕਿਤੇ ਵਿਚ ਸੰਸਾਰ
ਮੇਰੇ ਪਿਆਰੇ ਪੰਛੀਓ, ਚਿੜੀ ਕਬੂਤਰ ਮੋਰ
ਸਬਰ ਸ਼ੁਕਰ ਵਿਚ ਵੱਸਣਾ, ਕੋਈ ਨਾ ਪਾਣਾ ਸ਼ੋਰ
ਤੁਹਾਨੂੰ ਮਿਲਦਾ ਰਹੇਗਾ, ਸਦਾ ਤੁਹਾਡਾ ਚੋਗ
ਭਾਣਾ ਮਿੱਠਾ ਮੰਨਦਿਆਂ, ਕੋਈ ਨਾ ਕਰਨਾ ਸੋਗ
ਆਦਿ ਜੁਗਾਦੋਂ ਆ ਰਹੀ, ਸਾਡੀ ਇਹ ਮਰਯਾਦ
ਦੇਸ਼ ਨਿਕਾਲਾ ਆਪ ਲੈ, ਕਰਨੇ ਲੋਕ ਅਬਾਦ
ਜਿੰਨਾ ਚਿਰ ਨਾ ਛਡਕੇ, ਮੈਂ ਜਾਵਾਂ ਇਹ ਦੇਸ਼
ਧਰਮ ਨਾ ਤੁਰਨਾਂ ਤਦੋਂ ਤੱਕ, ਦੂਰ ਨਾ ਹੋਇ ਕਲੇਸ਼

ਬਾਬਾ ਜੱਸਾ ਸਿੰਘ ਜੀ, ਆਂਹਦੇ ਮੇਰੇ ਰਾਮ !
ਮੇਰੇ ਲਈ ਪਾ ਤੁਰੇ, ਇਹ ਕਹਿਰਾਂ ਦੀ ਸ਼ਾਮ
ਚੰਗਾ ਹੁੰਦਾ ਆਪਣੇ, ਜਾਂਦੇ ਹੱਥੀਂ ਮਾਰ
ਕੀ ਕਰਨਾ ਹੈ ਜੀਊਂ ਕੇ, ਮੈਂ ਹੁਣ ਵਿਚ ਸੰਸਾਰ
ਆਪਣੇ ਹੱਥ ਨਿਬੇੜ ਕੇ, ਮੇਰਾ ਸਾਰਾ ਕਾਜ
ਤੁਰ ਜਾਂਦੇ ਜੀ ਸਦਕੇ, ਫੇਰ ਕਿਤੇ ਮਹਾਰਾਜ
ਪਹਿਲਾਂ ਹੀ ਮੈਂ ਕਿਹਾ ਸੀ, ਇਉਂ ਦਿਲ ਨਿਸਚਾ ਧਾਰ
ਮੇਰਾ ਹੱਥੀਂ ਆਪਣੇ, ਕਰ ਦੇਣਾ ਨਿਸਤਾਰ
ਹੁਣ ਇਉਂ ਛੱਡ ਕੇ ਜਾ ਰਹੇ, ਕਦ ਆਵੋਗੇ ਫੇਰ ?
ਸਾਡੇ ਭਾ ਦਾ ਪੈ ਗਿਆ, ਜੱਗ ਦੇ ਵਿਚ ਅਨ੍ਹੇਰ
ਬਾਬਾ ਜੀ ਦੀ ਅਰਜ਼ ਇਹ, ਸੁਣ ਬੋਲੇ ਭਗਵਾਨ
ਅੰਤ ਸਮੇਂ ਮੈਂ ਦਿਆਂਗਾ, ਦਰਸ ਤੁਹਾਨੂੰ ਆਨ
ਚੁੰਨ੍ਹੀ ਦਾ ਸੰਤ ਜੀਊਣ ਸਿੰਘ, ਭਰੇ ਏਸਦੀ ਸਾਖ
ਆਵਾਂਗਾ ਜਦ ਤੁਸਾਂ ਕੋਲ, ਉਸਨੂੰ ਦੇਵਾਂ ਆਖ
ਰੋਂਦਿਆਂ ਵਿਲਕਦਿਆਂ ਛੱਡ ਤੁਰੇ, ਸਭਨਾਂ ਦਾ ਧਰਵਾਸ
ਛੇਤੀ ਦਰਸ਼ਨ ਹੋਣਗੇ, ਛਡ ਨਾ ਬਹਿਣਾ ਆਸ
ਡਾਕ ਬੰਗਲੇ ਜਿਲ੍ਹੇ ਦੇ, ਕੀਤਾ ਜਾ ਵਿਸਰਾਮ
ਅਫ਼ਸਰ ਸਨ ਅੰਗ੍ਰੇਜ਼ ਜੋ, ਏਥੇ ਮਿਲੇ ਤਮਾਮ
ਗੱਲਾਂ ਕਰਦਿਆਂ ਬੈਠਿਆਂ, ਕੀ ਵਰਤਾਈ ਕਾਰ !
ਬਿੱਲੇ ਰੌਲਾ ਪਾ ਉਠੇ, ਕਰਦੇ ਪਾਹਰਿਆ ਪਾਹਰ
ਛਾਈਂ ਮਾਈਂ ਹੋ ਗਏ, ਸਤਿਗੁਰ ਜਾਣੀ ਜਾਣ
ਪਾ ਦਿਤਾ ਸੀ ਬਿੱਲਿਆਂ, ਬੰਗਲੇ ਵਿਚ ਘਮਸਾਣ
ਪੱਤਾ ਪੱਤਾ ਭਾਲਿਆ, ਮਿਲੇ ਨਾ ਦੀਨ ਦਿਆਲ
ਗੋਰੇ ਆਖਣ ਇਹ ਹੈ, ਕੂਕਾ ਸਾਡਾ ਕਾਲ
ਭਾਜੜ ਪੈ ਗਈ ਬਿੱਲਿਆਂ, ਬਹੁਤ ਹੋਏ ਦਿਲਗੀਰ
ਦਿਸੇ ਬੂਹਾ ਵੜ ਰਹੇ, ਸਤਿਗੁਰ ਪਹਿਰੂ ਚੀਰ
ਮੈਨੂੰ ਕੋਈ ਨਾ ਫੜ੍ਹ ਸਕੇ, ਵਿਗਸ ਕਿਹਾ ਗੁਰਦੇਵ
ਮੇਰੇ ਸਤਿਗੁਰ ਦਾ ਹੁਕਮ, ਇਹ ਹੈ ਹੋਣਾ ਏਵ
ਜਿੱਥੇ ਚਲਣਾ ਲੈ ਚਲੋ, ਗੱਲਾਂ ਕਰੋ ਨਾ ਹੋਰ

ਐਵੇਂ ਕਾਹਨੂੰ ਪਾਇਆ, ਤੁਸੀਂ ਡਰਦਿਆਂ ਸ਼ੋਰ
[189]ਟਰੇਨ ਸਟੇਸ਼ਨ ਤੇ ਖੜ੍ਹੀ, ਕਰੀ ਸਪੈਸ਼ਲ ਤਿਆਰ
ਉਸ ਦੇ ਉਤੇ ਹੋ ਗਏ, ਸਤਿਗੁਰ ਜੀ ਅਸਵਾਰ
[190]ਦਿੱਲੀ ਵਿਚ ਦੀ ਪ੍ਰਾਗਰਾਜ, ਕਿਲ੍ਹਾ ਸੰਗਮ ਦੇ ਤੀਰ
ਜਾ ਉਤਾਰੇ ਓਸ ਵਿਚ, ਸਤਿਗੁਰ ਸ੍ਰੀ ਰਣਧੀਰ

**********************

[189] ਸਤਿਗੁਰੂ ਜੀ 17 ਜਨਵਰੀ 1872 ਦੀ ਰਾਤ ਨੂੰ 9-10 ਵਜੇ ਸ੍ਰੀ ਭੈਣੀ ਸਾਹਿਬੋਂ ਚੱਲ ਕੇ 18 ਜਨਵਰੀ 1872 ਦੇ ਵੱਡੇ ਤੜਕੇ 1 ਵਜੇ ਲੁਧਿਆਣਾ ਰੇਲਵੇ ਸਟੇਸ਼ਨ ਦੇ ਪਾਸ ਡਾਕ ਬੰਗਲੇ ਵਿਚ ਪੁੱਜੇ ਸਨ। ਇੱਥੋਂ ਵਿਚ ਮਿ. ਜੈਕਸਨ ਦੀ 13 ਗੋਰਖੇ ਸੈਨਿਕਾਂ ਦੀ ਹਥਿਆਰਬੰਦ ਟੁਕੜੀ ਦੇ ਪਹਿਰੇ ਹੇਠ ਇਹ ਸਪੈਸ਼ਲ ਟਰੇਨ ਸਤਿਗੁਰੂ ਜੀ ਤਿੰਨ ਸੂਬਿਆਂ ਜਵਾਹਰ ਸਿੰਘ, ਸਾਹਿਬ ਸਿੰਘ, ਲੱਖਾ ਸਿੰਘ ਅਤੇ ਸੇਵਕ ਨਾਨੂੰ ਸਿੰਘ ਨੂੰ ਲੈ ਕੇ ਤੜਕੇ 4 ਵਜੇ ਰਵਾਨਾ ਹੋਈ।

[190]ਸਤਿਗੁਰੂ ਜੀ ਲੁਧਿਆਣੇ ਤੋਂ ਬਰਾਸਤਾ ਦਿੱਲੀ ਨਹੀਂ ਸਗੋਂ ਅੰਬਾਲਾ, ਸਹਾਰਨਪੁਰ ਹੁੰਦੇ ਹੋਏ ਅਲਾਹਾਬਾਦ ਕਿਲ੍ਹੇ ਵਿਚ 19 ਜਨਵਰੀ 1872 ਦੀ ਸ਼ਾਮ ਤੱਕ ਪੁਚਾ ਦਿੱਤੇ ਗਏ ਸਨ।

(29)

# ਪਰਾਗ ਰਾਜ ਦੇ ਕਿਲ੍ਹੇ ਵਿਚ

ਉੱਘੇ ਹਿੰਦੁਸਤਾਨ ਦੇ, ਜੋ ਤੀਰਥ ਅਸਥਾਨ
ਓਨ੍ਹਾਂ ਚੋਂ ਪ੍ਰਿਆਗ ਦੀ, ਸਭ ਤੋਂ ਉੱਚੀ ਸ਼ਾਨ
ਸਾਰਿਆਂ ਤੀਰਥਾਂ ਦਾ ਇਹ, ਤੀਰਥ ਰਾਜ ਪ੍ਰਾਗ
ਨ੍ਹਾਤਿਆਂ ਲੱਥਦੇ ਏਸ ਵਿਚ, ਸਭ ਪਾਪਾਂ ਦੇ ਦਾਗ਼
ਗੰਗਾ ਜਮਨਾਂ ਚੱਲਦੀਆਂ, ਰਲ ਕੇ ਨਾਲੋ ਨਾਲ
ਦਿਸੇ ਨਹੀਂ ਸੁਰੱਸਤੀ, ਭਾਵੇਂ ਕਰੀਏ ਭਾਲ
ਉੱਜਲ ਪਾਣੀ ਗੰਗ ਦਾ, ਤੇ ਜਮਨਾ ਦਾ ਸ਼ਿਆਮ
ਵੱਖੋ ਵੱਖਰੇ ਦੂਰ ਤਕ, ਚੱਲਦੇ ਦਿਸਣ ਆਮ
ਪੂਰਬ ਦੀ ਤੇ ਪਛਮ ਦੀ, ਸਭਤਾ ਜਿਉਂ ਹੈ ਵੱਖ
ਕਰੇ ਨਿਖੇੜਾ ਦੋਹਾਂ ਦਾ, ਵੇਖਣ ਵਾਲੀ ਅੱਖ
ਚਲਦੇ ਰਚ ਮਿਚ ਜਾਂਵਦੇ, ਆਪਾ ਬਹਿੰਦੇ ਖੋ
ਭੇਦ ਭਾਵ ਮਿਟ ਜਾਂਵਦਾ, ਮਿਟਦੀ ਦੂਜੀ ਬੋ
ਕੱਲੀ ਕੱਲੀ ਨਦੀ ਨੂੰ, ਲੋਕੀ ਕਹਿਣ ਮਹਾਨ
ਤਿੰਨੇ ਕੱਠੀਆਂ ਹੋਇ ਕੇ, ਵਗਣ ਏਥੇ ਆਨ
ਭੈਣਾਂ ਜਿਵੇਂ ਸਹੇਲੀਆਂ, ਵਿੱਛੜ ਚਿਰੀ ਮਿਲਿੰਨ
ਪਾਂਦੀਆਂ ਆ ਗਲਵਕੜੀ, ਕੱਠੀਆਂ ਹੋ ਕੇ ਤਿੰਨ
ਕਾਲ ਕਲੂਟੀ ਜਮਨਾ, ਸਲੋਨੀ ਜਹੀ ਸਿਆਮ
ਗੋਰੀ ਗੰਗ ਨਿਛੋਹ ਹੈ, ਚਾਂਦੀ ਜਿਉਂ ਸੇਤਾਮ

ਛੂੰਈਂ ਮੂੰਈਂ ਸੁਰੱਸਤੀ, ਤੁਰਦੀ ਹੋਈ ਅਭੇਦ
ਰਾਣੀ ਪੜਦਿਆਂ ਦੀ ਜਿਵੇਂ, ਮਿਥਦੇ ਨੇ ਕਰ ਸੋਧ
ਤਿੰਨੇ ਭੈਣਾਂ ਚੱਲੀਆਂ, ਮਿਲਣ ਸਮੰਦ੍ਰ ਨਾਲ
ਹੈਨ ਹਿਮਾਲੇ ਲਾਹੀਆਂ, ਗਲੋਂ ਆਪਣੇ ਟਾਲ
ਅਪਣੇ ਘਰ ਚੋਂ ਦਿੱਤੀਆਂ, ਨਾਲ ਖੁਸ਼ੀ ਦੇ ਤੋਰ
ਵਰ ਪ੍ਰਾਪਤ ਧੀਆਂ ਨੂੰ, ਰੱਖ ਨ ਸਕਿਆ ਹੋਰ

ਗਾਂਦੀਆਂ ਖਿੱਲੀ ਪਾਂਦੀਆਂ, ਨਚਦੀਆਂ ਪਾ ਧਮਾਲ
ਤੁਰੀਆਂ ਪਿਉ ਤੋਂ ਵਿਦਾ ਹੋ, ਕਰਨ ਪਤੀ ਦੀ ਭਾਲ
ਧੱਪਾ ਮੁੱਕੀ ਕਰਦੀਆਂ, ਰਾਹ ਖਲੋਤਿਆਂ ਛੇੜ
ਗੀਟੇ ਗੀਟੀਆਂ ਸਿਲਾ ਨੂੰ, ਠੁੱਡੇ ਮਾਰਨ ਰੇੜ੍ਹ
ਹੇਰੇ ਲਾਂਦੀਆਂ ਗਾਂਦੀਆਂ, ਕਰਦੀਆਂ ਨੇ ਅਟਹਾਸ
ਪਿਉ ਤੋਂ ਵਿਦਿਆ ਹੋਇ ਕੇ, ਆਈਆਂ ਮਾਂ ਦੇ ਪਾਸ
ਘੁਟੀਆਂ ਪਾ ਗਲਵੱਕੜੀ, ਮਾਂ ਧਰਤੀ ਹਿੱਕ ਨਾਲ
ਲਾ ਕੇ ਆਂਹਦੀ ਝੱਲੀਓ, ਤੁਸੀਂ ਫੜ੍ਹੀ ਕੀ ਚਾਲ
ਚੰਗੇ ਘਰ ਦੀਆਂ ਕੁੜੀਆਂ ਚਿੜੀਆਂ ਦੀ ਨਾ ਰੀਤ
ਓਹ ਨਾ ਆਪੂੰ ਗਾਂਦੀਆਂ, ਆਪਣੇ ਵਿਆਹ ਦੇ ਗੀਤ
ਚੰਚਲਤਾਈ ਸ਼ੋਖੀਆਂ, ਅੱਲ੍ਹੜ-ਪਣ ਦੇ ਨਾਲ
ਸੌਹਰੇ ਘਰ ਦੇ ਵਿਚ ਜਾ, ਕਿਵੇਂ ਗਲੇਗੀ ਦਾਲ
ਪਿਉ ਦੀ ਇੱਜ਼ਤ ਵਲ ਤੱਕ, ਹੋ ਕੇ ਤੁਰੋ ਗੰਭੀਰ
ਤਾਂਨ੍ਹੇ ਦੇਣ ਸ਼ਰੀਕ ਨਾ, ਤੁਹਾਡੇ ਭਾਈਆਂ ਵੀਰ
ਪਿਉ ਦੀ ਰੋਲੋ ਪੱਗ ਨਾ, ਤੁਰੋ ਸ਼ਹੂਰ ਦੇ ਨਾਲ
ਜਿੰਨੇ ਪੁਟਦੀਆਂ ਪੈਰ ਹੋਂ, ਚੁੱਕੋ ਧਰੋ ਸੰਭਾਲ
ਸਾਰਾ ਅੱਲ੍ਹੜਪਣ ਜੋ, ਮਾਂ ਕਰ ਦਿੱਤਾ ਦੂਰ
ਪਿਉ ਜਿਹੀ ਭਰ ਗੰਭੀਰਤਾ, ਕਰ ਦਿਤੀਆਂ ਮਖ਼ਮੂਰ
ਆਂਹਦੀਆਂ ਮਾਏ ਮਾਫ਼ ਕਰ, ਹੁਣ ਤੂੰ ਦੇਹ ਅਸੀਸ
ਤੇਰੇ ਹੁਕਮ 'ਚ ਚੱਲੀਏ, ਹੋਰ ਨਾ ਕਰੀਏ ਰੀਸ
ਪਿਉ ਨੇ ਦਿਤੀਆਂ ਤੋਰ ਸਾਂ, ਮਾਂ ਮਿਲਾਪ ਦਾ ਚਾ
ਸਾਨੂੰ ਲਿਆਇਆ ਅੰਮੀਏ, ਵਗੋ ਤਗੀ ਨਚਾ
ਰਹਿ ਕੇ ਤੇਰੀ ਕਾਰ ਵਿਚ, ਤੁਰੀਏ ਸ਼ਰਮ ਦੇ ਨਾਲ
ਭਾਵੇਂ ਦਏ ਖਲੋਣ ਨਾ, ਆ ਮਿਲਣ ਦੀ ਕਾਲ੍ਹ
ਕੁੜੀਓ ਸਾਡੀ ਵੰਸ ਦੀ, ਮੁੱਢੋਂ ਇਹ ਮਰਯਾਦ
ਸੌਹਰੇ ਜਾਣ ਦੇ ਚਾ ਵਿਚ, ਪੇਕਿਆਂ ਭੁੱਲੇ ਨਾ ਯਾਦ
ਦੋ ਕਦਮ ਤੁਰ ਤੱਕ ਲਏ, ਪਿੱਛੇ ਵਲ ਖਲੋ
ਝਾਕੇ ਵੱਲ ਸਹੇਲੀਆਂ, ਅੱਖੀਓਂ ਨੀਰ ਬਲੋ
ਕਰ ਸਕੋ ਬੇਸ਼ਕ ਨਾ, ਤੁਸੀਂ ਹੋਰ ਇੰਤਜ਼ਾਰ

ਦਿਲ ਦੇ ਵਿਚ ਅਮੇਣਵਾਂ, ਪਤੀ ਮਿਲਾਪ ਪਿਆਰ
ਪਰ ਭਾਰਤ ਦੀ ਧੀ ਦਾ, ਸ਼ਰਮ ਹਯਾ ਦਸਤੂਰ
ਛੱਡ ਨਾ ਸਕੇ ਹੋਇ ਵੀ, ਬੇਸ਼ੱਕ ਓਹ ਮਜ਼ਬੂਰ
ਗੰਗੇ ਤੇਰੇ ਮਿਲਣ ਨੂੰ, ਵਡੇ ਵਡੇਰਿਆਂ ਨਾਲ
ਭਾਗੀਰਥ ਉਡੀਕ ਵਿਚ, ਕਈ ਬਿਤਾਏ ਸਾਲ
ਮਿਲਕੇ ਜਾਈਂ ਉਨ੍ਹਾਂ ਨੂੰ, ਰੱਖੀਂ ਸਭ ਦਾ ਦਿਲ
ਗੜ੍ਹ ਮੁਕਤੇਸ਼ਰ ਤੀਕ ਫਿਰ, ਨੱਸੀਂ ਲਾ ਕੇ ਟਿੱਲ
ਦਈਂ ਅਸੀਸਾਂ ਸਭ ਨੂੰ, ਸਭ ਦਾ ਸਿਰ ਪਲੋਸ
ਰੁਖ ਕਰੀ ਫਿਰ ਅੱਲੜੇ, ਤੂੰ ਅਪਣੇ ਵਲ ਓਸ
ਚੰਗੇ ਘਰ ਦੀਆਂ ਧੀਆਂ ਦਾ, ਏਹੀ ਚੱਜ ਅਚਾਰ
ਪਿਆਰ ਦੇਂਦੀਆਂ ਲੈਂਦੀਆਂ, ਸੌਹਰੇ ਜਾਣ ਪਧਾਰ
ਜਮਨੇ ! ਕਾਲ ਕਲਿੰਦੀਏ, ਦਿੱਲੀ ਰਚ ਨਜ਼ਦੀਕ
ਖੜਾ ਦਲੀਪ ਭਰਾ ਹੈ, ਤੇਰੀ ਕਰੇ ਉਡੀਕ
ਸਕੀ ਭੈਣ ਤੂੰ ਓਸ ਦੀ, ਹੈ ਉਹ ਤੇਰਾ ਵੀਰ
ਤੁਹਾਡਾ ਦੋਹਾਂ ਦਾ ਕੁੜੇ, ਅਣਵੰਡਿਆ ਹੈ ਸੀਰ
ਅੱਗੇ ਤੇਰੇ ਰਾਹ ਵਿਚ, ਖੜੇ ਨੇ ਕ੍ਰਿਸ਼ਨ ਮੁਰਾਰ
ਧਰਮ ਚਲਾਵਨ ਹੇਤ ਮੁੜ, ਧਰ ਆਏ ਅਵਤਾਰ
ਗੁਆਲ ਗੋਪੀਆਂ ਨਾਲ ਲੈ, ਆਉਣ ਤੇਰੇ ਪਾਸ
ਤੇਰੇ ਰਾਹ ਦੇ ਵਿਚ ਹੁਣ, ਉਨ੍ਹਾਂ ਰਚਾਈ ਰਾਸ
ਮੱਖਣ ਖਾਈਂ ਰੱਜ ਰੱਜ, ਕੱਚਾ ਪੀ-ਪੀ ਦੁੱਧ
ਜੋਬਨ ਵਿਚ ਨਿਖਾਰ ਆ, ਚਮਕੇ ਤੇਰੀ ਬੁੱਧ
ਮਥਰਾ ਬਿੰਦਰਾਬਨ ਦੇ, ਵਿਚ ਦੀ ਤੇਰਾ ਰਾਹ
ਤੇਰੀ ਵਿਚ ਉਡੀਕ ਦੇ, ਮੁਗਲਾਂ ਦਾ ਬਾਦਸ਼ਾਹ
ਤੇਰੇ ਰਾਹ ਦੇ ਵਿਚ ਉਸ, ਅਪਣਾ ਪਿਆਰ ਖਿਲਾਰ
ਦੁਨੀਆਂ ਕਰੀ ਹੈਰਾਨ ਹੈ, ਤਾਜ ਮਹੱਲ ਉਸਾਰ
ਉਸ ਤੋਂ ਪਹਿਲਾਂ ਆਇਗਾ, ਨਾਹਣ ਜੋ ਸਿਰਮੌਰ
ਓਥੇ ਖੜਾ ਫ਼ਕੀਰ ਇਕ, ਪਰ ਉਸ ਸ਼ਾਹੀ ਤੌਰ
ਤੇਰੇ ਰਾਹ ਦੇ ਵਿਚ ਨੇ, ਸਤਿਗੁਰ ਸ੍ਰੀ ਦਸਮੇਸ਼
ਕੱਟਣ ਦੇ ਲਈ ਆਏ ਨੇ, ਮੇਰੇ ਕਸ਼ਟ ਕਲੇਸ਼

ਕਾਵਿ ਕਲਾ ਸਾਹਿੱਤ ਨਾਲ, ਮੇਰਾ ਭਰਨ ਭੰਡਾਰ
ਚੋਟੀ ਦੇ ਕੱਠੇ ਕਰੇ, ਉਨ੍ਹਾਂ ਨੇ ਸਭ ਕਲਾਕਾਰ
ਵਿਘਨ ਪਏ ਨਾ ਕੰਮ ਵਿਚ, ਓਥੇ ਕਰੀਂ ਨਾ ਸ਼ੋਰ
ਚੱਲੀਂ ਵਿਚ ਅਦਾਬ ਦੇ, ਹੋਵੀਂ ਨਾ ਮੂੰਹ ਜ਼ੋਰ
ਅਸ਼ੀਰਵਾਦ ਲੈ ਉਨ੍ਹਾਂ ਤੋਂ, ਜਿਵੇਂ ਰਕਾਨਾਂ ਚਾਲ
ਫੇਰ ਰਲੀਂ ਤੂੰ ਨੱਸ ਕੇ, ਦੂਜੀਆਂ ਭੈਣਾਂ ਨਾਲ
ਤੈਨੂੰ ਧੀਏ ਸੁਰਸਤੀਏ, ਮੈਂ ਕੀ ਆਖਾਂ ਦੱਸ
ਤੇਰੇ ਰਾਹ ਦੇ ਵਿਚ ਸਦ, ਪਈ ਰਹੇ ਖੜਖੱਸ
ਕੈਰੋਂ ਪਾਂਡੋਂ ਲਾਇਆ, ਤੇਰੇ ਰਾਹ ’ਚ ਜੰਗ
ਨਦੀ ਚਲੀ ਇਕ ਖੂਨ ਦੀ, ਰਲੀ ਨਾਲ ਤੈਂ ਸੰਗ
ਮੇਰੇ ਪੁੱਤਰਾਂ ਦੀ ਤਦੋਂ, ਸੀ ਜੇਹੋ ਜੇਹੀ ਸ਼ਾਨ
ਪਰਤਿਆ ਮੁੜ ਕੇ ਫੇਰ ਨਾ, ਸਮਾਂ ਉਜੇਹਾ ਆਨ
ਤੇਰੇ ਰਾਹ ਵਿਚ ਖੜ੍ਹੇ ਨੇ, ਜ਼ਾਲਮ ਡਾਕੂ ਚੋਰ
ਮੈਨੂੰ ਲੁੱਟਣ ਆ ਰਹੇ, ਕਈ ਮਹੰਮਦ ਗੋਰ
ਮੇਰੇ ਨਾਲ ਜੋ ਹੋ ਰਹੀ, ਤੁਹਾਨੂੰ ਪਤਾ ਨਾ ਕੁੱਝ
ਤੁਸੀਂ ਆਪਣੇ ਝੱਲ ਵਿਚ, ਉੱਕਾ ਗਈਆਂ ਰੁੱਝ
ਤਿੰਨੇ ਭੈਣਾਂ ਸੁਣ ਲਓ, ਰਲ ਕੇ ਨਾਲ ਧਿਆਨ
ਅਜ ਪ੍ਰਾਗ ਤੇ ਮਿਲਣਗੇ, ਫਿਰ ਮੇਰੇ ਭਗਵਾਨ
ਵੇਖੋਗੀਆਂ ਜੋ ਤੁਸੀਂ, ਝਾਕੀ ’ਜੇਹੀ ਦੁਖੰਤ
ਇਕ ਪਾਸੇ ਹੈ ਸਬਰ ਦਾ, ਜ਼ੁਲਮ ਦਾ ਦੂਜੇ ਅੰਤ
’ਜੇਹੀ ਵਰਤੀ ਨਾ ਕਦੀ, ਕਦੀ ਕਿਸੇ ਦੇ ਨਾਲ
ਝੱਲ ਰਹੇ ਸਿਰ ਆਪਣੇ, ਮੇਰੇ ਦੀਨ ਦਿਆਲ
ਤਿੰਨੇ ਭੈਣਾਂ ਕੱਠੀਆਂ, ਰਲ ਕਰਨੀ ਨਮਸ਼ਕਾਰ
ਤੁਰਿਓ ਚਰਨਾਮ੍ਰਿਤ ਲੈ, ਉਨ੍ਹਾਂ ਦੇ ਚਰਨ ਪਖਾਰ
ਏਹੀ ਓਹ ਪ੍ਰਾਗ ਹੈ, ਜਿਥੇ ਸ੍ਰੀ ਭਗਵਾਨ
ਬਣ ਨੂੰ ਜਾਂਦਿਆਂ ਰਹੇ ਸੀ, ਕੀਤਾ ਸੀ ਬਿਸਰਾਮ
ਕੰਢੇ ਉਤੇ ਏਸ ਦੇ, ਹੈ ਇਕ ਦੁਰਗ ਮਹਾਨ
ਹੋ ਰਿਹਾ ਅੱਜ ਓਸ ਵਿਚ, ਗੁਰਬਾਣੀ ਦਾ ਗਾਨ
ਗੱਡੀ ਹੈ ਸਮ੍ਰਾਟ ਇਕ, ਜਿਸ ਦੇ ਅੰਦਰ ਲਾਠ

ਕੀ ਲਿਖਿਆ ਹੈ ਓਸ ਤੇ, ਪੜ੍ਹਿਆ ਜਾਇ ਨ ਪਾਠ
ਗਾਇਆ ਰਿਸ਼ੀਆਂ ਏਸ ਥਾਂ, ਸ਼ਾਮ ਵੇਦ ਦਾ ਗਾਨ
ਯੱਗ ਹੋਮ ਕਰਦੇ ਰਹੇ, ਵੈਦਕ ਦੇ ਬਲੀਦਾਨ
ਸੰਸਕ੍ਰਿਤੀ ਇਸ ਥਾਂ ਪਲੀ, ਪਲੀ ਅਹਿੰਸਾ ਸੱਤ
ਰਿਸ਼ੀਆਂ ਕੱਢੀ ਏਸ ਥਾਂ, ਵੇਦ ਰਿਚਾ ਦੀ ਗੱਤ
ਜਿਨ੍ਹਾਂ ਦਾ ਸੀ ਅੱਤ ਦਾ, ਕੁਦਰਤ ਨਾਲ ਪਿਆਰ
ਵਸਦੇ ਮੌਜਾਂ ਨਾਲ ਸੀ, ਆਸ਼੍ਰਮ ਕਰਕੇ ਤਿਆਰ
ਬਨ ਨੂੰ ਜਾਂਦਿਆਂ ਏਸ ਥਾਂ, ਸੀਤਾ, ਲਛਮਨ, ਰਾਮ
ਆਸ਼੍ਰਮ ਭਾਰਦਵਾਜ ਦੇ, ਕੀਤਾ ਕੁਝ ਅਰਾਮ
ਰਿਖਿ ਪਤਨੀ ਅਨਸੂਆ ਨੇ, ਸੀਤਾ ਨੂੰ ਉਪਦੇਸ਼
ਸਿਖ ਪਤੀਵਰਤ ਧਰਮ ਦੀ, ਕੀਤੀ ਸੀ ਨਿਰਦੇਸ਼
ਰੋਗੀ ਸੁਣੇ ਨਾ ਕੰਨ ਤੋਂ, ਅੰਨ੍ਹਾਂ ਪੁੱਜ ਕੰਗਾਲ
ਤੀਵੀਂ 'ਜੇਹੇ ਪਤੀ ਦੀ, ਜੋ ਨਾ ਕਰੇ ਸੰਭਾਲ
ਜਾਵੇ ਜਮ ਦੀ ਪੁਰੀ ਨੂੰ, ਭੋਗੇ ਦੁਖ ਮਹਾਨ
ਸੇਵਾ ਕਰੇ ਜੋ ਓਸ ਦੀ, ਹੋ ਜਾਂਦੀ ਕਲਿਆਨ
ਚਲਦੀਆਂ ਰਹੀਆਂ ਪੀੜ੍ਹੀਆਂ, ਰਹੇ ਬਦਲਦੇ ਰਾਜ
ਜੈਨੀਆਂ ਬੋਧ ਸੰਨਿਆਸੀਆਂ, ਕਈ ਸਜਾਏ ਸਾਜ
ਜੈਨਾਂ ਬੋਧਾਂ ਦੁਹਾਂ ਦੇ, ਭਿਖਸ਼ੂ ਲੈਂਦਾ ਸੱਦ
ਦਏ ਖ਼ਜ਼ਾਨਾ ਦੋਹਾਂ ਨੂੰ, ਰਾਜਾ ਅੱਧੋ ਅੱਧ
ਨਾਉਂ ਲੈਣ ਪ੍ਰਿਆਗ ਦਾ, ਮੁਕਤਿ ਸਮਝ ਕੇ ਲੋਕ
ਵਿਚ ਪੁਰਾਣਾਂ ਜਿਸਦੀ, ਉਪਮਾ ਭਰੇ ਸਲੋਕ
ਲੋਹੜੀਓਂ ਪਹਿਲਾਂ ਚੱਲ ਕੇ, ਸਭ ਮਹੀਨਾ ਮਾਘ
ਕਰਦੇ ਲੋਕ 'ਸ਼ਨਾਨ ਆ, ਧੰਨ ਸਮਝ ਕੇ ਭਾਗ
ਆਏ ਨੇ ਅੱਜ ਯਾਤ੍ਰੀ, ਗੋਰਿਆਂ ਪਹਿਰੇ ਵਿੱਚ
ਪੈਂਦੀ ਜਿਨ੍ਹਾਂ ਵੇਖਕੇ, ਹਰ ਦਿਲ ਅੰਦਰ ਖਿੱਚ
ਹੋਰ ਗੱਲਾਂ ਦੇ ਨਾਲ ਅੱਜ, ਪਾਣਾਂ ਨਾ ਕੋਈ ਵਾਹ
ਬੈਠੇ ਤੁਹਾਡੇ ਰਾਹ ਵਿਚ, ਮੇਰੇ ਸ਼ਾਹਨਸ਼ਾਹ
ਲੁਧਿਆਣੇ ਕਰ ਰੱਖੀ, ਇਕ ਸਪੈਸ਼ਲ ਤਿਆਰ
ਕੀਤੇ ਸਤਿਗੁਰ ਓਸ ਤੇ, ਸੂਬਿਆਂ ਸਣ ਅਸਵਾਰ

ਵਗੋ ਤਗੀ ਚਲਦੀ ਰਹੀ, ਗੱਡੀ ਦਿਨ ਤੇ ਰਾਤ
ਆ ਗਏ ਸਨ ਪ੍ਰਾਗ ਤੇ, ਅਗਲੀ ਹੀ ਪ੍ਰਭਾਤ
ਨਵੇਂ ਆਏ ਜੋ ਯਾਤ੍ਰੀ, ਇਹ ਨਾ ਆਏ ਨ੍ਹਾਣ
ਇਹ ਗਾ ਰਹੇ ਹੋਰ ਹੀ, ਜੁਗ ਪਲਟਾਊ ਗਾਣ
ਕਨਿਕ ਮੰਦਰ ਪਾਟ ਸੇਜ ਸੈਨ ਸਖੀ ਮੋਹ ਨਾਹਿ ਇਨ ਸਿਉ ਤਾਤ ॥
ਰੂਖੋ ਭੋਜਨ ਭੂਮਿ ਸੈਨ ਸਖੀ ਪ੍ਰਿਅ ਸੰਗਿ ਸੂਖ ਬਿਹਾਤ ॥
ਗਾਇਆ ਸੀ ਜਦ ਇਨ੍ਹਾਂ ਨੇ, ਗੁਰਬਾਣੀ ਦਾ ਗਾਨ
ਸੁਣ ਕੇ ਨਦੀਆਂ ਹੋ ਰਹੀਆਂ, ਇਨ੍ਹਾਂ ਤੋਂ ਕੁਰਬਾਨ
ਵਹਿਣ ਸੀ ਖਲੋ ਗਏ, ਕੁਦਰਤ ਹੋਈ ਸ਼ਾਂਤ
ਪੰਛੀ ਹਟ ਗਏ ਚਹਿਕਣੋਂ, ਕਰ ਦਿਤੀ ਏਕਾਂਤ
ਸੁਣ ਰਹੇ ਲੋਕ ਹੈਰਾਨ ਹੋ, ਬੇੜੀਆਂ ਚੜ੍ਹੇ ਆਵਾਜ
ਗਾ ਰਹੇ ਸੂਬਿਆਂ ਦੇ ਸਣੇ, ਸ੍ਰੀ ਗੁਰੂ ਮਹਾਰਾਜ
ਲੱਖਾ ਸਿੰਘ[191] ਜਵਾਹਰ ਸਿੰਘ, ਸਾਹਿਬ ਸਿੰਘ ਨਿਹੰਗ
ਪਹਾੜਾ ਸਿੰਘ ਜੀ ਹੁਕਮ ਸਿੰਘ, ਸੂਬਾ ਬ੍ਰਹਮਾ ਸਿੰਘ
ਮਲੂਕ ਸਿੰਘ ਦੇ ਨਾਲ ਸਨ, ਮੰਗਲ ਸਿੰਘ ਸਰਦਾਰ
ਨਾਨੂੰ ਸਿੰਘ ਜੀ ਆਦ ਲੌ, ਛੱਡ ਆਏ ਘਰ ਬਾਰ
ਵੀਰਵਾਰ ਨੂੰ ਆਖਦੇ, ਲੋਕੀਂ ਨੇ ਗੁਰੂਵਾਰ
ਏਸ ਦਿਨ ਗੁਰੂ ਰਾਮ ਸਿੰਘ, ਧਾਰ ਆਏ ਅਵਤਾਰ
ਵਿਪਤਾ ਪਈ ਸੀ ਪੰਥ ਨੂੰ, ਸਿੰਘ ਹੋਏ ਕੁਰਬਾਨ
ਗੁਰੂ ਗਏ ਪ੍ਰਦੇਸ ਨੂੰ, ਸੀ ਏਹ ਦਿਵਸ ਮਹਾਨ
ਭਾਰਤ ਨੂੰ ਦਿਨ ਏਸ ਦੀ, ਕਦੀ ਨਾ ਭੁੱਲੇ ਯਾਦ
ਭੈਣੀ ਸਾਹਿਬ ਲੁੱਟਿਆ, ਬਿਨਾਂ ਕਿਸੇ ਅਪਰਾਧ
ਸੂਬੇ ਤੇ ਸ੍ਰੀ ਗੁਰੂ ਜੀ, ਪ੍ਰਾਗ ਰਾਜ ਵਿਚਕਾਰ
ਡੱਕੇ ਫੜ੍ਹ ਕੇ ਕਿਲ੍ਹੇ ਵਿਚ, ਗੋਰਿਆਂ ਦੀ ਸਰਕਾਰ
ਰਹੇ ਮਹੀਨੇ ਅੱਠ ਨੌਂ[192], ਪ੍ਰਾਗ ਕਿਲ੍ਹੇ ਵਿਚ ਏਸ

[191] 20 ਜਨਵਰੀ ਦੀ ਸਵੇਰ ਤੱਕ ਅਲਾਹਾਬਾਦ ਕਿਲ੍ਹੇ ਵਿਚ ਬਾਕੀ ਸਾਰੇ ਸੂਬੇ, ਕਾਹਨ ਸਿੰਘ ਨਿਹੰਗ, ਹੁਕਮਾ ਸਿੰਘ, ਪਹਾੜਾ ਸਿੰਘ, ਮਾਨ ਸਿੰਘ, ਮਲੂਕ ਸਿੰਘ, ਬ੍ਰਹਮਾ ਸਿੰਘ, ਰੂੜ੍ਹ ਸਿੰਘ ਅਤੇ ਅਗਲੇ ਕੁਝ ਦਿਨਾਂ ਬਾਅਦ ਸ੍ਰ. ਮੰਗਲ ਸਿੰਘ ਬਿਸ਼ਨਪੁਰਾ ਵੀ ਪੁੱਜ ਗਏ ਸਨ।
[192] ਸਤਿਗੁਰੂ ਜੀ ਇਸ ਕਿਲ੍ਹੇ ਵਿਚ ਸਿਰਫ 51 ਦਿਨ ਰਹੇ ਸਨ। 9-10 ਮਾਰਚ 1872 ਦੀ ਰਾਤ

ਦੋਏ ਵਕਤ ਦੀਵਾਨ ਲਾ, ਕੀਰਤਨ ਕਰਨ ਹਮੇਸ਼
ਆਂਹਦਾ ਰਹਿੰਦਾ ਸੀ ਸਦਾ, ਮੰਗਲ ਸਿੰਘ ਸਰਦਾਰ
ਅੱਗੇ ਰਹੇ ਭੁਲਾਂਵਦੇ, ਜੀਆਂ ਨੂੰ ਹਰ ਵਾਰ
ਭੁੱਲ ਸਕਦੇ ਨਾ ਅਸੀਂ ਹੁਣ, ਆਖਾਂ ਦ੍ਰਿੜ੍ਹਤਾ ਨਾਲ
ਬੇਸ਼ਕ ਆਵੇ ਸਾਹਮਣੇ, ਮਾਰਨ ਦੇ ਲਈ ਕਾਲ
ਮੰਗਲ ਸਿੰਘਾ ਆ ਰਿਹਾ, ਭੱਜਾ ਵਕਤ ਨਜ਼ੀਕ
ਤਕੜੇ ਰਹਿਣਾ ਵੇਖਣਾ, ਲੱਗ ਨਾ ਜਾਏ ਲੀਕ
ਮੰਨਿਆ ਜਾਇ ਨ ਸਿਖ ਤੋਂ, ਭਾਣਾ ਅਤੀ ਮਹਾਨ
ਸਿੱਖ ਵਿਚਾਰਾ ਕੀ ਕਰੇ, ਗੁਰ ਭਰਮਾਏ ਜਾਨ
ਜਦ ਤੋਂ ਆਏ ਏਸ ਥਾਂ, ਮੰਗਲ ਸਿੰਘ ਸਰਦਾਰ
ਯਾਦ ਕਰੇ ਹੌਕੇ ਲਏ, ਵਿੱਸਰੇ ਨਾ ਪਰਵਾਰ
ਕੀਰਤਨ ਹੋਵੇ ਦੋ ਵਕਤ, ਸੂਬੇ ਲਾਣ ਦੀਵਾਨ
ਬਾਣੀ ਬੋਹਥ ਗੁਰੂ ਦਾ, ਕਰ ਦੇਵੇ ਕਲਿਆਨ
ਆਖਿਆ ਇਕ ਦਿਨ ਗੁਰੂ ਜੀ, ਬਾਬਾ ਬਾਣੀ ਨਾੜ
ਬਾਣੀਓਂ ਵਡਾ ਨਾਮ ਹੈ, ਬਾਣੀ ਨਾਮ ਦੀ ਵਾੜ
ਪੁੱਛਿਆ ਬਾਬਾ ਜਵਾਹਰ ਸਿੰਘ, ਨਾਮ ਵੱਡਾ ਹੈ ਸੱਚ
ਵੱਡਾ ਹੈ ਪਰ 'ਤੋਹ' ਹੈ, ਬਾਬਾ ਹੈ ਕੱਚ ਪੱਚ
ਦਸਦੇ ਰਹੇ ਹੋ ਅੱਜ ਤਕ, ਇਸ ਜਿਹੀ ਸ਼ੈ ਨਾ ਹੋਰ
ਹੁਣ 'ਨਾੜ' 'ਤੋਹ' ਹੋ ਗਏ, ਨਵੀਂ ਤੋਰਨੀ ਤੋਰ
ਪਾਣੀ ਪਾਂਦੇ ਸਿਰ ਰਹੇ, ਥਕੇ ਘਸਾਂਦਿਆਂ ਉੱਨ[193]
ਸਿੱਟਾ ਕੋਈ ਨਾ ਨਿਕਲਿਆ, ਰਹੇ ਸੁੰਨ ਦੇ ਸੁੰਨ
ਚੰਗੇ ਵੇਲੇ ਲੱਗ ਗਿਆ, ਪਤਾ ਗ਼ੀਬ ਨਿਵਾਜ
ਜਾਵੇ ਨਾ ਜਿਉਂ ਅਸਾਂ ਦੀ, ਕੀਤੀ ਘਾਲ ਅਕਾਜ
ਬਾਬਾ, ਇਹ ਤੇ ਗੱਲ ਨਹੀਂ, ਨਾਮ ਬਾਣੀ ਨਾ ਕੁੱਛ
ਇਹ ਤੇ ਮੈਂ ਨਹੀਂ ਆਖਦਾ, ਦੋਵੇਂ ਨੇ ਇਹ ਤੁੱਛ
ਇੱਕ ਛਿਨ ਇੱਕ ਚਿੱਤ ਜਪੇ, ਅਸਲੋਂ ਨਿਸ਼ਚਾ ਧਾਰ
ਕਾਲ ਫਾਸ ਤੋਂ ਜਾਇਗਾ, ਉਸਦਾ ਹੋ ਨਿਸਤਾਰ

---

ਨੂੰ ਆਪ ਨੂੰ ਇੱਥੋਂ ਰੇਲ ਰਾਹੀਂ ਸੇਵਕ ਨਾਨੂੰ ਸਿੰਘ ਸਣੇ ਕਲਕੱਤੇ ਲਈ ਰਵਾਨਾ ਕਰ ਦਿੱਤਾ ਸੀ।
[193]ਮਾਲਾ ਫੇਰਦਿਆ ਹੱਥ ਥੱਕ ਗਏ।

“ਤਿਲ ਨਹੀਂ ਭੰਨੇ ਘਾਲਿਆ”, ਸ੍ਰੀ ਗੁਰੂ ਫ਼ੁਰਮਾਨ
ਅਨਥਾ ਜਾਵੇ ਕਦੀ ਨਾ, ਨਾਮ ਬਾਣੀ ਦਾ ਗਾਨ
ਬਿਨਾਂ ਭਰੋਸੇ ਸਿਦਕ ਦੇ, ਬਿਨ ਪੂਰਨ ਵਿਸਵਾਸ
ਬਾਬਾ, ਬਿਰਥਾ ਜਾਣਗੇ, ਐਵੇਂ ਲਏ ਸਵਾਸ
ਬਾਬਾ ਸਿੱਟਾ ਸਿਦਕ ਹੈ, ਸਿਦਕ ਹੈ ਵਸਤੁ ਮਹਾਨ
ਕਰਮ ਧਰਮ ਸਿਦਕੋਂ ਬਿਨਾਂ, ਕਿਸੇ ਕੰਮ ਨਾ ਆਨ
ਬਾਣੀ ਛਿੱਲੜ ਵੱਤ ਹੈ, ਨਾਮ ਹੈ ਗਰੀ ਬਦਾਮ
ਰੋਗ਼ਨ ਸਿਦਕ ਹੈ ਓਸ ਦਾ, ਪੂਰੇ ਕੰਮ ਤਮਾਮ
ਦਿਲ ਵਿਚ ਵੱਸੇ ਸਿਦਕ ਨਾ, ਪੂਰਨ ਨਾ ਵਿਸ਼ਵਾਸ਼
ਬਾਬਾ ! ਕੋਈ ਕੰਮ ਵੀ, ਤਦ ਤਕ ਹੋਇ ਨ ਰਾਸ
ਓਦਰ ਗਿਆ ਮੰਗਲ ਸਿੰਘ, ਘਰ ਦੀ ਆਵੇ ਯਾਦ
ਆਖੇ ਕੂਕਿਆਂ ਨਾਲ ਰਲ, ਮੈਂ ਹੋਇਆ ਬਰਬਾਦ
ਪੁੱਛਿਆ ਸਾਹਿਬ ਸਿੰਘ ਨੇ, ਮੰਗਲ ਸਿੰਘ ਸਰਦਾਰ
ਕੋਈ ਗ਼ਮ ਨਹੀਂ ਵਧੀ ਨੂੰ, ਕੋਈ ਨ ਸੱਕੇ ਮਾਰ
ਓਦਰ ਗਏ ਹੋ ਕੀ ਤੁਸੀਂ, ਲੰਮੇ ਲਓ ਸਵਾਸ
ਘਰ ਨੂੰ ਪਰਤਣ ਦੀ ਰਹੀ, ਹੁਣ ਨਾ ਕੋਈ ਆਸ
ਸੁਣ ਕਿਹਾ ਸਰਦਾਰ ਨੇ, ਤੁਸੀਂ ਹੋ ਛੜੇ ਛੜਾਂਗ
ਸਾਡੇ ਨਾਲੋਂ ਤੁਸਾਂ ਦੇ, ਬਾਬਾ ਚੰਗੇ ਭਾਗ
ਨਾ ਰੰਨ ਨਾ ਕੰਨ ਹੈ, ਘਰ ਨਾ ਬੂਹਾ ਦੁਆਰ
ਨਾਂਗੇ ਬਣ ਫਿਰਦੇ ਰਹੇ, ਸ਼ੁਤਰ ਬੇ-ਮੁਹਾਰ
ਜੀਵਨ ਸਿੰਘ ਤੇ ਦੰਗਲ ਸਿੰਘ, ਧੀਆਂ ਪੁੱਤਰ ਆਦ
ਹੋਵੇ ਸੀਨਾ ਚਾਕ ਜਦ, ਘਰ ਦੀ ਆਵੇ ਯਾਦ
ਅਰਜ਼ਾਂ ਕਰਦੇ ਸਉ ਸਦਾ, ਚਰਨਾਂ ਤੋਂ ਬਲਿਹਾਰ
ਜਿੱਥੇ ਚੱਲੋ ਚੱਲੀਏ, ਘਰ ਦਾ ਮੋਹ ਵਿਸਾਰ
ਦੇਣਾ ਸਾਨੂੰ ਸਤਿਗੁਰੋ, ਚਰਨਾਂ ਵਿੱਚ ’ਸਥਾਨ
ਹੁਣ ਭੁਲਾਣਾ ਨਾ ਕਦੀ, ਪਹਿਲਾਂ ਵਾਂਗੂੰ ਆਨ
ਲੱਖਾ ਸਿੰਘ ਜੀ ਆਖਿਆ, ਓਹ ਸੀ ਕੋਈ ਹੋਰ
ਇਹ ਮੰਗਲ ਸਿੰਘ ਓਹ ਨਹੀਂ, ਮੈਂ ਡਿੱਠਾ ਹੈ ਠੋਰ
ਇਹ ਮੰਗਲ ਸਿੰਘ ਜੋ ਕਹੇ, ਮੈਂ ਨਾ ਸਕਾਂ ਦੱਸ

ਆਖੇ ਕੂਕਿਆਂ ਨਾਲ ਰਲ, ਐਵੇਂ ਗਿਆ ਮੈਂ ਫਸ
ਏਨ੍ਹਾਂ ਪਿੱਛੇ ਲੱਗ ਕੇ, ਹੋਇਆ ਬਹੁਤ ਖ਼ਰਾਬ
ਦੇਸ਼ ਨਿਕਾਲਾ ਲੈ ਲਿਆ, ਸਹਿਣਾ ਪਿਆ ਅਜ਼ਾਬ
ਸਤਿਗੁਰ ਵਿਗਸੇ ਵੇਖਿਆ, ਮੰਗਲ ਸਿੰਘ ਦੇ ਵੱਲ
ਤੇਰੇ ਦਿਲ ਕੀ ਆ ਗਈ, ਇਹ ਸਰਦਾਰਾ ਗੱਲ
ਜੇ ਤੇ ਮੈਂ ਓਹ ਰਾਮ ਸਿੰਘ, ਜਿਸਨੂੰ ਗੁਰ ਦਸਮੇਸ਼
ਕਾਰਜ ਆਪਣੇ ਭੇਜਿਆ, ਕਰ ਕੇ ਤੇ ਨਿਰਦੇਸ਼
ਅੱਠ ਦਿਨ ਵਿਚ ਜੇ ਨਾ ਗਿਆ, ਆਪਣੇ ਘਰ ਪੰਜਾਬ
ਸਮਝ ਲਈਂ ਬੇਸ਼ਕ ਫਿਰ, ਸੱਚੀਂ ਹੋਇਆ ਖ਼ਰਾਬ
ਨੇਤਰ ਭਰੇ ਵੈਰਾਗ ਵਿਚ, ਸਭਨਾਂ ਦੇ ਸੁਣ ਗੱਲ
ਬਾਬਾ ਜੀ ਸ੍ਰੀ ਜਵਾਹਰ ਸਿੰਘ, ਬੋਲੇ ਹੋ ਬੇਕੱਲ
ਸਾਨੂੰ ਲੱਗ ਗਿਆ ਪਤਾ ਸੱਚ, ਸਿੱਟਾ ਸਿਦਕ ਮਹਾਨ
ਚੰਗੀ ਤਰ੍ਹਾਂ ਹੈ ਹੋ ਗਿਆ, ਨਾਮ ਬਾਣੀ ਦਾ ਗਿਆਨ
ਨਾਨੂੰ ਸਿੰਘ ਨੇ ਆਖਿਆ, ਇਕ ਗੋਰੇ ਨੇ ਕੱਲ੍ਹ
ਹਮਕੀ ਤੁਮਕੀ ਬੋਲ ਕੇ, ਮੈਨੂੰ ਦੱਸੀ ਗੱਲ
ਇੱਕਲ ਵਾਂਝੇ ਜਾਇ ਕੇ, ਵੇਖ ਸਥਾਨ ਇਕਾਂਤ
ਮੈਨੂੰ ਦੱਸੀ ਸੀ ਓਸ ਨੇ, ਕੱਲ੍ਹ ਅਜੇਹੀ ਬਾਤ
ਗੋਰਾ ਸੀ ਬਕਦਾ ਪਿਆ, ਤੁਹਾਨੂੰ ਗੁਰੂ ਸਮੇਤ
ਸੂਲੀ ਗੱਡ ਕੇ ਮਾਰਨਾ, ਬਿਨਾਂ ਦਿਤਿਆਂ ਭੇਤ
ਸੁਣ ਕੇ ਬੋਲੇ ਪਾਤਸ਼ਾਹ, ਭਰ ਕੇ ਵਿਚ ਉਤਸ਼ਾਹ
ਦੇਸ਼ ਆਜ਼ਾਦੀ ਦਾ ਅਸੀਂ, ਕੀਤਾ ਅਤੀ ਗੁਨਾਹ
ਗੋਰੇ ਕੋਈ ਨ ਓਸ ਨੇ ਕਹੀ ਅਣੋਖੀ ਗੱਲ
ਪੈਂਡੇ ਪੈਣ ਜੋ ਇਸ਼ਕ ਦੇ, ਪੁੱਠੀ ਲਹਿੰਦੀ ਖੱਲ
ਪਰ ਇਹ ਕੈਦਾਂ ਫਾਂਸੀਆਂ, ਤੋਪਾਂ ਦੀ ਭਰਮਾਰ
ਕੋਈ ਵੀ ਸਕੇ ਬਚਾ ਨਾ, ਇਸ ਭੈੜੀ ਸਰਕਾਰ
ਨਾਨੂੰ ਸਿੰਘ ਕਹੇ–ਆਖਦਾ, ਗੋਰਾ ਕਸਮਾਂ ਨਾਲ
ਵੱਡੇ ਸਾਹਿਬ ਦਾ ਹੁਕਮ ਹੈ, ਕੋਈ ਨਾ ਸੱਕੇ ਟਾਲ
ਨਾਨੂੰ ਸਿੰਘਾ ਅਸਾਂ ਦਾ, ਰਾਖਾ ਗੁਰ ਕਰਤਾਰ
ਮਰ ਜਾਵੇਗਾ ਆਪ ਓਹ, ਸਾਨੂੰ ਮਾਰਨ ਹਾਰ

ਲਾਵੇ ਜ਼ੋਰ ਬੇਸ਼ੱਕ ਪਰ, ਮਾਰ ਨ ਸੱਕੇ ਕਾਲ
ਸਾਡਾ ਰਾਖਾ ਸਤਿਗੁਰੂ, ਵਾਲੀ ਪੁਰਖ ਅਕਾਲ
ਦੇਸ਼ ਪਿਆਰ ਦੀ ਜੋ ਸਜ਼ਾ, ਬਿਨਾਂ ਕਿਸੇ ਤਕਰਾਰ
ਸਿਰ ਉਪਰ ਹੱਸ-ਹੱਸਕੇ, ਲਈਏ ਸਭ ਸਹਾਰ
ਲਾਰਡ ਮੇਓ ਹਿੰਦ ਦਾ, ਵਾਇਸਰਾਇ ਮਸ਼ਹੂਰ
ਕਾਲੇ ਪਾਣੀ ਗਿਆ ਉਹ, ਵੇਖਣ ਲਈ ਦਸਤੂਰ
ਉਮਰ ਕੈਦੀਆਂ ਭੇਜਦੇ, ਗੋਰੇ ਹਿੰਦੁਸਤਾਨ
ਛੱਡਦੇ ਨਾ ਮੁੜ ਕਿਸੇ ਨੂੰ, ਬਿਨਾਂ ਨਿਕਲੇ ਜਾਨ
ਲੈਣ ਮੁਸ਼ੱਕਤ ਪੁੱਜ ਕੇ, ਦੇਂਦੇ ਅਤੀ ਅਜ਼ਾਬ
ਦੇਂਦੇ ਗਾਲ ਮਨੁੱਖਤਾ, ਕਰਦੇ ਬਹੁਤ ਖ਼ਰਾਬ
ਬਿਨ ਅਪ੍ਰਾਧੋਂ ਵੀ ਕਈ, ਫੜ੍ਹੇ ਕਨੂੰਨ ਬੇਦੋਸ਼
ਝੂਠੀਆਂ ਲੈ ਸ਼ਹਾਦਤਾਂ, ਤਾਕਤ ਵਿਚ ਮਦਹੋਸ਼
ਛੁੱਟੀ ਦੇਣ ਨਾ ਕੰਮ ਤੋਂ, ਬੁੱਧਵਾਰ ਜਾਂ ਐਤ
ਸੁਣਦਾ ਕੋਈ ਨਹੀਂ ਸੀ, ਕੈਦੀਆਂ ਦੀ ਸ਼ਕੈਤ
ਰੋਜੀ ਰੱਜਵੀਂ ਦੇਣ, ਨਾ ਰੱਜਵਾਂ ਦੇਣ ਅਹਾਰ
ਅੱਗੋਂ ਕੁਸਕੇ ਜੇ ਕੋਈ, ਕਰਨ ਬੈਂਤ ਦੀ ਮਾਰ
ਬੁੱਚੜਾਂ ਵਾਂਗ ਉਧੇੜਦੇ, ਜ਼ਾਲਮ ਫੜ ਕੇ ਚੰਮ
ਲੈਂਦੇ ਵਾਂਗ ਕਸਾਈਆਂ, ਕੈਂਦੀਆਂ ਕੋਲੋਂ ਕੰਮ
ਪਿੰਜਰੇ ਦੇ ਵਿਚ ਬੰਦ ਕਰ, ਕੋਠੀ ਦਿੰਦੇ ਡੱਕ
ਮੰਨ ਜਾਂਦਾ ਗ੍ਰੀਬ ਉਹ, ਜੋ ਕੁਝ ਆਂਹਦੇ ਅੱਕ
ਹੈਨ ਦਰਿੰਦੇ ਭੇੜੀਏ, ਗੋਰੇ ਨਾ ਇਨਸਾਨ
ਏਨ੍ਹਾਂ ਤੋਂ ਚੰਗੇ ਕਿਤੇ, ਜੰਗਲੀ ਪਸ਼ੂ ਹੈਵਾਨ
ਬੇਅਪ੍ਰਾਧ ਫਸਾ ਲਏ, ਕਰ ਕਾਨੂੰਨ ਦੀ ਮਾਰ
ਸੁਣੀ ਨਾ ਫੇਰ ਗ੍ਰੀਬ ਦੀ, ਅਰਜ਼ ਕਦੀ ਸਰਕਾਰ
ਸ਼ੇਰ ਅਲੀ ਸਰਹੱਦ ਦਾ, ਏਥੇ ਇਕ ਪਠਾਨ
ਫੜ੍ਹ ਪਸ਼ੌਰੋਂ ਭੇਜਿਆ, ਜਿਹਲ ਵਿਚ ਜੁਆਨ
ਰਹਿਮ ਦੀ ਦਰਖ਼ਾਸ ਉਸ, ਲਾਟ ਮੇਓ ਦੇ ਪਾਸ
ਵਾਇਸਰਾਇ ਜੋ ਹਿੰਦ ਦਾ, ਕਰ ਭੇਜੀ ਅਰਦਾਸ
ਕੀਤਾ ਨਾ ਕਦੀ ਗੁਨਾਹ ਮੈਂ, ਅਸਲੋਂ ਬੇਕਸੂਰ

ਮੇਰੇ ਹੈਨ ਸ਼ਰੀਕ ਜੋ ਉਹ, ਫਿੱਟੇ ਹੋਏ ਸੂਰ
ਕੀਤਾ ਮੈਂ ਕਸੂਰ ਜੋ, ਉਸਦੀ ਕਰ ਪੜਤਾਲ
ਅਸਲੋਂ ਨਿਰ ਅਪ੍ਰਾਧ ਮੈਂ, ਮੈਨੂੰ ਕਰੋ ਬਹਾਲ
ਕਿਸੇ ਨਾ ਕਦੀ ਸਤਾਇਆ, ਮੇਰਾ ਇਹ ਈਮਾਨ
ਬੰਦਾ ਮੈਂ ਖੁਦਾਇ ਦਾ, ਪੱਕਾ ਮੁਸਲਮਾਨ
ਹਾਕਮ ਵੱਢੀ ਖੋਰ ਸੀ, ਝੂਠੇ ਸਨ ਅਗਵਾਹ
ਮੇਰੀ ਕੀਤੀ ਨਾ ਕਿਸੇ ਨੇ, ਸੱਚੇ ਦੀ ਪਰਵਾਹ
ਆਖੇ ਮੈਂ ਅਜ ਲਾਟ ਨੂੰ, ਕਰਨੀ ਹੈ ਅਰਦਾਸ
ਪਰ ਗ਼ਰੀਬ ਨੂੰ ਕਿਸੇ ਨੇ, ਔਣ ਨਾ ਦਿਤਾ ਪਾਸ
ਵੇਖ ਚਾਖ ਕੇ ਤੁਰ ਪਿਆ, ਨੋ, ਯੈਸ ਕਰ ਕੇ ਲਾਟ
ਹੋਣ ਸਵਾਰ ਜਹਾਜ਼ ਦੇ, ਉਤੇ ਆਇਆ ਘਾਟ
ਇਹ ਸਮੁੰਦਰ ਵਿਚ ਹੈ, ਟਾਪੂ ਜੋ ਆਬਾਦ
ਭੱਜਣ ਨੂੰ ਕੋਈ ਰਾਹ ਨਾ, ਕੈਦੀ ਫਿਰਨ ਅਜ਼ਾਦ
ਘਿਰਿਆ ਪਾਣੀ ਵਿਚ ਇਹ, ਟਾਪੂ ਅੰਡੇਮਾਨ
ਕੈਦੀ ਨੱਸ ਨਾ ਸਕਦਾ, ਏਥੋਂ ਲੈ ਕੇ ਪਰਾਨ
ਸ਼ੇਰ ਅਲੀ ਨੂੰ ਹੀ ਰਹੀਂ ਨਾ, ਜਦ ਕੋਈ ਬਾਕੀ ਝਾਕ
ਲੱਗ ਜਾਵੇ ਸ਼ਿਕਾਰ ਹੱਥ, ਫਿਰਦਾ ਸੀ ਵਿਚ ਤਾਕ
ਲਾਟ[194] ਪੌੜੀਆਂ ਉੱਤਰਦਾ, ਦਿਤਾ ਮਾਰ ਪਠਾਨ
ਮਾਰਨ ਵਾਲਾ ਗੁਰੂ ਨੂੰ, ਘੱਲਿਆ ਨਰਕੀਂ ਪਾਨ
ਰਹਿ ਗਈ ਫਾਹੇ ਲਾਣ ਦੀ, ਧਰੀ ਧਰਾਈ ਸਕੀਮ
ਦੂਜਾ ਵਾਇਸਰਾਇ ਜੋ, ਆਇਆ ਹੋਣ ਮੁਕੀਮ
ਓਸ ਕਿਹਾ ਰਹਿ ਸਕਣਗੇ, ਨਾ ਇਹ ਹਿੰਦੁਸਤਾਨ
ਬਰਮਾ ਦੇਸ ਨੂੰ ਇਨ੍ਹਾਂ ਦਾ, ਏਥੋਂ ਕਰੋ ਚਲਾਨ
ਵੱਖੋ ਵੱਖਰੇ ਕਰ ਦਿਓ, 'ਕੱਠੇ ਨਾ ਇਹ ਹੋਣ
ਇਹ ਨਾ ਵਿਥਿਆ ਆਪਣੀ ਇਕ ਦੂਜੇ ਕੋਲ ਰੋਣ
ਅੱਡੋ ਫਾਟੀ ਕਰ ਇਨ੍ਹਾਂ, ਦੇਸੋਂ ਦਿਓ ਨਿਕਾਲ
ਕਰ ਸਕਣ ਨਾ ਗੱਲ ਇਹ, ਇਕ ਦੂਜੇ ਦੇ ਨਾਲ

[194]ਲਾਰਡ ਮੇਓ, ਵਾਇਸਰਾਇ ਹਿੰਦ 8 ਫਰਵਰੀ 1872 ਨੂੰ ਅੰਡੇਮਾਨ ਦੇ ਦੌਰੇ ਤੇ ਗਿਆ। ਪਠਾਣ ਕੈਦੀ ਸ਼ੇਰ ਅਲੀ ਦੁਆਰਾ ਹੋਏ ਘਾਤਕ ਹਮਲੇ ਕਾਰਨ ਮਾਰਿਆ ਗਿਆ ਸੀ।

ਕਰੋ ਤਿਆਰੀ ਤੁਰਨ ਦੀ, ਮਿਲ ਗਈ ਸੀ ਇਤਲਾਹ
ਮੰਗਲ ਸਿੰਘ ਨੂੰ ਆਖਿਆ, ਆਪਣੇ ਘਰ ਨੂੰ ਜਾਹ
ਹੁਣ ਆਖੇ ਮੈਂ ਇਨ੍ਹਾਂ ਤੋਂ, ਹੋਣਾ ਨਹੀਂ ਜੇ ਵੱਖ
ਮਾਇਆ ਦੇ ਅਗਿਆਨ ਵਿਚ, ਮੇਰੀ ਲਗੀ ਅੱਖ
ਕਿਹਾ ਸ੍ਰੀ ਗੁਰੂ ਦੇਵ ਜੀ, ਕਰ ਸੰਬੋਧ ਸਰਦਾਰ
ਵਿਚ ਰਜ਼ਾ ਦੇ ਹੁਣ ਤੁਸੀਂ, ਪਾਵੋ ਨਾ ਖਲਿਆਰ
ਜਾਵੋ ਘਰ ਨੂੰ ਆਪਣੇ, ਹੁਣ ਕਰੋ ਨਾ ਸੰਗ
ਅਸੀਂ ਤੇ ਮੁੜੀਏ ਵੇਖ ਕੇ, ਗੁਰੂ ਨਾਨਕ ਦੇ ਰੰਗ
ਕਾਨ੍ਹ ਸਿੰਘ[195] ਨਿਹੰਗ ਨੂੰ, ਭੇਜਿਆ ਕਿਲ੍ਹੇ ਚੁਨਾਰ
ਬਾਬਾ ਸਾਹਬ ਸਿੰਘ ਜੀ, ਕਰੇ ਅਦਨ ਨੂੰ ਤਿਆਰ
ਸਤਿਗੁਰੂ[196] ਸੱਚੇ ਪਾਤਸ਼ਾਹ, ਤੇ ਜਵਾਹਰ ਸਿੰਘ

[195]ਸੂਬਾ ਕਾਹਨ ਸਿੰਘ ਚੱਕ ਵਾਲਾ ਅਤੇ ਸੂਬਾ ਸਾਹਿਬ ਸਿੰਘ ਬੰਗਾਲੀ ਪੁਰ ਮਾਰਚ 1873 ਦੇ ਪਹਿਲੇ ਅੱਧ ਦੇ ਅਖੀਰ ਵਿਚ ਅਲਾਹਾਬਾਦ ਦੇ ਕਿਲ੍ਹੇ ਵਿਚੋਂ ਕੱਢ ਕੇ ਦੱਖਣੀ ਯਮਨ ਦੇ ਸ਼ਹਿਰ ਅਦਨ ਦੀ ਜਿਹਲ ਵਿਚ ਭੇਜ ਦਿੱਤੇ ਸਨ। ਮਾਰਚ 1873 ਤੱਕ ਸ੍ਰ. ਮੰਗਲ ਸਿੰਘ ਬਿਸ਼ਨਪੁਰੀਆ ਪਟਿਆਲਾ ਰਿਆਸਤ ਦਾ ਵਾਸੀ ਹੋਣ ਕਾਰਨ ਜਿਸ ਤੇ 1818 ਦਾ ਬੰਗਾਲ ਐਕਟ ਦੀ ਧਾਰਾ 3 ਲਾਗੂ ਨਹੀਂ ਸੀ ਹੁੰਦੀ, ਅੰਗਰੇਜ਼ੀ ਪਰਜਾ ਨਾ ਹੋਣ ਕਰਕੇ ਉਸ ਨੂੰ ਵੀ ਰਿਹਾਅ ਕਰ ਦਿੱਤਾ ਗਿਆ ਸੀ। ਕਾਹਨ ਸਿੰਘ ਤੇ ਸਾਹਿਬ ਸਿੰਘ 1875 ਵਿਚ ਅਦਨ ਤੋਂ ਸਿਹਤ ਖਰਾਬ ਹੋਣ ਕਾਰਨ ਦੋ ਸਾਲ ਬਾਅਦ ਹਜ਼ਾਰੀ ਬਾਗ ਬਿਹਾਰ (ਅੱਜ ਕੱਲ੍ਹ ਝਾਰਖੰਡ) ਜਿਹਲ ਵਿਚ ਭੇਜ ਦਿੱਤੇ। ਇੱਥੇ ਸਾਹਿਬ ਸਿੰਘ 10 ਜੂਨ 1879 ਨੂੰ ਜਿਹਲ ਜੀਵਨ ਦੀ ਸਖਤੀ ਅਤੇ ਸ਼ੱਕਰ ਰੋਗ ਦੇ ਕਾਰਨ ਸ਼ਹੀਦ ਹੋ ਗਏ। ਪੂਰੇ ਇਕ ਸਾਲ ਬਾਅਦ 1880 ਵਿਚ ਸੂਬਾ ਕਾਹਨ ਸਿੰਘ ਨੂੰ ਦੋ ਹੋਰ ਸੂਬਿਆਂ ਮਾਨ ਸਿੰਘ ਸੈਦੋਕੀ ਤੇ ਹੁਕਮਾ ਸਿੰਘ ਪਿੱਥੋਕੀ ਪਾਸ ਚੁਨਾਰ ਕਿਲ੍ਹੇ ਵਿਚ ਭੇਜ ਦਿੱਤਾ। ਮਲਕਾ ਦੀ ਜੁਬਲੀ ਦੇ ਮੌਕੇ 1887 ਵਿਚ ਪਹਿਲਾਂ ਚੁਨਾਰ ਵਿਚ ਰਹਿ ਰਹੇ ਦੋਵੇਂ ਸੂਬੇ ਕੁਝ ਸ਼ਰਤਾਂ ਤਹਿਤ ਅਤੇ 1888 ਈ. ਵਿਚ ਕਾਹਨ ਸਿੰਘ ਪੰਜਾਬ ਵਾਪਸ ਭੇਜੇ ਗਏ।

[196]ਸਤਿਗੁਰੂ ਜੀ ਅਤੇ ਸੇਵਕ ਨਾਨੂੰ ਸਿੰਘ ਹੀ 9-10 ਮਾਰਚ 1872 ਦੀ ਰਾਤ ਨੂੰ ਦੋਵੇਂ ਇੱਥੋਂ ਕਲਕੱਤੇ ਹੁੰਦੇ ਹੋਏ ਰੰਗੂਨ ਲਈ ਤੋਰ ਦਿੱਤੇ ਸਨ। ਜਵਾਹਰ ਸਿੰਘ ਭਾਈ ਕੀ ਡਰੋਲੀ, ਲੱਖਾ ਸਿੰਘ ਮਲੌਦ ਅਤੇ ਬ੍ਰਹਮਾ ਸਿੰਘ ਕੋਲਾਣਾ (ਮਾਨਸਾ) ਨੂੰ 12 ਦਸੰਬਰ 1872 ਨੂੰ ਕਿਲ੍ਹੇ ਵਿਚੋਂ ਕੱਢ ਕੇ ਰੇਲ ਰਾਹੀਂ 14 ਦਸੰਬਰ ਨੂੰ ਕਲਕੱਤੇ ਪੁਚਾ ਦਿੱਤਾ। ਇਥੋਂ 22 ਦਸੰਬਰ ਨੂੰ ਉਹਨਾਂ ਨੂੰ ਰੰਗੂਨ ਦੇ ਸ਼ਹਿਰ ਮੌਲਮੀਨ ਲਈ ਸਮੁੰਦਰੀ ਜਹਾਜ ਤੇ ਚੜ੍ਹਾਇਆ ਜਿੱਥੇ ਉਹ 30 ਦਸੰਬਰ 1872 ਨੂੰ ਪੁੱਜੇ। ਮੌਲਮੀਨ ਇਕ ਜੇਹਲ ਵਿਚ ਸੂਬਾ ਜਵਾਹਰ ਸਿੰਘ 27 ਨਵੰਬਰ 1882 ਨੂੰ ਚਲਾਣਾ ਕਰ ਗਏ। ਸੂਬਾ ਬ੍ਰਹਮਾ ਸਿੰਘ ਹੋਰਾਂ ਨੂੰ ਕੁਝ ਸ਼ਰਤਾਂ ਤਹਿਤ ਮਲਕਾ ਵਿਕਟੋਰੀਆ ਦੀ ਜੁਬਲੀ ਦੀ ਖੁਸ਼ੀ ਵਿਚ ਵਿਚ 18 ਮਾਰਚ 1887 ਈ. ਨੂੰ ਪੰਜਾਬ ਭੇਜਣ ਦੇ ਆਦੇਸ ਭਾਰਤ ਸਰਕਾਰ ਨੇ ਕਰ ਦਿੱਤੇ। ਸੂਬਾ ਪਹਾੜਾ ਸਿੰਘ ਮਲੌਦ, ਸੂਬਾ ਮਲੂਕ ਸਿੰਘ ਫੂਲੇਵਾਲ (ਮੁਕਤਸਰ) ਅਤੇ ਸੂਬਾ ਰੂੜ ਸਿੰਘ ਅੰਮ੍ਰਿਤਸਰ (ਭਰਾਤਾ ਸੂਬਾ ਸਾਹਿਬ ਸਿੰਘ) ਇਹਨਾਂ ਤਿੰਨਾਂ ਨੂੰ

ਬਾਬਾ ਲੱਖਾ ਸਿੰਘ ਜੀ, ਸੇਵਕ ਨਾਨੂੰ ਸਿੰਘ
ਭੈਣੀ ਸਾਹਿਥੋਂ ਤੁਰਦਿਆਂ, ਜੋ ਹੋਇਆ ਸੀ ਹਾਲ
ਮੁੜਕੇ ਆਇਆ ਓਹ ਸਮਾਂ, ਦੂਜੀ ਵਾਰੀ ਨਾਲ
ਸਾਹਬ ਸਿੰਘ ਜੀ ਆਖਦੇ, ਬਾਪੂ ਕਰ ਕੇ ਅੱਡ
ਮੈਨੂੰ ਤੁਰ ਪਏ ਜ਼ਾਲਮਾਂ, ਕੋਲ ਇਕੱਲਾ ਛੱਡ
ਦੱਸ ਜਾਓ ਕਦ ਮਿਲਾਂਗੇ ਮੁੜ ਕਦ ਹੋਣ ਦੀਦਾਰ
ਮੈਨੂੰ ਦੇਣਾਂ ਬਿੱਲਿਆਂ, ਕੱਲੇ ਨੂੰ ਫੜ੍ਹ ਕੇ ਮਾਰ
ਹੌਕੇ ਭਰਦਾ ਮਰਾਂਗਾ, ਕਰਦਾ ਤੁਹਾਡੀ ਯਾਦ
ਜ਼ਾਲਮ ਹੈ ਅੰਗ੍ਰੇਜ ਇਸ, ਸੁਣਨੀ ਨਾ ਫ਼ਰਯਾਦ
ਰਹਿਮ ਕਰੇ ਅੰਗ੍ਰੇਜ਼ ਜੇ, ਮੈਨੂੰ ਦੇਵੇ ਮਾਰ
ਤੁਹਾਥੋਂ ਵਿੱਛੜ ਕੇ ਕਿਵੇਂ, ਜੀ ਸੱਕੀਏ ਸਰਕਾਰ
ਬਾਪੂ, ਪੁੱਤ੍ਰ ਲਾਡਲਾ ਚੱਲੇ ’ਕੱਲਾ ਛੋੜ
ਮੈਨੂੰ ਜੀਊਣ ਦੀ ਰਹੀ, ਦੱਸੋ ਕਿਹੜੀ ਲੋੜ
ਆਂਹਦੇ ਹੁੰਦੇ ਲਾਡਲਾ, ਜਿਸਨੂੰ ਪੁਤ ਸਪੂਤ
ਕਿਹੜੀ ਗੱਲੋਂ ਹੋ ਗਿਆ, ਬਾਪੂ ਓਹ ਕਪੂਤ
ਸਾਥੋਂ ਓਹਲੇ ਹੋਣ ਨਾ, ਦਿੰਦੇ ਸੀ ਸਰਕਾਰ
ਕਿਸ ਗੁਨਾਹੋਂ ਓਸ ਨੂੰ, ਚਲੇ ਇੰਞ ਵਿਸਾਰ
ਲਾਡ ਲਡਾਂਦੇ ਸਦ ਰਹੇ, ਕਦੇ ਨਾ ਹੋਇ ਨਰਾਜ
ਅੱਜ ਤੁਰੇ ਕਿਉਂ ਛੱਡ ਕੇ, ਕੱਲ੍ਹੇ ਨੂੰ ਮਹਾਰਾਜ
ਕਰਦੇ ਰਹੇ ਪਿਆਰ ਸਦ, ਮੈਲੀ ਕਰੀ ਨਾ ਅੱਖ
ਬਾਪੂ ਕਿਸ ਗੁਨਾਹ ਤੋਂ, ਪੁੱਤਰ ਕੀਤਾ ਵੱਖ

---

ਇਲਾਹਾਬਾਦ ਕਿਲ੍ਹੇ ਵਿਚੋਂ ਕੱਢ ਕੇ 15 ਦਸੰਬਰ 1872 ਨੂੰ ਸਤਪੁੜਾ ਦੀਆਂ ਪਹਾੜੀਆਂ ਤੇ ਸਥਿਤ, ਕੇਂਦਰੀ ਭਾਰਤ ਦੇ ਅਸੀਰਗੜ੍ਹ ਕਿਲ੍ਹੇ ਵਿਚ ਭੇਜ ਦਿੱਤਾ। ਸੂਬਾ ਪਹਾੜਾ ਸਿੰਘ 2 ਮਾਰਚ 1882 ਨੂੰ ਕਿਲੇ ਦੇ ਫੌਜੀ ਹਸਪਤਾਲ ਦੇ ਬਾਹਰ ਦਰਦ ਗੁਰਦਾ ਨਾਲ ਲੁੱਛ ਲੁੱਛ ਕਰਕੇ ਪ੍ਰਾਣ ਤਿਆਗ ਗਿਆ। ਸੂਬਾ ਰੂੜ ਸਿੰਘ ਵੀ ਇਸੇ ਕਿਲ੍ਹੇ ਵਿਚ 1884 ਦੀ ਆਖਰੀ ਤਿਮਾਹੀ ਵਿਚ ਚਾਲੇ ਮਾਰ ਗਏ। ਸੂਬਾ ਮਲੂਕ ਸਿੰਘ ਨੂੰ ਮਲਕਾਂ ਦੀ ਜੁਬਲੀ ਸਮੇਂ ਸ਼ਰਤਾਂ ਤਹਿਤ 17 ਦਸੰਬਰ 1887 ਈ. ਦੀ ਸ਼ਾਮ ਅਸੀਰਗੜ੍ਹੋਂ ਆਪਣੇ ਪਿੰਡ ਜਾਣ ਲਈ ਫੀਰੋਜ਼ਪੁਰ ਦੀ ਰੇਲ ਤੇ ਚੜ੍ਹਾ ਦਿੱਤਾ। 1887 ਤੋਂ ਪੰਜ ਸਾਲ ਬਾਅਦ ਲੱਖਾ ਸਿੰਘ ਨੂੰ ਜਿਹਲ ਤੋਂ ਬਾਹਰ ਮੌਲਮੀਨ ਦੀ ਜੂਹ ਵਿਚ ਪੁਲੀਸ ਦੀ ਜ਼ੇਰ ਨਿਗਰਾਨੀ ਰਹਿਣਾ ਪਿਆ। ਇੱਥੇ ਹੀ ਉਹਨਾਂ 5 ਫਰਵਰੀ 1903 ਨੂੰ ਆਪਣਾ ਪੰਜ ਭੂਤਿਕ ਠੀਕਰਾ ਗੋਰਾਸ਼ਾਹੀ ਦੇ ਸਿਰ ਭੰਨਿਆ।

ਬੋਲੇ ਸਤਿਗੁਰ ਪਾਤਸ਼ਾਹ, ਭਰ ਕੇ ਨੈਣੀ ਨੀਰ
ਤੂੰ ਹੈਂ ਸਿਆਣਾ ਪੁੱਤਰਾ, ਮੇਰੀ ਸੀ ਤੂੰ ਧੀਰ
ਮੇਰੇ ਬੀਬੇ ਪੁੱਤ ਤੇ, ਮੈਨੂੰ ਸੀ ਬਹੁ ਮਾਣ
ਬੇਫਿਕਰ ਸਾਂ ਸੌਂਪ ਕੇ, ਤੇਰੇ ਹੱਥ ਕਮਾਣ
ਕੋਈ ਤਾਕਤ ਅਸਾਂ ਨੂੰ, ਸਕਦੀ ਨਹੀਂ ਵਿਛੋੜ
ਬਿੱਲਿਆਂ ਦੀ ਕੋਈ ਮਜਾਲ ਨਾ, ਦੇਣ ਸਿਲਸਿਲਾ ਤੋੜ
ਬਿਨ ਕੁਰਬਾਨੀ ਦਿੱਤਿਆਂ ਹੋਇ ਨ ਦੇਸ਼ ਅਜ਼ਾਦ
ਦੂਰ ਗੁਲਾਮੀ ਕਰਾਂਗੇ, ਆਪੂੰ ਹੋ ਬਰਬਾਦ
ਦੇਸ਼ ਪਿਆਰ ਦੀ ਪੁੱਤਰੋ, ਬਾਲੀ ਤੁਸਾਂ ਜੋ ਅੱਗ
ਇਸ ਕੁਰਬਾਨੀ ਨਾਲ ਇਹ, ਬਹੁਤੀ ਜਾਵੇ ਮੱਘ
ਜੱਫੀ ਵਿਚ ਲੈ ਸਾਹਬ ਸਿੰਘ, ਆਂਹਦੇ ਪੁੱਤ ਸਰਦਾਰ
ਤੇਰਾ ਮੇਰਾ ਅਜ਼ਲ ਤੋਂ, ਹੈ ਅਟੁੱਟ ਪਿਆਰ
ਆਪਣੇ ਬੀਬੇ ਪੁੱਤ ਦੀ, ਦਿਲੋਂ ਨਾ ਵਿਸਰੇ ਯਾਦ
ਤੁਹਾਡੇ ਏਸ ਪਿਆਰ ਵਿਚ, ਸਦਾ ਰਹਾਂ ਨਾ-ਸ਼ਾਦ
ਤਾਕਤ ਨਾ ਅੰਗ੍ਰੇਜ਼ ਦੀ, ਸਾਨੂੰ ਦਏ ਵਿਛੋੜ
ਤੁਹਾਡੇ ਮੇਰੇ ਪਿਆਰ ਨੂੰ, ਕੋਈ ਨਾ ਸੱਕੇ ਤੋੜ
ਬਦਲੇ ਦੇਸ਼ ਪਿਆਰ ਦੇ, ਹੋਣ ਲਈ ਕੁਰਬਾਨ
ਤੁਸੀਂ ਤੁਰੇ ਹੋ ਪੁੱਤਰੋ, ਵਾਰਨ ਆਪਣੇ ਪ੍ਰਾਨ
ਜਦ ਤਕ ਕਾਇਮ ਰਹੇਗਾ, ਕੁਦਰਤ ਦਾ ਵਿਧਾਨ
ਤੁਹਾਡੀ ਹੋਰ ਬ੍ਰਾਬਰੀ, ਕਰ ਨਾ ਸਕੇ ਇਨਸਾਨ
ਯਾਦ ਤੁਹਾਡੀ ਪੁੱਤਰੋ, ਦੇਸ਼ ਨਾ ਸੱਕੇ ਭੁੱਲ
ਕੀ ਹੋਇਆ ਜੇ ਅੱਜ ਨਾ, ਪਿਆ ਤੁਹਾਡਾ ਮੁੱਲ
ਤੁਹਾਡੇ ਪਿਛੇ ਤੁਰੇਗਾ, ਇਕ ਦਿਨ ਸਾਰਾ ਦੇਸ
ਹੋਰ ਕਿਵੇਂ ਨਾ ਲਹਿ ਸੱਕੇ, ਇਹ ਗੁਲਾਮੀ ਵੇਸ
ਧਰਤੀ ਇੱਕ ਰਸ ਕਰਾਂਗਾ, ਪੱਧਰ ਇਕੋ ਸਾਰ
ਕੋਈ ਰਹੇ ਕੰਗਾਲ ਨਾ, ਨਾ ਸਰਮਾਏਦਾਰ
ਨਾ ਰਹਿ ਜਾਵੇ ਮੰਗਤਾ, ਨਾ ਰਹਿ ਜਾਇ ਅਮੀਰ
ਛੋਟਾ ਵਡਾ ਮਨੁਖ ਨਾ, ਸਮਝੇ ਕੋਈ ਅਸੀਰ
ਸਰਮਾਏ ਦੇ ਹੋਣਗੇ, ਸਾਰੇ ਭਾਈਵਾਲ

ਦੂਰ ਹੋ ਜਾਇ ਸਮਾਜ ਦੀ, ਲੰਗੜਾਈ ਜਿਹੀ ਚਾਲ
ਧਰਤੀ ਉਤੋਂ ਹੋਇ ਨਾ, ਦੂਰ ਪਾਪ ਦਾ ਭਾਰ
ਤਦ ਤਕ ਜਾਵਾਂ ਛੱਡਕੇ, ਮੈਂ ਨਾ ਇਹ ਸੰਸਾਰ
ਆਪਣੇ ਪਾਪਾਂ ਦਾ ਰਿਹਾ, ਗੋਰਿਆਂ ਨੂੰ ਡਰ ਮਾਰ
ਉਲਟ ਦੇਣਗੇ ਅਸਾਂ ਦੀ, ਇਹ ਕੂਕੇ ਸਰਕਾਰ
ਏਸੇ ਡਰ ਤੋਂ ਡਰਦਿਆਂ, ਸਾਨੂੰ ਦੇਸੋਂ ਕੱਢ
ਕਰਨ ਲਗੇ ਨੇ ਪੁੱਤਰੋ, ਇਕ ਦੂਜੇ ਤੋਂ ਅੱਡ
ਪਰ ਮੈਂ ਦੇਂਦਾ ਦੱਸ ਹਾਂ, ਏਨ੍ਹਾਂ ਤਈਂ ਵੰਗਾਰ
ਮੇਰੇ ਦੇਸ ਨਾ ਰਹਿ ਸਕੇ, ਗ਼ੈਰਾਂ ਦੀ ਸਰਕਾਰ
ਥੋੜੇ ਦਿਨ ਨੇ ਰਹਿ ਗਏ, ਹੋਇਗਾ ਦੇਸ ਅਜ਼ਾਦ
ਬੇਸ਼ਕ ਬਿੱਲੇ ਦੇਣਗੇ, ਇਸਨੂੰ ਕਰ ਬਰਬਾਦ
ਏਸ ਦੇਸ਼ ਵਿਚ ਵਰ੍ਹਨਗੇ, ਫਿਰ ਸੋਨੇ ਦੇ ਹੁੰਡ
ਨਾਲ ਆਜ਼ਾਦੀ ਫਿਰਨਗੇ, ਗਾਈਂ ਚਰਦੇ ਝੁੰਡ
ਕੋਈ ਵੇਖ ਨਾ ਸਕੇਗਾ, ਵੱਲ ਕਿਸੇ ਦੇ ਘੂਰ
ਮਾਲਾ ਹਥ ਫੜਾਇਕੇ, ਛੁਰੀ ਸੁਟਾਵਾਂ ਦੂਰ
ਸਾਡਾ ਦਿਲ ਪ੍ਰਸੰਨ ਹੈ, ਅਸੀਂ ਹਾਂ ਬੇਗੁਨਾਹ
ਸਾੜ ਦਏ ਅੰਗੇਜ ਨੂੰ, ਬੇਦੋਸਿਆਂ ਦੀ ਆਹ
ਇੱਕ ਸਪੈਸ਼ਲ ਖੜੀ ਸੀ, ਕੀਤੀ ਹੋਈ ਤਿਆਰ
ਉਸ ਤੋਂ ਕੀਤੇ ਸਤਿਗੁਰੂ, ਪ੍ਰਿਆਗੋਂ ਅਸਵਾਰ
ਤੁਰਦੀ ਟੇਸ਼ਨ ਛੱਡਦੀ, ਪੁਜੀ ਪਟਨੇ ਕੋਲ
ਨਾਨੂੰ ਸਿੰਘ ਨੂੰ ਪੁੱਛਿਆ, ਕਿਹੜਾ ਥਾਂ ਹੈਂ ਬੋਲ
ਪਟਨਾ ਸਾਹਿਬ ਪਾਤਸ਼ਾਹ, ਜਨਮ ਭੂਮਿ ਦਸਮੇਸ਼
ਦਰਸ਼ਨ ਕੀਤੇ ਸਨ ਕਦੀ, ਆਣ ਥਾਉਂ ਵਿਚ ਏਸ
ਸੁਪਨੇ ਵਾਂਗੂੰ ਤੱਕ ਰਹੇ, ਹਾਂ ਇਹ ਜਨਮ ਸਥਾਨ
ਦਿਲ ਦੀ ਦਿਲ ਵਿਚ ਰਹਿ ਗਈ, ਪੂਰੀ ਕਰਾਂਗੇ ਆਨ
ਆਏ ਦਸਵੇਂ ਪਾਤਸ਼ਾਹ, ਇਸ ਥਾਂ ਧਰ ਅਵਤਾਰ
ਸਭਨਾਂ ਕੀਤੀ ਬੰਦਨਾ, ਕਈ ਵਾਰ ਕਈ ਵਾਰ
ਹਾਵੜਾ ਜਾ ਖਲੋ ਗਈ, ਗੱਡੀ ਕਰ ਬਿਸਰਾਮ
ਹੁਗਲੀ ਕੰਢੇ ਜਾਇ ਕੇ, ਕੀਤਾ ਫੇਰ ਅਰਾਮ

ਅੱਗੇ ਇਕ ਜਹਾਜ ਸੀ, ਕੀਤਾ ਖੜਾ ਤਿਆਰ
ਉਸਦੇ ਉਤੇ ਜਾ ਹੋਏ, ਸਤਿਗੁਰ ਜੀ ਅਸਵਾਰ
ਅਗੋਂ ਪੌੜੀਆਂ ਵਿਚ ਹੀ, ਮਿਲਿਆ ਲਾਟ ਬੰਗਾਲ
ਪੁੱਛਿਆ ਬਾਬਾ ਸਾਹਿਬ ਜੀ, ਕੀ ਤੁਹਾਡਾ ਹਾਲ
ਅਸੀਂ ਬਹੁਤ ਪ੍ਰਸੰਨ ਹਾਂ, ਕਿਹਾ ਗ੍ਰੀਬ ਨਿਵਾਜ
ਚੜ੍ਹਦੀ ਕਲਾ ਦੇ ਵਿਚ ਹਾਂ, ਕਿਸੇ ਦੇ ਨਾ ਮੁਹਤਾਜ
ਲੰਡਨ ਤੋਂ ਕੱਢ ਤੁਸਾਂ ਨੂੰ, ਤੋਰੀਏ ਜੋਰਾਂ ਨਾਲ
ਪੁੱਛੀਏ ਸਾਹਿਬ ਫੇਰ ਦੱਸ, ਕੀ ਤੁਹਾਡਾ ਹਾਲ
ਅਸੀਂ ਜਿਹੋ ਜੇਹੇ ਖੁਸ਼ ਹਾਂ, ਤਿਹੋ ਜੇਹੇ ਪ੍ਰਸੰਨ
ਤੁਸੀਂ ਰਹੇ ਤਾਂ ਆਖੀਏ, ਫੇਰ ਤੁਹਾਨੂੰ ਧੰਨ
ਗੱਲਾਂ ਸਾਡੇ ਦਿਲ ਦੀਆਂ, ਰਹੀਆਂ ਦਿਲ ਵਿਚਕਾਰ
ਸਮੇਂ ਨਾਲ ਕਰ ਦਏਗਾ, ਪੂਰੀਆਂ ਗੁਰ ਕਰਤਾਰ
ਤੁਸੀ ਅਸਾਂ ਨੂੰ ਕੱਢਿਆ, ਸਰਦੀਆਂ ਵਿਚ ਸਿਆਲ
ਤੁਹਾਡੇ ਸਿਰ ਮੁਸੀਬਤਾਂ, ਪਾਈਏ ਵਿਚ ਹੁਨਾਲ ।

**********************

# (30)
# ਰੰਗੂਨ ਜਿਹਲ ਵਿਚ

ਲੱਖਾ ਸਿੰਘ[197] ਜਵਾਹਰ ਸਿੰਘ, ਤੇ ਨਾਨੂੰ ਸਿੰਘ ਨਾਲ
ਬੈਠੇ ਜਾਇ ਜਹਾਜ ਵਿਚ, ਸਤਿਗੁਰ ਦੀਨ ਦਿਆਲ
ਹੁਗਲੀ ਦਰਿਆ ਵਿਚ ਇਨ੍ਹਾਂ ਦਾ, ਚਲਦਾ ਪਿਆ ਜਹਾਜ
ਕੀਰਤਨ ਕਰਦੇ ਜਾ ਰਹੇ, ਸਤਿਗੁਰ ਸ੍ਰੀ ਮਹਾਰਾਜ
"ਨਦੀਆ ਵਾਹ ਵਿਛੁੰਨਿਆ ਮੇਲਾ ਸੰਜੋਗੀ ਰਾਮ ॥
ਜੁਗ ਜੁਗੁ ਮੀਠਾ ਵਿਸੁ ਭਰੈ ਕੋ ਜਾਣੈ ਜੋਗੀ ਰਾਮ ॥
ਕੋਈ ਸਹਜਿ ਜਾਣੈ ਹਰਿ ਪਛਾਣੈ ਸਤਿਗੁਰੂ ਜਿਨਿ ਚੇਤਿਆ ॥
ਬਿਨੁ ਨਾਮ ਹਰਿ ਕੇ ਭਰਮਿ ਭੂਲੇ ਪਚਹਿ ਮੁਗਧ ਅਚੇਤਿਆ ॥
ਹਰਿਨਾਮੁ ਭਗਤਿ ਨ ਰਿਦੈ ਸਾਚਾ ਸੇ ਅੰਤਿ ਧਾਹੀ ਰੁੰਨਿਆ ॥
ਸਚੁ ਕਹੈ ਨਾਨਕੁ ਸਬਦਿ ਸਾਚੈ ਮੇਲਿ ਚਿਰੀ ਵਿਛੁੰਨਿਆ॥"
ਤੁਰਦਾ ਗਿਆ ਜਹਾਜ਼ ਪੁਜ, ਗੰਗ ਸਾਗਰ ਵਿਚਕਾਰ
ਧਰਤੀ ਦਿਸਣੋਂ ਰਹਿ ਗਈ, ਪਾਣੀ ਦਾ ਪਰਸਾਰ
ਅੱਖੀਆਂ ਭਰ ਕੇ ਕਰ ਲਏ ਭਾਰਤ ਦੇ ਦੀਦਾਰ
ਫਿਰ ਵੇਖਣਗੇ ਕਦੋਂ ਮੁੜ, ਜਾਣੇ ਗੁਰ ਕਰਤਾਰ
ਕਿਧਰ ਨੂੰ ਲੈ ਜਾ ਰਹੇ, ਕੋਈ ਨ ਦੱਸੇ ਬਾਤ
ਜ਼ੁਲਮ ਕਰਨ ਵਿਚ ਪਾ ਰਹੇ, ਗੋਰੇ ਸਭ ਨੂੰ ਮਾਤ

ਏਹਨਾਂ ਦਾ ਗੁਨਾਹ ਸਿਰਫ਼ ਕਰਨਾ ਦੇਸ਼ ਪਿਆਰ
ਗਈ ਗ਼ੁਲਾਮੀ ਨਾ ਜਰੀ, ਜਰਿਆ ਨਾ ਅਤਿਆਚਾਰ
ਦੇਸ਼ ਨਿਕਾਲਾ ਲੈ ਲਿਆ ਏਸੇ ਵਿਚ ਅਪਰਾਧ
ਸੁਤੰਤ੍ਰਤਾ ਸੀ ਇਨ੍ਹਾਂ ਦੇ, ਦਿਲ ਦੀ ਵੱਡੀ ਸਾਧ
ਇਹ ਨਾ ਕੋਈ ਗੁਨਾਹ ਸੀ, ਕਰਨਾ ਦੇਸ਼ ਸੁਧਾਰ

---

[197] ਕੇਵਲ ਹਜ਼ੂਰੀ ਸੇਵਕ ਭਾਈ ਨਾਨੂੰ ਸਿੰਘ ਨਾਲ ਸੀ। ਉਪਰੋਕਤ ਦੋਵੇਂ ਸੂਬੇ ਅਜੇ ਇਲਾਹਾਬਾਦ ਕਿਲ੍ਹੇ ਵਿਚ ਸਨ।

ਕਿਹਾ ਨਾ ਬਿੱਲਿਆਂ ਨੂੰ ਕਿਸੇ, ਕੀ ਕਰਦੇ ਸਰਕਾਰ ?
ਸਗੋਂ ਰਲ ਗਏ ਨਾਲ ਸਭ, ਦੇਸ਼-ਨਿਕਾਲਾ ਦੇਣ
ਦੂਰ ਬਗ਼ਾਵਤ ਹੋ ਗਈ, ਅੰਗ੍ਰੇਜ਼ ਨਾ ਜਾਮੇ ਮੇਣ
ਪਰ ਪਤਾ ਨਾ ਇਨ੍ਹਾਂ ਨੂੰ, ਦੇਸ਼-ਪਿਆਰ ਦੀ ਅੱਗ
ਬੁੱਝ ਨ ਸੱਕੇਗੀ ਸਗੋਂ, ਮੱਚਣ ਭਾਂਬੜ ਮੱਘ
ਏਸ ਅੱਗ ਪ੍ਰਤੰਤ੍ਰਤਾ, ਨੂੰ ਹੈ ਦੇਣਾ ਫੂਕ
ਸੁਣਨੀ ਨਾ ਫਿਰ ਕਿਸੇ ਨੇ, ਅੰਗ੍ਰੇਜ਼ਾਂ ਦੀ ਕੂਕ
ਰੋਂਦਾ ਸਾਗਰ ਸੀ ਪਿਆ, ਰੋਂਦਾ ਸੀ ਪਿਆ ਨੀਰ
ਵੇਦਨ ਦੱਸ ਨਾ ਸਕਦੇ, ਆਪਣੇ ਦਿਲ ਨੂੰ ਚੀਰ
ਸਾਗਰ ਤੇ ਮਰ ਜੀਵੜੇ, ਮੱਛ ਕੱਛ ਜਲ ਹੋੜ
ਅਰਜ਼ਾਂ ਕਰਨ ਜਹਾਜ ਇਹ, ਪਿਛੇ ਦਈਏ ਮੋੜ
ਉੱਛਲ ਉੱਛਲ ਮੱਛੀਆਂ, ਡਿਗਣ ਵਿਚ ਜਹਾਜ
ਚਾਂਹਦੀਆਂ ਜਾਵੀਏ ਨਾਲ ਹੀ, ਜਾਣ ਜਿੱਥੇ ਮਹਾਰਾਜ
ਦੂਰੋਂ ਨੱਸੇ ਆਂਵਦੇ, ਅੱਠ ਜਿਨ੍ਹਾਂ ਦੇ ਪੈਰ
ਜਿਵੇਂ ਨਹੀਂ ਗੁਜ਼ਾਰਨੀ, ਅੱਜ ਉਨ੍ਹਾਂ ਨੇ ਖ਼ੈਰ

ਅੱਗੇ ਆਣ ਜਹਾਜ ਦੇ, ਮਾਰਨ ਜਿਹੀ ਫੁੰਕਾਰ
ਸਾਗਰ ਵਿਚ ਤੂਫ਼ਾਨ ਆ, ਮਚਦੀ ਹਾ ਹਾ ਕਾਰ
ਅਜਗਰ ਜ਼ਹਿਰੀ ਵਿਹੁ ਭਰੇ, ਮਾਰਨ ਜੇਹੀ ਸ਼ੂਕ
ਚਾਹਣ ਏਸ ਜਹਾਜ ਨੂੰ, ਜਿਉਂ ਹੈ ਦੇਣਾ ਫੂਕ
ਪਰਬਤ ਵਾਂਗ ਖਲੋਣ ਆ, ਰਸਤਾ ਰੋਕ ਸਰਾਲ
ਕਰ ਨਾ ਸਕੇ ਮੁਕਾਬਲਾ, ਕੋਈ ਜਿਨ੍ਹਾਂ ਦੇ ਨਾਲ
ਸਮੁੰਦ੍ਰ ਛੱਲਾਂ ਮਾਰਦਾ, ਪਰਸੇ ਚਰਨ ਮਹਾਨ
ਜਿਸ ਦੇ ਘਰ ਚੱਲ ਆ ਗਏ, ਦਰਸ ਦੇਣ ਭਗਵਾਨ
ਮੇਵੇ ਆਪੇ ਵਿਚ ਨਾ, ਖ਼ੁਸ਼ੀਆਂ ਮਾਰ ਉਛਾਲ
ਬਿੱਲੇ ਡਰ ਗਏ ਆਖਦੇ, ਆਇਆ ਕੋਈ ਭੁਚਾਲ
ਜਿਉਂ ਖੇਨੂੰ ਸੁਟ ਖੇਡਦੇ, ਬਚੇ ਧਰਤੀ ਮਾਰ
ਉੱਛਲ ਵਲ ਅਕਾਸ਼ ਦੇ, ਜਾਵੇ ਲਾ ਉਡਾਰ
ਸਾਗਰ ਤਿਵੇਂ ਜਹਾਜ ਨਾਲ, ਖੇਡੇ ਵਾਂਗੂੰ ਬਾਲ

ਡਰ ਗਏ ਗੋਰੇ ਆਖਦੇ, ਆ ਗਿਆ ਸਾਡਾ ਕਾਲ
ਛੱਲਾਂ ਮਾਰ ਪਖਾਰਦਾ, ਸਾਗਰ ਚਰਨ ਪਵਿੱਤ
ਮੁੜਦਾ ਚਰਨੀ ਹੱਥ ਲਾ, ਦੱਸਦਾ ਅਪਣਾ ਹਿੱਤ
ਖ਼ੁਸ਼ੀ ਵਿਚ ਨਾ ਮੇਂਵਦਾ, ਪਰਸੇ ਚਰਨ ਮਹਾਨ
ਕਰਨ ਪਵਿੱਤਰ ਆ ਗਏ, ਆਪ ਅੱਜ ਭਗਵਾਨ
ਸੇਵਾ ਪੁੱਛੇ ਆਖਦਾ ਕਰਾਂ, ਨਾ ਲਾਵਾਂ ਦੇਰ
ਡੋਬ ਜਹਾਜ ਇਹ ਪਾ ਦਿਆਂ, ਘਰ ਅੰਗ੍ਰੇਜ਼ ਅੰਧੇਰ
ਅਰਜ਼ ਕਰੇ ਆਖੇ ਚਲੋ, ਘਰ ਵਿਚ ਦਵੋ ਦੀਦਾਰ
ੳਮਾ ਹੈ ਕਰਦੀ ਪਈ, ਬੇ-ਸਬਰੀ ਇੰਤਜ਼ਾਰ
ਬਿਨਾਂ ਦੱਸਿਆਂ ਆ ਗਏ, ਸੁੰਞੀ ਛਡ ਵੈਕੁੰਠ
ੳਮਾ ਛੱਡੀ ਨਾ ਕੋਈ, ਭਾਲਣ ਤੋਂ ਹੈ ਗੁੰਠ
ਹੌਕੇ ਭਰਦਾ ਰੋ ਰਿਹਾ, ਲੈਂਦਾ ਉਭੇ ਸੁਆਸ
ਸ਼ੇਸ਼ ਪਿਆ ਹੈ ਸਹਿਕਦਾ, ਵਿਚ ਮਿਲਣ ਦੀ ਆਸ
ਆਣ ਅਚਾਣਕ ਆਪ ਹੀ, ਮਿਲ ਗਏ ਨੇ ਭਗਵਾਨ
ਕਿਰਪਾ ਕਰੋ ਤੇ ਅਜ ਬਣੋਂ, ਚਲ ਮੇਰੇ ਮਹਿਮਾਨ
ਹੁਕਮ ਕਰੋ ਜੇ ਲੈ ਚਲਾਂ, ਸਣੇ ਜਹਾਜ ਹਜੂਰ
ਗ਼ਾਰਤ ਕਰ ਦਿਆਂ ਬਿੱਲਿਆਂ, ਦਾ ਇਹ ਸਾਰਾ ਪੂਰ
ਲੰਡਨ ਵੀ ਡੁਬੋ ਦਿਆਂ, ਪਾਵਾਂ ਜਿਹਾ ਫ਼ਤੂਰ
ਮੇਰੀ ਪਹੁੰਚੋਂ ਹੈ ਨਹੀਂ, ਓਹ ਵੀ ਕੋਈ ਦੂਰ
ਮੈਂ ਅੰਗ੍ਰੇਜ਼ ਵਿਖਾ ਦਿਆਂ, ਜ਼ੁਲਮ ਕਰਨ ਦਾ ਸਵਾਦ
ਪਰ ਮੈਂ ਡਰਾਂ ਹਜੂਰ ਤੋਂ, ਬੱਧਾ ਵਿਚ ਮਰਯਾਦ
ਹੁਕਮ ਕਰੋ ਤਾਂ ਪਾ ਦਿਆਂ, ਇਨ੍ਹਾਂ ਘਰ ਅੰਧੇਰ
ਡਰਦਾ ਹਾਂ ਪਰ ਆਪ ਤੋਂ, ਫੇਰ ਕਰਾਂ ਨਾ ਦੇਰ
ਬਰਦਾਸ਼ਤ ਨਾ ਹੋ ਸੱਕੇ, ਤੁਹਾਡੀ ਮੈਲੀ ਅੱਖ
ਸਾਗਰ ਅਰਜ਼ਾਂ ਕਰ ਰਿਹਾ, ਸਿਰ ਚਰਨਾਂ ਤੇ ਰੱਖ
ਸੁਣ ਕਿਹਾ ਭਗਵਾਨ ਨੇ, ਹੇ ਸਾਗਰ ਸ੍ਰੀ ਮੰਤ
ਰਹੋ ਵਿਚ ਮਰਯਾਦ ਦੇ, ਹੋਣ ਦਿਓ ਸੁ ਅੰਤ
ਕੀਤੀ ਭੰਗ ਮਰਯਾਦ ਨਾ, ਕਦੀ ਕਿਸੇ ਅਵਤਾਰ
ਆਏ ਮਾਨਸ ਦੇਹ ਧਰ, ਕਰੀ ਮਨੁੱਖੀ ਕਾਰ

ਸਾਰੀ ਸੈਨਾ ਆਪਣੀ, ਮੱਛ ਕੱਛ ਜਲ ਹੋੜ
ਕੋਈ ਹਰਕਤ ਕਰਨ ਨਾ, ਲਓ ਇਨ੍ਹਾਂ ਨੂੰ ਮੋੜ
ਮੈਂ ਹਾਂ ਆਇਆ ਜਿਸ ਲਈ, ਪੂਰੀ ਹੋ ਜਾਏ ਕਾਰ
ਕਹਿਣਾ ਓਮਾਂ ਸਬਰ ਨਾ, ਕਰਦੀ ਰਹਿ ਇੰਤਜ਼ਾਰ
ਅਜੇ ਤੇ ਆਪਣਾ ਦੇਸ਼ ਮੈਂ, ਕਰਨਾ ਹੈ ਆਜ਼ਾਦ
ਤੈਨੂੰ ਦੇਣਾ ਸੌਂਪ ਸਭ, ਸਾਮੰਤੀ ਸਾਮਰਾਜ
ਅਵਨੀ ਕਰਨੀ ਇਕ ਰਸ, ਰਾਜੇ ਕਰਨੇ ਦੂਰ
ਅਮੀਰ ਗ਼ਰੀਬ ਦਾ ਵਿਤਕਰਾ, ਕਰਨਾ ਚਕਨਾ ਚੂਰ
ਰਹਿਣ ਨਵਾਬੀ ਨਾ ਦਿਆਂ, ਰਹਿਣ ਨਾ ਦਿਆਂ ਨਰੇਸ਼
ਧਰਤੀ ਉਤੋਂ ਇਨ੍ਹਾਂ ਦੀ, ਪੱਟੀ ਦੇਣੀ ਮੇਸ
ਤੋਪ ਬੰਦੂਕਾਂ ਛੁਰੀਆਂ, ਬੰਬ ਸੰਗੀਨਾਂ ਬੋਰ
ਸਤਵੇਂ ਵਿਚ ਪਤਾਲ ਦੇ, ਇਹ ਸਭ ਦੇਣੇ ਤੋਰ
ਗਊ ਗ਼ਰੀਬ ਮਜ਼ਲੂਮ ਤੇ, ਜ਼ੁਲਮ ਨਾ ਦੇਣਾ ਹੋਣ
ਤਕੜੇ ਮਾੜਿਆਂ ਫੜ੍ਹ ਕੇ, ਐਵੇਂ ਪਏ ਨਾ ਕੋਹਣ
ਕੋਈ ਨਾ ਵੇਖੇ ਕਿਸੇ ਵੱਲ, ਅਣ-ਸੁਖਾਵੀਂ ਅੱਖ
ਜਾਬਰ ਕਰਨ ਮਜ਼ਲੂਮ ਦੀ, ਪੁੱਤਰਾਂ ਵਾਂਗੂ ਰੱਖ
ਬੱਦਲ ਗੜ ਗੜ ਨਾ ਕਰੇ, ਅੱਗ ਨਾ ਕਢੇ ਧੂੰ
ਸੂਰਜ ਹੋਇ ਪ੍ਰਚੰਡ ਤੇ, ਨੱਕ ਨਾ ਸਾੜੇ ਬੂ
ਮਨ ਭਾਂਦਾ ਅੰਨ ਧਨ ਮਿਲੇ, ਲੋਕ ਫਿਰਨ ਖ਼ੁਸ਼ਹਾਲ
ਮਾਂ ਪਿਉ ਅੱਗੇ ਪੁੱਤ ਨੂੰ, ਮਾਰ ਨ ਸੱਕੇ ਕਾਲ
ਜਦ ਹੋ ਜਾਵੇ ਇਕ ਰਸ, ਸਾਰਾ ਸਾਜ ਸਮਾਜ
ਫੇਰ ਸ਼ੇਸ਼ ਤੇ ਉਮਾਂ ਕੋਲ, ਆਣ ਸਜਾਵਾਂ ਸਾਜ
ਜਦੋਂ ਤੀਕ ਇਨਸਾਨ ਨੂੰ, ਮਿਲਣ ਨਾ ਸਾਰੇ ਸੁੱਖ
ਤਦੋਂ ਤੀਕ ਪ੍ਰਦੇਸ ਵਿਚ, ਰੁਲਾਂ ਭੋਗਾਂਗਾ ਦੁੱਖ
ਸੁਣ ਇਹ ਸੀਸ ਨਿਵਾਇਆ, ਨੀਵੇਂ ਕਰਕੇ ਨੈਣ
ਸਾਗਰ ਸ਼ਾਂਤ ਸੀ ਹੋ ਗਿਆ, ਮੰਨ ਗੁਰੂ ਦੇ ਬੈਣ
ਬੋਲੇ ਲੱਖਾ ਸਿੰਘ[198] ਫਿਰ, ਕਰ ਭਗਵਾਨ ਸੰਬੋਧ

[198] ਲੱਖਾ ਸਿੰਘ ਦੇ ਬਹਾਨੇ ਮਨ ਬਚਨੀ ਕਰ ਰਹੇ ਹਨ।

ਬਾਪੂ ਮੈਨੂੰ ਆ ਰਿਹਾ, ਅਪਣੇ ਉਤੇ ਕਰੋਧ
ਦੇਸ਼ ਨਿਕਾਲਾ ਲੈ ਲਿਆ, ਕੀਤੇ ਬਿਨ ਕੋਈ ਕੰਮ
ਵੱਢ ਵੱਢ ਖਾਈ ਜਾ ਰਿਹਾ, ਹੁਣ ਮੈਨੂੰ ਇਹ ਗ਼ੰਮ
ਜੇ ਰਲ ਜਾਂਦੇ ਅਸੀਂ ਵੀ, ਹੀਰਾ ਸਿੰਘ ਦੇ ਨਾਲ
ਕਰ ਦੇਂਦੇ ਅੰਗ੍ਰੇਜ਼ ਦਾ, ਫਿਰਨਾ ਦੇਸ਼ ਮੁਹਾਲ
ਪਤਾ ਹੁੰਦਾ ਇਉਂ ਕਰਨ ਇਹ, ਦਿਲ ਦੀ ਲਾਂਹਦੇ ਡੰਝ
ਰਹਿੰਦਾ ਨਾ ਅਫ਼ਸੋਸ ਅੱਜ, ਵਗਦੇ ਨਾ ਇਉਂ ਹੰਝ
ਲੱਖਾਂ ਵਿਚ ਸੀ ਆਪਣੀ, ਬਿਨ ਦੰਮਾਂ ਤੋਂ ਫ਼ੌਜ
ਅਸੀਂ ਵੀ ਕਰ ਲੈਂਦੇ ਜ਼ਰਾ, ਆਪਣੇ ਮਨ ਦੀ ਮੌਜ
ਚੁਣ ਚੁਣ ਕੇ ਅੰਗ੍ਰੇਜ਼ ਨੂੰ, ਦੇਂਦੇ ਫੜ-ਫੜ ਮਾਰ
ਲੜ ਕੇ ਏਹਨਾਂ ਤੋਂ ਅਸੀਂ, ਖਾ ਨਹੀਂ ਸਾਂ ਸਕਦੇ ਹਾਰ
ਹੁਣ ਹਾਂ ਪੱਛੋਤਾ ਰਹੇ, ਦੇਸੋਂ ਹੋਇ ਵਿਦੇਸ਼
ਜ਼ਾਲਮ ਹੈ ਅੰਗ੍ਰੇਜ਼ ਇਸ, ਦਿਲ ਵਿਚ ਤਰਸ ਨਾ ਲੇਸ਼
ਲੱਖਾਂ ਵਿਚੋਂ ਇੱਕ ਵੀ, ਅਪਣਾ ਨਾ ਅੱਜ ਪਾਸ
ਓਪਰੇ ਤਾਰੇ ਚੰਨ ਸਭ, ਸੂਰਜ ਧਰਤਿ ਅਕਾਸ
ਵਾਯੂ ਮੰਡਲ ਓਪਰਾ, ਓਪਰਾ ਪਾਣੀ ਪੌਣ
ਸਾਨੂੰ ਕੋਈ ਨਾ ਜਾਣਦਾ, ਅਸੀਂ ਹਾਂ ਹੁੰਦੇ ਕੌਣ

ਯਾਦ ਆ ਰਹੀ ਸਾਥੀਆਂ, ਸਾਹਿਬ ਸਿੰਘ ਨਿਰਬਾਣ[199]
ਕੀਤਾ ਜਿਨ੍ਹਾਂ ਦਾ ਜ਼ਾਲਮਾਂ, ਸਾਥੋਂ ਵੱਖ ਚਾਲਾਣ
ਪਤਾ ਨਾ ਬਿੱਲੇ ਲੈ ਗਏ, ਕਿਹੜੇ ਪਾਸੇ ਬੰਨ੍ਹ
ਦਿਲ ਦੀਆਂ ਦਿਲ ਵਿਚ ਰਹਿ ਗਈਆਂ, ਮਨ ਦੀ ਰਹੀਆਂ ਮੰਨ
ਕੋਈ ਨਾ ਹੈ ਆਪਣਾ, ਅੱਜ ਉਨ੍ਹਾਂ ਦੇ ਕੋਲ
ਦੱਸ ਨਾ ਸੱਕਣਗੇ ਕਿਸੇ, ਆਪਣਾ ਦੁਖੜਾ ਫੋਲ
ਸੁਣ ਬੋਲੇ ਭਗਵਾਨ, ਹੋਵੋ ਨਾ ਇੰਵ ਅਧੀਰ
ਰਾਜੀ ਵਿਚ ਰਜ਼ਾ ਦੇ, ਹਰਦਮ ਰਹੀਏ ਵੀਰ

[199]ਵਿਰੱਕਤ ਉਦਾਸੀ ਸਾਧੂਆਂ ਦੀ ਖ਼ਾਸ ਪਦਵੀ ਸੂਬਾ ਸਾਹਿਬ ਸਿੰਘ ਜੀ ਕੂਕੇ ਬਣਨ ਤੋਂ ਪਹਿਲਾਂ ਉਦਾਸੀ ਸਾਧੂਆਂ ਵਿਚ ਵਿਚਰਦੇ ਸਨ। ਇਸ ਲਈ ਆਪ ਨੂੰ 'ਨਿਰਬਾਣ' ਸ਼ਬਦ ਨਾਲ ਸੰਬੋਧਿਤ ਕੀਤਾ ਜਾਂਦਾ ਸੀ।

ਤੁਹਾਨੂੰ ਹੈ ਗੁਰਮੱਤ ਦਾ, ਪੂਰੀ ਤਰ੍ਹਾਂ ਸੰਬੋਧ
ਧੀਰਜ ਦੇ ਨਾਲ ਪੁੱਤਰਾ, ਜ਼ਰੋ ਨਾ ਕਰੋ ਕਰੋਧ
ਜੜ੍ਹ ਪੁੱਟ ਅੰਗ੍ਰੇਜ਼ ਦੀ, ਰੱਖੀ ਤਲੀ ਟਿਕਾਇ
ਡੂੰਘੇ ਏਸ ਸਮੁੰਦ੍ਰ ਵਿਚ, ਹੈ ਹੁਣ ਦੇਣੀ ਪਾਇ
ਜੇ ਹੱਥ ਚੁਕਦੇ ਜਾਂਵਦੀ, ਜੰਮ ਓਹ ਵਿਚ ਪਤਾਲ
ਜੇਰਾ ਸਾਡਾ ਕਰੇਗਾ, ਇਨ੍ਹਾਂ ਦਾ ਮੰਦਾ ਹਾਲ
ਕੁਰਬਾਨੀ ਨਾ ਤੁਸਾਂ ਦੀ, ਖਾਲੀ ਜਾਇ ਕਦੰਤ
ਦੇਵੇ ਭਾਰਤ ਦੇਸ਼ ਚੋਂ, ਏਨ੍ਹਾਂ ਦਾ ਕਰ ਅੰਤ
ਮੇਰਾ ਨਾ ਆਦ੍ਰਸ਼ ਹੈ, ਹਿੰਸਕ ਕਰਨੀ ਕਾਰ
ਸੱਤ, ਅਹਿੰਸਾਂ, ਖਿਮਾ ਦਾ, ਕਰਨਾ ਹੈ ਪ੍ਰਚਾਰ

ਹੋਵੇ ਓਹ ਅਵੱਸ਼ ਜੋ, ਹੈ ਈਸ਼ਵਰ ਦੀ ਨੇਤ
ਦੂਜੇ ਕਿਸੇ ਹੋਰ ਨੂੰ, ਉਸਦਾ ਹੈ ਨਹੀਂ ਭੇਤ
ਕਿਸੇ ਦੇ ਸਿਰ ਨਾ ਇਹ ਅਸੀਂ, ਕੀਤਾ ਕੋਈ ਹਸਾਨ
ਅਪਣਾ ਵਤਨ ਪਿਆਰਦੇ, ਪੰਛੀ ਪਸ਼ੂ ਹੈਵਾਨ
ਸਿਰਖੰਡੀ:-
ਦੇਸ਼ ਪਿਆਰ ਦਾ ਇਸ਼ਕ, ਰੋਗ ਅਵੱਲੜਾ
ਕਰੋ ਨਾ ਇੰਵ ਕਰੋਧ, ਲੱਖਾ ਸਿੰਘ ਜੀ
ਜਿਸ ਨੂੰ ਲੱਗੇ ਓਹ, ਵੇਦਨ ਜਾਣਦਾ
ਜਿਸ ਨੂੰ ਕੋਈ ਨਾ ਮੋਹ, ਅਪਣੇ ਵਤਨ ਦਾ
ਜਾਂ ਤੇ ਝੱਲਾ ਓਹ, ਜਾਂ ਬੇ-ਗ਼ੈਰਤਾ
ਬੇ-ਅਣਖੀਲਾ ਮੱਲਾ, ਨਾ ਇੰਨਸਾਨ ਹੈ
ਪੁੱਠੀ ਖੱਲ ਉਤਾਰੀ, ਦੇਸ਼ ਪਿਆਰਿਆਂ
ਕਰ ਬੈਠਾ ਏ ਆਰੀ, ਤਾਰੂ ਸਿੰਘ ਜਿਹੇ
ਖੋਪਰੀਆਂ ਚਿਰਵਾਈਆਂ, ਅੰਗ ਕਟਾ ਲਏ
ਕਰਵਾਈਆਂ ਸਫ਼ਾਈਆਂ, ਸਾਰੀ ਵੰਸ ਦੀਆਂ
ਪਹਿਲਾਂ ਤਾਰੀ ਫ਼ੀਸ, ਸਤਿਗੁਰ ਪੰਜਵੇਂ
ਨੌਵੇ ਸਤਿਗੁਰ ਸੀਸ, ਭੇਟ ਚੜ੍ਹਾਇਆ
ਮਤੀਦਾਸ ਨੂੰ, ਆਰੇ ਨਾਲ ਚਿਰਾਇਆ

ਦਿਆਲ ਦਾਸ ਜਿਹੇ ਮਾਰੇ, ਦੇਗ਼ ਉਬਾਲ ਕੇ
ਦਸਵੇਂ ਸਤਿਗੁਰ ਲਾਇਆ, ਸਰਵੰਸ ਆਪਣਾ
ਸਭ ਕੁਝ ਭੇਟ ਚੜ੍ਹਾਇਆ, ਆਪਣੇ ਦੇਸ ਦੀ
ਸ਼ਾਮ ਸਿੰਘ ਅਟਾਰੀ, ਨਲੂਆ ਹਰੀ ਸਿੰਘ
ਜਿੰਦ ਨਾ ਕਰੀ ਪਿਆਰੀ, ਕਾਬਲ ਸਿੰਘ ਨੇ
ਕਿਹਾ ਨਾ ਹੋ ਕੇ ਆਤਰ, ਦੇਵੋ ਮਾਫ਼ ਕਰ
ਭੇਟਾ ਕੀਤਾ ਸੀਸ ਖ਼ਾਤਰ ਕੌਮ ਦੀ
ਅੰਮ੍ਰਿਤਸਰ ਤੇ ਰਾਇ ਕੋਟ ਵਿਚ ਜਿੰਨ੍ਹਾਂ ਨੇ
ਲੈ ਸਤਿਗੁਰ ਦੀ ਓਟ, ਧਰਮ ਨਿਭਾਹਿਆ
ਛਾਤੀ ਤਾਣ ਖਲੋਤੇ ਸਾਂਹਵੇ ਮੌਤ ਦੇ
ਰੱਖ ਵਖਾਈ ਓਥੇ, ਇਜ਼ਤ ਕੌਮ ਦੀ

ਤੋਪਾਂ ਇਕਸ ਪਾਸੇ, ਆਦਮ ਖਾਣੀਆਂ
ਸਤਿਗੁਰ ਦੇ ਭਰਵਾਸੇ, ਪਾਸੇ ਦੂਸਰੇ
ਹਸਦੇ ਛੱਡ ਜੈਕਾਰੇ, ਅਗੇ ਤੋਪ ਦੇ
ਔਂਦੇ ਦੇਸ਼ ਪਿਆਰੇ, ਖ਼ਾਤਰ ਮਰਨ ਦੀ
ਓਹ ਗਏ ਨਾ ਮਾਰੇ, ਲੱਖਾ ਸਿੰਘ ਜੀ
ਅਮਰ ਹੋਇ ਦਰਬਾਰੇ, ਪੁੱਜੇ ਗੁਰੂ ਦੇ
ਗੁਰਪੁਰੀ ਵਿਚ ਵੱਸੇ, ਮੌਜਾਂ ਮਾਣਦੇ
ਹਥੀਂ ਪਾ ਗਲ ਰੱਸੇ, ਫਾਂਸੀ ਚੜ੍ਹ ਗਏ
ਥੋੜ੍ਹੇ ਦਿਨ ਨੇ ਬਾਕੀ, ਪਾਸਾ ਪਰਤਣਾਂ
ਬਿੱਲੇ ਰਹਿਣ ਨਾ ਆਕੀ, ਹੋ ਕੇ ਦੇਸ਼ ਵਿਚ
ਰਾਜੇ ਸ਼ਾਹ ਨਵਾਬ, ਈਸੇ ਮੀਸਣੇ
ਮੈਦੇ ਜਿਹੇ ਬਰੀਕ, ਪੀਸੇ ਜਾਣਗੇ
ਭੱਜਦਿਆਂ ਲੱਭੇ ਰਾਹ, ਕੋਈ ਨਾ ਕਿਸੇ
ਉੱਚੀ ਲੈਣ ਨਾ ਸਾਹ, ਆਕੜ ਰਹੇ ਨਾ
ਕਰ ਲੈਣ ਜੋ ਕਰਨੈਂ, ਇਹ ਨਾ ਬਚਣਗੇ
ਏਨ੍ਹਾਂ ਸਭਨਾਂ ਮਰਨੈ, ਇਕਸ ਵਾਢਿਓਂ
ਦਾਰੀ ਅਰ ਸਿਕਦਾਰੀ, ਇਹ ਖ਼ੁਆਰੀਆਂ

ਜੋ ਕਲੰਕ ਨੇ ਭਾਰੀ, ਸਿਰ ਇਨਸਾਨ ਦੇ
ਕਰ ਦਿਤਾ ਮਾਨੁੱਖ ਆਰੀ, ਇਨ੍ਹਾਂ ਨੇ
ਇੱਜ਼ਤ ਸਭ ਉਤਾਰੀ, ਮਿੱਟੀ ਮੇਲ ਕੇ
ਮਿਟ ਜਾਵਣਗੇ ਇਹ, ਸਭੇ ਧਰਤਿ ਤੋਂ
ਘੋਲ ਰਹੇ ਨੇ ਵਿਹੁ, ਚੰਡੀ ਖੜਕਦੀ

ਭੁੱਖਾ ਨੰਗਾ ਕੋਈ, ਦੇਣਾ ਰਹਿਣ ਨਾ
ਗੱਦੀ ਤੇ ਵੀ ਕੋਈ, ਦੇਣਾਂ ਬਹਿਣ ਨਾ
ਝੰਡਾ ਜੋ ਸਫ਼ੈਦ, ਅਸਾਂ ਝੁਲਾਇਆ
ਅਮਨ ਦੀ ਕਵੈਦ, ਓਹ ਕਰਾਇਗਾ
ਕੋਈ ਅਜੇਹੀ ਫੌਜ, ਰਹਿਣ ਨਾ ਦਏਗਾ
ਜੋ ਬੰਦੇ ਨੂੰ ਮੌਜ, ਦੇਵੇ ਕਰਨ ਨਾ
ਗਲੋਂ ਗੁਲਾਮੀ ਤੌਂਕ, ਦੇਵੇ ਤੋੜ ਓਹ
ਕੋਈ ਅਜੇਹਾ ਸ਼ੌਕ, ਦੇਵਾਂ ਕਰਨ ਨਾ

ਨਾਨੂੰ ਸਿੰਘ ਜਲ ਲੈਣ ਨੂੰ, ਗੜਵਾ ਸਾਗਰ ਵਿਚ
ਸੁੱਟਿਆ ਲਿਆ ਓਸ ਨੇ, ਫੜ੍ਹ ਅਪਣੇ ਵਲ ਖਿੱਚ
ਨਾਨੂੰ ਸਿੰਘ ਜੀ ਆਖਿਆ, ਗੁਰੂ ਗ਼ਰੀਬ ਨਿਵਾਜ
ਗੜਵਾ ਖੋਹ ਸਮੁੰਦ੍ਰ ਨੇ, ਕੀਤਾ ਬੜਾ ਅਕਾਜ

ਰੱਤੀ ਕਰ ਤੂੰ ਫ਼ਿਕਰ ਨਾ, ਬੋਲੇ ਗੁਰ ਕਰਤਾਰ
ਗੜਵਾ ਨਾ ਰੱਖ ਸਕੇਗਾ, ਸਾਗਰ ਨਿਸ਼ਚਾ ਧਾਰ
ਉੱਤਰੇ ਜਦੋਂ ਰੰਗੂਨ ਜਾ, ਕੰਢੇ ਧਰਿਆ ਪੈਰ
ਗੜਵਾ ਹੱਥ 'ਚ ਇਕਸ ਦੇ, ਪਾਣੀ ਤੇ ਰਿਹਾ ਤੈਰ
ਨਾਨੂੰ ਸਿੰਘ ਲੈ ਗੜਵਾ, ਕਿਹਾ ਗੁਰੂ ਭਗਵਾਨ
ਸਾਗਰ ਰੱਖ ਨਾ ਸਕਿਆ, ਸਾਡੀ ਇਹ ਅਮਾਨ
ਰੰਗੂਨ ਜਿਹਲ ਦੇ ਵਿਚ ਜਾ, ਬੈਠੇ ਗੁਰ ਭਗਵਾਨ
ਸਬਰ ਸ਼ੁਕਰ ਵਿਚ ਵੱਸਦੇ, ਉਚੀ ਰੱਖਦੇ ਸ਼ਾਨ
ਕੁਝ ਦਿਨ ਓਥੇ ਰਹਿ ਫਿਰ, ਜਿਥੇ ਬਹਾਦਰ ਸ਼ਾਹ

ਰਿਹਾ ਮੁਗ਼ਲ ਸਮ੍ਰਾਟ ਜੋ, ਦਿੱਲੀ ਦਾ ਬਾਦਸ਼ਾਹ
ਚੱਲ ਵਸਿਆ ਮਜ਼ਲੂੰਮ ਸੀ, ਵਤਨ ਨੂੰ ਕਰਦਾ ਯਾਦ[200]
ਦਿਤਾ ਸੀ ਸਮ੍ਰਾਟ ਕਰ, ਅੰਗ੍ਰੇਜ਼ਾਂ ਬਰਬਾਦ
ਓਸੇ ਬੰਗਲੇ ਵਿਚ ਫਿਰ, ਸਤਿਗੁਰ ਦਏ ਉਤਾਰ
ਲੱਖਾ ਸਿੰਘ[201] ਜਵਾਹਰ ਸਿੰਘ, ਮੁਰਗੋਈ ਵਿਚਕਾਰ

ਦੋਵੇਂ ਭੇਜੇ ਏਸ ਥਾਂ, ਕਰ ਏਨ੍ਹਾਂ ਤੋਂ ਵੱਖ
ਵਿਚ ਵਿਛੋੜੇ ਜਿਨ੍ਹਾਂ ਦੀ, ਕਦੀ ਨਾ ਸੁੱਕੀ ਅੱਖ
ਦੋਵੇਂ ਗਏ ਸ਼ਹੀਦ ਹੋ, ਮੁਰਗੋਈ ਦੇ ਵਿਚ
ਜਿਨ੍ਹਾਂ ਦੇ ਦਿਲ ਵਿੱਚ ਸੀ, ਦੇਸ਼ ਪਿਆਰ ਦੀ ਖਿਚ ।

**********************

[200] ਅੰਤਿਮ ਮੁਗਲ ਬਾਦਸ਼ਾਹ ਬਹਾਦਰ ਸ਼ਾਹ 'ਜਫ਼ਰ' ਉਪ-ਨਾਮ ਤਹਿਤ ਸ਼ਾਇਰੀ ਵੀ ਕਰਦਾ ਸੀ। ਓਪਰੀ ਧਰਤੀ ਰੰਗੂਨ ਵਿਚ 1862 ਈ. ਨੂੰ ਫੌਤ ਹੋਣ ਵਾਲੇ ਜ਼ੱਫਰ ਨੇ ਆਪਣੀ ਹੋਣੀ ਭਾਂਪਦਿਆਂ ਮਰਨ ਤੋਂ ਪਹਿਲਾਂ ਲਿਖਿਆ ਸੀ – "ਕਿਤਨਾ ਹੈ ਬਦਨਸੀਬ ਜ਼ੱਫਰ ਦਫ਼ਨ ਕੇ ਲੀਏ, ਦੋ ਗਜ਼ ਜ਼ਮੀਂ ਨਾ ਮਿਲੀ ਕੂਇਂ ਯਾਰ ਮੇਂ"।

[201] ਲੱਖਾ ਸਿੰਘ ਜਵਾਹਰ ਸਿੰਘ ਹੋਰਾਂ ਨਾਲ ਤੀਸਰੇ ਬ੍ਰਹਮਾ ਸਿੰਘ ਬ੍ਰਿਟਿਸ਼ ਬਰ੍ਹਮਾਂ ਦੇ ਸ਼ਹਿਰ ਮੋਲਮੀਨ ਵਿਚ ਕੈਦ ਕੀਤੇ ਗਏ ਸਨ, ਮਰਗੋਈ ਵਿਚ ਨਹੀਂ।

# (31)
# ਬਾਬਾ ਦਰਬਾਰਾ ਸਿੰਘ ਰੰਗੂਨ ਵਿਚ

ਭੈਣੀ ਸਾਹਿਬ ਜ਼ਾਲਮਾਂ, ਕਰ ਦਿਤਾ ਬਰਬਾਦ[202]
ਲੁੱਟ ਪੁੱਟ ਕੇ ਗੋਰਿਆਂ, ਕੀਤਾ ਬੇ-ਆਬਾਦ
ਚੌਂਕੀ ਪਾਈ ਪੁਲਿਸ ਦੀ, ਡਿਉੜੀ ਦੇ ਵਿਚਕਾਰ[203]
ਕੂਕੇ ਨੂੰ ਅੰਗ੍ਰੇਜ਼ ਨੇ, ਦਿਤੇ ਦੁੱਖ ਅਪਾਰ
ਹਰ ਕੂਕੇ ਦੀ ਕਰਦੇ, ਬਿੱਲੇ ਸਨ ਨਿਗਰਾਨ
ਜਿਵੇਂ ਨੇ ਡਾਕੂ ਇਹ ਕੋਈ, ਬਹੁਤ ਵੱਡੇ ਬਲਵਾਨ
ਪੁੱਟਿਆ ਪਾਣੀ ਤਕ ਸਭ, ਗੁਰਦਵਾਰਾ ਤ੍ਰੈ ਵਾਰ
ਜੋ ਹੱਥ ਲੱਗਾ ਲੈ ਗਈ, ਜ਼ਾਲਮ ਸੀ ਸਰਕਾਰ
ਰਤਨ ਜੜੀ ਓਹ ਖੋਖਰੀ, ਜੋ ਨੇਪਾਲ ਨਿਰੇਸ਼
ਭੇਜੀ ਰਾਣੇ ਸੀ ਓਹ, ਸਤਿਗੁਰ ਲਈ ਵਿਸ਼ੇਸ਼

---

[202]ਭੈਣੀ ਸਾਹਿਬ ਦੇ ਨਾਮਧਾਰੀ ਗੁਰਦੁਆਰੇ ਦੀ ਤਲਾਸ਼ੀ 18 ਜਨਵਰੀ 1872 ਨੂੰ ਡੀ.ਆਈ.ਜੀ. ਕਰਨਲ ਬੇਲੀ ਅਤੇ ਡਿਪਟੀ ਇੰਸਪੈਕਟਰ ਸ਼ਾਹ ਵਲੀ ਅਤੇ ਪੁਲਿਸ ਦੀ ਵੱਡੀ ਨਫ਼ਰੀ ਦੀ ਮੌਜੂਦਗੀ ਵਿਚ ਹੋਈ। ਪਿੰਡ ਦੇ ਲੰਬੜਦਾਰ ਪੁਲੀਸ ਨੂੰ ਕਹਿੰਦੇ ਸਨ ਕਿ ਗੁਰੂ ਰਾਮ ਸਿੰਘ ਜੀ ਪਾਸ ਘੱਟੋ ਘੱਟ ਦੋ ਲੱਖ ਰੁਪੈਆ ਜਰੂਰ ਹੋਵੇਗਾ। ਇਸ ਲਈ ਸਾਰੇ ਡੇਰੇ ਦੀ ਪਾਣੀ-ਹਾਂਡੇ ਤੱਕ ਪੁਟਾਈ ਕੀਤੀ, ਪਰ ਮਿਲਿਆ 1500 ਰੁਪੈਆ ਨਗਦ, ਕੁਝ ਸੋਨੇ ਦੇ ਗਹਿਣੇ ਅਤੇ ਜ਼ਰੀ ਦੀ ਕਢਾਈ ਵਾਲੇ ਕੀਮਤੀ ਬਸਤਰ ਆਦਿ। ਹੋ ਸਕਦਾ ਹੈ ਕਿ ਕੁਝ ਨਗਦੀ ਜਾਂ ਹੋਰ ਗਹਿਣੇ ਪੁਲਿਸ ਜਿਸ ਦੀ ਫਰਦ ਨਾਂ ਬਣਾਏ ਉਹ ਅਧਿਕਾਰੀਆਂ ਨੇ ਖੋਹ ਖਿੰਝ ਲਏ। ਇਸ ਦਿਨ 185 ਨਾਮਧਾਰੀ ਸਿੰਘ ਸਿੰਘਣੀਆਂ, ਗਰਿਫ਼ਤਾਰ ਕਰਕੇ ਕਰਨਲ ਬੇਲੀ ਨੇ ਲੁਧਿਆਣੇ ਪੁਚਾਏ। 122 ਨੂੰ ਥਾਣਿਓਂ ਥਾਣੀ ਉਹਨਾਂ ਦੇ ਪਿੰਡ/ ਸ਼ਹਿਰਾਂ ਵਿਚ ਭੇਜ ਦਿੱਤਾ। 13 ਸਿੰਘਾਂ ਨੂੰ ਡੇਰੇ ਦੇ ਮਾਲ ਪਸ਼ੂਆਂ ਦੀ ਸਾਂਭ ਸੰਭਾਲ ਲਈ ਛੱਡ ਦਿੱਤਾ। 50 ਸਿੰਘ ਬਿਹੰਗਮ ਸਨ, ਜਿਹਨਾਂ ਕਿਹਾ ਕਿ ਭੈਣੀ ਸਾਹਿਬ ਤੋਂ ਬਿਨਾਂ ਉਹਨਾਂ ਦਾ ਕੋਈ ਹੋਰ ਟਿਕਾਣਾ ਨਹੀਂ। ਜ਼ਮਾਨਤ ਦੇਣ ਵਾਲੇ ਛੱਡ ਦਿੱਤੇ, ਬਾਕੀ ਦੋ ਦੋ ਸਾਲ ਲਈ ਕੈਦ ਕਰ ਦਿੱਤੇ।

[203]ਗੁਰਦੁਆਰਾ ਭੈਣੀ ਸਾਹਿਬ ਦੀ ਡਿਉਢੀ ਅੱਗੇ ਫੋਰਸਿੱਥ ਕਮਿਸ਼ਨਰ ਅੰਬਾਲਾ ਦੇ ਹੁਕਮ ਨਾਲ 19 ਜਨਵਰੀ 1872 ਨੂੰ ਡਿਪਟੀ ਇੰਸਪੈਕਟਰ ਅਮਰਾ ਅਲੀ ਸ਼ਾਹ ਦੀ ਕਮਾਨ ਹੇਠ 20 ਸਿਪਾਹੀਆਂ ਦੀ ਗਾਰਦ ਬੈਠਾ ਕੇ ਪੱਕੀ ਪੁਲਿਸ ਚੌਂਕੀ ਪਾ ਦਿੱਤੀ। ਅੱਠਾਂ ਪਹਿਰਾਂ ਵਿਚ ਪਹਿਲਾਂ ਪੰਜ ਅਤੇ 1878 ਦੇ ਬਾਦ 10 ਸਿੰਘ ਗੁਰਧਾਮ ਦੇ 24 ਘੰਟਿਆ ਲਈ ਦਰਸ਼ਨ ਦੀਦਾਰੇ ਕਰ ਸਕਦੇ ਸਨ। ਦੁਬਾਰਾ ਵਾਰੀ 6 ਮਹੀਨੇ ਬਾਅਦ ਆਉਂਦੀ ਸੀ। ਇਹ ਚੌਂਕੀ ਮਈ 1923 ਤੱਕ ਇੱਥੇ ਤਾਈਨਾਤ ਰਹੀ।

ਨਾਪਾ ਇਕ ਸੌ ਅੱਠ ਲੈ, ਮੜ੍ਹ ਸੋਨੇ ਦੇ ਨਾਲ
ਮੇਰੂੰ ਥਾਂ ਸੀ ਗੁੰਦਿਆ, ਹੀਰਾ ਇਕ ਕਮਾਲ
ਤ੍ਰੈ ਕੂ ਲੱਖ ਦਾ ਮਾਲ ਸੀ, ਕੀਮਤੀ ਸਾਜ਼ ਸਾਮਾਨ
ਲੈ ਗਏ ਗੋਰੇ ਲੁੱਟ ਕੇ, ਸਭ ਕੁਝ ਅਮਨ ਅਮਾਨ
ਅੱਜ ਤੀਕ ਨਾ ਓਸਦੀ, ਮੁੜ ਕੁਝ ਲਗੀ ਸੂੰਹ
ਆਪਣੀ ਵੀ ਸਰਕਾਰ ਨੇ, ਕੀਤੀ ਨਾ ਹਾਂ ਹੂੰਹ
ਘੋੜੇ ਘੋੜੀਆਂ ਬੋਤੀਆਂ, ਮੱਝਾਂ ਗਊਆਂ ਮਾਲ
ਲੁੱਟ ਪੁੱਟ ਅੰਗ੍ਰੇਜ ਨੇ, ਕੀਤੇ ਅਸੀਂ ਕੰਗਾਲ
ਚੀਨੀ ਖੁੱਲ੍ਹੀ ਕਿੱਲਿਓਂ, ਰੋਂਦੀ ਧਾਹਾਂ ਮਾਰ
ਭੈਣੀ ਦੀ ਜੂਹ ਵਿਚ ਹੀ, ਮਰ ਗਈ ਕਰ ਹਾ ਕਾਰ
ਸ਼ਾਂਤਿ ਮੂਰਤਿ ਸ੍ਰੀ ਸਤਿਗੁਰੂ, ਹਰੀ ਸਿੰਘ ਮਹਾਰਾਜ
ਜੇਰੇ ਦੇ ਨਾਲ ਜ਼ਰ ਲਿਆ, ਲੁੱਟਿਆ ਸਾਜ ਸਮਾਜ
ਹਰ ਦਮ ਕਰਦੇ ਬੰਦਗੀ, ਛਮ ਛਮ ਵਗਦੇ ਨੈਣ
ਓਹ ਨਾ ਵਿੱਥਿਆ ਆਪਣੀ ਕਿਸੇ ਕੋਲ ਵੀ ਕਹਿਣ
ਬਟਨ ਦੋਗਲਾ ਇੱਕ ਸੀ, ਐਸ. ਪੀ. ਸੀ ਪੁਲੀਸ
ਜ਼ੁਲਮ ਕਰਨ ਵਿਚ ਉਹ ਕਰੇ ਚੰਗੇਜ਼, ਹਲਾਕੂ ਰੀਸ
ਕੂਕਿਆਂ ਨੂੰ ਓਹ ਪੁੱਜ ਕੇ, ਕਰਦਾ ਡਾਢਾ ਤੰਗ
ਹਰ ਨਵੇਂ ਦਿਨ ਚਾੜ੍ਹਦਾ, ਇਹ ਨਵਾਂ ਸੀ ਰੰਗ
ਵਰਨੀ ਦੇਵੇ ਕਰਨ ਨਾ, ਹੋਣ ਨਾ ਦੇਵੇ ਪਾਠ
ਹਰਲ ਹਰਲ ਫਿਰੇ ਭੌਂਕਦਾ, ਉਹ ਸੀ ਪਹਿਰ ਆਠ
ਦਰਬਾਰਾ ਸਿੰਘ ਗਰੇਵਾਲ, ਰਾਇਪੁਰੀ ਸਰਦਾਰ
ਓਹ ਸ੍ਰੀ ਭੈਣੀ ਸਾਹਬ ਦੇ, ਤਦੋਂ ਆਮ ਮੁਖ਼ਤਾਰ
ਭੇਜਿਆ ਸਤਿਗੁਰ ਉਨ੍ਹਾਂ ਨੂੰ ਹਰੀ ਸਿੰਘ ਮਹਾਰਾਜ
ਓਹ ਬਟਨ ਦੇ ਬੰਗਲੇ, ਗਏ ਏਸ ਕੰਮ ਕਾਜ
ਪੁੱਛੋ ਜਾਕੇ ਬਟਨ ਨੂੰ, ਕਿੱਥੇ ਨੇ ਗੁਰਦੇਵ
ਰੱਖੇ ਹਨ ਕਿਸ ਥਾਂ ਤੇ, ਪਤਾ ਲਓ ਜਾ ਏਵ
ਓਨ੍ਹਾਂ ਪੁਛਿਆ ਬਟਨ ਨੂੰ, ਕਿੱਥੇ ਨੇ ਸਰਕਾਰ ?
ਦੇਸ਼ ਆਜ਼ਾਦੀ ਦੇ ਕਿੱਥੇ, ਵਸਦੇ ਨੇ ਸਰਦਾਰ ?
ਇਹ ਸੁਣ ਕਿਹਾ ਬਟਨ ਨੇ,ਜਿੱਥੇ ਦਿਤੇ ਘੱਲ

ਹੁਕਮ ਨਹੀਂ ਅੰਗ੍ਰੇਜ਼ ਦਾ, ਦੱਸਣ ਦਾ ਇਹ ਗੱਲ
ਬੈਠੀ ਹੋਈ ਕੋਲ ਸੀ, ਤਦੋਂ ਬਟਨ ਦੀ ਮੇਮ
ਪਤਾ ਨਹੀਂ ਕਿਉਂ ਆ ਗਿਆ, ਉਸਦੇ ਦਿਲ ਤ੍ਰਸੇਮ
ਨੇਕ ਅਤੀ ਓਹ ਰਹਿਮ-ਦਿਲ, ਜ਼ਿਲ੍ਹੇ ਵਿਚ ਮਸ਼ਹੂਰ
ਕਰਦੀ ਲੱਗਦੀ ਵਾਹ ਉਹ, ਦੁੱਖ ਦੁੱਖੀਆਂ ਦੇ ਦੂਰ
ਸੁਣ ਕੇ ਉਸ ਨੇ ਆਖਿਆ, ਮੈਂ ਦੱਸਾਂ ਇਹ ਬਾਤ
ਮੈਨੂੰ ਤਰਸ ਹੈ ਆ ਰਿਹਾ, ਤੁਸੀਂ ਹੋ ਵੀਰ ਭਰਾਤ
ਬਰਮਾ ਦੇਸ਼ ਅੰਗ੍ਰੇਜ਼ ਦੀ, ਰਾਜਧਾਨੀ ਪਰਸਿੱਧ
ਸ਼ਹਿਰ ਓਹ ਰੰਗੂਨ ਹੈ, ਕਲਕਤੇ ਤੋਂ ਸਿੱਧ
ਅੱਠ ਦਿਨ ਅੱਠ ਰਾਤ ਵਿਚ, ਪੁੱਜੇ ਜਾਇ ਜਹਾਜ
ਰੱਖੇ ਨੇ ਸਰਕਾਰ ਨੇ, ਇਸ ਥਾਂ ਤੇ ਮਹਾਰਾਜ
ਜਿਸ ਬੰਗਲੇ ਵਿਚ ਰਿਹਾ ਸੀ, ਦਿੱਲੀ ਦਾ ਬਾਦਸ਼ਾਹ
ਰੱਖੇ ਨੇ ਉਸ ਵਿਚ ਹੀ, ਤੁਹਾਡੇ ਸ਼ਾਹਿਨਸ਼ਾਹ
ਜਾਵੋ ਕਰੋ ਦੀਦਾਰ ਜਾ, ਜਾਣਾ ਨਾਲ ਖ਼ਿਆਲ
ਬਚਣਾ ਨਾ ਫਸ ਜਾਵਣਾ, ਸਾਹਿਬ ਦੀ ਵਿਚ ਚਾਲ
ਕੂਕਿਆਂ ਦਾ ਏਹ ਵੇਸ਼ ਭੇਸ਼, ਦੇਣਾ ਸਭ ਉਤਾਰ
ਨਾਲ ਸਿਆਣਪ ਜਾ ਕਰੋ, ਮੁਰਸ਼ਦ ਦੇ ਦੀਦਾਰ
ਬੱਘੀ ਤੇ ਅਸਵਾਰ ਹੋ, ਪੰਜ ਵਜੇ ਨਿਤ ਸ਼ਾਮ
ਓਹ ਸੈਰ ਨੂੰ ਜਾਂਵਦੇ, ਫਿਰਦੇ ਤੁਰਦੇ ਆਮ
ਪਹਿਰਾ ਬਹੁਤਾ ਸਖ਼ਤ ਹੈ, ਮਦਰਾਸੀ ਯੂਰਪੀਨ
ਕਿਸੇ ਪੰਜਾਬੀ ਸਿਖ ਤੇ, ਕਰਦੇ ਨਹੀਂ ਯਕੀਨ
ਤੁਰਦੇ ਫਿਰਦੇ ਕਰ ਲਿਓ, ਨਾਲ ਸਹਿਜ ਗੱਲ ਬਾਤ
ਤੁਰਨਾ ਨੀਵੀਂ ਨਜ਼ਰ ਕਰ, ਪਾਣੀ ਨਾਂ ਕੋਈ ਝਾਤ
ਜ਼ਾਲਮ ਹੈ ਅੰਗ੍ਰੇਜ਼ ਇਸ, ਦਿਲ ਵਿਚ ਰਹਿਮ ਨਾ ਅੰਸ਼
ਏਸੇ ਕਰਕੇ ਜਾ ਰਹੀ, ਹਾਂ ਮੈਂ ਵੀ ਨਿਰ ਵੰਸ਼
ਮੇਰੇ ਵਲੋਂ ਉਨ੍ਹਾਂ ਦੇ ਚਰਨਾਂ ਵਿਚ ਅਰਦਾਸ
ਕਰਨੀ ਦੋ ਹਥ ਜੋੜ ਕੇ, ਪੂਰੀ ਹੋਵੇ ਆਸ
ਮੇਰੀ ਵੀ ਕੋਈ ਪੈ ਜਏ, ਵਿੱਚ ਦੁਨੀ ਦੇ ਗੰਢ
ਨਹੀਂ ਤੇ ਔਤਰ ਜਾ ਰਹੀ, ਰਹੀ ਸੰਢ ਦੀ ਸੰਢ

ਓਹ ਨੇ ਪੂਰੇ ਰੱਬ ਦੇ, ਕਾਮਲ ਨੇ ਮਸ਼ਹੂਰ
ਮੇਰੇ ਤੇ ਕਿਰਪਾ ਕਰਨ, ਮੇਰਾ ਨਹੀਂ ਕਸੂਰ
ਘਾਟ ਨਾ ਕਿਸੇ ਗੱਲ ਦੀ, ਸਭ ਕੁਝ ਮੇਰੇ ਕੋਲ
'ਮਮੀ' ਸੁਣਨ ਨੂੰ ਤਰਸਦੀ, ਆਖੇ ਨਾ ਕੋਈ ਬੋਲ
ਬਟਨ ਰਹਿ ਗਿਆ ਹਟਕਦਾ, ਮੇਮ ਨੂੰ ਕਹੇ ਗ਼ੱਦਾਰ
ਏਸ ਗਲ ਨੂੰ ਜੇ ਕਿਸੇ, ਕਿਹਾ ਜਾ ਸਰਕਾਰ
ਪੇਟੀ ਲਾਹੇ ਕੈਦ ਕਰ, ਭੇਜੇ ਗ਼ੈਰ ਸਥਾਨ
ਫੇਰ ਫਿਰੇਂਗੀ ਡੁਸਕਦੀ, ਮੁਫ਼ਤ ਗੁਆ ਕੇ ਜਾਨ
ਮੇਮ ਕਹੇ ਹੋ ਜਾਇ ਜੇ, ਇਹ ਗੱਲ ਬਿਨ ਦੇਰ
ਪਤਾ ਲੱਗ ਜੇ ਫਿਰ ਤੁਸਾਂ, ਪਾਂਦੇ ਜਿਵੇਂ ਅਨ੍ਹੇਰ
ਫੜ ਹਕੂਮਤ ਤੁਸਾਂ ਨੂੰ, ਕਰੇ ਸਮੁੰਦਰੋਂ ਪਾਰ
ਲੱਗੇ ਕੋਈ ਨਾ ਪਤਾ, ਕਰਦੀ ਫਿਰਾਂ ਪੁਕਾਰ
ਓਸ ਦੁੱਖ ਨੂੰ ਫਿਰ ਅਸੀਂ, ਕਰ ਸਕੀਏ ਮਹਿਸੂਸ
ਅੱਗ ਵਿਛੋੜੇ ਦੀ ਦਏ, ਅੰਦਰਲੇ ਨੂੰ ਲੂਸ
ਬਿਨਾਂ ਕਸੂਰੋਂ ਇਹਨਾਂ ਦਾ, ਮੁਰਸ਼ਦ ਫੜ ਸਰਕਾਰ
ਜਲਾਵਤਨ ਕਰ ਭੇਜਿਆ, ਦੇਸੋਂ ਪਰਲੇ ਪਾਰ
ਏਹੋ ਜੇਹੀ ਨਾ ਕਰੇ, ਰੱਬ ਕਿਸੇ ਦੇ ਨਾਲ
ਏਨ੍ਹਾਂ ਯਤੀਮਾਂ ਦਾ ਹੈ, ਅੱਜ ਜਿਹੋ ਜਿਹਾ ਹਾਲ
ਦੱਸ ਦਿਤਾ ਜੇ ਤਰਸ ਕਰ, ਕੀ ਹੋ ਗਿਆ ਗੁਨਾਹ
ਪੱਥਰ ਦਿਲ ਇਨਸਾਨ ਨਾਲ, ਮੇਰਾ ਹੈ ਪਿਆ ਵਾਹ
ਜਾ ਸਰਦਾਰਾ ਨੱਸ ਜਾ, ਜਾ ਕੇ ਕਰ ਦੀਦਾਰ
ਬਚ ਕੇ ਜਾਈਂ ਇਨ੍ਹਾਂ ਤੋਂ, ਇਹ ਨੇ ਬਹੁਤ ਮੱਕਾਰ
ਪਰ ਮੈਂ ਪਾ ਕੇ ਵਾਸਤਾ, ਫੇਰ ਕਰਾਵਾਂ ਯਾਦ
ਭੁੱਲੀਂ ਮੇਰੀ ਗੱਲ ਨਾ, ਕਰੀਂ ਜਾਇ ਫ਼ਰਯਾਦ
ਹੋਰ ਸੱਭੋ ਕੁਝ ਬਹੁਤ ਹੈ, ਕਿਸੇ ਨਾ ਗੱਲੋਂ ਕਾਲ
ਬੱਸ ਹੈ ਇੱਕੋ ਘਾਟ ਇਹ, ਘਰ ਨਾ ਖੇਡੇ ਬਾਲ
ਪਿੱਛਾ ਤੇਰਾ ਕਰੇਗੀ, ਭੈੜੀ ਇਹ ਸਰਕਾਰ
ਕੂਕਿਆਂ ਦਾ ਇਹ ਵੇਸ਼ ਤੂੰ, ਦੇਵੀਂ ਸਭ ਉਤਾਰ
ਕਲਕੱਤੇ ਦੇ ਵਿਚ ਹੈ, ਪੁੱਜ ਜਾਂਵਦੀ ਰੇਲ

ਅੱਗੋਂ ਮਿਲੂ ਜਹਾਜ ਓਹ, ਦਏ ਰੰਗੂਨ 'ਚ ਠੇਲ੍ਹ
ਚੜ੍ਹੀ ਨਾ ਲੁਧਿਆਣਿਓਂ, ਦੁਰਾਹੇ ਨਾ ਸਾਨ੍ਹੇਵਾਲ
ਦੂਰ ਦੇ ਕਿਸੇ ਸਟੇਸ਼ਨੋਂ, ਰੱਖੀਂ ਕਦਮ ਸੰਭਾਲ
ਭੈਣੀ ਸਾਹਿਬ ਆ ਗਿਆ, ਖ਼ੁਸ਼ੀ ਨਾਲ ਸਰਦਾਰ
ਸੁਣ ਹੋਏ ਸ੍ਰੀ ਸਤਿਗੁਰੂ, ਹਰੀ ਸਿੰਘ ਬਲਿਹਾਰ
ਗੁਰੂ ਗ੍ਰੰਥ ਦੇ ਹੋ ਰਹੇ, ਏਸ ਖ਼ੁਸ਼ੀ ਵਿਚ ਪਾਠ
ਭਜਨ ਬੰਦਗੀ ਵਰਨੀਆਂ, ਚੱਤੋ ਪਹਿਰ ਆਠ
ਦਰਬਾਰਾ ਸਿੰਘ[204] ਤੁਰ ਪਏ, ਹੋ ਗੱਡੀ ਅਸਵਾਰ
ਛੇਤੀ ਦੱਸਾਂਗਾ ਪਤਾ, ਕਰਕੇ ਦਰਸ ਦੀਦਾਰ
ਪਿਛੋਂ ਸਾਰਾ ਪੰਥ ਰਲ, ਗੁਰ ਚਰਨੀਂ ਅਰਦਾਸ
ਕਰਦਾ ਪਏ ਨਾ ਵਿਘਨ ਗੁਰ, ਕਾਰਜ ਹੋਵੇ ਰਾਸ
ਪਾ ਪਜਾਮਾ ਕੱਛ ਦੇ, ਉਪਰ ਕੀਤੀ ਵਾੜ
ਮੁੱਛਾਂ ਨੂੰ ਦਿੱਤਾ ਵਟਾ, ਲਈ ਸੀ ਦਾੜ੍ਹੀ ਚਾੜ੍ਹ

ਰੰਗ ਅਟਪਟੀ ਜਿਹੀ ਪਗ, ਪੂਣੀ ਦੇ ਕੇ ਵੱਟ
ਦੋਹਰੀ ਕਰ ਸਜਾ ਲਈ, ਜਿਉਂ ਪਟਿਆਲਾ ਕੱਟ
ਪਟਿਆਲੇ ਦਾ ਜਾਪਦਾ, ਸੀ ਕੋਈ ਸਰਦਾਰ
ਆਵੇ ਅਤਰ ਫੁਲੇਲ ਦੀ, ਦੂਰੋਂ ਹੀ ਮਹਿਕਾਰ
ਕੁੜਤਾ ਸੀ ਮਲਮਲ ਦਾ, ਕੱਤੀ ਬਹੁਤ ਬਰੀਕ
ਨਾਲਾ ਰੇਸ਼ਮ ਲਾਲ ਦਾ, ਮਾਰੇ ਵਿਚੋਂ ਝੀਕ
ਨਿਰਵਿਘਨ ਕਲਕੱਤਿਓਂ, ਚੜ੍ਹ ਗਿਆ ਵਿਚ ਜਹਾਜ
ਉੱਤਰਿਆ ਰੰਗੂਨ ਜਾ, ਰੱਖੀ ਸਤਿਗੁਰ ਲਾਜ
ਕਾਲੀ ਬਾੜੀ ਵਿਚ ਜਾ, ਡੇਰਾ ਲਿਆ ਲਗਾਇ
ਨੌਕਰੀ ਦੀ ਤਲਾਸ਼ ਵਿਚ, ਗਿਆ ਰੰਗੂਨੇ ਆਇ
ਪੁੱਛੇ ਜੇ ਕੋਈ ਓਸ ਨੂੰ, ਇਹ ਉੱਤਰ ਦਏ ਤੋਰ

[204]ਬਾਬਾ ਦਰਬਾਰਾ ਸਿੰਘ, ਕਿਲ੍ਹਾ ਰਾਇਪੁਰ (ਲੁਧਿਆਣਾ) ਦੇ ਮਹਿਤਾਬ ਸਿੰਘ ਦਾ ਸਪੁੱਤਰ ਸੀ। ਪਿੰਡ ਦਾ ਲੰਬੜਦਾਰ ਸੀ। ਲਾਹੌਰ ਦਰਬਾਰ ਦਾ ਸਿੱਖ ਸੈਨਿਕ ਸੀ। 1845 ਈ. ਦੀ ਸਭਰਾਵਾਂ ਦੀ ਜੰਗ ਵਿਚ ਅੰਗਰੇਜ਼ਾਂ ਵਿਰੁੱਧ ਲੜਿਆ ਸੀ। ਇਸ ਲਈ ਇਹ ਸਰਕਾਰ ਦੀ ਜ਼ੇਰ-ਏ-ਨਿਗਰਾਨੀ ਸੀ। ਜਨਵਰੀ 1875 ਵਿਚ ਰੰਗੂਨ ਪਹੁੰਚਿਆ ਸੀ ।

ਅਗੇ ਫੇਰ ਸਵਾਲ ਓਹ, ਕਰਦਾ ਸੀ ਨਹੀਂ ਹੋਰ
ਬਰਮਾ ਦੇ ਵਿਚ ਜਾ ਰਹੇ, ਸਨ ਪੰਜਾਬੀ ਆਮ
ਨੌਕਰੀ ਮਿਲ ਜਾਂਦੀ ਸਹਿਜ, ਚੰਗੇ ਲਭਦੇ ਦਾਮ
ਬਰਮਾ ਦੇਸ ਸੀ ਹਿੰਦ ਦੀ, ਹਕੂਮਤ ਦੇ ਅਧੀਨ
ਪਾਸ ਪੋਰਟ ਦੀ ਸੀ ਤਦੋਂ, ਕੋਈ ਮੇਖ ਨਾ ਮੀਨ
ਰਲ ਅੰਗ੍ਰੇਜ਼ ਪੰਜਾਬੀਆਂ, ਬਰਮੀ ਕਰੇ ਗ਼ੁਲਾਮ
ਕੋਈ ਪੁੱਛ ਪ੍ਰਤੀਤ ਨਾ, ਲੋਕੀ ਫਿਰਦੇ ਆਮ
ਸੀ. ਆਈ. ਡੀ. ਅੰਗ੍ਰੇਜ਼ ਦੀ, ਪਰ ਜੋ ਅਤੀ ਚਲਾਕ
ਕੂਕਾ ਕੋਈ ਨਾ ਆ ਜਾਏ, ਰਹਿੰਦੀ ਸੀ ਵਿਚ ਤਾਕ
ਮੇਮ ਸਾਹਬ ਜੋ ਦੱਸੀਆਂ, ਉਨ੍ਹਾਂ ਨਿਸ਼ਾਨੀਆਂ ਨਾਲ
ਦਰਬਾਰਾ ਸਿੰਘ ਕਰ ਰਿਹਾ, ਸੀ ਪ੍ਰੀਤਮ ਦੀ ਭਾਲ
ਸੰਧਿਆ ਸਮਾਂ ਸੁਹਾਵਣਾ, ਬੱਘੀ ਸਾਜ ਸਮਾਜ
ਸੈਰ ਕਰਨ ਲਈ ਨਿਕਲੇ, ਨਾਨੂੰ ਸਿੰਘ ‘ਮਹਾਰਾਜ’
ਗੋਰਾ ਅਫ਼ਸਰ ਇੱਕ ਸੀ, ਸਤਿਗੁਰ ਜੀ ਦਾ ਦਾਸ
ਸਿੱਖਾਂ ਵਾਂਗਰ ਓਸਦਾ, ਪੱਕਾ ਸੀ ਵਿਸ਼ਵਾਸ
ਨਾਲ ਤੁਰੇ ਸਰਦਾਰ ਜੀ, ਰੱਜ ਕਰੀ ਅਰਦਾਸ
ਦੱਸੀ ਸਾਰੀ ਵਿਥਿਆ, ਸ੍ਰੀ ਗੁਰੂ ਜੀ ਪਾਸ
ਗਿਲੇ ਉਲਾਂਭੇ ਸਤਿਗੁਰੂ, ਦਿਤੇ ਐਵੇਂ ਆਮ
ਹੁਣ ਤੀਕ ਨਾ ਆਇਆ, ਕੋਈ ਤੁਹਾਡਾ ਸਾਮ
ਸਾਡੀ ਲੀਤੀ ਸੁਰਤ ਨਾ, ਕਿਸੇ ਨਾ ਕੀਤੀ ਭਾਲ
ਰਹਿੰਦਾ ਸਦਾ ਸੀ ਅਸਾਂ ਦਾ, ਤੁਹਾਡੇ ਵੱਲ ਖ਼ਿਆਲ
ਪਰ ਤੁਹਾਡੇ ਵੱਸ ਨਾ, ਮਰਜ਼ੀ ਜੋ ਕਰਤਾਰ
ਪੂਰੀ ਹੋਇ ਅਵੱਸ਼ ਓਹ, ਕੋਈ ਨਾ ਮੇਟਨਹਾਰ
ਪਹਿਲਾਂ ਹੀ ਲਿਖ ਛੱਡਿਆ, ਸਤਿਗੁਰ ਸ੍ਰੀ ਦਸਮੇਸ਼
ਔਣਾ ਅਸੀਂ ਜ਼ਰੂਰ ਸੀ, ਏਸ ਬਗਾਨੇ ਦੇਸ਼
ਏਸ ਵਿਚ ਨਾ ਤੁਸਾਂ ਦਾ, ਭਾਈ ਕੋਈ ਕਸੂਰ
ਭਾਣਾ ਜੋ ਅਕਾਲ ਦਾ, ਵਰਤੇ ਓਹ ਜ਼ਰੂਰ
ਤੁਸੀਂ ਵਖਾਈ ਓਹ ਕਰ, ਜੋ ਸਿੱਖੀ ਦੀ ਕਾਰ
ਸਾਗਰ ਖ਼ਾਰਾ ਲੰਘ ਕੇ, ਦਿੱਤੇ ਆਣ ਦੀਦਾਰ

ਦੱਸੋ ਭੈਣੀ ਸਾਹਬ ਦਾ, ਜੋ ਹੋਇਆ ਹੈ ਹਾਲ
ਦੱਸੋ ਵਰਤੀ ਉਹ ਜੋ, ਗੁਰੂ ਪੰਥ ਦੇ ਨਾਲ
ਰਾਜੀ ਭਾਈ ਹਰੀ ਸਿੰਘ, ਰਾਜੀ ਸਾਰਾ ਪੰਥ
ਪੈਂਦੇ ਨੇ ਓਸੇ ਤਰ੍ਹਾਂ, ਭੋਗ ਸ੍ਰੀ ਗੁਰੂ ਗ੍ਰੰਥ
ਕੀ ਮੇਲੇ ਨੇ ਹੋਂਵਦੇ, ਲਗਦੇ ਹੈਨ ਦੀਵਾਨ
ਦੱਸੋ ਗੁਰ ਦਰਬਾਰ ਦਾ, ਕੀ ਕੀਤਾ ਨੁਕਸਾਨ
ਦੇਖਾ ਦੇਖੀ ਹੋਇ ਜੋ, ਸਿਖ ਕਚੇ ਗਏ ਝੜ੍ਹ
ਕਿੰਨੇ ਕੂ ਅੰਗ੍ਰੇਜ਼ ਨੇ, ਹੋਰ ਵੀ ਲਏ ਨੇ ਫੜ੍ਹ
ਨੰਦਾਂ ਰਾਜੀ ਖ਼ੁਸ਼ੀ ਹੈ, ਸਾਰਾ ਟੱਬਰ ਟੋਰ
ਬਾਬਾ ਜੱਸਾ ਸਿੰਘ ਨੂੰ ਆਏ, ਕਿ ਨਹੀਂ ਤੋਰ ?
ਮਾਝਾ, ਨੱਕਾ, ਦੜਪ ਤੇ, ਦੁਆਬਾ, ਪੋਠੋਹਾਰ
ਮੈਨ ਦੁਆਬ, ਪੁਆਧ ਤੇ, ਮਾਲਵਾ, ਸਾਂਦਲ ਬਾਰ
ਕੱਲਾ ਕੱਲਾ ਪਿੰਡ ਸ਼ਹਿਰ, ਮੁਸ਼ਕਲ ਰੱਖਣੇ ਯਾਦ
ਰਾਜੀ ਖ਼ੁਸ਼ੀ ਤੇ ਹੈਨ ਸਭ, ਚੰਗੀ ਤਰ੍ਹਾਂ ਅਬਾਦ
ਪੱਛਮ ਦੇ ਵਲੋਂ ਨਹੀਂ, ਕੀ ਨਾ ਉਠੀ ਕੰਗ ?
ਨਹੀਂ ਵਿਖਾਇਆ ਰੂਸ ਨੇ, ਅੰਗ੍ਰੇਜ਼ਾਂ ਨੂੰ ਰੰਗ ?
ਸੌ ਸਾਖੀ ਦੇ ਵਿਚ ਜੋ, ਸਤਿਗੁਰੂ ਸ੍ਰੀ ਦਸਮੇਸ਼
ਅਰਥ ਆਣ ਕੇ ਏਸ ਥਾਂ, ਪ੍ਰਗਟ ਹੋਇ ਵਿਸ਼ੇਸ਼
ਬਾਕੀ ਰਹਿ ਗਈ ਪੂਛ ਹੈ, ਹਾਥੀ ਗਿਆ ਹੈ ਲੰਘ
ਲੂੰ ਕੰਡੇ ਨੇ ਹੋਂਵਦੇ, ਜੋ ਵਰਤੂ ਜੱਗ ਸੰਗ
ਕੋਈ ਤਾਕਤ ਬਿੱਲਿਆ, ਹੁਣ ਨਾ ਸੱਕੇ ਉਭਾਰ
ਪੂਰੇ ਹੋਏ ਵਾਕ ਜੋ, ਕੋਈ ਨਾ ਮੇਟਨ ਹਾਰ
ਦਰਬਾਰਾ ਸਿੰਘ ਜੀ ਕਰੀ, ਚਰਨਾਂ ਵਿਚ ਅਰਦਾਸ
ਕਿਰਪਾ ਨਾਲ ਹਜ਼ੂਰ ਦੀ, ਕੰਮ ਨੇ ਹੋਣੇ ਰਾਸ
ਬਿਨਾਂ ਆਪ ਦੇ ਪਾਤਸ਼ਾਹ ਸਾਡਾ ਵਾਲੀ ਕੌਣ
ਸੁਖ ਦੀ ਨੀਂਦਰ ਪੰਥ ਨੂੰ, ਬਿੱਲੇ ਦੇਣ ਨਾ ਸੌਣ
ਜ਼ੁਲਮ ਨਾਲ ਹੈ ਰੋ ਰਹੀ, ਤੁਹਾਡੀ ਪ੍ਰਿਅ ਪੰਜਾਬ
ਚਿੜੀ ਸੋਨੇ ਦੀ ਪੈ ਗਈ, ਦੀ ਫਿਕੀ ਸਭ ਆਬ
ਪੁੱਛਣ ਵਾਲਾ ਕੋਈ ਨਾ, ਮਜ਼ਲੂੰਮਾਂ ਦਾ ਹਾਲ

ਬਾਕੀ ਰਿਹਾ ਨਾ ਜ਼ੁਲਮ ਜੋ, ਹੋਇਆ ਨਾ ਸਾਡੇ ਨਾਲ
ਲੱਖਾ ਹੋ ਗਿਆ ਕੱਖ ਦਾ, ਜਿਉਂਦਾ ਮਰੇ ਸਮਾਨ
ਬਾਬਾ ਜੱਸਾ ਸਿੰਘ[205] ਦੇ, ਅਟਕੇ ਚਰਨੀਂ ਪ੍ਰਾਨ
ਕਦੀ ਨਾ ਸੁੱਕੇ ਅਥਰੂ, ਹਰਦਮ ਵਹਿੰਦਾ ਨੀਰ
ਦਿਨ ਰਾਤੀਂ ਹੌਕੇ ਲਏ, ਤੁਹਾਡਾ ਨਿਕਾ ਵੀਰ
ਰਿਹਾ ਜੇ ਏਹੀ ਹਾਲ ਓਹ, ਦੀਦੇ ਲਊ ਗੁਆ
ਬਿਨਾਂ ਦੀਦਾਰ ਨਾ ਉਨ੍ਹਾਂ ਦੀ, ਦੂਜੀ ਹੋਰ ਦੁਆ
ਚੀਨੀ ਗਈ ਨਾ ਜੂਹ ਤੋਂ, ਅੰਗ੍ਰੇਜ਼ਾਂ ਦੇ ਨਾਲ
ਹੌਕੇ ਭਰਦੀ ਚੱਲ ਵੱਸੀ, ਹਾਲ ਵੇ ਲੋਕੋ ਹਾਲ
ਚੰਬੀ ਸੁਰਖੀ ਰੋਂਦੀਆਂ, ਖਾਣ ਨਾ ਦਾਣਾਂ ਕੱਖ
ਜਿੰਨ੍ਹਾਂ ਸਦਾ ਪਿਆਰ ਦੇ, ਪਿੰਡੇ ਧਰ ਕੇ ਹੱਥ
ਗਊਆਂ ਕਰਦੀਆਂ ਯਾਦ ਨੇ, ਹਰਦਮ ਰਹੀਆ ਰੁੰਭ
ਤੀਲਾ ਹੋਈਆਂ ਸੁੱਕ ਕੇ, ਅਸਲੋਂ ਗਈਆਂ ਹੰਭ
ਚਿੜੀ ਕਬੂਤਰ ਘੁੱਗੀਆਂ, ਮਿਰਗ ਬਤਖਾਂ ਮੋਰ
ਸੁੰਞੇਂ ਰੁੱਖ ਡਰਾ ਰਹੇ, ਪੰਛੀ ਕਰਨ ਨਾ ਸ਼ੋਰ

ਫਿਰਦੇ ਭਰਦੇ ਚੁੰਗੀਆਂ, ਹਰਨ ਡਾਰਾਂ ਦੀ ਡਾਰ
ਨਾ ਹਰਨੋਟੇ, ਰੋਝ ਨਾ, ਲਏ ਸ਼ਿਕਾਰੀਆਂ ਮਾਰ
ਸਾਰਸ, ਹੰਸ, ਮੁਰਗਾਬੀਆਂ, ਕਦੀ ਨਾ ਲੱਗੇ ਮੂੰਹ
ਤਿਲੀਅਰ ਤੋਤੇ ਛੱਡ ਗਏ, ਭੈਣੀ ਦੀ ਸਭ ਜੂਹ
ਕੋਇਲ ਬੋਲੇ ਨਾ ਕਦੀ, ਬਾਗੀਂ ਨਹੀਂ ਬਹਾਰ
ਤਿੱਤਰ, ਲਵੇ ਬਟੇਰ ਸਭ, ਗਏ ਉਡਾਰੀ ਮਾਰ
ਪ੍ਰਿਆ-ਪ੍ਰਿਆ ਫਿਰੇ ਪੁਕਾਰਦਾ, ਰਾਤੀਂ ਦਏ ਨਾ ਸੌਣ
ਵੈਰੀ ਹਾਇ ਬੰਬੀਹੜਾ, ਉਸ ਨੂੰ ਹਟਕੇ ਕੌਣ
ਰਾਤੀਂ ਰਹਿੰਦੇ ਨ੍ਹਾਂਵਦੇ, ਕੂਕੇ ਵਿਚ ਸਿਆਲ
ਸਾੜੇ ਲੂ ਫਿਰਾਕ ਦੀ, ਗਰਮੀ ਜਿਵੇਂ ਹੁਨਾਲ

---

[205] ਬਾਬਾ ਜੱਸਾ ਸਿੰਘ ਜੀ ਸਤਿਗੁਰੂ ਜੀ ਦੇ ਪ੍ਰਦੇਸ਼ ਗਮਨ ਤੋਂ ਦੋ ਕੁ ਸਾਲ ਬਾਅਦ ਜਨਵਰੀ 1874 ਵਿੱਚ ਅਕਾਲ ਚਲਾਣਾ ਕਰ ਗਏ ਸਨ। - (ਸਤਿਗੁਰੂ ਬਿਲਾਸ, ਭਾਗ ਦੂਜਾ, ਸੰਤੋਖ ਸਿੰਘ ਬਾਹੋਵਾਲ, ਸਫਾ-39)

ਠੰਡੇ ਖੂਹ ਤੇ ਜਾਇ ਕੇ, ਸਿਰ ਵਿਚ ਪਾਂਦੇ ਡੋਲ
ਸਾੜੇ ਅੱਗ ਵਿਯੋਗ ਦੀ, ਪ੍ਰੀਤਮ ਹੈ ਨਹੀਂ ਕੋਲ
ਨੰਦਾਂ ਤੁਹਾਡੀ ਧੀ ਦੀ, ਰੋਂਦਿਆਂ ਬੈਠੀ ਅੱਖ
ਹੋਈ ਉਹ ਨਾ ਸੀ ਕਦੇ, ਤੁਹਾਡੇ ਕੋਲੋਂ ਵੱਖ
ਕੂਕਰ ਰਹਿੰਦੇ ਕੂਕਦੇ, ਉਚੀ ਉਚੀ ਕੂਕ
ਪੈਂਦੀ ਸਦਾ ਫ਼ਿਰਾਕ ਦੀ, ਦਿਲ ਓਨ੍ਹਾਂ ਦੇ ਹੂਕ
ਬੋਹੜ, ਪਿੱਪਲ ਰੋ ਰਹੇ, ਸੀਸਮ, ਨਿੰਮ, ਧਰੇਕ
ਬਿਨ ਮਾਲੀ ਦੇ ਬਾਗ਼ ਦੀ, ਕੋਈ ਹੋਰ ਨਾ ਟੇਕ
ਰਾਤੀਂ ਕਉ ਕੁਰਲਾਂਵਦੇ, ਕਦੇ ਸੁਣੀ ਨਾ ਗੱਲ
ਸੌਣ ਨਾ ਸਾਨੂੰ ਦੇਂਵਦੇ, ਦਿਲ ਵਿਚ ਪਾਂਦੇ ਸੱਲ
ਗਿੱਦੜ ਫਿਰਨ ਹਵਾਂਕਦੇ, ਦਿਨੇ ਸਮਝ ਕੇ ਰਾਤ
ਵੇਖੀ ਸੁਣੀ ਨਾ ਸੀ ਕਦੇ, ਏਹੋ ਜੇਹੀ ਬਾਤ
ਕਣ ਕਣ ਪਿਆ ਉਡੀਕਦਾ, ਭੈਣੀ ਦਾ ਸਦ ਵਾਰ
ਰਾਮ ਵਿਯੋਗੀ ਕੂਕਦੇ, ਦੇਵੋ ਝਬ ਦੀਦਾਰ
ਰਾਹੀ ਜੇ ਕੋਈ ਮਿਲ ਪਏ, ਉਸ ਨੂੰ ਦੇਣ ਸੰਦੇਸ਼
ਕਹਿਣਾ ਸਾਡੇ ਮੀਤ ਨੂੰ, ਆਵੇ ਝਬਦੇ ਦੇਸ਼
ਕੂਕੇ ਕੂਕਾਂ ਮਾਰਦੇ, ਬੌਰੇ ਕਰੇ ਵਯੋਗ
ਕਦੋਂ ਮਿਟਾਵੋ ਦਰਸ ਦੇ, ਮੁੜ ਓਨ੍ਹਾਂ ਦਾ ਸੋਗ
ਰਾਹੀ ਪੈਣ ਨਾ ਭੁੱਲ ਕੇ, ਹੁਣ ਭੈਣੀ ਦੇ ਰਾਹ
ਡਰਦੇ ਮਤਾ ਨਾ ਪੈ ਜਏ, ਨਾਲ ਬੌਰਿਆਂ ਵਾਹ
ਮਿਲ ਕੇ ਘੇਰ ਖਲੋਂਵਦੇ, ਖੋਟੀ ਕਰਦੇ ਬਾਟ
ਰਹਿੰਦੇ ਪਏ ਵਿਯੋਗ ਵਿਚ, ਰਾਤੀਂ ਦਿਨੇ ਉਚਾਟ
ਰਾਹੀਆਂ ਕਰਦੇ ਤੰਗ ਨੇ, ਪੁਛਦੇ ਪਾ ਘਲਿਹਾਰ
ਤੁਹਾਨੂੰ ਵੀ ਕੀ ਹੋਇ ਨਾ, ਪ੍ਰੀਤਮ ਦੇ ਦੀਦਾਰ
ਮਿਲਣ ਕਿਤੇ ਜੇ ਆਖਿਓ, ਉਨ੍ਹਾਂ ਅਸਾਡਾ ਹਾਲ
ਵਿਚ ਵਿਛੋੜੇ ਦੇ ਅਸਾਂ, ਹੱਡ ਲਏ ਨੇ ਗਾਲ
ਕੱਪੜੇ ਤਨ ਸੁਖਾਏ ਨਾ, ਮੈਲਾ ਹੋਇਆ ਵੇਸ
ਲਿਟਾਂ ਗਲੇ ਵਿਚ ਲਮਕਦੀਆਂ, ਕਦੀ ਨਾ ਵਾਹੇ ਕੇਸ
ਅੰਨ ਨਾ ਖਾਂਦੇ ਰੱਜ ਕੇ, ਸੌਣ ਨਾ ਪੈਰ ਪਸਾਰ

ਗੁੰਮ ਸੁੰਮ ਜਿਹੇ ਫਿਰ ਰਹੇ, ਕਰਦੇ ਨਾ ਗੁਫ਼ਤਾਰ
ਪੀਲਾ ਰੰਗ ਬਸਾਰ ਜਿਉਂ, ਠੰਡੇ ਹੌਕੇ ਲੈਣ
ਵਿਥਿਆ ਕੂਕੇ ਆਪਣੀ, ਕਿਸੇ ਕੋਲ ਨਾ ਕਹਿਣ
ਕੀ ਮੈਂ ਦੱਸਾਂ ਪਾਤਸ਼ਾਹ, ਰਹਿਮ ਵਿਯੋਗੀਆਂ ਹਾਲ
ਚੰਗਾ ਹੈ ਜੇ ਏਸ ਤੋਂ, ਆ ਜਾਇ ਭੈੜਾ ਕਾਲ
ਪਰ ਨਾ ਦੇਂਦੀ ਮਰਨ ਹੈ, ਦਰਸਨ ਦੀ ਦਿਲ ਆਸ
ਪ੍ਰਾਨ ਚਰਨ ਵਿਚ ਵੱਸਦੇ, ਜਮ ਮੁੜ ਜਾਇ ਨਿਰਾਸ
ਕੂਕੇ ਪੁਛਦੇ ਫਿਰ ਰਹੇ, ਕਦੋਂ ਕੂ ਆਵੇ ਰੂਸ
ਜਿਸ ਨੇ ਆਣ ਉਡਾਵਣਾਂ, ਅੰਗ੍ਰੇਜ਼ਾਂ ਦਾ ਫੂਸ
ਕਰਵਾਣਾ ਹੈ ਓਸ ਨੇ, ਆ ਕੇ ਦੇਸ ਅਜ਼ਾਦ
ਕੱਢਣਾ ਹੈ ਅੰਗ੍ਰੇਜ਼ ਨੂੰ, ਏਥੋਂ ਪਾ ਕੇ ਭਾਜ
ਕੀ ਨਾਹੀਂ ਰੌਲਾ ਪਿਆ, ਕੋਈ ਵੱਲ ਪਸ਼ੌਰ
ਕੀ ਨਹੀਂ ਝੁਲਦਾ ਆ ਰਿਹਾ, ਸਤਿਗੁਰ ਸਿਰ ਤੇ ਚੌਰ
ਦਰਸ਼ਨ ਹੋਵਣ ਛਤਰ ਦੇ, ਸੰਗਤ ਨਾਲ ਅਪਾਰ
ਆ ਰਿਹਾ ਅਵੱਸ਼ ਹੈ, ਸਾਡਾ ਮਿੱਤਰ ਯਾਰ
ਨਾਲ ਰੂਸ ਦੀ ਫ਼ੌਜ ਦੇ, ਰੂਸੀ ਲੈ ਜਰਨੈਲ
ਆ ਰਹੇ ਨੇ ਵੱਲ ਹਿੰਦ ਦੇ, ਕਰਨ ਮੁਲਕ ਦੀ ਸੈਲ
ਬੁੱਚੜ ਖ਼ਾਨੇ ਲਾਇ ਨੇ, ਥਾਂ ਥਾਂ ਹਿੰਦੁਸਤਾਨ
ਭਾਰਤ ਨੰਦਨ ਬਾਗ ਨੂੰ, ਬਾਂਦਰ ਕਰਨ ਵੀਰਾਨ
ਵੱਸੋਂ ਭਾਵੇਂ ਦੇਸ਼ ਦੀ, ਤੇਤੀ ਅੱਜ ਕਰੋੜ
ਕੋਈ ਵੀ ਅੰਗ੍ਰੇਜ਼ ਨੂੰ, ਦਏ ਨਾ ਅਗੋਂ ਮੋੜ
ਸੱਯਦ, ਮੁਗ਼ਲ, ਪਠਾਨ, ਸਿੱਖ, ਰਾਜਪੂਤ ਸਰਦਾਰ
ਮਰਹੱਟੇ, ਨਿਰੇਸ਼ ਰਲ, ਨਾਲ ਖਾਣ ਮੁਰਦਾਰ
ਮਰਦੇ ਨੱਕ ਡੁਬੋ ਨਾ, ਤੁਰਨ ਕੱਢ ਕੇ ਹਿੱਕ
ਮਜ਼ਲੂਮਾਂ ਦੀ ਲਾਹ ਰਹੇ, ਫੜ੍ਹ ਕੇ ਬਿੱਲੇ ਬਿੱਕ
ਕਦੋਂ ਕੁ ਆਪਣੇ ਦੇਸ਼ ਦੀ, ਤੁਸੀਂ ਲਓਗੇ ਸਾਰ
ਦੱਸੋ ਕਦੋਂ ਕੂ ਦਿਓਗੇ, ਕੂਕਿਆਂ ਨੂੰ ਦੀਦਾਰ
ਮੈਨੂੰ ਸਭਨਾ ਪੁੱਛਣਾਂ, ਬੁਰੀ ਕਰਨਗੇ ਬਾਬ
ਦਸੋ ਕਦੋਂ ਕੁ ਆਣਗੇ, ਸਾਡੇ ਦਿਲ ਦੇ ਸਾਹਬ

ਭੈਣੀ ਸਾਹਿਬ ਦੀ ਕਦੋਂ, ਲਓਗੇ ਮੁੜ ਕੇ ਸਾਰ
ਲੁੱਟ ਪੁੱਟ ਅੰਗ੍ਰੇਜ਼ ਨੇ, ਕਰ ਦਿਤਾ ਮਿਸਮਾਰ
ਦਰਸ਼ਨ ਦੇਂਦੇ ਕਰਨ ਨਾ, ਅੰਦਰ ਦੇਣ ਨਾ ਜਾਨ
ਬੇ-ਰਹਿਮ ਅੰਗ੍ਰੇਜ਼ ਇਹ, ਜ਼ਾਲਮ ਨੀਚ ਸ਼ੈਤਾਨ
ਚੌਕੀ ਪਾਈ ਪੁਲਸ ਦੀ, ਡਿਉੜ੍ਹੀ ਦੇ ਵਿਚਕਾਰ
ਬਿਨਾਂ ਕਸੂਰੋਂ ਸਿੱਖ ਦੀ, ਇੱਜ਼ਤ ਦੇਣ ਉਤਾਰ
ਬੁੱਧ ਸਿੰਘ ਮਹਾਰਾਜ ਨੂੰ, ਬਾਹਰ ਜਾਣ ਨਾ ਦੇਣ
ਹਲਕੇ ਕੁੱਤੇ ਵਾਂਗਰਾਂ, ਆਪੋ ਵਿਚ ਨਾ ਮੇਣ
ਲੰਗਰ ਹੈ ਚੱਲਦਾ ਪਿਆ, ਮਿਲਦਾ ਸਭ ਨੂੰ ਖਾਜ
ਰਸਤਾਂ ਕਿੱਥੋਂ ਔਦੀਆਂ, ਇਹ ਜਾਨਣ ਮਹਾਰਾਜ
ਕੋਈ ਜ਼ੁਲਮ ਨਾ ਹੈ ਓਹ, ਹੋਇਆ ਨਾ ਸਾਡੇ ਨਾਲ
ਚੰਗੇ ਰਹਿੰਦੇ ਏਸ ਤੋਂ, ਜੇ ਆ ਜਾਂਦਾ ਕਾਲ
ਧੌਂਕਲ ਸਿੰਘ ਜਿਹੇ ਸੂਰਮੇਂ, ਪਿੰਜਰੇ ਪਾ ਜਿਉਂ ਸ਼ੇਰ
ਫੜ੍ਹਕੇ ਜ਼ਾਲਮ ਲੈ ਗਏ, ਨਾ ਪਰਤਾਏ ਫੇਰ
ਦੱਸ ਨਾ ਸੱਕਾਂ ਕੂਕਿਆਂ, ਜੋ ਝੱਲੇ ਨੇ ਦੁੱਖ
ਏਕਣ ਨਾ ਜਰ ਸਕਦਾ, ਕੋਈ ਹੋਰ ਮਨੁੱਖ
ਕਿਸ ਥਾਂ ਰੱਖਿਆ ਆਪ ਨੂੰ, ਸਾਨੂੰ ਦੇਣ ਨਾ ਸਾਰ
ਰੋਂਦੇ ਫਿਰਦੇ ਪੁੱਛੀਏ, ਕਿਥੇ ਸਾਡਾ ਯਾਰ
ਅਰਜੀ ਦੇਵੀਏ ਜਾਇ ਜੇ, ਫੜ ਕੇ ਲੈਣ ਬਿਠਾਲ
ਸੁਣਦੇ ਕੋਈ ਗੱਲ ਨਾ, ਜਿਹਲ ਦੇਂਦੇ ਡਾਲ
ਪਾਠ ਕਰਨ ਦੇਂਦੇ ਨਹੀਂ, 'ਕੱਠੇ ਦੇਣ ਨਾ ਹੋਣ
ਜ਼ਾਲਮ ਬਿਨ ਅਪ੍ਰਾਧ ਤੋਂ, ਫੜ੍ਹ ਬਕਰੇ ਜਿਉਂ ਕੋਹਣ
ਅਰਜ਼ੀਆਂ ਦੇਂਦੇ ਥੱਕ ਗਏ, ਦਿਨੇ ਮਸ਼ਾਲਾਂ ਬਾਲ
ਪੁੱਛਿਆ ਫਿਰ ਵੀ ਜ਼ਾਲਮਾਂ, ਨਹੀਂ ਅਸਾਡਾ ਹਾਲ
ਲੁਧਿਆਣੇ ਜ਼ਿਲੇ ਦਾ, ਸੁਪਰਡੰਟ ਪੁਲੀਸ
ਹਿਰਦੇ ਉਸ ਦੀ ਮੇਮ ਦੇ, ਰਹਿਮ ਉਪਾਇਆ ਈਸ
ਉਸ ਨੇ ਹੈ ਦਿਤਾ ਪਤਾ, ਏਸ ਥਾਂਉ ਦਾ ਖ਼ਾਸ
ਪੂਰੀ ਕਰ ਦੇਣੀ ਪ੍ਰਭੂ, ਉਸ ਦੀ ਵੀ ਕੋਈ ਆਸ
ਕੁਝ ਦਿਨ ਰਹੇ ਰੰਗੂਨ ਵਿਚ, ਕਰਦੇ ਦਰਸ ਦੀਦਾਰ

ਪਿੱਛੇ ਪਰਤਨ ਦੀ ਕਰੀ, ਅਰਜ਼ ਸਿੰਘ ਦਰਬਾਰ
ਸੁਣ ਬੋਲੇ ਸ੍ਰੀ ਸਤਿਗੁਰੂ, ਸਹਿਜੇ ਸ਼ਾਂਤੀ ਨਾਲ
ਜਾਓ ਹੈ ਅੰਗ ਸੰਗ ਸਦਾ, ਤੁਹਾਡੇ ਪੁਰਖ ਅਕਾਲ
ਜਾ ਕੇ ਦੇਣੀ ਪੰਥ ਨੂੰ, ਸਾਡੀ ਇਹ ਅਰਦਾਸ
ਦਰਸ਼ਨ ਇਕ ਦਿਨ ਹੋਣਗੇ, ਹੋਣਾਂ ਨਹੀਂ ਨਿਰਾਸ
ਹੋਇ ਸਥਾਪਨ ਧਰਮ ਨਾ, ਛੁਰੀ ਨਾ ਹੋਵੇ ਦੂਰ
ਏਸ ਮੜ੍ਹੇ ਵਿਚ ਵਸਾਂਗਾ, ਤਦ ਤਕ ਮੈਂ ਮਜ਼ਬੂਰ
ਭਾਈ ਹਰੀ ਸਿੰਘ ਨੂੰ, ਦੇਣੀ ਇਹ ਅਰਦਾਸ
ਕਹਿਣਾ ਉਨ੍ਹਾਂ ਨੂੰ ਔਣ ਨਾ, ਅਜੇ ਅਸਾਡੇ ਪਾਸ
ਬੁੱਧ ਸਿੰਘ ਜੀ ਦਾ ਅਜ ਤੋਂ, ਹਰੀ ਸਿੰਘ ਹੈ ਨਾਮ
ਮੰਨੇ ਸਾਡੇ ਥਾਂ ਹੁਣ, ਉਨ੍ਹਾਂ ਨੂੰ ਪੰਥ ਤਮਾਮ
ਸ਼ਾਂਤਿ ਮੂਰਤੀ ਹੈਨ ਓਹ, ਸ਼ਾਂਤਿ ਦੇ ਅਵਤਾਰ
ਓਨਾਂ ਬਿਨਾਂ ਨਾ ਤੁਰ ਸਕੇ, ਗੁਰ ਸਿੱਖੀ ਦੀ ਕਾਰ
ਦਿਲ ਵਿਚ ਵੱਸੇ ਉਨ੍ਹਾਂ ਦੇ, ਧਰਮ ਨੇਮ ਦੀ ਸੰਥ
ਉਹ ਸਿੱਖੀ ਰੱਖਣ ਹਰੀ, ਹਰਾ ਭਰਾ ਰਹੇ ਪੰਥ
ਮੇਰਾ ਕੋਈ ਧਿੱਕਾਰਿਆ, ਬਖਸ਼ਣ ਕਿਰਪਾ ਧਾਰ
ਓਹ ਜਿਸ ਨੂੰ ਧਿਰਕਾਰ ਦੇਣ, ਕੋਈ ਨਾ ਬਖਸ਼ਣ ਹਾਰ
“ਇਹ ਭੰਡੀ ਤੇ ਲੈ-ਲੈ, ਲਗੀ ਜੋ ਸਾਡੇ ਨਾਲ
ਮਗਰ ਲਗੇਗੀ ਸੱਭ ਦੇ, ਲਾਵੇ ਪੁਰਖ ਅਕਾਲ
ਹੋਵੇ ਨਾ ਨੌਕਰ ਕੋਈ, ਅੰਗ੍ਰੇਜ਼ਾਂ ਦਾ ਸਿੱਖ
ਆ ਰਿਹਾ ਹੈ ਇਨ੍ਹਾਂ ਦਾ, ਅੱਗੋਂ ਬੁਰਾ ਭਵਿੱਖ
ਏਨ੍ਹਾ ਦੇ ਸਿਰ ਪਏਗੀ, ਅਨਿਕ ਭਾਂਤ ਦੀ ਮਾਰ
ਐਸਾ ਕੋਈ ਨਾ ਦਿਸਦਾ, ਏਨ੍ਹਾਂ ਲਏ ਉਬਾਰ
ਇਨ੍ਹਾਂ ਦੇ ਦੇਸ਼ ’ਚ ਮਚੇਗਾ, ਜਲਦੀ ਹੀ ਘਮਸਾਨ
ਇਹ ਬਚਾਂਦੇ ਫਿਰਨਗੇ, ਲੁਕਾ ਛਿਪਾ ਕੇ ਜਾਨ
ਮਿੱਟੀ ਘੱਟੇ ਰੁਲਣਗੇ, ਇੱਜ਼ਤ ਪੱਤ ਸਨਮਾਨ
ਇਹ ਹਕੂਮਤ ਹੁਣ ਹੈ, ਦੋ ਦਿਨ ਦੀ ਮਹਿਮਾਨ
ਬਾਗੀਂ ਉੱਲੂ ਰੋਣਗੇ, ਖੋਲ਼ੇ ਹੋਣ ਮਹੱਲ
ਫਿਰੇ ਸੁਹਾਗਾ ਲੋਹੇ ਦਾ, ਵੇਖ ਲਿਓ ਅੱਜ ਕੱਲ੍ਹ

ਇਹ ਦਰਿੰਦੇ ਭੇੜੀਏ, ਜੰਗਲੀ ਹੈਨ ਹੈਵਾਨ
ਹੁੰਦੀ ਕੀ ਮਨੁੱਖਤਾ, ਜਾਨਣ ਨਾ ਸ਼ੈਤਾਨ
ਮੈਨੂੰ ਹਿੰਦੀ ਕੌਮ ਤੇ, ਆਉਂਦਾ ਹੈ ਅਫ਼ਸੋਸ
ਇੱਜ਼ਤ ਰਹੇ ਉਤਾਰ ਇਹ, ਸਮਝ ਨਾ ਆਵੇ ਓਸ
ਨੇੜੇ ਆ ਰਿਹਾ ਸਮਾਂ ਜਦ, ਹੋਵੇ ਬੁਰਾ ਹਵਾਲ
ਚੁੱਕੀ ਹੈ ਅੱਤ ਜਿੰਨ੍ਹਾਂ ਨੇ, ਰਲ਼ੇ ਮਲੇਛਾਂ ਨਾਲ
ਨਾਮ ਜਪੋ ਬਾਣੀ ਪੜ੍ਹੋ, ਉੱਚਾ ਰੱਖ ਅਚਾਰ
ਵਿਸਰੇ ਸਾਸ ਗ੍ਰਾਸ ਨਾ, ਸੱਚਾ ਸਿਰਜਨ ਹਾਰ
ਪਾਣੇ ਭੋਗ ਗ੍ਰੰਥ ਗੁਰ, ਕਰ ਸਕੇਸ ’ਸ਼ਨਾਨ
ਜਹਾਂ ਕਹਾਂ ਨਾ ਖਾਵਣਾਂ, ਮੰਨ ਗੁਰੂ ਫ਼ਰਮਾਨ
ਯੱਗ ਹਵਨ ਨਾ ਭੁੱਲਣਾਂ, ਦੇਵਤਿਆਂ ਦੀ ਕਾਰ
ਕਰੇ ਰੱਖਿਆ ਪੰਥ ਦੀ, ਇਸ ਦਾ ਸਾਜਨ ਹਾਰ
ਜੜ੍ਹ ਇਸ ਦੀ ਦਸਮੇਸ਼ ਗੁਰ, ਲਾਈ ਵਿੱਚ ਪਤਾਲ
ਵੈਰੀ ਨਾ ਕਰ ਸਕੇਗਾ, ਵਿੰਗਾ ਇਸ ਦਾ ਵਾਲ
ਰਹਿ ਨਾ ਜਾਏ ਧਰਤਿ ਤੇ, ਰਾਜਾ, ਭੂਪ, ਨਿਰੇਸ਼
ਨੀਵੇਂ ਉੱਚੇ ਹੋਣਗੇ, ਹੋਵਣ ਦੂਰ ਕਲੇਸ਼
ਦੂਰ ਵਿਛੋੜਾ ਹੋਇਗਾ, ਹੋਣ ਜ਼ਰੂਰ ਦੀਦਾਰ
ਮੌਜ ਹੋਇਗੀ ਪੰਥ ਨੂੰ, ਸੁੱਖਾਂ ਦੀ ਭਰਮਾਰ
ਦਰਬਾਰਾ ਸਿੰਘ ਆ ਗਏ, ਰਾਜ਼ੀ ਖੁਸ਼ੀ ਪੰਜਾਬ
ਖੁਸ਼ੀਆਂ ਨਾਲ ਸੁਣਾਇਆ, ਸਭ ਰੰਗੂਨ ਦਾ ਬਾਬ
ਇੱਕ ਸੌ ਇੱਕ ਅਖੰਡ ਪਾਠ, ਕਰਕੇ ਪਾਏ ਭੋਗ
ਖੁਸ਼ੀ ਹੋ ਗਈ ਪੰਥ ਨੂੰ, ਦੂਰ ਹੋ ਗਿਆ ਸੋਗ
ਪਤਾ ਲੱਗਿਆ ਬਟਨ ਨੂੰ, ਆ ਕੀਤੇ ਗ੍ਰਿਫ਼ਤਾਰ
ਫੜ੍ਹੇ ਗ੍ਰੰਥੀ, ਧੂਪੀਏ, ਪਹਿਰੂ ਸਣ ਦਰਬਾਰ
ਬਹੁਤੇ ਮਰ ਗਏ ਜਿਹਲ ਵਿਚ, ਬਹੁਤੇ ਖਾਧੇ ਰੋਗ
ਰਹੇ ਚੜ੍ਹਦੀਆਂ ਕਲਾ ਵਿਚ, ਕਿਸੇ ਨਾ ਕੀਤਾ ਸੋਗ
ਇਸ ਦੇ ਪਿੱਛੋਂ ਹੋਰ ਵੀ, ਕਈ ਗੁਰੂ ਦੇ ਲਾਲ
ਕੀਤੇ ਦਰਸ ਰੰਗੂਨ ਜਾ, ਸਤਿਗੁਰ ਕਰੇ ਨਿਹਾਲ

ਮੇਰੇ ਜੋ ਵਿੱਦਿਆ ਗੁਰੂ, ਬਾਬਾ ਸਿੰਘ ਹਰਿਨਾਮ[206]
ਦਰਸ਼ਨ ਕਰੇ ਰੰਗੂਨ ਜਾ, ਮੁੜੇ ਨਾਲ ਸਨਮਾਨ
ਬਹੁਤੀ ਵੇਰ ਸੁਣਾਇਆ, ਉਨ੍ਹਾਂ ਰੰਗੂਨ ਦਾ ਹਾਲ
ਭੇਸ ਬਦਲ ਦਰਸ਼ਨ ਕਰੇ, ਅੱਖੀਂ ਘੱਟਾ ਡਾਲ
ਸ੍ਰੀ ਸੁਆਮੀ ਤਖਤ[207] ਸਿੰਘ, ਜੀ ਆਦਿਕ ਕਈ ਹੋਰ
ਲਾਲ ਸਿੰਘ[208] ਲਤਾਲੀਏ, ਸੋਭਾ ਸਿੰਘ ਖੁਦਪੋਰ[209]
ਦਰਸ਼ਨ ਕਰਕੇ ਇਨ੍ਹਾਂ ਦੇ, ਮੈਂ ਸੀ ਲਏ ਬਿਆਨ
ਸਤਿਗੁਰ ਦੇ ਇਤਿਹਾਸ ਦਾ, ਹੋਇਆ ਇੰਵ ਗਿਆਨ

***********************

[206]ਪੁੱਤਰ ਦੀਪ ਸਿੰਘ ਪਿੰਡ ਨਥਾਣਾ, ਥਾਣਾ ਵੀ ਨਥਾਣਾ, ਜ਼ਿਲ੍ਹਾ ਫੀਰੋਜ਼ਪੁਰ।ਇਸ ਦਾ ਜਨਮ ਸਾਲ 1839-40 ਈ. ਹੈ। ਹੋਰ 26 ਕੂਕਿਆਂ ਦੇ ਨਾਲ ਹਰਨਾਮ ਸਿੰਘ 27 ਜੁਲਾਈ 1880 ਨੂੰ ਸਤਿਗੁਰੂ ਜੀ ਦਾ ਦਰਸਨ ਕਰਨ ਰੰਗੂਨ ਪੁੱਜਿਆ ਸੀ। ਇਹ ਗਰੁੱਪ ਦਾ ਆਗੂ ਸੀ।ਹਰਨਾਮ ਸਿੰਘ ਰੰਗੂਨ ਤੋਂ ਵਾਪਸ ਆਪਣੇ ਪਿੰਡ 14 ਅਗਸਤ ਨੂੰ ਉਸੇ ਸਾਲ ਪੁੱਜਾ ਸੀ। (ਕੂਕਾਜ਼ ਆਫ ਨੋਟ ਇਨ ਦਾ ਪੰਜਾਬ, ਸਫਾ 80-81)

[207]ਸੁਆਮੀ ਤਖਤ ਸਿੰਘ ਜੀ ਦਾ ਪਿੰਡ, ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ ਮੁਤਾਬਿਕ ਗੁੱਜਰਪੁਰਾ ਜ਼ਿਲ੍ਹਾ ਜਲੰਧਰ ਸੀ। ਉਹਨਾਂ ਨੂੰ ਰੰਗੂਨ ਦਰਸ਼ਨ ਕਰਨ ਜਾਂਦਿਆਂ ਨੂੰ ਕਲਕੱਤੇ ਵਿਖੇ ਪੁਲੀਸ ਨੇ ਰੋਕ ਕੇ ਜਹਾਜ਼ ਤੇ ਨਾ ਚੜ੍ਹਨ ਦਿੱਤਾ। ਫਿਰ ਖੁਸ਼ਕੀ ਦੇ ਰਸਤੇ ਢਾਕੇ ਵੱਲੋਂ ਹੋ ਕੇ ਰੰਗੂਨ ਪੁੱਜੇ ਤੇ ਦਰਸ਼ਨ ਕੀਤੇ। ਇਹ ‘ਅਨੰਦ’ ਗੋਤ ਦੇ ਖੱਤਰੀ ਸਨ।

[208]ਪੁੱਤਰ ਗੁਰਦਿਆਲ ਸਿੰਘ ਪਿੰਡ ਲਤਾਲਾ ਜ਼ਿਲ੍ਹਾ ਜਲੰਧਰ ਮੁਖੀ ਸੂਬਾ ਜਵਾਹਰ ਸਿੰਘ ਜੀ ਦੇ ਲਾਂਗਰੀ ਰਹੇ ਸਨ। ਜੂਨ 1880 ਅਤੇ ਫਿਰ ਅਗਸਤ 1880 ਵਿਚ ਦੋ ਵੇਰ ਰੰਗੂਨ ਜਾ ਕੇ ਦਰਸ਼ਨ ਕਰਕੇ ਅਤੇ ਹੁਕਮਨਾਮੇ ਲੈ ਕੇ ਆਏ। - (ਕੂਕਾਜ਼ ਆਫ ਨੋਟ ਇਨ ਦਾ ਪੰਜਾਬ, ਸਫਾ 44-45)

[209]ਸੋਭਾ ਸਿੰਘ ਦਾ ਪਿੰਡ ਖੁਦ ਪੁਰ ਨਹੀਂ, ਖੁਰਦ ਪੁਰ ਜ਼ਿਲ੍ਹਾ ਜਲੰਧਰ ਸੀ। ਇਹ ਪਿੰਡ ਉਸ ਸਮੇਂ ਆਦਮ ਪੁਰ ਥਾਣੇ ਵਿਚ ਸੀ।

# (32)
# ਮਰਗੋਈ ਵਿਚ

ਕੁਝ ਚਿਰ ਰਹੇ ਰੰਗੂਨ ਗੁਰ, ਮਰਗੋਈ ਰੁਖ਼ ਕੀਨ[210]
ਟਾਪੂ ਇਹ ਸਮੁੰਦਰ ਵਿਚ, ਬਰਮਾਂ ਦੇਸ ਅਧੀਨ
ਬਾਰਾਂ ਹੱਥ ਦਾ ਜੰਗਲਾ, ਬੰਗਲਾ ਉਸ ਵਿਚਕਾਰ
ਮਦਰਾਸੀ ਅੰਗ੍ਰੇਜ਼ ਸਨ, ਸੱਭੇ ਪਹਿਰੇਦਾਰ
ਸਾਈਨ ਬੋਰਡ ਲਿਖ ਲਾਇਆ, ਉਸ ਅਗੇ ਅੰਗ੍ਰੇਜ਼
ਆਈ ਚੁੱਕੇ ਚੀਜ਼ ਨਾ, ਦਏ ਨਾ ਅੰਦਰ ਭੇਜ
ਕਰੇ ਨਾ ਇਸ ਤੇ ਅਮਲ ਜੋ, ਘੱਟੋ ਘੱਟ ਸੱਤ ਸਾਲ
ਉਮਰ ਕੈਦ ਤਕ ਸਜ਼ਾ ਕਰ, ਹੱਡ ਦੇਵੀਏ ਗਾਲ
ਮੀਹਾਂ ਸਿੰਘ[211] ਸਰਹਾਲੀ ਦੇ, ਸੀ ਮਝੈਲ ਸਰਦਾਰ
ਮਰਗੋਈ ਵਿਚ ਜਾ ਕਰੇ, ਸਤਿਗੁਰ ਦੇ ਦੀਦਾਰ
ਡਾਂਗ ਲਾਈ ਨਾਲ ਜੰਗਲੇ, ਉਛਲ ਛੜੱਪਾ ਮਾਰ
ਬਾਰਾਂ ਹੱਥ ਦਾ ਜੰਗਲਾ, ਟੱਪਿਆਂ ਲਾ ਉਡਾਰ
ਨਾਲ ਪਿਆਰ ਦੇ ਗੁਰੂ ਜੀ, ਲਾਇਆ ਛਾਤੀ ਨਾਲ
ਧੰਨ ਮੀਹਾਂ ਸਿੰਘ ਧੰਨ ਤੂੰ ! ਕੀਤੀ ਗੱਲ ਕਮਾਲ

---

[210] ਸਤਿਗੁਰੂ ਜੀ ਰੰਗੂਨ ਵਿਖੇ ਤਕਰੀਬਨ ਸਾਢੇ ਅੱਠ ਸਾਲ ਰਹੇ ਸਨ। ਸਤੰਬਰ 1881 ਵਿਚ ਆਪ ਜੀ ਨੂੰ ਰੰਗੂਨ ਤੋਂ ਮਰਗੋਈ ਟਾਪੂ ਇਸ ਕਰਕੇ ਭੇਜਿਆ ਸੀ ਕਿ ਸ਼ਾਇਦ ਏਥੇ ਆਪ ਪਾਸ ਪੰਜਾਬ ਤੋਂ ਕੋਈ ਸਿੱਖ ਕੂਕਾ ਦਰਸ਼ਨ ਕਰਨ ਜਾਂ ਹੁਕਮਨਾਮੇ ਲੈਣ ਨਹੀਂ ਆਵੇਗਾ। ਪਰ ਅੰਗ੍ਰੇਜ਼ ਸਰਕਾਰ ਦਾ ਇਹ ਭਰਮ ਗੁਰੂ ਕੇ ਸਿੰਘਾਂ ਨੇ ਤਿੰਨ ਚਾਰ ਮਹੀਨਿਆਂ ਵਿਚ ਹੀ ਤੋੜ ਦਿੱਤਾ ਸੀ।

[211] ਪੁੱਤਰ ਸ੍ਰ. ਸ਼ਾਮ ਸਿੰਘ ਸਿਰਹਾਲੀ ਜ਼ਿਲ੍ਹਾ ਅੰਮ੍ਰਿਤਸਰ(ਪੰਜਾਬ) ਹੁਣ ਤਰਨ ਤਾਰਨ। ਮੀਂਹਾ ਸਿੰਘ ਦੀ ਉਮਰ ਇਸ ਸਮੇਂ 27 ਸਾਲ ਦੀ ਸੀ। ਉਹ ਹਾਗ ਕਾਂਗ ਵਿਚ ਪੁਲਿਸ ਦੀ ਨੋਕਰੀ ਵੀ ਕਰ ਚੁੱਕਾ ਸੀ। ਉਸ ਦੇ ਨਾਲ ਦੂਸਰਾ ਸਿੱਖ ਭਾਈ ਨਰਾਇਣ ਸਿੰਘ ਪੁੱਤਰ ਦੇਵਾ ਸਿੰਘ ਰੋਡੇ ਫੀਰੋਜ਼ਪੁਰ (ਹੁਣ ਮੋਗਾ) ਗੁਰੂ ਹਰੀ ਸਿੰਘ ਜੀ ਨੇ ਭੇਜਿਆ ਸੀ। ਇਹਨਾਂ ਦਾ ਮਕਸਦ ਰੂਸੀ ਹਾਕਮਾਂ ਦਾ ਸਤਿਗੁਰੂ ਰਾਮ ਸਿੰਘ ਜੀ ਦੇ ਨਾਮ ਪੱਤਰ, ਜੋ ਸੂਬਾ ਗੁਰਚਰਨ ਸਿੰਘ ਚੱਕ ਰਾਮ ਦਾਸ (ਸਿਆਲਕੋਟ-ਪਾਕਿਸਤਾਨ) ਲਿਆਇਆ ਸੀ, ਉਹ ਸਤਿਗੁਰੂ ਜੀ ਤੱਕ ਪਹੁੰਚਾਉਣਾ ਸੀ। ਜਨਵਰੀ 1881 ਦੇ ਆਖਰੀ ਹਫਤੇ ਮੀਂਹਾਂ ਸਿੰਘ ਹੋਰੀਂ ਮਰਗੋਈ ਪੁੱਜੇ ਸਨ। ਆਪ ਤੋਂ ਬਾਅਦ ਫਿਰ ਕਿਸੇ ਹੋਰ ਸਿੰਘ ਦੇ ਸਤਿਗੁਰੂ ਜੀ ਪਾਸ ਜਾਣ ਦੀ ਖਬਰ ਨਹੀਂ ਹੈ।

ਤੇਰੇ ਜੇਹੇ ਸਿਖ ਲਈ, ਕੀਤਾ ਗੁਰ ਫ਼ਰਮਾਨ
ਖਾਰਾ ਲੰਘ ਸਮੁੰਦਰ ਸਿਖ, ਚੱਲ ਗੁਰੂ ਪਹਿ ਆਨ
ਭਾਈ ਮੀਂਹਾਂ ਸਿੰਘ ਜੀ, ਵਾਹ ਤੁਹਾਡੀ ਘਾਲ
ਦਰਸ਼ਨ ਦੇ ਪ੍ਰਦੇਸ਼ ਵਿਚ, ਕੀਤਾ ਆਣ ਨਿਹਾਲ
ਸਾਰੀ ਰਾਤ ਪਿਆਰ ਨਾਲ, ਕੀਤੇ ਬਚਨ ਬਿਲਾਸ
ਦਿਨ ਚੜ੍ਹਿਆ ਅੰਗ੍ਰੇਜ਼ ਨੇ, ਆ ਕੀਤਾ ਬਕਵਾਸ
ਰਾਤੀਂ ਤੇ ਇਹ ਦੋਇ ਸਨ, ਨਾਨੂੰ ਸਿੰਘ ਮਹਾਰਾਜ
ਤੀਜਾ ਆਇਆ ਕਿੱਧਰੋਂ, ਸਮਝ ਨਾ ਆਵੇ ਰਾਜ਼
ਮੀਹਾਂ ਸਿੰਘ ਆਏ ਜਦੋਂ, ਬਰ੍ਹਮਾ ਦੇ ਵਿਚਕਾਰ
ਪੁੱਛਿਆ ਸੀ ਅੰਗ੍ਰੇਜ਼ ਨੇ, ਕਿਉਂ ਆਇਆ ਸਰਦਾਰ ?
ਆਇਆ ਹਾਂ ਨੌਕਰੀ ਲਈ, ਚਾਹੀਏ ਆਟਾ ਸੇਰ
ਨਹੀਂ ਤੇ ਜਾਵਾਂ ਦੇਸ ਨੂੰ, ਭੁੱਖਾ ਮਰਦਾ ਫੇਰ
ਫੜ੍ਹ ਜਦ ਮੀਹਾਂ ਸਿੰਘ ਨੂੰ, ਓਸੇ ਹੀ ਅੰਗ੍ਰੇਜ਼
ਪੇਸ਼ ਕੀਤਾ, ਸੜ ਬਲ ਗਿਆ, ਵੇਖ ਸਿੰਘ ਦਾ ਤੇਜ

ਕੱਦ ਉਚੇਰਾ ਸਰੂ ਜਿਉਂ, ਸੋਹਣੇ ਅੰਗ ਸਡੌਲ
ਚਿਹਰੇ ਉਤੇ ਚਮਕ ਜਿਉਂ, ਖਿੜਿਆ ਹੋਵੇ ਕੌਲ
ਦਾਣੇ ਦੰਦ ਅਨਾਰ ਦੇ, ਮ੍ਰਿਗ ਛੌਨੇ ਜਿਹੇ ਨੈਨ
ਮੂੰਹ ਤੋਂ ਕਿਰਦੇ ਫੁੱਲ ਸਨ, ਜਦੋਂ ਅਲਾਪੇ ਬੈਨ
ਨਸ਼ਿਆਈ ਜੁਆਨੀ ਮਸਤ, ਨਾਲੇ ਨਾਮ ਅਧਾਰ
ਦਰਸ਼ਨ ਕਰਕੇ ਚੜ੍ਹ ਗਿਆ, ਬਹੁਤਾ ਸਗੋਂ ਖ਼ੁਮਾਰ
ਅੱਖਾਂ ਵੇਖ ਨਾ ਰਜਦੀਆਂ, ਵੇਖ ਨਾ ਭਰਦਾ ਮੰਨ
ਰਹੇ ਬੋਲਦਾ ਜੀ ਚਹੇ, ਰਜ ਨਾ ਸੁਣਦੇ ਕੰਨ
ਵੀਣਾ ਤੂਸ਼ ਸਰੰਗੀਓਂ, ਮਿੱਠੀ ਉਸ ਆਵਾਜ਼
ਜਿਸ ਦੇ ਅੱਗੇ ਲੱਗਦੇ, ਫਿੱਕੇ ਤੰਤੀ ਸਾਜ਼
ਬੁਲ੍ਹ ਮੁਸਕ੍ਰਾਹਟ ਦੇ ਭਰੇ, ਮਸਤੀ ਭਰਿਆ ਜਲਾਲ
ਸੂਰਜ ਵਹਿਸ਼ੀ ਜਾਪਦਾ, ਜੇਹਾ ਹੁਸਨ ਕਮਾਲ
ਅਟਪਟੀ ਜਿਹੀ ਪੱਗ ਸਿਰ, ਚਾਲ ਸੀ ਬਹੁਤ ਗੰਭੀਰ
ਠੰਡਕ ਪੈਂਦੀ ਵੇਖ ਕੇ, ਆਵੇ ਦਿਲ ਵਿਚ ਧੀਰ

ਮਿੱਠੇ ਲੱਗਦੇ ਏਸ ਦੇ, ਕੋਇਲ ਤੋਂ ਵੀ ਬੋਲ
ਜੀ ਚਾਹੇ ਹਰ ਕਿਸੇ ਦਾ, ਬੈਠਾ ਰਹੇ ਇਹ ਕੋਲ
ਪੁੱਛਿਆ ਸੀ ਅੰਗ੍ਰੇਜ਼ ਉਸ, ਦੱਸ ਕਿਉਂ ਆਇਆ ਚੱਲ ?
ਪੜ੍ਹਿਆ ਲਿਖਿਆ ਕੀ ਤੂੰ, ਕੰਮ ਦਾ ਕੀ ਹੈ ਵੱਲ ?
ਨੌਕਰੀ ਦੀ ਪੰਜਾਬ ਵਿਚ, ਤੈਨੂੰ ਨਾ ਅਟਕਾਰ
ਕੋਈ ਨਾ ਪਾ ਸੱਕਦਾ, ਲੈਂਦਾ ਵੇਖ ਵੰਗਾਰ
ਜੇ ਹੈ ਕਰਨੀ ਨੌਕਰੀ, ਦਿੱਤੇ ਜਿਵੇਂ ਬਿਆਨ
ਹੌਲਦਾਰ ਬਣਾ ਦਿਆਂ, ਭਰਤੀ ਕਰਕੇ ਜੁਆਨ
ਇਕ ਦਿਨ ਹੋ ਸਰਦਾਰ ਫਿਰ, ਖ਼ੂਬ ਉਡਾਈਂ ਮੌਜ
ਗੱਲਾਂ ਹੋਰ ਬਣਾ ਨਾਂ, ਰਲ ਸਾਡੀ ਵਿਚ ਫੌਜ
ਸੁਣ ਕੇ ਇਹ ਅੰਗ੍ਰੇਜ਼ ਤੋਂ, ਕਹੀ ਸਿੰਘ ਨੇ ਗੱਲ
ਸਾਹਿਬ ਜਿਸ ਨੌਕਰੀ ਲਈ, ਮੈਂ ਆਇਆ ਸਾਂ ਚੱਲ
ਓਹ ਹੈ ਪੂਰੀ ਹੋ ਗਈ, ਰਹੀ ਨਾ ਕੋਈ ਲੋੜ
ਦਰਸ਼ਨ ਕਰਕੇ ਮਿਟ ਗਈ, ਜੀਵਨ ਦੀ ਸਭ ਥੋੜ
ਮੇਰੀ ਪੂਰੀ ਹੋ ਗਈ, ਦਿਲ ਦੀ ਸਾਰੀ ਮੰਗ
ਦਰਸ਼ਨ ਕਰ ਮਹਿਬੂਬ ਦੇ, ਗੂੜ੍ਹਾ ਚੜ੍ਹਿਆ ਰੰਗ
ਸਤਿਗੁਰ ਸਾਹਿਬ ਛੱਡ ਕੇ, ਬੰਦੇ ਦੇ ਦਰਬਾਰ
ਸੀਸ ਨਿਵਾਣਾ ਭੁੱਲ ਕੇ, ਸਾਨੂੰ ਨਾ ਦਰਕਾਰ
ਰਾਜ ਮਿਲਖ ਸਿਕਦਾਰੀਆਂ, ਮਾਇਆ ਦਾ ਪਾਸਾਰ
ਬਿਨਾਂ ਦਰਸ ਸਤਿਗੁਰੂ ਦੇ, ਝੂਠਾ ਹੈ ਸੰਸਾਰ
ਸਤਿਗੁਰ ਸਾਹਿਬ ਛੱਡ ਕੇ, ਬੰਦੇ ਕਿਸੇ ਅਧੀਨ
ਹੋਣਾ ਇਹ ਮਨੁੱਖਤਾ ਦੀ ਹੈ ਸਖ਼ਤ ਤੌਹੀਨ
ਗੁਰ ਸੇਵਾ ਗੁਰਸਿੱਖ ਲਈ, ਦੀਨ ਦੁਨੀ ਦਾ ਰਾਜ
ਲਿੱਦ ਚੁਕਣ ਦਾ ਟੋਕਰਾ, ਸਿੱਖ ਦੇ ਸਿਰ ਦਾ ਤਾਜ
ਦਰਸ ਗੁਰੂ ਦਾ ਨੌਕਰੀ,ਜ਼ੁੰਮੇ ਲਾਈ ਪੰਥ
ਧੰਨ ਭਾਗ ਉਹ ਮਿਲ ਗਈ, ਪਵਾਂ ਨਾ ਹੋਰ ਕੁਪੰਥ
ਮਾਰੋ ਰੱਖੋ ਜਿਵੇਂ ਜੀ, ਮੈਂ ਹੁਣ ਤੁਹਾਡੇ ਵੱਸ
ਕਿਸੇ ਪਾਸੇ ਜਾ ਸਕਦਾ, ਹੋਰ ਨਹੀਂ ਹਾਂ ਨੱਸ
ਕੂਕੇ ਵਿੱਥਿਆ ਆਪਣੀ, ਇੰਵ ਦੱਸੀ ਅੰਗ੍ਰੇਜ਼

ਤੋਰਿਆ ਫੜ੍ਹ ਪੰਜਾਬ ਨੂੰ, ਸਰਹਾਲੀ ਦੀਆ ਭੇਜ
ਪਤਾ ਨਹੀਂ ਕੀ ਆ ਗਿਆ, ਫਿਰ ਗੋਰੇ ਨੂੰ ਯਾਦ
ਖੁਸ਼ੀ ਨਾਲ ਸੀ ਸਿੰਘ ਨੂੰ, ਕੀਤਾ ਆਪ ਆਜ਼ਾਦ
ਸਾਲ ਪਿਛੋਂ ਮੀਹਾਂ ਸਿੰਘ ਫਿਰ, ਕਰ ਲੀਤਾ ਗ੍ਰਿਫ਼ਤਾਰ
ਰੱਖ ਲਿਆ ਅੰਗ੍ਰੇਜ਼ ਨੇ, ਅਪਣਾ ਕੈਮ ਵਕਾਰ
ਡੋਬੇ ਫੜ੍ਹ ਸਮੁੰਦ੍ਰ ਵਿਚ, ਹੋਰ ਕਈ ਦਰਵੇਸ
ਦਰਸ ਕਰਨ ਜੋ ਗਏ ਸੀ, ਮੁੜ ਨਾ ਪਰਤੇ ਦੇਸ
ਸਿੰਘ ਨਾਲ ਅੰਗ੍ਰੇਜ਼ ਦਾ, ਮੁੱਢ ਕਦੀਮੀ ਵੈਰ
ਜਿਸ ਦੇ ਨਾਲ ਨਾ ਓਸ ਨੇ, ਕਦੀ ਗ਼ੁਜਾਰੀ ਖ਼ੈਰ

************************

# (33)
# ਅੰਤਕਾ

ਕੂੜ ਮਾਰਨੋ ਡਰਨ ਨਾਂ, ਇਹ ਅੰਗ੍ਰੇਜ਼ ਸ਼ੈਤਾਨ
ਜਿੰਨ੍ਹਾਂ ਦੇ ਦਿਲ ਵਿਚ ਨਹੀਂ, ਧਰਮ ਨੇਮ ਈਮਾਨ
ਲੁਧਿਆਣਾ ਗੈਜ਼ਟੀਅਰ ਵਿਚ, ਇੱਕ ਦਿਨ ਚੁੱਕ ਐਲਾਨ
ਕੀਤਾ ਸੀ ਅੰਗ੍ਰੇਜ਼ ਜੋ, ਨੀਚ ਮਹਾਂ ਸ਼ੈਤਾਨ
ਠਾਰਾਂ ਸੌ ਪਚਾਸੀਆ, ਬਰਮਾਂ ਦੇਸ਼ ਵਿਚਕਾਰ
ਮਰਗੋਈ ਗੁਰੂ ਰਾਮ ਸਿੰਘ, ਗਏ ਨੇ ਸੁਰਗ ਸਿਧਾਰ
ਪੁੱਛਿਆ ਸਤਿਗੁਰ ਹਰੀ ਸਿੰਘ, ਦੱਸੋ ਸਾਰੀ ਗੱਲ
ਅਸੀਂ ਹਾਂ ਚਾਂਹਦੇ ਵੇਖਣਾਂ, ਆਪ ਥਾਂ ਓਹ ਚੱਲ
ਜਿੱਥੇ ਸ੍ਰੀ ਗੁਰੂ ਦੇਵ ਦਾ, ਅੰਤਮ ਹੈ ਸੰਸਕਾਰ
ਕੀਤਾ ਤੁਸੀਂ ਵਿਖਾ ਦਿਓ, ਮੰਨ ਲਈਏ ਸਰਕਾਰ
ਗੁਰੂ ਦੁਆਰ ਉਸਾਰੀਏ, ਸਾਡਾ ਇਹ ਈਮਾਨ
ਦੱਸ ਦਵੋ ਉਸ ਜਗਹ ਦਾ, ਸਾਨੂੰ ਪਤਾ ਨਿਸ਼ਾਨ
ਪਰ ਇਸ ਗੱਲ ਦਾ ਅੱਜ ਤੀਕ, ਦਿੱਤਾ ਨਹੀਂ ਜਵਾਬ
ਕੁਫ਼ਰ ਤੋਲਣ ਨੂੰ ਸਮਝਦਾ, ਸੀ ਅੰਗ੍ਰੇਜ ਸਵਾਬ
ਸਿਆਲ ਕੋਟ ਦੇ ਜ਼ਿਲ੍ਹੇ ਦਾ, ਆਲਿਮ ਸਿੰਘ ਸਰਦਾਰ
ਐਂਜਨੀਅਰ ਅੰਗ੍ਰੇਜ਼ ਦਾ, ਨਾਲੇ ਗੂਹੜਾ ਯਾਰ
ਲਿਖਿਆ ਉਸ ਅੰਗ੍ਰੇਜ਼ ਨੂੰ, ਪੜ੍ਹਕੇ ਓਹ ਐਲਾਨ
ਅਸਲੋਂ ਝੂਠੀ ਗੱਲ ਇਹ, ਜਿਸ ਵਿਚ ਨਾਹੀਂ ਜਾਨ

ਅਠਾਰਾਂ ਸਉ ਪਚਾਨਵੇਂ, ਈਸਵੀ ਸੰਨ ਦੇ ਵਿੱਚ
ਦਰਸ ਕਰੇ ਮੈਂ ਉਨ੍ਹਾਂ ਦੇ, ਚੁੰਬਕ ਜਿਉਂ ਲਿਆ ਖਿੱਚ
ਬਰਮਾ ਅੰਦਰ ਓਹ ਸਨ, ਫਿਰਦੇ ਪਏ ਆਜ਼ਾਦ
ਤੋਲੋਂ ਪੱਥਰ ਝੂਠ ਦੇ, ਭੁੱਲ ਰੱਬ ਦੀ ਯਾਦ
ਸਉ ਫ਼ੀਸਦੀ ਠੀਕ ਇਹ, ਰੱਬ ਵਾਗਰਾਂ ਸੱਚ
ਮੇਰੇ ਕੋਲ ਸਬੂਤ ਮੈਂ, ਗਲ ਨਾ ਆਖਾਂ ਕੱਚ

ਆਖਾਂ ਪਿਆ ਵੰਗਾਰ ਕੇ, ਤੁਸੀਂ ਚਲਾਵੋ ਕੇਸ
ਸਾਰਾ ਹੋਰ ਸਬੂਤ ਮੈਂ, ਫੇਰ ਕਰਾਂਗਾ ਪੇਸ਼
ਜੇ ਕਰ ਸੱਕਾਂ ਸੱਚ ਨਾ, ਗੋਲੀ ਦੇਣਾਂ ਮਾਰ
ਕੂਕਿਆਂ ਵਾਂਗ ਉਡਾ ਦਿਓ, ਤੋਪ ਅਗੇ ਖਲਿਆਰ
ਪਿਨਸ਼ਨ ਲੈਣੀ ਜ਼ਬਤ ਕਰ, ਕੁਰਕ ਲਿਓ ਜੈਦਾਦ
ਮੈਨੂੰ ਦੇਣਾਂ ਕਰ ਤੁਸੀਂ, ਠੀਕ ਤਰ੍ਹਾਂ ਬਰਬਾਦ
ਉਮਰ ਕੈਦ ਬੇਸ਼ੱਕ ਕਰ, ਰਖਣਾ ਓਸ ਸਥਾਨ
ਜਿੱਥੇ ਕੀਤਾ ਸੰਸਕਾਰ, ਦੱਸੋ ਪਤਾ ਨਿਸ਼ਾਨ
ਆਖਾਂ ਮੈਂ ਗਜ ਵਜ ਕੇ, ਸੁਣ ਗੋਰੀ ਸਰਕਾਰ
ਡਰ ਰੱਬ ਦੇ ਖੌਫ ਤੋਂ, ਐਵੇਂ ਕੂੜ ਨਾ ਮਾਰ
ਤੈਨੂੰ ਦੇਣਾ ਪਵੇਗਾ, ਇਕ ਦਿਨ ਇਹ ਜਵਾਬ
ਸੰਘੀਂਓ ਫੜ੍ਹ ਫਰੇਸ਼ਤਾ, ਮੰਗੇ ਸਭ ਹਿਸਾਬ
ਜ਼ੁਲਮ ਕਰਨ ਦਾ ਫਿਰ ਤੁਸੀਂ, ਵੇਖ ਲਵੋਗੇ ਸੁਆਦ
ਹੁਣ ਪੁੱਛ ਬੈਠੇ ਜੇ ਕੋਈ, ਪਾ ਦੇਵੋਗੇ ਬਾਦ
ਪੀ ਗਿਆ ਅੰਗ੍ਰੇਜ਼ ਉਸ, ਨਾ ਕੋਈ ਕੀਤੀ ਗੱਲ
ਪਾਠਕ ! ਦਸ ਦੇ ਆਪ ਤੂੰ, ਏਸ ਅੜਾਉਣੀ ਹੱਲ
ਉੱਤਰ ਦਿੱਤਾ ਨਾ ਕੋਈ, ਝੂਠੀ ਸੀ ਸਰਕਾਰ
ਭੇਜ ਚਿਤਾਵਨੀਆਂ ਕਈ, ਪੁੱਛਿਆ ਸੀ ਸਰਦਾਰ
ਬਾਰ ਬਾਰ ਦੇ ਲਿਖਨ ਤੇ, ਹੋਈ ਰਹੀ ਖਾਮੋਸ਼
ਆਲਿਮ ਸਿੰਘ ਸਰਦਾਰ ਨੂੰ, ਦਿਤਾ ਜਵਾਬ ਨਾ ਓਸ
ਕਰਦਾ ਰਿਹਾ ਜਵਾਬ ਦੀ, ਅਜ ਤੀਕਰ ਇੰਤਜ਼ਾਰ
ਦਿੱਤਾ ਨਾ ਉਤਰ ਕੋਈ, ਝੂਠੀ ਸੀ ਸਰਕਾਰ
ਸਤਿਗੁਰੂ ਪ੍ਰਤਾਪ ਸਿੰਘ, ਦੀਨ ਦਿਆਲ ਮਹਾਰਾਜ
ਸੰਨ ਉੱਨੀ ਸਉ ਤੇਤੀਏ, ਗਏ ਥਾਂ ਵੇਖਣ ਕਾਜ
ਆਲਿਮ ਸੰਤ ਨਿਧਾਨ ਸਿੰਘ, ਜੀ ਤੇ ਮੈ ਸਾਂ ਨਾਲ
ਮਰਗੋਈ ਦੇ ਵਿਚ ਜਾ, ਕਰੀ ਖੋਜ ਪੜਤਾਲ
ਇਕ ਬਰਮੀ ਗੁਰਦੇਵ ਨੂੰ, ਰੋਜ ਦੇਂਦਾ ਸੀ ਦੁੱਧ
ਜਿਸ ਦੀ ਹੋ ਗਈ ਆਤਮਾਂ, ਠੀਕ ਤਰ੍ਹਾਂ ਪ੍ਰਬੁੱਧ
ਸ੍ਰੀ ਆਲਿਮ ਜੀ ਓਸ ਨੂੰ, ਕੀਤੇ ਕਈ ਸਵਾਲ

ਮੈਂ ਵੀ ਸੁਣਦਾ ਪਿਆ ਸਾਂ, ਤਦ ਓਨ੍ਹਾਂ ਦੇ ਨਾਲ
ਕਰਦਾ ਸਦ ਮੈਂ, ਉਸ ਕਿਹਾ, ਅਰਜ਼ਾਂ ਸਤਿਗੁਰ ਪਾਸ
ਮੈਨੂੰ ਸੱਚੇ ਪਾਤਸ਼ਾਹ, ਸਮਝਣ ਅਪਣਾ ਦਾਸ
ਜਿੱਥੇ ਜਾਵੋਗੇ ਤੁਸੀਂ, ਮੈਂ ਚੱਲਾਗਾਂ ਨਾਲ
ਬਿਨਾ ਆਪ ਹੋ ਜਾਇਗਾ, ਮੇਰਾ ਮੰਦੜਾ ਹਾਲ
ਅਸੀਂ ਪੁੱਛਿਆ ਓਸ ਨੂੰ, ਗੁਰੂ ਸਰੂਪ ਬਖਾਨ
ਕੇਹੋ ਜਿਹੇ ਹਜ਼ੂਰ ਸਨ, ਦੱਸ ਜੇ ਹੈ ਪਹਿਚਾਨ ?
ਸ਼ੀਸਾ ਚੁੱਕ ਲਿਆਇਆ, ਸੂਰਜ ਵੱਲ ਲਿਸ਼ਕਾਰ
ਆਂਹਦਾ ਅੱਖਾਂ ਖੋਹਲ ਕੇ, ਝਾਕੋ ਇਸ ਵਿਚਕਾਰ
ਅਸੀਂ ਕਿਹਾ ਕੀਤੀ ਹੈ ਤੂੰ, ਇਹ ਇਕ ਕਮਲੀ ਗੱਲ
ਸੂਰਜ ਸਾਹਵੇਂ ਝਾਕਿਆ, ਜਾਇ ਨਾ ਸੀਸੇ ਵੱਲ
ਓਸ ਕਿਹਾ ਕਰਦੇ ਨਹੀਂ, ਤੁਸੀਂ ਚੱਜ ਦੀ ਬਾਤ
ਚਿਹਰੇ ਵਲ ਹਜ਼ੂਰ ਦੇ, ਕਿਵੇਂ ਮੈਂ ਪਾਂਦਾ ਝਾਤ
ਆਖਿਆ ਉਸ ਇਕ ਦਿਨ ਕਿਹਾ, ਮੈਨੂੰ ਗੁਰ ਅਵਤਾਰ
ਕੱਲ੍ਹ ਅਸੀਂ ਜੇ ਚੱਲਣਾਂ, ਨਾਲ ਹੋ ਆਈਂ ਤਿਆਰ
ਉੱਤਰ ਨਾਂ ਦੇ ਸੱਕਿਆ, ਮੈਂ ਇਹ ਸੁਣ ਕੇ ਗੱਲ
ਵਰਤਿਆ ਭਾਣਾ ਹੋਰ ਹੀ, ਮੈਂ ਜਦ ਆਇਆ ਕੱਲ੍ਹ
ਓਨ੍ਹਾਂ ਨੂੰ ਅੰਗ੍ਰੇਜ਼ ਸੀ, ਆਨ ਕਿਹਾ ਦਿਨ ਇੱਕ
ਹੁਣ ਸਤੰਤ੍ਰ ਹੋ ਤੁਸੀਂ, ਪਏ ਵਿਚਰੋ ਜਿਤ ਤਿੱਕ
ਸਾਡਾ ਕੋਈ ਨਾ ਰਹਿ ਗਿਆ, ਬਾਕੀ ਹੋਰ ਹਿਸਾਬ
ਬਰ੍ਹਮਾਂ ਵੱਸੋ ਜਾਂ ਤੁਸੀਂ, ਜਾਵੋ ਚੱਲ ਪੰਜਾਬ
ਪੁੱਛਿਆ ਸਤਿਗੁਰ ਹੋ ਗਿਆ, ਕੀ ਪੰਜਾਬ ਆਜ਼ਾਦ ?
ਗੋਰੇ ਨਾ ਕਰ ਸਕਣਗੇ, ਕੀ ਉਸ ਨੂੰ ਬਰਬਾਦ ?
ਬੁੱਚੜ ਖਾਨੇ ਰਹੇ ਨਾ, ਕੀ ਵਿਚ ਹਿੰਦੁਸਤਾਨ ?
ਕੀ ਨਾ ਗਊਆਂ ਕਰਨਗੇ, ਓਥੇ ਹੁਣ ਕੁਰਬਾਨ ?
ਜੇ ਇਹ ਗੱਲਾਂ ਠੀਕ ਨੇ, ਤਦ ਜਾਵਾਂਗਾ ਦੇਸ
ਨਹੀਂ ਤੇ ਚੰਗਾ ਹਾਂ ਇਵੇਂ, ਰੁਲਦਾ ਵਿਚ ਵਿਦੇਸ
ਸੱਤ, ਅਹਿੰਸਾ, ਤਰਸ ਦਾ, ਕਰਨਾ ਮੈਂ ਪਰਸਾਰ
ਮੈਂ ਨਾ ਦੇਣਾਂ ਚਲਣ ਹੈ, ਹਿੰਸਾ ਪਾਪ ਵਪਾਰ

ਕੋਈ ਬੰਨ੍ਹ ਨਾ ਸਕਦਾ, ਮੈਨੂੰ ਕਰ ਮਜ਼ਬੂਰ
ਅਕਾਲ ਪੁਰਖ ਦਾ ਇਹ ਸੀ, ਏਵੇਂ ਹੀ ਦਸਤੂਰ,
ਗੋਰਾ ਉਹ ਤੁਰ ਗਿਆ ਸੀ, ਫਿਰ ਨਾ ਕੀਤੀ ਗੱਲ
ਸੀ ਬੇ-ਥਵ੍ਹੀਆਂ ਮਾਰਦਾ, ਐਵੇਂ ਅੱਲ ਪਟੱਲ
ਮੈਂ ਨਾ ਸੀ ਉਸ ਦਿਨ ਗਿਆ, ਵਰਤੀ ਸੁੰਨ ਮਸਾਨ
ਪੈ ਰਿਹਾ ਸੀ ਗੋਰਿਆਂ, ਛੌਣੀ ਵਿਚ ਘਮਸਾਨ
ਕੈਦੀ ਆਖਣ ਭੱਜ ਗਿਆ, ਬੰਗਲਾ ਦਿਤਾ ਸਾੜ
ਜੰਗਲ ਦੇ ਵਿਚ ਵੜ੍ਹ ਗਿਆ, ਸੰਘਣੇ ਝਾੜ ਝੰਖਾੜ
ਰੌਲਾ ਰਲ ਕੇ ਪਾ ਰਹੇ, ਸਾਰੇ ਪਹਿਰੇਦਾਰ
’ਕੱਠੇ ਹੋ ਅੰਗ੍ਰੇਜ਼ ਸਭ, ਮਦਰਾਸੀ ਗ਼ੱਦਾਰ
ਸ਼ਾਹੀ ਕੈਦੀ ਨਸ ਗਿਆ, ਨਸ ਗਿਆ, ਗਿਆ ਨੱਸ
ਗੋਰਿਆਂ ਦੇ ਸਿਰ ਪਾ ਗਿਆ, ਸਤ ਮੁੱਠੀ ਖੇਹ ਭੱਸ
ਝੂਠ ਮੂਠ ਪਏ ਬਕ ਰਹੇ, ਗਏ ਸਵਰਗ ਸਿਧਾਰ
ਸ਼ਰਮਿੰਦੇ ਨਹੀਂ ਮੰਨਦੇ, ਹੋਈ ਜਿਨ੍ਹਾਂ ਦੀ ਹਾਰ
ਸਨ ਸਤਾਵਨ ਗ਼ਦਰ ਦਾ, ਕੈਦੀ ਸੀ ਇਕ ਹੋਰ
ਉਸ ਦੀ ਯਾਦ ਨਾ ਕਿਸੇ ਨੂੰ, ਉਸ ਨੂੰ ਦਿੱਤਾ ਤੋਰ
ਹਿੰਦੁਸਤਾਨ ਪੰਜਾਬੀਆਂ, ਤੋਂ ਲੁਕਾ ਸਭ ਇਹ
ਮਾਰਿਆ ਰਾਤੋ ਰਾਤ ਹੀ, ਦੇ ਕੇ ਉਸ ਨੂੰ ਵਿਹ
ਦਿਨ ਚੜ੍ਹਦੇ ਨੂੰ ਓਸ ਦਾ, ਢੋਲ ਢਮੱਕੇ ਨਾਲ
ਅੰਤਮ ਕੀਤਾ ਸੰਸਕਾਰ, ਕੀਤਾ ਕੰਮ ਕਮਾਲ
ਸਾਰੇ ਬਰਮਾਂ ਦੇਸ ਵਿਚ, ਗੱਲ ਧੁਮਾਈ ਆਨ
ਸ੍ਰੀ ਸਤਿਗੁਰੂ ਰਾਮ ਸਿੰਘ, ਤੁਰ ਗਏ ਦੂਏ ਜਹਾਨ
ਮਿਲਟਰੀ ਦਾ ਜੋ ਅਫਸਰ, ਉਸ ਨੇ ਕਰੀ ਤਕੀਦ
ਏਸ ਕੇਸ ਦੀ ਕਰੇ ਜੇ ਗੌਰਮਿੰਟ ਤਸਦੀਕ

ਕਹਿਣੀ ਸਭਨਾਂ ਗੱਲ ਇਹ, ਪੁੱਛੇ ਜੇ ਸਰਕਾਰ
ਸ੍ਰੀ ਸਤਿਗੁਰੂ ਰਾਮ ਸਿੰਘ, ਗਏ ਸ੍ਵਰਗ ਸਿਧਾਰ
ਪ੍ਰਗਟ ਹੋ ਗਈ ਗੱਲ ਜੇ, ਪੁੱਠੀ ਲਹੇਗੀ ਖੱਲ
ਸਖਤ ਸਜ਼ਾ ਮਿਲ ਜਾਇਗੀ, ਹੋ ਕੋਰਟ ਮਾਰਸ਼ਲ

ਇੰਵ ਇਸ ਰੂਪਕ ਦਾ ਉਨ੍ਹਾਂ, ਪਰਦਾ ਦਿਤਾ ਗੇਰ
ਸਤਿਗੁਰ ਜੰਗਲ ਵਿਚ ਰਹੇ, ਫਿਰਦੇ ਵਾਂਗੂ ਸ਼ੇਰ
ਮੈਨੂੰ ਸੀ ਗੋਰੇ ਕਰੀ, ਕਾਫ਼ੀ ਝਾੜ ਝਪਾੜ
ਖਬਰਦਾਰ ਜੇ ਤੈਂ ਇਹ, ਪੜਦਾ ਦਿਤਾ ਪਾੜ
ਮੁਸ਼ਕਾਂ ਕੱਸ ਕੇ ਤੇਰੀਆਂ, ਦਈਏ ਸਮੁੰਦਰ ਗੇਰ
ਮੱਛ ਕੱਛ ਖਾ ਜਾਣਗੇ, ਖਬਰ ਨਾ ਲਗੇ ਫੇਰ
ਲੀਕਾਂ ਨੱਕ ਨਾਲ ਕੱਢ ਕੇ, ਫੜ੍ਹੇ ਮੈਂ ਦੋਵੇਂ ਕੰਨ
ਜੋ ਕਹਿਆ ਮੈਂ ਡਰਦਿਆਂ, ਸੱਤ ਬਚਨ ਲਿਆ ਮੰਨ
ਗਿਆਨੀ ਜੀ ਸ਼ਮਸ਼ੇਰ ਸਿੰਘ, ਬਹਾਦ੍ਰ ਗੜ੍ਹ ਦੇ ਕੋਲ
ਦੌਣ ਪਿੰਡ ਦੇ ਵਿਚ ਨੇ, ਆ ਬਰਮਾਂ ਤੋਂ ਗੋਲ
[212]ਰਾਜ ਪ੍ਰਮੁੱਖ ਪਟਲੇਸ ਦੇ, ਫਾਰਮ ਕੋਲ ਹੈ ਦੌਣ
ਹੋਏ ਮਾਸਟਰ ਓਸ ਵਿਚ, ਬਰਮਾਂ ਤੋਂ ਕਰ ਗੌਣ
ਸੰਨ ਉਨੀ ਸਉ ਵੀਹ ਸੀ, ਜੰਗਲ ਬਰ੍ਹਮਾ ਦੇਸ
ਆਂਹਦੇ ਕਰੇ ਦੀਦਾਰ ਮੈਂ, ਸਤਿਗੁਰ ਬ੍ਰਿਧ ਵਰੇਸ
ਇਹ ਤੇ ਜਾਨਣ ਸਤਿਗੁਰੂ, ਓਨ੍ਹਾਂ ਦੀ ਜੋ ਕਾਰ
ਪੰਥ ਰੋਵੇ ਕੁਰਲਾਂਵਦਾ, ਦੇਵੋ ਝੱਬ ਦੀਦਾਰ
ਜੋ ਹੈ ਹੁਕਮ ਹਜੂਰ ਨੇ, ਕੀਤਾ ਸੀ ਨਿਰਦੇਸ਼
ਵਰਤਿਆ ਜਿਉਂ ਦਾ ਤਿਉਂ ਸਭ,ਚੰਗੀ ਤਰ੍ਹਾਂ ਵਿਸ਼ੇਸ਼
ਸਾਰਾ ਪੂਰਾ ਹੋ ਗਿਆ, ਪਈ ਨਹੀਂ ਅਟਕਾਰ
ਪੰਥ ਵਾਸਤੇ ਪਾਂਵਦਾ, ਛੇਤੀ ਦਿਓ ਦੀਦਾਰ
ਮਿੱਤਰ ਬਾਝੋਂ ਜਗਤ ਵਿਚ, ਜੀਵਨ ਦਾ ਕੀ ਹੱਜ
ਸੌਂਦੇ ਪੈਰ ਪਸਾਰ ਨਾ, ਅੰਨ ਨਾ ਖਾਂਦੇ ਰੱਜ
ਬੋਲੀਆਂ ਗੁਆਂਢੀ ਮਾਰਦੇ, ਤਾਨ੍ਹੇ ਦੇਣ ਸ਼ਰੀਕ
ਤੋਹਮਤ ਲਾ ਨਿਰਦੋਸ਼ਿਆਂ, ਹੱਸਦੇ ਪਏ ਰਫੀਕ
ਆਸ ਦਰਸ ਦੀ ਜ਼ੁਲਮ ਸਭ, ਹੱਸ-ਹੱਸ ਲਏ ਸਹਾਰ
ਹਾੜੇ ! ਹੁਣ ਕਿਰਪਾ ਕਰੋ, ਛੇਤੀ ਦਵੋ ਦੀਦਾਰ
ਨਹੀਂ ਭਰੋਸਾ ਅਮਲ ਦਾ, ਨਹੀਂ ਕਿਸੇ ਦੀ ਆਸ

[212] ਪੈਪਸੂ ਦਾ ਰਾਜ ਪ੍ਰਮੁੱਖ, ਮਹਾਰਾਜਾ ਯਾਦਵਿੰਦਰ ਸਿੰਘ ਪਟਿਆਲਾ ਸੀ।

ਬਖਸ਼ਿਸ ਦਾ ਦਰ ਗੁਰੂ ਦਾ, ਢੱਠਾ ਆਣ ਨਿਰਾਸ
ਆਹਾਂ ਮਿੱਤ ਵਿਯੋਗ ਦੀਆਂ, ਦੁੱਖ ਦਰਦ ਦਾ ਹਾਲ
ਪੁਸਤਕ ਪੂਰਾ ਹੋ ਗਿਆ, ਕਿਰਪਾ ਸਤਿਗੁਰ ਨਾਲ
ਇਹ "ਕੂਕਿਆਂ ਦੀ ਵਿਥਿਆ", ਸਹੀ ਇਹ ਇਤਿਹਾਸ
ਖੋਜ ਭਾਲ ਨਾਲ ਲਿਖਿਆ, ਇਹ ਨਹੀਂ ਮਿਥਿਹਾਸ
ਰੀਝ ਨਾ ਹੈ ਰੱਜ ਖਾਣ ਦੀ, ਨਹੀਂ ਅਮੀਰੀ ਚੋਜ
ਜ਼ੁਲਮ ਦਾ ਹੈ ਇਤਿਹਾਸ ਇਹ, ਦਰਦ ਆਹ ਹੈ ਸੋਜ਼
ਨਾਨਕ ਦਾਦਕ, ਸਾਕ ਅੰਗ, ਮਿੱਤਰ ਦੋਸਤ ਯਾਰ
ਕੂਕੇ ਸੱਭੇ ਰੋਂਵਦੇ, ਹੋਵਨ ਕਦੋਂ ਦੀਦਾਰ
ਉਹ "ਕੂਕਿਆਂ ਦੀ ਵਿੱਥਿਆ", ਕਰਦੇ ਸੁਣਦੇ ਸਨ
ਸੁਣ ਓਨ੍ਹਾਂ ਤੋਂ ਮੈਂ ਲਈ, ਦਿਲ ਵਿਚ ਅਪਣੇ ਮੰਨ

ਖਰਚ ਹੋਏ ਨੇ ਇਸ ਤੇ, ਮੇਰੇ ਪੈਂਤੀ ਸਾਲ
ਏਧਰੋਂ ਓਧਰੋਂ ਹੱਥ ਮਾਰ, ਕੀਤੀ ਨਾ ਹੈ ਕਾਹਲ
ਘਰਦਿਆਂ ਤੋਂ ਸੁਣ ਸੁਣਾ ਕੇ, ਬਿਰਧਾਂ ਦੇ ਲਏ ਬਿਆਨ
ਲਿਖਿਆ ਕਾਫੀ ਪੜ੍ਹ ਸੁਣ, ਲਾ ਕੇ ਬਹੁਤ ਧਿਆਨ
ਮੇਰਾ ਬਾਬਾ ਜੈ ਸਿੰਘ[213], ਗੁਰਦਿੱਤ ਸਿੰਘ ਮਹੰਤ
ਗੱਡੇ ਉਤੇ ਬੈਠਾਲ ਜਿਸ, ਤੋਰੇ ਗੁਰ ਭਗਵੰਤ
ਮਾਮਾ ਮੰਗਲ ਸਿੰਘ ਜੀ, ਘਨੱਯਾ, ਮੱਯਾ ਸਿੰਘ[214]
ਮੱਯਾ ਸਿੰਘ, ਵਿੱਦਿਆ ਗੁਰੂ, ਬਾਬਾ ਹਰਨਾਮ ਸਿੰਘ
ਓਹਨਾਂ ਜਾ ਰੰਗੂੰਨ ਵਿਚ, ਦਰਸ ਕਰੇ ਭਗਵਾਨ
ਲਾਲ ਸਿੰਘ ਲਤਾਲੀਏ, ਸਾਹਿਬ ਸਿੰਘ[215] ਦੇ ਬਿਆਨ
ਇਹ ਰਿਆਸਤ ਸੰਗਰੂਰ ਦੇ, ਰਾਜੇ ਦਏ ਉਜਾੜ
ਬਿਸਵੇਦਾਰ ਰਾਈਸ ਸਨ, ਉੱਘੇ ਸਨ ਸਰਦਾਰ

[213] ਜੈ ਸਿੰਘ ਪਿੰਡ ਲੱਲ ਕਲਾਂ ਪਹਿਲਾਂ ਰਿਆਸਤ ਪਟਿਆਲਾ ਹੁਣ ਜ਼ਿਲ੍ਹਾ ਲੁਧਿਆਣਾ। ਚੱਕਰਵਰਤੀ ਜੀ ਦੇ ਦਾਦਾ ਜੀ ਸਨ। ਪੁਰਾਣੇ ਕੂਕੇ ਸਨ।
[214] ਮੰਗਲ ਸਿੰਘ, ਘਨੱਈਆ ਸਿੰਘ ਅਤੇ ਮੱਈਆ ਸਿੰਘ ਪਿੰਡ ਮੁਠੱਡੇ ਜ਼ਿਲ੍ਹਾ ਜਲੰਧਰ ਦੇ, ਲੇਖਕ ਦੇ ਮਾਮੇ ਸਨ। ਸਭ ਟਕਸਾਲੀ ਕੂਕੇ।
[215] ਸਾਹਿਬ ਸਿੰਘ ਦਾ ਪਿੰਡ ਭੰਮਾ ਬੱਧੀ, ਰਿਆਸਤ ਹੁਣ ਜ਼ਿਲ੍ਹਾ ਸੰਗਰੂਰ ਸੀ।

ਸ੍ਰੀ ਸੁਆਮੀ ਤਖਤ ਸਿੰਘ, ਅੜਬੰਗੀ ਜੀ ਆਦ
ਬਾਬਾ ਮਿਹਰ ਸਿੰਘ ਜੀ, ਲੋਪੋਕੀ ਦੇ ਸਾਧ

ਕਿਸ਼ਨ ਸਿੰਘ ਜੀ ਛੂਤੀਏ, ਗ੍ਰੰਥੀ ਸੀ ਖਿਤਾਬ
ਲੋਹਗੜ ਫੜ੍ਹੇ ਹਰਨਾਮ ਸਿੰਘ[216], ਇਨ੍ਹਾਂ ਦੇ ਭਾਈ ਸਾਬ੍ਹ
[217]ਮਿਰਜੇ ਵਾਲੀਏ ਸੰਤ ਸਨ, ਜਵਾਹਰ ਸਿੰਘ ਜੀ ਹੋਰ
ਬਾਬਾ ਸੋਭਾ ਸਿੰਘ ਜੀ, ਵਸਦੇ ਪਿੰਡ ਖੁਦ ਪੋਰ
ਮਾਤਾ ਜੀਵਨ ਕੌਰ[218] ਜੀ, ਸਤਿਗੁਰ ਸਿੰਘ ਪ੍ਰਤਾਪ[219]
ਏਨਾਂ ਤੋਂ ਕਈ ਵਾਰ ਮੈਂ, ਸੁਣਿਆ ਵਾਰਤਾ ਲਾਪ
ਕੀਤੇ ਦਰਸਨ ਲਭ-ਲਭ, ਬਿਰਧਾਂ ਦੇ ਲਏ ਬਿਆਨ
"ਕੂਕਿਆ ਦੀ ਵਿੱਥਿਆ", ਦਾ ਇੰਵ ਮੈਂ ਕੀਤਾ ਗਿਆਨ
ਲਿਖਿਆ ਭਾਈ ਸੰਤੋਖ ਸਿੰਘ, "ਸ੍ਰੀ ਸਤਿਗੁਰੂ ਬਿਲਾਸ"
ਗਿਆਨੀ ਕਾਹਲਾ ਸਿੰਘ ਵੀ, ਲਿਖਿਆ ਗੁਰ ਇਤਿਹਾਸ
ਮੇਰੀ ਮਾਤਾ ਮਾਨ ਕੌਰ, ਸੇਵਾ ਸਿੰਘ ਮਹੰਤ[220]
ਬਾਬਾ ਬਿਸ਼ਨ ਸਿੰਘ[221] ਜੀ, ਮੇਰਾ ਬਾਬਾ ਸੰਤ
ਸ੍ਰੀ ਮਹਾਰਾਜ ਨਿਹਾਲ ਸਿੰਘ[222], ਗੁਰਦਿਆਲ ਸਿੰਘ[223] ਮਹਾਰਾਜ

---

[216] ਭਾਈ ਹਰਨਾਮ ਸਿੰਘ ਜੀ ਛੂਟੀਏ ਨੂੰ ਭਾਈ ਅਤਰ ਸਿੰਘ ਲੋਹਗੜ੍ਹ ਲੁਧਿਆਣਾ ਦੇ ਘਰ 1873 ਈ. ਵਿਚ ਅਖੰਡ ਪਾਠ ਕਰਨ ਤੇ ਲੁਧਿਆਣਾ ਜਿਹਲ ਵਿਚ ਕੈਦ ਕੱਟਣੀ ਪਈ ਸੀ।

[217] ਮਿਰਜ਼ੇ ਵਾਲੀ, ਪਹਿਲਾਂ ਗੁਰਦਾਸ ਪੁਰ ਜ਼ਿਲ੍ਹੇ ਦੀ ਸ਼ਕਰਗੜ੍ਹ ਤਹਿਸੀਲ ਵਿਚ ਸੀ। ਅੱਜ ਕੱਲ੍ਹ ਇਹ ਪਿੰਡ ਪਾਕਿਸਤਾਨ ਵਿਚ ਹੈ, ਜ਼ਿਲ੍ਹਾ ਸਿਆਲਕੋਟ ਵਿਚ।

[218] ਮਾਤਾ ਜੀਵਨ ਕੌਰ, ਗੁਰੂ ਹਰੀ ਸਿੰਘ ਜੀ (1819-1906 ਈ.) ਦੇ ਮਹਿਲ ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਮਾਤਾ ਜੀ।

[219] ਸਤਿਗੁਰੂ ਪ੍ਰਤਾਪ ਸਿੰਘ ਜੀ (1890-1959 ਈ.) 1906 ਤੋਂ 1959 ਈ. ਤੱਕ ਨਾਮਧਾਰੀ ਪੰਥ ਦੀ ਗੁਰਗੱਦੀ ਤੇ ਗੁਰੂ ਹਰੀ ਸਿੰਘ ਜੀ ਦੇ ਬਾਅਦ ਸੁਸ਼ੋਭਿਤ।

[220] ਸੇਵਾ ਸਿੰਘ ਪਿੰਡ ਸੁਧਾਰੀ ਮਾਜਰਾ (ਜ਼ਿਲ੍ਹਾ ਪਹਿਲਾਂ ਅੰਬਾਲਾ, ਹੁਣ ਸਾਹਿਬਜ਼ਾਦਾ ਅਜੀਤ ਸਿੰਘ ਨਗਰ) ਗੁਰੂ ਹਰੀ ਸਿੰਘ ਜੀ ਦੇ ਸਮੇਂ ਗੁਰਦੁਆਰਾ ਭੈਣੀ ਸਾਹਿਬ ਦੇ ਕਾਰ ਮੁੱਖਤਿਆਰ ਰਹੇ ਹਨ। ਲੰਮੀ ਆਰਜਾ ਭੋਗ ਕੇ 1968 ਈ. ਵਿਚ ਸ੍ਰੀ ਭੈਣੀ ਸਾਹਿਬ ਚਲਾਣਾ ਕੀਤਾ, ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ।

[221] ਬਾਬਾ ਬਿਸ਼ਨ ਸਿੰਘ ਲੱਲ ਕਲਾਂ ਦੇ ਛੇਵੀਂ ਅਤੇ ਦਸਵੀਂ ਪਾਤਸ਼ਾਹੀ ਦੇ ਇਤਿਹਾਸਿਕ ਗੁਰਦੁਆਰੇ, ਗੁਰੂਸਰ ਦੇ ਮਹੰਤ ਰਹੇ ਹਨ। ਇਸ ਗੁਰਦੁਆਰੇ ਦਾ ਪ੍ਰਬੰਧ ਕੂਕਿਆਂ ਪਾਸ ਹੋਣ ਕਾਰਨ ਅੰਗ੍ਰੇਜ਼ ਸਰਕਾਰ ਅਤੇ ਰਿਆਸਤੀ ਪੁਲੀਸ ਇਸ ਤੇ ਨਿਗਰਾਨੀ ਰੱਖਦੀ ਸੀ।

[222] ਮਹਾਰਾਜਾ ਨਿਹਾਲ ਸਿੰਘ ਜੀ (1892-1969 ਈ.)

ਮੇਰੇ ਮਿੱਤ੍ਰ ਸਨ ਓਹ, ਵਿੱਦਵਾਨ ਸਿਰ ਤਾਜ
ਕੇਸਰ[224] ਕਿਆਰੀ ਪੰਥ ਦੀ, ਤ੍ਰੈਵੇ ਸਨ ਗੁਣਵੰਤ
ਕੀਤੇ ਸਨ ਦੀਦਾਰ ਮੈਂ, ਜੋ ਸਨ ਪੂਰੇ ਸੰਤ
ਪੁਸਤਕ ਮੈਂ ਬਹੁਤੇ ਪੜ੍ਹੇ, ਇਨ੍ਹਾਂ ਤੋਂ ਸੁਣ ਇਤਿਹਾਸ
'ਮਾਲਵੇਂਦ੍ਰ' ਲਿਖਿਆ ਗਿਆ, ਸਤਿਗੁਰ ਪੂਰੀ ਆਸ
ਜੋਗੀ ਰਾਜ ਉਹ ਸੰਤ ਸਨ, ਜਿੰਨ੍ਹਾਂ ਦਾ ਧੰਨਵਾਦ
ਮਹਾਰਾਜ ਨਿਹਾਲ ਸਿੰਘ, ਦੀ ਨਾ ਭੁੱਲੇ ਯਾਦ
ਕਰੀ ਸਹਾਇਤਾ ਇਨ੍ਹਾਂ ਨੇ, ਕੰਮ ਚਾੜ੍ਹਿਆ ਤੋੜ
ਪੁਸਤਕ ਦੇ ਛਪਵਾਨ ਦੀ, ਪੂਰੀ ਕੀਤੀ ਲੋੜ
ਦਿੱਲੀ ਦੇ ਪ੍ਰਦੇਸ ਦਾ, ਨਾਮਧਾਰੀ ਦਰਬਾਰ
ਮੈਨੂੰ ਦਿਤਾ ਹੈ ਸਦਾ, ਹੱਦੋਂ ਬੱਧ ਸਤਿਕਾਰ
'ਕੱਲੇ 'ਕੱਲੇ ਦਾ ਨਹੀਂ ਮੈਂ, ਗਿਣ ਸੱਕਾਂ ਨਾਮ
ਸੂਬਾ ਪ੍ਰੀਤਮ ਸਿੰਘ ਨੂੰ, ਮੇਰੀ ਹੈ ਪ੍ਰਨਾਮ
ਸੇਵਾ ਦੇ ਵਿਚ ਪੰਥ ਦੀ, ਪੁਸਤਕ ਕਰ ਤਿਆਰ
ਅਦਬ ਨਾਲ ਭੇਟਾ ਕਰਾਂ, ਨਾਲ ਪ੍ਰੇਮ ਪਿਆਰ
ਆਸ ਰੱਖਾਂ ਹੋ ਜਾਏਗੀ, ਅਰਜ਼ ਮੇਰੀ ਪ੍ਰਵਾਨ
ਵਾਂਗ ਕੂਕਰਾਂ ਢੱਠਿਆ, ਦਰ ਦੇ ਉਤੇ ਆਨ
ਵਾਲੀ ਮਾਲਕ ਪੰਥ ਦੇ, ਦੀਨ ਦਿਆਲ ਹਜ਼ੂਰ
ਦਾਸ ਜਾਣ ਕੇ ਭੇਟ ਇਹ, ਕਰ ਲੈਣੀ ਮਨਜ਼ੂਰ
ਬਖਸ਼ਿਸ਼ ਓਹ ਹਜ਼ੂਰ ਦੀ, ਜੋ ਇਸ ਦੇ ਵਿਚ ਸਾਰ
ਗ਼ਲਤੀ ਜੋ ਕੋਈ ਰਹਿ ਗਈ, ਮੈਂ ਹਾਂ ਜ਼ੁੰਮੇਵਾਰ
ਬਖਸ਼ਿਸ ਦਾ ਦਰ ਆਪ ਦਾ, ਇਹ ਰੱਖ ਕੇ ਆਸ
ਗ਼ਲਤੀ ਮਾਫ਼ ਹੋ ਜਾਇਗੀ, ਹੈ ਦਿਲ ਨੂੰ ਧਰਵਾਸ

---

[223] ਮਹਾਰਾਜਾ ਗੁਰਦਿਆਲ ਸਿੰਘ ਜੀ (1897-1929 ਈ.) ਇਹ ਦੋਵੇਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਛੋਟੇ ਭਰਾਤਾ, ਉੱਘੇ ਸੁਤੰਤਰਤਾ ਸੰਗ੍ਰਾਮੀ ਸਨ। ਦੋਹਾਂ ਨੇ ਕਾਂਗਰਸ ਦੇ ਕਈ ਕੌਮੀ ਇਜ਼ਲਾਸਾ ਵਿਚ ਹਿੱਸਾ ਲਿਆ। ਮਹਾਰਾਜਾ ਨਿਹਾਲ ਸਿੰਘ ਜੀ ਨੇ ਹੋਰ ਉੱਘੇ ਨਾਮਧਾਰੀਆਂ ਸਮੇਤ ਕਾਂਗਰਸ ਅੰਦੋਲਨ ਵਿਚ ਕਈ ਵੇਰ ਕੈਦ ਵੀ ਕੱਟੀ।

[224]ਸੰਤ ਕੇਸਰ ਸਿੰਘ ਮੁਹਾਵੇ ਵਾਲੇ, ਸੰਤ ਕੇਸਰ ਸਿੰਘ ਚਵਿੰਡੇ ਵਾਲੇ ਅਤੇ ਸੰਤ ਕੇਸਰ ਸਿੰਘ ਜੀ ਚੁੱਪ ਸੇਖਮ ਘੁਮਾਣਾ ਵਾਲੇ।

ਦਿਆਂ ਵਧਾਈ ਪੰਥ ਨੂੰ, ਗੁਰੂ ਜੱਸ ਕਰ ਤਿਆਰ
ਕਰਾਂ ਸਮਰਪਨ ਅਦਬ ਨਾ', ਨਾਲ ਪ੍ਰੀਤ ਪਿਆਰ
ਅਜੇ ਕਰਨ ਦੇ ਲਈ ਪਿਆ, ਇਸ ਤੋਂ ਬਾਹਲਾ ਕੰਮ
ਛੋਹੀ ਪੂਣੀ ਮਸਾਂ ਇੱਕ, ਦੂਰ ਨਾ ਹੋਇਆ ਗੰਮ
ਕਰੀ ਵਫਾਈ ਉਮਰ ਨੇ, ਰੋਗਾਂ ਲਿਆ ਨਾ ਘੇਰ
ਫ਼ਿਕਰ ਨਾ ਟੁੱਕਰ ਦਾ ਪਿਆ, ਦਰਸ ਕਰਾਂਗਾ ਫੇਰ
ਰਿਹਾ ਜੇ ਪੰਥ ਪਿਆਰ ਦਾ, ਵਾਂਗ ਗੁਲਾਮਾਂ ਦਾਸ
ਪਾਜ ਉਘੇੜਾਂ ਕਰਨ ਜੋ, ਝੂਠ ਪਏ ਬਕਵਾਸ
ਫਫਾ ਕੁਟਣੀਆਂ ਕਰਨ ਜੋ, ਮਾਂ ਤੋਂ ਬਾਹਲਾ ਹੇਜ
ਵਾਂਗ ਪੂਤਨਾਂ ਰੋਣ ਜਦ, ਉਘੜ ਜਾਇ ਨੰਗੇਜ
ਗੁਰ ਦਰਸ਼ਨ ਹਿਤ ਜੋ ਗਏ, ਲੰਘ ਸਮੁੰਦ੍ਰੋਂ ਪਾਰ
ਅਗਲਾ ਹਿੱਸਾ ਵਾਰਤਿਕ, ਕਰਨਾ ਓਹ ਤਿਆਰ
ਹੁਕਮਨਾਮੇ ਸ੍ਰੀ ਸਤਿਗੁਰੂ, ਭੇਜੇ ਜਿਸ ਜਿਸ ਪਾਸ
ਖੋਜ ਭਾਲ ਕੇ ਲਿਖਾਂਗਾ, ਉਹ ਸਾਰਾ ਇਤਿਹਾਸ
ਓਹਨਾਂ ਦੇ ਵਿਚ ਜਿਸ ਕਿਸੇ, ਚਾਲਾਕੀ ਦੇ ਨਾਲ
ਕਰੀ ਮਿਲਾਵਟ ਓਸ ਦਾ, ਦੱਸਾਂ ਖੋਲ੍ਹ ਹਵਾਲ
ਕ੍ਰਮਵਾਰ ਕਰ ਤਿਨ੍ਹਾਂ ਨੂੰ, ਕਰਾਂ ਸਿਲਸਿਲੇ ਵਾਰ
ਸਨ ਸੰਮਤ ਦਿਨ ਪਿੰਡ ਨਾਂਉ, ਦੱਸਾਂਗਾ ਨਿਰਧਾਰ
ਜੀਵਨ ਸਤਿਗੁਰੂ ਹਰੀ ਸਿੰਘ, ਮਾਤਾ ਜੀਵਨ ਕੌਰ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ, ਮਾਤ ਭੂਪਿੰਦਰ ਕੌਰ[225]
ਸ੍ਰੀ ਮਹਾਰਾਜ ਨਿਹਾਲ ਸਿੰਘ, ਉਤਮ ਗੁਣਾਂ ਦੀ ਖਾਨ
ਸ੍ਰੀ ਮਹਾਰਾਜ ਗੁਰਦਿਆਲ ਸਿੰਘ, ਸ਼ਾਂਤਿ ਵਿੱਦਿਆਵਾਨ
ਲਿਖਨ ਪੜ੍ਹਨ ਦੀ ਜਿਨ੍ਹਾਂ ਤੋਂ, ਮੈਨੂੰ ਲੱਗੀ ਜਾਗ
ਜਿੰਨ੍ਹਾਂ ਦੀ ਸੰਗਤ ਕਰੇ, ਬਹੁਤ ਉਚੇਰੇ ਭਾਗ
ਜੇ ਰੋਟੀ ਦਾ ਤੁਰ ਪਿਆ, ਚੱਜ ਦਾ ਕੋਈ ਵਪਾਰ
ਕਰਨੀ ਮੈਨੂੰ ਨਾ ਪਈ, 'ਜੇਹੀ ਗ਼ੁਲਾਮੀ ਕਾਰ
ਫੇਰ ਲਿਖਾਂਗਾ, ਲਿਖਾਂਗਾ, ਦਿਨ ਵੇਖਾਂ ਨਾ ਰਾਤ

[225]ਮਾਤਾ ਭੂਪਿੰਦਰ ਕੌਰ ਜੀ (1898-1924 ਈ.) ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਮਹਿਲ ਅਤੇ ਸਤਿਗੁਰੂ ਜਗਜੀਤ ਸਿੰਘ ਜੀ, ਮਹਾਰਾਜ ਬੀਰ ਸਿੰਘ ਜੀ ਦੇ ਮਾਤਾ ਜੀ।

ਅੰਮ੍ਰਿਤ ਵੇਲੇ ਉੱਠ ਕੇ, ਹੁੰਦੀ ਤੱਕ ਪਰਭਾਤ
ਕਾਹਲੀ ਨਾਲ ਮੁਕਾ ਲਵਾਂ, ਆ ਨਾ, ਘੇਰੇ ਕਾਲ
ਸ੍ਰੀ ਆਲਿਮ ਜੀ ਵਾਂਗ ਨਾ, ਜਲਦੀ ਲੈ ਜਾਏ ਨਾਲ
ਏਹੀ ਮੇਰਾ ਨਿਤਨੇਮ, ਏਹੀ ਹੈ ਰਹਿਰਾਸ
ਨਾਮ ਧਿਆਨ ਸਿਮਰਨ ਇਹੀ, ਜੀਵਨ ਦਾ ਧਰਵਾਸ
ਡਰ ਨਹੀਂ ਮੈਨੂੰ ਨਰਕ ਦਾ, ਸੁਰਗ ਦੀ ਕਰਾਂ ਨਾ ਆਸ
ਚਰਨ ਕੰਵਲ ਦੀ ਮੌਜ ਵਿਚ, ਕਰਦਾ ਰਹਾਂ ਨਿਵਾਸ
ਦੀਨਾ ਨਾਥ ਸ੍ਰੀ ਸਤਿਗੁਰੂ, ਅਰਜ਼ ਕਰਾਂ ਹੱਥ ਜੋੜ
ਕਿਰਪਾ ਕਰਕੇ ਜਿਹਨਾਂ ਇਹ, ਕੰਮ ਨਿਭਾਇਆ ਤੋੜ
ਅੰਤ ਵਿਚ ਹੱਥ ਜੋੜ ਕੇ, ਗੁਰ ਚਰਨੀਂ ਧਰ ਭਾਲ
ਮਾਲਵੇਂਦ੍ਰ ਦੀ ਸਮਾਪਤੀ, ਕਰਾਂ ਖੁਸ਼ੀ ਦੇ ਨਾਲ
ਜੇ ਕੋਈ ਗਲਤੀ ਹੋ ਗਈ, ਕਰਾਂ ਖ਼ਿਮਾਂ ਦੀ ਆਸ
ਬਖਸ਼ਿਸ ਬਿਰਦ ਹੈ ਗੁਰੂ ਦਾ, ਚਰਨਾਂ ਵਿਚ ਅਰਦਾਸ
ਮੈਨੂੰ ਇਹ ਯਕੀਨ ਹੈ, ਸਤਿਗੁਰ ਕਰਨ ਪਰਵਾਨ
ਦੇਂਦੇ ਆਏ ਮੁੱਢ ਤੋਂ, ਮੈਨੂੰ ਜਿਉਂ ਸਨਮਾਨ
ਮੇਰੀ ਲਓ ਕਬੂਲ ਹੁਣ, ਸਤਿ ਸ੍ਰੀ ਅਕਾਲ
ਕਿਰਪਾ ਸਤਿਗੁਰ ਕਰੇਗਾ, ਮਿਲਾਂਗੇ ਜਲਦੀ ਨਾਲ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ, ਪਰਮ ਮਨੁੱਖ ਮਹਾਨ
ਓਨ੍ਹਾਂ ਦੇ ਚਰਨੀ ਕਰਾਂ, ਕੋਟ ਕੋਟ ਪ੍ਰਨਾਮ

********************

"ਨਾਮਧਾਰੀ ਸੰਪਰਦਾ, ਸੰਤ-ਸਿਪਾਹੀ ਸੂਫੀਆਂ ਜਿਹੇ ਮਸਤਾਂ ਦੀ ਇੱਕ ਆਮਿਲ ਜਮਾਤ ਹੈ। ਉਹ ਆਪਣੇ ਪ੍ਰਦੇਸੀ ਪ੍ਰੀਤਮ ਦੇ ਦੀਦਾਰ ਦੀ ਚਾਹਵਾਨ ਹੈ। ਉਸ ਨੂੰ ਹੋਰ ਸਭ ਕੁਝ ਭੁੱਲ ਸਕਦਾ ਹੈ ਪਰ ਮਿੱਤਰ ਵਿਛੋੜਾ ਨਹੀਂ ਭੁੱਲ ਸਕਦਾ। ਉਸ ਨੂੰ ਉਹ ਚੀਜ਼ ਚੰਗੀ ਲਗਦੀ ਹੈ ਜਿਸ ਵਿਚ ਦਰਦ ਫਿਰਾਕ ਦੀਆਂ ਆਂਹੀ ਹੋਣ, ਜਿਸ ਵਿਚ ਸੋਜ਼ ਤੇ ਵਲਵਲਾ ਹੋਵੇ, ਜਿਸ ਵਿਚ ਮਸਤੀ ਹੋਵੇ। ਉਹ ਕੂਕੇ ਦਾਰਸ਼ਨਿਕਤਾ ਦੇ ਦੀਵਾਨੇ ਨਹੀਂ, ਉਹ ਫਲਸਫੇ ਦੀਆਂ ਲੱਛੇਦਾਰ ਗੁੰਝਲਾਂ ਵਿੱਚ ਦਿਮਾਗ ਨਹੀਂ ਲੜਾਂਦੇ...।"

"ਕੂਕੇ ਦੀ ਵਿਥਿਆ ਵਿੱਦਿਆ ਦੇ ਅਧੀਨ ਨਹੀਂ ਕਿਉਂਕਿ ਇਹ ਕੋਈ ਦਾਰਸ਼ਨਿਕ ਫਲਸਫਾ ਨਹੀਂ, ਇਹ ਤੇ ਅਮਲ ਹੈ, ਮਸਤੀ ਹੈ, ਸਰੂਰ ਹੈ, ਇਸ ਨੂੰ ਉਹੀ ਬਿਆਨ ਕਰ ਸਕਦਾ ਹੈ ਜਿਸ ਇਨ੍ਹਾਂ ਮਸਤਾਂ ਦੀ ਧੂਣੀ ਲਈ ਗੋਹੇ ਢੋਏ ਹੋਣ, ਜਿਸ ਇਨ੍ਹਾਂ ਦੇ ਕਾਸੇ ਸਾਫ ਕੀਤੇ ਹੋਣ...। ਜਿਨ੍ਹਾਂ ਚਿਰ ਕੋਈ ਇਸ ਕੂਕਾ ਕਾਰ ਦਾ ਜਾਣੂ ਨਾ ਹੋਵੇ, ਜੋ ਕਦੀ "ਨਾਚੁ ਰੇ ਮਨ ਗੁਰ ਕੈ ਆਗੈ" ਪੜ੍ਹਦਾ ਆਪਣੇ ਗੁਰਦੇਵ ਨੂੰ ਰੀਝਾਉਣ ਖਾਤਰ "ਥੱਈਆ ਥੱਈਆ" ਕਰਕੇ ਨੱਚਿਆ ਨਾ ਹੋਵੇ, ਉਨਾਂ ਚਿਰ ਉਸ ਤੇ ਕਿਵੇਂ ਮਸਤੀ ਦੀ ਇਨਾਇਤ ਹੋ ਸਕਦੀ ਹੈ।"

– ਸੰਤ ਇੰਦਰ ਸਿੰਘ 'ਚੱਕ੍ਰਵਰਤੀ'

